read more on:
www.parwazparkashan.com

ISSN 2321- 4449


# ਕਹਾਣੀ ਧਾਰਾ

49-50

**ਸਮਕਾਲੀ ਕਹਾਣੀ ਅੰਕ** **ਅਪ੍ਰੈਲ-ਸਤੰਬਰ,2018**




Year:13 Issue No.49-50
'KAHANI DHARA'(PUNJABI QUARTERLY) Apr.-Sep.,2018 R.N.I. Regd No. PUN PUN 2006/19971




ਸਾਹਿਤਕ ਧੁਨ 'ਚ ਮੈਂ ਪੰਜਾਬ ਦੇ ਉਹਨਾਂ ਲੋਕਾਂ 'ਚ ਵਿਚਰਦਾ ਹਾਂ, ਜਿਹਨਾਂ ਨੂੰ ਸਮੇਂ ਨੇ ਧੱਕ, ਹਾਸ਼ੀਏ ਉੱਤੇ ਹੀ ਕਰੀ ਰੱਖਿਆ ਹੈ। ਜ਼ਮੀਨੀ ਪੱਧਰ 'ਤੇ ਉਹਨਾਂ ਨੂੰ ਨਾ ਸਮਾਜਿਕ ਪਛਾਣ ਮਿਲੀ, ਨਾ ਸੱਭਿਆਚਾਰਕ ਤੇ ਨਾ ਹੀ ਸਿਆਸੀ। ਇਹ ਨਿਮਨ ਲੋਕ ਆਪਣੀ ਪਛਾਣ ਲਈ ਲਗਾਤਾਰ ਲੜ ਰਹੇ ਹਨ। ਕੋਈ ਆਰਥਿਕ ਪਛਾਣ ਲਈ ਲੜ ਰਿਹਾ ਹੈ। ਕੋਈ ਸਮਾਜਿਕ ਪਛਾਣ ਲਈ ਲੜ ਰਿਹਾ ਹੈ ਤੇ ਕੋਈ ਆਪਣੀ ਸਵੈ-ਪਛਾਣ ਲਈ ਲੜ ਰਿਹਾ ਹੈ। ਉਹ ਉਸ ਸਿਸਟਮ 'ਚ ਪਿਸਦੇ ਰਹੇ, ਜਿਹਨੇ ਸੱਤਾ ਦੇ ਸਿਖਰ ਵਾਸਤੇ ਹੀ ਖ਼ਿਦਮਤਗਾਰ ਰਹਿਣਾ ਹੁੰਦਾ ਹੈ। ਪਰ ਮੈਂ ਇਹਨਾਂ ਦੇ ਸਾਹਾਂ ਦਾ ਭੇਤੀ ਹਾਂ, ਇਹਨਾਂ ਦੇ ਸਾਹ ਦੱਸਦੇ ਨੇ ਕਿ ਲਗਾਤਾਰ ਲੜਦੇ ਰਹਿਣ ਦੀ ਜ਼ਿੱਦ ਇਹਨਾਂ ਵਿੱਚ ਹੈ। ਇਹ ਦਵੰਦੀ ਧੱਕ ਕਾਰਣ ਆਪਣੀ ਪਛਾਣ ਲਈ ਬਜ਼ਿੱਦ ਨੇ। ਇਹਨਾਂ ਦੇ ਇਸੇ ਸੰਘਰਸ਼ ਵਿੱਚੋਂ ਮੇਰੀਆਂ ਕਹਾਣੀਆਂ ਜਨਮ ਲੈਂਦੀਆਂ ਨੇ।

ਇਸ ਸਮਾਜ ਨੂੰ ਸਮਝਦਿਆਂ ਦੂਸਰਾ ਨੁਕਤਾ ਮੇਰੇ ਜ਼ਿਹਨ 'ਚ ਉੱਭਰਦਾ ਹੈ ਕਿ ਕਿਵੇਂ ਜੋ ਭਗਤੀ ਹੈ, ਉਹ ਇਹਨਾਂ ਲੋਕਾਂ ਦੀ ਮਨੋਚੇਤਨਾ ਨੂੰ ਖੁੰਡਿਆਂ ਕਰ ਰਹੀ ਹੈ। ਇਹ ਲੋਕ ਏਨੇ ਅਦਿੱਖ ਦਹਿਲ ਦਾ ਸ਼ਿਕਾਰ ਨੇ ਕਿ ਭਗਤੀ 'ਚੋਂ ਬਾਹਰ ਹੀ ਨਹੀਂ ਆ ਸਕਦੇ। ਇਹਨਾਂ ਨੂੰ ਖ਼ੌਫ਼ ਨੇ ਘੇਰਿਆ ਹੈ, ਤਦੇ ਇਹ ਅੰਨ੍ਹੀ ਸ਼ਰਧਾ 'ਚ ਗ਼ਲਤਾਨ ਨੇ। ਇਵੇਂ ਹੀ ਕਿਤੇ ਨਾ ਕਿਤੇ ਮਨ ਨੂੰ ਢਾਰਸ ਦੇਣ ਲਈ ਨਿਮਨ ਤੋਂ ਨਿਮਨ ਵਾਲੀ ਜੋ ਸਮਾਜਿਕ ਪੁਜੀਸ਼ਨ ਹੈ, ਉਹਦਾ ਭਰਮ ਵੀ ਦਿਖਾਈ ਦਿੰਦਾ ਹੈ। ਪੂੰਜੀ ਦਾ ਮਾਇਆ ਜਾਲ਼ ਨਿਮਨ ਕਿਸਾਨੀ-ਖੇਤ ਮਜ਼ਦੂਰ ਨੂੰ ਲਗਾਤਾਰ ਮਾਰ ਰਿਹਾ ਹੈ। ਮੈਂ ਇਸਨੂੰ ਮਹਿਸੂਸ ਕੀਤਾ ਹੈ। ਇਹ ਇੱਕ ਹੋਰ ਸਮਾਜਿਕ ਗੁੰਝਲ ਪੈਦਾ ਕਰਦੀ ਹੈ। ਮੇਰੀਆਂ ਕਹਾਣੀਆਂ ਇਸ ਗੁੰਝਲ ਨੂੰ ਵੀ ਫੜਨ ਦੀ ਕੋਸ਼ਿਸ਼ ਕਰਦੀਆਂ ਨੇ।

ਸਾਡੇ ਸਮੇਂ ਵਿੱਚ ਕੋਈ ਵੀ ਸਮਾਜਿਕ, ਸਿਆਸੀ ਜਾਂ ਸੱਭਿਆਚਾਰਕ ਲਹਿਰ ਦਾ ਉਭਾਰ ਨਜ਼ਰ ਨਹੀਂ ਆਉਂਦਾ। ਇਸ ਵਾਸਤੇ ਸਮਕਾਲ ਦਾ ਜੋ ਸਾਹਿਤ ਹੈ, ਉਹ ਲੇਖਕ ਦੇ ਆਪਣੇ ਚਿੰਤਨ ਦੀ ਉਪਜ ਹੀ ਕਹੀ ਜਾ ਸਕਦੀ ਹੈ। ਲਹਿਰਾਂ ਦੇ ਸਾਹਿਤ ਦਾ ਮਹੱਤਵ ਤਾਂ ਹੁੰਦਾ ਹੈ, ਪਰੰਤੂ ਜਦੋਂ ਲਹਿਰਾਂ ਨਹੀਂ ਹੁੰਦੀਆਂ, ਉਸ ਵਕਤ ਬਿਨਾਂ ਵਹਾਅ ਦੇ ਲਿਖਿਆ ਜਾਣ ਵਾਲਾ ਸਾਹਿਤ ਵੱਧ ਚਿੰਤਨਸ਼ੀਲ ਹੁੰਦਾ ਹੈ। ਮੈਂ ਸਮਕਾਲ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਮੇਰੇ ਪਾਤਰ ਮੇਰੇ ਹੱਥੋਂ ਪਾਰ ਜਾ ਕੇ ਆਪੇ ਫੈਲਦੇ ਸੁੰਗੜਦੇ ਨੇ। ਮੈਂ ਉਸ ਵਕਤ ਸਿਰਫ ਦ੍ਰਸ਼ਟਾ ਰਹਿ ਜਾਂਦਾ ਹਾਂ। ਜਿਵੇਂ ਹੁਣ ਪਾਠਕ ਸਾਹਮਣੇ ਇਹ ਫੈਲਣਗੇ, ਸੁੰਗੜਨਗੇ।

ਸੋ 'ਕੁੰਭੀ ਨਰਕ' ਦੀਆਂ ਕਹਾਣੀਆਂ ਪੰਜਾਬ ਦੇ ਸਮਕਾਲ ਨਾਲ ਸੰਵਾਦ ਰਚਾਉਂਦੀਆਂ ਹਨ। ਸਮਕਾਲ ਵਿਚੋਂ ਪੰਜਾਬ ਦਾ ਜੋ ਸਮਾਜਿਕ ਦ੍ਰਿਸ਼ ਉਭਰ ਰਿਹਾ ਹੈ, ਉਸ ਦ੍ਰਿਸ਼ ਵਿਚੋਂ ਮੇਰੇ ਇਰਦ-ਗਿਰਦ ਕੁਝ ਪਾਤਰ ਆ ਖੜਦੇ ਹਨ, ਉਨ੍ਹਾਂ ਦੀ ਸਮਾਜਿਕ ਸਾਂਝ, ਉਨ੍ਹਾਂ ਦੀ ਜਾਤੀ ਸਾਂਝ, ਉਨ੍ਹਾਂ ਦੀ ਕਲਚਰਲ ਸਾਂਝ, ਉਨ੍ਹਾਂ ਦੇ ਕਿੱਤੇ ਦੀ ਸਾਂਝ ਵਿਚੋਂ ਮੇਰੀ ਕਹਾਣੀ ਦੀ ਜ਼ਮੀਨ ਬਣਦੀ ਹੈ। ਮੈਂ ਸਮਕਾਲ 'ਚੋਂ ਪਾਤਰ ਚੁੱਕਦਾ ਹਾਂ ਤੇ ਕਹਾਣੀ ਦੀ ਜ਼ਮੀਨ ਵਿਚ ਛੱਡ ਦਿੰਦਾ ਹਾਂ। ਫਿਰ ਉਨ੍ਹਾਂ ਦੀ ਅਜ਼ਾਦ ਹਸਤੀ ਹੁੰਦੀ ਹੈ, ਉਹ ਜ਼ਰਖ਼ੇਜ਼ ਜ਼ਮੀਨ ਵਿਚ ਆਪਣੇ ਆਪ ਫੈਲਦੇ-ਸੁੰਗੜਦੇ, ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦੇ ਨੇ।

- ਭਗਵੰਤ ਰਸੂਲਪੁਰੀ

## ਪੁਸਤਕ ਮਿਲਣ ਦਾ ਪਤਾ

ਪੰਨੇ :160 ਕੀਮਤ : 150/- ( ਡਾਕ ਖਰਚ ਸਮੇਤ)

ਪਰਵਾਜ਼ ਪ੍ਰਕਾਸ਼ਨ Parwaz Parkashan

ਪਤਾ: ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ-6
ਫੋਨ: 94170-64350

E.mail: parwazparkashan@gmail.com
Mob. 94170-64350

*ਅਪ੍ਰੈਲ-ਸਤੰਬਰ 2018 ਅੰਕ :49-50*

**KAHANI DHARA (Punjabi Quarterly)**
**R.N.I.Regd No.PUN PUN/2006/19971**
**ISSN 2321-4449**

ਕਹਾਣੀ ਧਾਰਾ

**e-mail:**
kahanidhara@gmail.com
bhagwantrasulpuri@gmail.com

**ਸੰਪਾਦਕ**
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
**KAHANI DHARA**
Vill. Dharampur, P.O. Khambra,
Distt. Jalandhar-144026, Pb.
Mob. 94170-64350

**ਚੰਦੇ: ਇਕ ਅੰਕ:80 ਰੁ.,10 ਅੰਕ:400 ਰੁ.,**
**(ਕਾਲਜ ਲਾਇਬਰੇਰੀ ਲਈ 500/-)**
**10 ਅੰਕ: ਡਾਲਰ:100, ਤੇ ਪੌਂਡ: 80**
**ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ**
**ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।**

**ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ**
Account Name
**Kahani Dhara**
Current Account: 30111525066
IFS Code: SBIN0002394
State Bank of India
Khurla Kingra, Jalandhar

## ਸਮਕਾਲੀ ਕਹਾਣੀ ਅੰਕ

ਸੰਪਾਦਕੀ: ਸਮਕਾਲੀ ਗਲਪੀ ਬਿੰਬ-2

**ਕਹਾਣੀਆਂ**

1. ਇਕ ਮਜ਼ਦੂਰ ਵਿਕਾਊ ਹੈ/ -ਪਿਆਰਾ ਸਿੰਘ ਭੋਗਲ-8
2. ਬਹੁਤ ਸਾਰੇ ਪਿਤਾ ਜੀ/ - ਗੁਲ ਚੌਹਾਨ-16
3. ਬਦਲੀਆਂ ਰੁੱਤਾਂ / - ਭੂਰਾ ਸਿੰਘ ਕਲੇਰ-25
4. ਮੱਛੀ-ਇਕ/ - ਜਿੰਦਰ-30
5. ਪ੍ਰੇਤ-ਛਾਇਆ/ - ਬਲਬੀਰ ਪਰਵਾਨਾ-42
6. ਚਾਂਦੀ ਦੇ ਕੜੇ ਵਾਲ਼ੀ ਬਾਂਹ / - ਜਸਪਾਲ ਮਾਨਖੇੜਾ-49
7. ਡਾਂਸ ਫਲੋਰ/- ਦੀਪਤੀ ਬਬੂਟਾ -53
8. ਮੇਰੀ ਹਾਰ ਮੇਰੀ ਜਿੱਤ /- ਸੁਰਜੀਤ -95
9. ਇਹ ਤਾਂ ਡਰਾਮਾ ਹੀ ਸੀ / - ਹਰਜਿੰਦਰ ਸੂਰੇਵਾਲੀਆ-103
10. ਹਦਬਸਤ ਨੰਬਰ 211 / - ਜਗਜੀਤ ਗਿੱਲ-110
11. ਕੰਧ 'ਤੇ ਲੱਗੀ ਬਿੰਦੀ / -ਇੰਦਰਜੀਤ ਪਾਲ ਕੌਰ-139
12. ਲਾਲ ਸਵੈਟਰ / - ਗੁਰਮੇਲ ਬੀਰੋਕੇ-147

**ਵਿਚਾਰ ਚਰਚਾ**

ਸਮਕਾਲੀ ਕਹਾਣੀ ਨੂੰ ਪੜ੍ਹਦਿਆਂ ਤੇ ਸਮਝਦਿਆਂ-160

**ਆਲੋਚਨਾ**

1. ਸਮਕਾਲੀ ਪੰਜਾਬੀ ਕਹਾਣੀ/ - ਪਰਮਜੀਤ ਕੌਰ-186

**ਕਹਾਣੀ ਸੰਗ੍ਰਹਿ 'ਤੇ ਵਿਸ਼ੇਸ਼ ਚਰਚਾ**

1. ਪੰਜਾਬੀ ਕਹਾਣੀ/ਪਰਮਜੀਤ ਢੀਂਗਰਾ-193
2. ਪ੍ਰਿਜ਼ਮ/ ਡਾ. ਗੁਰਮੇਲ ਸਿੰਘ-198
3. ਕੁੰਭੀ ਨਰਕ / ਡਾ. ਸੰਤੋਖ ਸਿੰਘ-205
4. ਸੰਸਾਰ / - ਜੇ. ਬੀ. ਸੇਖੋਂ -212
5. ਕੱਚੇ ਪੱਕੇ ਨਕਸ਼ੇ/ ਡਾ. ਰਮਿੰਦਰ ਕੌਰ-216
6. ਸਾਈਨ-ਵੈਲਯੂ ਦਾ ਜਲੌਅ/ ਪਰਗਟ -223
7. ਸੰਸਕ੍ਰਿਤੀ / - ਜਸਵਿੰਦਰ ਕੌਰ ਬਿੰਦਰਾ-229
8. ਸ਼ਾਇਦ ਰੱਮੀ ਮੰਨ ਜਾਏ ਤੇ ਹੋਰ ਕਹਾਣੀਆਂ/ ਸਤਿੰਦਰ ਸਿੰਘ ਰੈਬੀ-232
9. ਦੋ ਟਾਪੂ- ਵੀਰਵੰਤੀ ਕੌਰ -245

ਮੇਰਾ ਸਟੱਡੀ ਟੇਬਲ-ਭਗਵੰਤ ਰਸੂਲਪੁਰੀ-251

**ਸਕੈਚ: ਗੁੱਲ ਚੌਹਾਨ**

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kishanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ 10 ਅਪ੍ਰੈਲ, 2018) ਟਾਇਟਲ ਪੇਂਟਿੰਗ: ਪਿਕਾਸੋ



ਸੰਪਾਦਕੀ

# ਸਮਕਾਲ ਦਾ ਗਲਪੀ ਬਿੰਬ

**ਕਾਗਜ਼ ਤੂੰ ਹੋਰ ਕਾਲੇ ਕਿੰਨਾ ਕੁ ਚਿਰ ਕਰੇਂਗਾ,**
**ਕੁਝ ਸਿਰਜ ਇਸ ਤਰ੍ਹਾਂ ਦਾ ਜੋ ਬਣ ਮਿਸਾਲ ਜਾਵੇ।**
**-ਅਜੈ ਤਨਵੀਰ**

ਸਮਕਾਲੀ ਗਲਪ ਤੇ ਖਾਸ ਕਰ ਕੇ ਪੰਜਾਬੀ ਕਹਾਣੀ ਬਾਰੇ ਗੱਲ ਕਰਨ ਤੋਂ ਪਹਿਲਾਂ ਆਪਣੇ ਦੋਸਤ ਤੇ ਸੂਝਵਾਨ ਗ਼ਜ਼ਲਗੋ ਅਜੈ ਤਨਵੀਰ ਦੀ ਇਕ ਗ਼ਜ਼ਲ ਦਾ ਉਪਰੋਕਤ ਸ਼ੇਅਰ ਮੈਨੂੰ ਚੇਤੇ ਆ ਗਿਆ ਜਿਸ ਨੇ ਉੱਚ ਪੱਧਰ ਦਾ ਸਾਹਿਤ ਸਿਰਜਣ ਦਾ ਸੁਨੇਹਾ ਆਪਣੇ ਸ਼ੇਅਰ ਵਿਚ ਦਿੱਤਾ ਹੈ। ਗੱਲ ਆਪਾਂ ਕਹਾਣੀ ਦੀ ਕਰਨੀ ਹੈ। ਉਹ ਵੀ ਸਮਕਾਲੀ ਕਹਾਣੀ ਦੀ। ਉੱਚ ਪੱਧਰ ਦੀ ਕਹਾਣੀ ਦਾ ਨੋਟਿਸ ਭਾਵੇਂ ਸਮਕਾਲ ਵਿਚ ਲਿਆ ਨਾ ਜਾਵੇ, ਆਲੋਚਨਾ ਵਿਚ ਭਾਵੇਂ ਉਹ ਕਿਧਰੇ ਗੁੰਮ ਗਵਾਚ ਜਾਵੇ ਪਰ ਉਹ ਆਪਣੀ ਸ਼ਕਤੀ, ਆਪਣੇ ਤੱਤਾਂ ਤੇ ਗੁਣਾਂ ਨਾਲ ਸਾਹਿਤ ਧਾਰਾ ਵਿਚ ਆਪਣੀ ਸਪੇਸ ਲੈ ਹੀ ਲੈਂਦੀ ਹੈ। ਮੰਟੋ ਨੂੰ ਆਪਣੇ ਸਮੇਂ ਬਹੁਤ ਕੁੱਟ ਪਈ। ਪਰ ਆਪਣੀ ਸ਼ਕਤੀ ਨਾਲ ਅੱਜ ਵੀ ਚਰਚਾ ਵਿਚ ਹੈ। ਚੰਗੀ ਕਹਾਣੀ ਨੂੰ ਉਸ ਦੇ ਪਾਠਕ ਮਰਨ ਨਹੀਂ ਦਿੰਦੇ। ਅਸੀਂ ਪਿਛਲੇ ਪੰਜਾਹ ਸੱਠ ਸਾਲ ਦੇ ਕਹਾਣੀ ਦੇ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਉਹ ਨਾਂ ਹੁਣ ਲੱਭਦੇ ਵੀ ਨਹੀਂ ਜਿਹੜੇ ਆਪਣੇ ਸਮੇਂ ਵਿਚ ਆਪਣੀ ਸ਼ਕਤੀ ਨਾਲ ਚਰਚਾ ਵਿਚ ਰਹਿੰਦੇ ਰਹੇ ਸਾਡੇ ਕੋਲ ਪ੍ਰੀਤਲੜੀ, ਨਾਨਕ ਸਿੰਘ, ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਦੁੱਗਲ, ਸਰਨਾ, ਵਿਰਕ, ਪ੍ਰੇਮ ਪ੍ਰਕਾਸ਼, ਅਤਰਜੀਤ, ਕਿਰਪਾਲ ਕਜ਼ਾਕ ਆਦਿ ਦੇ ਵਿਚਕਾਰ ਅਨੇਕਾਂ ਕਹਾਣੀਕਾਰ ਆਏ ਜਿਨ੍ਹਾਂ ਦੀਆਂ ਚਾਰ ਚਾਰ-ਪੰਜ ਪੰਜ ਕਹਾਣੀਆਂ ਦੀਆਂ ਕਿਤਾਬਾਂ ਵੀ ਛਪੀਆਂ ਪਰ ਕਿਤੇ ਰੜਕਦੇ ਹੀ ਨਹੀਂ। ਸਮਕਾਲ 'ਚ ਜਿਨ੍ਹਾਂ ਦੀਆਂ ਕਹਾਣੀਆਂ ਪੜ੍ਹਦਿਆਂ ਸਾਨੂੰ ਲੱਗਦਾ ਹੈ ਕਿ ਪੰਜਾਬੀ ਕਹਾਣੀ ਦਾ ਭਵਿੱਖ ਮਾੜਾ ਨਹੀਂ ਹੈ। ਇਨ੍ਹਾਂ ਚੰਗੀਆਂ ਕਿਤਾਬਾਂ 'ਤੇ ਅਸੀਂ ਉਚੇਚੇ ਤੌਰ 'ਤੇ ਲੇਖ ਲਿਖਵਾ ਕੇ ਇਸ ਕਹਾਣੀ ਅੰਕ ਵਿਚ ਛਾਪ ਰਹੇ ਹਾਂ। ਜਿਨ੍ਹਾਂ ਤੋਂ ਸਾਨੂੰ ਸਮਕਾਲ ਦੀਆਂ ਮਿਸਾਲੀ ਕਹਾਣੀਆਂ ਦੀ ਕੰਨਸੋ ਮਿਲ ਜਾਵੇਗੀ। ਮੈਂ ਮੁੜ ਅਜੇ ਤਨਵੀਰ ਦੇ ਸ਼ੇਅਰ ਤੇ ਆਉਂਦਾ ਹਾਂ ਕਿ ਸਾਨੂੰ ਤੇਜ਼ੀ ਨਾਲ ਕਹਾਣੀਆਂ ਲਿਖਣ ਨਾਲੋਂ ਨਿੱਗਰ ਤੇ ਸਦੀਵੀ ਤੱਤਾਂ ਵਾਲੀਆਂ 'ਮਿਸਾਲੀ' ਕਹਾਣੀਆਂ ਲਿਖਣ ਦੀ ਲੋੜ 'ਤੇ ਪਹਿਰਾ ਦੇਣਾ ਚਾਹੀਦਾ ਹੈ। ਮਾੜੀਆਂ ਕਹਾਣੀਆਂ ਆਪਣੇ ਆਪ ਹੀ ਸਮੇਂ ਨਾਲ ਖਤਮ ਹੋ ਜਾਂਦੀਆਂ ਹਨ। ਜੋ ਰੂੜੀ ਦਾ ਕੰਮ ਕਰਦੀਆਂ ਹਨ। ਮੈਂ ਇਹ ਫਤਵਾ ਵੀ ਨਹੀਂ ਦਿੰਦਾ ਕਿ ਇਸ ਅੰਕ ਵਿਚ ਛਪ ਰਹੀਆਂ ਸਾਰੀਆਂ ਕਹਾਣੀਆਂ ਯਾਦਗਾਰੀ ਤੇ ਸਦੀਵੀ ਰਹਿਣ ਵਾਲੀਆਂ ਚੰਗੀਆਂ ਕਹਾਣੀਆਂ ਹਨ। ਪਰ ਇਨ੍ਹਾਂ ਕਹਾਣੀਆਂ ਵਿਚ ਕਹਾਣੀ ਦੇ ਚੰਗੇ ਤੱਤ ਤੁਹਾਨੂੰ ਜ਼ਰੂਰ ਲੱਭ ਜਾਣਗੇ। ਕੁੱਝ ਆਪਣੀ ਵੱਖਰੀ ਤੇ ਆਪਣੇ ਕਿਸਮ ਦੀ ਸ਼ੈਲੀ ਬਣਾਉਣ ਵੱਲ ਤੇਜ਼ੀ ਨਾਲ ਤੁਰ ਰਹੇ ਹਨ। ਇਨ੍ਹਾਂ ਕਹਾਣੀਕਾਰਾਂ ਨੇ ਸਮਕਾਲ ਨੂੰ ਬੜੀ ਕੁਸ਼ਲਤਾ ਨਾਲ ਗਲਪੀ ਬਿਰਤਾਂਤ ਵਿਚ ਢਾਲਿਆ ਹੈ। ਇਨ੍ਹਾਂ ਕਹਾਣੀਆਂ ਵਿਚ ਤੁਹਾਨੂੰ ਸਮਾਜਿਕ ਪਰਿਵਰਤਨ ਦੀ ਝਲਕ ਮਿਲੇਗੀ। ਇਨ੍ਹਾਂ ਵਿਚ ਸਾਨੂੰ ਸਮਾਜਿਕ ਯਥਾਰਥ ਵੇਖਣ ਤੇ ਸਮਝਣ ਨੂੰ ਮਿਲੇਗਾ। ਇਹ ਯਥਾਰਥ ਮਕੈਨੀਕਲ ਦੀ ਬਜਾਇ ਵਿਹਾਰਕ ਪੱਧਰ ਦਾ ਹੈ। ਇਹ ਕਹਾਣੀਆਂ ਮਾਨਵੀ ਸੰਵੇਦਨਾ ਦੇ ਨਾਲ ਨਾਲ ਸਾਡੇ ਸਮਾਜਿਕ, ਆਰਥਿਕ, ਦੈਹਿਕ, ਪਰਿਵਾਰਕ ਮਸਲਿਆਂ ਨੂੰ ਕੇਂਦਰ ਵਿਚ ਲਿਆਉਂਦੀਆਂ ਹਨ। 'ਦਮਨ' ਵੀ ਇਨ੍ਹਾਂ ਕਹਾਣੀਆਂ ਦੇ ਕੇਂਦਰ ਵਿਚ ਹੈ ਚਾਹੇ ਉਹ ਨਾਰੀ ਦਾ ਹੋਵੇ, ਮੱਧ ਵਰਗੀ ਬੰਦੇ ਦਾ

ਹੋਵੇ ਜਾਂ ਦਲਿਤ ਦਾ ਜਾਂ ਫਿਰ ਨਿਮਨ ਕਿਸਾਨੀ ਪਰਿਵਾਰ ਹੋਵੇ।

**ਪਿਆਰਾ ਸਿੰਘ ਭੋਗਲ** ਸਾਡਾ ਬਹੁਤ ਸੀਨੀਅਰ ਕਥਾਕਾਰ ਹੈ। ਉਸ ਦੀ ਕਹਾਣੀ **'ਇਕ ਮਜ਼ਦੂਰ ਵਿਕਾਊ ਹੈ'** ਵਿਚ ਨਿਮਨ ਦਲਿਤ ਮਜ਼ਦੂਰ ਰਾਮ ਲਾਲ ਧੋਖੇਬਾਜ਼ ਏਜੰਟਾਂ ਤੋਂ ਠਗਿਆ ਜਾਂਦਾ ਹੈ। ਕਹਾਣੀ ਦਾ ਪਾਤਰ ਜੋ ਪਹਿਲਾਂ ਹੀ ਗਰੀਬ ਹੈ ਹੋਰ ਕੰਗਾਲ ਹੋ ਜਾਂਦਾ ਹੈ ਤੇ ਅੰਤ ਮਜ਼ਦੂਰੀ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਰਹਿੰਦਾ। ਕਹਾਣੀ ਦੇ ਪਾਤਰ ਰਾਮ ਲਾਲ ਦੇ ਪੁਰਖੇ ਜ਼ਿੰਮੀਦਾਰਾਂ ਦੇ ਖੇਤਾਂ ਵਿਚ ਕਾਮੇ ਰਹੇ ਹਨ। ਕਹਾਣੀ ਦੇ ਬਿਰਤਾਂਤ ਵਿਚ ਇਹ ਨੁਕਤਾ ਵੀ ਉਭਰਦਾ ਹੈ ਕਿ ਜਦੋਂ ਪੇਂਡੂ ਮਜ਼ਦੂਰ ਸ਼ਹਿਰ 'ਚ ਪਰਵੇਸ਼ ਕਰਦਾ ਹੈ ਤਾਂ ਏਥੇ ਵੀ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਉਥੇ ਵੀ ਕੰਮ ਦੇ ਸਰੋਤ ਘੱਟ ਹਨ ਤੇ ਕੰਮ ਕਰਨ ਵਾਲੇ ਵੱਧ, ਜਿਸ ਨਾਲ ਉਜਰਤ ਵਿਚ ਕਮੀ ਆਉਂਦੀ ਹੈ। ਭੋਗਲ ਫਲੈਸ਼ ਬੈਕ ਦੀ ਵਿਧੀ ਵਰਤ ਕੇ ਦਲਿਤ ਪਰਿਵਾਰ ਦੀ ਸਮਾਜਿਕ ਇਤਿਹਾਸਕਾਰੀ ਵੀ ਕਰਦਾ ਹੈ। ਜਿਵੇਂ ਉਹ ਦਲਿਤ ਖੇਤ ਕਾਮਿਆਂ ਵੱਲੋਂ ਸੇਪੀ 'ਚ ਜੁੱਤੀਆਂ ਬਣਾ ਕੇ ਦਿੰਦੇ ਹਨ ਤੇ ਬਦਲੇ ਵਿਚ ਉਨ੍ਹਾਂ ਨੂੰ ਦਾਣੇ ਮਿਲਦੇ ਹਨ।

**ਗੁੱਲ ਚੌਹਾਨ** ਪੰਜਾਬੀ ਦਾ ਅਜਿਹਾ ਜਹੀਨ ਕਹਾਣੀਕਾਰ ਹੈ ਜਿਹੜਾ ਮੱਧਵਰਗੀ ਪਰਿਵਾਰਾਂ ਦੇ ਕਲੇਸ਼ ਤੇ ਮਨੋਗੁੰਝਲਾਂ ਨੂੰ ਆਪਣੀ ਨਿਵੇਕਲੀ ਸ਼ੈਲੀ ਵਿਚ ਫੜਨ ਦੀ ਸਫ਼ਲ ਕੋਸ਼ਿਸ਼ ਕਰਦਾ ਰਹਿੰਦਾ ਹੈ। ਉਸ ਦੀ ਇਸ ਅੰਕ ਦੀ ਕਹਾਣੀ **'ਬਹੁਤ ਸਾਰੇ ਪਿਤਾ ਜੀ'** ਮੱਧ ਵਰਗੀ ਉਸ ਬੰਦੇ ਦੀ ਉਥਲ-ਪੁੱਥਲ ਦੀ ਕਹਾਣੀ ਕਹਿੰਦੀ ਹੈ ਜੋ ਅਨੇਕਾਂ ਮਨੋ ਸੰਕਟਾਂ ਦਾ ਸ਼ਿਕਾਰ ਹੈ। ਇਕੱਲਤਾਂ ਹੰਢਾ ਰਿਹਾ ਬਜ਼ੁਰਗ ਬੰਦੇ ਦਾ ਵਿਹਾਰ ਉਹਦਾ ਆਲਾ ਦੁਆਲਾ ਕਿਵੇਂ ਬਦਲ ਕੇ ਰੱਖ ਦਿੰਦਾ ਹੈ ਕਹਾਣੀ ਕਹਿੰਦੀ ਹੈ। ਕਹਾਣੀ ਦਾ ਪਾਤਰ ਆਪਣੇ ਪਿਤਾ ਸੁਭਾਅ ਦਾ ਬਿਰਤਾਂਤ ਬਿਆਨ ਕਰਦਾ ਹੈ।

**ਭੂਰਾ ਸਿੰਘ ਕਲੇਰ** ਦੀ ਕਹਾਣੀ **'ਬਦਲੀਆਂ ਰੁੱਤਾਂ'** ਦੀਆਂ ਜੜ੍ਹਾਂ ਭਾਰਤੀ ਜਾਤੀ ਸਿਸਟਮ 'ਚ ਪਈਆਂ ਹਨ। ਹੱਥੀ ਕਿਰਤ ਕਰਨ ਵਾਲੇ ਰਮਿਦਾਸੀਏ ਪਾਤਰ ਸੁੱਚੇ ਦੀ ਜ਼ਿੰਦਗੀ ਦੀ ਕਹਾਣੀ ਦਾ ਬਿਰਤਾਂਤ ਹੈ। ਜੋ ਚੰਮ ਦੀਆਂ ਚਰਮਖਾਂ ਬਣਾ ਕੇ ਵੇਚਦਾ ਹੈ ਤੇ ਘਰ ਦਾ ਗੁਜਾਰਾ ਕਰਦਾ ਹੈ। ਕਹਾਣੀ ਵਿਚ ਉਦੋਂ ਮਰੋੜੀ ਪੈਂਦੀ ਹੈ ਜਦੋਂ ਉਸ ਨੂੰ ਇਕ ਗੁਰਦਵਾਰੇ 'ਚ ਗ੍ਰੰਥੀ ਉਹਨੂੰ ਨਿਮਨ ਜਾਤੀ ਦਾ ਹੋਣ ਤੇ ਦੁਰਕਾਰ ਦਿੰਦਾ ਹੈ, ਤੇ ਅੰਤ 'ਚ ਉਹੀ ਗ੍ਰੰਥੀ ਉਹਨੂੰ ਗੁਰਦਆਰੇ 'ਚ ਲੰਗਰ ਬੜੇ ਉਤਸ਼ਾਹ ਨਾਲ ਦਿੰਦਾ ਹੈ ਕਿਉਂਕਿ ਸੁੱਚੇ ਦੀ ਬਰਾਦਰੀ ਦੇ ਬੰਦੇ ਨੇ ਧਾਰਮਿਕ ਸਥਾਨ ਦਾ ਬਦਲਾ ਪ੍ਰਧਾਨ ਮੰਤਰੀ ਨੂੰ ਮਾਰ ਕੇ ਲਿਆ ਹੈ।

**ਜਿੰਦਰ** ਆਪਣਾ ਫੈਮਨਿਸਟ ਨਜ਼ਰੀਆ ਆਪਣੀ ਕਹਾਣੀ **'ਮੱਛੀ ਇਕ ਤੇ ਮੱਛੀ ਦੋ'** ਰਾਹੀਂ ਪ੍ਰਗਟ ਕਰਦਾ ਹੈ। ਇਸ ਕਹਾਣੀ ਵਿਚ ਦੋ ਔਰਤਾਂ ਦੀ ਕਹਾਣੀ ਹੈ ਜਿਹੜੀਆਂ ਵਾਰੀ-ਵਾਰੀ ਆਪਣੇ ਜ਼ਿੰਦਗੀ ਦਾ ਬਿਰਤਾਂਤ ਸੁਣਾਉਂਦੀਆਂ ਹਨ। **'ਮੱਛੀ ਇਕ'** ਭਾਗ ਦੀ ਪਾਤਰ ਇਕ ਅਜਿਹੀ ਬੋਲਡ ਔਰਤ ਹੈ ਜੋ ਆਪਣੀ ਕਹਾਣੀ ਇੰਗਲੈਂਡ ਰਹਿੰਦੀ ਆਪਣੀ ਔਰਤ ਦੋਸਤ ਨੂੰ ਦੱਸਦੀ ਹੈ। ਜੋ ਵਿਧਵਾ ਹੋ ਜਾਂਦੀ ਹੈ, ਆਰਥਿਕ ਠੁੰਮਣਾ ਦੇਣ ਲਈ ਉਹ ਆਪਣਾ ਤਨ ਆਪਣੀ ਸੱਸ ਦੀ ਸਹਿਮਤੀ ਨਾਲ ਵੇਚਣ ਦਾ ਧੰਦਾ ਕਰਦੀ ਹੈ। ਕੇਂਦਰ ਵਿਚ ਆਰਥਿਕਤਾ ਹੈ। ਇਹ ਔਰਤ ਸੱਸ ਦੀ ਸਹਿਮਤੀ ਨਾਲ ਜੈਨ ਨਾਲ ਸਬੰਧ ਬਣਾਉਂਦੀ ਹੈ। ਔਰਤ ਹੀ ਔਰਤ ਨੂੰ ਵੇਚਦੀ ਹੈ। ਮੱਛੀ ਦੋ ਵਿਚ ਵਿਦੇਸ਼ ਵਿਚ ਬੈਠੀ ਦੂਜੀ ਔਰਤ ਫੋਨ 'ਤੇ ਆਪਣੀ ਕਹਾਣੀ ਸੁਣਾਉਂਦੀ ਹੈ। ਇਹ ਔਰਤ ਇੰਗਲੈਂਡ ਵਿਚ 'ਧੰਦਾ' ਕਰਦੀ ਹੈ। ਕਹਾਣੀ ਵਿਚ ਇਕ ਘੁੰਡੀ ਜਾਤੀ ਸਿਸਟਮ ਦੀ ਪਈ ਹੈ। ਇਸ ਔਰਤ ਦੇ ਮੁਸਲਿਮ ਗਾਹਕ ਇਸ ਕਰਕੇ ਪੈਸੇ ਲੁੱਟਾਉਂਦੇ ਹਨ ਕਿ ਉਹ ਸਿੱਖ ਏ। ਪਰ ਕਹਾਣੀ ਦੀ ਚੂਲ ਆਰਥਿਕਤਾ 'ਚ ਪਈ ਹੈ। ਇਸ ਔਰਤ ਨੂੰ ਧੰਦੇ ਵਿਚ ਧਕੇਲਣ ਵਾਲੇ ਮਰਦ ਹਨ। ਇਨ੍ਹਾਂ ਔਰਤਾਂ ਲਈ ਆਪਣਾ ਤਨ ਇਕ ਵਸਤੂ ਹੈ, ਜਿਸ ਦੇ ਬਲ 'ਤੇ ਉਹ ਪੂੰਜੀ ਕਮਾਉਂਦੀਆਂ ਹਨ।



**ਬਲਬੀਰ ਪਰਵਾਨਾ** ਦੀ ਕਹਾਣੀ **'ਪ੍ਰੇਤ-ਛਾਇਆ'** ਇਕ ਸੰਵੇਦਨਸ਼ੀਲ ਐਡਹਾਕ ਕਾਲਜ ਅਧਿਆਪਕ ਦੀ ਮਨੋਚੇਤਨਾ 'ਤੇ ਉਸਰਦੀ ਹੈ। ਕਹਾਣੀ ਦੇ ਕੇਂਦਰ ਵਿਚ ਮਹਾਂਭਾਰਤ ਦੇ 'ਖਾਂਡਵ ਦਾਹ' ਦੀ ਵਿਚਾਰਧਾਰਾ ਪਈ ਹੈ। ਕਹਾਣੀਕਾਰ ਮਹਾਂਭਾਰਤ ਕਾਲ ਦੇ ਖਾਂਡਵ ਦਾਹ' ਨੂੰ ਅੱਜ ਦੇ ਸਮੇਂ ਨਾਲ ਕੋ ਲਰੇਟ ਕਰ ਕੇ ਵੇਖਦਾ ਹੋਇਆ ਕਹਾਣੀ ਦਾ ਸਮਾਜਿਕ ਯਥਾਰਥ ਉਭਾਰਦਾ ਹੈ। ਉਹ ਇਸ ਵਿਧੀ ਨਾਲ ਕਾਰਪੋਰੇਟ ਸੈਕਟਰ ਨੂੰ ਸਵਾਲਾਂ ਦੇ ਘੇਰੇ 'ਚ ਲਿਆ ਕੇ ਪੀੜਤ ਧਿਰ ਵੱਲ ਖੜ੍ਹਦਾ ਹੈ। ਕਹਾਣੀ ਦਾ ਮੁੱਖ ਪਾਤਰ ਆਦਿ ਵਾਸੀਆਂ ਦੇ ਹੱਕਾਂ 'ਚ ਖੜ੍ਹਦਾ ਹੈ। ਇਸ ਸਾਰੇ ਵਰਤਾਰੇ ਵਿਚ ਉਹਦੀ ਸੋਚ ਮੋਨਿਕਾ ਵੱਲ ਵੀ ਘੁੰਮਦੀ ਹੈ। ਜੋ ਉਸ ਨਾਲ ਸਬੰਧ ਆਪਣੇ ਨਿੱਜੀ ਹਿੱਤਾਂ ਨੂੰ ਮੋਹਰੇ ਰੱਖ ਕੇ ਬਣਾਉਣਾ ਚਾਹੁੰਦੀ ਹੈ। ਮਿਡਲ ਕਲਾਸ ਵਿਚ ਸੰਵੇਦਨਸ਼ੀਲ ਬੰਦਾ ਕਿਵੇਂ ਪਿਸ ਰਿਹਾ ਹੈ ਇਸ ਬਿੰਦੂ 'ਤੇ ਵੀ ਕਹਾਣੀ ਕੇਂਦਰਤ ਹੁੰਦੀ ਹੈ।

**ਜਸਪਾਲ ਮਾਨਖੇੜਾ** ਆਪਣੀ ਕਹਾਣੀ **'ਚਾਂਦੀ ਦੇ ਕੜੇ ਵਾਲ਼ੀ ਬਾਂਹ'** ਪਰਵਾਸ ਚਲੇ ਗਏ ਮਰਦ ਪਾਤਰ ਦੀ ਦੱਬੀ ਹਿਰਸ਼ ਨੂੰ ਸੰਜਮੀ ਸ਼ੈਲੀ ਨਾਲ ਕਹਾਣੀ ਦੇ ਬਿਰਤਾਂਤ ਵਿਚ ਉਭਾਰਦਾ ਹੈ। 'ਕੁੱਝ ਅਣਕਿਹਾ ਵੀ' ਕਹਾਣੀ ਨੂੰ ਬਹੁ ਅਰਥੀ ਬਣਾਉਂਦਾ ਹੈ। ਪਰਵਾਸੀ ਪਾਤਰ ਦੀ ਆਪਣੀ ਖੂਬਸੂਰਤ ਵੱਡੀ ਭਰਜਾਈ ਨੂੰ ਭੋਗਣ ਦੀ ਹਿਰਸ਼ ਉਦੋਂ ਪੂਰੀ ਹੁੰਦੀ ਲੱਗਦੀ ਹੈ ਜਦੋਂ ਭਰਜਾਈ ਆਰਥਿਕ ਤੌਰ ਤੇ ਨਿੱਘਰ ਜਾਂਦੀ ਹੈ। ਪੁੱਤਰ ਨੂੰ ਵਿਦੇਸ਼ ਭੇਜਣ ਲਈ ਉਹ ਕੁਝ ਵੀ ਕਰਨ ਨੂੰ ਮਾਨਸਿਕ ਤੌਰ 'ਤੇ ਤਿਆਰ ਕਰ ਲੈਂਦੀ ਹੈ ਪਰ ਕਹਾਣੀ 'ਚ ਉਦੋਂ ਗੁੰਝਲ ਪੈਦਾ ਹੋ ਜਾਂਦੀ ਹੈ ਜਦੋਂ ਐਨ ਮੌਕੇ ਤੇ ਉਹਦਾ ਮੁੰਡਾ ਘਰ ਅੰਦਰ ਆ ਵੜਦਾ ਹੈ। ਦੋਹਾਂ ਪਾਤਰਾਂ ਵਿਚ ਸੰਕਟ ਖੜ੍ਹਾ ਹੋ ਜਾਂਦਾ ਹੈ। ਕਹਾਣੀ ਦੇ ਅੰਤ ਵਿਚ ਜਦੋਂ ਮੁੰਡੇ ਨੂੰ ਉਹਦੀ ਮਾਂ ਕੁੱਟਦੀ ਹੈ ਤਾਂ ਕਹਾਣੀ ਦਾ ਕੇਂਦਰੀ ਰਹੱਸ ਉਸ ਕੁੱਟ 'ਚ ਪਿਆ ਹੈ। ਲੇਖਕ ਉਹਲੇ ਨਾਲ ਸਾਰੀ ਕਹਾਣੀ ਕਹਿ ਜਾਂਦਾ ਹੈ। ਲੇਖਕ ਖ਼ਾਮੋਸ਼ ਧੁੰਨੀਆਂ ਨਾਲ ਪਾਠਕ ਮਨ ਵਿਚ ਕਹਾਣੀ ਦਾ ਬਿਰਤਾਂਤ ਸਿਰਜ ਦਿੰਦਾ ਹੈ। ਨਿੱਕੇ ਜਿਹੇ ਬਿਰਤਾਂਤ ਵਾਲੀ ਕਹਾਣੀ ਪਾਠਕ ਮਨ ਅੰਦਰ ਵਿਸ਼ਾਲ ਬਿਰਤਾਂਤ ਸਿਰਜਣ ਦੀ ਸਮਰੱਥਾ ਰੱਖਦੀ ਹੈ।

**ਦੀਪਤੀ ਬਬੂਟਾ** ਬਹੁਤ ਤੇਜ਼ੀ ਨਾਲ ਸਮਕਾਲੀ ਨਾਰੀ ਕਥਾਕਾਰਾਂ ਵਿਚੋਂ ਆਪਣੀ ਨਿਵੇਕਲੀ ਪਛਾਣ ਬਣਾਉਣ ਦੇ ਸਮਰੱਥ ਹੋਈ ਹੈ। ਉਹਦੇ ਕੋਲ ਗੱਲ ਕਹਿਣ ਦੀ ਆਪਣੀ ਸ਼ੈਲੀ ਹੈ। ਪਿਛਲੇ ਸਮੇਂ ਵਿਚ ਉਸਦੀਆਂ ਕੁੱਝ ਕਹਾਣੀਆਂ ਨੇ ਉਚੇਚਾ ਧਿਆਨ ਖਿੱਚਿਆ ਹੈ। ਇਸ ਅੰਕ ਦੀ ਕਹਾਣੀ **'ਡਾਂਸ ਫਲੋਰ'** ਪੀੜਤ ਨਾਰੀ ਦੀ ਕਹਾਣੀ ਲੰਮੇ ਬਿਰਤਾਂਤ ਨਾਲ ਕਹਿੰਦੀ ਹੈ। ਇਹ ਨਾਰੀ, ਗੀਤਾਂ ਤੇ ਨਾਚ ਕਰਨ ਵਾਲੀਆਂ ਵੱਖ-ਵੱਖ ਕੁੜੀਆਂ ਦੇ ਸਮੂਹ ਤੋਂ ਉਸਰਦੀ ਹੈ, ਜਿਹੜੀਆਂ ਕੁੜੀਆਂ ਆਪਣੀਆਂ ਆਰਥਿਕ ਲੋੜਾਂ ਦੀ ਪੂਰਤੀ ਲਈ ਇਸ ਕਿੱਤੇ ਵਿਚ ਪੈ ਕੇ ਮਾਨਸਿਕ ਤੌਰ 'ਤੇ ਅੰਤਾਂ ਦੀਆਂ ਪੀੜਤ ਹੁੰਦੀਆਂ ਹਨ। ਡਾਂਸ ਫਲੋਰ ਤੇ ਡਾਂਸ ਦਾ ਕਿੱਤਾ ਕਰਨ ਵਾਲੀਆਂ ਕੁੜੀਆਂ 'ਤੇ ਲਿਖੀ ਇਹ ਪਹਿਲੀ ਰਚਨਾ ਹੈ ਜਿਸ ਵਿਚ ਸਮਾਜ ਵਿਚ ਹਾਸ਼ੀਏ 'ਤੇ ਧਕੇਲ ਦਿੱਤੀਆਂ ਕੁੜੀਆਂ ਦੀ ਮਨੋ ਚੇਤਨਾ ਨੂੰ ਉਨ੍ਹਾਂ ਦੇ ਸਮਾਜਿਕ ਯਥਾਰਥ ਵਿਚੋਂ ਨਿਕਲਦੀ ਦਿਖਾਇਆ ਹੈ। ਕਹਾਣੀ ਨਾਰੀ ਦੀਆਂ ਤਿੰਨ ਪੀੜ੍ਹੀਆਂ ਦੀ ਟਰੈਜਡੀ ਦੀ ਕਹਾਣੀ ਹੈ ਜਿੱਥੇ ਮਰਦ ਪ੍ਰਧਾਨ ਸਮਾਜ 'ਚ ਔਰਤ ਨੂੰ ਵਸਤ ਦੇ ਵਾਂਗ ਵਰਤਿਆ ਜਾਂਦਾ ਹੈ ਤੇ ਬੇਕਾਰ ਹੋ ਗਈ ਵਸਤੂ ਵਾਂਗ ਸੁੱਟ ਦਿੱਤਾ ਜਾਂਦਾ ਹੈ। ਇਹੀ ਕੁਝ ਕਹਾਣੀ ਦੇ ਕੇਂਦਰ ਵਿਚ ਰਹਿੰਦੀ ਰੋਸ਼ਨੀ ਪਾਤਰ ਨਾਲ ਹੁੰਦਾ ਹੈ। ਕਹਾਣੀ ਦੇ ਬਿਰਤਾਂਤ ਵਿਚ ਜਦੋਂ ਨਾਚ ਦਾ ਕਿੱਤਾ ਭੋਗ ਦੀ ਵਸਤੂ ਬਣ ਜਾਂਦਾ ਹੈ ਤਾਂ ਹਰ ਕੋਈ ਇਸ ਕਿੱਤੇ ਨਾਲ ਕੁੜੀਆਂ ਔਰਤਾਂ ਨੂੰ ਭੋਗਣਾ ਚਾਹੁੰਦਾ ਹੈ ਚਾਹੇ ਅੱਖਾਂ ਨਾਲ ਭੋਗਣਾ ਚਾਹੇ ਚਾਹੇ ਦੇਹ ਨਾਲ। ਕਹਾਣੀ ਵਿਚ ਇਕ ਰੋਸ਼ਨੀ ਨਾਂ ਦੀ ਪਾਤਰ ਪਰਵੇਸ਼ ਕਰਦੀ ਹੈ। ਜਿਹੜੀ ਇਸ ਕਿੱਤੇ ਪ੍ਰਤੀ ਮੂਲੋਂ ਅਨਪੜ੍ਹ ਹੈ। ਕਿਵੇਂ ਉਹ ਇਸ ਕਿੱਤੇ ਵਿਚੋਂ ਉਪਜਦੀ ਹੈ, ਫੈਲਦੀ ਹੈ, ਉੱਚੀ ਟੀਸੀ 'ਤੇ ਪਹੁੰਚਦੀ ਹੈ ਤੇ ਕਿਵੇਂ ਥੱਲੇ ਡਿੱਗਦੀ ਹੈ ਕਹਾਣੀ ਦੇ ਲੰਮੇ ਬਿਰਤਾਂਤ ਵਿਚ ਦੀਪਤੀ ਨੇ ਬੜੀ ਸਹਿਜਤਾ

ਨਾਲ ਅਤੇ ਕੁਸ਼ਲਤਾ ਨਾਲ ਪੇਸ਼ ਕੀਤਾ ਹੈ। ਦੀਪਤੀ ਕੋਲ ਇਸ ਕਿੱਤੇ ਨਾਲ ਜੁੜਿਆ ਇਕ ਲੰਮਾ ਬਿਰਤਾਂਤ ਹੈ ਜਿਹਦੇ ਵਿਚ ਅਨੇਕਾਂ ਪਾਤਰ ਹਨ। ਇਕ ਬਾਊ ਅਸ਼ੋਕ ਹੈ ਜਿਹੜਾ ਬੜਾ ਸ਼ਾਤਰ ਹੈ। ਜਿਹੜਾ ਹੰਢਿਆ ਹੋਇਆ ਬੰਦਾ ਹੈ, ਉਹ ਮੌਕਾ ਮਿਲਣ 'ਤੇ ਡਾਂਸਰਾਂ ਨੂੰ ਭੋਗ ਲੈਂਦਾ ਹੈ। ਪਤਨੀ ਨੂੰ ਵੀ ਕਾਬੂ ਰੱਖਦਾ ਹੈ। ਪਰਿਵਾਰ ਵਿਚ ਆਪਣੀ ਸਪੇਸ ਬਣਾਉਂਦਾ ਹੈ। ਉਸਦੀ ਪਤਨੀ ਸੁਨੀਤਾ ਹੈ। ਸਾਰਾ ਪਰਿਵਾਰ ਆਰਕੈਸਟਰਾ ਦਾ ਧੰਦਾ ਕਰਦਾ ਹੈ ਨਾਲ-ਨਾਲ ਡਾਂਸ ਕਰਨ ਵਾਲੀਆਂ ਕੁੜੀਆਂ ਦਾ ਦੈਹਿਕ ਸ਼ੋਸ਼ਣ ਵੀ ਹੁੰਦਾ ਜਾਂਦਾ ਹੈ। ਪ੍ਰਸਥਿਤੀਆਂ ਵਿਚੋਂ ਪਾਤਰ ਤੇ ਘਟਨਾਵਾਂ ਨਿਕਲਦੀਆਂ ਹਨ ਤੇ ਪਾਠਕ ਮਨ 'ਤੇ ਗਹਿਰਾ ਅਸਰ ਕਰਦੀਆਂ ਹਨ। ਰੋਸ਼ਨੀ ਦੀ ਜ਼ਿੰਦਗੀ 'ਚ ਆਉਂਦੇ ਲੰਮੇ ਉਤਰਾਅ ਚੜ੍ਹਾ ਨੂੰ ਕਹਾਣੀ ਪੇਸ਼ ਕਰਦੀ ਹੈ। ਰੋਸ਼ਨੀ ਜਿਹਦੀ ਮਾਂ ਕਸ਼ਮੀਰਨ ਹੈ। ਕੰਗਾਲੀ ਕਾਰਨ ਪੰਜਾਬ ਆ ਜਾਂਦੀ ਹੈ। ਹਲਾਤ ਇਹ ਬਣ ਜਾਂਦੇ ਹਨ ਕਿ ਉਹਦਾ ਅਪਾਹਜ ਮੁੰਡੇ ਨਾਲ ਵਿਆਹ ਕਰ ਦਿੱਤਾ ਜਾਂਦਾ ਹੈ, ਫਿਰ ਤਲਾਕ ਤੇ ਮੁੜ ਰੋਸ਼ਨੀ ਅਸ਼ੋਕ ਕੋਲ ਆ ਜਾਂਦੀ ਹੈ। ਦੂਜੇ ਪਾਸੇ ਅਸ਼ੋਕ ਜਿਹੜਾ ਕਿ ਆਰਕੈਸਟਰਾ ਦਾ ਮਾਲਕ ਹੈ ਉਹਦੇ ਪਰਿਵਾਰ ਦੀ ਨਿੱਜੀ ਪਰਿਵਾਰਕ ਲਾਈਫ ਕਿਵੇਂ ਟੁੱਟਦੀ, ਜੁੜਦੀ ਹੈ ਤੇ ਕਿਵੇਂ ਖਲਾਅ ਪੈਦਾ ਕਰਦੀ ਹੈ ਇਸ 'ਤੇ ਵੀ ਕਹਾਣੀ ਦਾ ਬਿਰਤਾਂਤ ਫੋਕਸ ਹੁੰਦਾ ਹੈ। ਨਾ ਚਾਹੁੰਦੀ ਹੋਈ ਵੀ ਰੋਸ਼ਨੀ ਆਪਣੀ ਧੀ ਨੂੰ ਇਸ ਧੰਦੇ ਵਿਚ ਪਾਉਣ ਲਈ ਅਸ਼ੋਕ ਦੇ ਮੁੰਡੇ ਕੋਲ ਛੱਡਣ ਲਈ ਮਜਬੂਰ ਹੋ ਜਾਂਦੀ ਹੈ।

ਟੋਰਾਂਟੋ ਰਹਿੰਦੀ **ਸੁਰਜੀਤ** ਦੀ ਕਹਾਣੀ **'ਮੇਰੀ ਹਾਰ ਮੇਰੀ ਜਿੱਤ'** ਪਰਵਾਸੀ ਪਰਿਵਾਰ 'ਚ ਪਨਪੀ ਨਵੀਂ ਪੀੜ੍ਹੀ ਦੀਆਂ ਬਦਲ ਰਹੀਆਂ ਕਦਰਾਂ ਕੀਮਤਾਂ ਤੋਂ ਉਪਜੇ ਦੁਖਾਂਤ ਦੀ ਕਹਾਣੀ ਹੈ। ਸਿਮਨਰਜੀਤ ਕੌਰ ਵਿਰਦੀ ਉਰਫ਼ ਸਿਮੋਨ ਦਾ ਪਰਿਵਾਰ ਖੁਸ਼ਹਾਲ ਜ਼ਿੰਦਗੀ ਤਿਆਗ ਕੇ ਇੰਡੀਆ ਤੋਂ ਪਰਵਾਸ ਕਰ ਕੇ ਅਮਰੀਕਾ ਆਪਣੇ ਬੱਚਿਆਂ ਨੂੰ ਸੈਟ ਕਰਨ ਲਈ ਜਾਂਦਾ ਹੈ। ਵਿਧਵਾ ਸਿਮੋਨ ਜੋ ਪਾਰਕਿਨਸਨ ਨਾਂ ਦੀ ਬਿਮਾਰੀ ਤੋਂ ਪੀੜਤ ਹੋ ਜਾਂਦੀ ਹੈ ਦੀ ਮਾਨਸਿਕ ਮਨੋਦਸ਼ਾ ਬਿਆਨ ਕੀਤੀ ਗਈ ਹੈ। ਬਿਰਤਾਂਤ ਵਿਚੋਂ ਇਹ ਵੀ ਉਭਰਦਾ ਹੈ ਕਿ ਚਾਹੇ ਉਹ ਪਰਿਵਾਰ ਦਾ ਸੰਕਟ ਹੈ ਜਾਂ ਸਿਮੋਨ ਦਾ ਨਿੱਜੀ ਸੰਕਟ ਹੈ, ਉਹ ਇਕੱਲਿਆਂ ਲੜਨਾ ਪੈਂਦਾ ਹੈ। ਸਿਮੋਨ ਆਪਣੇ ਸ਼ਾਹੀ ਠਾਠ ਨੂੰ ਝੂਰਦੀ ਹੈ। ਨਵੀਂ ਪੀੜ੍ਹੀ ਦਾ 'ਕਰਨ' ਅਮਰੀਕਾ ਦੇ ਸਿਸਟਮ ਵਿਚ ਢਲ ਜਾਂਦਾ ਹੈ। ਉਸ ਦੀ ਮਾਂ ਸਿਮੋਨ ਦੀ ਹਾਲਤ ਇਸ ਤਰ੍ਹਾਂ ਬਣ ਜਾਂਦੀ ਹੈ ਕਿ ਉਹ ਆਪਣੇ ਆਪ ਨੂੰ ਸਵੈ ਕੇਂਦਰਤ ਕਰ ਲੈਂਦਾ ਹੈ। ਸਿਮੋਨ ਬਿਮਾਰੀ ਤੋਂ ਹਾਰ ਨਹੀਂ ਮੰਨਦੀ ਬਲਕਿ ਉਸ ਨਾਲ ਲੜਦੀ ਹੋਈ ਜਿੱਤ ਪ੍ਰਾਪਤ ਕਰ ਲੈਂਦੀ ਹੈ। ਪੀੜ੍ਹੀ ਪਾੜ੍ਹੇ ਦਾ ਸੰਕਟ ਹਰ ਥਾਂ ਹੈ।

**ਹਰਜਿੰਦਰ ਸਿੰਘ ਸੂਰੇਵਾਲੀਆ** ਦੀ ਕਹਾਣੀ 'ਇਹ ਤਾਂ ਡਰਾਮਾ ਹੀ ਸੀ' ਦੋ ਵੱਖ-ਵੱਖ ਕਿੱਤਿਆਂ ਨਾਲ ਜੁੜੇ ਪਾਤਰਾਂ ਦੀ ਸਮਾਜਿਕ ਪੁਜ਼ੀਸ਼ਨ ਦੀ ਕਹਾਣੀ ਹੈ। ਇਕ ਸਕੂਲ ਮਾਸਟਰ ਹੈ ਜੋ ਸੀਮਤ ਆਰਥਿਕ ਸਰੋਤਾਂ ਨਾਲ ਆਪਣਾ ਪਰਿਵਾਰ ਚਲਾਉਂਦਾ ਹੈ ਤੇ ਦੂਜੇ ਪਾਸੇ ਉਹਦਾ ਬਚਪਨ ਦਾ ਦੋਸਤ ਪਟਵਾਰੀ ਤੋਂ ਤਰੱਕੀ ਕਰ ਗਏ ਤਹਿਸੀਲਦਾਰ ਪਾਤਰ ਦਾ ਸਮਾਜਿਕ ਯਥਾਰਥ ਹੈ ਜੋ ਭ੍ਰਿਸ਼ਟ ਤੰਤਰ ਰਾਹੀਂ ਦੋ ਨੰਬਰ ਦੀ ਕਮਾਈ ਨਾਲ ਆਪਣੇ ਪਰਿਵਾਰ ਨੂੰ ਸ਼ਾਹੀ ਠਾਠ ਪ੍ਰਦਾਨ ਕਰਦਾ ਪਰ ਉਸ ਦੀ ਆਰਥਿਕ ਅਮੀਰੀ ਦਿਮਾਗੀ ਅਮੀਰੀ ਵਿਚ ਕਨਵਰਟ ਨਹੀਂ ਹੁੰਦੀ। ਸਰਮਾਏ ਦੇ ਜੋਰ ਨਾਲ ਤਹਿਸੀਲਦਾਰ ਆਪਣੇ ਮੁੰਡੇ ਦਾ ਨਕਲੀ ਵਿਆਹ ਲੱਖਾਂ ਰੁਪਏ ਖਰਚ ਕੇ ਕਰਦਾ ਹੈ ਤਾਂ ਕਿ ਮੁੰਡਾ ਕੈਨੇਡਾ ਚਲੇ ਜਾਵੇ। ਕਹਾਣੀ ਦਾ ਬਹੁਤਾ ਬਿਰਤਾਂਤ ਵਿਆਹ ਦੇ ਦ੍ਰਿਸ਼ ਨਾਲ ਭਰਿਆ ਪਿਆ ਹੈ।

**ਜਗਜੀਤ ਗਿੱਲ** ਦੀ ਕਹਾਣੀ **'ਹਦਬਸਤ ਨੰਬਰ 211'** ਸੂਦਘੋਰ, ਆੜ੍ਹਤੀਆਂ ਦੀ ਚੁੰਗਲ ਵਿਚ ਫਸੀ ਨਿਮਨ ਕਿਸਾਨੀ ਦੇ ਦੁਖਾਂਤ ਦੀ ਕਹਾਣੀ ਹੈ। ਮਾਝੇ ਦੀ ਨਿਘਰੀ ਕਿਸਾਨੀ ਦੀ ਪੀੜਾ ਭਰੇ ਬ੍ਰਿਤਾਂਤ ਦੇ ਸਮਾਜਿਕ, ਆਰਥਿਕ ਯਥਾਰਥ ਦੀ ਬਰੀਕ ਵੇਰਵਿਆਂ ਵਾਲੀ ਤਸਵੀਰ ਲੇਖਕ ਬਹੁਤ ਕੁਸ਼ਲਤਾ ਨਾਲ



ਪੇਸ਼ ਕਰਦਾ ਹੈ। ਕਹਾਣੀ ਲੰਮੇ ਬਿਰਤਾਂਤ ਵਿਚ ਫੈਲੀ ਹੋਈ ਹੈ। ਕਹਾਣੀ ਵਿਚ ਆਰਥਿਕ ਸੰਕਟ ਦੇ ਨਾਲ-ਨਾਲ ਪੰਜਾਬ ਸੰਕਟ ਵੀ ਆ ਜਾਂਦਾ ਹੈ। ਹਾਲਾਤ ਇਸ ਤਰ੍ਹਾਂ ਦੇ ਬਣ ਜਾਂਦੇ ਹਨ ਕਿ ਆਰਥਿਕਤਾ 'ਚ ਨਪੀੜੀ ਨਿਮਨ ਕਿਸਾਨੀ ਸਟੇਟ ਦੇ ਖਿਲਾਫ਼ ਖੜ੍ਹੀ ਹੋ ਜਾਂਦੀ ਹੈ। ਸਟੇਟ ਕਿਵੇਂ ਮਨੁੱਖਤਾ ਦਾ ਘਾਣ ਕਰਦੀ ਹੈ, ਕਹਾਣੀ ਦੇ ਬਿਰਤਾਂਤ ਦਾ ਹਿੱਸਾ ਹੈ। ਪੇਂਡੂ ਜੀਵਨ ਦੇ ਬਰੀਕ ਵੇਰਵੇ ਕਹਾਣੀ ਵਿਚ ਗੂੜ੍ਹੇ ਆਂਚਲਿਕਤਾ ਦਾ ਰੰਗ ਭਰਦੇ ਹਨ। ਜਾਤ ਪਾਤ, ਡੇਰਾ ਕਲਚਰ, ਕਰਜ਼ਾ, ਸਟੇਟ ਦਾ ਜਬਰ, ਖਾੜਕੂ ਲਹਿਰ ਦਾ ਘਾਣ, ਔਰਤਾਂ ਦੇ ਡੇਰਿਆ ਵੱਲ ਝੁਕਾਅ ਵਰਗੇ ਮਸਲੇ ਬਾਬਾ ਨੰਦ ਸਿੰਘ, ਕਸ਼ਮੀਰਾ, ਬਣਸੀ, ਧਰਮਾ, ਹਿੰਦਾ ਵਰਗੇ ਪਾਤਰਾਂ ਰਾਹੀਂ ਕਹਾਣੀ ਵਿਚ ਪ੍ਰਮੁੱਖਤਾ ਨਾਲ ਉਭਰਦੇ ਹਨ।

**ਇੰਦਰਜੀਤ ਪਾਲ ਕੌਰ 'ਕੰਧ 'ਤੇ ਲੱਗੀ ਬਿੰਦੀ'** 'ਚ ਅਤਿ ਦੇ ਨਿਮਨ ਪਰਵਾਸੀ ਮਜ਼ਦੂਰ ਦੀ ਭਿਆਨਕ ਬਿਮਾਰੀ ਦੇ ਇਰਦ ਗਿਰਦ ਆਪਣੀ ਕਹਾਣੀ ਦਾ ਬਿਰਤਾਂਤ ਸਿਰਜਦੀ ਹੈ। ਕਹਾਣੀ ਵਿਚ ਕਿਸਾਨ ਤੇ ਖੇਤ ਮਜ਼ਦੂਰ ਦੀ ਸਾਂਝ ਦਿਖਾਈ ਗਈ ਹੈ। ਆਰਥਿਕਤਾ ਕਹਾਣੀ ਵਿਚ ਗੁੰਝਲ ਪੈਦਾ ਕਰਦੀ ਹੈ। ਦੂਜੇ ਪਾਸੇ ਕਹਾਣੀ ਵਿਚ ਸੰਕਟ ਤੇ ਗੁੰਝਲ ਪੈਦਾ ਕਰਨ ਲਈ ਵਿਧਾਇਕ ਦਾ ਬੇਟਾ ਆਉਂਦਾ ਹੈ ਜੋ ਮਜ਼ਦੂਰ ਵਾਲੀ ਬਿਮਾਰੀ ਤੋਂ ਪੀੜਤ ਹੈ। ਪਰ ਸਮਾਜਿਕ ਯਥਾਰਥ ਇਹੀ ਹੈ ਕਿ ਡਾਕਟਰ ਵਿਧਾਇਕ ਦੇ ਬੇਟੇ ਵੱਲ ਵਿਸ਼ੇਸ਼ ਧਿਆਨ ਦਿੰਦੇ ਹਨ ਜਿਸ ਕਾਰਨ ਉਹ ਬਚ ਜਾਂਦਾ ਹੈ ਦੂਜੇ ਪਾਸੇ ਗਰੀਬ ਮਜ਼ਦੂਰ ਵੱਲ ਬੇਧਿਆਨੀ ਕਾਰਨ ਉਹਨੂੰ ਮੌਤ ਦੇ ਮੂੰਹ ਵਿਚ ਸੁੱਟ ਦਿੰਦੇ ਹਨ।

ਪਰਵਾਸੀ ਲੇਖਕ **ਗੁਰਮੇਲ ਬੀਰੋਕੇ** ਦੀ **'ਲਾਲ ਸਵੈਟਰ'** ਕਹਾਣੀ ਪਿਆਰ ਦੇ ਹੇਰਵੇ ਦੀ ਕਹਾਣੀ ਹੈ। ਗੁਰਜੰਟ ਦੇ ਮਨ ਵਿਚ ਹੇਰਵਾ ਹੈ ਕਿ ਉਹ ਆਪਣੇ ਸਕੂਲ ਪੜ੍ਹਦੇ ਸਮੇਂ ਦੀ ਪਸੰਦ ਨਾਲ ਵਿਆਹ ਨਾ ਕਰਾ ਸਕਿਆ। ਕਹਾਣੀ ਵਿਚ ਇਸ ਮਸਲੇ ਨੂੰ ਲੈ ਕੇ ਜੋ ਗੁੰਝਲ ਪੈਦਾ ਹੁੰਦੀ ਹੈ 'ਉਹ ਲਾਲ ਸਵੈਟਰ' ਹੈ। ਪੰਜਾਬ ਸੰਕਟ ਸਮੇਂ ਗੁਰਜੰਟ ਦੀ ਪ੍ਰੇਮਕਾ ਕੁਲਵਿੰਦਰ ਮਾਰ ਦਿੱਤੀ ਜਾਂਦੀ ਹੈ। ਇਹ ਹੇਰਵਾ ਕਹਾਣੀ ਦੇ ਅੰਤ ਤਕ ਪਾਤਰ ਵਿਚ ਕਾਇਮ ਰਹਿੰਦਾ ਹੈ। ਲੇਖਕ ਇਸ ਹੇਰਵੇ ਦਾ ਭਰਤ ਮਿਲਾਪ ਕੁਲਵਿੰਦਰ ਦੀ ਭਤੀਜੀ ਦਾ ਵਿਆਹ ਗੁਰਜੰਟ ਦੇ ਪੁੱਤ ਨਾਲ ਕਰ ਕੇ ਦੁਖਾਂਤ ਨੂੰ ਸੁਖਾਂਤ ਵੱਲ ਮੋੜ ਦਿੰਦਾ ਹੈ।


ਇਨ੍ਹਾਂ ਸਾਰੀਆਂ ਕਹਾਣੀਆਂ ਵਿਚ ਕਹਾਣੀਕਾਰਾਂ ਨੇ ਪਾਤਰਾਂ ਦਾ ਵਿਹਾਰ ਅਤੇ ਉਨ੍ਹਾਂ ਦਾ ਕਾਰਜ ਪ੍ਰਸਥਿਤੀਆਂ ਤੇ ਹਾਲਾਤ ਦੇ ਸਨਮੁੱਖ ਰੱਖ ਕੇ ਕੀਤਾ ਹੈ। ਇਨ੍ਹਾਂ ਰਾਹੀਂ ਤੁਹਾਨੂੰ ਸਮਕਾਲੀ ਕਹਾਣੀ ਵਿਚ ਪੇਸ਼ ਹੋ ਰਹੇ ਸਮਾਜਿਕ ਯਥਾਰਥ ਦੀ ਤਸਵੀਰ ਝਲਕਦੀ ਮਹਿਸੂਸ ਹੋਵੇਗੀ। ਇਨ੍ਹਾਂ ਕਹਾਣੀਆਂ ਵਿਚ ਪਿਆਰ ਹੈ, ਹਿਰਸ ਹੈ, ਦੰਭ ਹੈ, ਦੋਗਲਾ ਕਿਰਦਾਰ ਹੈ, ਬਜ਼ਾਰੀਕਰਨ ਹੈ, ਮਨਹੂਸ ਚਿਹਰੇ ਹਨ, ਵਿਕਰਾਲ ਸਮਾਂ ਹੈ, ਨਾਰੀ ਦੀ ਸੁਤੰਤਰ ਹੈਸੀਅਤ ਹੈ, ਦੇਹ ਦਾ ਜਸ਼ਨ ਹੈ ਅਤੇ ਹੋਰ ਬਹੁਤ ਸਾਰੇ ਮਸਲੇ ਹਨ ਜਿਨ੍ਹਾਂ ਬਾਰੇ ਤੁਸੀਂ ਇਨ੍ਹਾਂ ਕਹਾਣੀਆਂ ਨੂੰ ਪੜ੍ਹ ਕੇ ਹੀ ਜਾਣ ਸਕੋਗੇ।

**'ਸਮਕਾਲੀ ਕਹਾਣੀ ਅੰਕ'** ਵਿਚ ਸਮਕਾਲੀ ਕਹਾਣੀ ਦਾ ਵਿਸ਼ਲੇਸ਼ਣ ਕਰਦੇ ਲੇਖ ਹਨ। ਇਕ ਯੂਨੀਵਰਸਿਟੀ ਦੇ ਖੋਜ ਵਿਦਿਆਰਥੀਆਂ ਦੀ ਚੋਣਵੀ ਕਹਾਣੀ 'ਤੇ ਵਿਚਾਰ ਚਰਚਾ ਹੈ। ਇਸ ਸਾਰੇ ਅੰਕ ਨੂੰ ਪੜ੍ਹ ਕੇ ਪਾਠਕ ਇਹ ਜ਼ਰੂਰ ਕਹਿਣਗੇ ਕਿ ਅਸੀਂ 'ਕਹਾਣੀ ਧਾਰਾ' ਦੇ 'ਕਾਗਜ਼' ਕਾਲੇ ਨਹੀਂ ਕੀਤੇ ਇਹ 'ਮਿਸਾਲੀ' ਸਮੱਗਰੀ ਹੈ ਜੋ ਲੇਖਕਾਂ ਨੇ ਸਿਰਜ ਕੇ ਸਾਨੂੰ ਭੇਜੀ ਹੈ। ਅਸੀਂ ਅਜੇ ਤਨਵੀਰ ਦੇ ਉਪਰੋਕਤ ਸ਼ੇਅਰ 'ਤੇ ਪਹਿਰਾ ਦਿੰਦਿਆਂ ਕੋਸ਼ਿਸ਼ ਕੀਤੀ ਹੈ ਕਿ ਪਾਠਕਾਂ ਨੂੰ 'ਮਿਸਾਲੀ' ਸਮੱਗਰੀ ਪੇਸ਼ ਕਰੀਏ। ਤਨਵੀਰ ਦੀ ਸੋਚ ਨੂੰ ਸਲਾਮ ਜੋ ਸਾਡੇ ਵਰਗੇ ਸੰਪਾਦਕਾਂ ਨੂੰ ਕਾਲੇ ਕਾਗਜ਼ ਕਰਨ ਤੋਂ ਸੁਚੇਤ ਕਰਦੇ ਰਹਿੰਦੇ ਹਨ। ਕਹਾਣੀ ਧਾਰਾ' ਦਾ ਇਹ ਲਗਾਤਾਰ ਤੀਜਾ ਵਿਸ਼ੇਸ਼ ਅੰਕ ਹੈ। ਅਤੇ ਅਸੀਂ ਪਰਚੇ ਦੇ ਪਹਿਲਾਂ ਵੀ ਕਹਾਣੀ ਸਬੰਧੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰ ਚੁੱਕੇ ਹਾਂ, ਜਿਨ੍ਹਾਂ ਅੰਕਾਂ ਨੇ ਪੰਜਾਬੀ ਸਾਹਿਤ ਵਿਚ ਗੰਭੀਰ ਸੰਵਾਦ ਤੋਰਨ ਦੀ ਪ੍ਰੰਪਰਾ ਤੋਰੀ। ਉਮੀਦ ਹੈ ਇਹ ਅੰਕ ਵੀ ਪਾਠਕਾਂ ਨੂੰ ਪਸੰਦ ਆਵੇਗਾ। **- ਭਗਵੰਤ ਰਸੂਲਪੁਰੀ**

# 12 ਕਹਾਣੀਆਂ
# 12 ਕਹਾਣੀਕਾਰ


1. ਇਕ ਮਜ਼ਦੂਰ ਵਿਕਾਊ ਹੈ — ਪਿਆਰਾ ਸਿੰਘ ਭੋਗਲ–8
2. ਬਹੁਤ ਸਾਰੇ ਪਿਤਾ ਜੀ — ਗੁਲ ਚੌਹਾਨ–16
3. ਬਦਲੀਆਂ ਰੁੱਤਾਂ — ਭੂਰਾ ਸਿੰਘ ਕਲੇਰ–25
4. ਮੱਛੀ–ਇਕ — ਜਿੰਦਰ–30
5. ਪ੍ਰੇਤ–ਛਾਇਆ — ਬਲਬੀਰ ਪਰਵਾਨਾ–42
6. ਚਾਂਦੀ ਦੇ ਕੜੇ ਵਾਲ਼ੀ ਬਾਂਹ — ਜਸਪਾਲ ਮਾਨਖੇੜਾ–49
7. ਡਾਂਸ ਫਲੋਰ — ਦੀਪਤੀ ਬਬੂਟਾ –52
8. ਮੇਰੀ ਹਾਰ ਮੇਰੀ ਜਿੱਤ — ਸੁਰਜੀਤ (ਟੋਰਾਂਟੋ) –92
9. ਇਹ ਤਾਂ ਡਰਾਮਾ ਹੀ ਸੀ — ਹਰਜਿੰਦਰ ਸੂਰੇਵਾਲੀਆ–100
10. ਹਦਬਸਤ ਨੰਬਰ 211 — ਜਗਜੀਤ ਗਿੱਲ–107
11. ਕੰਧ 'ਤੇ ਲੱਗੀ ਬਿੰਦੀ — ਇੰਦਰਜੀਤ ਪਾਲ ਕੌਰ–136
12. ਲਾਲਾ ਸਵੈਟਰ — ਗੁਰਮੇਲ ਬੀਰੋਕੇ–144



## ਕਹਾਣੀ / ਇਕ ਮਜ਼ਦੂਰ ਵਿਕਾਊ ਹੈ / - ਪਿਆਰਾ ਸਿੰਘ ਭੋਗਲ

ਗਿਆਨ ਚੰਦ ਆਪਣੇ ਪੁੱਤਰ ਰਾਮ ਲਾਲ ਨੂੰ ਬੂਹੇ ਤੇ ਖੜ੍ਹਾ ਦੇਖ ਕੇ ਉੱਚੀ ਉੱਚੀ ਕੁਲਾਇਆ,

"ਗਲੀ ਮੁਹੱਲੇ ਵਾਲਿਓ ! ਦੇਖ ਲਓ ਮੇਰਾ ਘਰ ਗੁਆਊ ਪੁੱਤ ਆ ਗਿਆ। ਮੇਰੀ ਜਾਨ ਦਾ ਦੁਸ਼ਮਣ। ਇਹਨੇ ਮੇਰਾ ਲਹੂ ਪੀ ਲਿਆ। ਮੇਰੇ ਸਿਰ ਦਾ ਇਕ ਇਕ ਵਾਲ਼ ਕਰਜ਼ 'ਚ ਦੱਬ ਕੇ ਵਲੈਤਾਂ ਤੋਂ ਮੁੜ ਆਇਆ।"

"ਹਾਏ ਓ ਰੱਬਾ ! ਮੈਂ ਕਿੱਥੇ ਜਾਵਾਂ? ਕਿਹੜੇ ਖੂਹ ਖਾਤੇ 'ਚ ਪਵਾਂ?" ਗਿਆਨ ਚੰਦ ਨੇ ਕਮਲਿਆਂ ਹਾਰ ਆਪਣੇ ਹੀ ਸਿਰ ਦੇ ਵਾਲ਼ ਖੋਹੇ।

"ਲੋਕਾਂ ਦੇ ਪੁੱਤ ਬੁੱਢੇ ਮਾਂ ਪਿਓ ਦਾ ਆਸਰਾ ਬਣਦੇ ਐ। ਇਹ ਜਦੋਂ ਇੱਥੇ ਸੀ, ਇਹਨੇ ਮੇਰਾ ਜੀਅ ਤਾਈ ਰੱਖਿਆ। ਹੁਣ ਕਰਜ਼ਾ ਚੁੱਕ ਕੇ ਪਰਦੇਸ ਗਿਆ, ਤਾਂ ਖੋਟੇ ਸਿੱਕੇ ਵਾਂਗ ਮੁੜ ਆਇਆ।"

ਰਾਮ ਲਾਲ ਬੂਹੇ ਵਿਚ ਮੂੰਹ ਲਮਕਾਈ ਖੜ੍ਹਾ ਸੀ। ਗਿਆਨ ਚੰਦ ਦੇ ਨੇੜੇ ਰਾਮ ਲਾਲ ਦੀ ਮਾਂ ਧੰਤੀ ਹੈਰਾਨ-ਪ੍ਰੇਸ਼ਾਨ ਖੜ੍ਹੀ ਪੁੱਤ ਵੱਲ ਦੇਖ ਰਹੀ ਸੀ। ਪਤੀ ਨੂੰ ਕੁਝ ਕਹਿਣ ਲਈ ਕਈ ਵਾਰ ਮੂੰਹ ਖੋਲ੍ਹਿਆ, ਪਰ ਮੂੰਹ 'ਚੋਂ ਗਲ ਨਹੀਂ ਨਿਕਲੀ। ਦੂਰ ਕੋਠੜੀ ਵਿਚ ਰਾਮ ਲਾਲ ਦੀ ਪਤਨੀ ਰਾਜੋ ਡਰੀ ਡਰੀ ਖੜ੍ਹੀ ਸੀ। ਨੇੜੇ ਹੀ ਉਹਦੀਆਂ ਦੋ ਧੀਆਂ ਗੇਲੋ ਤੇ ਮੇਲੋ ਖੜ੍ਹੀਆਂ ਸਨ। ਕਦੇ ਮਾਂ ਦੇ ਮੂੰਹ ਵੱਲ ਝਾਕਦੀਆਂ, ਕਦੇ ਡਰਨੇ

ਵਾਂਗ ਸਰਦਲ ਉਤੇ ਖੜੇ ਆਪਣੇ ਪਿਓ ਵੱਲ।

"ਚੱਲ ਛੱਡ ਵੀ ਹੁਣ। ਉਹਨੂੰ ਅੰਦਰ ਆਉਣ ਦੇ।" ਧੰਤੀ ਦੇ ਮੂੰਹੋਂ ਮਸੀਂ ਬੋਲ ਨਿਕਲਿਆ।

ਗਿਆਨ ਚੰਦ ਇਕ ਦਮ ਗਰਜਿਆ, "ਕਿਓਂ ਆਉਣ ਦਿਆਂ? ਕਿਹੜੀਆਂ ਕਮਾਈਆਂ ਕਰ ਕੇ ਆਇਆ? ਇਹਨੇ ਮੈਨੂੰ ਸੂਲੀ ਉੱਤੇ ਟੰਗਿਆ ਹੋਇਆ। ਤੂੰ ਕਹਿਨੀ ਐ, ਇਹਨੂੰ ਅੰਦਰ ਆਉਣ ਦਿਆਂ। ਇਹਨੇ ਮੇਰੇ ਨਾਲ ਕਿਹੜੀ ਨੇਕੀ ਕੀਤੀ ਐ? ਕਿੱਥੋਂ ਮੋੜੂੰਗਾ ਤਿੰਨ ਲੱਖ ਰੁਪਿਆ, ਜਿਹੜਾ ਇਹ ਸੱਤ ਦਿਨਾਂ ਵਿਚ ਰੋੜ੍ਹ ਆਇਆ? ਕਿਹੜੇ ਮੂੰਹ ਨਾਲ ਘਰ ਨੂੰ ਤੁਰ ਆਇਆ? ਧੰਤੀਏ! ਆਪਾਂ ਸਾਰਾ ਟੱਬਰ ਰੱਲ ਕੇ ਵੀ ਤਿੰਨ ਲੱਖ ਠੀਕਰੀਆਂ ਨਹੀਂ ਕੱਠੀਆਂ ਕਰ ਸਕਦੇ। ਇਹ ਤੇਰਾ ਚੰਦ ਪੁੱਤ ਤਿੰਨ ਲੱਖ ਰੁਪਈਆ ਸਮੁੰਦਰ 'ਚ ਰੋੜ੍ਹ ਆਇਆ।"

ਰਾਮ ਲਾਲ ਪਿਛਲੇ ਵੀਰਵਾਰ ਇਟਲੀ ਜਾਣ ਲਈ ਹਵਾਈ ਜਹਾਜ਼ 'ਚ ਬੈਠਾ ਸੀ। ਗਿਆਨ ਚੰਦ ਆਪ ਉਹਨੂੰ ਜਹਾਜ਼ੇ ਬੈਠਾਉਣ ਗਿਆ ਸੀ। ਅੱਜ ਵੀ ਵੀਰਵਾਰ ਸੀ। ਇਟਲੀ ਦੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਹਨੂੰ ਦੇਸ਼ ਅੰਦਰ ਨਹੀਂ ਵੜਨ ਦਿੱਤਾ ਸੀ। ਵੀਜ਼ਾ ਜਾਅਲੀ ਸੀ। ਦੋ ਦਿਨ ਜੇਲ੍ਹ ਵਿਚ ਰੱਖਣ ਤੋਂ ਬਾਅਦ ਦਿੱਲੀ ਨੂੰ ਆਉਂਦੇ ਜਹਾਜ਼ ਵਿਚ ਬੈਠਾ ਦਿੱਤਾ ਸੀ।

ਗਿਆਨ ਚੰਦ ਨੂੰ ਉਸੇ ਦਿਨ ਤੋਂ ਚੈਨ ਨਹੀਂ ਸੀ, ਜਦੋਂ ਫੋਨ ਉੱਤੇ ਆਈ ਖ਼ਬਰ ਹੱਟੀ ਵਾਲਾ ਸਰਦਾਰਾ ਗਿਆਨ ਚੰਦ ਨੂੰ ਦਸ ਕੇ ਗਿਆ ਸੀ। ਉਸ ਦਿਨ ਤਾਂ ਉਹ ਸੱਟ ਖਾਧੇ ਕੁੱਤੇ ਵਾਂਗ ਹੱਟੀ ਵਾਲੇ ਦਰਸਾਰੇ ਨੂੰ ਹੀ ਪੈ ਗਿਆ ਸੀ, "ਕੀ ਭੌਂਕਦਾ ਓਏ? ਮੈਂ ਕੱਲ੍ਹ ਆਪ ਤਾਂ ਉਹਨੂੰ ਜਹਾਜੇ ਚੜ੍ਹਾਇਆ। ਹਵਾਈ ਅੱਡੇ ਵਾਲਿਆਂ ਆਪ ਤਾਂ ਉਹਦੇ ਕਾਗਜ਼ ਪੱਤਰ ਦੇਖੇ। ਸਾਮਾਨ ਤੋਲਿਆ। ਅੰਦਰ ਨੂੰ ਤੋਰਿਆ। ਜੇ ਕੋਈ ਵਾਦ ਘਾਟ ਹੁੰਦੀ ਤਾਂ ਦਿੱਲੀ ਵਾਲੇ ਉਹਨੂੰ ਦਿੱਲੀ ਨਾ ਰੋਕਦੇ? ਇਟਲੀ ਵਾਲੇ ਉਹਨੂੰ ਮੁਲਕ 'ਚ ਵੜਨੋਂ ਕਿੱਦਾਂ ਰੋਕ ਸਕਦੇ ਐ?"

ਸਰਦਾਰਾ ਚੁੱਪ ਕੀਤਾ ਆਪਣੀ ਹੱਟੀ ਨੂੰ ਮੁੜ ਗਿਆ ਸੀ। ਗਿਆਨ ਚੰਦ ਆਪਣੀ ਕੋਠੜੀ ਵਿਚ ਕਦੇ ਸੱਜੇ ਨੂੰ ਗੇੜਾ ਕੱਢਦਾ, ਕਦੇ ਖੱਬੇ ਨੂੰ। ਰਾਮ ਲਾਲ ਨੇ ਦਿੱਲੀ ਵਾਪਸ ਮੁੜ ਕੇ ਵੀ ਘਰ ਫੋਨ ਕੀਤਾ ਸੀ।

ਗਿਆਨ ਚੰਦ ਨੇ ਆਪਣੀ ਸੱਠ ਸਾਲ ਦੀ ਉਮਰ ਤੰਗੀਆਂ ਤੁਰਸ਼ੀਆਂ ਵਿਚ ਹੀ ਗੁਜ਼ਾਰੀ ਸੀ। ਪਰ ਰਾਮ ਲਾਲ ਦੀ ਵਾਪਸੀ ਨੇ ਜਿਹੜੀ ਸੱਟ ਮਾਰੀ ਸੀ, ਇਹ ਜ਼ਿੰਦਗੀ ਦਾ ਸਭ ਤੋਂ ਵੱਡਾ ਸਦਮਾ ਸੀ। ਫਿਕਰਾਂ ਤੇ ਗ਼ਮਾਂ ਦਾ ਪਹਾੜ ਉਸ 'ਤੇ ਡਿੱਗਿਆ ਸੀ। ਉਹ ਪੁੱਤ ਦੇ ਦਿੱਲੀ ਤੋਂ ਵਾਪਸ ਆਉਣ ਤੋਂ ਪਹਿਲਾਂ ਵੀ ਬੈਠਾ ਬੈਠਾ ਭੜਕ ਪੈਂਦਾ। ਕਦੇ ਧੰਤੀ ਉੱਤੇ ਗੁੱਸਾ ਕੱਢਦਾ। ਕਦੇ ਟੱਬਰ ਦੇ ਹੋਰ ਜੀਆਂ ਉੱਤੇ।

ਅੱਜ ਠਾਕਰ ਦਾਸ ਆਇਆ, ਤਾਂ ਰਾਮ ਲਾਲ ਨੂੰ ਬੂਹਾ ਟੱਪਣਾ ਮਿਲਿਆ।

ਮਾਂ ਨੇ ਪੁੱਤ ਨੂੰ ਪਾਣੀ ਦਾ ਗਲਾਸ ਪਿਲਾਇਆ, ਰਾਜੋ ਚਾਹ ਦਾ ਗਲਾਸ ਲੈ ਆਈ। ਦੋਵੇਂ ਧੀਆਂ ਗੇਲੋ ਤੇ ਮੇਲੋ ਝਿਜਕਦੀਆਂ ਝਿਜਕਦੀਆਂ ਪਿਓ ਦੇ ਪਾਸ ਆ ਖੜੀਆਂ।

"ਇਹਦੇ ਉੱਤੇ ਗੁੱਸਾ ਕੱਢੀ ਜਾਣ ਦਾ ਕੀ ਫਾਇਦਾ? ਓਸ ਮਾਂ ਦੇ ਯਾਰ ਮਹਿੰਗਾ ਰਾਮ ਨੂੰ ਫੜੋ, ਜਿਹੜਾ ਤਿੰਨ ਲੱਖ ਰੁਪਈਆ ਲੈ ਕੇ ਡਕਾਰ ਗਿਆ।" ਠਾਕਰ ਦਾਸ ਗਿਆਨ ਚੰਦ ਨੂੰ ਬੋਲਿਆ।

"ਕਿੱਥੋਂ ਫੜਾਂ ਠਾਕਰਾ? ਉਹ ਕੁੱਤੇ ਦਾ ਪੁੱਤ ਲੱਭੇ ਤਾਂ ਫੜਾਂ। ਜਾ ਆਇਆਂ, ਓਸ ਆਪਣੀ ਨਿੱਕੀ ਦੇ ਖ਼ਸਮ ਦੇ ਘਰ ਵੀ। ਜਿੰਦਾ ਲੱਗਾ ਹੋਇਆ ਘਰ ਨੂੰ। ਪਤਾ ਨਹੀਂ, ਕਿੱਥੇ ਉੱਜੜ ਗਿਆ ਸਾਰਾ ਚੌਣਾ? ਹੋਰ ਵੀ ਲੱਭਦੇ ਫਿਰਦੇ ਐ ਉਸ ਠੱਗ ਨੂੰ। ਸੁਣਿਐ, ਓਸ ਨੇ ਪੰਜ ਬੰਦਿਆਂ ਤੋਂ ਰਕਮਾਂ ਫੜੀਆਂ ਸੀ?"

"ਕਿੱਥੇ ਜਾਊਗਾ ਲੋਕਾਂ ਦੇ ਪੈਸੇ ਮਾਰ ਕੇ? ਚੱਲਾਂਗੇ ਆਪਾਂ। ਫਿੱਟ-ਲਾਅਨਤ ਪਾਵਾਂਗੇ। ਬੜੀਆਂ ਫੜਾਂ ਮਾਰਦਾ ਸੀ। ਖੱਤਰੀ ਅਰੋੜੇ ਤੇ ਜੱਟ ਦਲਾਲਾਂ ਦੇ ਜ਼ਾਲ 'ਚ ਨਾ ਫਸੋ। ਮੈਂ ਤੁਹਾਡੀ ਆਪਣੀ ਬਰਾਦਰੀ 'ਚੋਂ ਆਂ। ਉਹ ਪੰਜ ਤੋਂ ਸੱਤ ਲੱਖ ਮੰਗਦੇ ਐ ਬੰਦਾ ਭੇਜਣ ਦਾ। ਮੈਂ ਤਿੰਨ ਤਿੰਨ ਲੱਖ 'ਚ ਬੰਦਾ ਭੇਜੂੰਗਾਂ। ਮੇਰੇ ਤੇ ਯਕੀਨ ਕਰੋ। ਮੈਂ ਤੁਹਾਡਾ ਆਪਣਾ ਆਦਮੀ ਐ। ਮੈਂ ਆਪਣੇ ਬੰਦੇ ਜ਼ਰੂਰ ਪਾਰ ਲਾਊਂਗਾ।" ਠਾਕਰ ਦਾਸ ਨੇ



ਗਿਆਨ ਚੰਦ ਨੂੰ ਤਸੱਲੀ ਦੇਣ ਦੀ ਕੋਸ਼ਿਸ਼ ਕੀਤੀ।

ਗਿਆਨ ਚੰਦ ਇਕ ਵਾਰ ਉਹਦੇ ਘਰ ਤੋਂ ਦਫ਼ਤਰ ਆਦਮਪੁਰ ਜਾ ਆਇਆ ਸੀ। ਹੁਣ ਉਹ ਠਾਕਰ ਦਾਸ ਨੂੰ ਨਾਲ ਲੈ ਕੇ ਇਕ ਵਾਰ ਫੇਰ ਗਿਆ। ਪਰ ਮਹਿੰਗਾ ਰਾਮ ਨਹੀਂ ਮਿਲਿਆ।

"ਉਹ ਪੰਦਰਾਂ ਲੱਖ ਰੁਪਿਆ ਇਕੱਠਾ ਕਰਕੇ ਆਪ ਕੈਨੇਡਾ ਜਾ ਵੜਿਆ ਹੈ, "ਇੰਡੋ ਕੈਨੇਡੀਅਨ ਟਰੈਵਲ ਏਜੰਸੀ ਦੇ ਮਾਲਕ ਸਾਧੂ ਸਿੰਘ ਨੇ ਠਾਕਰ ਦਾਸ ਨੂੰ ਦੱਸਿਆ, "ਹੁਣ ਉਹਨੇ ਨਹੀਂ ਤੁਹਾਨੂੰ ਮਿਲਣਾ।" ਠਾਕਰ ਦਾਸ ਦਾ ਆਪਣਾ ਪੁੱਤਰ ਸਾਧੂ ਸਿੰਘ ਰਾਹੀਂ ਹੀ ਕੈਨੇਡਾ ਗਿਆ ਸੀ। ਉਥੋਂ ਉਹ ਘਰ ਵਾਹਵਾ ਚੰਗੇ ਪੈਸੇ ਭੇਜ ਰਿਹਾ ਸੀ। ਠਾਕਰ ਦਾਸ ਗਿਆਨ ਚੰਦ ਦੇ ਚਾਚੇ ਤਾਇਓਂ ਭਰਾ ਸੀ। ਪਹਿਲਾਂ ਉਹ ਵੀ ਜੱਟਾਂ ਦੀਆਂ ਬੁਤੀਆਂ ਕਰਦਾ ਰਿਹਾ। ਉਹਦਾ ਪੁੱਤ, ਗਿਆਨ ਚੰਦ ਦੇ ਲਫਜ਼ਾਂ ਵਿਚ, ਫਿਟਣੀਆਂ ਦਾ ਫੇਟ ਸੀ। ਆਸਮਾਨ 'ਚ ਗਲੀਆਂ ਕਰਦਾ ਸੀ। ਪੈਸੇ ਫੜ ਫੜਾ ਕੇ ਠਾਕਰ ਦਾਸ ਨੇ ਉਹਨੂੰ ਸਾਧੂ ਸਿੰਘ ਟਰੈਵਲ ਏਜੰਟ ਰਾਹੀਂ ਕੈਨੇਡਾ ਘੱਲਿਆ। ਹੁਣ ਠਾਕਰ ਦਾਸ ਬਰਾਦਰੀ ਵਿਚ ਬੈਠ ਕੇ ਕਹਿੰਦਾ, ਸਾਡਾ ਪੁੱਤਰ ਬੜਾ ਸਲੱਗ ਹੈ। ਸਭ ਧੋਣੇ ਧੋ ਦਿੱਤੇ। ਠਾਕਰ ਦਾਸ ਦੇ ਮੁੰਡੇ ਦੀ ਰੀਸ ਵਿਚ ਰਾਮ ਲਾਲ ਵੀ ਕਹਿਣ ਲੱਗ ਪਿਆ, 'ਮੈਂ ਵੀ ਕੈਨੇਡਾ ਜਾਣੈ।' ਪਰ ਗਿਆਨ ਚੰਦ ਇਕ ਨਾ ਸੁਣਦਾ।

"ਉਥੇ ਰੁਪਈਏ ਦਰੱਖਤਾਂ ਨੂੰ ਨਹੀਂ ਲੱਗੇ ਹੋਏ। ਜਾਨ ਤੋੜ ਕੇ ਖੇਤਾਂ 'ਚ ਬੇਰੀਆਂ ਤੋੜਨੀਆਂ ਪੈਂਦੀਆਂ। ਬਰਫਾਂ 'ਚ ਬਾਹਰ ਪੈਲੀਆਂ 'ਚ ਕੰਮ ਕਰਨ ਪੈਂਦੈ। ਇਥੋਂ ਦੇ ਖੱਬੀ ਖਾਨ ਸਰਦਾਰ ਗੋਰਿਆਂ ਦੇ ਤਲੇ ਚਟਦੇ ਐ। ਮੈਨੂੰ ਲੰਬੜਾਂ ਦੇ ਬਖ਼ਸ਼ੀਸ਼ ਨੇ ਆਪਣੇ ਹੱਥਾਂ ਦੇ ਰੱਟਣ ਦਿਖਾਏ ਸੀ, ਜਿਹੜੇ ਸਾਅ ਮਿੱਲ 'ਚ ਭਾਰੇ ਸ਼ਤੀਰ ਚੁੱਕਦਿਆਂ ਪੈ ਗਏ ਸੀ। ਕਹਿੰਦਾ ਸੀ, ਉੱਥੇ ਜਾ ਕੇ ਮੈਂ ਪਛਤਾਉਂਦਾ ਸੀ, ਏਨੀ ਜਾਨ ਮਾਰੀ ਕਰਨੀ ਸੀ, ਤਾਂ ਦੇਸ ਵਿਚ ਹੀ ਕਰ ਲੈਂਦੇ। ਏਥੇ ਵਰਗੀ ਰੀਸ ਨਹੀਂ।"

ਪਰ ਜਦੋਂ ਮਹਿੰਗਾ ਰਾਮ ਨੇ ਰਾਮ ਲਾਲ ਨੂੰ ਸ਼ਿਸਕਾਰਿਆ, ਤਾਂ ਰਾਮ ਲਾਲ ਇਕ ਵਾਰ ਫੇਰ ਖਹਿੜੇ ਪੈ ਗਿਆ। ਹੁਣ ਗਿਆ ਚੰਦ ਨੂੰ ਉਮੀਦ ਵੀ ਸੀ, ਭੈਣ ਜੀਤੋ ਦੇ ਸਹੁਰੇ ਦਸੌਂਧਾ ਸਿੰਘ ਪਾਸੋਂ ਉਧਾਰ ਪੈਸੇ ਮਿਲ ਸਕਦੇ ਹਨ। ਹੁਣ ਉਸ ਦੀ ਦਲੀਲ ਸੀ, ਸਾਰੀ ਦੁਨੀਆ ਬਾਹਰ ਤੁਰੀ ਜਾਂਦੀ ਹੈ। ਜੇ ਮੇਰਾ ਇਕ ਮੁੰਡਾ ਵੀ ਚਲਾ ਜਾਏ, ਤਾਂ ਕੀ ਹਰਜ ਹੈ? ਅਸੀਂ ਵੀ ਢੋਲੇ ਦੀਆਂ ਗਾ ਕੇ ਦੇਖੀਏ।

ਪਰ ਬਾਜ਼ੀ ਪੁੱਠੀ ਪੈ ਗਈ ਸੀ।

ਰਾਮ ਲਾਲ ਧੋਖੇਬਾਜ ਏਜੰਟਾਂ ਤੋਂ ਠਗਿਆ ਜਾਂਦਾ ਹੈ। ਗਰੀਬ ਹੋਰ ਕੰਗਾਲ ਹੋ ਜਾਂਦਾ ਹੈ ਤੇ ਅੰਤ ਮਜਦੂਰੀ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਰਹਿੰਦਾ। ਰਾਮ ਲਾਲ ਦੇ ਪੁਰਖੇ ਖੇਤਾਂ 'ਚ ਕਾਮੇ ਰਹੇ ਸਨ। ਰਾਮ ਲਾਲ ਨੂੰ ਵਾਪਸ ਆਇਆ ਸੁਣ ਕੇ ਦਸੌਂਧਾ ਸਿੰਘ ਭੱਜਾ ਭੱਜਾ ਆਇਆ ਤੇ ਗਿਆਨ ਚੰਦ ਨੂੰ ਮਿਲਿਆ। ਉਹਨੂੰ ਆਇਆ ਦੇਖ ਕੇ ਗਿਆਨ ਚੰਦ ਇਕ ਵਾਰ ਫੇਰ ਕਲਪਿਆ। ਰਾਮ ਲਾਲ ਨੂੰ ਵੀ ਗਾਲ੍ਹਾਂ ਕੱਢੀਆਂ, ਦਲਾਲ ਮਹਿੰਗਾ ਰਾਮ ਨੂੰ ਵੀ।

ਧੰਤੀ ਦਸੌਂਧਾ ਸਿੰਘ ਲਈ ਪਾਣੀ ਦਾ ਗਲਾਸ ਤੇ ਚਾਹ ਦੀ ਪਿਆਲੀ ਰੱਖ ਗਈ। ਦਸੌਂਧਾ ਨੇ ਪਾਣੀ ਪੀਤਾ ਤੇ ਚਾਹ ਚੁਸਕਣ ਲੱਗਾ।

"ਦਸੌਂਧਾ ਸਿੰਘ ਜੀ! ਤੁਹਾਨੂੰ ਆਪਣੀ ਰਕਮ ਦਾ ਫ਼ਿਕਰ ਐ। ਮੈਨੂੰ ਤੁਹਾਡੀ ਰਕਮ ਤੇ ਆਪਣੀ ਇਜ਼ਤ ਦੋਨਾਂ ਦਾ ਫ਼ਿਕਰ ਐ। ਅਸਲ 'ਚ ਮੈਂ ਤਾਂ ਏਨੇ ਭਾਰ ਥੱਲੇ ਦੱਬ ਗਿਆਂ, ਪਤਾ ਨਹੀਂ ਲੱਗਦਾ, ਕਿੱਦਾਂ ਨਿਕਲੂੰ? ਪਰ ਖਾਤਰ ਜਮ੍ਹਾਂ ਰੱਖੋ। ਤੁਹਾਡਾ ਦੇਣਦਾਰ ਆਂ। ਤੁਹਾਨੂੰ ਪਤਾ ਐ, ਭਾਈਏ ਦੀ ਕੁਵੇਲੇ ਮੌਤ ਨਾਲ ਕਬੀਲਦਾਰੀ ਸਾਰੀ ਮੇਰੇ ਸਿਰ 'ਤੇ ਪੈ ਗਈ ਸੀ। ਮੈਂ ਸੀ ਨਹੀਂ ਕੀਤੀ । ਤੁਸੀਂ ਤਾਂ ਹੁਣ ਵੱਡੀ ਮਾਲਦਾਰ ਸਾਮੀ ਓ। ਮੇਰਾ ਹਾਲ ਤੁਹਾਨੂੰ ਪਤਾ ਈ ਐ। ਪਰ ਤੁਸੀਂ ਇਹ ਜਾਣਦੇ ਓ, ਮੈਂ ਸਾਰੀ ਉਮਰ ਪੰਜਾਲੀ 'ਚੋਂ ਸਿਰ ਬਾਹਰ ਨਹੀਂ ਕੱਢਿਆ। ਕੰਨ੍ਹਾ ਨਹੀਂ ਮੰਨਿਆ। ਹੁਣ ਵੀ ਸਾਰਾ ਭਾਰ ਚੁੱਕਾਂਗਾ।"

ਦਸੌਂਧਾ ਸਿੰਘ ਨੂੰ ਗਿਆਨ ਚੰਦ ਦੀ ਰਾਮ ਕਹਾਣੀ ਚੰਗੀ ਨਹੀਂ ਲਗਦੀ। ਪਰ ਗਿਆਨ ਚੰਦ ਬੋਲਣਾ

ਜਾਰੀ ਰੱਖਦਾ ਹੈ।"ਮੈਂ ਤੁਹਾਡੀ ਪਾਈ ਪਾਈ ਮੋੜੂੰਗਾ।ਏਸ ਬੇਸ਼ਰਮ ਰਾਮ ਲਾਲ ਨੂੰ ਵੀ ਕਹੂੰਗਾ, ਜਾਨ ਤੋੜ ਕੇ ਕੰਮ ਕਰੇ।ਦੂਜੇ ਛੋਟੇ ਨੂੰ ਵੀ ਖਿੱਚੂੰਗਾ।ਮੇਰੀ ਬੁੱਢੇ ਵਾਰੇ ਦੀ ਇੱਜ਼ਤ ਦਾ ਸਵਾਲ ਐ।ਅਸੀਂ ਤੁਹਾਡਾ ਪੈਸਾ ਜ਼ਰੂਰ ਮੋੜਾਂਗੇ।ਪਰ ਤੁਸੀਂ ਵੀ ਦੰਦਾਂ ਹੇਠ ਜੀਭ ਦੇਣੀ।"

ਦਸੌਂਧਾ ਸਿੰਘ ਮੁੜ ਗਿਆ।

ਰਾਮ ਲਾਲ ਅਗਲੀ ਸਵੇਰ ਪਹਿਲਾਂ ਵਾਂਗ ਹੀ ਸ਼ਹਿਰ ਜਾਣ ਲਈ ਉੱਠਿਆ, ਰਾਜੋ ਨੇ ਉਹਨੂੰ ਰੋਟੀ ਪਕਾ ਦਿੱਤੀ ਤੇ ਆਚਾਰ ਦੀ ਫਾੜੀ ਨਾਲ ਪੋਣੇ ਵਿਚ ਬੰਨ੍ਹ ਦਿੱਤੀ।ਉਹ ਚਾਹੁੰਦਾ ਸੀ, ਸਭ ਤੋਂ ਪਹਿਲਾ ਮਾਲਕ ਉਸਨੂੰ ਹੀ ਦਿਹਾੜੀ ਲਈ ਲੈ ਕੇ ਜਾਵੇ।ਜਾਂਦਿਆਂ ਕੰਮ ਵੀ ਮਿਲ ਗਿਆ।ਮਕਾਨ ਦੀ ਤੀਜੀ ਮੰਜ਼ਿਲ ਉੱਤੇ ਮੁਰੰਮਤ ਦਾ ਕੰਮ ਸੀ।ਸਾਰਾ ਦਿਨ ਇੱਟਾਂ, ਰੇਤ ਤੇ ਸੀਮਿੰਟ ਸਿਰ ਤੇ ਰੱਖ ਕੇ ਦੋ ਪਉੜੀਆਂ ਚੜ੍ਹਨੀਆਂ ਪੈਂਦੀਆਂ ਸੀ।ਇਟਲੀ ਜਾਣ ਦੀ ਤਿਆਰੀ ਵਿਚ ਮਹੀਨੇ ਤੋਂ ਇਹ ਕੰਮ ਛੱਡਿਆ ਹੋਇਆ ਸੀ।ਅੱਜ ਲੱਤਾਂ ਵਿਚ ਖੱਲ੍ਹੀਆਂ ਪੈ ਗਈਆਂ।ਹੱਥ ਛਿੱਲੇ ਗਏ।ਪਰ ਕੰਮ ਕਰੀ ਗਿਆ।ਸ਼ਾਮ ਨੂੰ ਤਿੰਨ ਸੌ ਰੁਪਏ ਮਜ਼ਦੂਰੀ ਦੇ ਮਿਲ ਗਏ।ਕੱਲ੍ਹ ਨੂੰ ਵੀ ਇਹੋ ਕੰਮ ਕਰਨਾ ਸੀ।ਕੰਮ ਨਾ ਮੁੱਕਿਆ, ਤਾਂ ਸ਼ਾਇਦ ਪਰਸੋਂ ਦੀ ਦਿਹਾੜੀ ਵੀ ਇੱਥੇ ਲੱਗ ਜਾਏ।ਘਰ ਨੂੰ ਜਾਂਦਿਆਂ ਤਸੱਲੀ ਸੀ, ਪਰ ਨਾਲ ਨਾਲ ਸੋਚਦਾ ਸੀ, ਇੰਨੇ ਪੈਸਿਆਂ ਨਾਲ ਕੀ ਬਣੇਗਾ?

ਤਿੰਨ ਦਿਹਾੜੀਆਂ ਇਸ ਮਕਾਨ ਤੇ ਲਾ ਕੇ ਉਹ ਇਕ ਵਾਰ ਫੇਰ ਆਪਣੇ ਅੱਡੇ ਉੱਤੇ ਜਾ ਖੜਾ ਹੋਇਆ।ਅੱਜ ਕਈ ਮਾਲਕ ਮਿਸਤਰੀ ਮਜ਼ਦੂਰ ਲੱਭਣ ਆਏ।ਕਿਉਂਕਿ ਬੰਦੇ ਹਮੇਸ਼ਾ ਹੀ ਵੱਧ ਖੜ੍ਹੇ ਹੁੰਦੇ, ਲਿਜਾਣ ਵਾਲੇ ਘੱਟ, ਇਕ ਕਰਕੇ ਕਈ ਹੋਰ ਲੋਕ ਚਲੇ ਗਏ, ਰਾਮ ਲਾਲ ਦਾ ਗੁਣਾ ਨਾ ਪਿਆ।ਖੜੇ ਬੰਦਿਆਂ ਵਿਚ ਬਹੁਤੇ ਮਿਸਤਰੀ ਤੇ ਮਜ਼ਦੂਰ ਦੂਜੇ ਸੂਬਿਆਂ ਵਿਚੋਂ ਹੁੰਦੇ, ਇਸ ਕਰਕੇ ਪਹਿਲਾਂ ਰਾਮ ਲਾਲ ਕਹਿੰਦਾ ਹੁੰਦਾ ਸੀ, ਇਹ ਸਾਲੇ ਭਈਏ ਸਾਡਾ ਕੰਮ ਕਾਰ ਖੋਹੀ ਜਾਂਦੇ ਐ।ਪਰ ਹੁਣ ਇਹ ਗੱਲ ਨਹੀਂ ਕਹਿੰਦਾ ਸੀ।ਉਹਨੂੰ ਪਤਾ ਲੱਗ ਗਿਆ ਸੀ, ਇਸ ਮਜ਼ਦੂਰ ਮੰਡੀ ਵਿਚ ਆਪਣਾ ਪਰਾਇਆ ਕੋਈ ਨਹੀਂ।ਹਰ ਕਿਸੇ ਨੂੰ ਸਿਰਫ਼ ਆਪਣੀ ਫ਼ਿਕਰ ਰਹਿੰਦੀ ਹੈ।ਇੱਥੇ ਤਾਂ ਭਰਾ ਭਰਾ ਦੀ ਪ੍ਰਵਾਹ ਨਹੀਂ ਕਰਦਾ।ਉਸ ਨੇ ਆਪ ਦੇਖਿਆ, ਇਕ ਭਈਆ ਭਰਾ ਸਕੇ ਭਰਾ ਨੂੰ ਪਿੱਛੇ ਛੱਡ ਕੇ ਆਪ ਮਾਲਕ ਨਾਲ ਤੁਰ ਗਿਆ ਸੀ।

ਦੁਪਹਿਰ ਤੱਕ, ਕੰਮ ਦੀ ਉਡੀਕ ਕਰਕੇ ਤੇ ਘਰੋਂ ਲਿਆਂਦੀ ਰੋਟੀ ਖਾ ਕੇ, ਉਹ ਘਰ ਨੂੰ ਤੁਰਿਆ।ਪਰ ਫੇਰ ਰੁਕ ਗਿਆ।

ਜੇ ਭਾਈਏ ਨੇ ਸਵੱਖਤੇ ਆਇਆ ਦੇਖ ਲਿਆ ਤਾਂ ਉਹਨੇ ਗਰਜਣਾ ਐ,

"ਅੱਜ ਦਿਹਾੜੀ ਨਹੀਂ ਲਾਈ?"

ਅਗਲੇ ਦਿਨ ਫੇਰ ਖਾਲੀ ਮੁੜਨਾ ਪਿਆ।

ਇਟਲੀ ਜਾਣ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਏਸ ਤਰ੍ਹਾਂ ਕਈ ਵਾਰ ਖਾਲੀ ਮੁੜਨਾ ਪੈਂਦਾ ਸੀ ਤਾਂ ਵੀ ਮਹੀਨੇ ਵਿਚ ਏਨੀਆਂ ਕੁ ਦਿਹਾੜੀਆਂ ਲੱਗ ਜਾਂਦੀਆਂ ਸਨ, ਜਿਸ ਨਾਲ ਪਰਿਵਾਰ ਦੀ ਆਈ ਚਲਾਈ ਹੁੰਦੀ ਰਹਿੰਦੀ।ਉਦੋਂ ਤਾਂ ਜੇ ਦਸ ਵੀਹ ਦਿਹਾੜੀਆਂ ਲਗਾਤਾਰ ਲੱਗ ਜਾਂਦੀਆਂ ਤਾਂ ਉਹ ਸ਼ਹਿਰ ਜਾਣੋਂ ਕਈ ਕਈ ਦਿਨ ਆਪ ਹੀ ਘੁਸਾਈ ਮਾਰ ਜਾਂਦਾ ਸੀ।ਸਹੁਰੀਂ ਜਾਂ ਨਾਨਕੀਂ ਵਿਆਹ ਢੰਗ ਤੇ ਗਿਆ ਉਹ ਪਰਿਵਾਰ ਸਮੇਤ ਵਾਧੂ ਦੇ ਦਿਨ ਅੰਗੀਂ ਸਾਕੀਂ ਰੁਕਿਆ ਰਹਿੰਦਾ।ਉਦੋਂ ਤਾਂ ਗਿਆਨ ਚੰਦ ਤੇ ਧੰਤੀ ਵੀ ਵਿਆਹ ਵਾਲੇ ਘਰੋਂ ਛੇਤੀ ਮੁੜਨ ਲਈ ਕਾਹਲੇ ਨਾ ਪੈਂਦੇ।

ਪਰ ਹੁਣ ਰਾਮ ਲਾਲ ਇਉਂ ਕਰਨਾ ਸੋਚ ਨਹੀਂ ਸਕਦਾ ਸੀ।

"ਬਗਾਨੇ ਪੁੱਤਾਂ ਨੇ ਆਪਣੇ ਦੇਸ ਦੇ ਬੂਹਿਉਂ ਮੈਨੂੰ ਮੋੜ ਕੇ ਸਾਡੇ ਸਾਰੇ ਟੱਬਰ ਦੇ ਵਲ ਵਿੰਗ ਕਢ ਦਿੱਤੇ ਐ।" ਰਾਮ ਲਾਲ ਨੇ ਫਿੱਕਾ ਫਿੱਕਾ ਮੁਸਕਰਾਉਂਦਿਆਂ ਆਪਣੇ ਆਪ ਨੂੰ ਕਿਹਾ।

ਚੰਗੇ ਭਾਗਾਂ ਨੂੰ ਅਗਲੇ ਦਿਨ ਇਕ ਠੇਕੇਦਾਰ ਨੇ ਉਸ ਨੂੰ ਆਪਣੀ ਲੇਬਰ ਨਾਲ ਮਿਲਾ ਲਿਆ।ਗਲ



ਇੱਦਾਂ ਹੋਈ ਕਿ ਠੇਕੇਦਾਰ ਮਹਿੰਦਰ ਸਿੰਘ ਨੇ ਇਕ ਕੋਠੀ ਦੀ ਉਸਾਰੀ ਦਾ ਠੇਕਾ ਲਿਆ ਸੀ।ਕੋਠੀ ਦਾ ਮਾਲਕ ਆਪਣੇ ਦਫ਼ਤਰ ਤੋਂ ਤਿੰਨ ਮਹੀਨੇ ਦੀ ਛੁੱਟੀ ਲੈ ਕੇ ਆਇਆ ਸੀ।ਤਿੰਨ ਦਿਨ ਕੰਮ ਦੀ ਢਿੱਲੀ ਚਾਲ ਦੇਖ ਕੇ ਮਾਲਕ ਠੇਕੇਦਾਰ ਮਹਿੰਦਰ ਸਿੰਘ ਨੂੰ ਨਾਰਾਜ਼ ਹੋਇਆ, ਤੇਰੇ ਪਾਸ ਲੇਬਰ ਥੋੜੀ ਐ।ਮੇਰੀ ਛੁੱਟੀ ਮੁੱਕ ਜਾਣੀ ਹੈ।ਤੇਰਾ ਕੰਮ ਨਹੀਂ ਨਿੱਬੜਨਾ।ਅੱਜ ਠੇਕੇਦਾਰ ਮਾਲਕ ਨੂੰ ਨਾਲ ਲੈ ਕੇ ਲੇਬਰ ਚੌਂਕ ਪਹੁੰਚਿਆ। ਇਕ ਮਿਸਤਰੀ ਤੇ ਦੋ ਮਜ਼ਦੂਰ ਹੋਰ ਲਏ।ਰਾਮ ਲਾਲ ਨੂੰ ਪਿੱਛੇ ਪਿੱਛੇ ਆਉਂਦਾ ਦੇਖ ਕੇ ਮਾਲਕ ਨੇ ਉਸ ਨੂੰ ਵੀ ਨਾਲ ਤੋਰ ਲਿਆ।

ਰਾਮ ਲਾਲ ਨੇ ਅੱਜ ਅੱਗੇ ਨਾਲੋਂ ਵੀ ਵੱਧ ਜਾਨ ਤੋੜ ਕੇ ਕੰਮ ਕੀਤਾ।

ਉਹਨੂੰ ਚੰਗਾ ਕਰਿੰਦਾ ਸਮਝ ਕੇ ਠੇਕੇਦਾਰ ਨੇ ਉਹਨੂੰ ਆਪਣੇ ਨਾਲ ਜੋੜੀ ਰੱਖਿਆ।ਮਾਲਕ ਤਾਂ ਤਿੰਨ ਮਹੀਨੇ ਦੀ ਛੁੱਟੀ ਖਤਮ ਕਰਕੇ ਆਪਣੀ ਨੌਕਰੀ ਉੱਤੇ ਵਾਪਸ ਮੁੜ ਗਿਆ।ਪਰ ਕੋਠੀ ਦੀ ਉਸਾਰੀ ਜਾਰੀ ਰਹੀ।

ਕੰਮ ਹਰ ਰੋਜ਼ ਨਹੀਂ ਹੁੰਦਾ ਸੀ।ਜੇ ਹੁੰਦਾ ਵੀ ਸੀ, ਤਾਂ ਸਾਰੇ ਬੰਦਿਆਂ ਦੀ ਲੋੜ ਹਰ ਰੋਜ਼ ਨਹੀਂ ਪੈਂਦੀ ਸੀ। ਇਸ ਤਰ੍ਹਾਂ ਦਿਹਾੜੀਆਂ ਟੁੱਟਦੀਆਂ ਸਨ। ਤਾਂ ਵੀ, ਰਾਮ ਲਾਲ ਨੇ ਆਪਣੀ ਟੱਬਰੀ ਦਾ ਖਰਚ ਤੋਰ ਕੇ ਗਿਆਨ ਚੰਦ ਨੂੰ ਤੀਹ ਹਜ਼ਾਰ ਫੜਾਏ ਸਨ।ਦੁਨੀ ਚੰਦ ਨੇ ਵੀ ਹਿੱਸਾ ਪਾਇਆ ਸੀ।ਗਿਆਨ ਚੰਦ ਆਪ ਤਾਂ ਕਿਰਸ ਕਰ ਹੀ ਰਿਹਾ ਸੀ।ਤਾਂ ਵੀ ਇਕ ਸਾਲ ਵਿਚ ਦਸੌਂਧਾ ਸਿੰਘ ਦੇ ਸੱਤਰ ਹਜ਼ਾਰ ਰੁਪਏ ਹੀ ਮੁੜੇ ਸਨ।

ਗਿਆਨ ਚੰਦ ਦੇ ਪਿਓ ਦਾਦਾ ਪਿੰਡ ਵਿਚ ਵਰਿਆਮੇ ਕਿਆਂ ਦੇ ਕੰਮੀ ਰਹੇ।ਫ਼ਸਲ ਬੀਜਦੇ ਵਢਦੇ। ਦਾਦਾ ਮੁਲਖਾ ਸਹੁੰ ਮੰਗੂ ਰਾਮ ਦੀ ਆਦਿ ਧਰਮ ਤਹਿਰੀਕ ਤੋਂ ਪ੍ਰਭਾਵਿਤ ਹੋਇਆ ਸੀ।ਅਨਪੜ੍ਹ ਸੀ, ਪਰ ਗਲਪਕਾਰ ਸੀ।ਮੰਗੂ ਰਾਮ ਕਹਿੰਦਾ ਸੀ, ਜਦੋਂ ਤੱਕ ਤੁਸੀਂ ਜੱਟਾਂ ਦੀਆਂ ਬੁੱਤੀਆਂ ਕਰਦੇ ਰਹੋਂਗੇ, ਤੁਹਾਡੀ ਗਤੀ ਨਹੀਂ ਹੋਣੀ।ਕੋਈ ਕਿੱਤਾ ਸਿੱਖੋ।ਹੋਰ ਨਹੀਂ, ਤਾਂ ਜੁੱਤੀ ਸੀਣੀ ਸਿੱਖੋ।ਮੁਲਖਾ ਸਹੁੰ ਦੇ ਪੁੱਤ ਹਰਦਿੱਤ ਨੇ ਧੌੜੀ ਦੀ ਜੁੱਤੀ ਸੀਣੀ ਸਿੱਖੀ।ਪਰ ਮੁਸ਼ਕਲ ਇਹ ਸੀ, ਜੁੱਤੀਆਂ ਸੀਂ ਕੇ ਵੀ ਜੱਟਾਂ ਦਾ ਗੁਲੰਮ ਪੁਣਾ ਕਰਨਾ ਪੈਂਦਾ।ਜੱਟ ਆਪਣੇ ਕੰਮੀਂ ਟੱਬਰ ਤੋਂ ਜੁੱਤੀ ਸੇਪ ਵਿਚ ਹਾਸਲ ਹੋਣ ਦੀ ਉਮੀਦ ਕਰਦੇ ਸਨ।ਵੱਧ ਤੋਂ ਵੱਧ ਜੁੱਤੀ ਦੇ ਸੇਰ 'ਚ ਸੇਰ ਦਾਣੇ ਵਾਧੂ ਪਾ ਦਿੰਦੇ। ਪਿੰਡ ਦੀਆਂ ਦੂਜੀਆਂ ਜਾਤੀਆਂ ਵੀ ਜੁੱਤੀਆਂ ਮੰਗਦੀਆਂ।ਉਹ ਵੀ ਜੱਟਾਂ ਦੇ ਸੇਪੀ ਹੀ ਹੁੰਦੀਆਂ ਸਨ।ਸੇਪ 'ਚ ਕਮਾਈ ਦਾਣਿਆਂ ਵਿਚੋਂ ਜੁੱਤੀਆਂ ਦੇ ਜੋੜੇ ਬਦਲੇ ਦੋ ਤਿੰਨ ਬੁੱਕਾਂ ਦਾਣੇ ਅਗਲੇ ਦੀ ਝੋਲੀ ਪਾ ਦਿੰਦੇ।ਨਕਦ-ਪੈਸਿਆਂ ਦਾ ਤਰਸੇਵਾਂ ਬਣਿਆ ਰਹਿੰਦਾ।ਹਰਦਿੱਤ ਨੇ ਆਪਣੇ ਪੁੱਤ ਗਿਆਨ ਚੰਦ ਨੂੰ ਪ੍ਰੇਰਿਆ, ਤੂੰ ਗੁਰਗਾਬੀ ਸੀਣੀ ਸਿੱਖ।ਜਦੋਂ ਹਾੜੀ ਸੌਣੀ ਕੰਮ ਵਿੱਚ ਵਿਹਲ ਹੁੰਦੀ, ਉਹ ਗਿਆਨ ਚੰਦ ਨੂੰ ਕਹਿੰਦਾ, ਤੂੰ ਸ਼ਹਿਰ ਹਰੀਏ ਦੀ ਹੱਟੀ ਜਾ।ਉਹਤੋਂ ਗੁਰਗਾਬੀ ਸੀਣੀ ਸਿੱਖ।" ਪਰ ਇਸ ਤੋਂ ਪਹਿਲਾਂ ਕਿ ਗਿਆਨ ਚੰਦ ਕੰਮ ਦਾ ਕਰੀਗਰ ਬਣਦਾ, ਹਰਦਿੱਤ ਸਹੁੰ ਮੋਹਰਕੇ ਤਾਪ ਨਾਲ ਮਰ ਗਿਆ।

ਗਿਆਨ ਚੰਦ ਨੇ ਬੜੀ ਬਰਖੁਰਦਾਰੀ ਨਾਲ ਸਿਰ ਪਈ ਜ਼ੁੰਮੇਵਾਰੀ ਸੰਭਾਲੀ।ਹਰਾ ਇਨਕਲਾਬ ਆਉਣ ਨਾਲ ਹਲ਼ਾਂ ਡੰਗਰਾਂ ਦੀ ਖੇਤੀ ਬੰਦ ਹੋ ਰਹੀ ਸੀ।ਭਈਏ ਢਾਣੀਆਂ ਬੰਨ੍ਹ ਕੇ ਪਿੰਡਾਂ ਵਿਚ ਪਹੁੰਚ ਰਹੇ ਸਨ। ਗਿਆਨ ਚੰਦ ਨੇ ਉੱਦਮ ਕੀਤਾ।ਸ਼ਹਿਰ ਵਿਚ ਆਪਣੇ ਪਿੰਡ ਵਾਲੇ ਪਾਸੇ ਆਪਣੀ ਖੁਦ ਦੀ ਹੱਟੀ ਪਾ ਲਈ। ਸਿੱਧ ਪੱਧਰੀ ਗੁਰਗਾਬੀ ਸੀਂਦਾ।ਦੋ ਗੁਰਗਾਬੀਆਂ ਰਾਹ ਜਾਂਦੇ ਗਾਹਕਾਂ ਦੇ ਦੇਖਣ ਲਈ ਸਰਦਲ ਉੱਤੇ ਰੱਖ ਦਿੰਦਾ।ਗਾਹਕੀ ਬਹੁਤੀ ਨਹੀਂ ਸੀ ਤਾਂ ਵੀ ਜ਼ਿੰਦਗੀ ਵਿਚ ਪਹਿਲੀ ਵਾਰ ਹਰ ਰੋਜ਼ ਨਕਦ ਪੈਸੇ ਆਉਣ ਲੱਗੇ।ਦੋ ਭੈਣਾਂ ਵਿਆਹੀਆਂ।ਅੱਗੋਂ ਉਹਦੇ ਵੀ ਪਹਿਲਾਂ ਦੋ ਧੀਆਂ ਹੀ ਜੰਮੀਆਂ।ਪਿੰਡਾਂ ਸ਼ਹਿਰਾਂ ਵਿਚ ਥਾਂ ਥਾਂ ਸਰਕਾਰ ਨੇ ਸਕੂਲ ਖੋਲ੍ਹ ਦਿੱਤੇ ਸਨ। ਅਧਿਆਪਕਾਵਾਂ ਘਰ ਘਰ ਆ ਕੇ ਬੱਚੇ ਦਾਖਲ ਕਰਾਉਣ ਲਈ ਕਹਿੰਦੀਆਂ।ਗਿਆਨ ਚੰਦ ਨੇ ਧੀਆਂ ਤਾਂ ਸਕੂਲ ਨਹੀਂ ਭੇਜੀਆਂ, ਪਰ ਦੋਹਾਂ ਮੁੰਡਿਆਂ

ਰਾਮ ਲਾਲ ਤੇ ਦੁਨੀ ਚੰਦ ਨੂੰ ਸਕੂਲ ਭੇਜਿਆ। ਪਰ ਰਾਮ ਲਾਲ ਛੇਵੀਂ ਜਮਾਨ ਨਹੀਂ ਟੱਪਿਆ। ਉਸ ਤੋਂ ਛੋਟਾ ਦੁਨੀ ਚੰਦ ਪੰਜਵੀਂ ਤੋਂ ਬਾਅਦ ਸਕੂਲ ਨਹੀਂ ਵੜਿਆ। ਗਿਆਨ ਚੰਦ ਖਿਝਦਾ। ਪੁੱਤਾਂ ਨੂੰ ਕਹਿੰਦਾ, ਸਹੁਰੀ ਦਿਓ! ਕਿਓਂ ਰਿਜ਼ਕ ਨੂੰ ਧੱਕੇ ਮਾਰਦੇ ਓ? ਹੁਣ ਤਾਂ ਆਪਣੇ ਲੋਕਾਂ ਨੂੰ ਨੌਕਰੀਆਂ ਕੋਟੇ ਵਿਚੋਂ ਮਿਲਣੀਆਂ ਐ। ਘੱਟੋ ਘੱਟ ਦਸਵੀਂ ਜਮਾਤ ਤਾਂ ਪਾਸ ਕਰੋ। ਸਾਡੇ ਲੋਕਾਂ ਦੀ ਵੀ ਜੂਨ ਸੁਧਰੇ। ਪਰ ਪੁੱਤ ਅੱਗੇ ਨਹੀਂ ਵਧੇ।

ਜਦੋਂ ਵੱਡੇ ਹੋ ਗਏ ਪੁੱਤਰਾਂ ਨੂੰ ਗਿਆਨ ਚੰਦ ਪੜ੍ਹਾਈ ਨਾ ਕਰਨ ਦਾ ਤਾਅਨਾ ਦਿੰਦਾ ਤਾਂ ਮੁੰਡੇ ਮਨ ਹੀ ਮਨ ਵਿਚ ਪਛਤਾਉਂਦੇ। ਵੱਡਾ ਰਾਮ ਲਾਲ ਸੋਚਦਾ, ਜੇ ਪੜ੍ਹ ਜਾਂਦੇ, ਤਾਂ ਰੀਸ ਨਾ ਸੀ। ਹੋ ਸਕਦਾ ਸੀ, ਕਿਸੇ ਸਰਕਾਰੀ ਦਫਤਰ ਵਿਚ ਨੌਕਰੀ ਮਿਲ ਜਾਂਦੀ। ਪਰ ਪੜ੍ਹਦੇ ਕਿੱਦਾਂ? ਘਰ ਆ ਕੇ ਪੜ੍ਹਿਆ ਈ ਨਾ ਜਾਂਦਾ। ਅਗਲੇ ਦਿਨ ਸਕੂਲ ਜਾ ਕੇ ਝਿੜਕਾਂ ਪੈਂਦੀਆਂ। ਮਾਸਟਰ ਬਖਸ਼ੀਸ਼ ਸਿੰਘ ਇਕ ਤਾਂ ਬੇਰਹਿਮੀ ਨਾਲ ਕੁੱਟਦਾ ਤੇ ਦੂਜੇ ਸੁਣਾਉਤਾਂ ਸੁਣਾਉਂਦਾ। ਸਰਕਾਰ ਨੇ ਭੂਹੇ ਚੜ੍ਹਾ ਦਿੱਤੀ ਚਮਾੜ੍ਹਲੀ। ਆ ਗਏ ਪੜ੍ਹਨ ਢੋਰ ਡੰਗਰ। ਜਿਨ੍ਹਾਂ ਲੋਕਾਂ ਦੀ ਅਕਲ ਗਿੱਟਿਆਂ ਤੋਂ ਹੇਠਾਂ ਹੋਵੇ, ਉਹ ਕਿੱਦਾਂ ਪੜ੍ਹ ਸਕਦੇ ਐ? ਸਰਕਾਰ ਤੋਂ ਆਏ ਆਪਣੇ ਹਿੱਸੇ ਦੇ ਪੈਸੇ ਲੈ ਜਾਇਆ ਕਰੋ, ਤੇ ਘਰ ਬੈਠਿਆ ਕਰੋ।" ਸਕੂਲੋਂ ਆ ਕੇ ਮੱਝਾਂ ਖੋਲ੍ਹ ਕੇ ਚਰਨ ਲਈ ਲਿਜਾਣੀਆਂ ਪੈਂਦੀਆਂ। ਬਾਪੂ ਤਾਂ ਸ਼ਹਿਰ ਅਨ੍ਹੇਰੇ ਹੋਏ ਮੁੜਦਾ ਸੀ। ਮਾਂ ਧੰਤੀ ਨੇ ਜੱਟਾਂ ਦੇ ਘਰੀਂ ਗੋਹਾ ਕੂੜਾ ਚੁੱਕਣ ਦਾ ਕੰਮ ਚਿਰੋਕਣਾ ਛੱਡਿਆ ਹੋਇਆ ਸੀ। ਪਰ ਦੂਰ ਦੇ ਸ਼ਹਿਰ ਤੋਂ ਪਿੰਡ ਵਿਚ ਆ ਕੇ ਪੜ੍ਹਾਉਂਦੀਆਂ ਤੇ ਇੱਥੇ ਹੀ ਕਿਰਾਏ ਉੱਤੇ ਘਰ ਲੈ ਕੇ ਰਹਿੰਦੀਆਂ ਦੋ ਮਾਸਟਰਾਣੀਆਂ ਨੇ ਧੰਤੀ ਨੂੰ ਰਿੰਨ੍ਹਣ ਪਕਾਉਣ ਦਾ ਤੇ ਬਰਤਨਾਂ ਦੀ ਸਫ਼ਾਈ ਦਾ ਕੰਮ ਕਰਨ ਲਈ ਮਨਾ ਲਿਆ ਸੀ। ਪਸ਼ੂ ਕੀਲਿਆਂ ਨਾਲ ਬੱਝੇ ਹੋਏ ਰੱਸੇ ਪੈੜੇ ਤੁੜਵਾਉਂਦੇ ਉਨ੍ਹਾਂ ਨੂੰ ਤਾਂ ਕਿਸੇ ਨੇ ਕੀਲੇ ਤੋਂ ਖੋਲ੍ਹ ਕੇ ਪਾਣੀ ਵੀ ਨਾ ਢਾਹਿਆ ਹੁੰਦਾ। ਤਿਰਕਾਲਾਂ ਨੂੰ ਰੰਭਦੇ, ਸਾਨੂੰ ਖੋਲ੍ਹੋ। ਛੱਪੜ ਵੱਲ ਜਾਂਦੇ, ਤਾਂ ਰੱਸੇ ਹੱਥੋਂ ਛੁਡਵਾ ਕੇ ਪਾਣੀ ਵਿਚ ਵੜਨ ਦੀ ਕਰਦੇ। ਪਾਣੀ ਪੀਂਦੇ ਵੀ, ਪਿੰਡੇ ਦੀ ਤਪਸ਼ ਵੀ ਲਾਹੁੰਦੇ।

ਗਿਆਨ ਚੰਦ ਨੇ ਹੱਟੀ ਦੀ ਆਮਦਨ ਨਾਲ, ਭੈਣਾਂ ਦੇ ਵਿਆਹ ਤੋਂ ਬਾਅਦ, ਆਪਣੀਆਂ ਦੋਵੇਂ ਧੀਆਂ ਤੇ ਦੋਵੇਂ ਪੁੱਤ ਪਾਲੇ। ਛੇਤੀ ਮੁਟਿਆਰ ਹੋ ਗਈਆਂ ਦੋਵੇਂ ਧੀਆਂ ਵਿਆਹੀਆਂ। ਮੁੰਡਿਆਂ ਨੂੰ ਆਪਣੀ ਹੱਟੀ ਦੇ ਕੰਮ ਵਿਚ ਪਾਉਣ ਦੀ ਕੋਸ਼ਿਸ਼ ਕੀਤੀ। ਉਹ ਤਾਂ ਚਾਹੁੰਦਾ ਸੀ, ਉਹ ਵੱਡੀ ਦੁਕਾਨ ਪਾਵੇ। ਪਰ ਧੰਨੋਵਾਲੀ ਦੇ ਰਾਮ ਦਾਸ ਨੇ ਬਹੁਤ ਸਾਲਾਂ ਤੋਂ ਫਿਲਪਾਈਨ ਗਏ ਹੋਏ ਆਪਣੇ ਛੜੇ ਚਾਚੇ ਦੇ ਭੇਜੇ ਪੈਸਿਆਂ ਨਾਲ, ਗਿਆਨ ਚੰਦ ਦੀ ਹੱਟੀ ਦੇ ਨਾਲ ਲਗਦਾ, ਖਾਲੀ ਪਿਆ ਤੌੜ ਖਰੀਦ ਲਿਆ। ਨਵੀਂ ਕਿਸਮ ਦਾ ਸ਼ੋ ਰੂਮ ਬਣਾ ਲਿਆ ਤੇ ਵੱਡੀਆਂ ਕੰਪਨੀਆਂ ਦੇ ਬੂਟ ਵੇਚਣ ਲੱਗ ਪਿਆ। ਗਿਆਨ ਚੰਦ ਦੀ ਗਾਹਕੀ ਵਧਣ ਦੀ ਥਾਂ ਹੋਰ ਵੀ ਘੱਟ ਗਈ।

ਹਾਰ ਕੇ ਗਿਆਨ ਚੰਦ ਨੇ ਮੁੰਡਿਆਂ ਨੂੰ ਕਿਹਾ, "ਤੁਸੀਂ ਕੋਈ ਹੋਰ ਕੰਮ ਕਾਰ ਕਰੋ।"

ਵੱਡਾ ਰਾਮ ਲਾਲ ਦਿਹਾੜੀਆਂ ਲਾਉਣ ਲੱਗ ਪਿਆ। ਪਹਿਲਾਂ ਛੋਟਾ ਵੀ ਰਾਮ ਲਾਲ ਦੇ ਨਾਲ ਹੀ ਲੇਬਰ ਚੌਂਕ ਵਿਚ ਖੜ੍ਹਦਾ, ਪਰ ਫੇਰ ਕਿਸੇ ਦੇ ਕਹੇ ਕਹਾਏ ਡਰਾਈਵਰੀ ਸਿੱਖਣ ਲੱਗ ਪਿਆ।

ਗਿਆਨ ਚੰਦ ਨੇ ਦੋਵਾਂ ਪੁੱਤਰਾਂ ਦੇ ਅੱਗੜ-ਪਿੱਛੜ ਵਿਆਹ ਵੀ ਕਰ ਦਿੱਤੇ। ਪਿੰਡ ਦਾ ਘਰ, ਕੁਝ ਆਪਣੀ ਕਮਾਈ ਨਾਲ ਤੇ ਕੁਝ ਮੁੰਡਿਆਂ ਦੇ ਲਿਆਂਦੇ ਪੈਸਿਆਂ ਨਾਲ, ਢਾਹ ਕੇ ਨਵੇਂ ਸਿਰਿਓਂ ਬਣਾਇਆ। ਵਿਆਹੇ ਪੁੱਤਰਾਂ ਲਈ ਅਲੱਗ ਕੋਠੜੀਆਂ ਬਣਵਾਈਆਂ।

ਲੋਕ ਪਰਦੇਸਾਂ ਨੂੰ ਧੜਾ ਧੜ ਜਾ ਰਹੇ ਸਨ। ਗਿਆਨ ਚੰਦ ਦੇ ਪੁੱਤ ਵੀ ਜਾਣ ਲਈ ਲਲਚਾਉਂਦੇ। ਚਾਹੁੰਦਾ ਗਿਆਨ ਚੰਦ ਵੀ ਸੀ, ਪਰ ਏਜੰਟਾਂ ਨੂੰ ਦੇਣ ਲਈ ਲੱਖਾਂ ਰੁਪਏ ਕਿੱਥੋਂ ਆਉਣ?

ਜੇ ਇਕ ਦਿਨ ਰਾਮ ਲਾਲ ਤਿੰਨ ਲੱਖ ਦੇ ਕੇ ਇਟਲੀ ਗਿਆ ਤਾਂ ਉਹਦੀ ਵਾਪਸੀ ਨੇ ਸਾਰਾ ਟੱਬਰ ਬੁਰੀ ਤਰ੍ਹਾਂ ਕਰਜਾਈ ਕਰ ਦਿੱਤਾ।



ਇਕ ਦਿਨ ਦਸੋਂਧਾ ਸਿੰਘ ਫੇਰ ਆਇਆ, "ਗਿਆਨ ਚੰਦ! ਇਹ ਗੱਲ ਠੀਕ ਨਹੀਂ। ਤੁਸੀਂ ਸੁਣਿਆ ਹੋਣੈ, ਕਰਜ਼ ਆਪੋ ਵਿਚ ਦੇ ਪਿਆਰ ਨੂੰ ਕੱਟ ਦੇਣ ਵਾਲੀ ਕੈਂਚੀ ਹੁੰਦੀ ਹੈ। ਰਿਸ਼ਤੇਦਾਰੀ ਵਿਚ ਫਿੱਕ ਪੈਂਦੀ ਹੈ। ਛੇਤੀ ਛੇਤੀ ਰਕਮ ਮੋੜੋ, ਤਾਂ ਕਿ ਅੱਗੋਂ ਵੀ ਮਿਲਣ ਵਰਤਣ ਜੋਗੇ ਰਹੀਏ। ਤੁਹਾਨੂੰ ਲੋੜ ਸੀ, ਮੈਂ ਰਕਮ ਕੱਢ ਕੇ ਫੜਾ ਦਿੱਤੀ। ਹੁਣ ਤੁਸੀਂ ਮੈਨੂੰ ਤਰਸਾ ਤਰਸਾ ਕੇ ਪੈਸੇ ਫੜਾ ਰਹੇ ਓ। ਮੇਰੀ ਨੇਕੀ ਦਾ ਚੰਗਾ ਫ਼ਲ ਦੇ ਰਹੇ ਓ?"

ਗਿਆਨ ਚੰਦ ਚੁਪ ਰਹਿਣ ਵਾਲਾ ਬੰਦਾ ਨਹੀਂ। ਕਿਸੇ ਦਾ ਲਿਹਾਜ਼ ਨਹੀਂ ਕਰਦਾ। ਪਰ ਅੱਜ ਨਹੀਂ ਬੋਲਿਆ!

"ਇਹ ਲੱਲੂ ਰਾਮ ਵੀ ਗੱਲਾਂ ਬਣਾਉਣ ਲੱਗ ਪਿਆ ਐ।" ਗਿਆਨ ਚੰਦ ਨੇ ਆਪਣੇ ਮਨ ਵਿਚ ਆਖਿਆ। ਜਦੋਂ ਵੱਡੀ ਭੈਣ ਜੀਤੋ ਦਾ ਰਿਸ਼ਤਾ ਦਸੋਂਧਾ ਸਿੰਘ ਦੇ ਮੁੰਡੇ ਸਵਰਨੇ ਨਾਲ ਹੋਇਆ ਸੀ ਤਾਂ ਗਿਆਨ ਚੰਦ ਉਮਰੋਂ ਹੌਲਾ ਸੀ, ਪਰ ਪਿਓ ਹਰਦਿੱਤ ਸਿੰਘ ਨਾਲ ਕਰਤਾਰਪੁਰ ਗਿਆ ਸੀ। ਧੀ ਦੀ ਮੰਗਣੀ ਕਰਕੇ ਮੁੜਦੇ ਸਮੇਂ ਹਰਦਿੱਤ ਸਿੰਘ ਹੱਸਦਾ ਹੱਸਦਾ ਬੋਲਿਆ ਸੀ,

"ਵੇਲੇ ਵੇਲੇ ਦੀ ਗੱਲ ਹੁੰਦੀ ਐ, ਇਹਨੂੰ ਅੰਗਾਂ ਸਾਕਾਂ ਵਿਚ ਲੱਲੂ ਬੋਲਦੇ ਸੀ। ਥੋੜਾ ਵੱਡਾ ਹੋ ਕੇ ਝੱਲੀਆਂ ਝੱਲੀਆਂ ਗੱਲਾਂ ਕਰਦਾ ਸੀ। ਪਰ ਜਿਹਦੀ ਕੋਠੀ ਵਿਚ ਦਾਣੇ, ਉਹਦੇ ਕਮਲੇ ਵੀ ਸਿਆਣੇ। ਇਹਨੇ ਲੱਲੂ ਨੇ ਡੈਅਰੀ ਖੋਲ੍ਹ ਲਈ। ਸਵਰਨਾ ਜੁਆਨ ਹੋਇਆ ਤਾਂ ਉਹਨੇ ਪਿਓ ਕਾ ਕਾਰੋਬਾਰ ਵਧਾ ਲਿਆ। ਹੁਣ ਦੇਖ ਲਓ ਚੌਧਰੀ ਦਸੌਂਧਾ ਸਿੰਘ ਕਰਾਉਂਦੈ। ਪਤਾ ਨਹੀਂ, ਲੋਕਾਂ ਨੂੰ ਦੁੱਧ ਦੀ ਥਾਂ ਪਾਣੀ ਵੇਚ ਵੇਚ ਕੇ ਪੈਸੇ ਜੋੜੀ ਜਾਂਦੈ।"

ਦਸੋਂਧਾ ਸਿੰਘ ਦੇ ਮੁੜ ਜਾਣ ਤੋਂ ਬਾਅਦ ਗਿਆਨ ਚੰਦ ਨੇ ਗੁੱਸਾ ਛੋਟੇ ਪੁੱਤਰ ਦੁਨੀ ਚੰਦ 'ਤੇ ਕੱਢਿਆ। ਰਾਮ ਲਾਲ ਸਵੇਰ ਦਾ ਘਰੋਂ ਗਿਆ ਹੋਇਆ ਸੀ।

"ਤੂੰ ਆਪਣਾ ਕੰਮ ਮਨ ਲਾ ਕੇ ਕਿਉਂ ਨਹੀਂ ਕਰਦਾ? ਕੰਮ ਦਾ ਘਾਟਾ ਐ? ਸ਼ਹਿਰ ਵਿਚ ਦੁਨੀਆਂ ਕੰਮਾਂ ਕਾਰਾਂ ਲਈ ਹਰਲ ਹਰਲ ਕਰਦੀ ਫਿਰਦੀ ਐ। ਨਿੱਤ ਨਵੀਆਂ ਕਾਰਾਂ ਆ ਰਹੀਆਂ ਸ਼ਹਿਰਾਂ 'ਚ। ਹਰ ਕੋਈ ਆਪ ਤਾਂ ਨਹੀਂ ਕਾਰ ਚਰਾਉਂਦਾ। ਜਿਹੜੇ ਦਸ ਲੱਖ ਰੁਪਏ ਦੀ ਕਾਰ ਖਰੀਦ ਸਕਦੇ ਐ, ਉਹ ਪੰਜ ਛੇ ਹਜ਼ਾਰ ਰੁਪਏ ਮਹੀਨਾ ਦੇ ਕੇ ਡਰਾਈਵਰ ਵੀ ਰੱਖ ਸਕਦੇ ਐ। ਕਿਸੇ ਸੇਠ ਨਾਲ ਡਰਾਈਵਰ ਲੱਗ, ਬੱਝੀ ਰਕਮ ਹਰ ਮਹੀਨੇ ਘਰ ਆਵੇ।"

ਦੁਨੀ ਚੰਦ ਹਰ ਸਵੇਰੇ ਪੰਜਾਬ ਟੈਕਸੀ ਸਟੈਂਡ ਤੇ ਜਾਂਦਾ ਹੈ। ਇਹ ਸ਼ਹਿਰ ਦਾ ਸਭ ਤੋਂ ਪੁਰਾਣਾ ਟੈਕਸੀ ਸਟੈਂਡ ਹੈ। ਪੰਜਾਬ ਟੈਕਸੀ ਸਟੈਂਡ ਦੇ ਮਾਲਕ ਕਰਤਾਰ ਸਿੰਘ ਨੇ ਪੰਜ ਡਰਾਈਵਰ ਪੱਕੇ ਤੌਰ ਤੇ ਵੀ ਰੱਖੇ ਹੋਏ ਹਨ। ਪਰ ਉਸ ਪਾਸ ਕਾਰਾਂ ਪੰਦਰਾਂ ਹਨ। ਹੋਰ ਕਈ ਮਾਲਕ ਵੀ ਠੇਕੇ 'ਤੇ ਆਪਣੀਆਂ ਕਾਰਾਂ ਕਰਤਾਰ ਸਿੰਘ ਪਾਸ ਖੜ੍ਹੀਆਂ ਕਰ ਜਾਂਦੇ ਹਨ। ਬਹੁਤੀ ਮੰਗ ਆਵੇ, ਤਾਂ ਸਭ ਕਾਰਾਂ ਅਲੱਗ-ਅਲੱਗ ਰੂਟਾਂ ਤੇ ਚਲੀਆਂ ਜਾਂਦੀਆਂ ਹਨ। ਇਸ ਲਈ ਹੋਰ ਡਰਾਈਵਰਾਂ ਦੀ ਲੋੜ ਪੈਂਦੀ ਹੈ। ਕੰਮ ਦੀ ਝਾਕ ਵਿਚ ਸਟੈਂਡ ਉੱਤੇ ਪੱਕੇ ਡਰਾਈਵਰਾਂ ਦੇ ਨਾਲ, ਪੰਦਰਾਂ ਵੀਹ ਡਰਾਈਵਰ ਹੋਰ ਵੀ ਪਹੁੰਚ ਜਾਂਦੇ ਹਨ। ਜਦੋਂ ਪੰਡਤਾਂ ਨੇ ਤਾਰਾ ਚੜ੍ਹਾਇਆ ਹੋਵੇ, ਤਾਂ ਨਿੱਤ ਵਿਆਹ ਹੁੰਦੇ ਹਨ। ਸਭ ਆਪਣੀਆਂ ਬਗਾਨੀਆਂ ਕਾਰਾਂ ਕੰਮ ਉੱਤੇ ਲੱਗ ਜਾਂਦੀਆਂ ਹਨ। ਦਿੱਲੀ ਹਵਾਈ ਅੱਡੇ ਉੱਤੇ ਜਾਣ ਵਾਲੇ ਮੁਸਾਫਿਰ ਵੀ ਕਾਫੀ ਗਿਣਤੀ ਵਿਚ ਆ ਜਾਂਦੇ ਹਨ। ਦੁਨੀ ਚੰਦ ਨੇ ਪਿਛਲੇ ਦੋ ਮਹੀਨੇ ਟੈਕਸੀ ਚਲਾਉਣ ਦਾ ਕੰਮ ਵਾਹਵਾ ਤੇਜ਼ੀ ਨਾਲ ਕੀਤਾ ਸੀ। ਦਸ ਹਜ਼ਾਰ ਮਹੀਨੇ ਦੇ ਹਿਸਾਬ ਨਾਲ ਬਾਪੂ ਨੂੰ ਵੀਹ ਹਜ਼ਾਰ ਰੁਪਏ ਬਚਾ ਕੇ ਦਿੱਤੇ ਸਨ। ਉਦੋਂ ਤਾਂ ਬਾਪੂ ਖੁਸ਼ ਸੀ। ਪਰ ਅੱਜ ਕੱਲ੍ਹ ਤਾਰਾ ਡੁੱਬਾ ਹੋਇਆ ਹੈ। ਉਹ ਕਈ ਦਿਨਾਂ ਤੋਂ ਬੇਰੰਗ ਮੁੜਦਾ ਰਿਹਾ ਹੈ। ਅੱਜ ਸਵੇਰੇ ਘਰੋਂ ਨਿਕਲਿਆ ਹੀ ਨਹੀਂ ਸੀ।

ਰਾਮ ਲਾਲ ਨੂੰ ਕੰਮ ਮਿਲੇ ਨਾ ਮਿਲੇ, ਉਹ ਘਰ ਬੈਠੇ ਰਹਿਣ ਦਾ ਹੌਸਲਾ ਨਹੀਂ ਕਰਦਾ। ਰੋਜ਼ ਘਰੋਂ

ਨਿਕਲ ਜਾਂਦਾ ਹੈ। ਮਹਿੰਦਰ ਸਿੰਘ ਠੇਕੇਦਾਰ ਵੱਲ ਵੀ ਫੇਰਾ ਤੋਰਾ ਰੱਖਦਾ ਹੈ। ਪਰ ਦਸੋਂਧਾ ਸਿੰਘ ਦੀ ਰਕਮ ਤਾਂ ਅਜੇ ਅੱਧੀ ਵੀ ਨਹੀਂ ਮੁੜੀ।

ਇਕ ਦਿਨ ਜੀਤੋ ਤਿਰਕਾਲਾਂ ਵੇਲੇ ਪੇਕੇ ਪਿੰਡ ਆ ਪਹੁੰਚੀ। ਜਦੋਂ ਸਾਰਾ ਟੱਬਰ ਤੱਪੜੀਆਂ 'ਤੇ ਬੈਠਾ ਰਸੋਈ ਵਿਚ ਰੋਟੀ ਖਾ ਰਿਹਾ ਸੀ, ਜੀਤੋ ਬੜੀ ਕੋਰੀ ਕਰਾਰੀ ਹੋ ਕੇ ਬੋਲੀ,

"ਵੀਰਾ! ਤੁਸੀਂ ਸਾਡਾ ਲਹਿਣਾ ਕਿਉਂ ਨਹੀਂ ਲਾਹੁੰਦੇ? ਅਸੀਂ ਬਗੈਰ ਵਿਆਜ਼ ਤੁਹਾਨੂੰ ਏਡੀ ਵੱਡੀ ਰਕਮ ਚੁੱਕ ਕੇ ਫੜਾ ਦਿੱਤੀ, ਹੁਣ ਤੁਸੀਂ ਮੋੜਦੇ ਨਹੀਂ।"

ਗਿਆਨ ਚੰਦ ਦੇ ਤਾਂ ਸੁਣ ਕੇ ਤੌਰ ਘੁੰਮ ਗਏ। ਇਹ ਮੇਰੀ ਭੈਣ ਬੋਲ ਰਹੀ ਐ, ਜੀਹਨੂੰ ਮੈਂ ਆਪਣੇ ਹੱਥੀਂ ਵਿਆਹਿਆ ਸੀ। ਪੈਸੇ ਦਾ ਲੈਣ ਦੇਣ ਕਿੱਦਾਂ ਮੋਹ ਪਿਆਰ ਮਾਰਦਾ ਐ?

ਸਵੇਰੇ ਰਾਮ ਲਾਲ ਪਹਿਲੇ ਨਾਲੋਂ ਵੀ ਵੱਧ ਸਵੱਖਤੇ ਉੱਠਿਆ। ਲੇਬਰ ਚੌਂਕ ਵਿਚ ਪਹੁੰਚਿਆ। ਪਰ ਕੋਈ ਗਾਹਕ ਨਾ ਬਹੁੜਿਆ। ਉਡੀਕ ਵਿਚ ਖੜਾ ਨਹੀਂ ਰਿਹਾ। ਠੇਕੇਦਾਰ ਮਹਿੰਦਰ ਸਿੰਘ ਵੱਲ ਗਿਆ।

"ਲਓ ਲਾਲਾ ਜੀ ਐਹ ਮੁੰਡੇ ਨੂੰ ਲੈ ਜਾਓ। ਇਹ ਕੋਠੇ 'ਤੇ ਟਾਇਲਾਂ ਚੜ੍ਹਾਵੇਗਾ। ਜਦੋਂ ਤਾਈਂ ਮੈਂ ਕੋਈ ਮਿਸਤਰੀ ਵੀ ਲੱਭ ਕੇ ਭੇਜਦਾਂ। ਤੁਸੀਂ ਖਾਤਰ ਜਮ੍ਹਾਂ ਰੱਖੋ। ਦੋਬਾਰਾ ਮੀਂਹ ਪੈਣ ਤੋਂ ਪਹਿਲਾਂ ਪਹਿਲਾਂ ਤੁਹਾਡੀ ਛੱਤ ਦੀ ਮੁਰੰਮਤ ਹੋ ਜਾਏਗੀ। ਮੇਰਾ ਜਿੰਮਾ ਰਿਹਾ।"

ਰਾਮ ਲਾਲ ਲਾਲਾ ਜੀ ਨਾਲ ਤੁਰ ਪਿਆ। ਪਿੱਛੋਂ ਇਕ ਮਿਸਤਰੀ ਵੀ ਪਹੁੰਚ ਗਿਆ, ਨਾਲ ਇਕ ਹੋਰ ਮਜ਼ਦੂਰ ਵੀ। ਕੰਮ ਦਾ ਅਨੁਮਾਨ ਥੋੜ੍ਹਾ ਸੀ, ਪਰ ਦਿਨ ਵੱਧ ਲੱਗ ਗਏ। ਰਾਮ ਲਾਲ ਖੁਸ਼ ਸੀ, ਪਰ ਮਿਸਤਰੀ ਪਿਆਰੇ ਲਾਲ ਠੇਕੇਦਾਰ ਮਹਿੰਦਰ ਸਿੰਘ ਦੇ ਕਹਿਣ ਉੱਤੇ ਦੋ ਦਿਨ ਲਈ ਆਇਆ ਸੀ। ਪਹਿਲੇ ਮਕਾਨ ਦਾ ਮਾਲਕ ਵਾਰ ਵਾਰ ਫੇਰੇ ਮਾਰ ਰਿਹਾ ਸੀ-ਤੂੰ ਮੇਰਾ ਕੰਮ ਵਿੱਚੇ ਛੱਡ ਕੇ ਆ ਗਿਆ। ਕੱਲ੍ਹ ਮੇਰੇ ਵਲ ਆ। ਪਰ ਲਾਲਾ ਜੀ ਆਪਣੀ ਛੱਤ ਦਾ ਕੰਮ ਮੁਕਾਉਣ ਦੀ ਫਿਕਰ ਕਰ ਰਹੇ ਸਨ। ਵਾਰ ਵਾਰ ਪਿਆਰੇ ਲਾਲ ਤੇ ਦੋਨਾਂ ਮਜ਼ਦੂਰਾਂ ਨੂੰ ਕੱਲ੍ਹ ਜ਼ਰੂਰ ਤੇ ਸਵੱਖਤੇ ਪਹੁੰਚਣ ਲਈ ਕਹਿ ਰਹੇ ਸਨ।

ਰਾਮ ਲਾਲ ਕਈ ਵਾਰ ਲਾਲਾ ਜੀ ਨੂੰ ਕਹਿ ਚੁੱਕਾ ਸੀ, ਮੈਂ ਜ਼ਰੂਰ ਆਊਂਗਾ। ਉਸ ਨੇ ਪਰਦੇ ਨਾਲ ਲਾਲਾ ਜੀ ਨੂੰ ਇਹ ਵੀ ਕਿਹਾ, ਜੇ ਪਿਆਰੇ ਲਾਲ ਨਾ ਆਇਆ, ਤਾਂ ਸਵੇਰੇ ਅੱਡੇ ਤੋਂ ਹੋਰ ਮਿਸਤਰੀ ਲੈ ਆਵਾਂਗੇ।

ਸਾਰਾ ਦਿਨ ਬੱਦਲਵਾਈ ਬਣੀ ਰਹੀ ਸੀ। ਹੁਣ ਅਚਾਨਕ ਬੱਦਲ ਗਰਜਿਆ।


"ਛੱਤ ਦੀ ਮੁਰੰਮਤ ਦਾ ਕੰਮ ਪੂਰਾ ਹੋਇਆ ਨਹੀਂ। ਉੱਤੋਂ ਬੱਦਲ ਕਹਿੰਦੈ, ਮੈਂ ਵਰ੍ਹਣਾ ਹੈ।" ਲਾਲਾ ਜੀ ਛੁੱਟੀ ਕਰ ਰਹੇ ਮਿਸਤਰੀ ਤੇ ਮਜ਼ਦੂਰਾਂ ਵੱਲ ਦੇਖ ਕੇ ਬੋਲੇ, "ਲਾਲਾ ਜੀ! ਕਹਿ ਜੂ ਦਿੱਤਾ। ਤੁਹਾਡਾ ਕੰਮ ਨਹੀਂ ਰੁਕਦਾ। ਕੱਲ੍ਹ ਛੱਤ ਫਿਨਿਸ਼ ਹੋ ਜਾਏਗੀ। ਮੈਂ ਜ਼ਰੂਰ ਪਹੁੰਚੂੰਗਾ।" ਰਾਮ ਲਾਲ ਲਾਲਾ ਜੀ ਦੀ ਅੱਖ ਨਾਲ ਅੱਖ ਮਿਲਾ ਕੇ ਬੋਲਿਆ।

"ਮੈਂ ਸਵੇਰੇ। ਅੱਠ ਵਜੇ ਤੋਂ ਵੀ ਪੰਜ ਮਿੰਟ ਪਹਿਲਾਂ ਪਹੁੰਚੂੰਗਾ।"

ਜਦੋਂ ਮਿਸਤਰੀ ਤੇ ਦੂਜਾ ਮਜ਼ਦੂਰ ਸਾਈਕਲ ਚੁੱਕ ਕੇ ਚਲੇ ਗਏ, ਤਾਂ ਰਾਮ ਲਾਲ ਜਾਂਦਾ ਜਾਂਦਾ ਮੁੜ ਆਇਆ,

"ਲਾਲਾ ਜੀ ਬੰਦੇ ਨੂੰ ਕੰਮ ਚਾਹੀਦੈ। ਜੇ ਕੰਮ ਹੋਵੇ, ਤਾਂ ਬੰਦਾ ਆਊਗਾ ਕਿਉਂ ਨਹੀਂ? ਤੁਸੀਂ ਕੱਲ੍ਹ ਦੀ ਦਿਹਾੜੀ ਦੀ ਗੱਲ ਕਰਦੇ ਓ, ਤੁਸੀਂ ਰੱਖਣ ਵਾਲੇ ਬਣੋ, ਮੈਂ ਪੱਕੇ ਤੌਰ ਤੇ ਨੌਕਰ ਬਣਨ ਲਈ ਤਿਆਰ ਆਂ। ਬੰਦਾ ਕੰਮ ਕਰਨ ਲਈ ਈ ਬਣਿਐ। ਪਰ ਸਾਡੇ ਮੁਲਕ ਦੀ ਚਾਲ ਪੁੱਠੀ ਐ। ਏਥੇ ਬੰਦਿਆਂ ਨੂੰ ਕੰਮ ਨਹੀਂ ਮਿਲਦਾ। ਬੰਦੇ ਤਾਂ ਕੰਮ ਦੀ ਖਾਤਰ ਵਿਕ ਜਾਣ ਲਈ ਤਿਆਰ ਹਨ।"

(**ਸੰਪਰਕ**-98720-42611)





## ਕਹਾਣੀ / ਬਹੁਤ ਸਾਰੇ ਪਿਤਾ ਜੀ/ - ਗੁਲ ਚੌਹਾਨ

ਬੈਲ ਹੋਈ ਹੈ।

ਇਸ ਤਰਾਂ ਦੀ ਡਰੀ ਡਰੀ, ਨਪੀ ਤੁਲੀ ਬੈਲ ਹੋਏ ਤਾਂ ਸੁਣ ਕੇ ਦਰਵਾਜ਼ਾ ਖੋਲਣ ਜਾਂਦਿਆਂ,ਪਹਿਲਾ ਖਿਆਲ ਪਿਤਾ ਜੀ ਦਾ ਆਉਂਦਾ ਹੈ। ਪਿਤਾ ਜੀ ਹੋਣਗੇ। ਉਨਾਂ ਨੂੰ ਆਇਆਂ ਇਨੇ ਦਿਨ ਵੀ ਤਾਂ ਹੋ ਗਏ ਹਨ।

ਵੇਖਦਾ ਹਾਂ। ਪਿਤਾ ਜੀ ਨਹੀਂ ਹਨ। ਕੋਈ ਸੇਲਜ਼ਮੈਨ ਹੈ। ਜੱਗ ਜਾਂ ਜਗਰਾਤੇ ਲਈ ਚੰਦਾ ਮੰਗਣ ਵਾਲਾ। ਕੋਈ ਕੁਦਰਤੀ ਕਰੋਪੀ ਦਾ ਸ਼ਿਕਾਰ। ਠਾਹ ਦੇਕੇ ਦਰਵਾਜ਼ਾ ਬੰਦ ਕਰ ਦਿੰਦਾ ਹਾਂ।

ਪਿਤਾ ਜੀ ਹੁੰਦੇ ਤਾਂ ਉਨਾਂ ਮੈਨੂੰ ਵੇਖ ਕੇ ਮੁਸਕਰਾ ਦੇਣਾ ਸੀ। ਭਾਲ ਵਿਚ ਹੋਣਾ ਸੀ ਕਿ ਮੈਂ ਉਨਾਂ ਦੇ ਆਉਣ ਨੂੰ ਕਿਸ ਤਰਾਂ ਲਿਆ ਹੈ। ਦਰਵਾਜ਼ੇ ਵਿਚ ਖੜੇ ਖੜੇ ਅਪਣੇ ਪੋਤੇ ਬਾਰੇ ਪੁੱਛਣਾ ਸੀ-ਏਥੇ ਘਰ ਹੈ ਕਿ ਪਟਿਆਲੇ ਹਾਸਟਲ ਵਿਚ। ਉਸ ਦੀ ਦੋਸਤ ਮੀਰਾ ਕਿਵੇਂ ਹੈ। ਉਸਦੀ ਪੜਾਈ ਕਿਵੇਂ ਚੱਲ ਰਹੀ ਹੈ। ਪੁੱਛਣਾ ਸੀ ਕਿ ਮੇਰੀ ਪਤਨੀ ਠੀਕ ਹੈ, ਮੈਂ ਲੜਿਆ ਤਾਂ ਨਹੀਂ ਹੋਇਆ ਉਸ ਨਾਲ।

ਫਿਰ ਅੰਦਰ ਆਉਣਾ ਸੀ।

ਮੋਢੇ ਤੋਂ ਲਾਹ ਕੇ ਬੈਗ ਅਪਣੀ ਨੂੰਹ ਨੂੰ ਫੜਾਉਣਾ ਸੀ। ਬੈਗ ਵਿਚ ਇਕ ਦੋ ਮੈਲੇ ਕਪੜੇ ਹੁੰਦੇ ਸਨ। ਆਉਂਦੇ ਹੀ ਕਹਿੰਦੇ-ਕੁੜੀਏ, ਪਹਿਲਾਂ ਇਨਾ ਨੂੰ ਸਰਫ ਵਿਚ ਭਿਓਂ ਦੇ, ਠਹਿਰ ਕੇ ਕੱਢੀਂ ਪਾਣੀ ਚੋਂ।

ਉਸ ਤੋਂ ਪਿੱਛਲੀ ਵਾਰ ਬੈਗ ਵਿਚ ਪੰਜ ਲੱਖ ਰੁਪਏ ਸਨ, ਨਵੇਂ ਨਵੇਂ ਪੰਜ ਪੰਜ ਸੌ ਦੇ ਨੋਟ।

-ਇਹ ਤੁਹਾਡਾ ਹਿੱਸਾ ਹੈ। ਦਸਮੇਸ਼ ਨਗਰ ਵਾਲਾ ਪਲਾਟ ਮੈਂ ਵੇਚ ਦਿੱਤਾ ਹੈ। ਪੰਜ ਲੱਖ ਹਕੂਮਤ ਨੂੰ ਦੇ ਦਿੱਤਾ ਹੈ। ਬਚਿੱਤਰ ਤੇ ਬਲਕਾਰ ਪਹਿਲਾਂ ਹੀ ਬਹੁਤ ਲੈ ਚੁੱਕੇ ਹਨ। ਤੁਹਾਨੂੰ ਦੋਹਾਂ ਨੂੰ ਘੱਟ ਮਿਲਿਆ ਸੀ।

ਵੇਖਣਾ ਸੀ, ਕਿ ਅਸੀਂ ਦੋਵੇਂ ਪਤੀ ਪਤਨੀ ਝੂਠ ਤਾਂ ਨਹੀਂ ਬੋਲਦੇ।ਹੱਸਦੇ ਦਿੱਸਦੇ ਹਾਂ ਕਿ ਸੱਚ

ਵਿਚ ਖੁਸ਼ ਹਾਂ।

ਮੈਂ ਸੋਚ ਰਿਹਾ ਹੁੰਦਾ,ਇਸ ਵਾਰ ਪਿਤਾ ਜੀ ਕਿੰਨੇ ਦਿਨ ਰੁੱਕਣਗੇ।

ਮੈਂ ਉਨਾਂ ਨੂੰ ਓਸ਼ੋ ਦੀ ਕੋਈ ਨਵੀਂ ਕਿਤਾਬ ਪਕੜਾ ਦਿੰਦਾ। ਉਹ ਸਾਰਾ ਦਿਨ ਪੜਦੇ ਰਹਿੰਦੇ। ਸ਼ਾਮ ਨੂੰ ਘੁੱਟ ਅੰਦਰ ਗਈ ਹੁੰਦੀ ਤਾਂ ਕਿਤਾਬ ਵਿਚੋਂ ਪੜੀ ਕੋਈ ਕਹਾਣੀ ਜਾਂ ਚੁਟਕਲੇ ਸੁਣਾਉਂਦੇ। ਹੱਸਦੇ। ਕਿਸੇ ਮਹਾਂਪੁਰਸ਼ ਦਾ ਜ਼ਿਕਰ ਕਰਦਿਆਂ ਉਨਾਂ ਨੂੰ ਅਪਣਾ ਪਿਓ ਯਾਦ ਆ ਜਾਂਦਾ ਤੇ ਗੱਚ ਭਰ ਲੈਂਦੇ।

-ਬਲੂ ਇਹ ਸਾਰਾ ਕੁਝ,ਇਹ ਸਾਰੀ ਰੌਣਕ,ਭਾਊ ਕਰਕੇ ਹੈ। ਸੁਬਹ ਸ਼ਾਮ,ਚੌਵੀ ਘੰਟੇ ਪਾਠ ਕਰੀ ਜਾਣਾ। ਰੱਬ ਦਾ ਨਾਂ ਲਈ ਜਾਣਾ।ਨਹੀਂ ਤਾਂ ਹਾਲ ਵੇਖ ਲੋਕਾਂ ਦਾ।

ਉਹ ਤਾਏ ਦੇ ਮੁੰਡਿਆਂ ਬਾਰੇ ਦੱਸਣ ਲਗਦੇ। ਜਿਨਾਂ ਵਿਚ ਦੋ ਤਾਂ ਆਦੀ ਸਮੈਕੀਏ ਸਨ। ਦੋ ਜਿਹੜੇ ਸਰਕਾਰੀ ਨੌਕਰੀ ਕਰਦੇ ਸਨ, ਇੱਕ ਪਿਛਲੇ ਛੇ ਮਹੀਨਿਆਂ ਤੋਂ ਰਿਸ਼ਵਤ ਦੇ ਕੇਸ ਵਿਚ ਸਸਪੈਂਡ ਚੱਲ ਰਿਹਾ ਸੀ,ਦੂਸਰੇ ਨੂੰ ਅਧਰੰਗ ਹੋ ਗਿਆ ਹੋਇਆ ਸੀ।

ਪਿਤਾ ਜੀ ਅੰਮ੍ਰਿਤਸਰ ਆਪਣੀ ਕੋਠੀ ਵਿਚ ਇਕੱਲੇ ਰਹਿੰਦੇ ਸਨ। ਕੋਸ਼ਿਸ਼ ਕਰਦੇ ਸਨ ਕਿ ਕਿਸੇ ਵੱਲ ਨਾ ਹੀ ਜਾਇਆ ਜਾਵੇ। ਰੋਟੀ ਆਪ ਬਣਾ ਲੈਂਦੇ, ਕਦੀ ਬਨਾਉਣ ਦਾ ਦਿਲ ਨਾ ਹੋਇਆ ਤਾਂ ਦੇਸੀ ਘਿਓ ਵਾਲੀ ਡੱਬੀ ਚੁੱਕੀ ਤੇ ਕਿਸੇ ਸੜਕ ਛਾਪ ਢਾਬੇ ਤੇ ਜਾ ਬੈਠੇ। ਕੋਈ ਟੋਕਦਾ ਤਾਂ ਆਖਦੇ- ਯਾਰ ਮੈਂ ਕੀ ਕਰਾਂ, ਮੈਨੂੰ ਚੰਗੀ ਲੱਗਦੀ ਹੈ ਉਹ ਘੱਟ ਲੂਣ ਮਿਰਚ ਵਾਲੀ ਰੰਡੀ ਜਿਹੀ ਦਾਲ।

ਸਾਲ ਕੁ ਪਹਿਲਾਂ ਬਿਮਾਰ ਹੋਏ ਸਨ ਤਾਂ ਕੁਝ ਜਿਆਦਾ ਹੀ ਡਰ ਗਏ।

-ਇਕੱਲੇ ਪਏ ਬੰਦੇ ਨੂੰ ਰੱਬ ਨਾ ਕਰੇ ਰਾਤ ਨੂੰ ਕੁਝ ਹੋ ਜਾਵੇ,ਕੋਈ ਪਾਣੀ ਦਾ ਘੁੱਟ ਪਿਆਉਣ ਵਾਲਾ ਨਹੀਂ। ਉਨਾ ਛੋਟੇ ਨੂੰ ਪ੍ਰੇਰਿਆ ਕਿ ਉਹ ਪਰਿਵਾਰ ਲੈ ਕੇ ਕੋਠੀ ਆ ਜਾਵੇ। ਛੋਟੇ ਨੇ ਵਹੁਟੀ ਨਾਲ ਗੱਲ ਕੀਤੀ ਤਾਂ ਉਸਦੀ ਵਹੁਟੀ ਦਾ ਜਵਾਬ ਸੀ-

-ਕੋਠੀ ਜਾਂਦੀ ਹੈ ਮੇਰੀ ਜੁੱਤੀ। ਜੇ ਬਹੁਤੀ ਗੱਲ ਹੈ ਤਾਂ ਤੇਰਾ ਪਿਓ ਸਾਡੇ ਘਰ ਆ ਜਾਵੇ ਦੋ ਚਾਰ ਦਿਨ।

ਪਿਤਾ ਜੀ ਨੂੰ ਉਸਦੇ ਬੱਚਿਆਂ ਨਾਲ ਬੜਾ ਮੋਹ ਸੀ। ਕਹਿੰਦੇ- ਜਿੰਨੇ ਮੈਨੂੰ ਰਾਜਾ ਤੇ ਮਲਕ ਪਿਆਰੇ ਲੱਗਦੇ ਹਨ, ਹੋਰ ਕੋਈ ਬੱਚਾ ਨਹੀਂ ਲੱਗਦਾ। ਬਲੂ, ਬੜੇ ਸਿਆਣੇ ਨੇ ਦੋਵੇਂ। ਪਤਾ ਨਹੀਂ ਕਿੱਥੋਂ ਸਿੱਖਦੇ ਨੇ, ਕੋਈ ਗੱਲ ਕਰ ਲੌ ਉਨ੍ਹਾਂ ਨਾਲ, ਕੋਈ ਸਵਾਲ ਪੁੱਛੋ ਨੇਪਰੇ ਚੜ ਜਾਣ, ਉਮਰ ਲੰਮੀ ਕਰੇ ਉਨ੍ਹਾਂ ਦੀ ਪਰਮਾਤਮਾ।

ਮੇਰੀ ਪਤਨੀ ਕਹਿੰਦੀ ਹੈ- ਪਿਤਾ ਜੀ ਹੁੰਦੇ ਇੱਥੇ ਸਾਡੇ ਕੋਲ ਨੇ ਤੇ ਤਾਰੀਫ ਕਰੀ ਜਾਣਗੇ ਰਾਜੇ ਅਤੇ ਮਲਕ ਦੀ। ਇਨੇ ਵੀ ਕੀ ਖਾਸ ਨੇ ਉਹ, ਤੁਸੀਂ ਵੇਖੇ ਹੀ ਹੋਏ ਨੇ। ਰਾਜਾ, ਥਥਲਾ ਜਿਹਾ ਕਿਵੇਂ ਮੂੰਹ ਘਰੋੜ ਘਰੋੜ ਬੋਲਦਾ ਹੈ, ਸੁਨਣ ਵਾਲੇ ਨੂੰ ਸਮਝ ਹੀ ਨਹੀਂ ਆਉਂਦੀ,ਕਹਿੰਦਾ ਕੀ ਹੈ। ਟੇਬਲ ਮੈਨਰਜ਼ ਤਕ ਨਹੀਂ ਜਾਣਦੇ। ਪੁਨੀਤਾ ਦਰਸ਼ਨ ਕਰਕੇ ਰਾਜ਼ੀ ਨਹੀਂ ਤੇ ਇਹ੩ਪੁਨੀਤਾ ਦੀਆ ਲਾਲ ਲਾਲ ਪਰਾਉਂਠੀਆਂ, ਉਸਦਾ ਮੀਟ ਸਾਗ, ਉਸਦੇ ਗੋਭੀ ਆਲੂ, ਕੜਾਹ, ਉਸਦੇ ਦਹੀਂ ਭੱਲੇ,ਉਸਦਾ।

ਉਸ ਇੱਕ ਵਾਰ ਪੁਨੀਤਾ ਨੂੰ ਪੁੱਛਿਆ ਸੀ ਤਾਂ ਉਹ ਬੋਲੀ ਸੀ- ਪਿਤਾ ਜੀ ਨੂੰ ਬਿਮਾਰੀ ਹੈ, ਸਾਡੇ ਘਰ ਹੁੰਦੇ ਨੇ ਤਾਂ ਤੁਹਾਡੀਆ ਗੱਲਾਂ, ਤੁਹਾਡੀ ਤਾਰੀਫ ਕਰੀ ਜਾਣ ਗੇ। ਬੰਦਾ ਪੁੱਛੇ ਜੇ ਉਹ ਏਨੇ ਹੀ ਚੰਗੇ ਨੇ ਤਾਂ ਉਥੇ ਜਾਓ, ਏਥੇ ਕੀ ਕਰਦੇ ਹੋ। ਮੇਰੇ ਬੱਚੇ ਤਾਂ ਦੁਖੀ ਹੋ ਜਾਂਦੇ ਨੇ। ਏਨਾ ਉੱਚੀ ਬੋਲਦੇ ਨੇ, ਨੋਕ ਟੋਕ ਕਰਦੇ ਨੇ-ਕੋਕਾ ਕੋਲਾ ਜ਼ਹਿਰ ਹੈ, ਮੈਗੀ ਵਿਚ ਅਜੀਨੋਮੋਟੋ ਹੁੰਦਾ ਹੈ, ਬੱਚਿਆਂ ਦੀਆਂ ਹੱਡੀਆਂ ਖੋਰ ਦਿੰਦਾ, ਆਈਸ ਕਰੀਮ ਘਰ ਜਮਾਇਆ ਕਰੋ। ਛੋਟੇ ਭਾ ਜੀ ਦੀ ਰਮਨ ਨੇ ਤਾਂ ਇੱਕ ਦਿਨ ਸਾਫ ਕਹਿ ਦਿੱਤਾ ਸੀ-ਪਿਤਾ ਜੀ ਦਸ ਦਿਨ ਹੋ ਗਏ ਨੇ ਤੁਹਾਨੂੰ ਆਇਆਂ, ਸਾਡੇ ਘਰੋਂ ਜਾਂਦੇ ਕਿਓਂ ਨਹੀਂ। ਹੁਣ ਮਾਂ ਬਾਪ ਥੋੜਾ ਸਿਖਾਉਂਦੇ ਨੇ ਬੱਚਿਆਂ ਨੂੰ। ਬੱਚੇ ਆਪ ਸਮਝਦੇ ਨੇ ਸੱਭ।

ਪਿਤਾ ਜੀ ਨਾਂਹ ਨਾਂਹ ਕਰਦੇ। ਮੈਂ ਅਗਲਾ ਪੈਗ ਬਣਾ ਦਿੰਦਾ। ਕਹਿੰਦੇ-ਸ਼ਰਾਬ ਚੀਜ਼ ਤਾਂ ਚੰਗੀ ਹੈ,



ਥਕੇਵਾਂ ਉਤਰ ਜਾਂਦਾ ਏ, ਬੰਦੇ ਨੂੰ ਸੁਰਤ ਜਿਹੀ ਆ ਜਾਂਦੀ ਹੈ। ਪਰ ਇੱਕ ਪੈਗ ਵੱਧ ਪੀ ਲਾਂ ਤਾਂ ਅਗਲੇ ਦਿਨ ਸਵੇਰੇ ਮੇਰੇ ਕੋਲੋਂ ਮੰਜੇ ਤੋਂ ਨਹੀਂ ਉਠਿਆ ਜਾਂਦਾ।

ਮੈਨੂੰ ਪਤਾ ਹੁੰਦਾ ਪਿਤਾ ਜੀ ਹੁਣ ਕਿਹੜੀ ਗੱਲ ਕਰਨਗੇ। ਪਿਛਲੇ ਵੀਹ ਸਾਲਾਂ ਤੋਂ ਚੱਲ ਰਹੇ ਮਕਾਨ ਦੇ ਕਬਜੇ ਦੇ ਕੇਸ ਨੂੰ ਲੈ ਕੇ ਜੱਜਾਂ,ਵਕੀਲਾਂ ਨੂੰ, ਦੇਸ਼ ਦੀ ਧੀਮੀ ਨਿਆਂ ਪ੍ਰਣਾਲੀ ਨੂੰ ਕੋਸਣ ਲੱਗਦੇ। ਕਹਿੰਦੇ ਕਿ ਕਦੀ ਕਦੀ ਮੇਰੇ ਮਨ 'ਚ ਆਉਂਦਾ ਹੈ, ਹਾਈਕੋਰਟ ਦੇ ਬਾਹਰ ਭੁੱਖ ਹੜਤਾਲ ਤੇ ਬੈਠ ਜਾਵਾਂ। ਇਨਸਾਫ ਨਾਂ ਦੀ ਕੋਈ ਚੀਜ਼ ਹੀ ਨਹੀਂ ਇਸ ਦੇਸ਼ ਵਿਚ।

ਇਹ ਮਕਾਨ ਉਨਾ ਦੇ ਕਿਸੇ ਦੋਸਤ ਨੇ ਸਸਤਾ ਲੈ ਦਿੱਤਾ ਸੀ। ਜਿਸ ਬੰਦੇ ਕੋਲੋਂ ਉਨ੍ਹਾਂ ਇਹ ਮਕਾਨ ਖਰੀਦਿਆ, ਉਸਦਾ ਇੱਕ ਲਟੋਰ ਜਿਹਾ ਮੁੰਡਾ ਮਕਾਨ ਵਿਚ ਦੋ ਕਮਰੇ ਦੱਬੀ ਬੈਠਾ ਸੀ। ਹੌਲੀ ਹੌਲੀ ਉਸ ਸਾਰਾ ਮਕਾਨ ਮੱਲ ਲਿਆ। ਮਕਾਨ ਨੂੰ ਮੰਦਰ ਬਣਾ ਲਿਆ। ਇੱਕ ਕੇਸ ਦਾ ਫੈਸਲਾ ਹੁੰਦਾ ਤਾਂ ਉਹ ਕੋਈ ਨਵਾਂ ਦਾਵਾ ਠੋਕ ਦਿੰਦਾ। ਪਿਤਾ ਜੀ ਦੁਖੀ ਹੁੰਦੇ ਕਿ ਵਕੀਲ ਵੀ ਆਪਸ ਵਿਚ ਰਲੇ ਹੋਏ ਨੇ। ਕਦੀ ਆਖਦੇ ਕਿ ਇਸ ਕੇਸ ਨੇ ਹੀ ਉਨ੍ਹਾਂ ਨੂੰ ਅਜੇ ਤੱਕ ਜ਼ਿੰਦਾ ਰੱਖਿਆ ਹੋਇਆ ਹੈ। ਨਹੀਂ ਤਾਂ ਉਨ੍ਹਾਂ ਦੀ ਉਮਰ ਦੇ, ਉਨ੍ਹਾਂ ਦੇ ਨਾਲ ਦੇ ਸੱਭ ਮਰ ਮਰਾ ਗਏ ਹਨ। ਉਹ ਇੱਕ ਇੱਕ ਦਾ ਨਾਂ ਗਿਣਦੇ। ਉਹ ਅਜੀਤ ਢਿੱਲੋਂ, ਜਾਣਦਾ ਏਂ ਨਾ ਕਿੰਨਾ ਟੌਹਰ ਵਾਲਾ ਡੀ ਐਸ ਪੀ ਹੁੰਦਾ ਸੀ। ਉਦੋਂ ਬੜੀ ਗੱਲ ਸੀ ਪੁਲਿਸ ਦਾ ਡੀ ਐਸ ਪੀ ਹੋਣਾ। ਉਦੋਂ ਤੇ ਸਿਪਾਹੀ ਹੀ ਨਹੀਂ ਸੀ ਮਾਣ। ਮੰਜੀ ਨਾਲ ਮੰਜੀ ਹੋਇਆ ਪਿਐ,ਪਛਾਣ ਵਿਚ ਨਹੀਂ ਆਉਂਦਾ। ਲਿਲਕੜੀਆਂ ਕਢਦਾ ਹੈ, ਮੌਤ ਆ ਜਾਵੇ, ਰੱਬ ਚੁੱਕ ਲਵੇ, ਰੋਂਦਾ ਵੇਖਿਆ ਨਹੀਂ ਜਾਂਦਾ। ਪਿਛਲੀ ਵਾਰ ਮੈਂ ਉਸਨੂੰ ਮਿਲਣ ਗਿਆ ਤਾਂ, ਜਿਹੋ ਜਿਹੀ ਉਸਦੇ ਮੁੰਡਿਆਂ ਨੇ ਉਸ ਨਾਲ ਕੀਤੀ ਹੈ ਸੁਣ ਕੇ ਮੇਰਾ ਰੋਣ ਨਿਕਲ ਗਿਆ।

ਕੇਸ ਦੀ ਤਾਰੀਕ ਵਾਲੇ ਦਿਨ ਆਹਰ ਨਾਲ ਉਠਦੇ। ਕਿੰਨੇ ਦਿਨਾਂ ਪਿੱਛੋਂ ਨਹਾਉਂਦੇ, ਤਿਆਰ ਹੁੰਦੇ। ਕੇਸ ਦੇ ਸਾਰੇ ਕਾਗਜ਼ ਸਲੀਕੇ ਨਾਲ ਸੈਟ ਕਰਦੇ, ਕਲੰਡਰ ਤੇ ਅੱਜ ਵਾਲੀ ਤਾਰੀਕ ਉਪਰ ਕਾਂਟਾ ਮਾਰ ਦਿੰਦੇ।

-----------

ਜੀਪ ਗੇਟ ਤੇ ਰੁਕੀ ਹੈ। ਡੀ ਐਸ ਪੀ ਦੀ ਵਰਦੀ ਵਿਚ ਹਨ ਪਿਤਾ ਜੀ।

ਅਸੀਂ ਚਾਰੇ ਭਰਾ ਹਥਲਾ ਸੱਭ ਕੁਝ ਛੱਡ ਛੱਡਾ ਕੇ ਭੱਜ ਉਠੇ ਹਾਂ,ਡਰਦੇ ਹੋਏ ਆਪਣੀਆਂ ਆਪਣੀਆਂ ਖੁੱਡਾਂ ਵਿਚ ਦੱਬ ਦੁਬਕ ਗਏ ਹਾਂ। ਸੋਚਦੇ ਹਾਂ ਕਿੰਨੇ ਚੰਗੇ ਦਿਨ ਸੀ ਜਦੋਂ ਪਿਤਾ ਜੀ ਫਿਰੋਜ਼ਪੁਰ ਸਨ। ਹਰ ਰੋਜ਼ ਇਸ ਤਰਾਂ ਘਰ ਨਹੀਂ ਸਨ ਆ ਧਮਕਦੇ।

ਫਿਰ ਪਿਤਾ ਜੀ ਰਿਟਾਇਰ ਹੋ ਗਏ। ਪਿਤਾ ਜੀ ਘਰ, ਅਸੀਂ ਚਾਰੇ ਭਰਾ ਇੱਕ ਇੱਕ ਕਰਕੇ ਘਰੋਂ ਬਾਹਰ। ਰਹਿ ਗਏ ਪਿਤਾ ਜੀ ਤੇ ਬੀਬੀ। ਬੀਬੀ ਨਾਲ ਸ਼ੁਰੂ ਤੋਂ, ਕਦੀ ਨਾ ਬਣੀ ਪਿਤਾ ਜੀ ਦੀ। ਫਿਰ ਬੀਬੀ ਮਰ ਗਈ। ਕੋਠੀ ਵਿਚ ਬਚ ਗਏ ਪਿਤਾ ਜੀ।

ਮੈਂ ਅੰਮ੍ਰਿਤਸਰ ਛੱਡ ਕੇ ਚੰਡੀਗੜ੍ਹ ਆ ਗਿਆ ਸਾਂ ਤਾਂ ਪਿਤਾ ਜੀ ਮੇਰੇ ਨਾਲ ਨਾਰਾਜ਼ ਸਨ, ਕਿੰਨੀ ਦੇਰ ਨਹੀਂ ਸਨ ਬੋਲੇ ਮੇਰੇ ਨਾਲ। ਕਦੀ ਕੋਈ ਮਿਲ ਕੇ ਆਉਂਦਾ ਤਾਂ ਦੱਸਦਾ-ਤੇਰੇ ਬਾਰੇ ਪੁੱਛਦੇ ਸਨ, ਕਿਵੇਂ ਹੈ, ਖੁਸ਼ ਹੈ, ਪੈਸੇ ਧੇਲੇ ਦੀ ਲੋੜ ਤਾਂ ਨਹੀਂ, ਬੰਨੀ ਠੀਕ ਹੈ ਪੜ੍ਹਾਈ ਵਿਚ। ਕੁੜੀ।

ਚੰਡੀਗੜ੍ਹ ਆ ਕੇ ਮੈਂ ਕਈ ਵਾਰ ਪਿਤਾ ਜੀ ਦੀ ਕਮੀ ਮਹਿਸੂਸ ਕੀਤੀ। ਮੇਰੀ ਪਤਨੀ ਨੂੰ ਵੀ ਪਿਤਾ ਜੀ ਬਹੁਤ ਵਾਰ ਯਾਦ ਆਏ। ਜਦੋਂ ਮੈਂ ਕਈ ਕਈ ਦਿਨ ਲਗਾਤਾਰ ਯਾਰ ਦੋਸਤਾਂ ਨਾਲ ਪੀ ਕੇ ਰਾਤਾਂ ਨੂੰ ਲੇਟ ਘਰ ਆਉਂਦਾ ਸਾਂ। ਦਿਨ ਨੂੰ ਅਪਣੇ ਆਪ, ਆਪਣੀ ਸ਼ਰੀਰਕ ਟੁੱਟ ਭੱਜ ਤੇ ਸ਼ਰਮ ਆਉਂਦੀ। ਲੋੜ ਮਹਿਸੂਸ ਹੁੰਦੀ ਪਿਤਾ ਜੀ ਦੀ, ਕਿ ਸਿਰ ਤੇ ਕੋਈ ਛਿੱਤਰਾਂ ਵਾਲਾ ਚਾਹੀਦਾ ਹੈ। ਅੰਮ੍ਰਿਤਸਰ ਹੋਈ ਦਾ ਸੀ, ਤਾਂ ਕਦੀ ਇਨੇ ਆਵਾਰਾ ਨਹੀਂ ਸੀ ਹੋਈ ਦਾ, ਪਿਤਾ ਜੀ ਦਾ ਡਰ ਹੁੰਦਾ ਸੀ।

ਮੇਰਾ ਬੇਟਾ ਬੰਨੀ, ਬੈੱਡ ਤੇ ਮੇਰੇ ਨਾਲ ਪਿਆ ਹੈ।

ਕਦੀ ਲੋਰ ਵਿਚ ਹੁੰਦਾ ਹੈ ਤਾਂ ਮੈਨੂੰ ਆਪਣੀਆਂ ਬਾਹਾਂ ਵਿਚ ਭਰ ਲੈਂਦਾ ਹੈ। ਮੈਨੂੰ ਪਿਤਾ ਜੀ ਦੇ ਨਾਂ ਨਾਲ ਬੁਲਾਉਂਦਾ ਹੈ- ਫਿਰ ਕੋਈ ਪਿੰਡ ਦੀ ਗੱਲ ਸੁਣਾ ਸੂਰਤ ਸਿਹਾਂ।

ਉਸਦੇ ਕੱਦ ਕਾਠ, ਉਸਦੀ ਜਵਾਨ ਡੀਲ ਡੌਲ ਸਾਹਮਣੇ ਮੈਂ ਛੋਟਾ ਪੈ ਜਾਂਦਾ ਹਾਂ। ਮੈਂ ਸੱਚ ਮੁੱਚ ਸੂਰਤ ਸਿੰਘ ਹਾਂ ਜਿਵੇਂ। ਬੰਨੀ ਨੇ ਮੈਨੂੰ ਠੀਕ ਹੀ ਸੂਰਤ ਸਿੰਘ ਕਹਿ ਕੇ ਸੰਬੋਧਨ ਕੀਤਾ ਹੈ। ਮੈਂ ਵੀ ਬਹੁਤ ਵਾਰ ਪਿਤਾ ਜੀ ਵਾਂਗ ਹੀ ਤਾਂ ਕਰਦਾ ਹਾਂ। ਇੱਕ ਚੀਜ਼ ਪਿੱਛੇ ਸਾਰਾ ਸ਼ਹਿਰ ਘੁੰਮ ਸੁੱਟਾਂ ਗਾ। ਟਿਕਾਊ ਤੇ ਸਸਤੀ ਚੀਜ਼ ਢੂੰਢਾਂ ਗਾ ਅਤੇ ਖਰੀਦ ਕੇ ਘਰ ਭਰ ਦਿਆਂ ਗਾ। ਪਤਨੀ ਦੁਖੀ ਹੋਵੇਗੀ। ਵੇਖ ਲਿਆ ਕਰੋ- ਘਰ ਵਿਚ ਰੱਖਣ ਨੂੰ ਥਾਂ ਵੀ ਹੈ। ਆਲੂ ਵੱਡੇ ਵੱਡੇ ਨਹੀਂ ਦਰਮਿਆਨੇ ਸਾਈਜ਼ ਦੇ ਖਰੀਦਣੇ ਹਨ। ਵੱਡਿਆਂ ਨੂੰ ਜਿਆਦਾ ਖਾਦ ਪਈ ਹੁੰਦੀ ਹੈ। ਮੀਟ ਲਵੋ ਤਾਂ ਪਹਿਲਾਂ ਪੁਛ ਵੇਖੋ, ਬਕਰਾ ਹੈ ਵੀ ਕਿ ਝਟਕਈ ਨੇ ਭੇਡ ਟੰਗ ਰੱਖੀ ਹੈ। ਜਿਆਦਾ ਵੱਡਾ, ਜਿਆਦਾ ਉਮਰ ਦਾ ਤਾਂ ਨਹੀਂ, ਕਿ ਗਲੇ ਹੀ ਨਾ। ਮੱਛੀ ਹੈ ਤਾਂ ਟੋਹ ਕੇ ਵੇਖੋ ਸਖਤ ਹੈ, ਪਿਲਪਿਲੀ ਤਾਂ ਨਹੀਂ। ਗਲਫੜੇ ਗੁਲਾਬੀ ਹਨ। ਪਹਿਲਾਂ ਮੀਟ ਨੂੰ ਭੁੰਨੋਂ, ਘਿਓ ਛੱਡ ਦੇਵੇ ਫਿਰ ਗਰਮ ਪਾਣੀ ਪਾਓ। ਟਮਾਟਰ ਖਰੀਦ ਰਹੇ ਹੋ ਤਾਂ ਕੁਝ ਅੱਧ ਪੱਕੇ ਵੀ ਖਰੀਦੋ, ਵਰਤਣ ਦੇ ਨਾਲ ਨਾਲ ਪਕਦੇ ਜਾਣ, ਹਫਤਾ ਚੱਲ ਜਾਣ। ਕਿਥੋਂ ਸਿੱਖਿਆ ਸੀ ਪਿਤਾ ਜੀ ਨੇ ਇਹ ਸਾਰਾ ਕੁਝ। ਬੀਬੀ ਕਹਿੰਦੀ ਹੁੰਦੀ ਸੀ-

-ਤੇਰਾ ਪਿਓ ਸੱਪ ਦੇ ਮੂੰਹ 'ਚੋਂ ਕੱਢਕੇ ਲਿਆਉਂਦਾ ਹੈ ਚੀਜ਼।

ਪਿਤਾ ਜੀ ਨੂੰ ਪਤਾ ਸੀ, ਸ਼ਹਿਰ ਦਾ ਕਿਹੜਾ ਹਲਵਾਈ ਮੂੰਗੀ ਦੀ ਦਾਲ ਦਾ ਹਲਵਾ ਵਧੀਆ ਬਣਾਉਂਦਾ ਹੈ। ਪਕੌੜੇ ਹਕੀਮਾਂ ਵਾਲੇ ਗੇਟ ਦੇ, ਪੀਠੀ ਕਟੜਾ ਸ਼ੇਰ ਸਿੰਘ ਵਾਲੇ ਬੂਟਾ ਸਿੰਘ ਦੀ, ਮੀਟ ਛੱਜੂ ਦਾ, ਦੇਸੀ ਘਿਓ ਤਲੋਕੇ ਦਾ। ਦਰਜ਼ੀ ਕਿਹੜਾ ਚੰਗਾ ਹੈ। ਮਸਾਲੇ ਕਿਥੋਂ ਚੰਗੇ ਮਿਲਦੇ ਹਨ। ਤਰਖਾਣ ਸੁਲਤਾਨ ਵਿੰਡ ਗੇਟ ਵਾਲਾ ਅਮਰ ਸਿੰਘ, ਹੈ ਬੇਇਮਾਨ, ਤੇ ਝੂਠਾ ਵੀ ਪਰਲੇ ਦਰਜੇ ਦਾ, ਪਰ ਤਰਖਾਣਾ ਕੰਮ ਉਸ ਵਰਗਾ ਕੋਈ ਨਹੀਂ ਕਰਦਾ। ਤੁਸੀਂ ਕਮਰੇ ਵਿਚ ਨਹੀਂ ਤਾਂ ਪੱਖਾ ਕਿਓਂ ਚੱਲ ਰਿਹਾ ਹੈ। ਨਹੁੰ ਨਹਾਉਣ ਤੋਂ ਬਾਦ ਕੱਟੋ ਤਾਂ ਕਿ ਨਰਮ ਹੋ ਜਾਣ। ਸ਼ਾਮ ਨੂੰ ਪੀਣੀ ਹੈ ਤਾਂ ਤਿੰਨ ਵਜੇ ਤੋਂ ਬਾਦ ਕੁਝ ਖਾਣ ਦੀ ਕੀ ਤੁਕ।

-ਬੰਨੀ ਤੂੰ ਆਈ ਏ ਐਸ ਦਾ ਇਮਤਿਹਾਨ ਜ਼ਰੂਰ ਦਵੀਂ, ਮੇਰਾ ਪੁੱਤ। ਸਾਡੇ ਘਰ 'ਚ ਇਕ ਮੁੰਡਾ ਆਈ ਏ ਐਸ ਬਣ ਜਾਏ, ਮੌਜਾਂ ਬਣ ਜਾਣ।

ਹਰ ਸਾਲ ਉਨਾਂ ਦਾ ਚੈਲੰਜ ਹੁੰਦਾ, ਜਿਹੜਾ ਪੋਤਰਾ ਜਾਂ ਪੋਤੀ ਪਚੱਤਰ ਪਰਸੈਂਟ ਤੋਂ ਉਪਰ ਨੰਬਰ ਲੈ ਗਿਆ, ਅਗਲਾ ਸਾਰਾ ਸਾਲ ਉਨਾਂ ਵੱਲੋਂ ਹਜ਼ਾਰ ਰੁਪਿਆ ਵਜੀਫ਼ਾ,ਉਸਦਾ ਮਹੀਨੇ ਦਾ ਪੱਕਾ।

ਬੰਨੀ ਕਹਿੰਦਾ ਹੈ-ਪਾਪਾ ਅਸੀਂ ਸਾਰੇ ਕਿਵੇਂ ਆਪਸ ਵਿਚ ਸਾਰੀਆਂ ਗੱਲਾਂ ਕਰ ਲੈਂਦੇ ਹਾਂ। ਮੇਰਾ ਦੋਸਤ ਸੰਜੂ ਕਹਿੰਦਾ ਹੈ ਉਸ ਨੂੰ ਆਪਣੇ ਡੈਡੀ ਨਾਲ ਗੱਲ ਕੀਤਿਆਂ ਕਈ ਵਾਰ ਹਫਤੇ ਬੀਤ ਜਾਂਦੇ ਹਨ। ਕਦੀ ਗੱਲ ਹੁੰਦੀ ਵੀ ਹੈ ਤਾਂ ਯਸ ਜਾਂ ਨੋ ਤਕ।

ਇੱਕ ਵਾਰ ਮੇਰੇ ਭਰਾ ਦੇ ਮੁੰਡੇ ਦੀ ਸ਼ਾਦੀ ਸੀ। ਮੈਂ ਜ਼ਿਆਦਾ ਪੀ ਗਿਆ। ਪੀ ਕੇ ਪਿਤਾ ਜੀ ਨਾਲ ਖਹਿਬੜ ਪਿਆ। ਮੈਨੂੰ ਗੁੱਸਾ ਸੀ ਕਿ ਉਨਾਂ ਕੋਲ ਹੁਣ ਜਿਆਦਾ ਸਮਾਂ ਨਹੀਂ,ਉਹ ਜਿਊਂਦੇ ਜੀ ਜਾਇਦਾਦ ਦੀ ਵੰਡ ਕਿਓਂ ਨਹੀਂ ਕਰ ਰਹੇ। ਪਿੱਛੋਂ ਚਾਰੇ ਭਰਾ ਅਸੀਂ ਆਪਸ ਵਿਚ ਲੜਦੇ ਫਿਰਾਂਗੇ। ਘਰ ਵਿਚ ਦੋਸਤ ਰਿਸ਼ਤੇਦਾਰ ਆਏ ਹੋਏ ਸਨ। ਪਤਾ ਨਹੀਂ ਕੀ ਕੀ ਕਿਹਾ ਮੈਂ ਸ਼ਰਾਬੀ ਹੋਏ ਨੇ। ਰਾਤ ਕਮਰੇ ਵਿਚ ਹੀ ਪਿਸ਼ਾਬ ਕਰ ਦਿੱਤਾ। ਇਨੀ ਠੰਡ ਸੀ, ਪਿਤਾ ਜੀ ਅੱਧੀ ਰਾਤ, ਕਮਰਾ ਸਾਫ ਕਰ ਰਹੇ ਸਨ, ਪੋਚਾ ਲਗਾ ਰਹੇ ਸਨ ਤਾਂ ਕਿ ਦਿਨੇ ਵੇਖਕੇ ਲੋਕ ਮੇਰੇ ਤੇ ਹੱਸਣ ਨਾ। ਬਾਦ ਵਿਚ ਬੰਨੀ ਨੇ ਮੈਨੂੰ ਕਿਹਾ ਸੀ-ਪਾਪਾ ਮੈਨੂੰ ਉਸ ਰਾਤ ਪਤਾ ਲੱਗਾ, ਪਿਓ ਪੁੱਤ ਦਾ ਰਿਸ਼ਤਾ ਕੀ ਹੁੰਦਾ ਹੈ।

ਪਿਤਾ ਜੀ ਮੈਨੂੰ ਸਾਰਿਆਂ ਭਰਾਵਾਂ ਚੋਂ ਚੰਗਾ ਸਮਝਦੇ ਸਨ। ਚੰਗਾ ਤੇ ਇਮਾਨਦਾਰ। ਇਸ ਵਿਚ ਮੇਰੀ ਪਤਨੀ ਵੀ ਸੀ, ਜਿਹੜੀ ਬਾਕੀਆਂ ਵਾਂਗ ਛੋਟਾ ਨਹੀਂ ਸੀ ਸੋਚਦੀ। ਲਾਲਚ ਨਹੀਂ ਸੀ ਕਰਦੀ। ਉਸ ਉਨਾਂ ਨੂੰ ਹਮੇਸ਼ਾਂ ਆਪਣੇ ਬਾਊ ਜੀ ਵਾਂਗ ਸਮਝਿਆ ਸੀ। ਉਨਾਂ ਦੀਆਂ ਤਲਖ਼ੀਆਂ ਨੂੰ ਤੂਲ ਨਹੀਂ ਸੀ ਦਿੱਤੀ।



ਛੋਟੇ ਦੀ ਪਤਨੀ ਦੇ ਉਲਟ ਕਦੀ ਪਿੱਠ ਪਿੱਛੇ ਵੀ ਪਿਤਾ ਜੀ ਨੂੰ ਬੁਰਾ ਨਹੀਂ ਸੀ ਕਿਹਾ। ਉਸਨੂੰ ਸੀ ਕਿ ਪੈਸਾ ਜਾਂ ਪ੍ਰਾਪਰਟੀ ਜਿਨਾ ਕੁਝ ਬੰਦੇ ਦੇ ਭਾਗਾਂ ਵਿਚ ਲਿਖਿਆ ਹੋਏ ਬੰਦੇ ਨੂੰ ਮਿਲ ਜਾਂਦਾ ਹੈ। ਇਸ ਲਈ ਕਿਸੇ ਯਤਨ ਜਾਂ ਤਰਲੋ ਮੱਛੀ ਹੋਣ ਦੀ ਲੋੜ ਨਹੀਂ ਹੁੰਦੀ। ਜਦੋਂ ਕਿ ਪਿਤਾ ਜੀ ਜਿਸ ਵੀ ਪੁੱਤਰ ਦੇ ਘਰ ਹੁੰਦੇ ਉਹੀ ਆਪਣੇ ਖਰਚ, ਮਹਿੰਗਾਈ, ਆਪਣੀਆਂ ਵਧੀਆਂ ਹੋਈਆਂ ਲੋੜਾਂ ਦਾ ਰੋਣਾ ਪਾ ਬਹਿੰਦਾ। ਵਸੀਲਿਆਂ ਦੀ ਘਾਟ ਗਿਣਾਉਂਦਾ, ਕੋਸ਼ਿਸ਼ ਕਰਦਾ ਕਿ ਪਿਤਾ ਜੀ ਪਿਘਲ ਜਾਣ। ਪਰ ਉਹ ਥੋੜ੍ਹੀ ਕੀਤੇ ਕਾਬੂ ਨਹੀਂ ਸਨ ਆਉਂਦੇ। ਪਿਤਾ ਜੀ ਕੋਠੀ ਛੋਟੇ ਨੂੰ ਦੇਣ ਦੀ ਗੱਲ ਕਰਦੇ, ਕਹਿੰਦੇ- ਤੁਹਾਡੇ ਸਾਰਿਆ ਕੋਲ ਰੱਬ ਦਾ ਦਿੱਤਾ ਸੱਭ ਕੁਝ ਹੈ। ਮੈਨੂੰ ਦਿਨ ਰਾਤ ਉਸਦੀ ਚਿੰਤਾ ਰਹਿੰਦੀ ਹੈ। ਹਰਾਮਦਾ ਬਦਮਾਸ਼ ਹੈ ਉਸਦਾ ਕੋਈ ਭਰੋਸਾ ਨਹੀਂ, ਪਤਾ ਨਹੀਂ ਕਦੋਂ ਗੁੱਸੇ ਵਿਚ ਉਸਨੇ ਕਿਸੇ ਨੂੰ ਮਾਰ ਦੇਣਾ ਹੈ ਜਾਂ ਕਿਸੇ ਨੇ ਉਸਨੂੰ। ਓਸ ਦੇ ਬੱਚੇ ਰੁਲ ਜਾਣ ਗੇ।

-ਪੁਨੀਤਾ ਸ਼ਲਗਮ ਬਹੁਤ ਵਧੀਆ ਬਣਾਉਂਦੀ ਹੈ। ਤੁਹਾਡੇ ਵੀ ਚੰਗੇ ਸਨ ਪਰ ਪਾਣੀ ਬਿਲਕੁਲ ਨਹੀਂ ਹੋਣਾ ਚਾਹੀਦਾ। ਰਾਤ ਪਾਣੀ ਪੂਰੀ ਤਰਾਂ ਸੁਕਿਆ ਨਹੀਂ ਸੀ । ਹੁਣ ਮੇਥੀ ਆਲੂ ਬਣਾਏਂਗੀ ਤਾਂ ਸਰੋਂ ਦੇ ਤੇਲ ਵਿਚ ਬਣਾਈਂ, ਰਿਫਾਇੰਡ ਵਿਚ ਨਾ ਬਣਾ ਧਰੀਂ। ਮੇਰੇ ਸਾਰੀ ਰਾਤ ਮੂੰਹ'ਚੋਂ ਥੁੱਕ ਆਉਂਦਾ ਰਿਹੈ। ਪਤਾ ਨਹੀ ਇਥੋਂ ਦੇ ਪਾਣੀ ਕਰਕੇ ਹੈ ਕਿ ਥੈਲੀਆਂ ਵਾਲੇ ਦੁੱਧ ਕਰਕੇ। ਤੂੰ ਕਦੀ ਆਪਣੀ ਸੱਸ ਦੇ ਬਣਾਏ ਮੇਥੀ ਆਲੂ ਖਾਧੇ ਹੁੰਦੇ ਤਾਂ ਤੈਨੂੰ ਪਤਾ ਹੁੰਦਾ। ਮੇਥੀ ਵਿਚ ਨਿੱਕੇ ਨਿੱਕੇ ਆਲੂ ਪਾਉਂਦੀ ਸੀ, ਬਿਨਾ ਛਿੱਲੇ ਹੋਏ ਤੇ ਉਪਰ ਦੀ ਦੇਸੀ ਘਿਓ।

-ਪਿਤਾ ਜੀ ਖਾਣ ਦਾ ਕਦੀ ਮੌਕਾ ਹੀ ਨਹੀਂ ਮਿਲਿਆ। ਮੇਰੀ ਪਤਨੀ ਹੱਸ ਪੈਂਦੀ ਹੈ।

-ਮੈਂ ਕੀ ਕਰਾਂ, ਬਹੁਤ ਕੁੱਤੀ ਸੀ ਤੁਹਾਡੀ ਮਾਂ। ਮੇਰੇ ਸਿਵਾ ਕਿਸੇ ਨੂੰ ਨਹੀਂ ਸੀ ਖਵਾ ਸਕਦੀ। ਨਹੀਂ ਤਾਂ ਸਾਰਾ ਟੱਬਰ ਅੱਜ ਇੱਕਠਾ ਨਾ ਹੁੰਦਾ। ਮੈਂ ਘਰ'ਚ ਕੋਈ ਚੀਜ਼ ਮੁਕੱਣ ਨਹੀਂ ਸੀ ਦੇਣੀ।

ਕਦੀ ਆਖਦੇ-ਪੁੱਤ ਮੇਰੀ ਗੱਲ ਦਾ ਗੁੱਸਾ ਨਾ ਕਰਿਆ ਕਰ, ਇਹ ਸਾਡੀ ਖਾਨਦਾਨੀ ਆਦਤ ਹੈ ਉੱਚੀ ਉੱਚੀ ਬੋਲਣ ਦੀ। ਸਾਡੇ ਦਿਲ'ਚ ਕੁਝ ਨਹੀਂ।

-ਪਰ ਪਿਤਾ ਜੀ ਇਹ ਵੀ ਕੀ ਹੋਇਆ। ਤੁਹਾਡੇ ਕੋਲ ਨਹੀਂ ਕੁਝ,ਚਲੋ ਠੀਕ ਹੈ। ਪਰ ਜੇ ਹੋਵੇ, ਬੰਦਾ ਦੇ ਉਹ ਦੂਸਰਿਆਂ ਨੂੰ ਦੇਵੇ ਤੇ ਖੰਘਣ ਥੁਕੱਣ ਤੁਹਾਡੇ ਘਰ ਆ ਜਾਵੇ। ਦੁੱਖ ਤਾਂ ਹੁੰਦਾ ਹੈ ਨਾ ਬੰਦੇ ਨੂੰ।

ਮੈਂ ਕਹਿੰਦਾ ਤਾਂ, ਸੁਣਕੇ ਪਿਤਾ ਜੀ ਨੂੰ ਇੱਕ ਅਜੀਬ ਜਿਹੀ ਖੁਸ਼ੀ ਮਿਲਦੀ, ਉਨ੍ਹਾਂ ਦਾ ਚਿਹਰਾ ਖਿਲ ਉਠਦਾ। ਬੰਨੀ ਨੂੰ ਕਹਿੰਦੇ-

-ਸੁਣ, ਕੀ ਆਖਦਾ ਹੈ ਤੇਰਾ ਪਿਓ, ਜੇ ਮੇਰੇ ਕੋਲ ਕੁਝ ਹੁੰਦਾ ਨਾ, ਤੁਸੀਂ ਸਾਰੇ ਤਾਂ ਮੈਨੂੰ ਪਾਣੀ ਦਾ ਘੁੱਟ ਨਾ ਪੁੱਛਦੇ। ਜਿਹੋ ਜਿਹਾ ਤੁਹਾਡਾ ਲਹੂ ਹੈ।

ਇੱਕ ਵਾਰ ਬੰਨੀ ਕੁਝ ਮੰਗ ਰਿਹਾ ਸੀ। ਮੈਂ ਕਾਫੀ ਦਿਨਾਂ ਤੋਂ ਉਸ ਨੂੰ ਟਾਲ ਰਿਹਾ ਸਾਂ। ਪੈਸੇ ਨਹੀਂ ਸਾਂ ਦੇ ਰਿਹਾ। ਅਗਲੀ ਵਾਰ ਆਏ ਤਾਂ ਪੰਜਾਹ ਹਜ਼ਾਰ ਡਾਕਖਾਨੇ ਵਿਚ ਜਮਾ ਕਰਵਾ ਦਿੱਤਾ।

-ਜਦੋਂ ਲੋੜ ਹੋਵੇ ਚੁੱਪ ਕਰਕੇ ਵਿਆਜ਼ ਕਢਵਾ ਲਿਆ ਕਰ। ਇਹਦੇ ਕੋਲੋਂ ਨਾ ਮੰਗਿਆ ਕਰ। ਤੇਰਾ ਪਿਓ ਕੰਜੂਸ ਹੈ। ਪਰ ਪੁੱਤ ਇਹ ਵੀ ਨਹੀਂ ਹੋਣਾ ਚਾਹੀਦਾ ਕਿ ਛੇ ਛੇ ਕਮੀਜ਼ਾਂ, ਛੇ ਛੇ ਪੈਂਟਾਂ ਘਰ ਵਿਚ ਰੁਲਦੀਆ ਫਿਰਨ। ਮਾਂ ਤੇਰੀ ਸਾਂਭਦੀ ਪਾਗਲ ਹੋ ਜਾਏ। ਪਹਿਲਾਂ ਵੇਖੋ, ਚੀਜ਼ ਦੀ ਲੋੜ ਹੈ।

ਆਖਦੇ- ਬੰਨੀ ਤੂੰ ਵਿਆਹ ਕਰਵਾ ਮੀਰਾ ਨਾਲ, ਇੱਕ ਮੁੰਡਾ ਜੰਮ ਦੇ। ਮੈਂ ਪੜਪੋਤਾ ਵੀ ਵੇਖ ਲਵਾਂ।ਦਸ ਹਜ਼ਾਰ ਦਊਂਗਾ ਮੈਂ ਤੈਨੂੰ।

-ਕਿਹੜੇ ਜ਼ਮਾਨੇ ਦੀ ਗੱਲ ਕਰਦੇ ਹੋ। ਇਸ ਤੋਂ ਵੱਧ ਤਾਂ ਪਿਤਾ ਜੀ ਅੱਜ ਕੱਲ ਖੁਸਰੇ ਲੈ ਜਾਂਦੇ ਨੇ। ਬੰਨੀ ਦਾ ਜਵਾਬ ਹੁੰਦਾ।

ਸ਼ਾਮ ਨੂੰ ਦੋ ਪੈਗ ਅੰਦਰ ਗਏ ਹੁੰਦੇ ਤਾਂ ਕਈ ਵਾਰ ਮੁਲਕ ਦੀ ਵੰਡ ਸ਼ੁਰੂ ਹੋ ਜਾਂਦੀ। ਪਿੱਛੇ ਪਾਕਿਸਤਾਨ ਵਿਚ ਰਹਿ ਗਿਆ ਪਿੰਡ, ਘਰ, ਸ਼ਾਹੂਕਾਰਾ, ਲਾਹੌਰ, ਸਿੱਖ ਨੈਸ਼ਨਲ ਕਾਲਜ਼, ਮਾਂ, ਉਨ੍ਹਾਂ ਦਾ ਬਾਬਾ,

ਸਾਡਾ ਬਾਬਾ ਜਿਸ ਸਾਰੀ ਉਮਰ ਮੀਟ ਸ਼ਰਾਬ ਨੂੰ ਛੂਹਿਆ ਤਕ ਨਹੀਂ। ਬੀਬੀ। ਬੀਬੀ ਦਾ ਵਰਤੋਂ ਵਿਹਾਰ, ਬੀਬੀ ਬਾਰੇ ਪਛਤਾਵਾ ਕਿ ਅੰਤ ਸਮੇਂ ਉਨ੍ਹਾਂ ਉਸਦੀ ਕਦਰ ਨਾ ਪਾਈ। ਆਖਰੀ ਸਮੇਂ ਬੀਬੀ ਮੰਜੇ ਤੇ ਸੀ ਤਾਂ ਹਮਦਰਦੀ ਦੀ ਥਾਂ ਉਨ੍ਹਾਂ ਦੇ ਸ਼ਬਦ ਹੁੰਦੇ-ਨਖਰੇ ਕਰਦੀ ਹੈ, ਕੁਝ ਨਹੀਂ ਹੋਇਆ ਇਸਨੂੰ। ਪੁੱਛੇ ਕੌਣ, ਬਣਾ ਕੇ ਵੀ ਰੱਖੀ ਹੈ ਇਸ ਕਿਸੇ ਨਾਲ।

- ਬੰਨੀ ਤੇਰਾ ਪਿਓ ਕੀ ਕਰਦਾ ਹੈ। ਰਾਤ ਗਿਆਰਾਂ ਗਿਆਰਾਂ ਵਜੇ ਘਰ ਆਉਂਦਾ ਹੈ। ਬੰਦਾ ਪੁੱਛੇ ਤੇਰਾ ਘਰ ਪਰਿਵਾਰ ਹੈ, ਹੀਰੇ ਵਰਗਾ ਪੁੱਤਰ ਹੈ। ਮੇਰਾ ਦਿਲ ਬੜਾ ਦੁਖੀ ਹੁੰਦਾ ਏ ਏਥੇ ਆ ਕੇ।

- ਬੰਨੀ ਇਹ ਕਿਹੋ ਜਿਹੀ ਹਜਾਮਤ ਕਰਵਾ ਲਈ ਏ ਤੂੰ, ਜਿਵੇਂ ਕੋਈ ਕੰਜਰਾਂ ਦਾ ਮੁੰਡਾ ਹੋਵੇ।

- ਪਿਤਾ ਜੀ ਸਟਾਈਲ ਹੈ ਸਟਾਈਲ। ਬੰਨੀ ਹੱਸਦਾ।

- ਸਵਾਹ ਤੇ ਮਿੱਟੀ ਹੈ ਤੇਰਾ ਸਟਾਈਲ, ਸਟਾਈਲ ਦੀ ਗੱਲ ਕਰਦਾ ਹੈਂ ਤਾਂ ਸੁਣ, ਸਾਡੇ ਪਿੰਡ ਹੁੰਦਾ ਸੀ ਇੱਕ ਮੂਲਾ ਖੱਤਰੀ

- ਜਿਸਦੇ ਤਿੰਨ ਮੁੰਡੇ ਸਨ ਪਿਤਾ ਜੀ, ਇੱਕ ਮਹਿੰਗਾ ਸੀ, ਇੱਕ ਬਿਸ਼ਨਾ, ਇੱਕ ਉਸ ਤੋਂ ਛੋਟਾ। ਵੇਖ ਲੌ ਮੈਨੂੰ ਯਾਦ ਹੈ।

ਕਿੰਨੀ ਵਾਰ ਸੁਣ ਚੁਕਾ ਹੁੰਦਾ ਬੰਨੀ ਇਹ ਕਹਾਣੀ। ਪਿਤਾ ਜੀ ਇੱਕ ਗੱਲ ਕਈ ਕਈ ਵਾਰ ਸੁਣਾ ਚੁਕੇ ਹੁੰਦੇ, ਫਿਰ ਸੁਨਾਉਣ ਲੱਗ ਪੈਂਦੇ। ਬੰਦੇ ਨੂੰ ਭੁੱਖ ਲੱਗਣੀ ਚਾਹੀਦੀ ਤੇ ਰੱਜ ਕੇ ਨੀਂਦ ਆਉਣੀ ਚਾਹੀਦੀ ਹੈ। ਮਿਹਰ ਹੈ ਮਹਾਰਾਜ ਦੀ, ਮੇਰੇ ਲਾਗੇ ਢੋਲ ਕੁੱਟੀ ਦੇ ਹੋਣ, ਮੇਰੀ ਅੱਖ ਨਹੀਂ ਖੁੱਲਦੀ।

-ਕੁੜੀਏ ਮਾਂਹ ਦੀ ਧੋਤੀ ਦਾਲ ਭਿਓਂ ਦੇ। ਸਵੇਰੇ ਦਹੀਂ ਭੱਲੇ ਬਣਾਈਂ। ਸੌਂਗੀ ਤੇ ਸਾਬਤ ਕਾਲੀਆਂ ਮਿਰਚਾਂ ਘਰ ਵਿਚ ਹਨ, ਨਹੀਂ ਤਾਂ ਬਾਜ਼ਾਰੋਂ ਮੰਗਵਾ ਲੈ।

- ਫਿਰ ਕਹੋ ਗੇ ਸ਼ਰੀਰ ਜੁੜ ਗਿਆ ਏ, ਮਾਂਹ ਦੀ ਦਾਲ ਬਾਦੀ ਹੁੰਦੀ ਏ।

- ਯਾਰ ਦਿਲ ਕਰਦਾ ਏ ਖਾਣ ਨੂੰ, ਕਿੰਨੇ ਦਿਨ ਹੋ ਗਏ ਨੇ ਦਹੀਂ ਭੱਲੇ ਖਾਧਿਆਂ।

- ਕੱਲ ਮੱਛੀ ਖਾਧੀ ਸੀ ਨਾ, ਲੱਗਦਾ ਹੈ ਅੱਜ ਮੇਰੇ ਸ਼ਰੀਰ ਵਿਚ ਜਾਨ ਹੈ। ਦਰਅਸਲ ਅੰਮ੍ਰਿਤਸਰ ਮੇਰੀ ਖੁਰਾਕ ਠੀਕ ਨਹੀਂ। ਪਰ ਕੁਝ ਵੀ ਹੋਵੇ ਅਜੇ ਮੈਂ ਦਸ ਸਾਲ ਨਹੀਂ ਲਈ ਦਾ। ਵਾਪਸ ਜਾ ਕੇ ਪਹਿਲਾ ਕੰਮ ਇਹ ਕਰਨਾ ਹੈ, ਪੁਨੀਤਾ ਨੂੰ ਵਾਸ਼ਿੰਗ ਮਸ਼ੀਨ ਲੈ ਕੇ ਦੇਣੀ ਹੈ।

ਪੁਨੀਤਾ ਨੇ ਪਿਤਾ ਜੀ ਨੂੰ ਕਦੀ ਸਿੱਧੇ ਮੂੰਹ ਨਹੀਂ ਬੁਲਾਇਆ। ਵਿਚਲੇ ਬਲਕਾਰ ਦੀ ਵਹੁਟੀ ਨੂੰ ਨਾਂ ਲੈ ਕੇ ਉੱਚੀ ਸਾਰੀ ਗ੍ਰਾਹਲ ਕੱਢਦੇ-

-ਇਨਾਂ ਦਾ ਮਕਾਨ ਬਣਦਾ ਸੀ। ਇੱਟਾਂ ਤੇ ਸੀਮੇਂਟ ਦੇ ਟਰੱਕ ਭਰ ਭਰ ਮੈਂ ਭੇਜਦਾ ਰਿਹਾ ਫਿਰੋਜ਼ਪੁਰੋਂ,ਕਹਿੰਦੀ ਹੈ ਮਕਾਨ ਮੇਰੇ ਪੇਕਿਆਂ ਕਰਕੇ ਬਣ ਗਿਐ। ਬਲੂ ਮੈਂ ਕਿਸੇ ਕੋਲੋਂ ਕੋਈ ਇਨਾਮ ਨਹੀਂ ਲੈਣਾ ਪਰ ਬੰਦਾ ਕਿਸੇ ਦਾ ਕੀਤਾ ਚੇਤੇ ਤਾਂ ਰੱਖੇ।

ਕੋਠੀ ਹੁੰਦੇ ਤਾਂ ਕਹਿ ਕਹਿ ਕੇ ਛੋਟੇ ਦੇ ਬੱਚਿਆਂ ਨੂੰ ਬੁਲਾਉਂਦੇ। ਬੱਚੇ ਆ ਜਾਂਦੇ ਤਾਂ ਅੱਧੇ ਘੰਟੇ ਬਾਦ ਹੀ ਖਿਝ ਰਹੇ ਹੁੰਦੇ- ਤੁਸੀਂ ਮੇਰੀਆਂ ਸਾਰੀਆਂ ਚੀਜ਼ਾਂ ਹੇਠ ਉਪਰ ਕਰ ਦਿੱਤੀਆਂ ਹਨ, ਗੰਦ ਪਾ ਦਿੱਤਾ ਹੈ, ਭੱਜ ਜਾਓ ਕੁੱਤਿਓ।

ਚੀਜ਼ਾਂ ਵੀ ਕੀ ਸਨ,ਇੱਕ ਦੀਵਾਨ,ਦੋ ਟੁੱਟੜ ਜਿਹੀਆਂ ਕੁਰਸੀਆਂ, ਮੇਜ਼, ਘਿਸੂ ਜਿਹਾ ਟੇਪ ਰਿਕਾਰਡਰ, ਅਲਮਾਰੀ, ਅਲਮਾਰੀ ਉਪਰ ਪੁਰਾਣੀਆਂ ਅਖਬਾਰਾਂ, ਸ਼ਰਾਬ ਦੀਆਂ ਖਾਲੀ ਬੋਤਲਾਂ, ਇੱਕ ਵਿਚ

ਕਾਲੀਆਂ ਮਿਰਚਾਂ, ਇੱਕ ਵਿਚ ਤ੍ਰਿਫਲਾ, ਇਕ ਪਲਾਸਟਿਕ ਦੇ ਮਰਤਬਾਨ ਵਿਚ ਹਰੀ ਹਲਵਾਈ ਦੀ ਦੁਕਾਨ ਦੇ ਸ਼ੱਕਰਪਾਰੇ। ਕੰਧ ਤੇ ਉਨਾਂ ਦੀ ਰਿਟਾਇਰਮੈਂਟ ਵੇਲੇ ਦੀ ਗਰੁੱਪ ਫੋਟੋ, ਜਿਸ ਵਿਚ ਬੜੇ ਰੋਅਬ ਦਾਰ ਅਤੇ ਰੰਗੀਲੇ ਨਜ਼ਰ ਆਉਂਦੇ ਸਨ।

ਇੱਕ ਪੁਰਾਣੀ ਤੇ ਗਰੀਬ ਜਿਹੀ ਦੁਨੀਆਂ ਸੀ ਪਿਤਾ ਜੀ ਦੀ। ਦੀਵਾਰਾਂ ਤੇ ਥਾਂ ਥਾਂ ਤੋਂ ਉਖੜਿਆ



ਪਲੱਸਤਰ, ਪੇਂਟ ਪਾਲਿਸ਼ ਹੋਏ ਨੂੰ ਜਿਵੇਂ ਸਦੀਆਂ ਬੀਤ ਗਈਆ ਹੋਣ। ਕਹੀ ਦਾ ਸੀ ਤਾਂ ਉੱਤਰ ਮਿਲਦਾ ਮੈਂ ਇਸ ਤਰਾਂ ਹੀ ਖੁਸ਼ ਹਾਂ, ਤੁਸੀਂ ਅਪਨੀ ਮੱਤ ਅਪਣੇ ਕੋਲ ਰੱਖਿਆ ਕਰੋ।

ਆਪਣੇ ਤੇ ਪੈਸਾ ਕਦੀ ਘੱਟ ਹੀ ਖਰਚ ਕਰਦੇ। ਕੇਸ ਕਚਿਹਰੀ ਦੀਆਂ ਤਾਰੀਕਾਂ ਵਿਚਲੇ ਵਕਫੇ ਵਿਚ ਅਪਣੀ ਇਸ ਦੁਨੀਆਂ ਤੋਂ ਅਲੱਗ ਹੁੰਦੇ ਤਾਂ ਕੁਝ ਦਿਨਾਂ ਬਾਦ ਹੀ ਇਸ ਦੁਨੀਆਂ ਦੀ ਕਮੀ ਮਹਿਸੂਸ ਕਰਨ ਲੱਗਦੇ, ਇਹ ਦੁਨੀਆਂ ਉਨ੍ਹਾਂ ਨੂੰ ਆਪਣੇ ਵੱਲ ਖਿੱਚਣ ਲੱਗਦੀ। ਉਹ ਪ੍ਰਾਪਤ ਪ੍ਰਸੰਗ ਵਿਚ ਘਾਟਾਂ ਲੱਭਣ ਤੇ ਗਿਨਾਉਣ ਲੱਗਦੇ।

-----------------

ਵੀਹ ਬਾਈ ਸਾਲ ਦਾ, ਮੁੱਛ ਫੁੱਟ, ਜਵਾਨ ਮੁੰਡਾ। ਚਿੱਟੀ ਬਨੈਣ,ਤੇੜ ਖਾਕੀ ਨਿੱਕਰ। ਲਾਹੌਰ ਪੜਦਾ ਹੈ ਸਿੱਖ ਨੈਸ਼ਨਲ ਕਾਲਜ ਵਿਚ। ਫੁੱਟਬਾਲ ਖੇਡਕੇ ਮੁੜਕੋ ਮੁੜਕੀ ਹੋਇਆ ਮੁੜਿਆ ਤੇ, ਭੁੱਖ ਭੁੱਖ ਕਰਦਾ ਮਾਂ ਕੋਲ ਚੌਂਕੇ 'ਚ ਜਾ ਬੈਠਾ।

-ਮਾਂ ਛੇਤੀ ਕਰ ਰੋਟੀ ਦੇਹ।

ਅੱਧੇ ਸ਼ਬਦ ਅਜੇ ਵਿਚਾਰੇ ਦੇ ਮੂੰਹ ਵਿਚ ਹਨ ਕਿ ਵੱਡਾ ਭਰਾ ਪੱਠੇ ਕੁਤਰਨੇ ਵਿੱਚੇ ਛੱਡ, ਗੁੱਸੇ ਵਿਚ ਲਾਲ ਪੀਲਾ ਹੋਇਆ ਸਿਰ ਤੇ ਆ ਧਮਕਦਾ ਹੈ-

-ਮਾਂ ਇਸ ਨੂੰ ਆਖ ਦੇ ਸਾਡੇ ਨਾਲ ਸਾਂਵਾਂ ਕੰਮ ਕਰੇ ਡੰਗਰ ਪੱਠੇ ਦਾ। ਜੇ ਘਰ ਰਹਿਣਾ ਹੈ। ਅਸੀਂ ਇਹਨੂੰ ਤੇ ਇਹਦੀ ਵਹੁਟੀ ਨੂੰ ਬੈਠੇ ਬਿਠਾਏ ਖਵਾਉਣ ਦਾ ਠੇਕਾ ਨਹੀਂ ਲਿਆ ਹੋਇਆ।

ਨੌਜਵਾਨ ਅੱਗੇ ਪਈ ਰੋਟੀ ਵਾਲੀ ਥਾਲੀ ਉਠਾ ਕੇ ਕੰਧ'ਚ ਮਾਰਦਾ ਹੈ। ਮਾਂ ਕੋਲ ਬੈਠੀ ਪੇੜੇ ਬਣਾ ਰਹੀ ਆਪਣੀ ਵਹੁਟੀ ਦੀ ਬਾਂਹ ਫੜ, ਉਸਨੂੰ ਅੰਦਰ ਖਿੱਚ ਖੜਦਾ ਹੈ। ਵਹੁਟੀ ਦੀ ਮੁੰਦਰੀ ਲੈ ਕੇ ਰਾਤ ਹੀ ਅਟਾਰੀ ਸਟੇਸ਼ਨ ਤੋਂ ਗੱਡੀ ਫੜ ਲੈਂਦਾ ਹੈ।

ਚਾਰ ਮਹੀਨੇ ਬਾਦ ਦਿੱਲੀਓਂ ਪਿਤਾ ਜੀ ਦੀ ਚਿੱਠੀ ਆਈ। ਉਹ ਫੌਜ ਵਿਚ ਭਰਤੀ ਹੋ ਗਏ ਸਨ। ਉਨਾਂ ਮਕਾਨ ਲੈ ਲਿਆ ਸੀ, ਇਤਵਾਰ ਬੀਬੀ ਨੂੰ ਲੈਣ ਆ ਰਹੇ ਸਨ।

ਆਪਣੇ ਭਰਾ ਨੂੰ ਸਾਰੀ ਉਮਰ ਪਿਤਾ ਜੀ ਨੇ ਮੁਆਫ ਨਹੀਂ ਕੀਤਾ।

-----------------

ਪ੍ਰਾਸਟੇਟ ਕੈਂਸਰ ਦੇ ਆਪਰੇਸ਼ਨ ਤੋਂ ਬਾਦ ਇੱਕ ਦਮ ਡਿੱਗ ਜਿਹੇ ਗਏ। ਡਾਕਟਰਾਂ ਨੇ ਪਤਾਲੂ ਕੱਢ ਦਿੱਤੇ। ਟੈਸਟਾਂ ਵਿਚ ਹੱਡੀਆਂ ਦਾ ਕੈਂਸਰ ਵੀ ਆਇਆ। ਦੱਸਿਆ ਕਿ ਛੇ ਮਹੀਨੇ ਸਾਲ ਹੋਰ ਹਨ। ਸ਼ਰੀਰ ਜਵਾਬ ਦੇਣ ਲੱਗਾ। ਭੁੱਲਣ ਲੱਗੇ। ਕਿਸੇ ਦੀ ਸੁਣਦੇ ਤਾਂ ਪਹਿਲਾਂ ਹੀ ਨਹੀਂ ਸਨ, ਫੁਸਫੁਸੇ ਤੇ ਫਾਲਤੂ ਹੋ ਗਏ। ਸੁਸਤ ਅਤੇ ਸ਼ਰਮਿੰਦਗੀ ਭਰੇ। ਆਪਣਾ ਆਪ ਅਗਲੇ ਤੇ ਲੱਦਣ। ਵੇਖਣ ਨਾ ਕਿ ਅਗਲਾ ਭਾਰ ਚੁੱਕਣਾ ਚਾਹੁੰਦਾ ਵੀ ਹੈ ਕਿ ਨਹੀਂ। ਉਹ ਆਪਣਾ ਅਧਿਕਾਰ ਜਤਾਉਂਦੇ, ਤਾਂ ਅਗਲੇ ਦੇ ਮਨ 'ਚ ਉਨ੍ਹਾਂ ਤੋਂ ਜਾਨ ਛਡਾਉਣ ਦੀਆਂ ਤਰਕੀਬਾਂ ਉੱਗਣ ਲੱਗਦੀਆਂ। ਮੈਂ ਸੋਚਦਾ ਇਨਾ ਲੰਮਾ ਨਹੀਂ ਚੱਲਨਾਂ ਚਾਹੀਦਾ। ਨਾਟਕ ਵਿਚ ਅਜਿਹੀ ਸਥਿਤੀ ਆਉਣ ਤੋਂ ਪਹਿਲਾਂ ਪਹਿਲਾਂ, ਪਰਦਾ ਡਿੱਗ ਪੈਣਾ ਚਾਹੀਦਾ ਹੈ।

-ਬੰਨੀ ਕਹਿੰਦਾ ਪਾਪਾ ਇਸ ਤਰਾਂ ਕਿਵੇਂ ਸੋਚ ਲੈਂਦੇ ਹੋ ਤੁਸੀਂ। ਪਿਤਾ ਜੀ ਨੂੰ ਛੱਡ ਕੇ ਸਾਰੀ ਦੁਨੀਆਂ ਵਿਚ ਇੱਕ ਵੀ ਬੰਦਾ ਹੈ। ਜਿਹੜਾ ਸਾਡਾ ਇਸ ਤਰਾਂ ਭਲਾ ਚਾਹੁੰਦਾ ਹੋਵੇ। ਜਿਹੜਾ ਸਾਡੀ ਖੁਸ਼ੀ ਵਿਚ ਇਨੀ ਸੱਚੀ ਤਰਾਂ ਖੁਸ਼ ਤੇ ਦੁੱਖ ਵਿਚ ਦੁਖੀ ਹੁੰਦਾ ਹੋਵੇ।

ਬੰਦੇ ਨੂੰ ਇਕ ਮੋੜ ਤੇ ਆ ਕੇ ਆਪਣੇ ਆਪ ਨੂੰ ਦੁਨੀਆਂ ਤੋਂ ਅਲੱਗ ਕਰ ਲੈਣਾ ਚਾਹੀਦਾ ਹੈ। ਛੱਡ ਦੇਣਾ ਚਾਹੀਦਾ ਹੈ ਦੂਜਿਆਂ ਦਾ ਭਲਾ ਬੁਰਾ। ਉਨਾ ਨੂੰ ਆਪਣੇ ਫੈਸਲੇ ਆਪ ਲੈਣ ਦੇਣੇ ਚਾਹੀਦੇ ਹਨ। ਜਿਵੇਂ ਉਹ ਰਮਨ ਦੇ ਕਪੜਿਆਂ ਨੂੰ ਲੈ ਕੇ ਖਿਝ ਉਠਦੇ ਸਨ। ਜੋ ਮੂੰਹ ਆਇਆ ਬੋਲ ਦਿੰਦੇ। ਅਗਲਾ ਉਡੀਕਣ ਲੱਗਦਾ ਕਿ ਹੁਣ ਜਾਣ। ਪਿੱਛਾ ਛੁੱਟੇ ਤੇ ਉਹ ਮਨਪਸੰਦ ਖਾ ਸੱਕਣ, ਟੀ ਵੀ ਤੇ ਆਪਣੀ ਪਸੰਦ ਦੇ ਲੜੀਵਾਰ ਵੇਖ ਸੱਕਣ। ਜਿਹੜੀਆਂ ਮਨਾਹੀਆਂ ਪਿਤਾ ਜੀ ਦੇ ਆਉਣ ਕਰਕੇ ਲਾਗੂ ਹੁੰਦੀਆਂ ਹੌਲੀ

ਹੌਲੀ ਹੱਟਣ ਲੱਗਦੀਆਂ। ਸਮੇਂ ਨਾਲ ਉਨ੍ਹਾਂ ਦੇ ਬਹੁਤ ਸਾਰੇ ਵਿਰੋਧ ਮੱਠੇ ਪੈ ਗਏ ਸਨ। ਉਨ੍ਹਾਂ ਨੂੰ ਇਲਮ ਸੀ ਕਿ ਬਹੁਤ ਕੁਝ ਉਨ੍ਹਾਂ ਦੇ ਅਧਿਕਾਰ ਖੇਤਰ ਵਿਚੋਂ ਨਿਕਲ ਗਿਆ ਸੀ। ਲੱਗਦੀ ਵਾਹ ਟਕਰਾਅ ਤੋਂ ਬੱਚਦੇ। ਤੇ ਜਦੋਂ ਰੁਕਣਾ ਜਿਆਦਾ ਹੀ ਅਸਿਹ ਹੋ ਜਾਂਦਾ ਤਾਂ ਚੁੱਪ ਚਾਪ ਬੈਗ ਫੜਦੇ ਆਪਣੀਆਂ ਐਨਕਾਂ, ਦੰਦਾਂ ਦਾ ਬੀੜ, ਕਬਜ਼ ਦੀਆਂ ਗੋਲੀਆਂ, ਬੀਕਾਸੂਲ ਦੇ ਕੈਪਸੂਲ, ਕੱਛਾ ਬਨੈਣ, ਡਾਇਰੀ, ਅੱਜ ਦਾ ਅਖ਼ਬਾਰ, ਬੈਗ ਵਿਚ ਰੱਖਦੇ ਤੇ ਅੱਗੇ ਚੱਲ ਦਿੰਦੇ। ਪਿਤਾ ਜੀ ਦਾ ਇਹ ਸਫ਼ਰ ਸਿੱਧੀ ਰੇਖਾ ਵਿਚ ਨਾ ਹੋ ਕੇ ਗੋਲਾਈ ਵਿਚ ਸੀ। ਸਿੱਧੀ ਰੇਖਾ ਦੀ ਕਲਪਨਾ ਤੋਂ ਡਰਦੇ ਸਨ ।

ਕਿੰਨਾ ਕੁਝ ਆਉਣ ਵਾਲੇ ਸਮੇਂ ਲਈ ਰਾਖਵਾਂ ਰੱਖ ਰੱਖਿਆ ਸੀ। ਨਹੀਂ ਤਾਂ ਉਨ੍ਹਾਂ ਦੀ ਜਿੰਦਗੀ ਦਾ, ਸ਼ੁਰੂ ਤੋਂ ਲੈ ਕੇ ਹੁਣ ਤਕ ਦਾ ਬਿਉਰਾ, ਠੀਕ-ਠਾਕ ਸੀ। ਦੁੱਖ ਨਾਲੋਂ ਸੁੱਖ ਗਿਣਤੀ ਵਿਚ ਕਿਤੇ ਵੱਧ ਸਨ। ਪਰਿਵਾਰਕ ਪ੍ਰਸੰਗ ਵਿਚ ਪ੍ਰਾਪਤੀਆਂ ਤਸੱਲੀਬਖ਼ਸ਼ ਸਨ ਤੇ ਦੂਰੋਂ ਦਿੱਸਦੀਆਂ ਸਨ। ਜਿੱਤਾਂ ਸਨ, ਜਾਇਦਾਦ ਸੀ, ਔਲਾਦ ਦਾ ਹਰਾ ਭਰਾ ਪਨ ਸੀ। ਸਾਰਾ ਕੁਝ ਸੀ ਜਿਸ ਨੂੰ ਲੈਕੇ ਬੰਦਾ ਜਿਉਂਦੇ ਜੀ ਮਾਣ ਕਰ ਸਕਦਾ ਹੈ। ਅੰਤ ਸਮਾਂ ਆ ਜਾਏ ਤਾਂ ਮਾਣ ਮੱਤੇ ਢੰਗ ਨਾਲ ਮਰ ਸਕਦਾ ਹੈ।

ਸਮਾਂ ਆਇਆ ਤਾਂ ਉਨ੍ਹਾਂ ਦੀ ਹੋਰ ਜੀਣ ਦੀ ਲਾਲਸਾ ਸ਼ਰੀਰ ਦੀ ਸਮਰੱਥਾ ਦੇ ਸਮਾਨਅੰਤਰ ਘਟੀ ਨਹੀਂ, ਸਗੋਂ ਹੋਰ ਵੱਧ ਗਈ। ਉਹ ਸ਼ਰੀਰ ਜਾਂ ਸੰਬਧਾਂ ਦੇ ਦੁਖਦਾਈ ਪੱਖ ਦੀ ਦੁਹਾਈ ਦੇਣ ਲੱਗੇ। ਇੱਛਾ ਹੁੰਦੀ ਕਿ ਦੂਸਰੇ ਦਿਲਾਸਾ ਦੇਣ। ਐਕਸੀਡੈਂਟ ਵਿਚ ਮਰ ਚੁੱਕੇ ਪੁੱਤ ਨੂੰ ਯਾਦ ਕਰਕੇ ਭੁੱਬੀਂ ਰੋਣ ਲੱਗ ਪੈਂਦੇ- ਉਸ ਮੇਰੇ ਕੋਲੋਂ ਕਦੀ ਕੁਝ ਨਹੀਂ ਮੰਗਿਆ, ਬੜਾ ਅਣਖ ਵਾਲਾ ਮੁੰਡਾ ਸੀ।

ਸਾਰੀ ਉਮਰ ਨਾ ਮੰਨੀ ਕਿਸੇ ਦੀ। ਉਨਾਂ ਅਨੁਸਾਰ ਉਹ ਅਪਣੇ ਪਿਓ ਦੀ ਕਾਰਬਨ ਕਾਪੀ ਸਨ। ਬਾਬਾ ਜੀ ਵੀ ਸਿਰੇ ਦੇ ਆਕੜਖਾਨ ਸਨ। ਕਦੀ ਅਹਿਸਾਨ ਨਹੀਂ ਲਿਆ ਕਿਸੇ ਦਾ।

ਪਿਤਾ ਜੀ ਬੈੱਡ ਤੇ ਸਨ। ਮੇਰੇ ਵੱਲ ਬਾਂਹ ਵਧਾਉਂਦੇ- ਵੇਖ ਕਿਵੇਂ ਠੰਡਾ ਪਿਆ ਹੈ ਸ਼ਰੀਰ। ਇਹ ਪੋਹ ਦਾ ਮਹੀਨਾ ਨਿਕਲ ਜਾਏ ਕਿਸੇ ਤਰਾਂ, ਫਿਰ ਨਹੀਂ ਮੈਂ ਲਈਦਾ। ਕੁੜੀ ਨੂੰ ਆਖ ਮੇਰੀ ਕਾਲੀਆਂ ਮਿਰਚਾਂ ਵਾਲੀ ਸ਼ੀਸ਼ੀ ਖਾਲੀ ਹੋ ਗਈ ਹੈ, ਪੀਹ ਕੇ ਭਰ ਦੇਵੇ।

ਮੈਂ ਕੋਸ਼ਿਸ਼ ਕਰਦਾ ਕਿ ਕਮਜ਼ੋਰੀਆਂ ਘੱਟ ਨਜ਼ਰ ਆਉਣ। ਆਪਣੀ ਜ਼ਿੰਦਗੀ ਵਿਚ ਉਨ੍ਹਾਂ ਦੇ ਯੋਗਦਾਨ ਲਈ ਉਨ੍ਹਾਂ ਦਾ ਸ਼ੁਕਰ ਗੁਜ਼ਾਰ ਰਹਾਂ। ਬੋਝਲ ਹੋਣ ਦੇ ਬਾਵਜੂਦ ਸਹੀ ਜਾਵਾਂ, ਬਰਦਾਸ਼ਤ ਕਰੀ ਜਾਵਾਂ ਜੋ ਉਹ ਜ਼ਿੰਦਗੀ ਵਿਚ ਜਿਆਦਾ ਸਮਾਂ ਇੱਕ ਪਿਓ, ਇੱਕ ਭਰਾ, ਦੋਸਤ, ਰਿਸ਼ਤੇਦਾਰ ਵਾਂਗ ਘੱਟ, ਇੱਕ ਪੁਲਿਸ ਅਫ਼ਸਰ ਵਾਂਗ ਵੱਧ ਵਰਤੇ ਅਤੇ ਵਿਚਰੇ ਸਨ। ਆਦਰਸ਼ਕ ਪਿਓ ਪਾਤਰਾਂ ਦੇ ਵਿਪਰੀਤ, ਫਾਇਦਾ ਸ਼ਬਦ ਹਮੇਸ਼ਾ ਉਨ੍ਹਾਂ ਦੀ ਜੁਬਾਨ ਨਾਲ ਸੀਤਾ ਰਿਹਾ ਸੀ।

ਮਰਨ ਤੋਂ ਬਾਦ ਪਿਤਾ ਜੀ ਦੀ ਪੈਨਸ਼ਨ ਵਾਲੀ ਪਾਸਬੁੱਕ ਵਿਚ ਢਾਈ ਲੱਖ ਨਿਕਲਿਆ ਜੋ ਮੇਰੇ ਤੋਂ ਛੋਟੇ ਦੇ ਮੁੰਡੇ ਨੇ ਆਪਣੇ ਨਾਂ ਨਾਮੀਨੇਸ਼ਨ ਹੋਣ ਕਰਕੇ ਚੁੱਪ ਚਾਪ ਕੱਢਵਾ ਲਿਆ। ਪਿਤਾ ਜੀ ਨੇ ਸੱਭ ਨੂੰ ਦਿੱਤਾ ਹੀ ਦਿੱਤਾ ਸੀ ਪਰ ਘਰ ਵਿਚ ਕੋਈ ਵੀ ਆਪਣੇ ਆਪ ਨੂੰ ਉਨ੍ਹਾਂ ਦਾ ਰਿਣੀ ਜਾਂ ਦੇਣਦਾਰ ਨਹੀਂ ਸੀ ਸਮਝਦਾ। ਕੋਈ ਇਸ ਵੇਰਵੇ ਵਿਚ ਨਹੀਂ ਸੀ ਪੈਂਦਾ ਕਿ ਉਸ ਕੀ ਦਿੱਤਾ ਸੀ ਜਾਂ ਕੀ ਕੀਤਾ ਸੀ ਪਿਤਾ ਜੀ ਲਈ। ਕੀ ਵੱਡਾ ਕੀ ਛੋਟਾ ਗਿਲੇ ਹੀ ਗਿਲੇ ਸਨ ਸੱਭ ਨੂੰ, ਵੱਡਾ ਇਹ ਕਿ ਕਲੇਸ਼ ਖੜਾ ਕਰ ਗਏ ਸਨ, ਜਾਇਦਾਦ ਦੀ ਆਪਣੇ ਹੱਥ ਨਾਲ ਵੰਡ ਕਰਕੇ ਨਹੀਂ ਸਨ ਮਰੇ।

ਮੇਰੇ ਛੋਟੇ ਭਰਾ ਦੀ ਕੋਠੀ ਦੇ ਪੋਰਚ ਹੇਠ ਪਿਤਾ ਜੀ ਦੀ ਲਾਸ਼ ਪਈ ਸੀ।

ਨੁਵਾਉਣ ਲਈ ਕਪੜੇ ਉਤਾਰੇ ਗਏ ਤਾਂ ਬੜੇ ਛੋਟੇ ਤੇ ਸੁੰਗੜੇ ਹੋਏ ਵਿਖਾਈ ਦਿੱਤੇ, ਹੱਡੀਆਂ ਦੀ ਮੁੱਠ ਤੇ ਪੀਲੇ ਭੂਕ। ਇੱਕ ਕੋਣ ਤੇ ਮੁੜੀ ਗਰਦਨ, ਦੰਦ ਰਹਿਤ, ਖੁੱਲਾ ਹੋਇਆ ਮੂੰਹ.ਇੱਕ ਬਾਂਹ ਉਪਰ ਨੂੰ ਉੱਠੀ ਹੋਈ, ਮੁੱਠੀ ਬੰਦ ਜਿਵੇਂ ਕੋਈ ਪੱਥਰ ਘੁੱਟ ਕੇ ਫੜ ਰੱਖਿਆ ਹੋਏ ਜਿਹੜਾ ਵੀ ਸਾਹਮਣੇ ਆਇਆ ਮਾਰ ਦੇਣ ਗੇ। ਜਿਵੇਂ ਗੁੱਸੇ ਵਿਚ ਸਨ। ਮਰਨਾ ਨਹੀਂ ਸਨ ਚਾਹੁੰਦੇ। ਉਨਾਂ ਦੀ ਹਵਾ ਵਿਚ ਉੱਠੀ ਬਾਂਹ ਨੂੰ ਵੇਖ ਕੇ ਇੱਕ ਪੱਲ ਮੈਨੂੰ ਲੱਗਾ ਜਿਵੇਂ ਕਹਿ ਰਹੇ ਹੋਣ- ਬਲੂ ਵੇਖ, ਯਾਰ ਜਿਵੇਂ ਜਾਨ ਹੀ ਨਹੀਂ ਰਹੀ ਸ਼ਰੀਰ



ਵਿਚ।

ਮੈਨੂੰ ਲੱਗਾ ਮੁੱਠੀ ਬੰਦ ਨਹੀਂ ਹੋਣੀ ਚਾਹੀਦੀ, ਜਾਣ ਵਾਲੇ ਬੰਦੇ ਦਾ ਹੱਥ ਅਲਵਿਦਾ ਦੀ ਮੁਦਰਾ ਵਿਚ ਹੋਣਾ ਚਾਹੀਦਾ ਹੈ। ਬਿਨਾ ਕਿਸੇ ਕਸਾਅ ਦੇ, ਖੁੱਲਾ ਤੇ ਖਾਲੀ।

ਤਾਂ ਹੀ ਪਿੱਛੋਂ ਗੁੱਡੀ ਭੂਆ ਦੀ ਲੇਰ ਸੁਣਾਈ ਦਿੰਦੀ ਹੈ-

-ਹਾਏ ਓ ਮੇਰਿਆ ਰਾਜਿਆ ਵੀਰਾ।

ਭੂਆ ਨੇ ਜ਼ੋਰ ਦੀ ਦੁਹੱਥੜ ਮਾਰੀ। ਭੂਆ ਦੀ ਸ਼ਕਲ ਕਿੰਨੀ ਮਿਲਦੀ ਹੈ ਪਿਤਾ ਜੀ ਨਾਲ।

-ਭੂਆ ਬੰਦ ਕਰ ਇਹ ਡਰਾਮਾ। ਛੋਟਾ ਖਿਝਿਆ ਹੈ-

- ਛੇਤੀ ਕਰੋ, ਯਾਰ ਉਡੀਕ ਲਿਐ, ਜਿਨਾ ਉਡੀਕਣਾ ਸੀ, ਹੁਣ ਨਹੀਂ ਕਿਸੇ ਆਉਣਾ।

ਪਿਤਾ ਜੀ ਹਨ ਕਿ ਕੋਈ ਮਮੀ ਪਈ ਹੈ। ਸਦੀਆਂ ਪਹਿਲਾਂ ਦੇ ਮਰ ਚੁਕੇ ਕਿਸੇ ਬੰਦੇ ਦੀ। ਹੱਡੀਆਂ ਤੇ ਮਾਸ ਇੰਝ ਵਿਖਾਈ ਦਿੰਦਾ ਹੈ ਜਿਵੇਂ ਪੁਰਾਣੀ ਪੀਲੀ ਰਬੜ ਦਾ ਮੈਲਾ ਗਿਲਾਫ ਹੋਵੇ, ਖਿੱਚ ਖਿੱਝ ਗਿਆ ਹੋਇਆ। ਕਿਵੇਂ ਪਿਚਕ ਗਏ ਹਨ ਪਿਤਾ ਜੀ।

ਮੇਰਾ ਬੇਟਾ ਬੰਨੀ ਮੇਰੇ ਵੱਲ ਵੇਖ ਰਿਹਾ ਹੈ, ਮੈਂ ਪਿਤਾ ਜੀ ਨੂੰ।

ਇੱਕ ਪਲ ਮੈਨੂੰ ਲੱਗਦਾ ਹੈ, ਪਿਤਾ ਜੀ ਨਹੀਂ ਮੈਂ ਮਰ ਗਿਆ ਹਾਂ ਤੇ ਇਸ ਵਕਤ ਗਿੱਲੇ ਫਰਸ਼ ਤੇ ਪਿਆ ਹਾਂ। ਜਿਸਨੂੰ ਕਾਹਲੀ ਕਾਹਲੀ ਨਿਪਟਾਇਆ ਜਾ ਰਿਹਾ ਹੈ।-

-ਛੇਤੀ ਕਰੋ ਯਾਰ, ਬਸ ਕਰੋ ਇਹ ਦਹੀਂ ਤੇ ਸਾਬਣ। ਪਾਣੀ ਸੁੱਟੋ ਤੇ ਫੱਟੇ ਤੇ ਰੱਖੋ।

ਛੋਟਾ ਭਰਾ ਇੱਕ ਵਾਰ ਫਿਰ ਖਿੱਝਦਾ ਹੈ।

ਮੈਂ ਸੋਚਦਾ ਹਾਂ, ਜਿਵੇਂ ਪਿਤਾ ਜੀ ਮੈਨੂੰ ਲੱਗਦੇ ਹਨ ਕੀ ਫਰਸ਼ ਤੇ ਪਿਆ ਮੈਂ ਵੀ ਬੰਨੀ ਨੂੰ ਉਵੇਂ ਹੀ ਲਿਜਲਿਜਾ ਤੇ ਲੇਸਦਾਰ ਲੱਗਦਾ ਹਾਂ।

ਜਿਵੇਂ ਪਿਤਾ ਜੀ ਦਾ ਮੂੰਹ ਖੁੱਲਾ ਹੋਇਆ ਹੈ, ਮੈਨੂੰ ਲੱਗਦਾ ਹੈ ਇੱਕ ਸ਼ਬਦ ਉਨ੍ਹਾਂ ਦੇ ਮੂੰਹ ਚੋਂ ਬਾਹਰ ਆਉਣ ਆਉਣ ਕਰਦਾ ਹੈ। ਉਹ ਕਹਿਣਾ ਚਾਹੁੰਦੇ ਹਨ-ਨਹੀਂ। ਜੇ ਅੰਦਰ ਫੇਫੜਿਆਂ ਵਿਚ ਥੋੜ੍ਹੀ ਜਿਹੀ ਵੀ ਹਵਾ ਬਚੀ ਹੋਵੇ ਤਾਂ ਜ਼ਰੂਰ ਬੋਲ ਪੈਣ ਤੇ ਆਖਣ-ਨਹੀਂ।

-ਮਰ ਗਏ ਪਿਤਾ ਜੀ ?

-ਨਹੀਂ।

-ਛੋਲਿਆਂ ਦੀ ਦਾਲ ਵਿਚ ਵੜੀ ਪਾਉਣੀ ਹੈ ਕਿ ਨਹੀਂ ?

-ਨਹੀਂ।

-ਰਾਜਾ ਤੇ ਮਲਕ ?

-ਨਹੀਂ।

-ਤਲੋਕੇ ਦਾ ਦੇਸੀ ਘਿਓ ? ਹਰੀ ਹਲਵਾਈ ਦੇ ਸ਼ੱਕਰਪਾਰੇ ? ਛੱਜੂ ਦਾ ਮੀਟ ?

-ਨਹੀਂ।


-ਅਦਰਕ, ਲੱਸਣ, ਰਿਸ਼ਵਤ, ਰਿਸ਼ਤੇ, ਪੁੱਤਰ?

-ਨਹੀਂ।

ਪਿਤਾ ਜੀ ਦੀ ਮੁੱਠੀ ਵਿਚ ਕੁਝ ਹੋਣਾ ਨਹੀਂ, ਨਹੀਂ ਤਾਂ ਜਿਹੋ ਜਿਹਾ ਚੰਡਾਲ ਉਨ੍ਹਾਂ ਦਾ ਗੁੱਸਾ ਸੀ, ਮਾਰਨ ਲੱਗਿਆਂ ਉਨ੍ਹਾਂ ਅੱਗਾ ਪਿੱਛਾ ਨਹੀਂ ਸੀ ਵੇਖਣਾ।

ਜਿਸ ਤਰਾਂ ਉਹ ਗਿੱਲੇ ਫਰਸ਼ ਤੇ ਪਏ ਸਨ, ਉਨ੍ਹਾਂ ਨੂੰ ਇਸ ਤਰਾਂ ਲਾਵਾਰਸ ਤੇ ਲਾਚਾਰ ਪਿਆ ਵੇਖ ਕੇ ਕਚਿਆਣ ਆ ਰਹੀ ਸੀ।

-ਵੇ ਬਲੂ ਪੁੱਤ, ਕਿੰਨਾ ਹੋਇਆ ਮਰਦਾ ਸੀ ਤੇਰੇ ਤੇ। ਪੁੱਤ, ਤੂੰ ਵੀ ਹੱਥ ਲਾ ਦੇ ਪਿਓ ਨੂੰ ਜਾਂਦੀ ਵਾਰ ਦਾ। ਭੂਆ ਨੇ ਕਿਹਾ ਤਾਂ ਮੈਂ ਦੋ ਕਦਮ ਹੋਰ ਪਿੱਛੇ ਹੱਟ ਗਿਆ। (**ਸੰਪਰਕ 83601-83092**)



## ਕਹਾਣੀ/ ਬਦਲੀਆਂ ਰੁੱਤਾਂ / - ਭੂਰਾ ਸਿੰਘ ਕਲੇਰ

"ਓਏ ਭਗਤਾ! ਓਏ ਭਗਤਾ ਉਰੇ!! ਆ। ਆਜਾ ਪ੍ਰਸ਼ਾਦਾ ਛਕ ਕੇ ਜਾਈਂ।" ਤੁਰਿਆ ਜਾਂਦਾ ਸੁੱਚਾ ਜਦ ਗੁਰਦਵਾਰੇ ਵੱਲ ਝਾਕਿਆ ਤਾਂ ਬਹੁਤ ਹੀ ਹੈਰਾਨ ਹੋਇਆ ਕਿ ਉਸਨੂੰ ਉਹੀ ਗਰੰਥੀ ਬਾਬਾ ਅਵਾਜ਼ਾ ਦੇਈ ਜਾਂਦਾ ਹੈ ਜੁ ਕਿਸੇ ਦਿਨ ਉਸਨੂੰ ਗੁਰਦਵਾਰੇ ਗਏ ਨੂੰ ਰੁੱਖਾ ਬੋਲਿਆ ਸੀ। ਰੁੱਖਾ ਬੋਲ ਕੇ ਉਸਨੂੰ ਗੁਰਦਵਾਰੇ ਵਿਚੋਂ ਕੱਢ ਦਿੱਤਾ ਸੀ। ਸੁੱਚੇ ਨੇ ਚਾਹ ਛਕਣ ਲਈ ਬੇਨਤੀ ਕੀਤੀ ਸੀ। ਗਰੰਥੀ ਬਾਬੇ ਨੇ ਉਸ ਨੂੰ ਨੀਵੀਂ ਜਾਤ ਆਖ ਕੇ ਚਾਹ ਤੋਂ ਜਵਾਬ ਦੇ ਦਿੱਤਾ ਸੀ। ਅਤੇ ਉਸਨੂੰ ਗੁਰਦਵਾਰੇ 'ਚੋਂ ਬਾਹਰ ਨਿਕਲਣ ਦਾ ਹੁਕਮ ਦੇ ਦਿੱਤਾ ਸੀ। ਉਹ ਗੁਰਦਵਾਰੇ ਚੋਂ ਨਿਕਲ ਕੇ ਕੱਚੇ ਰਾਹ ਪੈ ਗਿਆ ਸੀ।

ਸਾਰੀ ਉਮਰ ਸੁੱਚੇ ਨੇ ਜੁੱਤੀਆਂ-ਜੋੜੇ ਬਣਾ ਕੇ ਬਿਤਾਈ ਸੀ। ਉਹ ਰਵਿਦਾਸੀਆਂ ਦੇ ਸਾਰੇ ਕਾਰੀਗਰਾਂ ਨਾਲੋਂ ਵਧੀਆ ਜੁੱਤੀ ਬਨਾਉਣ ਦਾ ਮਾਹਰ ਸੀ। ਕੁਦਰਤ ਦੀ ਰਜ਼ਾ ਕਿ ਉਸ ਦੇ ਘਰ ਦੋ ਕੁੜੀਆਂ ਨੇ ਜਨਮ ਲਿਆ ਅਤੇ ਉਹ ਮੁੰਡੇ ਨੂੰ ਤਰਸਦਾ ਹੀ ਬੁੜਾ ਹੋ ਗਿਆ। ਕੁੜੀਆਂ ਦੇ ਵਿਆਹ ਉਸ ਨੇ ਸਰਦੇ ਸੌਂਹਦੇ ਕਰ ਦਿੱਤੇ। ਉਹ ਆਪਣੇ ਆਪਣੇ ਘਰ ਚਲੀਆਂ ਗਈਆਂ। ਉਹ ਤੇ ਉਸਦੀ ਪਤਨੀ ਨੰਦ ਕੁਰ ਮੁੰਡੇ ਦੀ ਲੋਚਾ ਕਰਦੇ ਕਰਦੇ ਬੁੜੇ ਹੋ ਗਏ। ਉਨ੍ਹਾਂ ਨੂੰ ਕਦੇ ਵੱਡੀ ਕੁੜੀ ਆਪਣੇ ਪਿੰਡੋਂ ਆ ਕੇ ਮਿਲ ਜਾਂਦੀ। ਕਦੇ ਛੋਟੀ ਕੁੜੀ ਆ ਕੇ ਮਿਲ ਜਾਂਦੀ। ਕਦੇ ਤਿੱਥ ਤਿਉਹਾਰ ਨੂੰ ਉਹ ਵੀ ਉਨ੍ਹਾਂ ਨੂੰ ਜਾ ਕੇ ਮਿਲ ਆਉਦੇਂ। ਉਹ ਦੋਵੇਂ ਜੀਅ ਆਪਣੀ ਪਿਛਲੀ ਉਮਰ ਵੀ ਗਰੀਬੀ ਵਿੱਚ ਲੰਘਾਅ ਰਹੇ ਸਨ। ਸੁੱਚੇ ਤੋਂ ਪਹਿਲਾਂ ਵਾਂਗ ਕੰਮ ਨਹੀ ਹੁੰਦਾ ਸੀ। ਨਾ ਹੀ ਜੁੱਤੀਆਂ ਬਨਾਉਣ ਦੇ ਕੰਮ ਵਿੱਚ ਬਹੁਤਾ ਲਾਭ ਸੀ। ਦੋ ਵੇਲੇ ਦਾ ਚੁੱਲ੍ਹਾ ਤਪਾਉਣ ਲਈ ਉਸ ਨੇ ਚਮੜੇ ਦੀਆਂ ਚਰਮਖਾਂ ਬਨਾਉਣ ਦਾ ਕੰਮ ਵਿੱਢ ਲਿਆ। ਉਹ ਹੋਰਾਂ ਕਾਰੀਗਰਾਂ ਦੀਆਂ ਦੁਕਾਨਾਂ ਵਿਚੋਂ ਪੱਚਰਿਆਂ (ਚਮੜੇ ਦੇ ਟੁਕੜੇ) ਦਾ ਝੋਲਾ ਭਰ ਲਿਆਉਂਦਾ ਤੇ ਆਪਣੇ ਅੱਡੇ ਤੇ ਚਰਮਖਾਂ ਬਣਾ ਲੈਂਦਾ। ਚਰਮਖਾਂ ਦੇ ਕਿੰਨੇ ਹੀ ਜੋੜੇ ਬਣਾ ਕੇ ਉਹ ਝੋਲਾ ਭਰ ਲੈਂਦਾ। ਕਈ ਦਿਨਾਂ ਮਗਰੋਂ ਉਹ ਭਰਿਆ ਝੋਲਾ ਲੈ ਕੇ ਦੂਰ ਦੇ ਪਿੰਡਾਂ ਵਿੱਚ ਚਲਾ ਜਾਂਦਾ। ਪਿੰਡ ਦੀਆਂ ਵਿਹੀਆਂ ਵਿੱਚ ਫਿਰਦਾ ਉਹ ਜਿੱਥੇ ਕੋਈ ਬੁੜੀ ਚਰਖਾ ਕੱਤੀ ਜਾਂਦੀ ਹੁੰਦੀ ਜਾਂ ਕਿਧਰੇ ਪੰਜ ਚਾਰ ਔਰਤਾਂ ਛੋਪ ਪਾ ਕੇ ਕੱਤ ਰਹੀਆਂ ਹੁੰਦੀਆਂ, ਉੱਥੇ ਉਨ੍ਹਾਂ ਨੂੰ ਸਾਸਰੀਕਾਲ ਆਖ ਕੇ ਜਾ ਬੈਠਦਾ। ਆਪਣੀ ਮਿੱਠੀ ਬੋਲੀ ਬੋਲ ਕੇ ਉਹ ਬੁੜੀਆਂ ਨੂੰ ਚਰਮਖਾਂ ਖਰੀਦਣ ਲਈ ਪ੍ਰੇਰਦਾ। ਉਹ ਇੱਕ ਦੋ ਜੋੜੇ ਚਰਮਖਾਂ ਦੇ ਖਰੀਦ ਲੈਂਦੀਆਂ। ਇਸ ਤਰ੍ਹਾਂ ਉਹ ਪਿੰਡ ਵਿੱਚ ਆਪਣੀਆਂ ਤਿਆਰ ਕੀਤੀਆਂ ਕਾਫੀ ਚਰਮਖਾਂ ਦੇ ਜੋੜੇ ਵੇਚ ਲੈਂਦਾ। ਜੇਕਰ ਕੋਈ ਸੁਆਣੀ ਉਸ ਨੂੰ ਦਾਣੇ ਪਾਉਂਦੀ ਤਾਂ ਆਪਣੇ ਪਾਸ ਰੱਖੇ ਹੋਏ ਵੱਡੇ ਝੋਲੇ ਵਿੱਚ ਪਾ ਲੈਂਦਾ। ਇਸ ਤਰ੍ਹਾਂ ਉਹ ਇਸ ਕਿੱਤੇ ਵਿੱਚੋਂ ਦੋ ਤਿੰਨ ਪੰਸੇਰੀਆਂ ਦਾਣੇ ਵੀ ਕਮਾਅ ਲੈਂਦਾ ਅਤੇ ਮਸ਼ੀਨ ਤੋਂ ਪਿਹਾ ਲਿਆਉਂਦਾ। ਜਾਂ ਫਿਰ ਕੁਝ ਰੁਪਿਆਂ ਦਾ ਆਟਾ ਮਸ਼ੀਨ ਵਾਲੀ ਚੱਕੀ ਤੋਂ ਮੁੱਲ ਲੈ ਆਉਂਦਾ। ਉਨ੍ਹਾਂ ਦੋਵਾਂ ਜੀਆਂ ਦੇ ਹਫ਼ਤਾ ਦਸ ਦਿਨ ਲੰਘ ਜਾਂਦੇ।



ਚਰਮਖਾਂ ਵੇਚਣ ਗਿਆ ਉਹ ਆਉਂਦਾ ਹੋਇਆਂ ਮੰਡੀਉਂ ਸਸਤੀ ਸਬਜੀ ਮੁੱਲ ਲੈ ਆਉਂਦਾ। ਦੋ ਦਿਨ ਲੰਘ ਜਾਂਦੇ।

ਦੂਰ ਦਾ ਪਿੰਡਾਂ ਵਿੱਚ ਜਾਂਦਾ ਉਹ ਜਿਆਦਾ ਭਾੜਾ ਨਹੀਂ ਖਰਚਦਾ ਸੀ। ਮੰਡੀ ਤੱਕ ਤੁਰ ਕੇ ਚਲਾ ਜਾਂਦਾ । ਉਥੋਂ ਰੁਪਿਆ ਧੇਲੀ ਖਰਚ ਕੇ ਗੱਡੀ ਚੜ੍ਹ ਕਿਸੇ ਪਿੰਡ ਜਾ ਉਤਰਦਾ। ਪਿੰਡ ਵਿੱਚ ਜਾ ਕੇ ਕਿਸੇ ਵੀਹੀ ਪੈ ਜਾਂਦਾ। ਚਰਮਖਾਂ ਦੇ ਦੋ ਜੋੜੇ ਹੱਥ ਵਿੱਚ ਫੜੀ ਜਾਂਦਾ।

ਇੱਕ ਦਿਨ ਉਹ ਪਿੰਡ ਦੀ ਵੀਹੀ ਤੁਰਿਆਂ ਜਾਂਦਾ ਸੀ। ਇੱਕ ਵੱਡੇ ਦਰਵਾਜੇ ਵਿੱਚ ਤਿੰਨ ਚਾਰ ਅੱਧਖੜ੍ਹ ਔਰਤਾਂ ਚਰਖੇ ਕੱਤੀ ਜਾਂਦੀਆ ਸਨ। ਉਹ ਚਰਖੇ ਕੱਤੀ ਜਾਂਦੀਆਂ ਨੂੰ ਵੇਖ ਕੇ ਦਰਵਾਜੇ ਦੇ ਬਾਰ ਵਿੱਚ ਖੜ੍ਹ ਗਿਆ। ਬੋਲਿਆ;

" ਭਾਈ ਬੀਬੀਓ! ਮੱਥਾ ਟੇਕਦਾਂ।" ਔਰਤਾਂ ਕੁਝ ਹੈਰਾਨੀ ਨਾਲ ਉਸ ਵਲ ਝਾਕ ਕੇ ਬੋਲੀਆਂ;

"ਜਿਉਂਦਾ ਰਹਿ ਵੀਰਾ। ਆ ਭਾਈ ?"

"ਮੈਂ ਤਾਂ ਬੀਬੀਓ ਆਹ ਚਰਮਖਾਂ ਵੇਚਦਾ ਹੁੰਨੈ। ਵੱਡੇ ਪਿੰਡ ਤੋਂ ਰਮਦਾਸੀਆ ਹਾਂ।" ਅਤੇ ਉਨ੍ਹਾਂ ਦੇ ਅੱਗੇ ਉਸ ਨੇ ਦੋ ਚਰਮਖਾਂ ਦੇ ਜੋੜੇ ਕਰ ਦਿੱਤੇ। ਉਹ ਫੜਕੇ ਵੇਖਣ ਲੱਗ ਪਈਆਂ ਅਤੇ ਉਹ ਭੁੰਜੇ ਹੀ ਬੈਠਣ ਲੱਗਿਆ। ਇੱਕ ਬੁੜ੍ਹੀ ਬੋਲੀ; "ਵੇ ਭਾਈ ਭੁੰਜੇ ਕਿਉਂ ਬੈਠਦੈਂ। ਉਹ ਸਾਮਣੇ ਪਈ ਪੀੜ੍ਹੀ ਚੁੱਕ ਲਿਆ।" ਸੁੱਚਾ ਸਾਮਣੇ ਪਈ ਪੀੜ੍ਹੀ ਲਿਆ ਕੇ ਬੈਠ ਗਿਆ। ਉਸ ਨੇ ਆਪਣੇ ਝੋਲੇ ਵਿੱਚੋਂ ਇੱਕ ਚਰਮਖਾਂ ਦਾ ਜੋੜਾ ਹੋਰ ਕੱਢ ਲਿਆਂ। ਤ੍ਰੀਮਤਾਂ ਚਰਮਖਾਂ ਫੜ ਕੇ ਵੇਖ ਰਹੀਆਂ ਸਨ। ਇੱਕ ਬੁੜ੍ਹੀ ਤਕਰੀਬਨ ਪੰਜਾਹ ਕੁ ਸਾਲਾਂ ਦੀ ਉਮਰ ਦੀ ਹੋਵੇਗੀ,ਉਸ ਨੂੰ ਬੋਲੀ;

"ਭਾਈ ਕਿਹੜਾ ਪਿੰਡ ਐ ਤੇਰਾ?"

"ਬੇਬੇ ਦੱਸਿਆ ਤਾਂ ਹੈ ਕਿ ਵੱਡਾ ਪਿੰਡ ਆ।"

"ਅੱਛਾ-ਅੱਛਾ ਭਾਈ ਮੇਰਾ ਧਿਆਨ ਨਹੀ ਸੀ।" ਸੁੱਚੇ ਨੇ ਬੁੜ੍ਹੀ ਵੱਲ ਤੱਕ ਕੇ ਕਿਹਾ, "ਬੇਬੇ ਤੇਰੇ ਪੇਕੇ ਕਿਹੜੇ ਪਿੰਡ ਹਨ?"

"ਮੇਰੇ ਪੇਕੇ ਤਾਂ ਵੀਰਾ ਪਿੰਡ ਭਾਈਬਖਤੌਰ ਹਨ।"

"ਲੈ ਓਥੇ ਤਾਂ ਮੇਰੇ ਨਾਨਕੇ ਹਨ। ਮੈਂ ਛੋਟਾ ਹੁੰਦਾ ਆਵਦੇ ਨਾਨਕੀਂ ਰਹਿੰਦਾ ਸੀ। ਤੂੰ ਬੇਬੇ ਕਿਹੜੇ ਘਰਾਂ ਦੀ ਧੀ ਐਂ?"

"ਮੈਂ ਭਾਈ ਵੱਡੇ ਦਰਵਾਜੇ ਵਾਲਿਆਂ ਦੀ ਧੀ ਆਂ। ਜਿਨ੍ਹਾਂ ਦੇ ਦੋ ਹਲ, ਚਲਦੇ ਸੀ। ਹੁਣ ਤਾਂ ਸੁੱਖ ਨਾਲ ਦੋ ਟਰੈਕਟਰ ਹਨ।"

"ਲੈ ਫੇਰ ਤਾਂ ਤੂੰ ਮੇਰੀ ਮਾਸੀ ਲੱਗਦੀ ਐਂ। ਹੁਣ ਜਿੱਦੇਂ ਮੈਂ ਆਇਆ ਕਰੂੰ ਤੈਨੂੰ ਮਾਸੀ ਆਖਿਆ ਕਰੂੰ।"

"ਅੱਛਾ ਜਿਉਂਦਾ ਰਹਿ ਵੇ ਵੀਰਾ। ਲੈ ਮੈਂ ਤੈਨੂੰ ਚਾਹ ਕਰ ਕੇ ਪਿਆਵਾਂ।"

ਅਤੇ ਉਹ ਤਰੀਮਤ ਚਰਖੇ ਤੋਂ ਉੱਠ ਕੇ ਉਸ ਲਈ ਚਾਹ ਦੀ ਬਾਟੀ ਕਰ ਲਿਆਈ। ਸੁੱਚੇ ਨੇ ਚਾਹ ਪੀ ਕੇ ਉਸ ਬੁੜ੍ਹੀ ਨੂੰ ਅਸੀਸ਼ਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ, "ਜਿਉਂਦੀ ਰਹਿ ਮਾਸੀ! ਰੱਬ ਤੈਨੂੰ ਤੰਦਰੁਸਤੀ ਬਖਸ਼ੇ। ਤੇਰੇ ਪੁੱਤ-ਪੋਤੇ ਮਾਇਆ 'ਚ ਖੇਡਣ.....।" ਉਸ ਨੇ ਚਾਹ ਪੀ ਕੇ ਬਾਟੀ ਦਰਵਾਜੇ ਦੇ ਬਾਰ 'ਚ ਲੱਗੇ ਨਲਕੇ ਤੋਂ ਧੋ ਕੇ ਰੱਖ ਦਿੱਤੀ। ਫਿਰ ਉਨਾਂ ਬੁੜ੍ਹੀ ਨਾਲ ਕੁਝ ਅਪਣੱਤ ਭਰੀਆਂ ਗੱਲਾਂ ਕਰਕੇ, ਚਰਮਖਾਂ ਦੇ ਪੈਸੇ ਲੈ ਕੇ ਚਲਦਾ ਬਣਿਆ।

ਕਈ ਵਾਰ ਉਹ ਸ਼ਾਮ ਨੂੰ ਆਪਣੇ ਅੱਡੇ ਤੋਂ ਉੱਠ ਕੇ ਚਾਹ ਦੀ ਘੁੱਟ ਪੀ ਕੇ ਸੱਥ ਵਿੱਚ ਚਲਾ ਜਾਂਦਾ। ਜਿੱਥੇ ਬਹੁਤ ਸਾਰੇ ਬਜ਼ੁਰਗ ਬੈਠੇ ਗੱਲਾਂ ਕਰੀ ਜਾਂਦੇ ਹੁੰਦੇ। ਕਈ ਵਾਰ ਹੱਲੇ-ਗੁੱਲੇ ਦੀਆਂ(1947 ਦੇ ਘੱਲੂਘਾਰੇ) ਦੀਆਂ ਗੱਲਾਂ ਛਿੜ ਪੈਂਦੀਆਂ। ਸੁੱਚਾ ਉਸ ਵਕਤ ਪੰਦਰਾਂ ਸੋਲਾਂ ਸਾਲਾਂ ਦਾ ਸੀ। ਉਸ ਨੇ

ਕਤਲੋ-ਗਾਰਤ ਹੁੰਦੀ ਵੇਖੀ ਸੀ। ਉਹ ਸਾਰਾ ਟੱਬਰ ‘ਵਾਖਰੂ-ਵਾਖਰੂ’ ਕਰਕੇ ਅੰਦਰੇਈ ਰਹਿੰਦਾ। ਅੱਜ ਵੀ ਸੁੱਚੇ ਨੂੰ ਜਦ ਉਹ ਸਮਾਂ ਯਾਦ ਆ ਜਾਂਦਾ ਤਾਂ ਉਸ ਦੇ ਢਿੱਡ ਵਿੱਚ ਹੌਲ ਪੈਣ ਲੱਗ ਪੈਂਦੇ। ਉਹ ਡਰ ਕੇ ਅੱਜ ਵੀ ‘ਵਾਖਰੂ-ਵਾਖਰੂ’ ਕਰਨ ਲੱਗ ਪੈਂਦਾ। ਜਦ ਪਾਕਿਸਤਾਨ ਅੱਡ ਤੇ ਹਿੰਦੁਸਤਾਨ ਅੱਡ-ਅੱਡ ਦੇਸ਼ ਬਣ ਗਏ ਸਨ। ਦੋਵਾਂ ਪਾਸੇ ਸ਼ਾਂਤੀ ਹੋ ਗਈ ਸੀ ਤਾਂ ਸੁੱਚੇ ਵਰਗਿਆ ਨੇ ਸੁੱਖ ਦਾ ਸਾਹ ਲਿਆ ਸੀ। ਲੋਕਾਂ ਦੀ ਜ਼ਿੰਦਗੀ ਫਿਰ ਲੀਹ ’ਤੇ ਪੈ ਗਈ ਸੀ।

ਸੁੱਚੇ ਦਾ ਵਿਆਹ ਹੋ ਗਿਆ ਸੀ। ਉਸ ਦੀ ਘਰਵਾਲੀ ਨੰਦ ਕੁਰ ਸਿਆਣੀ ਇਸਤਰੀ ਸੀ। ਉਸ ਦੇ ਘਰ ਅੱਗੜ-ਪਿੱਛੜ ਦੋ ਕੁੜੀਆਂ ਨੇ ਜਨਮ ਲਿਆ। ਉਹ ਦੋਵੇਂ ਜੀਅ ਮੁੰਡੇ ਨੂੰ ਤਰਸਦੇ ਰਹੇ ਪਰ ਰੱਬ ਦੇ ਘਰੋਂ ਉਨ੍ਹਾਂ ਨੂੰ ਪੁੱਤਰ ਨਸੀਬ ਨਾ ਹੋਇਆ। ਇਸ ਤਰ੍ਹਾਂ ਹੀ ਉਹ ਦੋਵੇਂ ਜੀਅ ਬੁਢਾਪੇ ਵਿੱਚ ਦਾਖਲ ਹੋ ਗਏ। ਸੁੱਚੇ ਦੀ ਜ਼ਿੰਦਗੀ ਦੇ ਦਿਨ ਲੰਘਦੇ ਗਏ।ਜੇ ਰੋਜ ਨਹੀਂ ਤਾਂ ਤੀਜੇ ਦਿਨ ਉਹ ਸ਼ਾਮ ਨੂੰ ਆਪਣੇ ਅੱਡੇ ਤੋਂ ਉੱਠ ਕੇ ਸੱਥ ਵਿੱਚ ਜ਼ਰੂਰ ਜਾਂਦਾ, ਜਿੱਥੇ ਲੋਕ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰੀ ਜਾਂਦੇ ਹੰਦੇ। ਜਿੱਥੇ ਨਵੀਆਂ ਨਵੀਆਂ ਖ਼ਬਰਾਂ ਸੁਨਣ ਨੂੰ ਮਿਲਦੀਆਂ ਰਹਿੰਦੀਆਂ। ਅੱਜ ਕੱਲ੍ਹ ਹੋਰ ਨਵੀਆਂ ਗੱਲ੍ਹਾਂ ਚੱਲ ਪਈਆਂ ਸਨ। ਧਰਮਾਂ ਨੂੰ ਮੰਨਣ ਵਾਲੇ ਲੋਕ ਇੱਕ ਵਾਰ ਫਿਰ ਇੱਕ ਦੂਜੇ ਦੇ ਦੁਸ਼ਮਣ ਬਣ ਗਏ ਸਨ। ਇੱਕ ਦੂਜੇ ਦੀ ਕਤਲੋ-ਗਾਰਤ ਕਰਨ ਲੱਗ ਪਏ ਸਨ। ਸੁੱਚੇ ਨੂੰ ਲਗਦਾ ਸੀ ਕਿ ਸੱਚਾ ਧਰਮ ਮੰਨਣ ਵਾਲੇ ਤਾਂ ਦੂਜੇ ਧਰਮ ਦਾ ਆਦਰ ਕਰਦੇ ਹਨ। ਪਰ ਇਹ ਕਿਹੋ ਜਿਹੀ ’ਵਾਅ ਚੱਲ ਪੈਂਦੀ ਹੈ ਕਿ ਮਨੁੱਖ ਹੀ ਮਨੁੱਖ ਦੇ ਖ਼ੂਨ ਦੇ ਪਿਆਸੇ ਕਿਉਂ ਹੋ ਜਾਂਦੇ ਹਨ। ਸੁੱਚਾ ਆਪਣੇ ਅੱਡੇ ’ਤੋਂ ਕੰਮ ਮੁਕਾ ਕੇ ਰੋਜ ਹੀ ਸੱਥ ਵਿੱਚ ਖ਼ਬਰਾਂ ਸੁਨਣ ਜਾਣ ਲੱਗ ਪਿਆ ਸੀ। ਜਿੱਥੇ ਲੋਕ ਅਖ਼ਬਾਰ ਪੜ੍ਹੀ ਜਾਂਦੇ ਹੁੰਦੇ। ਉਹ ਅਖ਼ਬਾਰ ਵਿੱਚੋਂ ਅਜੀਬ ਖ਼ਬਰਾਂ ਪੜ੍ਹ ਕੇ ਬਜ਼ੁਰਗਾਂ ਨੂੰ ਸੁਣਾਈ ਜਾਂਦੇ। ਸੁੱਚਾ ਸੋਚਦਾ ਕਿ ਇਹ ਵਾਰ ਵਾਰ ਹੱਲਾ-ਗੁੱਲਾ ਕਿਉਂ ਹੋਣ ਲੱਗ ਪੈਂਦਾ ਹੈ? ਇਹ ਗੱਲ ਉਸਦੀ ਸਮਝ ਵਿੱਚ ਨਹੀਂ ਆਉਂਦੀ ਸੀ। ਸੁੱਚਾ ਇਹ ਦਿਲ ਨੂੰ ਹੌਲ ਪਾਉਣ ਵਾਲੀਆਂ ਖ਼ਬਰਾਂ ਸੁਣ ਕੇ ‘ਵਾਖਰੂ-ਵਾਖਰੂ’ ਕਰਦਾ ਘਰ ਨੂੰ ਆ ਜਾਂਦਾ। ਘਰੇ ਆ ਕੇ ਨੰਦ ਕੁਰ ਨੂੰ ਖਬਰਾਂ ਦੱਸ ਕੇ ਆਖਦਾ, “ਨੰਦ ਕੁਰੇ ਫੇਰ ਬਹੁਤ ਮਾੜੇ ਵੇਲੇ ਆ ਗਏ। ‘ਵਾਖਰੂ-ਵਾਖਰੂ’ ਕਰਕੇ ਵੇਲਾ ਪੂਰਾ ਕਰ ਲਈਏ।”

ਸੁੱਚਾ ਦੋ ਦਿਨ ਲਗਾਤਾਰ ਆਪਣੇ ਅੱਡੇ ’ਤੇ ਬੈਠਾ ਚਰਮਖਾਂ ਬਣਾਈ ਗਿਆ। ਤੀਜੇ ਦਿਨ ਆਥਣੇ ਜਿਹੇ ਉੱਠ ਕੇ ਘੁੱਟ ਚਾਹ ਦੀ ਪੀ ਕੇ ਉਹ ਸੱਥ ਵਿੱਚ ਚਲਾ ਗਿਆ। ਅੱਜ ਸੱਥ ਵਿੱਚ ਜਿਆਦਾ ਇੱਕਠ ਸੀ। ਅਖ਼ਬਾਰਾਂ ਦੀ ਬਜਾਏ ਕੋਈ ਟ੍ਰਾਂਜਿਸਟਰ ਰੇਡੀਓ ਲਾਈ ਬੈਠਾ ਸੀ ਅਤੇ ਲੋਕ ਝੁਰਮਟ ਪਾਈ ਖ਼ਬਰਾਂ ਸੁਣ ਰਹੇ। ਸੁੱਚਾ ਇੱਕ ਆਦਮੀ ਦਾ ਮੋਢਾ ਫੜ ਕੇ ਬੋਲਿਆ, “ਓਏ ਬਾਈ ਕੀ ਹੋ ਗਿਆ ਕਾਹਦੀਆਂ ਖ਼ਬਰਾਂ ਆਈ ਜਾਂਦੀ ਐ ਉਹ ਭਾਈ ਸੁੱਚੇ ਦਾ ਹੱਥ ਮੋਢੇ ਤੋਂ ਪਰ੍ਹੇ ਕਰਦਾ ਬੋਲਿਆ, “ਉਏ ਸੁਣ ਤਾਂ ਸਹੀ। ਸੁੱਚਾ ਜਦ ਖ਼ਬਰਾਂ ਸੁਣ ਚੁਕਿਆ ਤਾਂ ਕੁਝ ਲੋਕਾਂ ਕੋਲੋਂ ਖ਼ਬਰਾਂ ਬਾਰੇ ਸੁਣ ਕੇ ਵਾਖਰੂ-ਵਾਖਰੂ ਕਰਨ ਲੱਗ ਪਿਆ। ਲੋਕ ਦੱਸ ਰਹੇ ਸਨ ਅੰਬਰਸਰ ਵਿੱਚ ਗੋਲੀਆਂ ਤੇ ਤੋਪਾਂ ਚੱਲ ਰਹੀਆਂ ਸਨ। ਸਿੱਖਾਂ ਦੇ ਅਕਾਲ ਤਖਤ ਸਾਹਿਬ ਉੱਤੇ ਕੇਂਦਰ ਦੀ ਸਰਕਾਰ ਨੇ ਫੌਜ ਚੜ੍ਹਾ ਦਿੱਤੀ ਸੀ। ਬਹੁਤ ਲੋਕ ਮਰ ਗਏ ਸਨ। ਰੇਡੀਓ ਉੱਤੇ ਇਹ ਖ਼ਬਰ ਵੀ ਆ ਗਈ ਸੀ ਕਿ ਸਾਰੇ ਪੰਜਾਬ ਵਿੱਚ ਕਰਫ਼ਿਊ ਲਾ ਦਿੱਤਾ ਸੀ। ਸੁੱਚਾ ਇਹ ਖਬਰਾਂ ਸੁਣ ਕੇ ਵਾਖਰੂ ਵਾਖਰੂ ਕਰਦਾ ਡਰ ਨਾਲ ਕੰਬਦਾ ਘਰੇ ਆ ਗਿਆ ਸੀ ਉਹ ਘਰੇ ਆ ਕੇ ਆਪਣੀ ਘਰ ਵਾਲੀ ਨੂੰ ਆਖਣ ਲੱਗਿਆ ਨੰਦ ਕੁਰੇ ਦੇਸ਼ ‘ਚ ਕਲਫੂ ਲੱਗ ਗਿਆ। ਬਾਹਰ ਨਹੀ ਨਿਕਲਣਾ ਸਾਰੇ ਪਿੰਡ ਨੇ। ਆਵਦੇ ਅੰਦਰ ਵਾਖਰੂ ਵਾਖਰੂ ਕਰ ਕੇ ਬੈਠ ਜਾਈ ਏ। ਉਦੋਂ ਵਾਲੇ ਵੇਲੇ ਫੇਰ ਆ ਗਏ। ਅੰਦਰ ਪਕਾਅ ਖਾ ਕੇ ਬੈਠ ਜਈਏ। ਨੰਦ ਕੁਰ ਆਪ ਵਿਚਾਰੀ ਡਰ ਕੇ ਵਾਖਰੂ ਵਾਖਰੂ ਕਰਨ ਲੱਗ ਪਈ। ਤਕਰੀਬਨ ਦਸ ਦਿਨ ਪਿੰਡਾਂ ਵਿਚ ਕਰਫਿਊ ਰਿਹਾ। ਡਰ ਦਾ ਛਾਇਆ ਹਰੇਕ ਚਿਹਰੇ ਉੱਤੇ ਰਿਹਾ। ਜਦੋਂ ਕਰਫਿਊ ਬੰਦ ਹੋ ਗਿਆ ਤਾਂ ਫੇਰ ਲੋਕ ਆਪਣੇ ਹਰੇਕ ਚਿਹਰੇ ਉੱਤੇ ਰਿਹਾ। ਜਦੋਂ ਕਰਫਿਊ ਬੰਦ ਹੋ ਗਿਆ ਤਾਂ ਫੇਰ ਲੋਕ ਆਪਣੇ ਕੰਮ ਧੰਦੇ ਕਰਨ ਲੱਗ ਪਏ। ਜ਼ਿੰਦਗੀ ਫੇਰ ਲੀਹ ਤੇ ਆ ਗਈ ਸੀ। ਸੁੱਚਾ ਨੇੜੇ ਦੇ ਪਿੰਡਾਂ ਵਿਚ ਫੇਰ ਚਰਮਖਾਂ ਵੇਚਣ ਚਲਾ



ਗਿਆ। ਚਰਮਖਾਂ ਵੇਚ ਕੇ ਹਫ਼ਤੇ ਦਾ ਰਾਸ਼ਨ ਪਾਣੀ ਫੇਰ ਖਰੀਦ ਲਿਆਇਆ। ਆਪਣੇ ਅੱਡੇ ’ਤੇ ਬੈਠ ਕੇ ਚਰਮਖਾਂ ਫੇਰ ਬਨਾਉਣ ਲੱਗ ਪਿਆ। ਜਦ ਉਹ ਪਿੰਡਾ ਵਿਚ ਚਰਮਖਾਂ ਵੇਚਣ ਜਾਦਾ ਤਾ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਾ ਜਾਂਦਾ। ਕਦੇ ਤਾਂ ਵਾਹਵਾ ਵਿਕ ਜਾਂਦੀਆ ਪਰ ਕਦੇ ਇੱਕ ਦੋ ਤੋਂ ਵੱਧ ਨਹੀ ਵਿਕਦੀਆ ਸਨ। ਉਹ ਘਰ ਆ ਜਾਂਦਾ। ਦੋਵੇਂ ਪਤੀ ਪਤਨੀ ਰੁੱਖੀ ਸੁੱਕੀ ਬਣਾ ਖਾ ਕੇ ਸਬਰ ਸਬੂਰੀ ਕਰਕੇ ਸੌਂ ਜਾਂਦੇ। ਅਗਲੇ ਦਿਨ ਫਿਰ ਉਹ ਆਪਣੇ ਅੱਡੇ ਤੇ ਬੈਠ ਕੇ ਆਪਣਾ ਕਿੱਤਾ ਕਰਨ ਲੱਗ ਪੈਦਾ। ਅੰਬਰਸਰ ਵਾਲੀ ਘਟਨਾ ਨੂੰ ਲਗਭਗ ਚਾਰ ਕੁ ਮਹੀਨੇ ਦਾ ਹੀ ਸਮਾਂ ਹੋਇਆ ਸੀ। ਸੁੱਚਾ ਦੁਪਹਿਰ ਮਗਰੋਂ ਮੰਡੀ ਤੋਂ ਚਰਮਖਾਂ ਵੇਚ ਕੇ ਆਪਣੇ ਪਿੰਡ ਯੱਕੇ ਤੋਂ ਉਤਰ ਕੇ ਸੱਥ ਵਿਚਦੀ ਲੰਘਿਆ ਆਉਂਦਾ ਸੀ ਕਿ ਸਕੂਲ ਦੇ ਮੁੰਡੇ ਕੁੜੀਆਂ ਨੂੰ ਅੱਜ ਪਹਿਲਾਂ ਛੁੱਟੀ ਮਿਲ ਗਈ ਸੀ ਤੇ ਉਹ ਘਰਾਂ ਨੂੰ ਭੱਜੇ ਜਾਂਦੇ ਸਨ। ਉਸ ਨੇ ਹੈਰਾਨੀ ਨਾਲ ਜਵਾਕਾਂ ਨੂੰ ਪੁੱਛਿਆਂ, “ਓਏ ਸ਼ੇਰੋ ਅੱਜ ਪਹਿਲਾਂ ਛੁੱਟੀ ਕਿਉਂ ਹੋ ਗਈ? ਜਵਾਕ ਤਾਂ ਬੋਲੇ ਨਾ ਪਰ ਭਗਵਾਨ ਸਿਉਂ ਰਿਫਿਊਜੀ ਆਪਣੀ ਦੁਕਾਨ ਦੇ ਬਾਰ ’ਚ ਖੜ੍ਹਾ ਸੁੱਚੇ ਨੂੰ ਬੋਲਿਆਂ, “ ਸੁੱਚਿਆ ਦੇਸ਼ ਦੀ ਪ੍ਰਧਾਨ ਮੰਤਰੀ ਦਾ ਖ਼ੂਨ ਹੋ ਗਿਆ। ਜਲਦੀ ਵਗਜਾ ਆਪਣੇ ਘਰ, ਕਰਫੂ ਲੱਗੂ।” ਸੁੱਚੇ ਦਾ ‘ਧੱਕ’ ਕਰਕੇ ਕਲੇਜਾ ਧੜਕਿਆ ਅਤੇ ਉਹ ਭਗਵਾਨ ਸਿਉਂ ਰਿਫਿਊਜੀ ਨੂੰ ਹੈਰਾਨੀ ਨਾਲ ਬੋਲਿਆ, ਕੀਹਨੇ ਕਰਤਾ ਬਾਈ ਪ੍ਰਧਾਨ ਮੰਤਰੀ ਦਾ ਖ਼ੂਨ?”

“ਓਏ ਤੂੰ ਕੀ ਲੈਣੇ। ਤੂੰ ਆਵਦੇ ਘਰ ਨੂੰ ਭੱਜ ਜਾਹ।” ਭਗਵਾਨ ਸਿਉਂ ਨੇ ਉਸਨੂੰ ਘਰ ਜਾਣ ਦਾ ਇਸ਼ਾਰਾ ਕਰ ਦਿੱਤਾ। ਸੁੱਚਾ ‘ਵਾਖਰੂ-ਵਾਖਰੂ’ ਕਰਦਾ ਆਪਣੇ ਘਰ ਨੂੰ ਵਗ ਗਿਆ। ਘਰੇ ਜਾ ਕੇ ਉਹ ਮੰਜੇ ’ਤੇ ਬੈਠ ਗਿਆ। ਆਪਣਾ ਝੋਲਾ ਮੰਜੇ ਉੱਪਰ ਰੱਖ ਦਿੱਤਾ। ਨੰਦ ਕੁਰ ਉਸ ਨੂੰ ਪਾਣੀ ਦਾ ਗਲਾਸ ਫੜਾ ਕੇ ਘਬਰਾਏ ਹੋਏ ਨੂੰ ਬੋਲੀ,

“ਕੈਲੋ ਦਾ ਪਿਓ ਅੱਜ ਫੇਰ ਕਿਵੇਂ ਘਬਰਾਇਆ ਹੋਇਐਂ?”

“ਨੰਦ ਕੁਰੇ ਕਿਸੇ ਨੇ ਆਪਣੀ ਦੇਸ਼ ਦੀ ਪ੍ਰਧਾਨ ਮੰਤਰੀ ਦਾ ਖ਼ੂਨ ਕਰ ਦਿੱਤੈ। ਕਰਫੂ ਫੇਰ ਲੱਗੂਗਾ। ‘ਵਾਖਰੂ-ਵਾਖਰੂ’ ਕਰ ਕੇ ਅੰਦਰ ਬੈਠ ਜਾਈਏ। ਨੰਦ ਕੁਰ ਵਿਚਾਰੀ ਵੀ ‘ਵਾਖਰੂ-ਵਾਖਰੂ’ ਕਰਨ ਲੱਗ ਪਈ।

ਉਨ੍ਹਾਂ ਦੋਵਾਂ ਜੀਆਂ ਨੇ ਰੋਟੀ ਬਣਾਈ ਤੇ ਖਾ ਕੇ ਮੰਜਿਆਂ ’ਤੇ ਬੈਠ ਗਏ। ਹਨ੍ਹੇਰਾ ਹੋ ਗਿਆ। ਕੁਝ ਚਿਰ ਮਗਰੋਂ ਸੁੱਚੇ ਦੇ ਬਾਰ ਵਿੱਚ ਅਵਾਜਾਂ ਆਈਆਂ, “ਓਏ ਸੁੱਚਿਆ! ਓਏ ਸੁੱਚਿਆ!!” ਸੁੱਚੇ ਨੇ ਡਰਦੇ ਡਰਦੇ ਨੇ ਬਾਰ ਖੋਲ੍ਹਿਆ। ਦੋ ਨੀਲੀਆ ਪੱਗਾਂ ਵਾਲੇ ਆਦਮੀ ਖੜ੍ਹੇ ਸਨ। ਉਨ੍ਹਾਂ ਨੇ ਸੁੱਚੇ ਨੂੰ ਚਾਰ ਪੰਜ ਮੋਮਬੱਤੀਆਂ ਫੜਾ ਕੇ ਕਿਹਾ, “ਇਹ ਆਪਣੇ ਕੋਠੇ ਉੱਪਰ ਬਨ੍ਹੇਰੇ ’ਤੇ ਬਾਲ ਕੇ ਲਾ ਦੇ।” ਉਸ ਵਿਚਾਰੇ ਨੇ ਉਵੇਂ ਕੀਤਾ। ਮੋਮਬੱਤੀਆਂ ਬਾਲ ਕੇ ਕੱਚੇ ਕੋਠੇ ਦੇ ਬਨੇਰੇ ਉਪਰ ਲਾ ਦਿੱਤੀਆਂ।

ਥੋੜ੍ਹੇ ਚਿਰ ਮਗਰੋਂ ਸੁੱਚੇ ਦਾ ਬਾਰ ਫਿਰ ਖੜਕਿਆਂ। ਉਸ ਨੇ ਜਾ ਕੇ ਬਾਰ ਖੋਲ੍ਹਿਆ ਉਸ ਦਾ ਲਿਹਾਜੀ ਖੇਤਾ ਲੀਡਰ ਚਿੱਟੀ ਪੱਗ ਵਾਲਾ ਖੜ੍ਹਾ ਸੀ। ਬਾਰ ਵਿੱਚ ਹੀ ਸੁੱਚੇ ਨੂੰ ਆਖਣ ਲੱਗਾ, “ਓਏ ਸੁੱਚਿਆ! ਮੋਮਬੱਤੀਆਂ ਲਾਈ ਬੈਠੈਂ, ਮਰਨੈ? ਇਨ੍ਹਾਂ ਨੂੰ ਬੁਝਾਅ ਦੇ ਪੁਲਸ ਫਿਰਦੀ ਐ ਜੀਪਾਂ ’ਤੇ ਫੜ ਕੇ ਲੈ ਜਾਊ।” ਸੁੱਚੇ ਨੇ ਕੋਠੇ ਚੜ੍ਹ ਕੇ ਅੱਗਾ ਪਿੱਛਾ ਵੇਖ ਕੇ ਫੂਕ ਮਾਰ ਕੇ ਮੋਮਬੱਤੀਆਂ ਬੁਝਾਅ ਦਿੱਤੀਆਂ।

ਸੁੱਚੇ ਤੇ ਨੰਦ ਕੁਰ ਨੇ ਕਈ ਦਿਨ ਰੁੱਖੀ ਸੁੱਕੀ ਖਾ ਕੇ ਗੁਜਾਰਾ ਕੀਤਾ। ਘਰੋਂ ਪੀਪੇ ਵਿਚੋਂ ਆਟਾ ਵੀ ਮੁੱਕ ਗਿਆ ਅਤੇ ਦਾਲ ਪਾਣੀ ਨੂੰ ਪੈਸੇ ਵੀ ਸੁੱਚੇ ਦੀ ਜੇਬ ਵਿਚੋਂ ਖਤਮ ਹੋ ਗਏ। ਸੁੱਚੇ ਨੇ ਨੰਦ ਕੁਰ ਨੂੰ ਕਿਹਾ ਕਿ ਝੋਲੇ ਵਿੱਚ ਪੰਜ ਸੱਤ ਚਰਮਖਾਂ ਦੇ ਜੋੜੇ ਪਏ ਹਨ। ਮੈਂ ਕਿਸੇ ਪਿੰਡ ਜਾਂਦਾ ਹਾਂ ਵੇਚਣ। ਹੁਣ ਤਾਂ ਟਿਕ-ਟਿਕਾਅ ਜਿਹਾ ਹੋ ਗਿਆ ਹੈ। ਉਹ ਆਪਣਾ ਝੋਲਾ ਮੋਡੇ ਵਿਚ ਪਾ ਕੇ, ਡੱਬੀਆਂ ਵਾਲਾ ਮੂਕਾ ਰੱਖ, ਹੱਥ ਛੋਟੀ ਜਿਹੀ ਸੋਟੀ ਫੜ ਘਰੋਂ ਮੰਡੀ ਨੂੰ ਤੁਰ ਪਿਆ। ਜਿਵੇਂ ਆਮ ਜਾਂਦਾ ਹੁੰਦਾ ਸੀ। ਮੰਡੀਉਂ ਇੱਕ ਰੁਪਏ ਦੀ ਟਿਕਟ ਲੈ ਕੇ ਰੇਲ ਗੱਡੀ ਚੜ੍ਹ ਗਿਆ। ਇੱਕ ਪਿੰਡ ਜਾ ਉਤਰਿਆ। ਇਸ ਪਿੰਡ ਕਈ ਵਾਰ ਉਹ ਪਹਿਲਾਂ ਵੀ ਆਇਆ ਸੀ। ਸੁੱਚੇ ਦੇ ਢਿੱਡ ਵਿਚ ਭੁੱਖ ਨਾਲ ਚੂਹੇ ਨੱਚ ਰਹੇ ਸਨ। ਉਸ ਨੂੰ ਬਹੁਤ ਭੁੱਖ ਲੱਗੀ ਸੀ।ਜਦ

ਉਹ ਪਿੰਡ ਦੇ ਕੱਚੇ ਰਾਹ ਆਕੇ ਇੱਕ ਵੀਹੀ ਵੜਿਆ ਤਾਂ ਓਸਨੂੰ ਯਾਦ ਆਇਆ ਕਿਉਹ ਤਾਂ ਉਸੇ ਪਿੰਡ ਆ ਉਤਰਿਆ ਹੈ ਜਿੱਥੇ ਗੁਰਦਵਾਰੇ ਵਿਚੋਂ ਗਰੰਥੀ ਸਿੰਘ ਨੇ ਉਸਨੂੰ ਉਹਦੀ ਨੀਵੀਂ ਜਾਤ ਵਿਖਾ ਕੇ ਦੁਰਕਾਰ ਕੇ ਕੱਢ ਦਿੱਤਾ ਸੀ। ਚਲੋ ਖ਼ੈਰ ਪਿੰਡ 'ਚ ਤਾ ਦੋ ਰੋਟੀਆਂ ਕਿਸੇ ਬੁੜ੍ਹੀ ਕੋਲੋਂ ਮਿਲ ਹੀ ਜਾਣਗੀਆਂ। ਕਿਸੇ ਬੁੜ੍ਹੀ ਦੇ ਮਨ 'ਚ ਤਾਂ ਰੱਬ ਵਸੇਗਾ ਹੀ। ਕਿਸੇ ਦੇ ਦਿਲ 'ਚ ਤਾਂ ਰਹਿਮ ਆਵੇਗਾ ਹੀ। ਸਾਰੀ ਦੁਨੀਆਂ ਤਾਂ ਇੱਕੋ ਜਿਹੀ ਨਹੀਂ ਹੁੰਦੀ। ਅਜੇ ਤਾਂ ਕੁਝ ਲੋਕ ਚੰਗੇ ਵੀ ਹਨ ਭਾਵੇਂ ਆਟੇ ਵਿਚ ਲੂਣ ਵਾਂਗ ਹੀ ਹਨ। ਇਹ ਸੋਚਾਂ ਸੋਚਦਾ ਸੁੱਚਾ ਪਿੰਡ ਵਿੱਚ ਵੜ ਚੱਲਿਆ। ਔਹ ਸਾਹਮਣੇ ਗੁਰਦਵਾਰਾ ਸੀ। ਗੁਰਦਵਾਰੇ ਵਲ ਦੇਖ ਸੁੱਚੇ ਦੇ ਤਿਉੜੀਆਂ ਪੈ ਗਈਆਂ। ਹੁਣ ਉਸਦੇ ਢਿੱਡ ਵਿਚ ਭੁੱਖ ਦਾ ਹੋਰ ਡੋਬ ਜਿਹਾ ਪਿਆ। ਉਸ ਨੇ ਸੋਚਿਆ ਚਲੋ ਔਹ ਸਾਮਣੇ ਨਲਕੇ ਤੋਂ ਪਾਣੀ ਪੀਵਾਂਗਾ। ਕੁਛ ਤਾਂ ਢਿੱਡ ਨੂੰ ਆਸਰਾ ਮਿਲੂਗਾ। ਇਹ ਸੋਚਾਂ ਸੋਚਦਾ ਉਹ ਗੁਰਦਵਾਰੇ ਦੇ ਨਜਦੀਕ ਚਲਾ ਗਿਆ। ਉਸ ਨੇ ਸੋਚਿਆ ਕਿ ਚਲੋ ਮਨਾ ਪਿੰਡ ਵਿਚ ਲੰਘ ਚਲਾਂ ਇਸ ਗੁਰਦਵਾਰੇ ਦੇ ਗਰੰਥੀ ਵਲੋਂ ਤਾਂ ਕਾਫੀ ਸਮਾਂ ਹੋਇਆ ਉਸ ਨੂੰ ਝਿੜਕਾਂ ਮਿਲੀਆਂ ਸਨ ਨਾਲੇ ਐਵੇਂ ਚੂਹੜਾ-ਚਮਾਰ ਕਹਾਇਆ ਸੀ।

ਇਹ ਸੋਚਾਂ ਸੋਚਦਾ ਉਹ ਗੁਰਦਵਾਰੇ ਕੋਲ ਦੀ ਲੰਘ ਰਿਹਾ ਸੀ।ਤਦੇ ਹੀ ਉਸ ਨੂੰ ਗੁਰਦਵਾਰੇ ਦੀ ਨਿੱਕੀ ਕੰਧ ਉਪਰੋਂ ਦੀ ਉਸ ਨੂੰ ਅਵਾਜ਼ ਸੁਣਾਈ ਦਿੱਤੀ, "ਓ ਭਗਤਾ ! ਓਏ ਭਗਤਾ !! ਆਜਾ ਪ੍ਰਸ਼ਾਦਾ ਛਕ ਕੇ ਜਾਈਂ। ਸੁੱਚੇ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਓਹੀ ਗਰੰਥੀ ਸਿੰਘ ਉਸ ਨੂੰ ਅਵਾਜ਼ਾਂ ਮਾਰੀ ਜਾਂਦਾ ਸੀ। ਉਹ ਪੌੜੀਆਂ ਚੜ੍ਹ ਕੇ ਗੁਰਦਵਾਰਾ ਸਾਹਿਬ ਵਿਚ ਚਲਾ ਗਿਆ। ਗਰੰਥੀ ਸਿੰਘ ਨੂੰ ਹੱਥ ਜੋੜ ਕੇ ਫਤਹਿ ਕਹੀ। ਗਰੰਥੀ ਦੇ ਚਿਹਰੇ ਉੱਪਰ ਅੱਜ ਮੁਸਕ੍ਰਾਹਟ ਸੀ। ਸੁੱਚੇ ਨੂੰ ਉਹ ਬੜਾ ਖੁਸ਼ ਹੋ ਕੇ ਬੋਲਿਆ, "ਔਹ ਚੌਂਤੜੀ 'ਤੇ ਬਹਿ ਜਾ ਭਗਤਾ।" ਸੁੱਚੇ ਨੂੰ ਸਮਝ ਨਹੀ ਸੀ ਆ ਰਹੀ ਕਿ ਅੱਜ ਉਸ ਦਿਨ ਨਾਲੋਂ ਉਲਟ ਗੱਲ ਸੀ। ਗਰੰਥੀ ਸਿੰਘ ਲੰਗਰ ਵਿਚ ਗਿਆ। ਜਦ ਬਾਹਰ ਆਇਆਂ ਤਾਂ ਉਸ ਦੇ ਇੱਕ ਹੱਥ ਖੀਰ ਦਾ ਕੌਲਾ , ਦੂਜੇ ਹੱਥ ਵਿਚ ਚਾਰ ਪੰਜ ਰੋਟੀਆਂ ਟਿਕਾਈ ਤੇ ਓੱਪਰ ਇੱਕ ਕੌਲੀ ਦਾਲ ਦੀ। ਉਹ ਬੋਲਿਆ, "ਲੈ ਭਗਤਾ ਅਰਾਮ ਨਾਲ ਬੈਠ ਕੇ ਛਕ ਲੈ।" ਉਸਨੇ ਖੀਰ ਦਾ ਕੌਲਾ ਉਸ ਨੂੰ ਫੜਾ ਕੇ, ਦਾਲ ਵਾਲੀ ਕੌਲੀ ਥੱਲੇ ਰੱਖ ਸੁੱਚੇ ਨੂੰ ਫਿਰ ਕਿਹਾ, "ਲੈ ਹੱਥ ਕਰ।" ਉਸਨੇ ਦੋਵੇਂ ਹੱਥ ਜੋੜ ਕੇ ਅੱਡ ਲਏ। ਪੰਜ ਰੋਟੀਆਂ ਗ੍ਰੰਥੀ ਨੇ ਉਸਦੇ ਹੱਥਾਂ ਉੱਪਰ ਸੁੱਟ ਦਿੱਤੀਆਂ। ਸੁੱਚਾ ਸੋਚ ਰਿਹਾ ਸੀ ਕਿ ਇਹ ਕ੍ਰਿਸ਼ਮਾ ਕਿਵੇ ਹੋ ਗਿਆ। ਗ੍ਰੰਥੀ ਸਿੰਘ ਨੇ ਫੇਰ ਹੱਸ ਕੇ ਕਿਹਾ, ਛਕ ਲੈ ਭਗਤਾ ! ਰਾਮ ਨਾਲ ਬੈਠ ਕੇ।"

ਸੁੱਚੇ ਨੇ ਮੋਢੇ ਤੋਂ ਦੁੱਪਟੇ ਨਾਲ ਹੱਥ ਪੂੰਝ ਕੇ ਕੌਲੇ ਵਾਲੀ ਖੀਰ ਚੱਪੇ ਨਾਲ ਖਾਣੀ ਸ਼ੁਰੂ ਕਰ ਦਿੱਤੀ। ਭੁੱਖਾ ਹੋਣ ਕਰਕੇ ਉਹ ਸਾਰਾ ਕੌਲਾ ਖੀਰ ਦਾ ਖਾ ਗਿਆਂ। ਰੋਟੀਆਂ ਉੱਪਰ ਕੌਲੀ ਵਾਲੀ ਦਾਲ ਪਾ ਕੇ ਰੋਟੀਆਂ ਮੋਢੇ ਉਪਰਲੇ ਦੁਪੱਟੇ ਵਿਚ ਬੰਨ ਲਈਆਂ। ਦੁਪੱਟਾ ਝੋਲੇ ਵਿਚ ਪਾ ਲਿਆ ਕਿ ਚਲ ਘਰ ਲੈ ਜਾਵਾਂਗਾ। ਨੰਦ ਕੁਰ ਛੱਕ ਲਵੇਗੀ। ਗਰੰਥੀ ਸਿੰਘ ਉਸਦੇ ਨੇੜੇ ਹੀ ਨਿੰਮ ਦੇ ਮੁੱਢ ਨੂੰ ਹੱਥ ਪਾਈ ਖੜ੍ਹਾ ਸੀ। ਉਹ ਸੁੱਚੇ ਨੂੰ ਮੁਸਕ੍ਰਾਅ ਕੇ ਬੋਲਿਆ, "ਕਿਉਂ ਬਾਈ ਭਗਤਾ ਤੈਨੂੰ ਪਤੈ ? ਦਰਵਾਰ ਸਾਹਿਬ ਉੱਤੇ ਹਮਲਾ ਕਰਨ ਵਾਲੀ ਪ੍ਰਧਾਨ ਮੰਤਰੀ ਨੂੰ ਧੁਰ ਦਾ ਟਿਕਟ ਕੱਟ ਕੇ ਕੀਹਨੇ ਗੱਡੀ ਚੜ੍ਹਾਇਐ?"

" ਨਾ ਮਾਰ੍ਹਾਜ ਮੈਨੂੰ ਤਾਂ ਪਤਾ ਨਹੀਂ।"

" ਓ ਭਾਈ ਉਹ ਬਹਾਦਰ ਸੂਰਮਾ ਥੋਡੀ ਬਰਾਦਰੀ ਵਿਚੋਂ ਸੀ। ਥੋਡੇ ਰਵਿਦਾਸੀਆਂ ਦੇ ਭਾਈਚਾਰੇ ਵਿਚੋਂ।" ਸੁੱਚਾ ਹੈਰਾਨ ਸੀ। ਉਸਨੇ ਕੌਲੀ ਤੇ ਕੌਲਾ ਮਾਂਜ ਕੇ ਲੰਗਰ ਦੇ ਬਾਰ ਵਿੱਚ ਰੱਖ ਦਿੱਤੇ।ਉਸਨੇ ਗਰੰਥੀ ਨੂੰ ਹੱਥ ਜੋੜ ਕੇ ਫਹਿਤ ਬੁਲਾਈ ਅਤੇ ਰੱਜ-ਪੁੱਜ ਕੇ ਪਿੰਡ ਦੀ ਕਿਸੇ ਵੀਹੀ ਪੈ ਗਿਆ ਆਪਣੀਆਂ ਚਰਮਖਾਂ ਵੇਚਣ। ਸੁੱਚਾ ਸੋਚਦਾ ਜਾਂਦਾ ਸੀ ਕਿ ਇਹ ਰੁੱਤਾਂ ਕਿਵੇਂ ਬਦਲ ਜਾਂਦੀਆਂ ਹਨ।ਅਤੇ ਰੁੱਤਾਂ ਨਾਲ ਮਨੁੱਖ ਵੀ ਕਿਵੇਂ ਬਦਲ ਜਾਂਦੇ ਹਨ।

**ਪਤਾ-ਪਿੰਡ ਤੇ ਡਾਕ, ਪੂਹਲਾ , ਰਾਹੀਂ-ਨਥਾਣਾ, ਬਠਿੰਡਾ, ਸੰਪਰਕ-98726-39669**





## ਕਹਾਣੀ / ਮੱਛੀ-ਇਕ/ - ਜਿੰਦਰ

ਕੁੱਤੀਏ, ਲੁੱਚੀਏ, ਕੰਜਰੀਏ, ਹਰਾਮਨੇ। ਤੇਰੇ ਕਈ ਸੁਨੇਹੇਂ ਮੈਨੂੰ ਮਿਲੇ ਨੇ। ਮੰਮੀ ਨੇ ਦੱਸਿਆ ਸੀ ਕਿ ਕੱਲ੍ਹ ਵੀ ਤੇਰਾ ਫੋਨ ਆਇਆ ਸੀ। ਦੋ-ਤਿੰਨ ਵਾਰ। ਸ਼ਾਇਦ ਤੂੰ ਜ਼ਿਆਦਾ ਵਾਰ ਵੀ ਮੇਰੇ ਘਰ ਦਾ ਫੋਨ ਮਿਲਾਇਆ ਹੋਵੇ। ਰਿੰਗ ਹੋਵੇ ਤਾਂ ਰਸੀਵਰ ਮੈਂ ਨ੍ਹੀਂ ਚੁੱਕਦੀ। ਇਹ ਮੰਮੀ ਅਟੈਂਡ ਕਰਦੀ ਏ। ਮੇਰੇ ਕੋਲ ਮੇਰਾ ਆਪਣਾ ਮੋਬਾਇਲ ਏ। ਘਰ 'ਚ ਲੈਂਡ ਲਾਈਨ ਫੋਨ ਲੱਗਾ। ਮੇਰੇ ਮੋਬਾਇਲ ਨੰਬਰ ਚਾਰ-ਛੇ ਮਹੀਨਿਆਂ ਬਾਅਦ ਬਦਲਦੇ ਰਹਿੰਦੇ ਨੇ। ਨਾਂ ਤਾਂ ਪਤਾ ਨ੍ਹੀਂ ਕਿੰਨੀ ਵਾਰ ਬਦਲੇ ਨੇ। ਅਸਲੀ ਨਾਂ ਤਾਂ ਘਰ ਵਾਲਿਆਂ ਜਾਂ ਰਿਸ਼ਤੇਦਾਰਾਂ ਨੂੰ ਪਤਾ ਏ। ਮੰਮੀ ਹੁਣ ਮੈਨੂੰ ਨਾਂ ਲੈ ਕੇ ਨ੍ਹੀਂ ਬੁਲਾਉਂਦੀ-ਧੀਏ ਕਹਿ ਕੇ ਆਵਾਜ਼ ਮਾਰਦੀ ਏ।

ਕੰਜਰੀਏ, ਤੈਨੂੰ ਗਾਲ੍ਹਾਂ ਕੱਢ ਕੇ ਮੈਨੂੰ ਬੜਾ ਮਜ਼ਾ ਆਉਂਦਾ। ਇੰਨਾ ਕੁ ਪਤਾ ਤਾਂ ਲੱਗ ਗਿਆ ਸੀ ਕਿ ਤੂੰ ਦੋ ਮਹੀਨਿਆਂ ਲਈ ਆਈ ਹੈਂ। ਮਹੀਨਾ ਬੀਤ ਗਿਆ। ਸੱਚ ਜਾਣੀ-ਮੈਂ ਤੈਨੂੰ ਮਿਲਣਾ ਨ੍ਹੀਂ ਚਾਹੁੰਦੀ ਸਾਂ। ਤੂੰ ਕੀ, ਮੈਂ ਤਾਂ ਆਪਣੇ ਕਿਸੇ ਵੀ ਨਜ਼ਦੀਕੀ ਨੂੰ ਮਿਲਣਾ ਨ੍ਹੀਂ ਚਾਹੁੰਦੀ। ਜਿਸ ਨੂੰ ਵੀ ਮਿਲਾਂ ਉਸ ਦੀਆਂ ਨਜ਼ਰਾਂ 'ਚ ਸੁਆਲ ਹੀ ਸੁਆਲ ਹੁੰਦੇ ਨੇ। ਕੋਈ ਸਿੱਧਿਆਂ ਤਾਂ ਮੈਨੂੰ ਪੁੱਛਦਾ ਨ੍ਹੀਂ, ਗੱਲ ਘੁੰਮਾ ਫਿਰਾ ਕੇ ਕਰਦਾ ਏ। ਇੱਕ ਚੰਗੀ ਗੱਲ ਇਹ ਏ ਕਿ ਹੁਣ ਮੰਮੀ ਵੀ ਕਿਸੇ ਦੀ ਪ੍ਰਵਾਹ ਨ੍ਹੀਂ ਕਰਦੀ। ਉਸ ਦਾ ਦੋ ਟੁਕ ਜੁਆਬ ਹੁੰਦਾ, "ਜਦੋਂ ਅਸੀਂ ਅੱਧ ਭੁੱਖੀਆਂ ਸੌਂਦੀਆਂ ਸੀ, ਉਦੋਂ ਤਾਂ ਕੋਈ ਨੇੜੇ ਨ੍ਹੀਂ ਆਇਆ।" ਉਨ੍ਹੀਂ ਦਿਨੀਂ ਮੈਂ ਕਰਤਾਰਪੁਰ ਗਈ ਤੇਰਾ ਅਡਰੈੱਸ ਲੈ ਆਈ ਸੀ। ਸੋਚਿਆ ਸੀ ਕਿ ਤੂੰ ਹੀ ਔਖੇ ਵੇਲੇ ਕੰਮ ਆ ਸਕਦੀ ਹੈਂ। ਮੈਂ ਤੈਨੂੰ ਲੰਬੀ-ਚੌੜੀ ਚਿੱਠੀ ਵੀ ਲਿਖੀ। ਖਾਸ ਗੱਲ ਸਾਡੀ ਮਦਦ ਕਰਨ ਦੀ ਸੀ। ਪਰ ਮੈਂ ਪੋਸਟ ਨ੍ਹੀਂ ਕੀਤੀ। ਮਨ ਨੇ ਕਿਹਾ ਕਿ

ਇਹ ਕਿਹੜੀ ਇੱਕ ਦੋ ਮਹੀਨਿਆਂ ਦੀ ਗੱਲ ਏ। ਹੁਣ ਸਿਰ ਪਈ ਏ ਤਾਂ ਇਹਨੂੰ ਜਰਨ ਦਾ ਹੌਸਲਾ ਰੱਖ। ਤੇਰੇ ਆਉਣ ਦਾ ਸੁਣ ਕੇ ਮੈਨੂੰ ਖੁਸ਼ੀ ਹੋਈ ਸੀ। ਚਾਹੁੰਦੀ ਸਾਂ ਕਿ ਤੈਨੂੰ ਮਿਲਾਂ। ਆਪਣੀ ਪਰਮ ਸਹੇਲੀ ਸ਼ਰਨਜੀਤ ਸਿੱਧੂ ਨੂੰ। ਡਰਦੀ ਸੀ ਕਿ ਮਿਲਾਂਗੀ ਤਾਂ ਤੇਰਾ ਸਾਹਮਣਾ ਕਿੱਦਾਂ ਕਰਾਂਗੀ। ਇਨ੍ਹਾਂ ਸਾਲਾਂ 'ਚ ਮੈਂ ਕਿੰਨੀ ਬਦਲ ਗਈ ਹਾਂ। ਮਾਂ, ਕੰਜਰੀ, ਕਾਲਗਰਲ, ਟੈਕਸੀ, ਸੈਕਸ ਵਰਕਰ, ਵੇਸਵਾ.......। ਸੋਚਣ ਬੈਠਾਂ ਤਾਂ ਪਾਗਲ ਹੋ ਜਾਵਾਂਗੀ। ਜੇ ਕਦੇ ਸੋਚਿਆ ਵੀ ਹੋਵੇਗਾ ਤਾਂ ਮੇਰੇ ਸਾਹਮਣੇ ਮੇਰੇ ਬੱਚਿਆਂ ਦੀ ਜ਼ਿੰਦਗੀ ਦਾ ਸਵਾਲ ਹੀ ਹੋਵੇਗਾ। ਮਾਂ ਆਪਣੇ ਬੱਚਿਆਂ ਲਈ ਵਿਕਣ ਤੱਕ ਵੀ ਜਾਂਦੀ ਏ........। ਇਹ ਕੋਈ ਮੈਨੂੰ ਪੁੱਛ ਕੇ ਦੇਖੇ ਜਿਹੜੀ ਕਿ ਛੱਬੀ ਸਾਲਾਂ 'ਚ ਹੀ ਵਿਧਵਾ ਹੋ ਗਈ। ਕਾਲਜ 'ਚ ਤੂੰ ਕਿਹਾ ਕਰਦੀ ਸੀ ਕਿ ਜਵਾਨੀ ਐਸ਼ ਕਰਨ ਲਈ ਏ। ਮੌਜ਼ਾਂ ਕਰੋ। ਕੱਲ੍ਹ ਕਿਸ ਦੇਖਿਆ। ਅੱਗੋਂ ਸਹੁਰੇ ਪਤਾ ਨ੍ਹੀਂ ਕਿਹੋ ਜਿਹੇ ਮਿਲਣੇ। ਲਾਈਫ ਪਾਰਟਨਰ ਪਤਾ ਨ੍ਹੀਂ ਕਿੱਦਾਂ ਦਾ ਹੋਣਾ। ਪਰ ਮੈਂ ਤਾਂ ਸਤੀ-ਸਵਿਤਰੀ ਬਣੀ ਸਾਂ। ਆਪਣੀ ਪੜ੍ਹਾਈ ਨਾਲ ਵਾਸਤਾ ਰੱਖਦੀ। ਤੂੰ ਤਿੰਨ-ਚਹੁੰ ਮਹੀਨਿਆਂ ਬਾਅਦ ਯਾਰ ਬਦਲ ਲੈਂਦੀ। ਤੈਨੂੰ ਮੈਡਮਾਂ ਸਮਝਾਉਂਦੀਆਂ। ਦੋਸਤ ਸਮਝਾਉਂਦੀਆਂ ਪਰ ਤੂੰ ਇਸ ਵੇਲੇ ਕਿਸੇ ਨੂੰ ਟਿਚ ਨ੍ਹੀਂ ਸਮਝਿਆ।

ਹੁਣ ਉਹੋ ਜਿਹੀ ਮੇਰੀ ਸਥਿਤੀ ਬਣੀ ਹੋਈ ਹੈ।

ਹੱਸ ਲੈ-ਬਦਮਾਸ਼ੇ ਹੱਸ ਲੈ। ਮੈਂ ਵੀ ਤੇਰੇ ਸੰਗ ਹੀ ਹੱਸਣਾ। ਬਹੁਤੀ ਵਾਰ ਤਾਂ ਦੂਜੇ ਕੰਮਾਂ ਵਾਂਗ ਹੱਸਣਾ ਵੀ ਬਣਾਉਟੀ ਜਿਹਾ ਹੋ ਜਾਂਦਾ। ਆਪਣੇ ਹੱਥ-ਵੱਸ ਕੁਸ਼ ਨ੍ਹੀਂ ਰਹਿੰਦਾ ਕਿਉਂਜੁ ਮੈਂ ਇਹੀ ਸਿੱਖਿਆ ਏ ਕਿ ਆਪਣੇ ਗ੍ਰਾਹਕ ਨੂੰ ਹਰ ਤਰ੍ਹਾਂ ਖੁਸ਼ ਰੱਖਣਾ ਏ। ਆਪਣੀ ਇੱਛਾ ਮਾਰ ਕੇ ਵੀ। ਆਪਣੇ ਆਪ ਨੂੰ ਮਾਰ ਕੇ ਵੀ।

ਮੈਂ ਉਹਲਿਆਂ 'ਚ ਜਿਉਂਦੀ ਹਾਂ। ਗਿਰਗਟ ਵਾਂਗੂ ਰੰਗ ਬਦਲਦੀ ਹਾਂ। ਪਲ-ਪਲ ਝੂਠ ਬੋਲਦੀ ਹਾਂ। ਪਰ ਕੋਈ ਤਾਂ ਅਜਿਹਾ ਚਾਹੀਦਾ ਏ ਜਿਸ ਸੰਗ ਕੋਈ ਮਨ ਦੀ ਗੱਲ ਕਰ ਸਕੇ। ਮੈਂ ਕਿੰਨੇ ਚਿਰ ਤੋਂ ਅਜਿਹੇ ਬੰਦੇ ਦੀ ਭਾਲ 'ਚ ਸੀ ਜਿਹੜਾ ਕਿ ਮੈਨੂੰ ਪਹਿਲਾਂ ਤੋਂ ਜਾਣਦਾ ਹੋਵੇ ਤੇ ਮੈਂ ਉਸ ਨੂੰ ਆਪਣੀ ਹੁਣ ਵਾਲੀ ਜ਼ਿੰਦਗੀ ਬਾਰੇ ਦੱਸਾਂ। ਉਹ ਮੇਰਾ ਮਜਾਕ ਉਡਾਉਣ ਵਾਲਾ ਨਾ ਹੋਵੇ। ਨਜਾਇਜ ਫਾਇਦਾ ਉਠਾਉਣ ਵਾਲਾ ਨਾ ਹੋਵੇ। ਸ਼ੁਕਰ ਏ ਕਿ ਤੂੰ ਇੰਗਲੈਂਡ ਤੋਂ ਆ ਗਈਂ। ਮੈਂ ਤੈਨੂੰ, ਬਿਨਾਂ ਪੁੱਛਿਆਂ ਹੀ ਆਪਣੀ ਸਿੱਧੀ ਸਾਦੀ ਕਹਾਣੀ ਸੁਣਾ ਰਹੀ ਹਾਂ। ਵਿੰਗੀਆਂ ਗੱਲਾਂ ਕਰਨ ਵਾਲੇ ਬਥੇਰੇ ਮਿਲ ਜਾਂਦੇ।

ਮੇਰਾ ਹੱਸਣਾ ਤਾਂ ਮਨੋਹਰ ਤਾਈਂ ਹੀ ਰਿਹਾ ਸੀ। ਉਸ ਦੀ ਮੌਤ ਇੱਕ ਐਕਸੀਡੈਂਟ 'ਚ ਹੋ ਗਈ।

ਮਨੋਹਰ ਦੇ ਹੁੰਦਿਆਂ ਮੇਰੀ ਸੱਸ ਘਰ 'ਚ ਮੇਰੇ ਪੈਰ ਨ੍ਹੀਂ ਲੱਗਣ ਦਿੰਦੀ ਸੀ। ਪਤਾ ਨ੍ਹੀਂ ਉਸ ਨੂੰ ਕੀ ਦਿਖਾਈ ਦਿੰਦਾ ਕਿ ਉਹ ਮੇਰੇ ਹਰੇਕ ਕੰਮ 'ਚ ਨੁਕਸ ਕੱਢਦੀ। ਦੋ ਪਲ ਮਨੋਹਰ ਕੋਲ ਬੈਠ ਜਾਂਦੀ ਤਾਂ ਉਸ ਦੇ ਸੱਤੀਂ ਕੱਪੜੀਂ ਅੱਗ ਲੱਗ ਜਾਂਦੀ। ਉਹ ਆਨੀਂ-ਬਹਾਨੀਂ ਮੇਰੀ ਲਾਹ-ਪਾਹ ਕਰਦੀ। ਮਨੋਹਰ ਨੂੰ ਦੱਸਦੀ ਤਾਂ ਉਸ ਦਾ ਮੋੜ-ਘੋੜ ਕੇ ਇਹੀ ਜਵਾਬ ਹੁੰਦਾ, "ਮੈਂ ਤੈਨੂੰ ਮੁਕਲਾਵੇ ਵਾਲੀ ਰਾਤ ਇੱਕ ਗੱਲ ਸਮਝਾਈ ਸੀ ਕਿ ਜੇ ਤੂੰ ਇਸ ਘਰ 'ਚ ਸੁਖੀ ਰਹਿਣਾ ਤਾਂ ਮੰਮੀ ਦੀ ਗੱਲ ਇੱਕ ਕੰਨੋਂ ਸੁਣ ਛੱਡੀਂ ਤੇ ਦੂਜੇ ਕੰਨੋਂ ਕੱਢ ਦੇਈਂ।" ਪਰ ਸੁਣਨ ਤੇ ਸਹਿਣ ਦੀ ਇੱਕ ਹੱਦ ਹੁੰਦੀ ਏ। ਉਸ ਨੇ ਮੇਰਾ ਜੀਉਣਾ ਹਰਾਮ ਕਰੀ ਰੱਖਿਆ ਸੀ।

ਮਨੋਹਰ ਦੀ ਨੌਕਰੀ ਥੋੜ੍ਹੇ ਚਿਰ ਦੀ ਸੀ। ਗਰੈਚੁਇਟੀ, ਲੀਵ ਇਨ ਕੈਸ਼ਮੈਂਟ ਤੇ ਜੀ.ਆਈ.ਐਸ. ਦੀ ਪੇਮੈਂਟ ਕਿੰਨੀ ਕੁ ਹੋਣੀ ਸੀ। ਫੈਮਿਲੀ ਪੈਨਸ਼ਨ ਨਾ ਲੱਗੀ। ਦੋ ਬੱਚੇ ਨੇ। ਸੁਨੀਤਾ ਅੱਠ ਸਾਲਾਂ ਦੀ। ਰਵੀ ਛੇਆਂ ਦਾ ਪਿਛਲੇ ਮਹੀਨੇ ਹੋਇਆ। ਮਾਪਿਆਂ ਨੇ ਕਿਤੇ ਹੋਰ ਤੋਰਨ ਲਈ ਗੱਲ ਕੀਤੀ ਪਰ



ਮੈਂ ਨਾ ਮੰਨੀ। ਮੈਨੂੰ ਮਨੋਹਰ ਦਾ ਕਿਹਾ ਵਾਰ-ਵਾਰ ਯਾਦ ਆ ਜਾਂਦਾ, "ਮੰਮੀ ਤੇਰੀ ਜਿੰਨੀ ਉਮਰ 'ਚ ਵਿਧਵਾ ਹੋ ਗਈ ਸੀ। ਪਰ ਉਸ ਹੌਸਲਾ ਨ੍ਹੀਂ ਛੱਡਿਆ। ਹੁਣ ਆਪਣਾ ਪਹਿਲਾ ਫਰਜ਼ ਇਹ ਆ ਕਿ ਆਪਾਂ ਉਸ ਦਾ ਬੁਢਾਪਾ ਖਰਾਬ ਨ੍ਹੀਂ ਕਰਨਾ।" ਮੇਰਾ ਆਪਣਾ ਮਨ ਵੀ ਕਰਦਾ ਕਿ ਕੋਈ ਹੋਰ ਘਰ ਲੱਭ ਲਵਾਂ। ਜ਼ਿੰਦਗੀ ਦੇ ਚਾਰ ਦਿਨ ਸੌਖਾਲੇ ਨਿਕਲ ਜਾਣਗੇ ਪਰ ਮੰਮੀ ਦਾ ਕੀ ਹੋਊ। ਉਸ ਦੀਆਂ ਦੋਵੇਂ ਧੀਆਂ ਤਾਂ ਪਹਿਲਾਂ ਹੀ ਆਪਣੇ ਘਰਾਂ 'ਚ ਸੁਖੀ ਨ੍ਹੀਂ। ਇਕੋ ਇਕ ਸਹਾਰਾ ਸੀ ਮਨੋਹਰ, ਉਹ ਵੀ ਛੇਤੀ ਸਾਥ ਛੱਡ ਗਿਆ। ਉਹ ਦਿਨ ਬੜੇ ਔਖੇ ਨਿਕਲੇ। ਇੱਕ ਤਾਂ ਮਨੋਹਰ ਅੱਧਵਾਟੇ ਛੱਡ ਗਿਆ, ਉਪਰੋਂ ਘਰ ਦੀ ਜ਼ੁੰਮੇਵਾਰੀ। ਚਾਰ ਜਣਿਆਂ ਨੂੰ ਖਾਣ-ਪੀਣ-ਪਹਿਨਣ ਲਈ ਚਾਹੀਦਾ ਸੀ। ਪਰ ਪੈਸੇ ਕਿੱਥੋਂ ਆਉਂਦੇ। ਮੇਰੇ ਸਿਰ 'ਚ ਤਰਾਟਾਂ ਪੈਣ ਲੱਗ ਜਾਂਦੀਆਂ। ਮੈਂ ਆਪਣੀ ਸੱਸ ਨੂੰ ਦਿਲਾਸਾ ਦਿੰਦੀ ਤੇ ਉਹ ਮੈਨੂੰ ਸਮਝਾਉਂਦੀ, "ਧੀਏ, ਮਨ ਛੋਟਾ ਨਾ ਕਰ। ਔਕੜਾਂ ਵੀ ਬੰਦੇ ਲਈ ਬਣੀਆਂ। ਇਹਨੂੰ ਵੀ ਸਹਾਰਨਾ ਪੈਣਾ। ਮੈਂ ਤੇਰੇ ਵੱਲ ਦੇਖਦੀ ਆਂ ਤਾਂ ਮੈਨੂੰ ਕੁਸ਼ ਨ੍ਹੀਂ ਸੁਝਦਾ। ਮੈਂ ਆਪ ਪਹਾੜ ਜਿੱਡੇ ਦਿਨ ਲੰਘਾਏ ਨੇ। ਇਕ ਮਨ ਕਰਦਾ ਕਿ ਤੈਨੂੰ ਆਪਣੇ ਹੱਥੀਂ ਕਿਸੇ ਨਾਲ ਤੋਰ ਦੇਵਾਂ। ਤੇਰੇ ਦਿਨ ਸੌਖਾਲੇ ਹੋ ਜਾਣਗੇ। ਪਰ ਤੈਨੂੰ ਅਗਾਂਹ ਜਾ ਕੇ ਵੀ ਅਗਲੇ ਦੇ ਨਿਆਣੇ ਸਾਂਭਣੇ ਪੈਣੇ ਨੇ। ਤੇਰੇ ਆਪਣੇ ਰੁਲ ਜਾਣੇ। ਐਵੇਂ ਤਾਂ ਨ੍ਹੀਂ ਕਿਸੇ ਨੇ ਕਿਹਾ ਕਿ ਵਿਆਹ ਤੋਂ ਬਾਅਦ ਔਰਤ ਦਾ ਮੁੱਲ ਅੱਧਾ ਵੀ ਨ੍ਹੀਂ ਰਹਿੰਦਾ। ਹੁਣ ਕੌੜਾ ਘੁੱਟ ਭਰ ਲੈ ਤੇ ਆਪਣੇ ਬੱਚਿਆਂ ਨੂੰ ਸੰਭਾਲ। ਦਸ ਸਾਲ ਔਖਿਆਂ-ਸੌਖਿਆਂ ਕੱਢ ਲੈ, ਰਵੀ ਨੇ ਜੁਆਨ ਹੋ ਜਾਣਾ।" ਮੇਰੇ ਸਾਹਮਣੇ ਮੇਰੀ ਸੱਸ ਇਕ ਮਸਾਲ ਸੀ। ਜੇ ਉਹ ਕੱਲੀ ਰੰਡੇਪਾ ਕਟ ਸਕਦੀ ਏ ਤਾਂ ਮੈਂ ਕਿਉਂ ਨ੍ਹੀਂ। ਉਹ ਬਿਲਕੁਲ ਅਨਪੜ੍ਹ ਏ। ਮੇਰੇ ਕੋਲ ਤਾਂ ਗਰੈਜੁਏਸ਼ਨ ਦੀ ਡਿਗਰੀ ਏ। ਮੇਰੇ ਲਈ ਮੇਰੇ ਬੱਚੇ ਮੇਰੀ ਜਾਨ ਨੇ। ਮੈਂ ਫੇਰ ਸਿਰਫ ਤੇ ਸਿਰਫ ਉਨ੍ਹਾਂ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ। ਹੁਣ ਉਹੀ ਸੱਸ ਜਿਹਦੀ ਲੁਤਰੋ ਵਾਂਗੂੰ ਜ਼ੁਬਾਨ ਸਾਰਾ ਦਿਨ ਅੰਦਰ ਨ੍ਹੀਂ ਸੀ ਪੈਂਦੀ, ਉਹਨੂੰ ਤਾਂ ਬੋਲਣਾ ਹੀ ਭੁੱਲ ਗਿਆ। ਮੈਂ ਆਪਣੇ ਆਪ ਨੂੰ ਤਾਂ ਸੰਭਾਲਣਾ ਹੀ ਸੀ, ਉਹਨੂੰ ਵੀ ਸੰਭਾਲਿਆ।

ਠਹਿਰ ਤਾਂ ਜਾ ਵੱਡੀਏ ਬਦਮਾਸ਼ੇ-ਉਥੋਂ ਹੀ ਦੱਸਦੀ ਹਾਂ। ਘਰ 'ਚ ਜਿਹੜੇ ਚਾਰ ਪੈਸੇ ਸੀ, ਉਹ ਵੀ ਖ਼ਤਮ ਹੋ ਗਏ। ਮੈਂ ਤਿੰਨ-ਚਾਰ ਥਾਂਈਂ ਨੌਕਰੀ ਕੀਤੀ। ਤਨਖਾਹ ਸਿਰਫ ਡੇਢ-ਦੋ ਹਜ਼ਾਰ। ਉਪਰੋਂ ਬੌਸ ਦੀ ਚਮਚਾਗਿਰੀ ਅੱਡ ਕਰਨੀ ਪੈਂਦੀ। ਬੌਸ ਦੀਆਂ ਨਜ਼ਰਾਂ ਮੇਰੇ ਜਿਸਮ 'ਤੇ ਲੱਗੀਆਂ ਰਹਿੰਦੀਆਂ। ਉਹ ਅਗਾਂਹ ਵਧੇ, ਉਸ ਤੋਂ ਪਹਿਲਾਂ ਹੀ ਮੈਂ ਕੰਮ ਛੱਡ ਆਉਂਦੀ। ਮੇਰੀ ਆਤਮਾ ਦੁੱਖੀ ਹੁੰਦੀ-ਨਾਲ ਸੱਸ ਦੀ ਆਤਮਾ ਵੀ ਤੜਫਾਉਂਦੀ। ਉਹ ਮੈਨੂੰ ਕਹਿੰਦੀ, "ਪੁੱਤ, ਜਦੋਂ ਤੱਕ ਔਰਤ 'ਚ ਸਤ ਆ, ਉਹਦੀ 'ਵਾ ਵੱਲ ਕੋਈ ਨ੍ਹੀਂ ਝਾਕ ਸਕਦਾ।" ਉਸਨੂੰ ਕੀ ਦੱਸਦੀ ਕਿ ਹੁਣ ਉਸ ਵਾਲੇ ਸਮੇਂ ਨ੍ਹੀਂ ਰਹੇ। ਜੇ ਕਿਤੇ ਬੌਸ ਨਾ ਪਹਿਲ ਕਰੇ ਤਾਂ ਮਾਤਹਿਤ ਆਪ ਕਰਨ ਲੱਗ ਜਾਂਦੀਆਂ। ਉਨ੍ਹਾਂ ਦੇ ਦੋਹਾਂ ਹੱਥਾਂ 'ਚ ਲੱਡੂ ਹੁੰਦੇ ਨੇ। ਹੁਣ ਸ਼ਰਮ ਹਿਆ ਵਾਲੀ ਗੱਲ ਕਿੱਥੇ ਰਹਿ ਗਈ! ਕੋਈ-ਕੋਈ ਹੋਣੀ ਏ ਮੇਰੇ ਵਰਗੀ ਸਤੀ ਸਵਿੱਤਰੀ। ਸੱਸ ਮੈਨੂੰ ਪੁੱਛਦੀ, "ਤੈਨੂੰ ਕਾਹਦਾ ਡਰ?" "ਮੈਨੂੰ ਆਪਣੀ ਇਸਮਤ ਦਾ ਡਰ ਮਾਰਦਾ। ਉਨ੍ਹਾਂ ਨੂੰ ਮੇਰਾ ਕੰਮ ਨ੍ਹੀਂ ਪਿਆਰਾ। ਜਿਸਮ ਪਿਆਰਾ। ਮੇਰੀ ਸੁੰਦਰਤਾ ਹੀ ਮੇਰੀ ਦੁਸ਼ਮਣ ਬਣੀ ਹੋਈ ਏ। ਕਾਲੀ ਕਲੋਟੀ ਹੁੰਦੀ ਤਾਂ ਕਿਸ ਮੈਨੂੰ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਘੂਰਨਾ ਸੀ। ਮਾਤਾ-ਤੈਨੂੰ ਕਿਹੜੇ ਮੂੰਹ ਨਾਲ ਦੱਸਾਂ-ਉਹ ਮੈਥੋਂ ਕੀ-ਕੀ ਚਾਹੁੰਦੇ ਨੇ। ਜੋ ਕੁਸ਼ ਮੇਰੇ ਸਾਹਮਣੇ ਹੁੰਦਾ ਏ-ਉਹਨੂੰ ਦੇਖ-ਦੇਖ ਕੇ ਮੈਨੂੰ ਪਸੀਨਾ ਆ ਜਾਂਦਾ।" ਸੱਸ ਕੋਲ ਮੇਰੀ ਗੱਲ ਦਾ ਜਵਾਬ ਨਾ ਹੁੰਦਾ।

ਕਈ ਮਹੀਨੇ ਮੈਂ ਛੋਟੇ ਬੱਚਿਆਂ ਨੂੰ ਘਰੇ ਹੀ ਪੜ੍ਹਾ ਕੇ ਘਰ ਦੀ ਗੱਡੀ ਤੋਰੀ।

ਹਰਾਮਜਾਦੀਏ ਤੂੰ ਮੈਥੋਂ ਸਿਆਣੀ ਨਾ ਬਣ। ਉਨ੍ਹੀਂ ਦਿਨੀਂ ਮੈਨੂੰ, ਆਪਣੇ ਗੁਆਂਢੀ ਰਮੇਸ਼

ਚੰਦਰ ਦੀ ਸਿਫਾਰਿਸ਼ 'ਤੇ ਜੈਨ ਇਲੈਕਟ੍ਰਿਕ ਹਾਊਸ 'ਚ ਨੌਕਰੀ ਮਿਲੀ ਸੀ। ਮੈਂ ਆਪਣੇ ਕੰਮ ਨਾਲ ਮਤਲਬ ਰੱਖਦੀ। ਸਤੀਸ਼ ਜੈਨ ਹੋਰੀਂ ਆਨੀਂ-ਬਹਾਨੀਂ ਮੈਨੂੰ ਬੁਲਾ ਲੈਂਦੇ। ਇਕ ਸ਼ਾਮ ਨੂੰ ਜਦੋਂ ਮੈਂ ਘਰ ਜਾਣ ਲਈ ਪਰਸ ਚੁੱਕਿਆ ਹੀ ਸੀ ਕਿ ਉਨ੍ਹਾਂ ਮੈਨੂੰ ਬੁਲਾ ਲਿਆ ਤੇ ਪੁੱਛਿਆ, "ਤੁਹਾਨੂੰ ਘਰ ਜਾਣ ਦੀ ਕਾਹਲੀ ਤਾਂ ਨ੍ਹੀਂ ਨਾ?"

"ਹੈ।"

"ਕੋਈ ਖਾਸ ਵਜ੍ਹਾ।"

"ਇਹੀ ਕਿ ਬੱਚੇ ਮੈਨੂੰ ਉਡੀਕਦੇ ਹੋਣੇ। ਮੈਂ ਉਨ੍ਹਾਂ ਲਈ ਬਾਈ ਦੀ ਮਾਰਕੀਟ 'ਚੋਂ ਕੁਸ਼ ਚੀਜ਼ਾਂ ਖਰੀਦਣੀਆਂ। ਆਪਣੀ ਸੱਸ ਲਈ ਦਵਾਈ ਲੈ ਕੇ ਜਾਣੀ।"

"ਬਸ, ਇਹੀ ਕੰਮ ਆ। ਦੱਸੋ ਬੱਚਿਆਂ ਨੂੰ ਕੀ-ਕੀ ਚਾਹੀਦਾ। ਮਾਤਾ ਜੀ ਦੀ ਦਵਾਈ ਦੀ ਪਰਚੀ ਦਿਓ-ਮੈਂ ਕਿਸੇ ਨੌਕਰ ਹੱਥ ਮੰਗਵਾ ਦਿੰਨਾਂ। ਮੈਂ ਤੁਹਾਡੇ ਸੈਕਟਰ ਵੱਲ ਜਾਣਾ। ਘੰਟਾ ਕੁ ਠਹਿਰੋ ਫੇਰ 'ਕੱਠੇ ਨਿਕਲਦੇ ਆਂ।"

ਮੈਂ ਉਸ ਦੀ ਰਮਜ ਸਮਝ ਗਈ ਸੀ। ਤਿੰਨ ਥਾਂਈਂ ਤਾਂ ਬੱਚ ਗਈ-ਹੁਣ ਮੈਨੂੰ ਮੇਰੀ ਖ਼ੈਰ ਨ੍ਹੀਂ ਲੱਗਦੀ ਸੀ, ਕਰ ਕੀ ਸਕਦੀ ਸਾਂ। ਮੈਂ ਇਹ ਨੌਕਰੀ ਗਵਾਉਣੀ ਨ੍ਹੀਂ ਚਾਹੁੰਦੀ ਸੀ। ਅੱਠ ਹਜ਼ਾਰ ਮਿਲਦੇ ਸਨ। ਕੰਮ ਵੀ ਕੋਈ ਔਖਾ ਨ੍ਹੀਂ ਸੀ। ਦਸ ਵਜੇ ਜਾਂਦੀ। ਛੇ ਵਜੇ ਆ ਜਾਂਦੀ। ਮੇਰਾ ਜਿਸਮ ਬੁਰੀ ਤਰ੍ਹਾਂ ਕੰਬਿਆ। ਦੋਵਾਂ ਹੱਥਾਂ ਨਾਲ ਸਿਰ ਫੜ੍ਹ ਕੇ ਬੈਠ ਗਈ। ਮੇਰੀਆਂ ਨਜ਼ਰਾਂ ਵਾਰ-ਵਾਰ ਘੜੀ ਦੀਆਂ ਸੂਈਆਂ 'ਤੇ ਜਾ ਟਿਕਦੀਆਂ।

ਪਰ ਉਸ ਦਿਨ ਸਤੀਸ਼ ਜੈਨ ਹੋਰਾਂ ਕੋਈ ਪਹਿਲ ਨਾ ਕੀਤੀ। ਕਾਰ 'ਚੋਂ ਉਤਰ ਕੇ ਜਾਂਦਿਆਂ ਹੋਇਆਂ ਉਨ੍ਹਾਂ ਇੰਨਾ ਕੁ ਹੀ ਕਿਹਾ, "ਕਿਸੇ ਦਿਨ ਸਮਾਂ ਕੱਢੋ-ਆਪਾਂ ਬੈਠ ਕੇ ਗੱਲਾਂ ਕਰੀਏ।"

ਮੈਂ ਨਾ ਹਾਂ ਕਿਹਾ, ਨਾ ਨਾਂਹ।

ਪਹਿਲਾਂ ਮੇਰੀ ਗੱਲ ਸੁਣੀ ਜਾ ਕੁੱਤੀਏ। ਰਾਤ ਨੂੰ ਮੇਰੀ ਸੱਸ, ਜਿੱਦਾਂ ਕਿ ਉਹ ਪਹਿਲਾਂ ਵੀ ਕਰਦੀ ਹੁੰਦੀ ਸੀ ਤੇ ਇਹ ਉਸਦੀ ਆਦਤ ਹੀ ਬਣ ਗਈ ਸੀ, ਮੇਰੇ ਮੰਜੇ 'ਤੇ ਆ ਬੈਠੀ। ਬੱਚੇ ਟੀ.ਵੀ. 'ਤੇ ਫਿਲਮ ਦੇਖ ਰਹੇ ਸਨ। ਉਹਨੇ ਗਲੀ-ਮੁਹੱਲੇ ਦੀਆਂ ਹੋਈਆਂ-ਬੀਤੀਆਂ ਸੁਣਾਈਆਂ ਤੇ ਫੇਰ, ਸ਼ਾਇਦ ਉਸ ਇਸ ਬਾਰੇ ਪਹਿਲਾਂ ਤੋਂ ਹੀ ਸੋਚ ਰੱਖਿਆ ਸੀ, ਆਪਣੀ ਭੈਣ ਦੇ ਪਿੰਡ ਦੀ ਕਥਾ ਛੇੜ ਲਈ, "ਬਿੰਦਰੀ ਦੇ ਪਿੰਡ ਦੀ ਇਕ ਜਨਾਨੀ ਏ। ਕੀ ਆ ਉਸ ਦਾ ਭਲਾ ਜਿਹਾ ਨਾਂ। ਮੈਂ ਭੁੱਲ ਗਈ। ਮੈਂ ਆਪ ਕਈ ਵਾਰ ਉਨ੍ਹਾਂ ਦੇ ਘਰੇ ਗਈ ਆਂ। ਉਹ ਇਕ ਵਾਰੀ ਇਥੇ ਆਈ ਵੀ ਏ। ਦੇਖ ਮੈਨੂੰ ਨਾਂ ਹੀ ਨ੍ਹੀਂ ਯਾਦ ਆ ਰਿਹਾ। ਅੱਛਾ-ਅੱਛਾ ਜੋਗਿੰਦਰੀ। ਜੋਗਿੰਦਰੀ ਦਾ ਘਰਵਾਲਾ ਫ਼ੌਜ 'ਚ ਸੀ। ਘਰ ਦੇ ਦੋ ਸਿਆੜ ਸੀ। ਉਸ ਦਾ ਘਰਵਾਲਾ ਸ੍ਰੀਲੰਕਾ 'ਚ ਮਾਰਿਆ ਗਿਆ। ਜਿੰਮੀਦਾਰਾਂ ਨੂੰ ਇਸ ਗੱਲ ਦੀ ਤਾਂ ਮੌਜ ਹੁੰਦੀ ਆ ਕਿ ਜੇ ਸਿਰ ਦਾ ਸਾਈਂ ਤੁਰ ਜਾਵੇ ਤਾਂ ਜਨਾਨੀ ਰੋਟੀ ਤੋਂ ਭੁੱਖੀ ਨ੍ਹੀਂ ਮਰਦੀ। ਜੋਗਿੰਦਰੀ ਦੀ ਹਾਲਤ ਤਾਂ ਨਾ ਰੱਜਿਆਂ 'ਚ ਸੀ-ਨਾ ਭੁੱਖਿਆਂ 'ਚ। ਚਾਰ ਕੁੜੀਆਂ। ਤਿੰਨ ਮੁੰਡੇ। ਵੱਡਾ ਪਰਿਵਾਰ। ਥੋੜ੍ਹੀ ਬਹੁਤੀ ਪੇਕਿਆਂ ਮੱਦਦ ਕੀਤੀ। ਲੰਮਾ ਚਿਰ ਕੌਣ ਕਿਸ ਦਾ ਸੋਚਦਾ। ਕੁੜੀਆਂ ਜੁਆਨ ਹੋ ਗਈਆਂ। ਪਰ ਜੋਗਿੰਦਰੀ 'ਤੇ ਆਖਰਾਂ ਦਾ ਹੁਸਨ ਜਿਉਂ ਦਾ ਤਿਉਂ ਰਿਹਾ। ਜਿੱਧਰ ਦੀ ਲੰਘ ਜਾਂਦੀ – ਅੱਧਖੜ ਕੀ, ਮੁੰਡੇ ਵੀ ਹੌਕਾ ਭਰਦੇ। ਇਹ ਉਹੀ ਜੋਗਿੰਦਰੀ ਸੀ ਜਿਸ ਜਵਾਨੀ ਵੇਲੇ ਆਪਣੇ ਜਿਸਮ ਨੂੰ ਕਿਸੇ ਪਰਾਏ ਮਰਦ ਦਾ ਹੱਥ ਨ੍ਹੀਂ ਲੱਗਣ ਦਿੱਤਾ ਸੀ ਪਰ ਵਕਤ ਨੇ ਪਾਸਾ ਹੀ ਉਲਟਾ ਦਿੱਤਾ। ਉਹ ਸ਼ਾਹਕੋਟ ਆਪਣੀ ਮਾਮੀ ਦੇ ਭੋਗ 'ਤੇ ਗਈ। ਉੱਥੇ ਉਸ 'ਤੇ ਦੂਰ ਦਾ ਰਿਸ਼ਤੇਦਾਰ ਮਲਸੀਆਂ ਵਾਲਾ ਸਰਦਾਰ ਮੋਹਿਤ ਹੋ ਗਿਆ। ਉਹਨੇ ਗੱਲਾਂਬਾਤਾਂ 'ਚ ਉਹਨੂੰ ਭਰਮਾ ਲਿਆ। ਕਈ ਕਹਿੰਦੀਆਂ ਕਿ ਚਾਟੇ ਲਾ ਲਿਆ। ਫੇਰ ਉਹਨੇ ਜੋਗਿੰਦਰੀ ਦਾ ਘਰ



ਭਰ ਦਿੱਤਾ। ਉਹ ਇੱਕ ਚੀਜ਼ ਮੰਗਦੀ ਤਾਂ ਅੱਗੋਂ ਉਹ ਚਾਰ ਖਰੀਦ ਲਿਆਉਂਦਾ। ਉਹ ਖੌਅ-ਪੀਏ ਆਉਂਦਾ। ਤੜਕੇ ਚਲਾ ਜਾਂਦਾ। ਉਸ ਦਾ ਦਬਦਬਾ ਐਨਾ ਸੀ ਕਿ ਪਿੰਡ 'ਚੋਂ ਕੋਈ ਕੁਸਕਦਾ ਨਾ। ਫੇਰ ਉਹ ਸੱਦਦੀ ਸੀ- ਉਹ ਆਉਂਦਾ ਸੀ। ਕੋਈ ਪੁੱਛਦਾ ਤਾਂ ਉਹ ਕਹਿ ਦਿੰਦੀ, 'ਵੱਸਦੇ-ਰਸਦੇ ਘਰਾਂ 'ਚ ਸੌ ਆਉਂਦਾ ਜਾਂਦਾ।' ਫੇਰ ਸਰਦਾਰ ਨਾਲ ਇੱਕ ਹੋਰ ਓਪਰਾ ਬੰਦਾ ਆਉਣ ਲੱਗਾ। ਲੋਕੀਂ ਕਹਿੰਦੇ ਉਹਦੀ ਦੁਕਾਨਦਾਰੀ ਚਲ ਪਈ। ਪਰ ਉਸ ਕਿਸੇ ਲਾਟੀਖ਼ਾਨ ਦੀ ਪ੍ਰਵਾਹ ਨਾ ਕੀਤੀ। ਸਰਦਾਰ 'ਤੇ ਜ਼ੋਰ ਪਵਾ ਕੇ ਵੱਡੀ ਕੁੜੀ ਜਾਪਾਨ ਭੇਜ ਦਿੱਤੀ। ਉਸ ਤੋਂ ਛੋਟੀ ਅਸਟ੍ਰੇਲੀਆ ਆ। ਤੀਜੇ ਥਾਂ ਵਾਲੀ ਫਰਾਂਸ 'ਚ। ਚੌਥੀ ਪਿਛਲੇ ਦਿਨੀਂ ਇਟਲੀ ਚਲੇ ਗਈ। ਤਿੰਨੇ ਮੁੰਡੇ ਜਾਪਾਨ ਲੰਘਾ ਦਿੱਤੇ। ਉਹ ਦੇ ਘਰੇ ਬਹਾਰਾਂ ਲੱਗੀਆਂ ਰਹਿੰਦੀਆਂ। ਧੀਏ, ਔਰਤ ਨੂੰ ਬੱਚਿਆਂ ਲਈ ਬਹੁਤ ਕੁਰਬਾਨੀਆਂ ਕਰਨੀਆਂ ਪੈਂਦੀਆਂ।"

ਮੈਨੂੰ ਸਾਰੀ ਰਾਤ ਨੀਂਦ ਨਾ ਆਈ। ਉਸ ਦੀ ਕਹੀ ਹੋਈ ਪਿਛਲੀ ਗੱਲ-'ਔਰਤ ਨੂੰ ਬੱਚਿਆਂ ਲਈ ਬਹੁਤ ਕੁਰਬਾਨੀਆਂ ਕਰਨੀਆਂ ਪੈਂਦੀਆਂ' ਨੇ ਮੈਨੂੰ ਸੋਚੀਂ ਪਾ ਦਿੱਤਾ।

ਮੈਂ ਆਪ ਘਰ ਦੀਆਂ ਤੰਗੀਆਂ ਤੋਂ ਔਖੀ ਹੋ ਗਈ ਸੀ। ਬੱਚਿਆਂ ਦੀਆਂ ਲੋੜਾਂ ਵੱਧ ਰਹੀਆਂ ਸਨ।

ਅਗਲੇ ਹਫਤੇ ਸਤੀਸ਼ ਜੈਨ ਦੇ ਇੱਕ ਵਾਰ ਕਹਿਣ 'ਤੇ, ਮੈਂ ਉਸ ਨਾਲ ਸ਼ਿਮਲੇ ਗਈ। ਜੈਨ ਨੇ ਮੈਨੂੰ ਖੁਸ਼ ਕਰ ਦਿੱਤਾ। ਤਿੰਨ ਸੂਟ ਤੇ ਦੋ ਜੀਨ ਦੀਆਂ ਪੈਂਟਾਂ ਲੈ ਕੇ ਦਿੱਤੀਆਂ। ਪਰਸ 'ਚ ਪੰਜ ਸੌ-ਸੌ ਦੇ ਨੋਟ ਪਾ ਦਿੱਤੇ।

ਖੁਸ਼ੀ ਖੁਸ਼ੀ ਮੈਂ ਦੂਜੀ ਸ਼ਾਮ ਨੂੰ ਘਰੇ ਆਈ ਤੇ ਸਭ ਕੁਝ ਸੱਸ ਅੱਗੇ ਰੱਖ ਦਿੱਤਾ। ਸੱਚ ਵੀ ਦੱਸ ਦਿੱਤਾ। ਸੱਸ ਨੇ ਕੁਝ ਨਾ ਕਿਹਾ। ਉਹ ਮੇਰੇ ਲਈ ਚਾਹ ਬਣਾ ਲਿਆਈ। ਨਾਲ ਹੀ ਮੇਰੇ ਪਸੰਦ ਦੇ ਬਿਸਕੁੱਟ। ਮੈਂ ਇਸ ਨੂੰ ਉਸ ਦੀ ਸਵੀਕ੍ਰਿਤੀ ਸਮਝ ਲਿਆ।

ਇਹ ਤਾਂ ਸ਼ੁਰੂਆਤ ਸੀ।

ਉੱਥੇ ਰਜਨੀ ਕੰਮ ਕਰਦੀ ਸੀ ਮੇਰੇ ਤੋਂ ਪਹਿਲਾਂ ਦੀ। ਦੂਜੇ ਦਿਨ ਉਸ ਮੈਨੂੰ ਵਧਾਈਆਂ ਦਿੰਦਿਆ ਹੋਇਆ ਕਿਹਾ, "ਐਵੇਂ ਮਨ 'ਤੇ ਨਾ ਲਾਵੀਂ। ਤੇਰਾ ਕੀ ਘਸ ਗਿਆ। ਚਾਰ ਦਿਨ ਮੌਜਾਂ ਕਰ ਸਤੀਸ਼ ਦੇ ਸਿਰ 'ਤੇ। ਇਹ ਨਾ ਸ਼ਰਾਬ ਪੀਂਦਾ ਏ। ਨਾ ਮੀਟ ਖਾਂਦਾ ਏ. ਕੰਪਨੀ ਸੇਕ ਕਦੇ-ਕਦੇ ਅੱਧਾ ਕੁ ਗਲਾਸ ਬੀਅਰ ਪੀ ਲੈਂਦਾ। ਲਸਣ ਵੀ ਨ੍ਹੀਂ ਖਾਂਦਾ। ਜਨਾਨੀਆਂ ਦਾ ਬਹੁਤ ਸੌਕੀਨ ਏ। ਪੈਸੇ ਖਰਚਣ ਲੱਗਾ ਸੀ ਨ੍ਹੀਂ ਕਰਦਾ। ਜਨਾਨੀ ਨੂੰ ਬੰਦਾ ਸੰਭਾਲਣਾ ਆ ਜਾਵੇ। ਫੇਰ ਉਹ ਕਦੇ ਮਾਰ ਨ੍ਹੀਂ ਖਾਂਦੀ। ਇੱਥੇ ਤਾਂ ਕੁੜੀਆਂ ਦੀ ਹੇੜ ਫਿਰਦੀ ਏ। ਸਤੀਸ਼ ਤੇਰੀਆਂ ਛਾਤੀਆਂ 'ਤੇ ਲਟੂ ਹੋ ਗਿਆ। ਨ੍ਹੀਂ ਤਾਂ ਇਹਨੂੰ ਕੁੜੀਆਂ ਦਾ ਕੋਈ ਘਾਟਾ ਨ੍ਹੀਂ। ਇਥੇ ਕੁੜੀਆਂ ਪੜ੍ਹਣ ਆਉਂਦੀਆਂ। ਕਹਿੰਦੇ-ਕਹਾਉਂਦੇ ਘਰਾਂ ਦੀਆਂ ਜਿਨ੍ਹਾਂ ਦੀ ਪਿੰਡ ਜਾਂ ਗਲੀ 'ਚ ਸਰਦਾਰੀ ਹੁੰਦੀ ਏ। ਜਿੰਨੇ ਪੈਸੇ ਕੁੜੀਆਂ ਨੂੰ ਖਰਚਣ ਲਈ ਮਿਲਦੇ ਨੇ, ਉਨ੍ਹਾਂ ਨਾਲ ਉਨ੍ਹਾਂ ਦੀ ਕਲਾਸ 'ਚ ਟੌਹਰ ਨ੍ਹੀਂ ਬਣਦੀ। ਬੱਲੇ-ਬੱਲੇ ਨ੍ਹੀਂ ਹੁੰਦੀ। ਉਨ੍ਹਾਂ ਤਾਂ ਪੰਜ-ਪੰਜ ਹਜ਼ਾਰ ਦੀ ਜੀਨ ਦੀ ਪੈਂਟ ਪਾਉਣੀ ਹੁੰਦੀ ਏ। ਪਹਿਲਾਂ ਉਹ ਆਪਣੇ ਕਲਾਸਮੇਟ ਦੀਆਂ ਜੇਬਾਂ ਨੂੰ ਫਰੋਲਦੀਆਂ ਨੇ। ਜਦੋਂ ਇਹ ਜੇਬਾਂ ਖਾਲੀ ਹੋ ਜਾਣ ਤਾਂ ਕਿਸੇ ਵੱਡੀ ਅਸਾਮੀ ਨੂੰ ਫਸਾ ਲੈਂਦੀਆਂ ਨੇ। ਫੇਰ ਇਕ ਕੀ ਹੋਇਆ-ਜਾਂ ਪੰਜ ਹੋਵੇ। ਬਿਗਾਨੀ ਜੇਬ ਦੇ ਸਿਰ 'ਤੇ ਉਹ ਅਸਮਾਨੀ ਉੱਡਣ ਲੱਗਦੀਆਂ ਨੇ। ਫੇਰ ਉਨ੍ਹਾਂ ਦੇ ਪੈਰ ਭੁੰਜੇ ਨ੍ਹੀਂ ਲੱਗਦੇ। ਤੂੰ ਸਤੀਸ਼ ਨੂੰ ਆਖੀਂ ਕਿ ਸਤਾਰ੍ਹਾਂ ਸੈਕਟਰ ਵਾਲੇ ਪੱਬ 'ਚ ਲੈ ਕੇ ਜਾਵੇ। ਤੇਰਾ ਤੀਜਾ ਨੇਤਰ ਉਥੇ ਹੀ ਜਾ ਕੇ ਖੁੱਲ੍ਹੇਗਾ।

ਦੂਜੇ ਹਫ਼ਤੇ ਸਤੀਸ਼ ਮੈਨੂੰ ਸਤਾਰ੍ਹਾਂ ਸੈਕਟਰ ਵਾਲੇ 'ਰਾਇਲ' ਪਬ 'ਚ ਲੈ ਗਿਆ ਸੀ। ਉਥੇ

ਸਿਰਫ਼ ਜੋੜੇ ਨੂੰ ਅੰਦਰ ਜਾਣ ਦਿੱਤਾ ਜਾਂਦਾ ਸੀ। ਜਾਂ ਕੱਲੀ ਕੁੜੀ ਨੂੰ। ਜੇ ਕਿਸੇ ਮੁੰਡੇ ਨੇ ਜਾਣਾ ਹੋਵੇ ਤਾਂ ਇਸ ਦੀ ਸਵਾ ਗੁਣਾ ਫੀਸ ਸੀ। ਇਸ ਨੂੰ ਸਟੈਗ ਐਂਟਰੀ ਕਿਹਾ ਜਾਂਦਾ। ਜਦੋਂ ਮੁੰਡਾ ਕੱਲਾ ਅੰਦਰ ਜਾਂਦਾ ਤਾਂ ਦੇਖਦਾ ਕਿ ਕਿਹੜੇ ਮੇਜ਼ 'ਤੇ ਕੱਲੀ ਜਣੀ ਬੈਠੀ ਏ। ਫੇਰ ਉਸ ਦੀ ਚੁਆਇਸ ਹੁੰਦੀ। ਉਹ ਪੈਸੇ ਖਰਚਣ ਲੱਗਾ ਆਪਣੀ ਜੇਬ ਦਾ ਖਿਆਲ ਵੀ ਭੁੱਲ ਜਾਂਦਾ। ਮੈਂ ਤਾਂ ਉਥੋਂ ਦੇ ਮਾਹੌਲ ਦੇਖ ਦੇਖ ਕੇ ਪਸੀਨੋ-ਪਸੀਨੀ ਹੁੰਦੀ ਗਈ ਸੀ। ਸਤੀਸ਼ ਨੇ ਮੈਨੂੰ ਰੋਕਿਆ ਸੀ ਕਿ ਇੱਥੇ ਕੋਈ ਕਿਸੇ ਵੱਲ ਨ੍ਹੀਂ ਦੇਖਦਾ। ਹਰੇਕ ਆਪਣੇ ਕੰਮ ਨਾਲ ਮਤਲਬ ਰੱਖਦਾ। ਤੁਸੀਂ ਆਪਣੇ ਆਪ ਤਾਈਂ ਸੀਮਤ ਰਹੋ।"

ਸਤੀਸ਼ ਜੈਨ ਮੈਨੂੰ ਇਲੈਕਟ੍ਰਿਕ ਹਾਊਸ 'ਚੋਂ ਕੱਢਦਾ-ਇਸ ਤੋਂ ਪਹਿਲਾਂ ਹੀ ਮੈਂ ਆਪ ਹੀ ਉਥੋਂ ਬਾਹਰ ਆ ਗਈ। ਮੈਨੂੰ ਪਤਾ ਸੀ ਕਿ ਉਸ ਮੈਨੂੰ ਇੱਥੇ ਨ੍ਹੀਂ ਰੱਖਣਾ ਕਿਉਂਜੁ ਮੈਂ ਉਸ ਦਾ ਕਿਹਾ ਮੰਨਣੋਂ ਹੱਟ ਗਈ ਸੀ। ਉਸ ਮੈਨੂੰ ਆਪਣੇ ਸਰਕਲ ਦੇ ਦੋਸਤਾਂ ਕੋਲ ਭੇਜਣਾ ਸ਼ੁਰੂ ਕਰ ਦਿੱਤਾ ਸੀ। ਮੈਨੂੰ ਇਸ ਕੰਮ 'ਚ ਕੋਈ ਘਾਟਾ ਨਾ ਲੱਗਾ। ਬਸ, ਐਨਾ ਕੁ ਹੁੰਦਾ ਕਿ ਮੈਨੂੰ ਹਫਤੇ 'ਚ ਦੋ ਤਿੰਨ ਵਾਰੀ ਰਾਤ ਨੂੰ ਘਰੋਂ ਬਾਹਰ ਰਹਿਣਾ ਪੈਂਦਾ। ਉਹ ਸਾਰੇ ਜਣੇ ਖਾਂਦੇ-ਪੀਂਦੇ ਪਰਿਵਾਰਾਂ ਨਾਲ ਸੰਬੰਧ ਰੱਖਦੇ ਸਨ। ਉਨ੍ਹਾਂ ਕੋਲ ਕਿਸੇ ਚੀਜ਼ ਦੀ ਕੋਈ ਘਾਟ ਨ੍ਹੀਂ ਸੀ। ਉਨ੍ਹਾਂ ਨੂੰ ਕਿੱਦਾਂ ਪੁੱਟਣਾ ਏ, ਇਸ ਗੱਲ ਦਾ ਮੈਨੂੰ ਅਹਿਸਾਸ ਸੀ ਪਰ ਉਹ ਐਡੇ ਵੱਡੇ ਘਾਗ ਨਿਕਲਣਗੇ-ਇਥੋਂ ਤੱਕ ਮੈਂ ਸੋਚਿਆ ਨ੍ਹੀਂ ਸੀ। ਮਸਾਂ-ਮਸਾਂ ਮੈਂ ਉਨ੍ਹਾਂ ਦੇ ਘੇਰੇ 'ਚੋਂ ਨਿਕਲੀ ਤੇ ਉਸ ਸੈਕਟਰ ਵੱਲ ਜਾਣਾ ਤਾਂ ਕੀ, ਨਾਲ ਦੇ ਸੈਕਟਰਾਂ ਵੱਲ ਵੀ ਕਈ ਮਹੀਨੇ ਨ੍ਹੀਂ ਗਈ। ਮੈਂ ਮੋਹਾਲੀ, ਸੈਕਟਰ ਛੇ 'ਚ ਮਕਾਨ ਕਿਰਾਏ 'ਤੇ ਲੈ ਲਿਆ। ਇੱਥੇ ਮੈਨੂੰ ਇੱਕ 'ਏ ਕਲਾਸ' ਮੈਡਮ ਮਿਲ ਗਈ।

ਫੇਰ ਮੈਨੂੰ ਨੌਕਰੀ ਦੀ ਲੋੜ ਨਾ ਰਹੀ। ਮੇਰਾ ਘਰੋਂ ਜਾਣ ਦਾ ਸਮਾਂ ਹੁੰਦਾ ਪਰ ਵਾਪਸ ਆਉਣ ਦਾ ਕੋਈ ਬਝਵਾਂ ਸਮਾਂ ਨ੍ਹੀਂ ਸੀ। ਜੇ ਕੋਈ ਆਂਢ-ਗੁਆਂਢ 'ਚੋਂ ਪੁੱਛ ਲੈਂਦੀ ਤਾਂ ਮੰਮੀ ਦਾ ਜਵਾਬ ਹੁੰਦਾ, "ਫਰਮ 'ਚ ਓਵਰਟਾਈਮ ਲਾਉਣਾ ਪੈਂਦਾ। ਸਾਡੇ ਸਿਰ 'ਤੇ ਕਿਹੜਾ ਕੋਈ ਮਰਦ ਆ। ਭਾਈ ਸਾਰਾ ਘਰ ਇਸੇ ਵਿਚਾਰੀ ਦੇ ਸਿਰ 'ਤੇ ਚੱਲਦਾ।"

ਇਕ-ਇਕ ਕਰਕੇ ਸਾਰਾ ਘਰ ਚੀਜ਼ਾਂ ਨਾਲ ਭਰਿਆ ਨ੍ਹੀਂ, ਥੁੰਨਿਆ ਗਿਆ। ਮੈਂ ਆਪਣਾ ਸਟੈਨਡਰਡ ਬਣਾਇਆ ਹੋਇਆ। ਮੈਂ ਕਿਸੇ ਨਾਲ ਸਿੱਧੀ ਗੱਲ ਨ੍ਹੀਂ ਕਰਦੀ। ਮੈਡਮ ਦੇ ਕਸਟਮਰਾਂ ਦਾ ਫੋਨ ਮੰਮੀ ਸੁਣਦੀ ਏ ਤੇ ਅੱਗੋਂ ਸਮਾਂ ਮਿੱਥ ਕੇ ਮੈਨੂੰ ਫੋਨ ਕਰਦੀ ਏ। ਰੰਡੀਏ ਇਸ ਕਿੱਤੇ 'ਚ ਸੌ ਓਹਲਿਆਂ 'ਚ ਜੀਊਣਾ ਪੈਂਦਾ ਏ।

ਫੋਨ ਬੰਦ ਨਾ ਕਰੀਂ ਹੋਲਡ ਰੱਖੀਂ। ਮੰਮੀ ਇਸ਼ਾਰੇ ਕਰ ਰਹੀ ਏ। ਕਿਸੇ ਦਾ ਫੋਨ ਆਇਆ ਏ। ਪਹਿਲਾਂ ਵੀ ਉਸ ਇਸ਼ਾਰਾ ਕੀਤਾ ਸੀ ਤੇ ਮੈਨੂੰ ਫੋਨ ਬੰਦ ਕਰਨ ਲਈ ਕਿਹਾ ਸੀ। ਮੈਨੂੰ ਲੱਗਦਾ-ਰਣਜੀਤ ਸਿਹੁੰ ਹੋਣਾ। ਰਣਜੀਤ ਸਿਹੁੰ ਡੀ.ਐੱਸ.ਪੀ.। ਮੈਨੂੰ ਮੰਮੀ ਦੇ ਚਿਹਰੇ ਤੋਂ ਹੀ ਪਤਾ ਲੱਗ ਜਾਂਦਾ ਏ ਕਿ ਕਿਸ ਦਾ ਫੋਨ ਆਇਆ ਹੋਵੇਗਾ। ਉਹਨੂੰ ਮੈਡਮ ਤੇ ਪੁਲਿਸ ਵਾਲਿਆਂ ਤੋਂ ਬਹੁਤ ਡਰ ਲੱਗਦਾ ਏ। ਉਸ ਦਾ ਮੰਨਣਾ ਏ ਕਿ ਇਹ ਕਿਸੇ ਦੇ ਮਿੱਤ ਨ੍ਹੀਂ ਹੁੰਦੇ। ਇਨ੍ਹਾਂ ਤੋਂ ਜਿੰਨਾ ਦੂਰ ਰਹੋ-ਉੱਨਾ ਹੀ ਠੀਕ ਰਹੇਗਾ। ਕਿਸੇ ਹੋਰ ਦਾ ਫੋਨ ਹੁੰਦਾ ਤਾਂ ਉਸ ਨੇ ਐਨੀ ਨਿਮਰਤਾ ਨਾਲ ਨ੍ਹੀਂ ਬੋਲਣਾ ਸੀ। ਕਈ ਵਾਰ ਉਹ ਸਖਤ ਹੋ ਜਾਂਦੀ ਏ। ਕਈ ਵਾਰ ਨਿਮਰ। ਦੱਸ ਸੁਹਣੀ ਜਨਾਨੀ ਕਿਹਨੂੰ ਮਾੜੀ ਲੱਗਦੀ ਏ। ਬਦਮਾਸ਼ੇ -ਵੱਡਿਆਂ ਬੰਦਿਆਂ ਨਾਲ ਵੀ ਲਿੰਕ ਬਣਾਉਣੇ ਪੈਂਦੇ ਨੇ। ਹੁਣ ਮੇਰੇ ਸਰਕਲ ਦੇ ਬਹੁਤੇ ਕਸਟਮਰ ਵੱਡੇ ਬੰਦੇ ਹੀ ਨੇ। ਹਾਂ-ਹਾਂ-ਵੱਡੇ ਹਾਈ ਕਲਾਸ ਅਫਸਰ। ਸੈਕਟਰੀਏਟ 'ਚ ਬੈਠਣ ਵਾਲੇ। ਪੁਲਸੀਏ ਵੀ। ਇਹ ਪੁਲਿਸ ਕਦੇ ਕਿਤੇ ਕਿਸੇ ਨੂੰ ਜੀਊਣ ਦਿੰਦੀ ਏ। ਲੈ-ਮੈਂ ਉਸ ਭੈਣ ਦੇ ਯਾਰ ਨਾਲ ਕੀ ਗੱਲਾਂ ਕਰਨ ਲੱਗੀ ਹਾਂ-ਤੂੰ ਵੀ ਸੁਣ ਲੈ। ਸੱਤ ਸ੍ਰੀ ਅਕਾਲ ਜੀ। ਅੱਜ



ਸ਼ਾਮ, ਨ੍ਹੀਂ ਅੱਜ ਸ਼ਾਮ ਤਾਂ ਮੈਂ ਬਿਜੀ ਆਂ। ਮੇਰੀ ਇਕ ਦੋਸਤ ਅਮਰੀਕਾ ਤੋਂ ਆਈ ਆ। ਪੰਦਰਾਂ ਸਾਲ ਬਾਅਦ। ਉਹਨੇ ਆਪਣੇ ਬੇਟੇ ਦਾ ਬਰਥ-ਡੇ ਮਨਾਉਣਾ। ਹਾਂ-ਹਾਂ ਜੀ-ਦਸ ਵਜ ਜਾਣੇ। ਕੀ-ਕੀ? ਤੁਸੀਂ ਦਸ ਵਜੇ ਆਪਣੀ ਗੱਡੀ ਭੇਜ ਦਿਓਗੇ-ਇੰਨੇ ਬੇਸਬਰੇ ਕਿਉਂ ਹੋ? ਮੈਂ ਕਿਤੇ ਦੌੜ ਨ੍ਹੀਂ ਚਲੀ। ਮੇਰੀ ਸਰਕਾਰ-ਤੁਹਾਥੋਂ ਦੌੜ ਕੇ ਜਾਣਾ ਵੀ ਕਿੱਥੇ ਏ? ਗੋਲ਼ੀ ਕਿਹਦੀ, ਗਹਿਣੇ ਕਿਹਦੇ......ਹਾਂ......ਹਾਂ ਜ਼ਰਾ ਉੱਚੀ ਬੋਲੋ........ ਘਰੇ ਬੈਠੇ ਹੋ......ਬਾਹਰ ਆ ਜਾਓ। ਕਈ ਵਾਰ ਆਵਾਜ਼ ਸਾਫ ਨ੍ਹੀਂ ਸੁਣਦੀ। ਹਾਂ......ਹਾਂ.......ਜੀ ਕੱਪੜੇ ਤੁਹਾਡੀ ਪਸੰਦ ਦੇ ਹੀ ਪਾ ਕੇ ਆਵਾਂਗੀ। ਕਾਲੀ ਕਮੀਜ਼, ਚਿੱਟੀ ਸਲਵਾਰ। ਕਾਲੇ ਰੰਗ ਦੀ ਚੁੰਨੀ......ਹਾਂ.......ਹਾਂ.......ਛੋਟੀ ਜਿਹੀ ਬਿੰਦੀ ਵੀ ਲੱਗੀ ਹੋਊ........ਹੋਰ ਕੋਈ ਫਰਮਾਇਸ਼। ਕੀ........ਕੀ.......ਹਾਂ.......ਹਾਂ ਬਰਾ ਤੇ ਪੈਂਟੀ ਵੀ ਨਵੀਂ ਹੋਊ। ਇਕ ਗੱਲ ਦੱਸੋ ਮੈਂ ਤੁਹਾਡੇ ਕੋਲ ਆਉਣਾ......ਜਾਂ ਤੁਸੀਂ ਅਗਾਂਹ ਕਿਤੇ ਭੇਜਣਾ.......ਹਾਂ......ਹਾਂ.......ਜੀ ਪੱਕਾ ਰਿਹਾ। ਉਸੇ ਅਫਸਰ ਕੋਲ ਜਾਣਾ। ਖੁਸੜ ਜਿਹਾ। ਉਸ ਕੋਲੋਂ ਹੁੰਦਾ ਤਾਂ ਕੁਸ਼ ਨ੍ਹੀਂ। ਮੈਨੂੰ ਨੰਗੀ ਨੂੰ ਦੇਖ-ਦੇਖ ਕੇ ਹੀ ਖੁਸ਼ ਹੁੰਦਾ ਰਹਿੰਦਾ। ........ਜੀ ਉਸ ਕੋਲੋਂ ਤੁਹਾਡਾ ਕੰਮ ਕਰਵਾ ਕੇ ਆਊਂ। ਤੁਹਾਨੂੰ ਮੇਰੇ 'ਤੇ ਵਿਸ਼ਵਾਸ ਕਿਉਂ ਨ੍ਹੀਂ ਹੋ ਰਿਹਾ.......ਤੁਹਾਡਾ ਕੰਮ ਹੋ ਜਾਊਗਾ-ਬੋਲੋ ਮੈਨੂੰ ਕੀ ਦਿਓਗੇ। ਜੋ ਮੈਂ ਮੰਗ ਲਵਾਂ.......ਚਲੋ ਇੰਤਜ਼ਾਰ ਕਰੋ। ਹੁਣ ਦੋਬਾਰਾ ਫੋਨ ਕਰਨ ਦੀ ਲੋੜ ਨ੍ਹੀਂ। ਸਾਢੇ ਦਸ ਵਜੇ ਆਪਣੀ ਮਰਸੀਡੀ ਸਿਨੇਮੇ ਕੋਲ ਭੇਜ ਦਿਓ। ...... ਪਾਰਟੀ ਤੋਂ ਵਾਪਸ ਆ ਕੇ ਫਰੈੱਸ਼ ਤਾਂ ਹੋਣਾ ਹੀ ਪੈਂਦਾ। ਓ.ਕੇ. ਮਾਈ ਡੀਅਰ.......।

ਸੁਣ ਲਿਆ। ਇਹ ਮਰਦ ਬੜੇ ਕੁੱਤੇ ਹੁੰਦੇ ਨੇ। ਆਪਣਾ ਕੰਮ ਕਰਾਉਣਾ ਹੋਵੇ ਤਾਂ ਪੈਰਾਂ ਦੀਆਂ ਤਲੀਆਂ ਚੱਟਣ ਤੱਕ ਜਾਣਗੇ। ਨ੍ਹੀਂ ਤਾਂ ਭੈਣ ਆਪਣੀ ਦੇ ਯਾਰ, ਪੈਰ ਦੀ ਜੁੱਤੀ ਵੀ ਨ੍ਹੀਂ ਸਮਝਦੇ। ਇਸ ਕੁੱਤੇ ਦੇ ਪੁੱਤ ਰਣਜੀਤ ਦਾ ਕੋਈ ਕੰਮ ਪੈਡਿੰਗ ਪਿਆ। ਇਹਨੇ ਵੱਡੇ ਸਾਹਿਬ ਨੂੰ ਖੁਸ਼ ਕਰਨਾ। ਖੁਸ਼ ਕਰਨ ਲਈ ਮੈਨੂੰ ਪੇਸ਼ ਕਰ ਰਿਹਾ। ਹੁਣ ਇੰਨੀ ਕੁ ਅਕਲ ਆ ਗਈ ਏ ਕਿ ਕਿਹਦਾ ਕੰਮ ਕਿਹਦੇ ਕੋਲੋਂ ਕਿੱਦਾਂ ਕਰਵਾਉਣਾ ਏ। ਇਕ ਹੋਰ ਏ। ਕੇਸਰ ਸਿੰਘ, ਪੰਜਾਬ ਸਕੂਲ ਐਜੂਕੇਸ਼ਨ ਬੋਰਡ 'ਚ ਸੁਪਰਡੈਂਟ ਏ ਕਲਾਸ ਲੱਗਾ। ਉਮਰ ਹੋਣੀ ਏ ਚੁਰੰਜਾ ਕੁ ਸਾਲ। ਧੀ ਆਪਣੀ ਦਾ ਯਾਰ ਗਾਲੜੀ ਏ ਸਿਰੇ ਦਾ। ਉਹਦਾ ਰੋਜ਼ ਫੋਨ ਆਉਂਦਾ ਏ। ਜਾਂ ਉਹ ਆਪ ਆਉਂਦਾ ਏ। ਕਰਨ ਕਰਾਉਣ ਜੋਗਾ ਕੁਸ਼ ਨ੍ਹੀਂ। ਗੱਲਾਂ-ਬਾਤਾਂ ਕਰੀ ਜਾਂਦਾ ਏ। ਮੰਮੀ ਦੇ ਪੈਰੀਂ ਹੱਥ ਲਾਉਂਦਾ ਏ ਜਿੱਦਾਂ ਉਹ ਸੱਚੀਂ-ਮੁੱਚੀਂ ਦੀ ਉਹਦੀ ਸੱਸ ਹੋਵੇ। ਖਾਲੀ ਹੱਥ ਕਦੇ ਨ੍ਹੀਂ ਆਉਂਦਾ। ਭਾਵੇਂ ਦੋ ਕਿਲੋ ਸੇਬ ਹੀ ਕਿਉਂ ਨਾ ਲਿਆਵੇ। ਠਹਿਰ ਜਾ ਮਿੰਟ ਕੁ, ਲੱਗਦਾ ਉਹਦਾ ਫੋਨ ਹੀ ਮੰਮੀ ਸੁਣ ਰਹੀ ਏ। ਉਹਦਾ ਹੀ ਹੋਣਾ। ਉਹ ਮੇਰੇ ਨਾਲੋਂ ਜ਼ਿਆਦਾ ਮੰਮੀ ਨਾਲ ਖੁੱਲ੍ਹਾ ਏ। ਮੰਮੀ ਨੂੰ ਵੀ ਕੋਈ ਗੱਲਬਾਤ ਕਰਨ ਵਾਲਾ ਚਾਹੀਦਾ ਏ। ਜੇ ਉਸ ਦਾ ਫੋਨ ਨਾ ਆਵੇ ਤਾਂ ਮੰਮੀ ਆਪ ਉਹਨੂੰ ਫੋਨ ਕਰਦੀ ਏ। ਘਰ ਆਉਣ ਲਈ ਜ਼ੋਰ ਪਾਉਂਦੀ ਏ। ਉਹ ਘਰ ਦੇ ਸੌ ਕੰਮ ਸੰਵਾਰਦਾ ਏ। ਸੁਣ ਮੈਂ ਉਸ ਕੁੱਤੇ ਦੇ ਪੁੱਤ ਨੂੰ ਕਿੱਦਾਂ ਉਲਝਾਉਂਦੀ ਹਾਂ.......ਹਾਂ.......ਜੀ.......ਜਨਾਬ ਤੁਸੀਂ ਤਾਂ ਮੈਨੂੰ ਭੁਲਾ ਹੀ ਦਿੱਤਾ.......ਲਓ.......ਲਓ ਕੱਲ੍ਹ ਕਦੋਂ ਫੋਨ ਕੀਤਾ ਸੀ.......ਅੱਛਾ.......ਅੱਛਾ ਬਾਹਰ ਹੋਵਾਂਗੀ। ਮੰਮੀ ਨੇ ਦੱਸਿਆ ਹੀ ਨ੍ਹੀਂ......ਹੁਣ ਕਿਥੇ ਹੋ....... ਦਫ਼ਤਰ.......ਘਰੇ ਭੈਣ ਜੀ ਦਾ ਕੀ ਹਾਲ ਚਾਲ ਆ? ਗੋਡਿਆਂ ਦਾ ਦਰਦ......ਐਸ ਉਮਰ 'ਚ ਹੋ ਹੀ ਜਾਂਦਾ......ਆ ਜਾਓ.......ਮੇਰੇ ਕੋਲ ਇਕ ਘੰਟਾ ਹੈਗਾ....... ਮੈਂ ਤਾਂ ਮਰੇ ਹੋਏ ਚੂਹੇ ਨੂੰ.......ਸੀ.......ਤੁਹਾਨੂੰ ਘੋੜੇ ਵਾਂਗੂੰ ਦੌੜਣ ਲਾ ਦਊਂ.......ਹਾਂ......ਹਾਂ ਚੇਤੇ ਆਇਆ ਗੈੱਸ ਮੁੱਕਿਆ ਹੋਇਆ। ਮੈਥੋਂ ਬੁੱਕ ਹੀ ਕਰਾ ਨ੍ਹੀਂ ਹੋਇਆ। ਤੁਸੀਂ ਕਿਸੇ ਪੀਅਨ ਨੂੰ ਭੇਜੋ......ਭਰਿਆ ਹੋਇਆ ਭੇਜ ਦਿਓਗੇ......ਫੇਰ ਤਾਂ ਮੌਜ਼ਾਂ ਲੱਗ ਗਈਆਂ।

ਤੁਸੀਂ ਨਾ ਮਿਲੋ ਤਾਂ ਮੇਰੀ ਜਾਨ ਨਿਕਲਣ ਵਾਲੀ ਹੋ ਜਾਂਦੀ ਏ......।ਲਓ, ਤੁਸੀਂ ਭਾਵੇਂ ਝੂਠ ਸਮਝ ਲਓ.......ਮੈਨੂੰ ਵੀ ਤੁਸੀਂ ਭੈਣ ਜੀ ਵਾਂਗੂੰ ਸਮਝ ਲਿਆ....... ਮੈਂ ਉਹਨਾਂ ਵਾਂਗੂੰ ਨ੍ਹੀਂ ਕਹਿਣ ਲੱਗੀ, "ਐਵੇਂ ਤਾਂ ਨ੍ਹੀਂ ਜਨਾਨੀਆਂ ਬਾਹਰ ਝਾਕਦੀਆਂ।" ਭੈਣ ਜੀ ਭੈਣ ਜੀ ਆ.......ਮੈਂ......ਮੈਂ ਹਾਂ। ਬਸ ਆ ਜਾਊ......ਠੀਕ ਆ ਨਾ? ਮੈਂ ਉਡੀਕਾਂਗੀ। ਦੋ ਵਜੇ.......ਲੰਚ ਇਕੱਠੇ ਕਰਾਂਗੇ.......ਹਾਂ.......ਹਾਂ ਆਉਣ ਲੱਗੇ.......ਅਠੱਤੀਉਂ ਪਾਲ ਕੋਲੋਂ ਲੈਗ ਪੀਸ ਪੈਕ ਕਰਵਾ ਲਿਆਇਉ। .........ਲੈ-ਅੜੀਏ ਆਇਆ ਲੈ। ਇਹ ਆਪਣੀ ਘਰਵਾਲੀ ਤੋਂ ਤੰਗ ਏ। ਇਕ ਵਾਰੀ ਇਹ ਜਲਦੀ ਹੀ ਢਹਿ-ਢੇਰੀ ਹੋ ਗਿਆ। ਇਹ ਦੀ ਘਰਵਾਲੀ ਨੇ ਮੇਹਣਾ ਮਾਰਿਆ। ਪਹਿਲਾਂ ਮੇਰਾ ਸੋਚੋ ਫੇਰ ਸੌਂਇਉਂ। ਇਹਨੇ ਉਹਦੀ ਗੱਲ ਨਾ ਗੌਲੀ। ਉਸ ਕਿਹਾ। ਐਵੇਂ ਤਾਂ ਨ੍ਹੀਂ ਜਨਾਨੀਆਂ ਬਾਹਰ ਝਾਕਦੀਆਂ। ਜਦੋਂ ਆਪਣਾ ਬੰਦਾ ਹੀ ਜੱਕਾ ਜੋੜਣ ਵਾਲਾ ਨਾ ਰਹੇ। ਇਹਨੂੰ ਗੁੱਸਾ ਆ ਗਿਆ। ਅੱਧੀ ਰਾਤ ਨੂੰ ਉਹਨੂੰ ਕੁੱਟਣ ਲੱਗਾ। ਉਹ ਡਰਦੀ ਮਾਰੀ ਵਿਚਾਰੀ ਰੌਲਾ ਵੀ ਨਾ ਪਾ ਸਕੀ ਕਿ ਨਾਲ ਦੇ ਕਮਰੇ 'ਚ ਪਏ ਬੱਚੇ ਕੀ ਸੋਚਣਗੇ। ਇਹ ਬੰਦਾ ਵੀ ਅਜੀਬ ਏ। ਆਪਣੀ ਘਰਵਾਲੀ ਦੀਆਂ ਨਿੱਕੀਆਂ ਤੋਂ ਨਿੱਕੀਆਂ ਗੱਲਾਂ ਵੀ ਮੈਨੂੰ ਦੱਸ ਜਾਂਦਾ। ਮੈਂ ਇਕ ਵਾਰ ਇਹਨੂੰ ਛੇੜ ਦਵਾਂ, ਫੇਰ ਇਹਦੀ ਕੈਸਿਟ ਬੋਲਣ ਲੱਗ ਜਾਂਦੀ ਏ। ਇਹਨੇ ਆਪਣੀ ਘਰਵਾਲੀ ਦੀਆਂ ਉਹ ਗੱਲਾਂ ਵੀ ਦੱਸੀਆਂ ਜਿਨ੍ਹਾਂ ਬਾਰੇ ਮੈਨੂੰ ਅਜੇ ਤਾਈਂ ਵੀ ਕੁਸ਼ ਨ੍ਹੀਂ ਪਤਾ ਸੀ-ਮਿਲੇਗੀਂ ਤਾਂ ਉਹਨੂੰ ਘਰੇ ਬੁਲਾ ਲਵਾਂਗੀ।

ਚੰਗਾ ਬਦਮਾਸ਼ੇ, ਮੈਂ ਫੋਨ ਰੱਖਣ ਲੱਗੀ ਹਾਂ। ਬਹੁਤ ਗੱਲਾਂ ਕਰ ਲਈਆਂ। ਕੁਝ ਤਾਂ ਅਗਲੀ ਵਾਰ ਲਈ ਰੱਖ ਲਈਏ। ਮੈਂ ਦੋ ਘੰਟਿਆਂ ਲਈ ਸੌਣਾ ਏ। ਰਾਤੀਂ ਲੇਟ ਆਈ ਸੀ। ਅਜੇ ਤਾਈਂ ਨੀਂਦ ਪੂਰੀ ਨ੍ਹੀਂ ਹੋਈ। ਸਰੀਰ ਟੁੱਟਿਆ-ਭੱਜਿਆ। ਸ਼ਾਇਦ ਦਾਰੂ ਕਰਕੇ ਹੋਇਆ ਹੋਣਾ ਜਾਂ ਉਸ ਕੁੜੀ ਚੋ...... ਭੈੜੀ ਸੂਰਤ ਵਾਲੇ ਮਹਿਤੇ ਕਰਕੇ।

ਲੈ ਕੁੜੇ ਕਿਹਦੇ ਨਾਲ ਗੱਲਾਂ ਕਰੀ ਜਾਂਦੀ ਸੀ ਸੁੱਤੀ ਪਈ। ਫੋਨ ਥਾਂ ਸਵੇਰ ਦਾ ਡੈੱਡ ਪਿਆ। ਰਿੰਗ ਜਾਂਦੀ ਏ। ਆਵਾਜ਼ ਨ੍ਹੀਂ। ਚਲ , ਸੌ ਜਾ ਦੋ ਘੜੀਆਂ। ਫੇਰ ਤੂੰ ਸੈਕਟਰ ਪੰਤਾਲੀ ਦੀ ਕੋਠੀ ਨੰ: ਸੱਠ 'ਚ ਜਾਣਾ।

## ਮੱਛੀ-ਦੋ

ਮੈਂ ਕੌਣ ਬੋਲਦੀ ਹਾਂ? ਮੈਨੂੰ ਇਹ ਵੀ ਦੱਸਣਾ ਪਊ।

ਮੇਰਾ ਮਨ ਫੋੜੇ ਵਾਂਗੂ ਭਰਿਆ ਪਿਆ ਏ। ਮੈਂ ਜਿਸ ਚੱਕਰ 'ਚ ਫਸ ਗਈ ਹਾਂ-ਉਸ 'ਚੋਂ ਨਿਕਲਣਾ ਆਸਾਨ ਨ੍ਹੀਂ। ਹੁਣ ਮੈਂ ਕਾਲਗਰਲ ਹਾਂ। ਹੇਜ ਦੀ ਮਸ਼ਹੂਰ ਕਾਲਗਰਲ ਜਿਸ ਕੋਲ ਪਾਕਿਸਤਾਨੀ ਵੀ ਆਉਂਦੇ ਨੇ। ਜਮੈਕੀਏ ਵੀ। ਕਦੇ-ਕਦੇ ਗੋਰਾ ਵੀ। ਜ਼ਿਆਦਾ ਇਲਲੀਗਲ ਆਏ ਮੁੰਡੇ-ਖੁੰਡੇ ਹੁੰਦੇ ਨੇ।

ਬੋਲਣਾ ਨ੍ਹੀਂ.....ਚੁੱਪ ਕਰਕੇ ਸੁਣੀ ਜਾ। ਸਾਰੇ ਬੰਦੇ ਇੱਕੋ ਜਿਹੇ ਹੁੰਦੇ। ਬੰਦੇ ਦਾ ਕੀ ਹੁੰਦਾ। ਉਹਨੂੰ ਤਾਂ ਔਰਤ ਦੇ ਸਰੀਰ ਦੇ ਕਿਸੇ ਹਿੱਸੇ ਨੂੰ ਹੱਥ ਲਾ ਕੇ ਹੀ ਤਸੱਲੀ ਹੋ ਜਾਂਦੀ ਏ। ਨਸ਼ਾ ਜਿਹਾ ਚੜ੍ਹ ਜਾਂਦਾ ਏ। ਔਰਤ ਕੋਲ ਕੁਸ਼ ਇਕ ਟਰਿੱਕ ਹੋਣ, ਬੰਦੇ ਨੂੰ ਹੱਥਾਂ 'ਤੇ ਨਚਾਉਣ ਲੱਗ ਜਾਂਦੀ ਏ। ਲੈ ਸੁਣ- ਉਹ ਸੀ ਨਾ ਇੰਦਰਾ। ਉਹੀ ਆਪਣੇ ਤੋਂ ਇਕ ਸਾਲ ਅੱਗੇ ਪੜ੍ਹਦੀ ਹੁੰਦੀ ਸੀ। ਪਿਛਲੇ ਮਹੀਨੇ ਉਹ ਮੈਨੂੰ ਸਿਟੀ ਸੈਂਟਰ 'ਚ ਮਿਲ ਗਈ। ਮਿਲ ਕੇ ਬੜੀ ਖੁਸ਼ ਹੋਈ। ਅਸੀਂ ਇਕ ਰੈਸਟੋਰੈਂਟ 'ਚ ਜਾ ਬੈਠੀਆਂ। ਉਹ ਨੇ ਗੱਲਾਂ ਸੁਣਾ-ਸੁਣਾ ਨੇ ਮੈਨੂੰ ਬੜਾ ਹਸਾਇਆ। ਮਜ਼ਾ ਆ ਗਿਆ। ਲੈ ਤੂੰ ਵੀ ਸੁਣ ਉਹਦੀ ਦੱਸੀ ਗੱਲ- ਉਹਦੇ ਘਰਵਾਲਾ ਜਾਪਾਨ ਗਿਆ। ਕਿਸੇ ਸਰਕਾਰੀ ਟੂਰ 'ਤੇ।



ਉਹਦੀ ਕੁਲੀਗ ਵੀਨਾ ਦਾ ਹਸਬੈਂਡ ਵੀ ਬਾਹਰ ਸੀ। ਉਹ ਨੇ ਫੋਨ ਕਰਕੇ ਆਪਣੀਆਂ ਤਿੰਨ ਸਹੇਲੀਆਂ ਨੂੰ ਸੱਦ ਲਿਆ। ਸਾਰੀਆਂ ਵਿਹਲੀਆਂ ਸਨ। ਪੰਜ ਜਣੀਆਂ ਹੋ ਗਈਆਂ। ਮਨਾਲੀ ਜਾਣ ਦਾ ਪ੍ਰੋਗਰਾਮ ਬਣਾਇਆ। ਮੁਸੀਬਤ ਆਣ ਖੜੀ ਕਿ ਨਾਲ ਕੌਣ ਜਾਵੇ। ਕੱਲੀਆਂ ਔਰਤਾਂ। ਐਨਾ ਲੰਬਾ ਸਫਰ। ਡਰਾਈਵਰ ਪਤਾ ਨ੍ਹੀਂ ਕਿੱਦਾਂ ਦਾ ਨਿਕਲੇ। ਵੀਨਾ ਦੀ ਗੁਆਂਢਣ ਕੁਲਬੀਰ ਦਾ ਘਰਵਾਲਾ ਇਨ੍ਹੀਂ ਦਿਨੀਂ ਵਿਹਲਾ ਸੀ। ਵੀਨਾ ਨੇ ਕੁਲਬੀਰ ਨੂੰ ਪੁੱਛਿਆ ਤਾਂ ਉਹਦਾ ਜਵਾਬ ਸੀ, 'ਉਹ ਚੰਗਾ ਡਰਾਈਵਰ ਏ। ਭਲਾ ਪੁਰਸ਼।' ਉਸ ਤੋਂ ਕਿਸੇ ਨੂੰ ਕੀ ਖਤਰਾ ਹੋਣਾ। ਗੱਲ ਬਣ ਗਈ। ਇੰਦਰਾ ਵਾਲੀ ਕਾਰ ਸੀ। ਵੀਨਾ ਨੇ ਕਿਹਾ, "ਕੁਲਬੀਰ ਸਾਡੀ ਸ਼ਰਤ ਏ ਕਿ ਤੂੰ ਭਾਈ ਸਾਹਿਬ ਨਾਲ ਮੋਹਰਲੀ ਸੀਟ 'ਤੇ ਨ੍ਹੀਂ ਬੈਠੇਂਗੀ।" ਕੁਲਬੀਰ ਨੇ ਪੁੱਛਿਆ, "ਇਹ ਕੀ ਗੱਲ ਹੋਈ? ਮੈਂ ਆਪਣੇ ਹਸਬੈਂਡ ਨਾਲ ਨ੍ਹੀਂ ਬੈਠ ਸਕਦੀ।" ਵੀਨਾ ਬੋਲੀ, "ਜੇ ਕੋਈ ਦੂਜੀ ਜਣੀ ਨਾਲ ਬੈਠੀ ਹੋਊਗੀ ਤਾਂ ਭਾਈ ਸਾਹਿਬ ਗੱਡੀ ਠੀਕ ਚਲਾਉਣਗੇ।" ਇੰਦਰਾ ਤੇ ਜਿਉਤੀ ਅਗਲੀ ਸੀਟ 'ਤੇ ਬੈਠ ਗਈਆਂ। ਉਹ ਜਾਣ-ਬੁੱਝ ਕੇ ਭਾਈ ਸਾਹਿਬ ਦੇ ਕਿਸੇ ਨਾ ਕਿਸੇ ਅੰਗ ਨੂੰ ਹੱਥ ਲਾ ਦਿਆ ਕਰਨ। ਬਾਰੋ-ਬਾਰੀ ਅਗਲੀਆਂ ਸੀਟਾਂ 'ਤੇ ਸਾਰੀਆਂ ਜਣੀਆਂ ਬੈਠੀਆਂ। ਪਰ ਕੁਲਬੀਰ ਨੂੰ ਨਾ ਬੈਠਣ ਦਿੱਤਾ। ਡਰਾਈਵਰ ਸਾਹਿਬ ਮੁਫ਼ਤ 'ਚ ਮਿਲ ਗਏ। ਸਿਕਿਉਰਟੀ ਗਾਰਡ ਮੁਫਤ 'ਚ ਮਿਲ ਗਿਆ। ਉਹ ਵੀ ਖੁਸ਼। ਬਾਕੀ ਜਣੀਆਂ ਵੀ ਖੁਸ਼। ਇਹਨੂੰ ਕਹਿੰਦੇ ਆ ਮੌਕੇ ਦਾ ਫਾਇਦਾ ਉਠਾਉਣਾ।

ਬਾਹਮਣੀਏ ਕਿਸੇ ਨਾਲ ਤਾਂ ਮਨ ਦੀ ਗੱਲ ਸਾਂਝੀ ਕਰਨੀ ਹੁੰਦੀ ਏ। ਹਰ ਗੱਲ ਹਰ ਇਕ ਨਾਲ ਸਾਂਝੀ ਨ੍ਹੀਂ ਕੀਤੀ ਜਾ ਸਕਦੀ। ਕਾਲਜ 'ਚ ਪੜ੍ਹਦਿਆਂ ਵੀ ਜਿਹੜੀਆਂ ਗੱਲਾਂ ਮੈਂ ਤੇਰੇ ਨਾਲ ਕਰਦੀ ਸੀ ਜਾਂ ਜਿਹੜੇ ਜਿਹੜੇ ਰਾਜ਼ ਮੈਂ ਤੇਰੇ ਨਾਲ ਸਾਂਝੇ ਕੀਤੇ ਤੂੰ ਉਸ ਦੀ ਧੂੰ ਕਿਸੇ ਤੀਜੇ ਤੱਕ ਨ੍ਹੀਂ ਲੱਗਣ ਦਿੱਤੀ ਸੀ। ਮੈਨੂੰ ਪਤਾ ਹੁੰਦਾ ਸੀ ਕਿ ਤੂੰ ਮੇਰੀਆਂ ਗੱਲਾਂ 'ਚੋਂ ਮਜ਼ਾ ਲੈਂਦੀ ਏਂ। ਬੁੱਲ੍ਹ ਘੁੱਟ ਕੇ ਮੁਸਕਰਾਉਂਦੀ ਤੇ ਸ਼ਾਇਦ ਤੇਰੇ ਮਨ 'ਚ ਲੱਡੂ ਫੁੱਟਦੇ ਹੋਣ। ਪਰ ਤੇਰੇ 'ਚ ਜਜ਼ਬ ਕਰਨ ਦੀ ਅਥਾਹ ਸ਼ਕਤੀ ਸੀ। ਮੇਰੇ ਰਾਜ਼ ਤੇਰੇ ਤੱਕ ਹੀ ਸੀਮਤ ਰਹੇ। ਤੂੰ ਅਗਾਂਹ ਕਿਸੇ ਨੂੰ ਨਾ ਦੱਸੇ। ਮੇਰੇ ਅਬੌਰਸ਼ਨ ਤੱਕ ਵੀ। ਤੇਰਾ ਬੜਾ ਮੋਹ ਆਉਂਦਾ। ਮੇਰੇ ਕੋਲ ਹੋਵੇ ਤਾਂ ਮੈਂ ਤੈਨੂੰ ਜੱਫੀਆਂ ਪਾ-ਪਾ ਕੇ........ਅੱਗੋਂ ਤੂੰ ਆਪ ਹੀ ਸਮਝ ਲੈ।

ਲੈ ਸੁਣ ਹੁਣ ਨਵੀਂ ਗੱਲ। ਮੈਂ ਕਾਲ-ਗਰਲ ਹਾਂ। ਇਹਨੂੰ ਕਹਿੰਦੇ ਆ ਉੱਪਰ ਵਾਲੇ ਦੀ ਲੀਲਾ। ਕੌਣ ਕੀ ਕਰ ਰਿਹਾ ਏ ਕਿਸੇ ਦੂਜੇ ਨੂੰ ਨ੍ਹੀਂ ਪਤਾ। ਐਵੇਂ ਤਾਂ ਨ੍ਹੀਂ ਸਿਆਣਿਆਂ ਕਿਹਾ, "ਕੌਣ ਕਿਸੇ ਦੇ ਮਨ ਨੂੰ ਪੜ੍ਹ ਸਕਦਾ।" ਵਕਤ-ਵਕਤ ਦੀ ਗੱਲ ਹੁੰਦੀ ਏ। ਦੀਨ-ਦੁਨੀਆਂ ਤਾਂ ਮੈਂ ਕਾਲਜ 'ਚ ਪੜ੍ਹਦਿਆਂ ਬਥੇਰੀ ਦੇਖ ਲਈ ਸੀ ਪਰ ਬੰਦਿਆਂ ਨੂੰ ਜਾਣਿਆਂ ਇੰਗਲੈਂਡ ਆ ਕੇ ਹੀ। ਵਿਆਹ ਕਰਵਾਇਆ। ਜਹਾਜ਼ 'ਚ ਬੈਠਿਆਂ ਸਵਰਗ ਦੇ ਝੂਟੇ ਲਏ। ਹੀਥਰੋ ਏਅਰਪੋਰਟ ਦੀ ਚਹਿਲ-ਪਹਿਲ ਦੇਖ ਕੇ ਦੰਗ ਰਹਿ ਗਈ। ਸਾਫ-ਸੁਥਰਾ ਮਾਹੌਲ। ਕਲੀਨਾਂ ਨਾਲ ਸਜੇ ਘਰ ਨੂੰ ਦੇਖ ਕੇ ਅਸ਼-ਅਸ਼ ਕਰ ਉੱਠੀ। ਮੇਰੇ ਮੂੰਹੋਂ ਵਾਰ-ਵਾਰ ਨਿਕਲਦਾ, "ਸੱਚਿਆ ਪਾਤਸ਼ਾਹਾ, ਤੂੰ ਤਾਂ ਅਪਰਮ ਅਪਾਰ ਏਂ। ਐਨਾ ਕੁਸ਼ ਤਾਂ ਮੈਂ ਤੈਥੋਂ ਮੰਗਿਆ ਵੀ ਨ੍ਹੀਂ ਸੀ।" ਹਰਮੀਤ ਦਾ ਵਰਤਾਓ ਵੀ ਚੰਗਾ ਸੀ। ਛੇ ਮਹੀਨੇ ਵਧੀਆ ਲੰਘੇ। ਫੇਰ ਉਹ ਜਲਦੀ ਹੀ ਸੌਣ ਲੱਗਾ। ਮੈਂ ਉਹਨੂੰ ਪੁੱਛਦੀ, "ਤੁਸੀਂ ਸੌਂ ਵੀ ਗਏ?" ਉਸ ਦਾ ਜਵਾਬ ਹੁੰਦਾ, "ਸੌਂ ਜਾ। ਸਵੇਰ ਨੂੰ ਚਾਰ ਵਜੇ ਉੱਠਣਾ, ਕੰਮ 'ਤੇ ਵੀ ਜਾਣਾ।" ਮੈਂ ਸੋਚਦੀ ਕਿ ਉਹ ਵਿਚਾਰਾ ਥੱਕਿਆ ਹੋਣਾ। ਐਵੇਂ ਕਿਉਂ ਤੰਗ ਕਰਨਾ। ਉਹ ਪਾਸਾ ਮਾਰ ਕੇ ਸੌਂ ਜਾਂਦਾ ਪਰ ਮੈਨੂੰ ਨੀਂਦ ਨਾ ਆਉਂਦੀ। ਮੈਨੂੰ ਲੱਗਦਾ ਕਿ ਉਹ ਜਾਣ-ਬੁੱਝ ਕੇ ਅਜਿਹਾ ਕਰ ਰਿਹਾ ਏ। ਉਹ ਨੂੰ ਛੇਤੀ ਨੀਂਦ ਨ੍ਹੀਂ ਆਉਂਦੀ ਸੀ। ਮੈਂ ਚੁੱਪ ਰਹਿਣਾ ਹੀ ਠੀਕ ਸਮਝਿਆ, ਜਲਦੀ ਹੀ ਪਤਾ ਲੱਗ ਗਿਆ ਕਿ ਉਹ ਕਿਸੇ ਗੋਰੀ ਕੋਲ ਜਾਂਦਾ। ਮਨ ਬੜਾ ਦੁੱਖੀ ਹੋਇਆ। ਮਨ

'ਚ ਆਇਆ ਕਿ ਇਹਨੂੰ ਛੱਡ ਕੇ ਕਿਤੇ ਦੌੜ ਜਾਵਾਂ। ਮੇਰੀ ਮਾਸੀ, ਜਿਸ ਨੇ ਇਹ ਰਿਸ਼ਤਾ ਕਰਵਾਇਆ ਸੀ, ਉਸ ਸਮਝਾਇਆ ਕਿ ਮੈਨੂੰ ਇੱਥੋ ਪੱਕੇ ਹੋਣ ਲਈ ਦੋ ਸਾਲ ਲੱਗਣੇ ਨੇ। ਜੇ ਕੋਈ ਐਸੀ-ਵੈਸੀ ਗੱਲ ਵੀ ਏ ਤਾਂ ਕੰਨਾਂ 'ਚ ਉਂਗਲਾਂ ਲੈ ਲਵਾਂ ਤੇ ਅੱਖਾਂ 'ਤੇ ਪੱਟੀ ਬੰਨ੍ਹ ਲਵਾਂ, ਸੀ ਨਾ ਕਰਾਂ। ਇੱਕ ਵਾਰ ਪੱਕੀ ਹੋ ਜਾਵਾਂ ਫੇਰ ਜੋ ਮਰਜੀ ਕਰਾਂ। ਕੋਈ ਮੇਰੀ ਵਾਅ ਵੱਲ ਨ੍ਹੀਂ ਦੇਖ ਸਕਦਾ।

ਅਗਲੇ ਸਾਲ ਹਰਮੀਤ ਨੇ ਮੈਨੂੰ ਕੇਕ ਬਣਾਉਣ ਵਾਲੀ ਫੈਕਟਰੀ 'ਚ ਲਵਾ ਦਿੱਤਾ। ਉਸ ਦਾ ਕਹਿਣਾ ਸੀ ਕਿ ਇਥੇ ਕੱਲੇ ਜਣੇ ਦੀ ਕਮਾਈ ਨਾਲ ਕੁਝ ਨ੍ਹੀਂ ਬਣਦਾ। ਮੈਂ ਆਪ ਘਰ 'ਚ ਬੈਠੀ ਅੱਕ ਗਈ ਸੀ। ਹਰਮੀਤ ਮੈਨੂੰ ਕਿਤੇ ਵੀ ਲੈ ਕੇ ਨਾ ਗਿਆ। ਵੀਕ-ਇੰਡ 'ਤੇ ਉਹ ਘਰ ਨਾ ਆਉਂਦਾ। ਬਹਾਨਾ ਕਰਦਾ ਕਿ ਫੈਕਟਰੀ 'ਚ ਬਹੁਤ ਜ਼ਿਆਦਾ ਕੰਮ ਏ। ਓਵਰਟਾਈਮ ਲਾਉਣਾ ਪੈ ਰਿਹਾ ਏ।

ਮੇਰੀ ਰੀਝ ਤਾਂ ਸਮੁੰਦਰ ਦੇਖਣ ਸੀ। ਮੈਂ ਉਹਨੂੰ ਇਸ ਬਾਰੇ ਦੱਸਿਆ ਪਰ ਉਸਨੇ ਇਸ ਬਾਰੇ ਕੰਨ ਘੇਸਲ ਮਾਰ ਲਈ। ਇਕ ਵਾਰ ਮੈਂ ਖਹਿੜੇ ਹੀ ਪੈ ਗਈ ਤਾਂ ਉਹ ਕਹਿਣ ਲੱਗਾ, "ਬਾਹਰ ਮੀਂਹ ਪੈ ਰਿਹਾ। ਉਥੇ ਜਾ ਕੇ ਕੀ ਕਰਨਾ। ਚੰਗਾ ਦਿਨ ਹੋਵੇ ਤਾਂ ਲੋਕੀਂ ਉਥੇ ਜਾਂਦੇ ਆਂ।" ਉਹ ਮੇਰੀਆਂ ਬਹੁਤੀਆਂ ਖਾਹਿਸ਼ਾਂ ਨੂੰ ਟਾਲ ਜਾਂਦਾ। ਉਹਨੂੰ ਮੇਰੀ ਲੋੜ ਹੀ ਮਹਿਸੂਸ ਨਾ ਹੁੰਦੀ। ਮੈਨੂੰ ਨੀਂਦ ਨਾ ਆਉਂਦੀ। ਮੈਂ ਵਾਰ-ਵਾਰ ਪਾਸੇ ਬਦਲਦੀ ਤਾਂ ਉਹ ਖਿਝ ਜਾਂਦਾ। ਉਸ ਤਾਂ ਮੈਨੂੰ ਇੱਥੋਂ ਤੀਕ ਵੀ ਕਹਿ ਦਿੱਤਾ, "ਜੇ ਤੈਨੂੰ ਨੀਂਦ ਨ੍ਹੀਂ ਆਉਂਦੀ ਤਾਂ ਹੇਠਾਂ ਜਾ ਕੇ ਫਰੰਟ ਰੂਮ 'ਚ ਪੈ ਜਾਇਆ ਕਰ।" ਮੈਂ ਨਾਟਕ ਕਰਨ ਲੱਗ ਜਾਂਦੀ। ਉਸ ਨੂੰ ਚੁੰਬੜ ਜਾਂਦੀ। ਮੈਂ ਜੋ ਸੋਚਦੀ-ਉਹ ਉਸ ਪਹਿਲਾਂ ਹੀ ਸੋਚਿਆ ਹੁੰਦਾ। ਮੈਂ ਆਪਣੇ ਦਿਮਾਗ ਅਨੁਸਾਰ ਇਹ ਰਿਸ਼ਤਾ ਨਿਭਾਇਆ। ਫੇਰ ਮੈਨੂੰ ਜੌਬ ਮਿਲ ਗਈ। ਮਾਸੀ ਨੇ ਕਿਹਾ ਕਿ ਜਦੋਂ ਮੈਂ ਪੱਕੀ ਨ੍ਹੀਂ ਹੋ ਜਾਂਦੀ, ਉਦੋਂ ਤੱਕ ਮੈਂ ਕਨਸੀਵ ਨਾ ਹੋਵਾਂ। ਮੈਂ ਉਸ ਦੀ ਹਰੇਕ ਗੱਲ ਮੰਨੀ।

ਫੈਕਟਰੀ ਘਰੋਂ ਦੂਰ ਸੀ। ਫੈਕਟਰੀ ਵਾਲਿਆਂ ਦੀ ਵੈਨ ਆਉਂਦੀ। ਮੈਂ ਕੁਝ ਚਿਰ ਵੈਨ 'ਤੇ ਗਈ। ਫੇਰ ਪੈਦਲ ਹੀ ਆਉਣ-ਜਾਣ ਲੱਗੀ। ਮੈਨੂੰ ਤੁਰਨਾ ਚੰਗਾ ਲੱਗਦਾ। ਵਾਪਸੀ 'ਤੇ ਮੈਂ ਸਾਊਥਹਾਲ ਬਰੌਡਵੇਅ ਤੋਂ ਖਰੀਦੋ-ਫਰੋਖਤ ਵੀ ਕਰ ਲੈਂਦੀ।

ਹੁਣ ਇਸੇ ਗੱਲ 'ਤੇ ਆਉਂਦੀ ਆਂ। ਉੱਥੇ ਮੈਨੂੰ ਲਾਤੀਫ਼ ਮਿਲਿਆ। ਉਹ ਪੇਸ਼ਾਵਰ ਲਾਗਲੇ ਪਿੰਡ ਮੀਰਵਾਲੇ ਤੋਂ ਸੀ। ਬਾਲ-ਬੱਚੇਦਾਰ। ਫੈਕਟਰੀ 'ਚ ਵੀਹ ਕੁ ਔਰਤਾਂ ਕੰਮ ਕਰਦੀਆਂ ਸਨ। ਬਹੁਤੀਆਂ ਅੱਧਖੜ੍ਹ ਸਨ। ਅਨਪੜ੍ਹ ਕਿਸਮ ਦੀਆਂ। ਜਿੱਦਾਂ ਇੱਧਰਲੀਆਂ ਜੁੰਡਲੀ ਬਣਾ ਕੇ ਬੈਠ ਜਾਂਦੀਆਂ ਨੇ, ਉੱਦਾਂ ਹੀ ਉਹ ਵੀ ਲੰਚ-ਟਾਈਮ 'ਤੇ ਕਰਦੀਆਂ। ਸ਼ੰਕਰ ਵਾਲੀ ਕੁਲਬੀਰ ਬਹੁਤ ਖੁੱਲ੍ਹੇ ਸੁਭਾਅ ਦੀ। ਇਕ ਦਿਨ ਲਤੀਫ਼ ਨਾਲ ਗੱਲੀਂ ਪਈ ਦੱਸਣ ਲੱਗੀ... ਮੇਰੇ ਕੋਲ ਇਕ ਪਿਉ ਆਪਣੇ ਮੁੰਡੇ ਨੂੰ ਲੈ ਕੇ ਆਇਆ। ਕਹਿੰਦਾ ਇਹਨੂੰ ਟੈਸਟ ਕਰ ਕੇ ਦੇਖ। ਮੈਂ ਬਥੇਰੀ ਕੋਸ਼ਿਸ਼ ਕੀਤੀ ਪਰ ਉਹ ਤਾਂ ਹੋਮੋ ਸੀ। ਆਪਣੇ ਮੁੰਡੇ ਤੋਂ ਖਿਝ ਕੇ ਪਿਉ ਨੇ ਉਹਦੇ ਸਾਹਮਣੇ ਹੀ ਆਪਣੀ ਖੇਡ ਖੇਡੀ ਤੇ ਕਿਹਾ, 'ਸ਼ੁਦਾਈ ਬੰਦਿਆ ਇਹਨੂੰ ਕਹਿੰਦੇ ਨੇ ਜ਼ਿੰਦਗੀ ਦਾ ਮਜ਼ਾ'। ਇਸੇ ਕੁਲਬੀਰ ਨੇ ਮੈਨੂੰ ਚਾਟੇ ਲਾਇਆ ਤੇ ਲਤੀਫ਼ ਦੇ ਨੇੜੇ ਲਿਆਂਦਾ।

.ਉਹ ਬਹੁਤ ਸਹਿਜੇ-ਸਹਿਜੇ ਗੱਲਾਂ ਕਰਦਾ ਸੀ। ਮੈਨੂੰ ਉਸ ਦੇ ਸਹਿਜਪਣ ਨੇ ਮੋਹ ਲਿਆ। ਉਹ ਮੇਰੇ ਨਾਲ ਘਰ ਦੀਆਂ ਗੱਲਾਂ ਕਰਨ ਲੱਗਾ। ਉਹਨੂੰ ਇੱਥੇ ਆਇਆਂ ਪੰਦਰ੍ਹਾਂ ਸਾਲ ਹੋ ਗਏ। ਦੋ ਕੁ ਸਾਲ ਪਹਿਲਾਂ ਹੀ ਉਹ ਪੱਕਾ ਹੋਇਆ ਤੇ ਉਸ ਕਾਫੀ ਸਾਰੇ ਪੈਸੇ ਜੋੜ ਰੱਖੇ। ਪਿਛਲੇ ਮਹੀਨੇ ਉਸ ਆਪਣਾ ਮਕਾਨ ਖਰੀਦਿਆ। ਉਸ ਦੀ ਇੱਕ ਰੀਝ ਇਹ ਵੀ ਸੀ ਕਿ ਉਹ ਆਪਣੇ ਪਿੰਡ 'ਚ ਇੱਕ ਅਜਿਹੀ ਹਵੇਲੀ ਬਣਾਵੇ ਜਿਸ ਤਰ੍ਹਾਂ ਦੀ ਆਲੇ-ਦੁਆਲੇ ਕਿਸੇ ਦੀ ਨਾ ਹੋਵੇ। ਪਰ ਨਾਲ ਹੀ ਉਹ



ਡਰਦਾ ਸੀ ਕਿ ਕਿਤੇ ਇਨ੍ਹਾਂ 'ਤੇ ਕੋਈ ਤਾਲਿਬਾਨ ਜਿਹਾ ਕਬਜ਼ਾ ਹੀ ਨਾ ਕਰ ਲਵੇ। ਫੇਰ ਉਸ ਮੈਨੂੰ ਮੇਰੇ ਪਰਿਵਾਰ, ਹਸਬੈਂਡ ਦੀਆਂ ਆਦਤਾਂ ਬਾਰੇ ਵੀ ਪੁੱਛਿਆ। ਅਸੀਂ ਤਿੰਨਾਂ ਹਫਤਿਆਂ 'ਚ ਐਨੇ ਖੁੱਲ੍ਹ ਗਏ ਜਿੱਦਾਂ ਪਿੱਛੋਂ ਇੱਕੋ ਹੀ ਪਿੰਡ ਦੇ ਹੋਈਏ। ਇੱਕ ਦਿਨ ਅਸੀਂ ਇਕ ਪੱਬ 'ਚ ਜਾ ਬੈਠੇ। ਪੱਬ ਦਰਿਆ ਦੇ ਬਿਲਕੁੱਲ ਨਾਲ ਸੀ। ਮੈਂ ਸ਼ੀਸ਼ੇ ਵਾਲੀ ਤਾਕੀ ਕੋਲ ਬੈਠ ਗਈ। ਮੈਂ ਦਰਿਆ ਵੱਲ ਦੇਖਿਆ ਤਾਂ ਚੰਗਾ ਲੱਗਾ। ਲਾਤੀਫ਼ ਨੇ ਦੋ ਗਲਾਸ ਬੀਅਰ ਦੇ ਲੈ ਆਂਦੇ। ਮੈਂ ਆਪਣੇ ਵਾਲਾ ਗਲਾਸ ਪਰ੍ਹਾਂ ਨੂੰ ਖਿਸਕਾ ਦਿੱਤਾ ਤਾਂ ਲਾਤੀਫ਼ ਬੋਲਿਆ, "ਤੇਰੀਆਂ ਇਨ੍ਹਾਂ ਆਦਤਾਂ ਕਰਕੇ ਹੀ ਸ਼ਾਇਦ ਤੇਰਾ ਹਸਬੈਂਡ ਤੈਨੂੰ ਪਸੰਦ ਨ੍ਹੀਂ ਕਰਦਾ।" ਮੈਨੂੰ ਉਸ ਦੀ ਇਹ ਗੱਲ ਅੱਧੀ ਕੁ ਸੱਚੀ ਲੱਗੀ। ਮੇਰਾ ਹਸਬੈਂਡ ਮੈਨੂੰ ਕਿਸੇ ਗੱਲ 'ਤੇ ਜ਼ੋਰ ਨਾ ਪਾਉਂਦਾ। ਬਸ, ਉਹ ਇਕੋ ਵਾਰ ਕਹਿੰਦਾ ਜਾਂ ਪੁੱਛਦਾ ਸੀ।

ਲਾਤੀਫ਼ ਹੀ ਮੈਨੂੰ ਪਹਿਲੀ ਵਾਰ ਸਮੁੰਦਰ ਕੰਢੇ ਲੈ ਕੇ ਗਿਆ। ਅਸੀਂ ਕੰਮ ਤੋਂ ਛੁੱਟੀ ਲੈ ਲਈ ਤੇ ਵਰਦਿੰਗ ਗਏ। ਫੇਰ ਉਹ ਮੈਨੂੰ ਸਾਊਥਇੰਡ, ਲਿਟਲਹੈਮਪਟਨ ਲੈ ਗਿਆ। ਮੈਂ ਰੋਮਾਂਚਿਤ ਹੋ ਉੱਠੀ। ਲਾਤੀਫ਼ ਇਹੀ ਕੁਝ ਚਾਹੁੰਦਾ ਸੀ। ਲਿਟਲਹੈਮਪਟਨ ਆ ਕੇ ਤਾਂ ਉਹ ਬੇਕਾਬੂ ਹੋ ਗਿਆ ਤੇ ਉਸ ਮੈਨੂੰ ਬਾਹਾਂ 'ਚ ਨੂੜ ਹੀ ਲਿਆ। ਹੌਲੀ ਜਿਹੇ ਮੇਰੇ ਕੰਨ 'ਚ ਕਿਹਾ, "ਆਹ ਦੇਖ ਸਮੁੰਦਰ ਦੀਆਂ ਲਹਿਰਾਂ। ਮੇਰਾ ਮਨ ਵੀ ਉਵੇਂ ਹੀ ਮਚਲ ਰਿਹਾ।" ਮੈਂ ਉਸ ਦੀ ਕਿਸੇ ਇੱਛਾ ਦਾ ਵਿਰੋਧ ਨਾ ਕੀਤਾ। ਵਾਪਸੀ 'ਤੇ ਉਸ ਕਾਰ ਇੱਕ ਪਾਸੇ ਕਰਕੇ ਰੋਕ ਦਿੱਤੀ।

ਫੇਰ ਮੈਂ ਪੱਕੀ ਹੋ ਗਈ। ਮੈਨੂੰ ਕਿਸੇ ਦਾ ਡਰ-ਡੁਕਰ ਨਾ ਰਿਹਾ। ਪਹਿਲਾਂ ਹਰਮੀਤ ਮੈਨੂੰ ਇਗਨੌਰ ਕਰਦਾ ਸੀ, ਫੇਰ ਮੈਂ ਉਹਨੂੰ ਇਗਨੌਰ ਕਰਨਾ ਸ਼ੁਰੂ ਕਰ ਦਿੱਤਾ। ਲਾਤੀਫ਼ ਮੇਰੀ ਹਰ ਖਾਹਿਸ਼ ਪੂਰੀ ਕਰਦਾ। ਮੈਂ ਉਹਨੂੰ ਇਹ ਵੀ ਦੱਸਿਆ ਸੀ ਕਿ ਮੇਰੀ ਇੱਛਾ ਏ ਕਿ ਮੇਰੇ ਪੇਕਿਆਂ ਦੀ ਆਪਣੀ ਕੋਠੀ ਹੋਵੇ। ਉਹਨੇ ਪਲ ਕੁ ਸੋਚ ਕੇ ਪੁੱਛਿਆ, "ਕਿੰਨੇ ਪੈਸੇ ਚਾਹੀਦੇ?"

ਝਕਦੀ ਝਕਦੀ ਨੇ ਮੈਂ ਕਿਹਾ, "ਚਾਲੀ ਲੱਖ।"

"ਪਾਊਂਡ ਕਿੰਨੇ ਬਣੇ?"

"ਅਠਾਸੀਆਂ ਰੁਪਈਆਂ ਦਾ ਪਾਊਂਡ ਬਣਦਾ। ਹਿਸਾਬ ਤੂੰ ਲਾ ਲੈ।"

"ਤੇਰੇ ਕੋਲ ਕਿੰਨੇ ਕੁ ਏ?"

"ਇਹੀ ਦਸ ਕੁ ਹਜ਼ਾਰ ਹੋਣਗੇ।"

"ਕੋਈ ਗੱਲ ਨ੍ਹੀਂ। ਮੈਂ ਹਾਜ਼ਿਰ ਹਾਂ। ਸ਼ੇਰਨੀ ਬਣਜਾ। ਮੈਂ ਆਪਣੇ ਦੋਸਤ ਫਾਜ਼ਿਲ ਨਾਲ ਗੱਲ ਕਰਦਾਂ।"

ਮੈਂ ਲਾਤੀਫ਼ ਨਾਲ ਬਾਹਰ ਜਾਣ ਲੱਗੀ। ਕਦੇ-ਕਦਾਈਂ ਉਸਦੇ ਘਰ 'ਚ ਵੀ ਰਹਿ ਪੈਂਦੀ। ਹਰਮੀਤ ਨੂੰ ਇਸ ਬਾਰੇ ਪਤਾ ਲੱਗ ਗਿਆ। ਉਸ ਮੈਨੂੰ ਘੂਰਿਆ ਤੇ ਧਮਕੀ ਦਿੱਤੀ, "ਅਸੀਂ ਹਮੀਰਪੁਰੀਏ ਵਿਰਕ ਆਂ।" ਮੈਂ ਉਸ ਦੀ ਇਸ ਗੱਲ 'ਤੇ ਹੈਰਾਨ ਹੋਈ ਕਿ ਉਹ ਹਮੀਰਪੁਰ ਇੱਕ ਵਾਰ ਵੀ ਨ੍ਹੀਂ ਗਿਆ। ਪਰ ਇਹਨੂੰ ਕਿੱਦਾਂ ਯਾਦ ਰਹਿ ਗਿਆ ਕਿ ਉਹ ਹਮੀਰਪੁਰੀਆ ਵਿਰਕ ਏ। ਅੱਗੋਂ ਮੈਂ ਘੱਟ ਨਾ ਕੀਤੀ। ਮੈਂ ਕਿਹਾ, "ਮੈਂ ਕੀ ਕਰਨਾ-ਮੈਨੂੰ ਪਤਾ।" ਫੇਰ ਉਹ ਦੂਜੇ ਬੈੱਡ-ਰੂਮ 'ਚ ਸੌਣ ਲੱਗਾ। ਮੈਂ ਵੀ ਇਹੀ ਚਾਹੁੰਦੀ ਸੀ। ਲਾਤੀਫ਼ ਨੇ ਮੈਨੂੰ ਅੱਠ ਹਜ਼ਾਰ ਪਾਊਂਡ ਦਿੱਤੇ ਤੇ ਕਿਹਾ, "ਆਹ ਭੇਜ-ਆਪਾਂ ਹੌਲੀ-ਹੌਲੀ ਭੇਜਦੇ ਰਹਾਂਗੇ। ਸਾਰੇ ਪੈਸਿਆਂ ਦੀ ਇਕਦਮ ਤਾਂ ਲੋੜ ਪੈਣੋ ਰਹੀ।" ਮੈਂ ਉਸ ਦੀ ਇਸ ਗੱਲ ਨਾਲ ਸਹਿਮਤ ਹੋ ਗਈ। ਉਸ ਕੋਲ ਹਰ ਸਮੱਸਿਆ ਦਾ ਹੱਲ ਸੀ। ਮੈਂ ਉਹਨੂੰ ਆਪਣੇ ਛੋਟੇ ਭਾਈ ਸਤਿੰਦਰ ਨੂੰ ਇੱਧਰ ਬੁਲਾਉਣ ਲਈ ਕਿਹਾ ਤੇ ਉਹ ਇਸ ਦਾ ਹੱਲ ਵੀ ਸੋਚਣ ਲੱਗਾ।

ਉਸ ਦਿਨ ਲਾਤੀਫ਼ ਦੇ ਜਨਮ-ਦਿਨ ਦੀ ਪਾਰਟੀ ਸੀ। ਸਾਰਾ ਪ੍ਰਬੰਧ ਮੇਰੇ ਹੱਥਾਂ 'ਚ ਸੀ। ਕਿਸ-ਕਿਸ ਨੂੰ ਸੱਦਣਾ ਏ-ਇਸ ਦਾ ਫੈਸਲਾ ਲਾਤੀਫ਼ ਨੇ ਕੀਤਾ। ਉਸ ਦੇ ਘੇਰੇ ਦੇ ਬਹੁਤੇ ਦੋਸਤ ਪਾਕਿਸਤਾਨੀ ਹੀ ਸਨ। ਖ਼ੂਬ ਪਾਰਟੀ ਜੰਮੀ। ਮੇਰੇ ਨਾਂਹ-ਨਾਂਹ ਕਹਿੰਦਿਆਂ ਵੀ ਜ਼ਫ਼ਰ ਨੇ ਮੱਲੋਜੋਰੀ ਵਿਸਕੀ ਦਾ ਪੈੱਗ ਪਿਲਾ ਦਿੱਤਾ। ਫੇਰ ਮੈਂ ਕਿੰਨੇ ਪੈੱਗ ਪੀਤੇ, ਇਸ ਦੀ ਮੈਨੂੰ ਹੋਸ਼ ਨਾ ਰਹੀ। ਜਦੋਂ ਹੋਸ਼ ਆਈ ਤਾਂ ਮੈਂ ਬੈੱਡ 'ਤੇ ਬਿਲਕੁਲ ਅਲਫ਼ ਨੰਗੀ ਪਈ ਸੀ। ਕੱਪੜੇ ਪਾ ਕੇ ਹੇਠਾਂ ਆਉਣ ਲਈ ਪੌੜੀ ਕੋਲ ਹੀ ਆਈ ਸੀ ਕਿ ਮੈਨੂੰ ਸੁਲਤਾਨ ਦੀ ਗੱਲ ਸੁਣਾਈ ਦਿੱਤੀ। ਉਹ ਕਹਿ ਰਿਹਾ ਸੀ, "ਮੇਰੀ ਕਦੇ ਇੱਛਾ ਹੁੰਦੀ ਸੀ ਕਿ ਕਿਸੇ ਸਿੱਖੜੀ ਨਾਲ ਸੌਂਵਾਂ। ਲਾਤੀਫ਼, ਮੇਰੇ ਭਾਈ ਤੂੰ ਮੇਰੀ ਇੱਛਾ ਅੱਜ ਪੂਰੀ ਕਰ ਦਿੱਤੀ। ਇਹ ਸੌਦਾ ਤਾਂ ਪੰਜ ਸੌ ਪਾਊਂਡ 'ਚ ਵੀ ਮਹਿੰਗਾ ਨ੍ਹੀਂ ਲੱਗਦਾ।"

ਲਾਤੀਫ਼ ਨੇ ਉਸ ਦਾ ਸਾਥ ਦਿੰਦਿਆਂ ਹੋਇਆਂ ਕਿਹਾ, "ਉਹ ਤਾਂ ਮੇਰੇ ਘੜੇ ਦੀ ਮੱਛੀ ਏ-ਜਦੋਂ ਚਾਹਾਂਗਾ ਘੰਡੀ ਮਰੋੜ ਕੇ ਸੁਆਦ ਲੈ ਲਾਵਾਂਗਾ।"

ਪੰਜੇ ਦੇ ਪੰਜੇ ਖੁਸ਼ ਸਨ। ਜੋ ਹੋਣਾ ਸੀ-ਉਹ ਤਾਂ ਹੋ ਗਿਆ। ਮੇਰੇ ਸਿਰ 'ਤੇ ਤਾਂ ਪੇਕਿਆਂ ਨੂੰ ਪੈਸੇ ਭੇਜਣ ਦਾ ਭੂਤ ਸਵਾਰ ਸੀ। ਮੈਂ ਹੇਠਾਂ ਆਈ ਤਾਂ ਲਾਤੀਫ਼ ਨੇ ਮੈਨੂੰ ਆਪਣੇ ਪੱਟਾਂ 'ਤੇ ਬੈਠਾ ਲਿਆ ਤੇ ਸੁਲਤਾਨ ਨੂੰ ਕਿਹਾ, "ਇਹਨੂੰ ਬਹੁਤ ਸਾਰੇ ਪੈਸਿਆਂ ਦੀ ਲੋੜ ਏ। ਆਪਾਂ ਸਾਰਿਆਂ ਨੇ ਇਸ ਦੀ ਮੱਦਤ ਕਰਨੀ ਏ।"

ਫੇਰ ਉਨ੍ਹਾਂ ਮਦਦ ਕੀਤੀ ਤੇ ਇਸ ਮਦਦ ਦਾ ਮੈਨੂੰ ਮੁੱਲ ਤਾਰਨਾ ਪਿਆ।


ਉਨ੍ਹਾਂ ਦਾ ਘੇਰਾ ਫੈਲਦਾ ਗਿਆ। ਇੱਕ ਵਾਰ ਤਾਂ ਹਮੀਦ ਦੇ ਘਰੇ ਮੈਨੂੰ ਮਹੀਨਾ ਭਰ ਕੈਦ ਵੀ ਰਹਿਣਾ ਪਿਆ।

ਮਿੰਟ ਕੁ ਹੋਰ ਸੁਣ ਲੈ। ਮੈਂ ਸਾਊਥਾਲ ਤੋਂ ਹੇਜ ਆ ਗਈ। ਹੁਣ ਮੇਰਾ ਆਪਣਾ ਘਰ ਏ। ਮੇਰੇ ਕੋਲ ਬਹੁਤੇ ਈਲੀਗਲ ਬੰਦੇ ਆਉਂਦੇ। ਲੈ ਤੈਨੂੰ ਬੜੇ ਮਜ਼ੇ ਵਾਲੀ ਗੱਲ ਸੁਣਾਉਣੀ ਆਂ। ਇਕ ਵਾਰ ਇੰਡੀਆ ਤੋਂ ਕੋਈ ਸੰਤ ਆਇਆ। ਮੈਂ ਉਸ ਦੇ ਪ੍ਰਵਚਨ ਸੁਣਨ ਜਾਂਦੀ ਰਹੀ। ਇਕ ਦਿਨ ਫੂਕ ਛਕ ਕੇ ਹਜ਼ਾਰ ਪਾਊਂਡ ਦਿੱਤੇ। ਸਟੇਜ ਸੈਕਟਰੀ ਨੇ ਸੰਘ ਪਾੜ੍ਹ ਕੇ ਕਿਹਾ, "ਓਇ ਮੁੰਡਿਓ, ਤੁਹਾਡੇ ਨਾਲੋਂ ਤਾਂ ਇਹ ਬੀਬੀ ਚੰਗੀ ਜਿਹਨੇ ਸੰਤਾਂ ਦੇ ਫੰਡ ਲਈ ਹਜ਼ਾਰ ਪਾਊਂਡ ਦਿੱਤੇ.... ਤੁਹਾਡੇ ਕਿਸੇ ਕੋਲੋਂ ਵੀ ਪੰਜਾਹ ਪਾਊਂਡ ਨ੍ਹੀਂ ਦਿੱਤੇ ਗਏ।" ਬਾਕੀ ਤਾਂ ਚੁੱਪ ਰਹੇ, ਨਕੋਦਰ ਵਾਲਾ ਕਾਕੂ ਬੋਲਿਆ, "ਇਹ ਵੀ ਸਾਡੇ ਹੀ ਦਿੱਤੇ ਹੋਏ ਨੇ.....।" ਚੰਗੀ ਗੱਲ ਇਹ ਹੋਈ ਕਿ ਉਸ ਦੀ ਗੱਲ ਹਾਸੇ 'ਚ ਹੀ ਗੁੰਮ ਹੋ ਗਈ। ਹੁਣ ਮੈਂ ਆਪਣੇ ਕੰਮ ਤੋਂ ਸੰਤੁਸ਼ਟ ਹਾਂ। ਜਦੋਂ ਮੈਂ ਕਿਸੇ ਕਸਟਮਰ ਨੂੰ ਦੇਖਦੀ ਹਾਂ ਮੈਨੂੰ ਪਤਾ ਲੱਗ ਜਾਂਦਾ ਏ ਕਿ ਮੈਂ ਉਸ ਨਾਲ ਕਿੱਦਾਂ ਸੌਣਾ ਏ। ਕਦੇ ਕਦਾਈਂ ਮਨ 'ਚ ਆਉਂਦਾ ਕਿ ਮੇਰਾ ਆਪਣਾ ਬੰਦਾ ਹੋਵੇ। ਮੇਰਾ ਆਪਣਾ ਬੱਚਾ ਹੋਵੇ। ਕੋਈ ਮੈਨੂੰ ਮੰਮੀ ਕਹਿ ਕੇ ਬੁਲਾਵੇ। ਵਿਆਹ ਕਰਵਾਉਣ ਦੇ ਮਕਸਦ ਨਾਲ ਮੈਂ ਇੱਧਰ ਆਈ ਹਾਂ। ਮੈਂ ਅਜਿਹੇ ਬੰਦੇ ਦੀ ਭਾਲ 'ਚ ਹਾਂ ਜਿਹੜਾ ਕਿ ਲਾਤੀਫ਼ ਵਰਗਾ ਹੋਵੇ। ਲਾਤੀਫ਼ ਨੂੰ, ਪਤਾ ਨ੍ਹੀਂ ਮੈਂ ਕਿਉਂ ਐਨਾ ਪਿਆਰ ਕਰਦੀ ਹਾਂ। ਮੈਨੂੰ ਉਸੇ ਨੇ ਸੈਕਸ ਵਰਕਰ ਬਣਾਇਆ। ਪਰ ਫੇਰ ਵੀ ਉਸ ਪ੍ਰਤੀ ਮੇਰੀ ਚਾਹਤ ਅਜੇ ਤਾਈਂ ਨ੍ਹੀਂ ਘਟੀ।

ਮੈਂ ਉਲਝ ਗਈ ਹਾਂ। ਆ-ਦੀਪੀ ਆ। ਹੁਣ ਤੂੰ ਇੱਧਰ ਆ ਜਾ। ਮੈਂ ਤੈਨੂੰ ਪੇਪਰ ਭੇਜਾਂਗੀ। ਮੈਂ ਤੈਨੂੰ ਇਸ ਧੰਦੇ ਦੇ ਹੋਰ ਗੁਰ ਦੱਸਾਂਗੀ। ਫੇਰ ਆਪਾਂ ਫੋਟੋ ਖਿਚਵਾਉਣੀ ਆਂ। ਤੂੰ ਮੇਰੇ ਵੱਲ ਦੇਖ ਕੇ ਹੱਸ ਲਿਆ ਕਰੀਂ। ਮੈਂ ਤੇਰੇ ਵੱਲ ਦੇਖਕੇ ਹੱਸ ਛੱਡਿਆ ਕਰਾਂਗੀ। ਇਸ ਦੁਨੀਆਂ ਨੂੰ ਅਸੀਂ ਇੱਥੇ.......ਨ੍ਹੀਂ ਮਾਰਣਾ। ਤੂੰ ਵੀ ਇਕ..... ਚੱਲ ਛੱਡ ਯਾਰ.....।

ਹੁਣ ਮੇਰੀ ਡਿਊਟੀ ਦਾ ਟਾਈਮ ਹੋ ਗਿਆ। ਇਕ ਵਾਰ ਆਪ ਸੁਣ ਕੇ ਤੈਨੂੰ ਵੋਆਇਸ ਮੇਲ 'ਚ ਭੇਜਾਂਗੀ। (**ਸੰਪਰਕ-98148-03254**)





## ਕਹਾਣੀ/ ਪ੍ਰੇਤ-ਛਾਇਆ/ - ਬਲਬੀਰ ਪਰਵਾਨਾ

ਸਾਢੇ ਕੁ ਦਸ ਵਜੇ ਪ੍ਰਸ਼ਾਂਤ ਨੇ ਤਿਆਰ ਹੋ ਕੇ ਦਰਵਾਜ਼ੇ ਨੂੰ ਜਿੰਦਰਾ ਲਾਇਆ ਤੇ ਐਕਟਿਵਾ ਨੂੰ ਬਾਹਰ ਕੱਢਣ ਲਈ ਸਟੈਂਡ ਤੋਂ ਲਾਹਿਆ। ਜਿਉਂ ਹੀ ਉਸ ਨੂੰ ਰੇੜ੍ਹਨ ਦੀ ਕੋਸ਼ਿਸ਼ ਕੀਤੀ, ਉਹ ਮਸਾਂ ਹੀ ਹਿਲਿਆ। ਪਿਛਲੇ ਟਾਇਰ ਵੱਲ ਧਿਆਨ ਗਿਆ, ਉਹ ਬਿਲਕੁੱਲ ਹੀ ਨਾਲ ਲੱਗਾ ਹੋਇਆ ਸੀ। 'ਇਸਨੇ ਵੀ ਅੱਜ ਹੀ ਪੈਂਚਰ ਹੋਣਾ ਸੀ!' ਉਹ ਮਨ ਹੀ ਮਨ ਪਰੇਸ਼ਾਨ ਹੋਣ ਲੱਗਾ। ਬਾਰਾਂ ਵਜੇ ਉਹਨਾਂ ਨੇ 'ਖਾਂਡਵ-ਦਾਹ' ਉਪਰ ਸੰਵਾਦ ਰੱਖਿਆ ਹੋਇਆ ਸੀ। ਇਸ ਦੀ ਸ਼ੁਰੂਆਤ ਉਸ ਨੇ ਹੀ ਕਰਨੀ ਸੀ। ਆਪਣੇ ਲਏ ਹੋਏ ਨੋਟਸਾਂ 'ਤੇ ਧਿਆਨ ਮਾਰਦਾ, ਉਹ ਸਮੇਂ ਸਿਰ ਹੀ ਉੱਠ ਕੇ ਤਿਆਰ ਹੋਇਆ ਸੀ। ਮਨ 'ਚ ਸੀ, 'ਸਵਾ ਕੁ ਗਿਆਰਾਂ ਤੱਕ 'ਭਕਨਾ ਭਵਨ' ਪਹੁੰਚ ਜਾਵਾਂਗਾ। ਅੱਧਾ ਕੁ ਘੰਟਾ ਆਏ ਹੋਏ ਦੋਸਤਾਂ ਨਾਲ ਵਿਚਾਰ-ਵਟਾਂਦਰਾ, ਗੱਪਸ਼ੱਪ ਹੋ ਜਾਵੇਗੀ ਤੇ ਸੰਵਾਦ ਦੀਆਂ ਸੀਮਾਵਾਂ ਤਹਿ ਕਰ ਬਿੱਲੇ ਦੇ ਖੋਖੇ 'ਤੇ ਜਾ ਕੇ ਚਾਹ ਪੀ ਲਵਾਂਗੇ।'

ਐਕਟਿਵਾ ਖਿੱਚ ਕੇ ਉਸ ਨੇ ਗੇਟੋਂ ਬਾਹਰ ਕੱਢਿਆ ਤੇ ਗੇਟ ਨੂੰ ਵੀ ਜਿੰਦਰਾ ਲਾਇਆ। ਅੱਧ ਨਵੰਬਰ ਦੇ ਦਿਨ ਸਨ। ਭਾਵੇਂ ਸਵੇਰ ਦੇ ਸਾਢੇ ਦਸ ਹੋ ਗਏ ਸਨ, ਪਰ ਅਜੇ ਤੱਕ ਸੂਰਜ ਚਮਕਣ ਨਹੀਂ ਸੀ ਲੱਗਾ। ਧੁੰਦ ਤੇ ਧੂੰਆਂ ਰਲ ਕੇ ਚੁਫੇਰੇ ਗੂੜ੍ਹਾ ਧੁੰਦਲਕਾ ਪਸਰਿਆ ਹੋਇਆ ਸੀ। ਸੂਰਜ ਪੀਲਾ ਗੋਲਾ ਜਿਹਾ ਲੱਗਦਾ, ਚਮਕ-ਰਹਿਤ। ਉਸ ਦੀਆਂ ਕਿਰਨਾਂ ਧਰਤੀ ਤੱਕ ਪਹੁੰਚਣ ਤੋਂ ਅਸਮਰੱਥ ਸਨ। ਲੱਗਭੱਗ ਇੱਕ ਹਫਤੇ ਤੋਂ ਲਗਾਤਾਰ ਇੰਜ ਹੀ ਚੱਲ ਰਿਹਾ ਸੀ। ਅਖਬਾਰਾਂ ਵਿੱਚ ਲੇਖ ਲਿਖੇ ਜਾ ਰਹੇ ਸਨ, ਚੈਨਲਾਂ 'ਤੇ ਚਰਚਾ ਹੋ ਰਹੀ ਸੀ ਪਰ ਅਜੇ ਵੀ ਪਰਾਲੀ ਨੂੰ ਅੱਗਾਂ ਲਾਉਣੀਆਂ ਬੰਦ ਨਹੀਂ ਸੀ ਹੋਈਆਂ।

ਕੁਝ ਪਲ ਉਹ ਧੁੰਦ ਤੇ ਧੂੰਏਂ ਦੇ ਧੁੰਦਲਕੇ 'ਚ ਖੜਾ ਗਲੀ, ਘਰਾਂ, ਕਲੋਨੀ ਨੂੰ ਘੂਰਦਾ ਰਿਹਾ। ਫਿਰ ਸਕੂਟਰ ਨੂੰ ਸਟਾਰਟ ਕਰ ਰੇਹੜ ਲਿਆ। ਮਾੜੀ ਮਾੜੀ ਰੇਸ ਦਿੰਦਾ, ਉਹ ਉਸ ਨੂੰ ਕਾਲੋਨੀ ਤੋਂ ਬਾਹਰ ਪੈਂਚਰ ਲਾਉਣ ਵਾਲੇ ਭਈਏ ਦੇ ਖੋਖੇ ਵੱਲ ਲੈ ਤੁਰਿਆ। ਕਦੀ ਰੇਸ ਕੁਝ ਜ਼ਿਆਦਾ ਦੱਬੀ ਜਾਂਦੀ ਤਾਂ ਉਸ ਨੂੰ

ਬਰੇਕ ਲਾ ਕੇ ਹੌਲੀ ਕਰਨਾ ਪੈਂਦਾ। ਰੇਸ ਘਟ ਜਾਂਦੀ ਤਾਂ ਖਿੱਚਣ ਲਈ ਜ਼ੋਰ ਲਾਉਣਾ ਪੈਂਦਾ।

"ਕੀ ਗੱਲ ਹੋ ਗਈ, ਪ੍ਰੋਫ਼ੈਸਰ ਸਾਹਿਬ?" ਗਲੀ ਦੇ ਆਖਰੀ ਸਿਰੇ 'ਤੇ ਤਿੰਨ ਸੌ ਸਤਾਸੀ ਵਾਲੇ, ਆਪਣੇ ਘਰ ਦੇ ਗੇਟ ਮੂਹਰੇ ਖੜ੍ਹੇ ਵਕੀਲ ਨੇ ਸਰਸਰੀ ਪੁੱਛਿਆ। ਕਾਲਜ 'ਚ ਪੜ੍ਹਾਉਂਦਾ ਹੋਣ ਕਰਕੇ, ਉਹ ਉਸ ਨੂੰ ਪ੍ਰੋਫ਼ੈਸਰ ਸਮਝਦਾ ਹੈ। ਹੁਣ ਉਸ ਨੂੰ ਕੀ ਪਤਾ, ਕਿ ਉਹ ਸਵਾ ਲੱਖ ਵਾਲਾ ਪ੍ਰੋਫ਼ੈਸਰ ਨਹੀਂ, ਬਾਰਾਂ ਹਜ਼ਾਰ ਵਾਲਾ ਹੈ। ਉਹ ਵੀ ਐਡਹਾਕ 'ਤੇ, ਸਾਲ 'ਚ ਕੇਵਲ ਦਸ ਮਹੀਨਿਆਂ ਲਈ। ਪਿਛਲੇ ਅੱਠ ਸਾਲਾਂ ਤੋਂ ਉਹ ਇਸੇ ਹੀ ਵਰਗ 'ਚ ਘੁੰਮ ਰਿਹਾ ਸੀ, ਦਸ ਬਾਰਾਂ ਹਜ਼ਾਰ ਦੇ ਗੇੜ 'ਚ। ਤਿੰਨ ਕਾਲਜ ਬਦਲ ਚੁੱਕਾ ਹੈ ਤੇ ਨਿਸ਼ਚਿਤ ਨਹੀਂ ਹੁੰਦਾ ਕਿ ਅਗਲੇ ਸਾਲ ਵੀ ਉਹੀ ਕਾਲਜ ਵਾਲੇ ਰੱਖ ਲੈਣਗੇ।

"ਤੁਰਨ ਲੱਗਾ ਤਾਂ ਇਹਦੀ ਹਵਾ ਨਿਕਲੀ ਹੋਈ ਸੀ।"

"ਭਈਏ ਨੂੰ ਫੋਨ ਕਰ ਦੇਣਾ ਸੀ...ਆਪੇ ਖੋਲ੍ਹ ਕੇ ਲੈ ਜਾਂਦਾ।" ਉਸ ਨੇ ਧੌਣ ਟੇਢੀ ਕਰ ਪਿਛਲੇ ਟਾਇਰ ਵੱਲ ਧਿਆਨ ਮਾਰਦਿਆਂ ਕਿਹਾ।

"ਕੋਈ ਨਾ...ਆਹ ਤਾਂ ਹੈ।" ਉਸ ਨੇ ਗੱਲ ਬਹੁਤੀ ਲਮਕਣ ਨਾ ਦਿੱਤੀ। ਪਹਿਲਾਂ ਇੱਕ ਵਾਰ ਉਸ ਨੇ ਭਈਏ ਨੂੰ ਫੋਨ ਕਰ ਲਿਆ ਸੀ। ਉਹ ਟਾਇਰ ਖੋਲ੍ਹ ਕੇ ਲੈ ਗਿਆ ਤੇ ਫਿਰ ਫਿੱਟ ਵੀ ਕਰ ਗਿਆ, ਪਰ ਪੈਸੇ ਉਸ ਨੇ ਸੌ ਰੁਪਏ ਮੰਗ ਲਏ ਸਨ। ਤੀਹ ਰੁਪਏ ਦੀ ਥਾਂ ਸੌ ਰੁਪਏ। ਉਸ ਤੋਂ ਬਾਅਦ ਇੱਕ ਵਾਰੀ ਸਮੱਸਿਆ ਆਈ ਤਾਂ ਉਹ ਰੇਹੜ ਕੇ ਹੀ ਲੈ ਗਿਆ ਸੀ ਜਿਵੇਂ ਕਿ ਅੱਜ। 'ਪੈਸੇ ਕਿਤੇ ਰੁੱਖਾਂ ਨੂੰ ਲੱਗਦੇ ਐ!' ਉਸ ਨੇ ਮਨ ਹੀ ਮਨ ਸੋਚਿਆ।

ਕਲੋਨੀ ਦੀ ਗਲੀ 'ਚੋਂ ਨਿਕਲ ਸੜਕ 'ਤੇ ਆਇਆ। ਉੱਥੋਂ ਉਹ ਲਹਿੰਦੇ ਵੱਲ ਨੂੰ ਮੇਨ-ਰੋਡ ਵੱਲ ਮੁੜ ਗਿਆ। ਇਹ ਕਾਲੋਨੀ ਨਾਲਦੀ ਸੜਕ, ਜਿੱਥੋਂ ਮੇਨ-ਰੋਡ 'ਤੇ ਚੜ੍ਹਦੀ, ਉੱਥੇ ਬਣਦੇ ਚੁਰੱਸਤੇ ਦੇ ਇੱਕ ਕੋਨੇ ਜਿਹੇ ਕਰਕੇ ਜਾਮਣ ਦਾ ਰੁੱਖ ਸੀ, ਜਿਸ ਹੇਠਾਂ ਸੀ ਭਈਏ ਦਾ ਇਹ ਖੋਖਾ। ਉਹ ਸਵੇਰੇ ਸੱਤ ਕੁ ਵਜੇ ਆਕੇ ਖੋਲ੍ਹ ਲੈਂਦਾ ਤੇ ਸ਼ਾਮ ਨੂੰ ਚੰਗਾ ਹਨੇਰਾ ਹੋਣ ਤੱਕ ਖੁੱਲ੍ਹਾ ਰੱਖਦਾ।

ਮਸਾਂ ਹੀ ਖਿੱਚ-ਧੂਹ ਕੇ ਉਹ ਖੋਖੇ ਤੱਕ ਲੈ ਕੇ ਗਿਆ। ਅੱਗੇ ਉਹ ਇੱਕ ਸਕੂਟਰੀ ਨੂੰ ਪੈਂਚਰ ਲਾ ਰਿਹਾ ਸੀ। ਸਕੂਟਰੀ ਵਾਲੀ ਕੁੜੀ ਲਾਗੇ ਪਈ ਖਸਤਾ ਹਾਲ ਪਲਾਸਟਿਕ ਦੀ ਕੁਰਸੀ 'ਤੇ ਬੈਠੀ ਮੋਬਾਇਲ 'ਚ ਰੁਝੀ ਹੋਈ ਸੀ। ਚਿਹਰਾ-ਮੋਹਰਾ ਉਸ ਨੂੰ ਮੋਨਿਕਾ ਨਾਲ ਰਲਦਾ-ਮਿਲਦਾ ਲੱਗਾ। ਉਸ ਵਾਂਗ ਹੀ ਬਣਾਏ ਹੋਏ ਵਾਲ। 'ਸ਼ਾਇਦ ਕਿਸੇ ਕਾਲ-ਸੈਂਟਰ ਜਾਂ ਕਿਸੇ ਕੰਪਨੀ 'ਚ ਰਿਸੈਪਸ਼ਨਿਸਟ ਹੋਵੇਗੀ!' ਉਸ ਦੇ ਮਨ 'ਚ ਸੁਭਾਵਿਕ ਆਇਆ। ਸਕੂਟਰ-ਸਟੈਂਡ 'ਤੇ ਖੜਾ ਕਰਦਿਆਂ ਉਸ ਨੇ ਭਈਏ ਨੂੰ ਸੁਲਾਹ ਮਾਰੀ, "ਕੈਸੇ ਹੋ ਯਾਦਵ?"

"ਠੀਕ ਹੂੰ ਬਾਬੂ ਜੀ," ਕੁਝ ਪਲ ਰੁੱਕ ਕੇ ਉਸ ਨੇ ਪੁੱਛਿਆ, "ਕਯਾ ਬਾਤ ਹੋ ਗਈ?"

"ਪੈਂਚਰ ਹੈ...ਜ਼ਰਾ ਛੇਤੀ ਦੇਖਨਾ।"

"ਬਸ ਇਸਕੋ ਫਿੱਟ ਕਰ ਲੂੰ।" ਭਈਏ ਨੇ ਧਿਆਨ ਮੁੜ ਟਿਊਬ 'ਤੇ ਕੇਂਦਰਤ ਕਰ ਲਿਆ, ਜਿਸ ਦੇ ਪੈਂਚਰ ਵਾਲੀ ਥਾਂ ਨੂੰ ਰੇਗਮਾਰ ਨਾਲ ਰਗੜ ਰਿਹਾ ਸੀ। ਉਹ ਕੁਝ ਪਲ ਉਸ ਦੇ ਕੰਮ ਲੱਗੇ ਹੱਥਾਂ ਵੱਲ ਤਕਦਾ ਰਿਹਾ, ਫਿਰ ਆਸੇ ਪਾਸੇ 'ਚ ਗੁਆਚਣ ਲੱਗਾ... ਇਸ ਪਾਸੇ ਕਿਤੇ-ਕਿਤੇ ਹੀ ਕੋਠੀਆਂ ਬਣੀਆਂ ਹੋਈਆਂ ਸਨ। ਕੁਝ ਕੁ ਅੱਧ-ਉਸਰੀਆਂ ਸਨ ਤੇ ਕੁਝ ਕੁ ਪਲਾਟਾਂ ਦੁਆਲੇ ਲੱਕ-ਲੱਕ ਬਰੋਬਰ ਵਲੀਆਂ ਹੋਈਆਂ ਚਾਰਦਿਵਾਰੀਆਂ। ਬਹੁਤੇ ਖਾਲੀ ਪਏ ਹੋਏ, ਬਸ ਜ਼ਮੀਨ ਦੇ ਬਰਾਬਰ ਕੀਤੀਆਂ ਹੋਈਆਂ ਨਿਸ਼ਾਨਦੇਹੀਆਂ ਜਿਹੀਆਂ, ਜਿਹੜੀਆਂ ਘਾਹ-ਝਾੜੀਆਂ ਥੱਲੇ ਦੱਬੀਆਂ ਪਈਆਂ ਸਨ। ਇਹ ਕਾਲੋਨੀਆਂ ਉਸਦੇ ਦੇਖਦੇ-ਦੇਖਦੇ ਹੀ ਕੱਟੀਆਂ ਗਈਆਂ ਸਨ ਜਾਂ ਖੇਤਾਂ ਤੋਂ ਕਾਲੋਨੀਆਂ 'ਚ ਵਟਣ ਦਾ ਸਫ਼ਰ, ਉਸ ਨੇ ਬੜੇ ਨੇੜਿਓਂ ਦੇਖਿਆ ਸੀ। 'ਖਾਂਡਵ-ਦਾਹ' ਦਾ ਨਵਾਂ ਅਧਿਆਏ ਉਸ ਦੇ ਸਾਹਮਣੇ ਰਚਿਆ ਜਾ ਰਿਹਾ ਸੀ, ਪਰ ਇਸ ਦਾ ਰਚਨਹਾਰ ਕ੍ਰਿਸ਼ਨ ਜਾਂ ਅਰਜੁਨ ਨਹੀਂ, ਅਵਾਰਾ-ਪੂੰਜੀ ਤੇ ਇਸ ਦਾ ਪ੍ਰਿਤਪਾਲਕ ਕਾਰਪੋਰੇਟ ਸੀ, ਜਿਹੜਾ ਹਰ ਚੀਜ਼ ਨੂੰ ਖਪਤ 'ਚ ਬਦਲ ਰਿਹਾ ਹੈ। 'ਕਿੱਧਰ ਨੂੰ ਜਾ ਰਿਹਾ ਹੈ ਇਹ ਜ਼ਿੰਦਗੀ ਦਾ ਵਹਿਣ?



ਇਹ ਵਿਕਾਸ-ਧਾਰਾ?' ਇਤਿਹਾਸ ਤੋਂ ਸ਼ੁਰੂ ਹੋਈਆਂ ਯਾਦਾਂ ਸੋਚਾਂ ਨਾਲ ਰਲਗੱਡ ਹੋਣ ਲੱਗੀਆਂ, 'ਖਾਂਡਵ-ਦਾਹ ਵਿਕਾਸ ਦੀ ਇੱਕ ਧਾਰਾ ਦਾ ਪ੍ਰਤੀਕ ਹੈ, ਇੱਕ ਅਜਿਹੀ ਧਾਰਾ, ਜਿਸ ਨੇ ਪੁਰਾਤਨ ਕਬਾਇਲੀ ਸਮਾਜ ਨੂੰ ਜ਼ਬਰਦਸਤੀ ਤਬਾਹ ਕਰਕੇ ਨਵੇਂ ਜਗੀਰੂ ਸਮਾਜ ਦੀ ਨੀਂਹ ਪੱਕੀ ਕੀਤੀ। ਜਾਇਦਾਦ ਦੇ ਹੱਕ 'ਤੇ ਮੋਹਰ ਲਾ ਕੇ ਇਸ ਨੂੰ ਸੱਤਾ ਦੇ ਹੱਕ 'ਚ ਭੁਗਤਾਇਆ, ਜਿਵੇਂ ਅੱਜ ਦੀ ਰਾਜ-ਸੱਤਾ ਮੱਧ-ਭਾਰਤ ਵਿੱਚ ਕਰ ਰਹੀ ਹੈ। ਉਥੋਂ ਜੰਗਲਾਂ, ਪਹਾੜਾਂ 'ਚੋਂ ਆਦਿਵਾਸੀਆਂ ਨੂੰ ਬੇਦਖਲ ਕਰਕੇ, ਬਹੁਕੌਮੀ ਕਾਰਪੋਰੇਸ਼ਨਾਂ ਦੇ ਹਵਾਲੇ ਕਰਨਾ ਚਾਹੁੰਦੀ ਹੈ, ਜਿਨ੍ਹਾਂ ਲਈ ਉੱਥੋਂ ਦੇ ਖਣਿਜ; ਪੂੰਜੀ ਤੇ ਮੁਨਾਫੇ ਦੇ ਅਟੁੱਟ ਭੰਡਾਰ ਹਨ। ਆਦਿਵਾਸੀਆਂ ਲਈ ਇਹ ਜੰਗਲ, ਨਦੀ-ਨਾਲੇ, ਪਹਾੜ ਜ਼ਿੰਦਗੀ ਹਨ, ਉਹਨਾਂ ਦੇ ਦੇਵਤੇ, ਪਰ ਬਹੁਕੌਮੀ ਕੰਪਨੀਆਂ ਲਈ ਕੱਚਾ-ਮਾਲ। ਇਸ ਕੱਚੇ-ਮਾਲ ਦੇ ਅੰਬਾਰਾਂ ਨੂੰ ਲੁੱਟਣ ਲਈ, ਇੱਥੋਂ ਆਦਿਵਾਸੀਆਂ ਨੂੰ ਉਜਾੜਨਾ ਬਹੁਤ ਜ਼ਰੂਰੀ ਹੈ। ਆਦਿਵਾਸੀ ਆਪਣੇ ਜੀਊਣ ਦੇ ਹੱਕ ਲਈ ਲੜ ਰਹੇ ਹਨ,' ਉਹ ਮਨ ਹੀ ਮਨ ਆਪਣੇ ਵਿਚਾਰਾਂ ਨੂੰ ਤਰਤੀਬ ਦੇਈ ਜਾ ਰਿਹਾ ਸੀ, 'ਜਿਸ ਨੂੰ ਰਾਜਸੱਤਾ ਮਾਓਵਾਦ ਗਰਦਾਨ ਰਹੀ ਹੈ, ਕਦੀ ਬਦੇਸ਼ੀ ਸ਼ਹਿ ਪ੍ਰਾਪਤ ਗਦਾਰਾਂ ਦਾ ਫਤਵਾ ਦਿੰਦੀ ਹੈ, ਜਿਹੜੇ ਦੇਸ਼ ਦੇ ਵਿਕਾਸ ਦੇ ਰਾਹ 'ਚ ਅੜਿੱਕਾ ਹਨ...ਵਿਕਾਸ ਹੋਣ ਨਹੀਂ ਦੇਣਾ ਚਾਹੁੰਦੇ! ਕਿਹੀ ਅਜੀਬ ਵਿਡੰਬਨਾ ਹੈ ਕਿ ਜਿਹੜੇ ਲੋਕ ਸਦੀਆਂ ਤੋਂ ਇਹਨਾਂ ਜੰਗਲਾਂ 'ਚ ਰਹਿੰਦੇ ਆ ਰਹੇ ਹਨ, ਇਹਨਾਂ ਜੰਗਲਾਂ 'ਚ ਉਹਨਾਂ ਦੀਆਂ ਪੀੜ੍ਹੀਆਂ ਦੀਆਂ ਪੀੜ੍ਹੀਆਂ ਪਲੀਆਂ ਹਨ, ਸੱਤਾ ਦੇ ਦਸਤਾਵੇਜ਼ਾਂ ਅਨੁਸਾਰ ਉਹ ਇੱਥੋਂ ਦੇ ਮਾਲਕ ਜਾਂ ਵਸਿੰਦੇ ਨਹੀਂ; ਤੇ ਮਾਲਕ ਬਣ ਰਹੇ ਹਨ, ਜਿਨ੍ਹਾਂ ਦੇ ਪੁਰਖਿਆਂ ਨੇ ਕਦੀ ਇੱਧਰ ਪੈਰ ਵੀ ਨੀ ਪਾਇਆ ਹੋਣਾ!'

ਅਚਾਨਕ ਉਸ ਦੇ ਮੋਬਾਇਲ ਦੀ ਘੰਟੀ ਵੱਜੀ। ਉਸ ਨੇ ਸਵੀਕਾਰ ਦਾ ਬਟਨ ਦਬਾਉਣ ਤੋਂ ਪਹਿਲਾਂ ਇੱਕ ਪਲ ਸਕਰੀਨ 'ਤੇ ਉਭਰਦੇ ਨਾਂਅ ਨੂੰ ਦੇਖਿਆ। 'ਹਾਂ ਰੰਮੀ,' ਉਹ ਅਗਾਂਹ ਦੱਸਣ ਹੀ ਲੱਗਾ ਸੀ ਕਿ ਉਸਨੇ ਪਹਿਲਾਂ ਹੀ ਪੁੱਛ ਲਿਆ, "ਕਦੋਂ ਪਹੁੰਚ ਰਿਹਾ ਹੈਂ?"

"ਸਕੂਟਰ ਪੈਂਚਰ ਹੋ ਗਿਆ... ਪੈਂਚਰਾਂ ਵਾਲੇ ਕੋਲ ਖੜ੍ਹਾ ਹਾਂ।"

"ਲੈ ਜਾਵਾਂ ਨਹੀਂ ਤਾਂ...!"

"ਨਹੀਂ...ਮਕੈਨਿਕ ਵਿਹਲਾ ਹੋਣ ਵਾਲਾ ਹੈ.." ਉਸ ਨੇ ਮਨ ਹੀ ਮਨ ਹਿਸਾਬ ਲਾਇਆ, 'ਪੰਜ-ਸੱਤ ਮਿੰਟ ਹੋਰ ਕੁੜੀ ਦੀ ਸਕੂਟਰੀ 'ਤੇ ਲੱਗਣਗੇ। ਦਸ ਬਾਰਾਂ ਮਿੰਟ ਫਿਰ ਉਸ ਦੀ ਸਕੂਟਰੀ 'ਤੇ', "ਪਹੁੰਚਦਾ ਹਾਂ ਸਾਢੇ ਕੁ ਗਿਆਰਾਂ, ਪੌਣੇ ਬਾਰਾਂ ਤੱਕ।"

"ਓ ਕੇ" ਰਮਿੰਦਰ ਨੇ ਕਿਹਾ ਤਾਂ ਉਸ ਨੇ ਵੀ 'ਓ ਕੇ' ਕਹਿ ਕੇ ਫੋਨ ਕੱਟ ਦਿੱਤਾ। ਫੋਨ ਜੇਬ 'ਚ ਪਾਉਣ ਤੋਂ ਪਹਿਲਾਂ ਉਸ ਨੇ ਸਕਰੀਨ 'ਤੇ ਸਮਾਂ ਦੇਖਿਆ। ਪੌਣੇ ਗਿਆਰਾਂ ਹੋਏ ਸਨ। 'ਜੇ ਰਾਹ 'ਚ ਕਿਤੇ ਜਾਮ ਲੱਗਾ ਨਾ ਮਿਲਿਆ ਤਾਂ ਪੌਣੇ ਬਾਰ੍ਹਾਂ ਦੇ ਆਸਪਾਸ ਪਹੁੰਚ ਹੀ ਜਾਵਾਂਗਾ। ਉੱਥੇ ਬਿੱਲੇ ਦੇ ਖੋਖੇ 'ਤੇ ਬਹਿ ਕੇ ਚਾਹ ਪੀਣ ਜੋਗਾ ਸਮਾਂ ਨਾ ਹੀ ਸਹੀ, ਸੰਵਾਦ ਦੀ ਮਾੜੀ-ਮੋਟੀ ਰੂਪਰੇਖਾ ਬਾਰੇ ਤਾਂ ਗੱਲ ਹੋ ਹੀ ਜਾਵੇਗੀ।'

ਇਹ ਨੋਟਸ ਉਹ ਪਿਛਲੇ ਇੱਕ ਮਹੀਨੇ ਤੋਂ ਲੈ ਰਿਹਾ ਸੀ, ਜਦੋਂ ਇਹ ਫੈਸਲਾ ਹੋਇਆ ਕਿ ਅਗਲਾ ਸੰਵਾਦ 'ਖਾਂਡਵ-ਦਾਹ' ਉੱਪਰ ਹੋਵੇਗਾ ਤੇ ਚਰਚਾ ਦੀ ਸ਼ੁਰੂਆਤ ਉਹ ਕਰੇਗਾ। ਰਾਤੀਂ ਵੀ ਇੱਕ ਵਜੇ ਤੋਂ ਬਾਅਦ ਹੀ ਸੁੱਤਾ ਸੀ, ਜਦੋਂ ਨੀਂਦ ਨੇ ਢਾਹ ਹੀ ਲਿਆ, ਬੈਠੇ-ਬੈਠੇ ਦੀ ਪਿੱਠ ਦਰਦ ਕਰਨ ਲੱਗੀ, ਲੱਤਾਂ ਵੀ ਜਿਵੇਂ ਆਕੜ ਗਈਆਂ ਸਨ। ਤਦ ਹਾਰ ਕੇ ਉਸ ਨੇ ਆਪਣੇ ਸਾਹਮਣੇ ਪਿਆ 'ਮਹਾਂਭਾਰਤ' ਦਾ ਸੰਪੂਰਨ ਅਨੁਵਾਦ ਬੰਦ ਕੀਤਾ, ਨੋਟਸਾਂ ਵਾਲੀ ਫਾਇਲ ਪਾਸੇ ਕੀਤੀ, ਧੌਣ ਪਿਛਾਂਹ ਨੂੰ ਕਰ ਕੁਰਸੀ 'ਤੇ ਬੈਠੇ-ਬੈਠੇ ਨੇ ਇੱਕ ਭਰਪੂਰ ਅੰਗੜਾਈ ਲੈ ਆਕੜ ਭੰਨੀ ਤੇ ਉੱਠ ਕੇ ਬੈੱਡ 'ਤੇ ਪੈ ਗਿਆ ਸੀ।

ਸਵੇਰੇ ਛੇ ਵਜੇ ਹੀ ਮੁੜ ਜਾਗ ਆ ਗਈ ਸੀ। ਉੱਠ ਕੇ ਚਾਹ ਦਾ ਕੱਪ ਬਣਾਇਆ ਤੇ ਫਿਰ ਸ਼ੁਰੂ ਹੋ ਗਿਆ ਸੀ ਨੋਟਸਾਂ 'ਤੇ ਧਿਆਨ ਮਾਰਨ, ਉਹਨਾਂ ਦੀ ਤਰਤੀਬ ਬਣਾਉਣ ਕਿ ਗੱਲ ਕਿਵੇਂ ਅਗਾਂਹ ਵਧਾਉਣੀ ਹੈ ਤੇ ਕਿਵੇਂ ਉਸ ਨੂੰ ਸਮਕਾਲ ਨਾਲ ਜੋੜਨਾ ਹੈ। 'ਇਤਿਹਾਸ, ਵਿਰਸੇ ਦੀ ਗੱਲ ਕਰਦਿਆਂ

ਉਸ ਦੀ ਪੁਨਰ-ਵਿਆਖਿਆ ਬਹੁਤ ਜ਼ਰੂਰੀ ਹੈ,' ਇਹ ਉਸ ਦਾ ਵਿਸ਼ਵਾਸ ਸੀ, 'ਨਹੀਂ ਤਾਂ ਉਹ ਸ਼ਰਧਾ/ ਆਸਥਾ ਦਾ ਇੱਕ ਅਜਿਹਾ ਟੁਕੜਾ ਬਣ ਕੇ ਰਹਿ ਜਾਂਦੇ ਹਨ, ਜਿਹੜੇ ਦਿਮਾਗਾਂ ਨੂੰ ਸੁੰਨ ਕਰਨ ਦਾ ਕੰਮ ਕਰਦੇ ਹਨ।'

ਜਦੋਂ ਉਹਨਾਂ ਨੇ ਸੰਵਾਦ-ਮੰਚ ਬਣਾਇਆ, ਉਦੋਂ ਹੀ ਇਸ ਦਾ ਮੰਤਵ ਵੀ ਤਹਿ ਕਰ ਲਿਆ ਸੀ : 'ਇਸ ਦੀਆਂ ਮੀਟਿੰਗਾਂ, ਬੈਠਕਾਂ ਦੀ ਕਿਤੇ ਖਬਰ ਨਹੀਂ ਛਾਪੀ ਜਾਵੇਗੀ, ਨਾ ਪਹਿਲਾਂ ਨਾ ਬਾਅਦ 'ਚ। ਇਸ ਦੀਆਂ ਮੀਟਿੰਗਾਂ 'ਚ ਕੇਵਲ ਉਹੀ ਭਾਗ ਲੈ ਸਕੇਗਾ, ਜਿਹੜਾ ਤਿਆਰੀ ਕਰਕੇ ਆਇਆ ਹੋਵੇ ਤੇ ਬਹਿਸ 'ਚ ਸ਼ਾਮਲ ਹੋਵੇਗਾ। ਇਹ ਆਪਣੇ ਆਪ ਨੂੰ ਸਪੱਸ਼ਟ ਕਰਨ ਦਾ ਮੰਚ ਹੈ, ਭਖਦੇ ਸੁਆਲਾਂ ਬਾਰੇ ਆਪਣੀ ਸਮਝ ਬਣਾਉਣ ਲਈ ਚਰਚਾ ਦਾ ਕੇਂਦਰ। ਮੁੱਦਿਆਂ, ਮਸਲਿਆਂ, ਚਿੰਤਨ ਬਾਰੇ ਹਰ ਮੀਟਿੰਗ 'ਚ ਬਹਿਸ ਦੀ ਸ਼ੁਰੂਆਤ ਨਵਾਂ ਜਣਾ ਕਰੇਗਾ ਤੇ ਹਰ ਇੱਕ ਨੂੰ ਇਸ ਵਿੱਚ ਸਰਗਰਮ ਹਿੱਸਾ ਲੈਣਾ ਪਵੇਗਾ।'

ਬਹਿਸ ਦੀ ਸ਼ੁਰੂਆਤ ਕਰਨ ਦਾ ਸਮਾਂ ਤਾਂ ਸੀ, ਪਰ ਇਹ ਮੁਕਣੀ ਕਦੋਂ ਹੈ, ਇਹ ਕੋਈ ਹੱਦ ਨਹੀਂ ਸੀ। ਦੋ ਘੰਟੇ, ਤਿੰਨ ਘੰਟੇ, ਚਾਰ ਘੰਟੇ... ਜਿੰਨਾ ਚਿਰ ਵੀ ਮੁੱਦੇ-ਮਸਲੇ ਜਾਂ ਕਿਤਾਬ ਬਾਰੇ ਗੱਲ ਹੋ ਸਕਦੀ ਹੋਵੇ! ਕੋਈ ਵੀ ਆਪਣੀ ਗੱਲ ਦੋ ਵਾਰ, ਤਿੰਨ ਵਾਰ, ਚਾਰ ਵਾਰ...ਜਾਂ ਜਿੰਨੀ ਵਾਰ ਚਾਹੇ, ਕਰ ਸਕਦਾ ਸੀ। ਚਾਰ ਸਾਲ ਪਹਿਲਾਂ ਸ਼ੁਰੂ ਹੋਏ ਇਸ ਮੰਚ ਦੀ ਪਹਿਲੀ ਮੀਟਿੰਗ 'ਚ ਉਹ ਛੇ ਜਣੇ ਹੀ ਜੁੜੇ ਸਨ। ਉਹ ਸੀ, ਰਮਿੰਦਰ ਸੀ, ਹਰਪਾਲ, ਮੋਨਿਕਾ, ਹਰਦੀਪ ਤੇ ਉਸ ਦੀ ਸਹੇਲੀ ਅੰਕਿਤਾ। ਹਰਦੀਪ ਤੇ ਅੰਕਿਤਾ 'ਚ, ਉਹਨਾਂ ਦਿਨਾਂ 'ਚ ਨਵਾਂ-ਨਵਾਂ ਇਸ਼ਕ ਸ਼ੁਰੂ ਹੋਇਆ ਸੀ। ਦੋਵੇਂ ਵੱਧ ਤੋਂ ਵੱਧ ਸਮਾਂ ਇਕੱਠਿਆਂ ਗੁਜ਼ਾਰਨ ਦੇ ਬਹਾਨੇ ਢੂੰਡਦੇ ਰਹਿੰਦੇ। ਕਦੀ ਪੜ੍ਹੀਆਂ ਨਵੀਆਂ ਕਿਤਾਬਾਂ 'ਤੇ ਗੱਲਾਂ ਕਰਨ ਦੇ ਬਹਾਨੇ, ਕਦੀ ਗੋਸ਼ਟੀਆਂ-ਸੈਮੀਨਾਰਾਂ ਦੇ ਬਹਾਨੇ ਤੇ ਕਦੀ ਕਿਸੇ ਨਾਟਕ ਨੂੰ ਦੇਖਣ ਦਾ ਬਹਾਨਾ। ਉਸ ਨੂੰ ਉਦੋਂ ਬ੍ਰਹਮਾਨੰਦ ਕਾਲਜ ਦੀ ਐਡਹਾਕ ਲੈਕਚਰਾਰਸ਼ਿਪ ਤੋਂ ਜੁਆਬ ਮਿਲਿਆ ਹੋਇਆ ਸੀ ਤੇ ਕਿਸੇ ਹੋਰ ਕਾਲਜ 'ਚ, ਕਿਸੇ ਖਾਲੀ ਪੋਸਟ 'ਤੇ ਐਡਜਸਟ ਹੋਣ ਦੀ ਭਟਕਣ 'ਚ ਭਟਕ ਰਿਹਾ ਸੀ। ਸ਼ਾਮ ਨੂੰ ਸਮਾਂ ਬਿਤਾਉਣ ਲਈ ਉਹ ਵੀ 'ਭਕਨਾ ਭਵਨ' ਜਾ ਵੜਦਾ। ਉਸ ਦੇ ਘਾਹ ਭਰੇ ਲਾਅਨ 'ਚ ਅਕਸਰ ਹੀ ਦੋ ਚਾਰ ਜਣੇ ਹੋਰ ਵੀ ਬੈਠੇ ਹੁੰਦੇ। ਗੱਲਾਂ ਚੱਲਦੀਆਂ ਰਹਿੰਦੀਆਂ, ਖਬਰਾਂ-ਰਾਜਨੀਤੀ ਵਿਚਾਰੀ ਜਾਂਦੀ। ਸ਼ਾਮ ਡੂੰਘੀ ਹੋਣ ਲੱਗਦੀ ਤਾਂ ਪੀਣ ਦਾ ਪ੍ਰੋਗਰਾਮ ਬਣਨ ਲੱਗਦਾ। ਸਾਰੇ ਜਣੇ ਹਿੱਸਾ-ਪੱਤੀ ਪਾ ਕੇ ਕੈਪਟਨ ਦੇ ਅਹਾਤੇ 'ਚ ਜਾ ਵੜਦੇ। ਨਾਲ ਖਾਣ ਲਈ ਚਨਾ-ਮਸਾਲਾ, ਪਾਪੜ ਜਾਂ ਵੱਧ ਤੋਂ ਵੱਧ ਹਰਾ ਸਲਾਦ। ਇਹ ਕਦੀ-ਕਦੀ ਹੀ ਹੁੰਦਾ ਕਿ ਚਿਕਨ ਜਾਂ ਮੱਛੀ ਆਉਂਦੀ; ਬਸ ਉਦੋਂ ਹੀ, ਜਦੋਂ ਕੋਈ ਜਣਾ ਪਾਰਟੀ ਕਰਨ ਦੇ ਮੂਡ 'ਚ ਹੁੰਦਾ। ਨਹੀਂ ਤਾਂ ਦੋ ਢਾਈ ਘੰਟਿਆਂ 'ਚ ਤਿੰਨ-ਤਿੰਨ, ਚਾਰ-ਚਾਰ ਪੈੱਗ ਪੀਂਦੇ, ਉਹਨਾਂ ਤੋਂ ਬਹੁਤੀਆਂ ਗੱਲਾਂ ਹੁੰਦੀਆਂ ਤੇ ਆਪਣੇ-ਆਪਣੇ ਟਿਕਾਣਿਆਂ ਵੱਲ ਹੋ ਤੁਰਦੇ। ਇਹਨਾਂ ਮਿਲਣੀਆਂ, ਦਾਰੂ ਮਹਿਫਲਾਂ 'ਚੋਂ ਨਿਕਲਿਆ ਸੀ 'ਸੰਵਾਦ', ਜਿਸ ਦੇ ਹੁਣ ਗਿਆਰਾਂ ਮੈਂਬਰਾਂ ਤੱਕ ਪੁੱਜ ਗਏ ਸਨ। ਕਦੀ-ਕਦੀ ਬਾਹਰੋਂ ਕਿਸੇ ਮਾਹਰ ਨੂੰ ਵੀ ਸੱਦ ਲੈਂਦੇ ਸਨ ਸ਼ੁਰੂਆਤ ਕਰਨ ਲਈ...

"ਕਿੰਨੇ ਪੈਸੇ?" ਕੁਰਸੀ ਤੋਂ ਉੱਠਦੀ ਕੁੜੀ ਪਰਸ ਸੰਭਾਲਦਿਆਂ ਪੁੱਛ ਰਹੀ ਸੀ।

"ਤੀਹ ਰੁਪਏ", ਭਈਆ ਆਪਣੇ ਸੰਦ ਟੂਲ-ਬਾਕਸ 'ਚ ਸਾਂਭ ਕੇ, ਮੈਲੇ ਜਿਹੇ ਕੱਪੜੇ ਨਾਲ ਸਕੂਟਰੀ ਦੀ ਧੂੜ ਝਾੜਨ ਲੱਗਾ। ਉਸ ਨੇ ਚੋਰ ਅੱਖ ਨਾਲ ਕੁੜੀ ਵੱਲ ਤੱਕਿਆ, ਉਸ ਨੂੰ ਹੁਣ ਉਹ ਭੱਦੀ ਜਿਹੀ ਲੱਗੀ। ਉਸ ਦੇ ਬਾਕੀ ਸਰੀਰ ਦੇ ਮੁਕਾਬਲੇ ਉਸਦੀਆਂ ਛਾਤੀਆਂ ਕੁਝ ਵਧੇਰੇ ਹੀ ਉਭਰੀਆਂ ਹੋਈਆਂ ਸਨ। ਸਾਫ ਦਿਸ ਰਿਹਾ ਸੀ ਕਿ ਉਸ ਨੇ ਓਵਰਸਾਈਜ਼ ਬਰਾਅ ਪਹਿਨੀ ਹੋਈ ਹੈ। ਮੇਕਅੱਪ ਦੀਆਂ ਤਹਿਆਂ ਵੀ ਕੁਝ ਵਧੇਰੇ ਹੀ ਗੂੜ੍ਹੀਆਂ ਲੱਗੀਆਂ, ਜਿਵੇਂ ਕਿਸੇ ਪਾਰਟੀ 'ਚ ਜਾ ਰਹੀ ਹੋਵੇ!

ਕੁੜੀ ਤੋਂ ਪੈਸੇ ਫੜ ਕੇ ਭਈਏ ਨੇ ਅੰਦਰ ਗੱਲੇ 'ਚ ਸੁੱਟੇ ਤੇ ਉਸਦੀ ਐਕਟਿਵਾ ਵੱਲ ਹੋਇਆ। ਉਸ ਨੂੰ ਕੁਝ ਰਾਹਤ ਮਹਿਸੂਸ ਹੋਈ। 'ਹੁਣ ਦਸਾਂ-ਪੰਦਰਾਂ ਮਿੰਟਾਂ 'ਚ ਤੁਰਨ ਵਾਲਾ ਬਣਾਂਗਾ,' ਮਨ ਹੀ ਮਨ ਧਰਵਾਸ ਜਿਹਾ ਆ ਗਿਆ। ਉਧਰੋਂ ਹਟ ਫਿਰ ਉਹ ਕੁੜੀ ਵੱਲ ਦੇਖਣ ਲੱਗਾ, ਜਿਹੜੀ ਧੁੰਦ 'ਚ ਅਲੋਪ



ਹੁੰਦੀ ਜਾਂਦੀ ਸੀ। ਜਦੋਂ ਉਹ ਦਿਸਹੱਦਿਆਂ 'ਤੇ ਜਾ ਕੇ ਓਹਲੇ ਗਈ ਤਾਂ ਚੁਗਿਰਦੇ ਦੇ ਧੁੰਦਲਕੇ ਨੂੰ ਤਕਦਾ ਉਹ ਅਤੀਤ ਦੀਆਂ ਯਾਦਾਂ 'ਚ ਗੁਆਚਣ ਲੱਗਾ। ਸੰਵਾਦ ਤੋਂ ਤੁਰਦੀਆਂ ਸੋਚਾਂ ਮੋਨਿਕਾ ਦੁਆਲੇ ਉਣ ਹੋਣ ਲੱਗੀਆਂ। ਉਹ ਵੀ ਤਾਂ ਹੁਣ ਅਤੀਤ ਹੀ ਹੋ ਗਈ ਸੀ...

ਉਂਜ ਮੋਨਿਕਾ ਵੀ ਉਸ ਨੂੰ ਸੰਵਾਦ ਦੀਆਂ ਬੈਠਕਾਂ ਰਾਹੀਂ ਹੀ ਮਿਲੀ ਸੀ। ਸੋਹਣੀ, ਗੋਲ-ਮਟੋਲ, ਤਿੱਖੀਆਂ ਨਾਰੀਵਾਦੀ ਗੱਲਾਂ ਕਰਨ ਵਾਲੀ, ਇੱਕ ਫਾਈਨਾਂਸ ਕੰਪਨੀ 'ਚ ਆਈ ਟੀ ਮਾਹਰ ਸੀ। ਸੰਵਾਦ ਦੀਆਂ ਬੈਠਕਾਂ 'ਚ ਹੀ ਉਹ ਇੱਕ ਦੂਸਰੇ ਦੇ ਨੇੜੇ ਆਏ ਸਨ। ਜਾਣ-ਪਛਾਣ, ਦੋਸਤੀ ਤੇ ਫਿਰ ਸਰੀਰਕ ਸੰਬੰਧਾਂ ਵਾਲਾ ਪੜਾਅ ਵੀ ਪਾਰ ਕਰ ਲਿਆ। ਵਿਆਹੀ-ਵਰੀ, ਇੱਕ ਪੰਜ ਕੁ ਸਾਲਾ ਬੱਚੀ ਦੀ ਮਾਂ, ਮੋਨਿਕਾ, ਜਦੋਂ ਇਕੱਲ 'ਚ ਮਿਲਦੀ ਤਾਂ ਇੰਜ ਪਰਤ-ਦਰ-ਪਰਤ ਖੁੱਲਦੀ ਜਾਂਦੀ ਕਿ ਉਸ ਲਈ ਸਮਾਜ, ਮਰਿਆਦਾ ਦੇ ਕੋਈ ਅਰਥ ਨਾ ਰਹਿ ਜਾਂਦੇ, "ਪ੍ਰਸ਼ਾਂਤ, ਆਈ ਲਵ ਯੂ...ਲਵ ਯੂ ਵੈਰੀ ਮੱਚ..ਮੇਰੀ ਜ਼ਿੰਦਗੀ ਹੈਂ ਤੂੰ...।"

ਉਸ ਦੇ ਘਰਵਾਲਾ ਇੱਕ ਮੈਡੀਕਲ ਕੰਪਨੀ 'ਚ ਮਾਰਕੀਟਿੰਗ ਏਜੰਟ ਸੀ। ਉਹ ਬਾਹਰ ਹੁੰਦਾ ਤਾਂ ਮੋਨਿਕਾ ਉਸ ਦੀਆਂ ਬਾਹਾਂ 'ਚ ਆਣ ਡਿਗਦੀ। ਦੋ-ਢਾਈ ਸਾਲ ਉਹਨਾਂ ਦੀ ਇਹ ਸਰੀਰਕ ਖੁੱਲ੍ਹ-ਖੇਡ ਖੂਬ ਮੱਘਦੀ ਰਹੀ। ਇਸ 'ਚ ਪਹਿਲੀ ਤ੍ਰੇੜ ਦੋ ਕੁ ਮਹੀਨੇ ਪਹਿਲਾਂ ਆਈ ਸੀ। ਇਸ ਨੇ ਇੱਕ ਤਰ੍ਹਾਂ ਉਸ ਨੂੰ ਇਸ ਰਿਸ਼ਤੇ ਦੇ ਸੱਚ ਦਾ ਪ੍ਰਤੀਬਿੰਬ ਦਿਖਾ ਦਿੱਤਾ ਸੀ...

... ਉਸ ਦਿਨ ਉਹ ਬੁਰੀ ਤਰ੍ਹਾਂ ਬਿਮਾਰ ਸੀ, ਇੱਕ ਸੌ ਚਾਰ ਤੱਕ ਪਹੁੰਚਿਆ ਹੋਇਆ ਬੁਖਾਰ, ਇਕੱਲਤਾ। ਨਾਲ ਦੀ ਨਾਲ ਜਿਵੇਂ ਡਿਪਰੈਸ਼ਨ ਦਾ ਸ਼ਿਕਾਰ ਵੀ ਹੋ ਗਿਆ ਸੀ। ਅਜਿਹੀ ਹਾਲਤ ਤੋਂ ਘਬਰਾ ਕੇ ਉਸ ਨੇ ਮੋਨਿਕਾ ਨੂੰ ਫੋਨ ਕੀਤਾ। ਉਸ ਦੀ ਪ੍ਰੇਸ਼ਾਨੀ ਸੁਣ ਕੇ ਉਸ ਨੇ ਪੁੱਛਿਆ, "ਦਵਾਈ ਲਈ?"

"ਹਾਂ, ਦਵਾਈ ਤਾਂ ਲੈ ਲਈ ਹੈ। ਰਾਮਿੰਦਰ ਨੂੰ ਪਤਾ ਲੱਗਾ ਤਾਂ ਉਹ ਲੈ ਗਿਆ ਸੀ ਡਾਕਟਰ ਕੋਲ...ਉਹ ਤਾਂ ਰਾਤ ਆਪਣੇ ਘਰ ਹੀ ਲੈ ਜਾਣਾ ਚਾਹੁੰਦਾ ਸੀ, ਪਰ ਮੇਰਾ ਮਨ ਨਾ ਮੰਨਿਆ...ਇੱਥੇ ਵੀ ਘੰਟਾ, ਡੇਢ ਘੰਟਾ ਬੈਠਾ ਰਿਹਾ। ਪੰਜ ਕੁ ਵਜੇ ਉਸ ਨੂੰ ਜ਼ੋਰ ਦੇ ਕੇ ਵਾਪਸ ਭੇਜਿਆ..." ਉਸ ਨੇ ਉਸ ਨੂੰ ਦੱਸਿਆ ਤੇ ਫਿਰ ਕੁਝ ਰੁਕ ਕੇ ਜਿਵੇਂ ਉਸ ਨੂੰ ਅਰਜ਼ ਗੁਜ਼ਾਰੀ, "ਤੂੰ ਆ ਨੀ ਸਕਦੀ! ਇਕੱਲਤਾ ਮੈਨੂੰ ਬੁਰੀ ਤਰ੍ਹਾਂ ਤੋੜ ਰਹੀ ਹੈ!"

"ਮੈਂ ਕਿਵੇਂ ਆ ਸਕਦੀ ਹਾਂ, ਪ੍ਰਸ਼ਾਂਤ...ਰਵੀ ਘਰ ਹੀ ਹੈ।"

"ਅਜੇ ਤਾਂ ਸਾਢੇ ਸੱਤ ਹੀ ਹੋਏ ਐ, ਕਿਸੇ ਬਹਾਨੇ ਨਿਕਲ ਆ...ਮੇਰਾ ਮਨ ਬੜਾ ਹਰਾਸਿਆ ਪਿਆ ਹੈ! ਇੰਜ ਲੱਗਦਾ ਹੈ, ਜਿਵੇਂ ਆ ਰਹੀ ਰਾਤ ਮੇਰੇ 'ਤੇ ਪਹਾੜ ਵਾਂਗ ਡਿੱਗ ਪਵੇਗੀ!"

"ਪਾਗਲ ਨੀ ਬਣੀਦਾ...ਮੈਂ ਕੱਲ੍ਹ ਦਫਤਰ ਜਾਣ ਤੋਂ ਪਹਿਲਾਂ ਹੁੰਦੀ ਜਾਵਾਂਗੀ।" ਉਸ ਨੇ ਫੋਨ ਕੱਟ ਦਿੱਤਾ ਸੀ। ਇਹ ਕੱਟ, ਜਿਵੇਂ ਉਹਨਾਂ ਦੇ ਰਿਸ਼ਤੇ ਨੂੰ ਵੀ ਕੱਟ ਕਰ ਗਿਆ ਸੀ, ਉਸ ਦੇ ਅੰਦਰੋਂ ਉਹ ਕਿਤੇ ਤੜੱਕ ਕਰਕੇ ਤਿੜਕ ਗਿਆ ਸੀ। ਰਾਤ ਤਾਂ ਲੰਘ ਗਈ, ਲੰਘ ਹੀ ਜਾਣੀ ਸੀ, ਪਰ ਉਸ ਦਾ ਮਨ ਉਸ ਨੂੰ ਮਿਲਣ ਤੋਂ ਕਤਰਾਉਣ ਲੱਗਾ, 'ਕੀ ਮੈਂ ਇਸ ਲਈ ਸਿਰਫ ਟਾਈਮ-ਪਾਸ ਹਾਂ! ਵਿਹਲੇ ਪਲਾਂ ਨੂੰ ਅੱਯਾਸ਼ੀ ਨਾਲ ਬਿਤਾਉਣ ਦਾ ਜਰੀਆ। ਉਂਜ ਉਸ ਦਾ ਇੱਕ 'ਘਰ' ਹੈ...ਤੇ ਉਸ 'ਘਰ' 'ਤੇ ਉਹ ਆਂਚ ਵੀ ਨਹੀਂ ਆਉਣ ਦੇਣਾ ਚਾਹੁੰਦੀ! ਮਨਮਰਜ਼ੀ ਦੀ ਖੁੱਲ ਵੀ ਮਾਨਣੀ ਚਾਹੁੰਦੀ ਹੈ, ਪਰ ਉਸ ਨੂੰ ਸਾਬਤ-ਸਬੂਤਾ ਰੱਖ ਕੇ...ਇਸ 'ਚ ਮੇਰੀ ਹੋਂਦ ਕਿੱਥੇ ਹੈ? ਕਿੱਥੇ ਹਾਂ ਮੈਂ ਉਸ ਦੀ ਜ਼ਿੰਦਗੀ 'ਚ! ਉਸ ਨੂੰ ਜਦੋਂ ਵਿਹਲ ਹੋਵੇ, ਜਦੋਂ ਸਮਾਂ ਕੱਢ ਸਕਦੀ ਹੋਵੇ, ਮੈਂ ਹਾਜ਼ਰ ਹੋਵਾਂ...ਪਰ ਜਦੋਂ ਮੈਨੂੰ ਲੋੜ ਹੋਵੇ...?...' ਇਹਨਾਂ ਸੁਆਲਾਂ ਨੂੰ ਚਿੰਤਨ ਤੇ ਜੀਵਨ-ਜਾਚ ਨਾਲ ਜੋੜ ਕੇ ਵਿਚਾਰਦਿਆਂ ਉਸ ਨੂੰ ਲੱਗਿਆ, ਉਹ ਤਾਂ ਇਸੇ ਜੀਵਨ-ਜਾਚ ਦਾ ਫਿੱਟ ਪੁਰਜ਼ਾ ਹੈ, ਸਗੋਂ ਘ੍ਰਿਣਤ ਰੂਪ 'ਚ ਫਿੱਟ ਪੁਰਜ਼ਾ! ਇਸ ਜੀਵਨ-ਜਾਚ ਨੂੰ ਬਕਵਾਸ ਦੱਸਦੀ ਹੈ, ਪਰ...ਇਹ ਉਸ ਦਾ ਘਰ ਦੇ ਖਿਲਾਫ ਵਿਦਰੋਹ ਨਹੀਂ, ਵਿਦਰੋਹ ਦਾ ਸਵਾਂਗ ਹੈ...ਤੇ

ਸਵਾਂਗ ਹਮੇਸ਼ਾ ਹੀ ਯਥਾਰਥ ਨੂੰ ਕਲਪਣਾ ਦੀ ਚਾਸ਼ਣੀ ’ਚ ਇੰਜ ਪੇਸ਼ ਕਰਦਾ, ਕਿ ਉਸ ’ਚੋ ਚੋਭ ਮਰ ਜਾਂਦੀ ਹੈ।

ਇਸ ਰਿਸ਼ਤੇ ਦਾ ਆਖਰੀ ਕੀਰਤਨ ਸੋਹਲਾ ਵੀ ਉਸ ਨੇ ਬੀਤੇ ਦਿਨ ਪੜ੍ਹ ਦਿੱਤਾ ਸੀ। ਉਹ ਡਿਨਰ ਵਾਸਤੇ ਅਗਰਵਾਲ ਢਾਬੇ ਨੂੰ ਨਿਕਲਣ ਲੱਗਾ ਸੀ। ਅਚੇਤ ਮਨ ’ਚ ਸੀ, ਉੱਥੇ ਕੁਝ ਪਲ ਰੌਣਕ ’ਚ ਬਹਿ ਕੇ ਆਪਣੇ ਜੀਊਂਦੇ ਹੋਣ ਦੇ ਅਹਿਸਾਸ ਨੂੰ ਤਾਜ਼ਾ ਕਰਨਾ। ਉੱਥੇ ਬਹੁਤੇ ਪਰਵਾਰਾਂ ਦੇ ਪਰਵਾਰ ਖਾਣੇ ਲਈ ਆਏ ਹੁੰਦੇ। ਬਣੀਆਂ-ਸੰਵਰੀਆਂ ਔਰਤਾਂ, ਸੱਜੇ-ਸੰਵਰੇ ਮਰਦ, ਬੱਚੇ। ਉਹ ਵੀ ਖਾਣ ਲਈ ਘੱਟ, ਤਫਰੀਹ ਦਾ ਸਮਾਂ ਬਿਤਾਉਣ ਲਈ ਵੱਧ ਆਏ ਹੁੰਦੇ। ਉੱਥੇ ਬੈਠਿਆਂ ਉਸ ਨੂੰ ਲਗਦਾ, ਜਿਵੇਂ ਉਹ ਵੀ ਉਹਨਾਂ ਦਾ ਹਿੱਸਾ ਹੋਵੇ ਜਾਂ ਉਹ ਉਸ ਦੇ। ਕੁਝ ਪਲ, ਕੁਝ ਛਿਣ...ਉਸ ਦੀ ਕਲਪਨਾ ਦੀ ਉਡਾਣ ਨੂੰ ਕਈ ਨਵੇਂ ਖੰਭ ਉਗਮਣ ਲੱਗਦੇ। ਉਹ ਗੇਟ ਤੋਂ ਬਾਹਰ ਨਿਕਲਿਆ ਹੀ ਸੀ ਕਿ ਮੋਨਿਕਾ ਦਾ ਫੋਨ ਆ ਗਿਆ, “ਪ੍ਰਸ਼ਾਂਤ ਕਿੱਥੇ ਹੈਂ?”

“ਮੈਂ ਤਾਂ ਬਾਹਰ ਹਾਂ ਦੋਸਤਾਂ ਨਾਲ...” ਉਸ ਨੇ ਜਾਣ-ਬੁੱਝ ਕੇ ਝੂਠ ਬੋਲਿਆ, ਹਾਲਾਂਕਿ ਇੱਕ ਪਲ ਉਸ ਦਾ ਜੀਅ ਕੀਤਾ ਸੀ, ਉਸ ਨੂੰ ਕਹੇ, ‘ਜੇ ਅਜੇ ਡਿਨਰ ਨਹੀਂ ਕੀਤਾ ਤਾਂ ਅਗਰਵਾਲਾਂ ਦੇ ਆ ਜਾ...ਉਹਨਾਂ ਦੀ ਮਾਂਹ ਦੀ ਦਾਲ ਬੜੀ ਸਵਾਦ ਹੁੰਦੀ ਹੈ!’ ਪਰ ਉਸ ਨੇ ਕਿਹਾ ਨਾ।

“ਰਵੀ ਅੱਜ ਧਰਮਸ਼ਾਲਾ ਗਿਆ ਹੋਇਆ, ਉੱਥੇ ਉਸ ਦੀ ਕੰਪਨੀ ਦੀ ਕੋਈ ਮੀਟਿੰਗ ਹੈ...ਮੈਂ ਤਾਂ ਸੋਚਦੀ ਸੀ ਤੇਰੇ ਕੋਲ ਆ ਜਾਂਦੀ।” ਉਸ ਦੀ ਆਵਾਜ਼ ’ਚ ਕਾਮੁਕਤਾ ਦੀ ਚਾਸ਼ਨੀ ਵੀ ਘੁੱਲ੍ਹੀ ਹੋਈ ਸੀ।

“ਨਹੀਂ, ਅੱਜ ਨਹੀਂ ਮਿਲ ਹੋਣਾ।”

“ਦੋਸਤਾਂ ਨੂੰ ਟਾਲ ਦੇ, ਯਾਰ...” ਉਸ ਨੇ ਇਸਰਾਰ ਕੀਤਾ ਤਾਂ ਉਸ ਨੂੰ ਚਿੜ ਚੜ੍ਹ ਗਈ, “ਤੂੰ ਆਪਣੇ ਘਰਵਾਲੇ ਨੂੰ ਟਾਲ ਸਕਦੀ ਹੈਂ!” ਤੇ ਉਸੇ ਚਿੜ ’ਚੋਂ ਅਗਾਂਹ ਕਿਹਾ, “ਮੈਂ ਫਾਲਤੂ ਨਹੀਂ ਹਾਂ...ਨਾ ਉਹ ਵੰਝਲੀ ਕਿ ਜਦੋਂ ਜੀਅ ਕੀਤਾ, ਫੂਕ ਮਾਰਕੇ ਮਨਮਰਜ਼ੀ ਦੀਆਂ ਸੁਰਾਂ ਕੱਢ ਲਈਆਂ, ਤੇ ਜਦੋਂ ਜੀਅ ਕੀਤਾ, ਕਿਸੇ ਕੋਨੇ-ਖੂੰਜੇ ਸੁੱਟ ਛੱਡੀ!” ਨਾਲ ਹੀ ਫੋਨ ਕੱਟ ਦਿੱਤਾ ਸੀ...

“ਕਿੱਲ ਆਰ-ਪਾਰ ਹੋ ਗਿਆ ਹੋਇਆ...ਇੱਥੋਂ ਤੱਕ ਰੇਹੜ ਕੇ ਲਿਆਉਣ ਨਾਲ ਉਸ ਨੇ ਟਿਊਬ ਹੋਰ ਦੋ ਥਾਵਾਂ ਤੋਂ ਵੀ ਟੁੱਕ ਦਿੱਤੀ ਐ...ਇੱਕ ਪੈਂਚਰ ਪਹਿਲਾਂ ਦਾ...ਨਵੀਂ ਹੀ ਪੁਆ ਲਓ ਨਹੀਂ ਤਾਂ!” ਭਈਆ ਟਾਇਰ ਖੋਲ੍ਹ ਕੇ ਚੁੱਭੇ ਕਿੱਲ ਨੂੰ ਕੱਢ, ਟਿਊਬ ’ਤੇ ਨਜ਼ਰ ਮਾਰਦਾ ਪੁੱਛ ਰਿਹਾ ਸੀ, “ਇਹ ਤਾਂ ਰੱਦੀ ਹੀ ਹੋ ਗਈ ਐ ਇੱਕ ਤਰ੍ਹਾਂ।”

“ਨਵੀਂ ਹੈ?”

“ਹਾਂ।”

“ਪਾ ਦੇ ਫਿਰ...ਪਰ ਰਤਾ ਛੇਤੀ।”

“ਬਸ ਪੰਜ ਮਿੰਟ ’ਚ ਜੀ।” ਉਹ ਟਿਊਬ ਦੀ ਜਾਂਚ-ਪੜਤਾਲ ਛੱਡ ਉੱਠਿਆ। ਅੰਦਰੋਂ ਖੋਖੇ ’ਚੋਂ ਨਵੀਂ ਟਿਊਬ ਲਿਆ ਕੇ ਉਸਨੂੰ ਵਿਖਾਈ, “ਇਹ ਪਾ ਦਿਆਂ...ਉਸੇ ਰੇਟ ’ਚ ਪਾ ਦਿਆਂਗਾ, ਜਿਸ ਰੇਟ ’ਚ ਹੋਲ-ਸੇਲ ’ਚ ਮਿਲਦੀ ਐ।”

‘ ਪਾ ਦੇ!’ ਉਸ ਨੂੰ ਕਹਿ ਕੇ ਉਹ ਮੁੜ ਸੋਚਾਂ ਦੇ ਧੁੰਦਲਕੇ ’ਚ ਗੁਆਚਣ ਲੱਗਾ। ਇਸ ਵੇਲੇ ਤੱਕ ਭਲਾ ਕੌਣ-ਕੌਣ ਆ ਚੁੱਕਿਆ ਹੋਵੇਗਾ? ਉਸ ਕੀ ਗੱਲਾਂ ਕਰ ਰਹੇ ਹੋਣਗੇ?

ਉਸ ਕੋਲੋਂ ਦੀ ਵੱਖ-ਵੱਖ ਦਿਸ਼ਾਵਾਂ ਤੋਂ ਆਉਂਦੇ ਵਾਹਨ, ਵੱਖ-ਵੱਖ ਦਿਸ਼ਾਵਾਂ ਨੂੰ ਲੰਘੀ ਜਾ ਰਹੇ ਸਨ। ਕਿਤੇ ਇੱਕ ਮਿੰਟ ਦਾ ਵੀ ਵਕਫਾ ਨਹੀਂ ਸੀ ਪੈ ਰਿਹਾ, ਇਸ ਦੇ ਬਾਵਜੂਦ ਕਿ ਅੱਜ ਐਤਵਾਰ ਸੀ, ਛੁੱਟੀ ਵਾਲਾ ਦਿਨ। ਬਾਕੀ ਦਿਨਾਂ ’ਚ ਤਾਂ ਹਾਰਨ, ਇੰਜਣਾਂ ਦੀ ਘੂੰ-ਘੂੰ ਸਾਹ ਹੀ ਨਹੀਂ ਲੈਣ ਦਿੰਦੀ। ਸੜਕਾਂ ’ਤੇ ਇੰਨਾ ਰਸ਼ ਪੈਣ ਲੱਗ ਪਿਆ ਹੈ ਕਿ ਅਕਸਰ ਜਾਮ ਲੱਗਣ ਲੱਗੇ ਹਨ। ਇਸ ਹਿਸਾਬ ਆਉਣ



ਵਾਲੇ ਦਸਾਂ ਪੰਦਰਾਂ ਸਾਲਾਂ ’ਚ ਕੀ ਬਣੇਗਾ? ਕਦੀ-ਕਦੀ ਤਾਂ ਸੋਚ ਕੇ ਡਰ ਹੀ ਲੱਗਣ ਲੱਗ ਪੈਂਦਾ। ਸੜਕਾਂ ਤਾਂ ਕੀ, ਹੁਣ ਤਾਂ ਕਾਲੋਨੀਆਂ, ਮੁਹੱਲਿਆਂ ’ਚੋਂ ਲੰਘਣ ਜੋਗੇ ਰਾਹ ਮੁਕਦੇ ਜਾ ਰਹੇ ਹਨ। ਮੱਧ ਵਰਗੀ ਤੇ ਪੌਸ਼ ਕਾਲੋਨੀਆਂ ’ਚ ਘਰ ਘਰ ਸਾਹਮਣੇ ਦੋ-ਦੋ, ਤਿੰਨ-ਤਿੰਨ ਕਾਰਾਂ ਖੜੀਆਂ ਹੁੰਦੀਆਂ। ਸਕੂਟਰ, ਮੋਟਰਸਾਈਕਲ ਵੱਖਰੇ। ਘਰ ’ਚ ਜਿੰਨੇ ਜੀਅ ਹੁੰਦੇ ਐ, ਲੱਗਭੱਗ ਉਨੇ ਹੀ ਵਾਹਨ। ਉੱਪਰੋਂ ਸਿਤਮ ਇਹ ਕਿ ਸੱਤਾ ਇਸ ਸਭ ਕੁਝ ਨੂੰ ਜੀ ਡੀ ਪੀ ਨਾਲ ਜੋੜ ਕੇ ਦੇਖ ਰਹੀ ਹੈ। ਵਿਕਾਸ, ਹੋਰ ਵਿਕਾਸ....ਉਹ ਵੀ ਜਿਹੜੇ ਖਾਂਡਵ-ਦਾਹ ’ਚ ਤਬਾਹ ਕੀਤੇ ਗਏ ਜੰਗਲਾਂ, ਜੀਵ-ਜੰਤੂਆਂ ਤੇ ਸਾੜੇ ਗਏ ਨਾਗ ਲੋਕਾਂ ਦੇ ਦਰਦ ’ਤੇ ਹੰਝੂ ਵਹਾਉਂਦੇ ਹਨ, ਅਮਲ ’ਚ ਸਮਾਜਕ ਵਿਕਾਸ ਦੇ ਉਸੇ ਮਾਡਲ ਦੀ ਪੈਰਵਾਈ ਕਰ ਰਹੇ ਹਨ, ਜਿਹੜਾ ਉਸ ਵੇਲੇ ਜੰਗਲਾਂ ਨੂੰ ਤਬਾਹ ਕਰਕੇ ਅਪਣਾਇਆ ਗਿਆ ਸੀ। ਖੇਤ ਨਿਤ ਦਿਨ ਕਾਲੋਨੀਆਂ, ਮਾਰਕੀਟਾਂ, ਮਾਲਜ਼, ਪੈਲੇਸਾਂ, ਉਦਯੋਗਾਂ ’ਚ ਬਦਲ ਰਹੇ ਹਨ, ਕੁਦਰਤੀ ਨਦੀਆਂ-ਨਾਲੇ ਸੀਵਰੇਜ਼ ਢੋਣ ਦੇ ਵਾਹਨਾਂ ’ਚ। ਜੰਗਲਾਂ, ਪਹਾੜਾਂ ਨੂੰ ਬਹੁਕੌਮੀ ਕਾਰਪੋਰੇਸ਼ਨਾਂ ਖਾਈ ਜਾ ਰਹੀਆਂ ਹਨ। ਉਦੋਂ ਵੀ ਕਬਾਇਲੀ, ਆਦਿਵਾਸੀ ਇਸ ਵਿਕਾਸ ਨਾਲ ਉੱਜੜੇ ਸਨ; ਹੁਣ ਵੀ ਕਿਸਾਨ, ਕਬਾਇਲੀ ਹੀ ਉਜੜ ਰਹੇ ਹਨ। ਸੱਤਾ ’ਤੇ ਕਾਬਜ਼ ਧਿਰ ਉਦੋਂ ਵੀ ਫਲੀ-ਫੁਲੀ ਸੀ ਤੇ ਹੁਣ ਵੀ ਫਲ-ਫੁਲ ਰਹੀ ਹੈ... ਜੇ ਉਸ ਦੇ ਮਨ ’ਚ ਚਿੰਤਨ ਦੇ, ਅਜਿਹੇ ਸੁਲਗਦੇ ਸੁਆਲਾਂ ਦਾ ਕੀੜਾ ਨਾ ਹੁੰਦਾ ਤਾਂ ਮੋਨਿਕਾ ਨਾਲ ਸੰਬੰਧ ਉਸ ਲਈ ਅੱਯਾਸ਼ੀ ਵਾਲੇ ਹੋਣੇ ਸੀ, ਪਰ ਸੋਚਣ-ਸਮਝਣ ਨੇ ਉਸ ਦਾ ਸਲੀਕਾ ਹੀ ਬਦਲ ਦਿੱਤਾ ਸੀ, ਜੀਊਣ ਦਾ ਸਲੀਕਾ! ‘ਜੇ ਖਪਤਵਾਦੀ ਵਿਕਾਸ ਦਾ ਮਾਡਲ ਗਲਤ ਹੈ ਤਾਂ ਫਿਰ ਇਹ ਜੀਊਣ-ਜਾਚ ਸਹੀ ਕਿਵੇਂ ਹੋਈ? ਇਸ ’ਚ ਕਿਉਂ ਖਚਤ ਹੋਇਆ ਜਾਵੇ? ਕਿਉਂ ਨਾ ਇਸ ਦਾ ਬਦਲ ਤਲਾਸ਼ਿਆ ਜਾਵੇ, ਨਵੀਆਂ ਪੈੜਾਂ ਦੇ ਰਾਹ ਤੁਰਿਆ ਜਾਵੇ!’ ਇਸੇ ਕਰਕੇ ਤਾਂ ਉਸਦੀ ਆਪਣੀ ਜਮਾਤਣ ਸੁਰਜੀਤ ਨਾਲੋਂ ਟੁੱਟੀ ਸੀ। ਕਾਲਜੋਂ ਵਿਹਲੀ ਹੁੰਦੀ ਤਾਂ ਬਾਜ਼ਾਰ, ਸ਼ਾਪਿੰਗ ’ਚ ਰੁੱਝ ਜਾਂਦੀ। ਖਰੀਦੋ-ਫਰੋਖਤ, ਵਿੰਡੋ-ਸ਼ਾਪਿੰਗ ਤੇ ਫਿਰ ਰੈਸਟੋਰੈਂਟਾਂ ’ਚ ਚਾਹ-ਕਾਫੀ, ਸਨੈਕਸ। ‘ਇਹ ਪੜ੍ਹਣ ’ਚ ਰੁਝੇ ਰਹਿਣ ’ਚੋਂ ਤੈਨੂੰ ਕੀ ਮਿਲਦਾ? ਪੀ ਐੱਚ ਡੀ ਹੋ ਗਈ... ਹੁਣ ਤਾਂ ਰੈਗੂਲਰ ਹੋਣ ਦੇ ਜੁਗਾੜ ਲੜਾ!’ ਉਂਜ ਉਹ ਉਸ ਤੋਂ ਪ੍ਰਭਾਵਤ ਸੀ, ਉਸ ਦੇ ਬੁੱਧੀਜੀਵੀ ਹੋਣ ਤੋਂ। ਪਰ ਜਦੋਂ ਉਹ ਉਸ ਅਨੁਸਾਰ ਜੁਗਾੜਾਂ ’ਚ ਨਾ ਢਲਿਆ ਤਾਂ ਉਹ ਪ੍ਰਾਪਰਟੀ ਡੀਲਰ ਬਲਕਾਰ ਵੜੈਚ ਨਾਲ ਵਿਆਹ ਕਰਵਾ ਕੇ ਮੁਹਾਲੀ ਜਾ ਵਸੀ ਸੀ।

ਤੇ ਮੋਨਿਕਾ ਨਾਲੋਂ ਉਹ ਖੁਦ ਟੁੱਟ ਗਿਆ...

“ਲਓ ਜੀ, ਟਿਊਬ ਦੀ ਸਾਲ ਭਰ ਦੀ ਗਰੰਟੀ ਹੈ ਜੇ ਕਿਤਿਉਂ ਲੀਕ ਕਰ ਜਾਵੇ।” ਭਈਆ ਟਾਇਰ ਫਿੱਟ ਕਰਕੇ ਐਕਟਿਵਾ ਤੇ ਕੱਪੜਾ ਮਾਰਨ ਲੱਗਾ।

“ਕਿੰਨੇ ਪੈਸੇ?” ਉਸ ਨੇ ਅਤੀਤ ਦੀ ਸੁਪਨ-ਯਾਤਰਾ ’ਚੋਂ ਬਾਹਰ ਆਉਂਦਿਆਂ ਪੁੱਛਿਆ।


“ਢਾਈ ਸੌ ਰੁਪਏ।”

ਉਸ ਨੂੰ ਪੈਸੇ ਦੇ ਕੇ ਉਸ ਨੇ ਸਕੂਟਰ ਨੂੰ ਸੈਲਫ ਮਾਰਿਆ। ਰੇਸ ਦਿੰਦਿਆਂ ਉਸਦੇ ਮਨ ’ਚ ਆਇਆ, ‘ਇਤਿਹਾਸ ਨੂੰ ਫਰੋਲਣਾ ਸਹਿਜ ਨਹੀਂ ਹੁੰਦਾ!’ ਅਗਲੇ ਹੀ ਪਲ ਕਿਤੇ ਲਿਖੀਆਂ ਆਪਣੀਆਂ ਹੀ ਲਾਇਨਾਂ ਯਾਦ ਆਈਆਂ, ‘ਚਿੰਤਨ ਇੱਕ ਪ੍ਰੇਤ ਹੁੰਦਾ ਹੈ। ਅਜਿਹਾ ਪ੍ਰੇਤ, ਜਿਹੜਾ ਜਦੋਂ ਜਾਗ ਪੈਂਦਾ ਤਾਂ ਬੰਦਾ ਉਸ ਦੇ ਵਸ ’ਚ ਹੋ ਜਾਂਦਾ। ਫਿਰ ਉਸ ਦੀ ਗਤੀ ਉਸ ’ਤੇ ਕਾਬੂ ਪਾਉਣ ’ਚ ਹੀ ਹੁੰਦੀ ਹੈ, ਲਗਾਤਾਰ ਉਸ ਰਾਹ ’ਤੇ ਤੁਰੇ ਰਹਿਣ ’ਚ।’

ਪਿੱਛਾ ਦੂਰ ਛੁੱਟ ਗਿਆ ਸੀ, ਅਤੀਤ ਹੋ ਗਿਆ ਸੀ..ਤੇ ਭਵਿੱਖ ....?...

ਭਵਿੱਖ ਦਾ ਅਜੇ ਕੋਈ ਵੀ ਨਕਸ਼ ਸਪੱਸ਼ਟ ਨਹੀਂ ਸੀ!

**ਪਤਾ : 95 ਸੀ, ਪੰਜਾਬ ਐਵੀਨਿਊ, ਸੁਭਾਨਾ, ਜਲੰਧਰ-144022 (ਸੰਪਰਕ-95309-44345)**





## ਕਹਾਣੀ / **ਚਾਂਦੀ ਦੇ ਕੜੇ ਵਾਲ਼ੀ ਬਾਂਹ** / - ਜਸਪਾਲ ਮਾਨਖੇੜਾ

ਬਾਈ ਨੇ ਚੁਬਾਰੇ ਅੱਗੇ ਪਾਣੀ ਛਿੜਕ ਕੇ ਮੇਜ਼ ਲਾ ਦਿੱਤਾ ਅਤੇ ਬੋਲਿਆ, "ਦੱਸ ਕਿਹੜੀ ਪੀਣੀ ਐ ਘਰ ਦੀ ਕੱਢੀ, ਹਰਿਆਣੈ ਆਲ਼ੀ, ਵਿਸਕੀ ਕੇ ਆਵਦੇ ਆਲ਼ੀ ਬਾਹਰਲੀ... ਸਾਰੀਆਂ ਹਾਜ਼ਰ ਨੇ...।" ਉਸ ਕੂਲਰ ਦਾ ਮੂੰਹ ਚੁਬਾਰੇ 'ਚੋਂ ਮੋੜ ਮੇਜ ਵੱਲ਼ ਕਰ ਦਿੱਤਾ ਸੀ।

"ਜਿਹੜੀ ਮਰਜੀ ਪਿਆਦੇ ਅੱਜ ਤਾਂ...।"

"ਕਿਉਂ ਅੱਜ ਕੀ ਐ...।"

"ਅੱਜ ਬਾਈ ... ਕਾਰਜ ਹੋ ਗੇ ਪੂਰੇ ਭਾਗਾਂ ਵਾਲਿਆਂ ਦੇ...।"

ਮੇਰੇ ਸਾਰੇ ਕਾਰਜ ਪੂਰੇ ਹੋ ਗਏ ਸਨ। ਜ਼ਮੀਨ ਦੀ ਰਜਿਸਟਰੀ ਕਰਾ ਕੇ ਪੈਸੇ ਕਨੇਡਾ ਟਰਾਂਸਫਰ ਕਰ ਦਿੱਤੇ ਸਨ। ਟਰਾਂਟੋਂ ਦੇ ਬੈਂਕ 'ਚੋਂ ਬੈਕ ਮੈਸਿਜ ਆ ਗਿਆ ਸੀ। ਟਰਾਂਟੋਂ ਰਹਿੰਦੇ ਟੱਬਰ-ਟੀਹਰ ਨਾਲ ਗੱਲ ਹੋ ਗਈ ਸੀ। ਹਫ਼ਤੇ ਦੇ ਅੰਦਰ ਵਾਪਸ ਚੱਲੇ ਜਾਣ ਦਾ ਪ੍ਰੋਗਰਾਮ ਫਾਈਨਲ ਹੋ ਗਿਆ ਸੀ। ਟਿਕਟ ਕਨਫਰਮ ਹੋ ਗਈ ਸੀ। ਸਾਰਾ ਕੁੱਝ ਨਿਰ ਵਿਘਨ ਅਤੇ ਮਿੱਥੇ ਮੁਤਾਬਿਕ ਸਿਰੇ ਚੜ੍ਹ ਜਾਣ ਦਾ ਚਾਅ ਚੜ੍ਹਿਆ



ਹੋਇਆ ਸੀ।

ਚਾਅ ਤਾਂ ਮੈਨੂੰ ਇਕ ਹੋਰ ਵੀ ਚੜ੍ਹਿਆ ਹੋਇਆ ਸੀ... ਭਾਬੀ ਮਨਜੀਤ ਨੇ ਵੀ ਹਾਂ ਵਾਲਾ ਹੀ ਸਾਂਹ ਪਿਆਇਆ ਸੀ। ਉਸਦਾ ਸ਼ਰਮ ਨਾਲ ਲਾਲ ਹੋਇਆ ਮੂੰਹ ਹੁਣ ਵੀ ਮੇਰੀਆਂ ਅੱਖਾਂ ਅੱਗੇ ਘੁੰਮੀਂ ਜਾਂਦਾ ਸੀ।

ਭਾਬੀ ਮਨਜੀਤ ਪਈ ਵੀ ਉਹੋ ਜਿਹੀ ਸੀ... ਲਾਲ ਲਾਲ... ਸੂਹੇ ਸਿਓ ਵਰਗੀਂ।

"ਸਿਓਂ ਵਰਗੀ ਭਰਜਾਈ ਛੋਟਾ ਵੀਰ ਵਿਆਹ ਕੇ ਲਿਆਇਆ...।" ਭਾਬੀ ਮਨਜੀਤ ਨੂੰ ਵੇਖ ਕੇ, ਯਾਦ ਕਰਕੇ ਇਹ ਬੋਲੀ ਆਪ ਮੁਹਾਰੇ ਮੇਰੇ ਅੰਦਰ ਬੋਲਣ ਲੱਗ ਪੈਂਦੀ ਸੀ....।

ਚੁਬਾਰੇ ਅੱਗੋ ਮੈਂ ਬਹਾਨੇ ਜੇ ਨਾਲ ਪਾਸੇ ਨੂੰ ਹੋ ਗਿਆਂ। ਉਧਰ ਨੂੰ ਚਲਾ ਗਿਆ ਜਿਥੋਂ ਮਨਜੀਤ ਕਾ ਘਰ ਦਿਸਦਾ ਸੀ। ਸੁੰਨਾ ਘਰ ਭਾਂ ਭਾਂ ਕਰ ਰਿਹਾ ਸੀ। ਪਸ਼ੂਆਂ ਦੀਆਂ ਖੁਰਲੀਆਂ ਵੀ ਖ਼ਾਲੀ ਸਨ ਲਿਪੀਆਂ ਪੋਚੀਆਂ ਹੋਈਆਂ।

ਕਨੇਡਾ ਤੋਂ ਮੈਂ ਜ਼ਮੀਨ ਘਰ ਵੇਚਣ ਆਇਆ ਸਾਂ। ਉਸ ਦਿਨ ਆਏ ਨੂੰ ਤੀਜਾ ਦਿਨ ਸੀ ਕਿ ਐਸ ਚੁਬਾਰੇ ਦੇ ਅੱਗੇ, ਬਾਪੂ ਦੇ ਬਰਾਬਰ ਮੰਜਾ ਡਾਹੀਂ ਪਿਆ ਸਾਂ। ਗੁਰਦੁਆਰੇ ਦੇ ਸਪੀਕਰ ਨੇ ਜਗਾ ਦਿੱਤਾ ਸੀ। ਬਾਪੂ ਪਹਿਲਾਂ ਹੀ ਬੈਠਾ ਸਿਮਰਨਾ ਘੁੰਮਾ ਰਿਹਾ ਸੀ। ਉਠ ਕੇ ਪਿਸ਼ਾਬ ਕਰਨ ਗਏ ਨੂੰ ਮੈਨੂੰ ਮਨਜੀਤ ਕਾ ਘਰ, ਵਿਹੜਾ ਦਿਸ ਗਿਆ ਸੀ, ਐਵੇਂ ਹੀ ਨਜ਼ਰ ਉਧਰ ਚਲੀ ਗਈ ਸੀ। ਬਰਾਂਡੇ ਮੂਹਰਲਾ ਘਸਮੈਲ਼ਾ ਜਿਹਾ ਬਲਬ ਜਗ ਰਿਹਾ ਸੀ, ਰਸੋਈ 'ਚ ਵੀ ਚਾਨਣ ਸੀ। ਕਿਸੇ ਔਰਤ ਦਾ ਝਾਉਲਾ ਵੀ ਪਿਆ ਸੀ ਸ਼ਾਇਦ ਭਾਬੀ ਮਨਜੀਤ ਹੀ ਹੋਵੇ...।

"ਬਿੰਦਰ ਕਾ ਕੀ ਹਾਲ ਐ ਬਾਪੂ...।" ਮੇਰੇ ਅੰਦਰ 'ਸਿਓ ਵਰਗੀ ਭਰਜਾਈ' ਵਾਲੀ ਬੋਲੀ ਦੇ ਬੋਲ ਗੂੰਜਣ ਲੱਗੇ ਸਨ।

"ਮਾੜਾ ਈ ਐ ਭਾਈ... ਬਿੰਦਰ ਨਸ਼ਿਆਂ ਨੇ ਖੋਰੀ ਕਰਤਾ... ਜਮੇਰੋ ਤੇ ਅਰਜਨ ਅਗੜ ਪਿੱਛੜ ਮਰਗੇ.... ਮੁੰਡਾ ਬਾਹਰ ਜਾਣ ਨੂੰ ਪੂਛ ਚੱਕੀਂ ਫਿਰਦੈ... ਬਹੂ ਵਿਚਾਰੀ ਤਾਣੀ ਦੀ ਨਾਲ਼ ਵਾਂਗੂੰ ਕਦੇ ਐਧਰ ਵੱਜਦੀ ਐ... ਕਦੇ ਓਧਰ...।" ਬਾਪੂ ਦੇ ਸ਼ਬਦ ਫਿਕਰ ਹੀਣ ਸਨ ਅਤੇ ਚਿਹਰਾ ਭਾਵ ਹੀਣ...।

ਇਹ ਸੁਣਕੇ ਮੇਰਾ ਚਿਹਰਾ ਚਮਕ ਗਿਆ ਸੀ ! ਮੇਰੀ ਉਪਰਲੀ ਚੁੱਪ ਅਤੇ ਅੰਦਰਲਾ ਸ਼ੋਰ ਮੇਰੇ ਚਿਹਰੇ ਦੀ ਚਮਕ ਦਾ ਰਾਜ਼ ਸਿਰਫ ਮੈਨੂੰ ਹੀ ਦੱਸ ਰਹੇ ਸਨ ਜੋ ਸਿਮਰਨਾ ਘੁਮ ਰਹੇ ਬਾਪੂ ਨੂੰ ਨਹੀਂ ਪਤਾ ਲੱਗ ਰਿਹਾ ਸੀ।

ਇਹ ਚਮਕ ਵੀਹ ਸਾਲ ਪਹਿਲਾਂ ਨਵੀਂ ਨਵੇਲੀ ਵਿਆਹੀ ਆਈ ਮਨਜੀਤ ਨੂੰ ਵੇਖ ਕੇ ਆਈ ਸੀ। ਜਦੋਂ 'ਸਿਓ ਵਰਗੀ ਭਰਜਾਈ ਛੋਟਾ ਵਿਆਹ ਕੇ ਲਿਆਇਆ'... ਬੋਲੀ ਸੁਣੀ ਸੀ ਤੇ ਮੇਰੇ ਅੰਦਰ ਖੁੱਭੀ ਸੀ। ਇਹ ਬੋਲੀ ਪਹਿਲਾਂ ਵੀ ਕਿਸੇ ਵਿਆਹ 'ਚ ਸੁਣੀ ਹੋਵੇਗੀ ਪਰ ਅੰਦਰ ਖੁੱਭੀ ਓਦਣ ਹੀ ਸੀ ਭਾਬੀ ਮਨਜੀਤ ਨੂੰ ਵੇਖ ਕੇ...।

ਬਿੰਦਰ ਕੇ ਘਰੇ ਮੈਂ ਗੇੜੇ ਵਧਾ ਦਿੱਤੇ ਸਨ। ਖੇਤ 'ਚ ਕੰਮ ਧੰਦੇ 'ਚ ਮੈਂ ਬਿੰਦਰ ਦਾ ਹੱਥ ਵਟਾਉਣ ਲੱਗਾ ਸਾਂ। ਇਕ ਦੂਜੇ ਦੇ ਘਰੋਂ ਸੰਦ-ਸੰਦੇੜਾ ਵੀ ਵੱਧ ਲਿਆਉਣ ਦੇਣ ਲੱਗ ਗਏ ਸਾਂ। ਬਿੰਦਰ ਕੇ ਘਰੇ ਆਉਣ ਸਮੇਂ ਮੇਰੇ ਚਿਹਰੇ 'ਤੇ ਚਮਕ ਆ ਜਾਂਦੀ ਅਤੇ ਦਿਲ ਧੱਕ ਧੱਕ ਵੱਜਣ ਲੱਗਦਾ...।

ਉਸ ਦਿਨ ਵੀ ਇਹੀ ਚਮਕ ਆਈ ਸੀ ਅਤੇ ਕਾਲਜਾ ਧੱਕ ਧੱਕ ਧੜਕਣ ਲੱਗਾ ਸੀ।

ਬਿੰਦਰ ਨੂੰ ਪਿਛਲੇ ਪਹਿਰ ਬੋਤਾ ਲਈਂ ਖੇਤ ਜਾਂਦੇ ਨੂੰ ਮੈਂ ਵੇਖ ਲਿਆ ਸੀ। ਚਾਚੀ ਜਮੇਰੋ ਮੱਝਾਂ ਛੱਡੀਂ ਛੱਪੜ ਨੂੰ ਜਾਂਦੀ ਸੀ। ਚਾਚਾ ਵੀ ਦੁਪਹਿਰ ਦੀ ਚਾਹ ਪੀ ਕੇ ਨਿੰਮ ਹੇਠਲੇ ਚੌਂਤਰੇ 'ਤੇ ਬੈਠਾ ਯੱਕੜ ਮਾਰ ਰਿਹਾ ਸੀ।

ਮਨ ਵਿਚ ਸਕੀਮਾਂ ਲਾ ਮੈਂ ਉਨ੍ਹਾਂ ਦੇ ਘਰ ਗਿਆ ਸੀ।

"ਘਰ ਬਾਰੀਓ ਘਰੇ ਈ ਓਂ...।" ਬਾਹਰਲੇ ਦਰਵਾਜੇ ਦੀ ਵਿਰਲ ਲੰਘਦੇ ਨੇ ਮੈਂ ਲਲਕਾਰਾ ਛੱਡਿਆ ਸੀ।

ਚੂੜੀਆਂ ਦੀ ਟੁਣਕਾਰ ਹੋਈ ਸੀ। ਪੰਜੇਬਾਂ ਦੀ ਛਣਕਾਰ ਹੋਈ ਸੀ। ਸਭਾਤ 'ਚੋਂ ਨਿਕਲੇ ਸੋਨੇ ਦੇ ਕਲਿਪ ਨੇ ਲਿਸ਼ਕੋਰ ਮਾਰੀ ਸੀ। ਸੱਜੀ ਬਾਂਹ 'ਚ ਲਾਲ ਚੂੜੀਆਂ ਦੇ ਅੱਗੇ ਆਇਆ ਚਾਂਦੀ ਦਾ ਕੜਾ ਲਿਸ਼ਕਿਆ ਸੀ। ਕਸ਼ਮੀਰੀ ਸਿਓਂ 'ਚ ਹੋਰ ਲਾਲੀ ਗੁੰਨ੍ਹੀ ਗਈ ਸੀ।

"ਵੇ ਆ ਵੇ ਦਿਓਰਾ... ਕਿਹੜੇ ਘਰ ਬਾਰੀ ਨੂੰ ਭਾਲਦੈਂ...।"

"ਜਿਹੜਾ ਸਾਹਮਣੇ ਖੜ੍ਹੈ ਓਸੇ ਨੂੰ...।" ਮੈਂ ਕਹਿ ਤਾਂ ਗਿਆ ਸੀ ਪਰ ਮੇਰਾ ਅੰਦਰਲਾ ਕੰਬ ਗਿਆ...।

"ਮੈਥੋਂ ਕੀ ਤੂੰ ਆਲੂ ਬੁਖਾਰੇ ਲੈਣੇ ਨੇ...!"

ਭਾਬੀ ਦੇ ਮੂੰਹ ਦੀ ਲਾਲੀ ਦੀ ਮੈਨੂੰ ਸਮਝ ਨਾ ਆਈ ਸੀ... ਇਹ ਮੈਨੂੰ ਸਾੜੇਗੀ ਜਾਂ ਨਿੱਘ ਦੇਵੇਗੀ...। ਮੈਂ ਬੌਂਦਲ ਹੀ ਗਿਆ ਸੀ।

" ਮੈਂ ਤਾਂ ਕਸੀਆ ਲੈਣ ਆਇਆਂ... ਕਸੀਆ ਦੇਈਂ ਭਾਬੀ...।"

"ਔਹ ਨੀਰੇ ਆਲ਼ੀ ਸਭਾਤ 'ਚ ਵੇਖ ਲੈ... ਭੰਨ ਲੈ ਸਿਰ ਕਸੀਏ ਨਾਲ... ਕੁੜੀਆਂ ਪਿੱਛੋਂ ਜੰਮਿਆ...।"

ਟੁਣਕਾਰ, ਛਣਕਾਰ, ਲਿਸ਼ਕੋਰ ਨੂੰ ਉਥੇ ਖੜ੍ਹੀ ਛੱਡ ਮੈਂ ਬਿਨਾਂ ਕਸੀਆ ਲਏ ਵਾਪਸ ਆ ਗਿਆ ਸੀ।

ਮੈਂ ਭਾਬੀ ਕੇ ਘਰ ਅੱਗੋਂ ਦੀ ਲੰਘਣ ਤੋਂ ਅੰਦਰੋਂ ਅੰਦਰੀ ਡਰਨ ਲੱਗ ਪਿਆ ਸੀ।

ਹਾਲਾਤਾਂ ਨੇ ਗੇੜਾ ਖਾਧਾ ਸੀ, ਮੈਂ ਸਾਲ ਦੇ ਅੰਦਰ ਅੰਦਰ ਬਾਹਰ ਚਲਾ ਗਿਆ ਸੀ... ਕਨੇਡਾ।

ਕਨੇਡਾ ਤੋਂ ਜ਼ਮੀਨ ਘਰ ਵੇਚਣ ਲਈ ਆਇਆ ਹੋਇਆ ਸੀ ਮੈਂ...। ਕਦੇ ਬਾਪੂ ਨੂੰ ਕਦੇ ਬਾਈ ਨੂੰ ਖੁਰਚ ਖੁਰਚ ਕੇ ਕਢਾ ਲਿਆ ਸੀ।

"... ਬਿੰਦਰ ਕੀ ਅੱਧੀ ਜ਼ਮੀਨ ਰਹਿਣੇ ਟਿਕਗੀ... ਇਕ ਕਿੱਲਾ ਵਿਕ ਗਿਆ... ਕਨੇਡਾ ਫੌਰਨ ਜਾਣ ਲਈ ਦਿੱਤੇ ਪੈਸੇ ਕਿਸੇ ਏਜੰਟ 'ਚ ਫਸ ਗਏ... ਮੁੰਡਾ ਕਦੇ ਕਦੇ ਨਸ਼ੇ ਨੂੰ ਮੂੰਹ ਵੀ ਮਾਰ ਲੈਂਦਾ... ਮਨਜੀਤ ਕਬੀਲਦਾਰੀ ਦੀ ਜਿੱਲ੍ਹਣ 'ਚ ਗਲ਼ ਗਲ਼ ਤੱਕ ਧਸੀ ਪਈ ਐ...।"

ਵੀਹ ਸਾਲ ਪਹਿਲਾਂ ਵਾਲੀ ਚਮਕ ਮੇਰੇ ਚਿਹਰੇ 'ਤੇ ਫਿਰ ਉਭਰ ਆਈ ਸੀ।

ਮੈਨੂੰ ਆਇਆ ਸੁਣ ਮਨਜੀਤ ਆਪ ਈ ਸਾਡੇ ਘਰੇ ਆ ਗਈ...।

"ਵੇ ਦਿਓਰਾ ਤੂੰ ਹੀ ਬੇੜੀ ਬੰਨੇ ਲਾ ਦੇ... ਬਾਹਰ ਜਾਣ ਦੇ ਉਧਮੂਲ 'ਚ ਗੱਗੀ ਨੇ ਪੈਸੇ ਅਜੰਟ 'ਚ ਫਸਾ 'ਤੇ... ਜ਼ਮੀਨ ਵੀ ਗਈ ਪੈਸੇ ਵੀ ਗਏ... ਹੁਣ ਤਾਂ ਮੁੰਡਾ ਵੀ ਹੱਥੋਂ ਜਾਂਦਾ ਦੀਂਹਦੈ... ਤੂੰ ਹੀ ਕਰਦੇ ਕੋਈ ਬੰਨ੍ਹ ਸੁੱਭ...।"

"ਮੈਂ ਸ਼ਾਮੀਂ ਘਰੇ ਆਊਂ ਭਾਬੀ... ਚਾਹ ਪੀਣ... ਓਦੋਂ ਰਾਇ ਕਰਾਂਗੇ...।"

ਮੈਂ ਫਿਰ ਇਸ ਤਾਕ 'ਚ ਰਿਹਾ ਬਿੰਦਰ ਅਤੇ ਗੱਗੀ ਕਦੋਂ ਘਰੋਂ ਬਾਹਰ ਜਾਣ।

"ਘਰ ਬਾਰੀਓ ਘਰੇ ਈ ਓਂ.. ।" ਮੈਂ ਦਰਵਾਜੇ ਦੀ ਵਿਰਲ ਥਾਂਣੀ ਲੰਘਦੇ ਨੇ ਉਚੇ ਬੋਲ ਨਾਲ ਨੀਵਾਂ ਜਿਹਾ ਖੰਘੂਰਾ ਮਾਰ ਦਿੱਤਾ।

"ਆਜਾ ਆਜਾ ਤੇਜ ਸਿਆਂ...।" ਸਭਾਤ ਚੋਂ ਟੁਣਕਾਰ ਤੇ ਛਣਕਾਰ ਨਹੀਂ ਨਿਕਲੀ ਸੀ। ਨਾ ਹੀ ਸੋਨੇ ਦੇ ਕਲਿਪ ਨੇ ਲਿਸ਼ਕੋਰ ਮਾਰੀ ਸੀ। ਸਿਰਫ ਚਾਂਦੀ ਦੇ ਕੜੇ ਵਾਲੀ ਬਾਂਹ ਆਈ ਸੀ।

ਭਾਬੀ ਨੇ ਵਰਾਂਡੇ ਵਿਚ ਕੁਰਸੀ ਕੱਢ ਦਿੱਤੀ। ਪੱਖਾ ਚਲਾ ਦਿੱਤਾ। ਫਰਿਜ ਚੋਂ ਪੈਪਸੀ ਦਾ ਗਲਾਸ ਭਰ ਲਿਆਈ ਤੇ ਮੇਰੇ ਸਾਹਮਣੇ ਮੰਜੇ 'ਤੇ ਆ ਬੈਠੀ।

ਮੇਰਾ ਅੰਦਰ ਡਰੀਂ ਜਾਂਦਾ ਸੀ। ਜੀਭ ਖੁਸ਼ਕ ਹੋ ਰਹੀ ਸੀ। ਜਿਸਨੂੰ ਮੈਂ ਪੈਪਸੀ ਦੀ ਘੁੱਟ ਭਰ ਕੇ ਫਿਰ ਤਰ ਕਰ ਲੈਂਦਾ। ਦੇਸ ਵਿਦੇਸ਼, ਘਾਟ ਘਾਟ ਦਾ ਪਾਣੀ ਪੀ ਲੈਣ ਕਰਕੇ ਮੇਰੇ ਚਿਹਰੇ 'ਤੇ ਉਹ ਨਹੀਂ ਸੀ ਜੋ



ਅੰਦਰ ਸੀ।

ਗਰਮ ਗਰਮ , ਭਾਫਾਂ ਛੱਡਦੀ, ਲਪਟਾਂ ਮਾਰਦੀ ਚਾਹ ਦੀ ਚਾਹਤ, ਨੱਕ 'ਚ ਘੁਸੜਦੀ ਜਾਂਦੀ ਪੈਪਸੀ ਦੀ ਗੈਸ ਹੇਠ ਦੱਬਦੀ ਜਾਂਦੀ ਮਹਿਸੂਸ ਹੁੰਦੀ ਸੀ।

ਆਖਰ ਜੋ ਅੰਦਰ ਸੀ ਕਹਿ ਹੀ ਦਿੱਤਾ,

"ਭਾਬੀ ਬੜੇ ਚਿਰ ਦੀ ਰੀਝ ਮਨ 'ਚ ਅਧੂਰੀ ਪਈ ਐ... ਦੇਸ ਦੁਨੀਆਂ ਘੁੰਮ ਲੀ... ਬਹੁਤ ਕੁੱਝ ਮਾਣ ਲਿਆ... ਪਰ ਭਾਬੀ ਉਦੋਂ ਖੁੰਝਿਆ ਵੇਲ਼ਾ ਨ੍ਹੀਂ ਭੁੱਲਦਾ... ਜੇ ਕਿਤੇ ਉਹ ਰੀਝ ਪੂਰੀ ਕਰਦੇਂ... ਗੱਗੀ ਦਾ ਫਿਕਰ ਨਾ ਕਰੀਂ ਕਨੇਡਾ ਗਿਆ ਸਮਝ...।"

ਭਾਬੀ ਨੇ ਸਿਰ ਸੁੱਟ ਲਿਆ। ਮੂੰਹ ਉਸਦਾ ਲਾਲ ਹੋ ਗਿਆ ਸੀ।

ਐਨ ਓਸ ਵਕਤ ਗੱਗੀ ਦੇ ਮੋਟਰ ਸਾਈਕਲ ਦੇ ਅਗਲੇ ਟਾਇਰ ਨੇ ਦਰਵਾਜੇ ਦਾ ਤਖਤਾ ਖੋਲ੍ਹ ਦਿੱਤਾ। ਮੋਟਰ ਸਾਈਕਲ ਦਾ ਸਟੈਂਡ ਲਾ ਗੋਗੀ ਮੇਰੇ ਪੈਰਾਂ ਵਿਚ ਲਿਫ਼ ਗਿਆ।

ਮਨਜੀਤ ਉਵੇਂ ਮਿੱਟੀ ਹੋਈ ਬੈਠੀ ਸੀ। ਸਿਰ ਦੀ ਚੁੰਨੀ ਠੀਕ ਕਰਦੀ ਦਾ ਚਾਂਦੀ ਦਾ ਕੜਾ ਗੁੱਟ ਤੋਂ ਕੂਹਣੀ ਵੱਲ ਭੱਜਿਆ... ਤੇ ਫਿਰ ਹੇਠਾਂ ਆਈ ਬਾਂਹ ਨਾਲ ਹੇਠਾਂ ਗੁੱਟ ਵੱਲ ਨਾ ਆਇਆ ਉਥੇ ਹੀ ਫਸ ਕੇ ਖੜ੍ਹਾ ਰਿਹਾ।

ਮੈਂ ਉੱਠਿਆ। ਗੱਗੀ ਨੂੰ ਸੱਜੀ ਬੱਖੀ ਨਾਲ ਘੁੱਟੀਂ ਘਰ ਨੂੰ ਆ ਗਿਆ। ਗੱਗੀ ਮੇਰੇ ਕੋਲ ਕਿੰਨਾ ਚਿਰ ਹੀ ਬੈਠਾ ਰਿਹਾ। ਕਨੇਡਾ ਜਾਣ ਦੀਆਂ ਗੱਲਾਂ ਕਰੀਂ ਗਿਆ। ਮੇਰੀਆਂ ਗੱਲਾਂ ਉਸਦੇ ਉਡ ਜਾਣ ਦੀ ਖਾਹਸ਼ ਹੋਰ ਵਧਾਈਂ ਜਾ ਰਹੀਆਂ ਸਨ।

ਬਾਈ ਨਾਲ ਮੇਜ 'ਤੇ ਬੈਠੇ ਦੇ ਜਿਹਨ 'ਚ ਦੀ ਇਹ ਕੁੱਝ ਲੰਘੀ ਗਿਆ, ਮੈਨੂੰ ਕੋਈ ਪਤਾ ਨਹੀਂ ਕਿੰਨੀ ਪੀਤੀ, ਕੀ ਕੁੱਛ ਖਾਧਾ, ਕਦੋਂ ਸੌਂ ਗਿਆ...।

ਅਜੇ ਸੁੱਤੇ ਨੂੰ ਥੋੜਾ ਸਮਾਂ ਹੀ ਹੋਇਆ ਹੋਵੇਗਾ ਕਿ ਗਵਾਂਢ 'ਚ ਪੈਂਦੇ ਰੌਲੇ ਨੇ ਜਗਾ ਦਿੱਤਾ। ਮਨਜੀਤ ਸ਼ੀਹਣੀ ਵਾਂਗ ਗ਼ਰਜ਼ ਰਹੀ ਸੀ। ਉਸਦੇ ਹੱਥ 'ਚ ਤਿੰਨ ਫੁੱਟ ਦਾ ਡੰਡਾ ਸੀ ਅਤੇ ਅੱਗੇ ਗੱਗੀ... ਗੱਗੀ 'ਤੇ ਵਰ੍ਹਦਾ ਡੰਡਾ... ਮਨਜੀਤ ਦੀ ਚਾਂਦੀ ਦੇ ਕੜੇ ਵਾਲੀ ਬਾਂਹ ਗਜ਼ਬ ਢਾਹ ਰਹੀ ਸੀ...।

ਸੰਪਰਕ-97800-42156


**ਕਾਰਜ ਸਿੰਘ**

**ਦਾ**

**ਪੰਜਾਬੀ ਆਲੋਚਨਾ ਵਿਚ**

**ਪਹਿਲਾ ਕਾਰਜ**

**ਭਗਵੰਤ ਰਸੂਲਪੁਰੀ ਦੀਆਂ ਕਹਾਣੀਆਂ**


(ਸਮਾਜਿਕ ਸਰੋਕਾਰ ਅਤੇ ਦਲਿਤ ਚੇਤਨਾ)

**ਪ੍ਰਕਾਸ਼ਕ:**

**ਕੇ. ਜੀ. ਗ੍ਰਾਫ਼ਿਕਸ,**

**ਜੀ. ਐਨ. ਡੀ. ਯੂ. ਕੰਪਲੈਕਸ, ਅੰਮ੍ਰਿਤਸਰ**

**ਮੁੱਲ : 180 ਰੁਪਏ, ਪੰਨੇ : 124**





## ਕਹਾਣੀ / **ਡਾਂਸ ਫਲੋਰ**/- ਦੀਪਤੀ ਬਬੂਟਾ

“ਪਾਣੀ ਦੀ ਲਿਆ ਬਾਲਟੀ, ਮਾਰ ਏਹਦੇ ਸਿਰ ’ਚ। ਭੈਂ ਚੋ ਐਵੇਂ ਨਹੀਂ ਉੱਠਣ ਲੱਗੀ ਇਹ ਤੇ ਚੱਲ ਗੀਟਿਆ, ਤੂੰ ਕੈਂਟਰ ’ਚ ਸਮਾਨ ਲੋਡ ਕਰਵਾ ਛੇਤੀ ਨਿਕਲਣ ਦੀ ਕਰੋ। ਤੁਸੀਂ ਜਾ ਕੇ ਸੈੱਟ ਲਗਾਉਣੈ, ਕੁੜੀਆਂ ਨੂੰ ਪਿਛਲੀ ਕਾਰ ’ਚ ਭੇਜ ਦਿਆਂਗੇ, ਤੁਸੀਂ ਪਹੁੰਚਦੇ ਹੋਵੋ।”

ਤੜਕਸਾਰ ਕੁੱਕੜ ਬਾਂਗਦਾ ਹੋਵੇ, ਸਿਖਰ ਦੁਪਹਿਰੇ ਉੱਲੂ ਬੋਲਦੇ ਹੋਣ, ਤੇ ਭਾਵੇਂ ਅੱਧੀ ਰਾਤ ਕੁੱਤੇ ਹਵਾਂਕਦੇ ਹੋਣ ਬਾਊ ਅਸ਼ੋਕ ਦੇ ਇਹ ਬੋਲ ਗੋਡਾਊਨ ਦੀਆਂ ਕੰਧਾਂ ਨਾਲ ਟੱਕਰਾਂ ਮਾਰਦੇ ਰਹਿੰਦੇ।

ਉਸ ਦਿਨ ਵੀ ਉਹ ਪ੍ਰੋਗਰਾਮ ਲਈ ਕੁੜੀਆਂ-ਮੁੰਡਿਆਂ ਨੂੰ ਭੇਜਣ ਦੀ ਕਾਹਲ ’ਚ ਸਾਹੋ-ਸਾਹ ਹੋਇਆ ਪਿਆ ਸੀ, ਕਿ

“ਹੋਰ ਕੀ ਹਾਲ ਏ ਬਾਊ। ਸਾਸਰੀ ’ਕਾਲ।”

ਜਾਣੀ-ਪਛਾਣੀ ਆਵਾਜ਼ ਸੁਣੀ ਤੇ ਬਿਨਾਂ ਵੇਖਿਆਂ, “ਸਾ ਸਰੀਆ ’ਕਾਲ, ਸਭ ਵਧੀਆ ਤੂੰ ਸੁਣਾ, ਕੀ ਹਾਲ-ਚਾਲ ਏ ਸੁਨੀਲ । ਕਿੱਥੇ ਗਾਇਬ ਰਿਹੈਂ ਐਨੇ ਦਿਨ?” ਆਖ ਕੇ ਉਹ ਕੈਂਟਰ ’ਚ ਸਾਮਾਨ ਲੋਡ ਕਰਵਾਉਣ ਲੱਗਿਆ, ਪਰ ਅਗਲੇ ਹੀ ਪਲ਼ ਕੰਨਾਂ ’ਚ ਪਏ ਕੋਇਲ ਜਿਹੇ ਬੋਲ “ਬਾਊ ਜੀ ਨਮਸਤੇ” ਨੇ ਇੱਕ ਝਟਕੇ ਨਾਲ ਉਸ ਦੀ ਗਰਦਨ ਇੰਜ ਘੁਮਾਈ, ਜਿਵੇਂ ਚਿਹਰਾ ਪਿੱਠ ਉੱਤੇ ਫਿੱਟ ਹੋ ਗਿਆ ਹੋਵੇ। ਅੱਖਾਂ ਸਾਹਮਣੇ ਖੜ੍ਹੀ ਸੰਗਮਰਮਰ ਦੀ ਬੋਲਦੀ ਮੂਰਤ ਵੇਖ ਕੇ ਬਾਊ ਦੇ ਦੰਦ ਪੀਡੇ ਗਏ ਤੇ ਡੇਲੇ ਥਾਂਵੇਂ ਖੜੋ ਗਏ।



ਕਸ਼ਮੀਰੀ ਸੇਬ ਵਾਂਗ ਭਖਦੀਆਂ ਗੱਲ੍ਹਾਂ, ਗੁਲਾਬ ਦੀਆਂ ਪੱਤੀਆਂ ਜਿਹੇ ਬੁੱਲ੍ਹਾਂ ਵਿੱਚ ਸੁੱਚੇ ਮੋਤੀਆਂ ਜੜੀ ਲੜੀ ਵਰਗੇ ਦੰਦ, ਚੌੜੇ ਮੱਥੇ ’ਤੇ ਉਭਰੀ ਤਿਊੜੀ, ਨਸ਼ਿਆਈਆਂ ਬਲੌਰੀ ਅੱਖੀਆਂ, ਸਿਆਹ ਘੁੰਗਰਾਲੇ ਵਾਲ। ਜਿਵੇਂ ਹੀ ਐਂਕਰ ਸੁਨੀਲ ਨੇ ਉਸ ਨੂੰ ਅੱਗੇ ਹੋ ਕੇ ਨਮਸਤੇ ਕਰਨ ਲਈ ਆਖਿਆ, ਸਾਢੇ ਪੰਜ ਫੁੱਟ ਉੱਚਾ ਕੱਦ ਪਤਲੇ ਪਤੰਗ ਲੱਕ ਨੂੰ ਵਲ਼ ਦੇ ਕੇ ਵਿਚਾਲਿਓਂ ਲਿਫ਼ ਗਿਆ, ਹੱਥ ਜੋੜਦਿਆਂ ਮੋਨਾਲਿਜ਼ਾ ਮੁਸਕਾਨ ਦਿੱਤੀ, ਇੱਕ ਵਾਰ ਸਿਰ ਉੱਤੇ ਚੁੱਕਿਆ ਤੇ ਫਿਰ ਗਰਦਨ ਝੁਕਾ ਕੇ ਅੱਖਾਂ ਨੀਵੀਂਆਂ ਪਾ ਲਈਆਂ।

“ਬਾਊ, ਇਹ ਸੁਨੀਤਾ ਏ। ਕਸ਼ਮੀਰ ਦੀ ਕਲੀ, ਤੇ ਮੈਂ ਇਹਨੂੰ ਨਾਂ ਦਿੱਤੈ ਰੋਸ਼ਨੀ। ਉਮਰ ਪੰਦਰਾਂ, ਕੰਮ ਵੱਲੋਂ ਕੋਰਾ ਕਾਗਜ਼। ਜਿਵੇਂ ਸਿਖਾਵਾਂਗੇ, ਸਿੱਖ ਜਾਵੇਗੀ। ਊਂ ਵੀ ਲੋੜਵੰਦ ਏ ।” ਸੁਨੀਲ ਜਾਣਦਾ ਸੀ, ਮਾਲ ਖਰਾ ਹੋਵੇ ਤਾਂ ਬਾਊ ਅਸ਼ੋਕ ਕੀਮਤ ਤਾਰਨ ਲੱਗਿਆਂ ਜ਼ਿਆਦਾ ਨਹੀਂ ਸੀ ਸੋਚਦਾ। ਕਿਹੜੇ ਤਿਲਾਂ ’ਚ ਕਿੰਨਾ ਤੇਲ ਹੈ ਬਾਊ ਦੀਆਂ ਪਾਰਖੂ ਨਜ਼ਰਾਂ ਝੱਟ ਪਛਾਣ ਲੈਂਦੀਆਂ ਸਨ। ਕੰਮ ਲਈ ਲਿਆਂਦੀ ਕੁੜੀ ਦੇ ਗੁਣਾਂ ਦਾ ਵੇਰਵਾ ਪੇਸ਼ ਕਰਕੇ ਸੁਨੀਲ ਬਾਊ ਦੇ ਚਿਹਰੇ ਦੇ ਬਦਲਦੇ ਰੰਗ ਤਾੜਨ ਲੱਗਿਆ, ਜੋ ਰੋਸ਼ਨੀ ਨੂੰ ਸਿਰ ਤੋਂ ਲੈ ਕੇ ਪੈਰਾਂ ਤੱਕ ਹੇਠਾਂ-ਉੱਤੇ ਡੇਲੇ ਘੁਮਾ ਕੇ ਵੇਖ ਰਿਹਾ ਸੀ, ਜਿਵੇਂ ਉਸ ਦੇ ਸੋਲ੍ਹਵੇਂ ਵਰ੍ਹੇ ਦਾ ਇੰਚ-ਇੰਚ ਨਾਪ ਰਿਹਾ ਹੋਵੇ।

“ਹੂੰਅ ਨਾਲ ਕੌਣ ਏ? ਮਾਂ, ਪਿਓ ਕਿ ਭਰਾ। ਪੈਸਿਆਂ ਦੀ ਗੱਲ ਕੌਣ ਮੁਕਾਏਗਾ?” ਪੈਂਦੀ ਸੱਟੇ ਬਾਊ ਅਸ਼ੋਕ ਨੇ ਪੁੱਛਿਆ, ਤਾਂ ਸੁਨੀਲ ਦੀਆਂ ਅੱਖਾਂ ਚਮਕ ਪਈਆਂ।

“ਬਾਊ ਸਮਝ ਲੈ ਆਪਾਂ ਈ ਆਂ ਸਾਰਾ ਕੁਝ।” ਸੁਨੀਲ ਨੇ ਝੁਕ ਕੇ ਬਾਊ ਦੇ ਗੋਡੀਂ ਹੱਥ ਲਾ ਦਿੱਤੇ।

“ਬਸ ਵੇਖਦੀ ਏ ਕਿ ਕੁਝ ਬੋਲਦੀ, ਸੁਣਦੀ ਵੀ ਏ?” ਉਸ ਨੂੰ ਚੁੱਪ-ਚਾਪ ਇੱਧਰ ਉੱਧਰ ਝਾਕਦੀ ਵੇਖ ਕੇ ਬਾਊ ਅਸ਼ੋਕ ਹੱਸਿਆ।

“ਬੋਲਦੀ ਆਂ ਜੀ, ਸੁਣਦੀ ਵੀ ਆਂ। ਬਸ ਕੰਮ ਸਿਖਾ ਦਿਓ। ਛੇਤੀ ਸਿੱਖ ਜਾਵਾਂਗੀ। ਬੜੀ ਲੋੜ ਏ।” ਬਿਨਾਂ ਗਰਦਨ ਹਿਲਾਏ ਉਸ ਦੇ ਬੋਲਾਂ ਨੇ ਤਰਲਾ ਲਿਆ।

“ਇਹ ਕਸ਼ਮੀਰਨ ਏ ਕਿ ਪੰਜਾਬਣ !” ਉਸ ਦੀ ਫਰਾਟੇਦਾਰ ਅੱਖੜ ਪੰਜਾਬੀ ਸੁਣ ਕੇ ਬਾਊ ਅਸ਼ੋਕ ਦਾ ਹੈਰਾਨ ਹੋਣਾ ਵਾਜਬ ਸੀ।

“ਕਸ਼ਮੀਰ ਤਾਂ ਜੰਮੀ ਸੀ ਜੀ, ਪਲੀ ਲੁਧਿਆਣੇ ਆਂ। ਕਸ਼ਮੀਰ ਕਿੱਥੇ ਰਹਿੰਦੈ, ਮੈਨੂੰ ਨਹੀਂ ਜੀ ਪਤਾ।” ਉਸ ਦੇ ਟਣਕਦੇ ਬੋਲ ਸੁਣ ਕੇ ਬਾਊ ਅਸ਼ੋਕ ਸੁਨੀਲ ਵੱਲ ਵੇਖ ਕੇ ਹੱਸਿਆ।

“ਚੁੱਪ । ਤੈਨੂੰ ਸਮਝਾਇਆ ਸੀ ਨਾ ਜ਼ਿਆਦਾ ਨਹੀਂ ਬੋਲਣਾ।” ਉਸ ਦੀ ਪਟਰ-ਪਟਰ ਖੁੱਲ੍ਹਦੀ ਜ਼ੁਬਾਨ ਵੇਖ ਕੇ ਸੁਨੀਲ ਨੇ ਟੋਕਿਆ, ਤਾਂ ਅੱਲ੍ਹੜ ਉਮਰ ਦਾ ਅਲਬੇਲਾਪਨ ਮੱਥੇ ਦੀ ਤਿਊੜੀ ’ਤੇ ਹੋਰ ਗੂੜ੍ਹਾ ਹੋ ਗਿਆ, ਸੁਰਖ਼ ਗੱਲ੍ਹਾਂ ਤੰਦੂਰੀ ਵਾਂਗ ਭਖ਼ ਪਈਆਂ, ਉਪਰਲੇ ਦੰਦਾਂ ਹੇਠ ਹੇਠਲਾ ਬੁੱਲ੍ਹ ਨੱਪ ਕੇ ਨਖ਼ਰੇ ਨਾਲ ਰੁੱਸ ਕੇ ਕੰਧ ਕੋਲ ਜਾ ਖਲੋਤੀ।

ਉਸ ਦਾ ਇਹ ਛੋਹਲਾਪਣ ਬਾਊ ਅਸ਼ੋਕ ਦੇ ਸੀਨੇ ਕੁਤਕੁਤਾੜੀ ਕੱਢ ਗਿਆ। ਉਸ ਨੇ ਹੱਸ ਕੇ ਸੁਨੀਲ ਦਾ ਸੱਜਾ ਮੋਢਾ ਘੁੱਟਿਆ। ਸੁਨੀਲ ਵੀ ਹੱਸ ਪਿਆ। ਉਸ ਨੂੰ ਆਪਣਾ ਮਕਸਦ ਪੂਰਾ ਹੋਣ ਦੀ ਉਮੀਦ ਨੇ ਤਸੱਲੀ ਦੇ ਦਿੱਤੀ। ਆਪਣੇ ਖੱਬੇ ਹੱਥ ਨਾਲ ਸੱਜਾ ਮੋਢਾ ਪਲੋਸਿਆ ਤੇ ਬਾਊ ਅਸ਼ੋਕ ਦੀ ਹਾਂ ਜਾਣਨ ਲਈ ਨਜ਼ਰਾਂ ਉਸ ਦੀਆਂ ਅੱਖਾਂ ਵੱਲ ਗੱਡ ਦਿੱਤੀਆਂ।

“ਬਾਊ, ਬਲਦਾਂ ਦੀ ਜੋੜੀ ਵੀ ਲੈ ਕੇ ਜਾਣੀ ਏਂ ਕਿ ਛੈਣੇਂ, ਤੂੰਬੇ, ਗੰਡਾਸੇ ਈ ? ਨੀ ਤੂੰ ਮੱਖਣ ਓਏ ਹੋਏ ਮੱਖਣ ਮਲਾਈਆਂ ਪਾਲੀ ।” ਗੱਡੀ ’ਚ ਸਾਮਾਨ ਲੋਡ ਕਰਵਾਉਂਦਾ ਰੁਸਤਮ ਸ਼ੋਅ ’ਤੇ ਲੈ ਕੇ ਜਾਣ ਵਾਲਾ ਸਾਮਾਨ ਪੁੱਛਦਾ, ਰੋਸ਼ਨੀ ਦੀ ਚਮਕ ’ਚ ਗੁਆਚ ਕੇ ਗੁਣਗੁਣਾਉਣ ਲੱਗਿਆ।

"ਕਿਵੇਂ ? ਪਹਿਲੀ ਵਾਰੀ ਚੱਲਿਐਂ? ਬਲਦਾਂ ਦੀ ਜੋੜੀ ਤੇ ਨਾਲੇ ਮਧਾਣੀ, ਚਾਟੀ, ਛਿੱਕੂ, ਚੰਗੇਰਾਂ ਕੰਪਲੀਟ ਸੈੱਟ ਲੱਗਣੈਂ। ਛੇਤੀ ਲੋਡ ਕਰੋ ਸਾਮਾਨ ਤੇ ਨਿਕਲਣ ਦੀ ਕਰੋ। ਸਾਮਾਨ ਧਿਆਨ ਨਾਲ ਟਿਕਾਇਆ ਜੇ, ਪਿਛਲੀ ਵਾਰੀ ਸਿਲੀਕਾਨ ਦੇ ਬਲਦਾਂ ਦੀ ਜੋੜੀ ਵਿਚਲੀ ਹੱਲ ਪੰਜਾਲੀ ਤੋੜ ਲਿਆਏ ਜੇ। ਲੱਖਾਂ ਰੁਪਈਆਂ ਦੀ ਇਨਵੈਸਟਮੈਂਟ ਏ ਮੇਰੀ ਸੱਭਿਆਚਾਰਕ ਸੈੱਟ ਦੀ। ਕੁਝ ਆਖੋ ਤਾਂ ਦੰਦ ਪਾੜ ਖਲੋਂਦੇ ਜੇ ਅੱਗੋਂ।"

"ਠੀਕ ਏ ਬਾਊ। ਹਾਂ ਸੱਚੀਂ ਅਸਲੀ ਗੱਲ ਕਰਨੀ ਤਾਂ ਭੁੱਲ ਈ ਗਿਆਂ। ਉਹ ਨੀਤੂ ਨੂਰਾਨੀ, ਸੱਭਿਆਚਾਰਕ ਗਰੁੱਪ ਦੀ ਰੂਹ, ਟੱਲੀ ਹੋਈ ਪਈ ਏ। ਮੈਨੂੰ ਲੱਗਦੈ, ਕੋਈ ਹੋਰ ਕੁੜੀ ਲੈ ਜਾਈਏ। ਉਹ ਨਾ ਹੋਵੇ ਸਟੇਜ 'ਤੇ ਕੋਈ ਨਵਾਂ ਸਿਆਪਾ ਪਾ ਕੇ ਰੱਖ ਦੇਵੇ।"

"ਸਾਲੀ ਕਿਤੋਂ ਦੀ। ਭੈਂ ਚੋ ਕੰਮ ਜਿੰਨਾ ਵਧੀਆ, ਆਦਤਾਂ ਉਨੀਆਂ ਮਾੜੀਆਂ। ਕਿੰਨੀ ਵਾਰੀ ਸਮਝਾਇਐ ਇਹਨੂੰ ਸ਼ੋਅ ਤੋਂ ਬਾਦ ਜੋ ਮਰਜੀ ਫੱਕੀ ਮਰੀ ਜਾਵੇ। ਸਵੇਰ ਸਾਰ ਡੱਕੀ ਬੈਠੀ ਏ, ਸਿਆਪਾ ਮੇਰੇ ਭਾਅ ਦਾ। ਕੋਈ ਨਾ, ਤੂੰ ਚੱਲ ਕੇ ਸਾਮਾਨ ਲੋਡ ਕਰਵਾ, ਮੈਂ ਵੇਖਣਾਂ ਆ ਕੇ। ਸੁਨੀਲ ਤੂੰ ਰੋਸ਼ਨੀ ਨੂੰ ਘਰ ਲੈ ਕੇ ਚੱਲ। ਮੈਂ ਆਇਆ ਗੱਡੀਆਂ ਤੋਰ ਕੇ।"

"ਹੋਰ ਬਾਊ ਕਿਵੇਂ ਫਿਰ ਸੱਭਿਆਚਾਰਕ ਪ੍ਰੋਗਰਾਮ ਈ ਚੱਲ ਰਹੇ ਨੇ ਕਿ ਆਈ ਕੋਈ ਵੈਸਟਰਨ ਦੀ ਬੁਕਿੰਗ?"

"ਮੇਲਿਆਂ ਦਾ ਸੀਜ਼ਨ ਏ ਸੁਨੀਲ ਯਾਰ। ਵੈਸਟਰਨ ਹੁੰਦਾ, ਤਾਂ ਐਂਕਰਿੰਗ ਲਈ ਤੇਰੀ ਬੁਕਿੰਗ ਨਾ ਹੋਈ ਹੁੰਦੀ..! ਸੱਭਿਆਚਾਰਕ ਗਰੁੱਪ ਦੀ ਡਿਮਾਂਡ ਨੇ ਜਾਨ ਵਖਤ ਨੂੰ ਪਾਈ ਹੋਈ ਏ। ਭੰਗੜਾ ਤੇ ਗਿੱਧਾ ਗਰੁੱਪ ਨਾਸਾਂ ਥਾਣੀਂ ਧੂੰ ਕਢਾ ਦਿੰਦੇ ਨੇ। ਨਾ ਤੈਨੂੰ ਕਿਹੜਾ ਭੁੱਲ ਏ ਖੂਹ, ਹਲ਼, ਪੰਜਾਲੀਆਂ, ਢੋਲ, ਚੱਕੀਆਂ ! ਤੌਬਾ ਮੇਰੇ ਪਿਉ ਦੀ ਭੈਂ ਚੋ, ਸੌਖੈ ਕੋਈ ਪੁਰਾਣਾ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਨਾ। ਭਾਰੀ ਸਮਾਨ ਤੇ ਕਮਾਈ ਜੀਰੋ, ਪਰ ਵਿਹਲੇ ਨਾਲੋਂ ਵਗਾਰ ਚੰਗੀ। ਖਰਚਾ ਪਾਣੀ ਤਾਂ ਚੱਲਦਾ ਹੀ ਰਹਿੰਦੈ। ਇੱਕ ਤਾਂ ਭੈਂ ਚੋ ਮੇਲੇ ਸਾਲੇ ਲੱਗਦੇ ਵੀ ਗਰਮੀਆਂ 'ਚ ਨੇ। ਉਧਰੋਂ ਤਾਰਾ ਡੁੱਬਿਆ ਹੋਇਆ ਸੀ, ਢਾਈ ਮਹੀਨੇ ਵਿਆਹਾਂ ਦਾ ਕੰਮ ਠੱਪ ਰਿਹਾ। ਢਿੱਡ ਨੂੰ ਜੰਦਰੇ ਵੱਜਣ ਵਾਲਾ ਹਾਲ ਹੋਇਆ ਪਿਐ। ਸਰਦੀਆਂ ਦਾ ਸੀਜ਼ਨ ਭਾਵੇਂ ਦੋ-ਢਾਈ ਮਹੀਨੇ ਹੀ ਹੁੰਦੈ, ਪਰ ਸਾਰੇ ਸਾਲ ਦਾ ਖਰਚਾ ਪੂਰਾ ਕਰਕੇ ਦੋ-ਦੋ ਛਿੱਲੜ ਸਾਡੀ ਝੋਲੀ ਵੀ ਪਾ ਦਿੰਦਾ ਏ। ਬਸ ਅਗਲੇ ਮਹੀਨੇ ਮੌਸਮ ਫਿਰਿਆ ਨਹੀਂ ਤੇ ਆਪਣੀ ਚੱਲ ਸੋ ਚੱਲ। ਸਰਾਧ ਲੰਘੇ ਤੇ ਨਰਾਤੇ ਆਏ, ਜਗਰਾਤਿਆਂ ਦੀ ਬੁਕਿੰਗ ਫੁੱਲ ਏ ਤੇ ਨਾਲ ਹੀ ਵਿਆਹਾਂ ਦੇ ਸਾਹੇ ਸ਼ੁਰੂ। ਤੂੰ ਲੈ ਕੇ ਚੱਲ ਘਰ ਭਾਬੀ ਆਪਣੀ ਕੋਲ ਇਹਨੂੰ, ਤੇ ਮੈਂ ਆਇਆ ਤੇਰੇ ਮਗਰੇ-ਮਗਰ। ਅਗਲੇ ਹਫਤੇ ਵਿਆਹਾਂ ਦਾ ਸੀਜਨ ਸ਼ੁਰੂ ਹੋ ਜਾਣੈ ਤੇ ਫਿਰ ਦਿਨ-ਰਾਤ ਕੰਮ ਹੀ ਕੰਮ।" ਉਨ੍ਹਾਂ ਨੂੰ ਭੇਜ ਕੇ ਬਾਊ ਅਸ਼ੋਕ ਨੀਤੂ ਦੇ ਕਮਰੇ 'ਚ ਜਾ ਪਹੁੰਚਿਆ ਤੇ ਫਰਸ਼ 'ਤੇ ਮੂਧੇ-ਮੂੰਹ ਡਿੱਗੀ ਪਈ ਨੂੰ ਬਾਹੋਂ ਖਿੱਚ ਕੇ ਪੱਟ 'ਤੇ ਪਾ ਲਿਆ।

"ਨੀਤੂ, ਕੀ ਖਾਧਾ ਈ। ਲਿਆ ਟੀਟੂ ਪਾਣੀ ਦਾ ਜੱਗ ਦੇ ਇੱਧਰ ਮੈਨੂੰ ਭੈਂ ਚੋ ਤੇ ਤੂੰ ਛੇਤੀ ਅੱਧਾ ਗਿਲਾਸ ਪਾਣੀ 'ਚ ਦੋ ਨਿੰਬੂ ਨਿਚੋੜ ਕੇ ਲਿਆ। ਇਹਨੂੰ ਕੰਮ 'ਤੇ ਭੇਜਣ ਜੋਗੀ ਕਰੀਏ।"

ਬਾਊ ਅਸ਼ੋਕ ਨੇ ਪਾਣੀ ਦਾ ਬੁੱਕ ਭਰ ਕੇ ਨੀਤੂ ਦੇ ਮੂੰਹ 'ਤੇ ਮਾਰਿਆ ਤੇ ਨਿੰਬੂ ਪਾਣੀ ਦਾ ਗਿਲਾਸ ਉਸ ਦੇ ਮੂੰਹ ਨਾਲ ਲਗਾ ਦਿੱਤਾ। ਨੱਕ ਘੁੱਟ ਕੇ ਸਾਹ ਰੋਕਿਆ ਤੇ ਗਟ-ਗਟ ਕਰਦਾ ਨਿੰਬੂ ਪਾਣੀ ਉਸ ਦੇ ਸੰਘ ਹੇਠ ਉਤਾਰ ਦਿੱਤਾ।

"ਕੁੱਝ ਨਹੀਂ ਖਾਧਾ ਬਾਊ, ਬਸ ਰਾਤ ਵਾਲੀ ਪਾਰਟੀ ਦੇ ਬੰਦੇ, ਹਰਾਮੀ ਸਾਲੇ ਮੇਰੇ ਪਿਉ ਦੇ, ਨਾ ਨੱਚੇ ਨਾ ਨੱਚਣ ਦਿੱਤਾ। ਮੂੰਹ ਨੂੰ ਘੁੱਟ-ਘੁੱਟ ਲੁਆਉਂਦੇ ਆਪ ਬੋਤਲਾਂ ਖ਼ਾਲੀ ਕਰੀ ਆਏ। ਬਸ ਪਾਰਟੀ ਨੂੰ ਖੁਸ਼ ਕਰਨ ਦੇ ਚੱਕਰ 'ਚ ਥੋੜ੍ਹੀ ਜ਼ਿਆਦਾ ਹੋ ਗਈ, ਉਹ ਨਹੀਂ ਲੱਥੀ। ਬਾਊ ਅੱਜ ਮੈਂ ਮੁੰਡੇ



ਕੋਲ ਜਾਣੈਂ।" ਉਸ ਨੂੰ ਸਿੱਧੀ ਕਰਨ ਲੱਗਿਆਂ ਕੁੜਤੀ ਦੇ ਗਲਮੇ 'ਚੋਂ ਪੰਜ ਸੌ ਦਾ ਨੋਟ ਨਜ਼ਰੀਂ ਚੜ੍ਹਿਆ ਤੇ ਬਾਊ ਅਸ਼ੋਕ ਨੇ ਹੱਥ ਮਾਰ ਕੇ ਅੰਦਰੋਂ ਨੋਟਾਂ ਦਾ ਰੁੱਗ ਭਰ ਲਿਆ।

"ਇਹ ਕੀ ਏ ਭੈਂ ਚੋ। ਕਿੰਨੀ ਵਾਰੀ ਆਖਿਐ ਕੁਲੈਕਸ਼ਨ 'ਚ ਗੜਬੜ "

"ਨਹੀਂ ਬਾਊ ਗੜਬੜ ਨਹੀਂ ਕੀਤੀ, ਸਹੁੰ ਪੁੱਤ ਦੀ। ਉਹ ਪਾਰਟੀ ਵਾਲੇ ਈ ਸਾਲੇ, ਪਹਿਲਾਂ ਤਾਂ ਦੁਆਨੀ ਨਾ ਕੱਢਣ ਤੇ ਫਿਰ ਜਦੋਂ ਦੋ-ਦੋ ਘੁੱਟ ਅੰਦਰ ਗਏ, ਕਿੱਧਰ-ਕਿੱਧਰ ਨੋਟ ਵਾੜੀ ਆਏ ਨੇ, ਮੈਨੂੰ ਆਪ ਨਹੀਂ ਪਤਾ। ਇਹ ਲੈ, ਇੱਧਰ ਵੀ ਵਾੜੇ ਹੋਏ ਨੇ। ਮੈਂ ਮੁੰਡੇ ਕੋਲ ਜਾਣੈਂ ।" ਉਸ ਨੇ ਤੇੜ ਪਾਏ ਪਜਾਮੇ ਦੇ ਅੰਦਰ ਹੱਥ ਮਾਰਿਆ ਤੇ ਨੋਟਾਂ ਦਾ ਰੁੱਗ ਭਰ ਕੇ ਬਾਊ ਵੱਲ ਵਧਾ ਦਿੱਤਾ, ਅੰਦਰ ਟੋਹਿਆ ਤੇ ਕੁਝ ਨੋਟ ਹੋਰ ਕੱਢ ਕੇ ਅਸ਼ੋਕ ਵੱਲ ਵਧਾ ਦਿੱਤੇ।

"ਪਹਿਲਾਂ ਜਾਣ ਜੋਗੀ ਤਾਂ ਹੋ, ਮੇਰੀ ਮਾਂ ਚੱਲ ਉੱਠ ਭੈਂ ਚੋ । ਸੱਭਿਆਚਾਰਕ ਸ਼ੋਅ ਏ ਤੇਰਾ। ਉੱਠ ਕੇ ਫੁਲਕਾਰੀ ਤੇ ਪਰਾਂਦੇ ਵਾਲੀ ਮੈਚਿੰਗ ਦਾ ਬੈਗ ਚੁੱਕ ਤੇ ਛੇਤੀ ਨਿਕਲਣ ਦੀ ਕਰੋ। ਮੇਲਿਆਂ ਦਾ ਸੀਜਨ ਕੱਢ ਲੈ ਤੇ ਫਿਰ ਜਾਈਂ ਮੁੰਡੇ ਕੋਲ। ਇੱਕ ਅੱਜ ਤੇ ਇੱਕ ਸ਼ੋਅ ਹੋਰ ਏ। ਚੱਲ ਟੀਟੂ ਬੈਗ ਚੁੱਕ ਏਂਹਦਾ ਤੇ ਨਿਕਲਣ ਦੀ ਕਰੋ। ਵਿਹੜੇ 'ਚੋਂ ਅਮਰੂਦ ਦੇ ਪੱਤੇ ਤੋੜ ਕੇ ਏਂਹਦੇ ਮੂੰਹ 'ਚ ਰੱਖ ਦੇਵੀਂ। ਭੈਂ ਚੋ ਸ਼ਰਾਬ ਦੀ ਹਵਾੜ ਘੱਟ ਜਾਵੇਗੀ, ਤੇ ਉਹ ਸ਼ੀਨਮ ਹੋ ਗਈ ਤਿਆਰ ਕਿ ਨਹੀਂ?"

ਬਾਊ ਨੇ ਦੋ ਪੰਜ-ਪੰਜ ਸੌ ਦੇ ਨੋਟ ਨੀਤੂ ਦੀ ਮੁੱਠੀ 'ਚ ਘੁੱਟ ਕੇ ਬਾਕੀ ਇਕੱਠੇ ਕਰਕੇ ਆਪਣੀ ਪੈਂਟ ਦੀ ਜੇਬ 'ਚ ਪਾ ਲਏ। ਕੰਮ 'ਤੇ ਲੱਗੇ ਕੁੜੀਆਂ-ਮੁੰਡਿਆਂ ਨੂੰ ਕੁਲੈਕਸ਼ਨ 'ਚੋਂ ਇਨਾਮ ਦੇਣ ਤੇ ਉਨ੍ਹਾਂ ਦੇ ਚੰਗੇ-ਮੰਦੇ ਵੇਲੇ ਕੰਮ ਆਉਣ ਤੋਂ ਇਲਾਵਾ ਹੋਰ ਵੀ ਕਈ ਗੁਣ ਸਨ, ਜੋ ਬਾਊ ਅਸ਼ੋਕ ਨੂੰ ਹੋਰ ਆਰਕੈਸਟਰਾ ਗਰੁੱਪ ਸੰਚਾਲਕਾਂ ਨਾਲੋਂ ਵੱਖ ਖੜ੍ਹਾ ਕਰਦੇ ਸਨ। ਇਹੀ ਕਾਰਨ ਸੀ ਕਿ ਸਿਰੇ ਦੀਆਂ ਡਾਂਸਰਾਂ ਪਿੱਠ 'ਚ ਵਾਰ ਕਰਨਾ ਤਾਂ ਦੂਰ ਦੀ ਗੱਲ, ਉਸ ਦੇ ਗਰੁੱਪ ਨਾਲੋਂ ਟੁੱਟ ਕੇ ਛੇਤੀ ਕਿਧਰੇ ਹੋਰ ਕਿਸੇ ਕੋਲ ਜਾਣ ਬਾਰੇ ਸੋਚਦੀਆਂ ਵੀ ਨਹੀਂ ਸਨ।

"ਹੋ ਗਈ ਬਾਊ। ਸ਼ੀਨਮ, ਸ਼ਬਨਮ, ਨੀਤੂ ਨੂਰਾਨੀ ਤੇ ਭੰਗੜਾ ਗਰੁੱਪ ਮੇਰੀ ਗੱਡੀ 'ਚ ਸੈੱਟ ਹੋ ਜਾਣਗੇ, ਬਾਕੀ ਸਾਰੇ ਮੁੰਡੇ ਸਾਊਂਡ ਵਾਲੀ ਗੱਡੀ 'ਚ ਤੋਰ ਦਿੱਤੇ ਨੇ। ਸਾਡੇ ਪਹੁੰਚਣ ਤੱਕ ਸਟੇਜ ਲੱਗੀ ਹੋਵੇਗੀ, ਸ਼ਾਇਰ ਜਤਿੰਦਰ ਨੂੰ ਆਖ ਦਿੱਤਾ ਸੀ, ਸਾਡੇ ਪਹੁੰਚਣ 'ਚ ਦੇਰ ਹੋ ਜਾਵੇ, ਤਾਂ ਇੱਕ ਦੋ ਗੀਤ ਤੂੰਬੀ 'ਤੇ ਉਹ ਆਪ ਲਾ ਦੇਵੇਗਾ। ਬਾਕੀ ਕੋਈ ਮੁਸ਼ਕਿਲ ਨਹੀਂ ਆਉਣ ਵਾਲੀ, ਤੇ ਹਾਂ ਸੱਚੀ ਓ ਤੇਰੀ ਖਾਸਮ-ਖਾਸ ਚਾਂਦਨੀ ਬਾਰ ਵੀ ਪਹੁੰਚ ਗਈ ਸੀ, ਸਿੱਧੀ ਪ੍ਰੋਗਰਾਮ ਵਾਲੀ ਥਾਂ । ਸੱਚੀਂ ਕਹਿਰ ਏ ਨਿਰ੍ਹੀ। ਜੀਨ ਦੀ ਪੈਂਟ, ਬੈਲਟ 'ਚ ਪਸਤੌਲ ਉੱਤੇ ਈ ਟੰਗਿਆ ਹੁੰਦੈ, ਆਵਦੀ ਜਿਪਸੀ ਆਪ ਚਲਾ ਕੇ ਜਦੋਂ ਪੈਲੇਸ 'ਚ ਐਂਟਰੀ ਮਾਰਦੀ ਏ ਤੇ ਮਗਰ ਬੈਗ ਚੁੱਕੀ ਹੈਲਪਰ। ਇੰਜ ਲੱਗਦੇ ਸੱਚੀਂ ਡਿਪਟੀ ਦੀ ਸਾਲੀ ਹੋਵੇ, ਤੇ 'ਕੈਦ ਕਰਾ ਦੂੰਗੀ' ਗਾਉਣ ਦੀ ਲੋੜ ਹੀ ਨਹੀਂ ਰਹਿੰਦੀ। ਵੱਡੇ-ਵੱਡੇ ਨਾਢੂ ਖਾਂ ਦੇ ਪੁੱਤਰ ਉਹਦੇ ਕੈਦੀ ਬਣਨ ਨੂੰ ਲੇਲ੍ਹੜੀਆਂ ਕੱਢਦੇ ਆ। ਵੇਖਣ ਵਾਲੇ ਅਧਮੋਏ ਕਰ ਦਿੰਦੀ ਏ ਸਟੇਜ 'ਤੇ ਚੜ੍ਹਨ ਤੋਂ ਪਹਿਲਾਂ ਈ। ਐਡੀ ਲੰਮੀ, ਖੁੱਲ੍ਹੇ ਵਾਲ, ਕਾਲੀਆਂ ਐਨਕਾਂ ਹਾਏ ਬਾਊ, ਨਿੱਕੇ-ਵੱਡੇ ਗਸ਼ ਖਾ-ਖਾ ਡਿੱਗਦੇ ਆ, ਤੇ ਨੋਟ ਅਈਂ ਲੁਟਾਉਂਦੇ ਈ, ਜਿਵੇਂ ਨਵੇਂ ਕੜਕਣੇ ਨੋਟਾਂ ਦਾ ਛਾਪਾਖ਼ਾਨਾ ਮੁੱਲ ਕਰਾਇਆ ਹੁੰਦੈ, ਪਰ ਬਾਊ ਅੱਜ ਵਾਲੀ ਰੋਸ਼ਨੀ ਸਾਹਮਣੇ ਚਾਂਦਨੀ ਫਿੱਕੀ ਪੈ ਜਾਣੀ ਆਂ।" ਟੀਟੂ ਦੂਹਰਾ-ਚੌਹਰਾ ਹੁੰਦਾ, ਕੈਂਟਰ 'ਚ ਮਾਲ ਲੋਡ ਕਰਵਾਉਂਦਾ ਪ੍ਰੋਗਰਾਮ ਦੀ ਤਿਆਰੀ ਦਸਦਾ ਮਸਤਿਆ ਪਿਆ ਸੀ।

" ਲੈ ਭੈਂ ਚੋ ਜੇ ਚਾਂਦਨੀ ਪਹੁੰਚੀ ਹੋਈ ਏ ! ਫਿਰ ਕਾਹਦਾ ਫ਼ਿਕਰ। ਹੁਣ ਹੌਸਲਾ ਏ ਮੈਨੂੰ। ਤੇਰਾ ਨਾਂ ਟੀਟੂ ਨਹੀਂ ਗੀਟੂ ਹੀ ਠੀਕ ਏ। ਡੇਢ ਮੁੱਠ ਹੈ ਨਹੀਂ ਸਾਲਾ, ਤੇ ਨਵੀਂ ਆਈ ਰੋਸ਼ਨੀ ਤੇ ਹੰਢੀ ਵਰਤੀ ਚਾਂਦਨੀ ਦੀ ਚਮਕ ਪਰਖਦਾ ਫਿਰਦੈ। ਚੱਲ ਚੜ੍ਹ ਜਾ ਟਪੂਸੀ ਮਾਰ ਕੇ ਕੈਂਟਰ 'ਤੇ। ਪਹੁੰਚੋ

ਛੇਤੀ, ਰੁਬੀਨਾ ਉੱਠ ਕੇ ਗੇਟ ਬੰਦ ਕਰ, ਮੈਂ ਚੱਲਿਆਂ ਘਰ।''

ਟੀਟੂ ਦਾ ਕੱਦ ਮਸਾਂ ਸਵਾ ਤਿੰਨ ਫੁੱਟ ਹੀ ਸੀ, ਪਰ ਕੰਮ ਕਰਨ 'ਚ ਸੱਤ ਫੁੱਟਿਆਂ ਨੂੰ ਵੀ ਪਿੱਛੇ ਛੱਡਦਾ ਸੀ। ਸੱਭਿਆਚਾਰਕ ਐਂਟਰੀ 'ਚ ਜਦੋਂ 'ਬਾਬਲੇ ਨੇ ਵਰ ਟੋਲਿਆ, ਮੇਰੀ ਗੁੱਤ ਦੇ ਪਰਾਂਦੇ ਨਾਲੋਂ ਛੋਟਾ' ਦੀ ਪੇਸ਼ਕਾਰੀ ਹੁੰਦੀ, ਤਾਂ ਆਪਣੇ ਨਾਲੋਂ ਡੇਢ ਗੁਣਾ ਲੰਬੀ ਨੀਤੂ ਦੇ ਮੋਢਿਆਂ 'ਤੇ ਸਵਾਰ ਹੋ ਕੇ ਧਮਾਲ ਪਾ ਦਿੰਦਾ। ਅਸਲ ਵਿੱਚ ਬਾਊ ਅਸ਼ੋਕ ਦਾ ਸਭ ਤੋਂ ਵੱਡਾ ਜਸੂਸ ਤੇ ਸਭ ਤੋਂ ਵੱਧ ਭਰੋਸੇਯੋਗ ਵੀ ਸੀ। ਅਸ਼ੋਕ ਦੀ ਪਿੱਠ ਤੱਕ ਪਹੁੰਚਣ ਤੋਂ ਪਹਿਲਾਂ ਕਿੰਨੀਆਂ ਹੀ ਛੁਰੀਆਂ ਦੇ ਵਾਰ ਖੁੰਢੇ ਕਰਕੇ ਉਸ ਨੇ ਵਫ਼ਾਦਾਰੀ ਦਾ ਸਬੂਤ ਦਿੱਤਾ ਸੀ।

ਗੱਡੀਆਂ ਚਲਾ ਕੇ ਬਾਊ ਅਸ਼ੋਕ ਨੇ ਰੁਬੀਨਾ ਨੂੰ ਗੋਡਾਊਨ ਦੇ ਗੇਟ ਨੂੰ ਅੰਦਰੋਂ ਤਾਲਾ ਮਾਰ ਲੈਣ ਲਈ ਹਾਕ ਮਾਰੀ, ਤੇ ਗੇਟ ਢੋਅ ਕੇ ਘਰ ਵੱਲ ਚੱਲ ਪਿਆ।

*****

ਬਿਜਲੀ ਮਕੈਨਿਕ ਸ਼ੌਕੀ ਕਦੀ ਅੱਠ ਬਾਈ ਦਸ ਦੀ ਦੁਕਾਨ ਦੇ ਕਾਊਂਟਰ 'ਤੇ ਰੱਖੇ ਪ੍ਰੈੱਸ, ਰੇਡੀਓ, ਸਪੀਕਰ ਠੀਕ ਕਰਨ ਲਈ ਕਾਬੀਆ ਟਾਂਕਿਆਂ 'ਚ ਸਿਰ ਦਿੱਤੀ ਰੱਖਦਾ ਸੀ। ਉੱਧਰੋਂ ਵਿਹਲ ਮਿਲਣੀ ਤਾਂ ਕੈਸੇਟਾਂ 'ਚ ਗਾਣੇ ਭਰਨ ਲੱਗ ਜਾਣਾ। ਸਰਦੀਆਂ ਦਾ ਮੌਸਮ ਹੁੰਦਾ ਤਾਂ ਹੀਟਰ ਦੇ ਸਪਰਿੰਗ ਬਦਲਣ 'ਚ ਦਿਹਾੜੀ ਨਿਕਲ ਜਾਂਦੀ, ਗਰਮੀਆਂ ਆਉਂਦੀਆਂ ਤਾਂ ਸਵੇਰ ਤੋਂ ਲੈ ਕੇ ਰਾਤ ਤੱਕ ਪੱਖੇ, ਕੂਲਰ ਮੁਰੰਮਤ ਕਰਦਾ ਪਸੀਨੇ 'ਚ ਤਾਰੀਆਂ ਲਾਉਂਦੇ ਦਾ ਲੱਕ ਦੂਹਰਾ ਹੋਇਆ ਰਹਿੰਦਾ। ਦਿਨ ਭਰ ਹੱਡ ਤੋੜਵੀਂ ਮਿਹਨਤ ਕਰਕੇ ਪੱਲੇ ਪੈਂਦੇ ਘਰ ਦੀਆਂ ਔੜਾਂ-ਥੋੜਾਂ ਭੰਨੇ ਘਰਵਾਲੀ ਦੇ ਬੋਲ। ਦਿਨੋਂ-ਦਿਨ ਵੱਧਦੀ ਮਹਿੰਗਾਈ ਨੇ ਕਬੀਲਦਾਰੀ ਦਾ ਭਾਰ ਚੁੱਕਣ ਲਈ ਕਿਸੇ ਹੋਰ ਕੰਮ-ਧੰਦੇ ਵੱਲ ਹੱਥ-ਪੈਰ ਮਾਰਨ ਲਈ ਸੋਚਾਂ ਦਾ ਰਥ ਦੌੜਾਉਣਾ ਸ਼ੁਰੂ ਕਰ ਦਿੱਤਾ।

ਸੋਚਦਾ ! ਬਲਬਾਂ ਦੀ ਫੈਕਟਰੀ ਲਾ ਲਵਾਂ ਪਰ ਕਿਵੇਂ? ਨਾ ਪੈਸਾ, ਨਾ ਭੋਇੰ !!

ਇੱਕ ਖ਼ਿਆਲ ਆਉਂਦਾ ਬਾਹਰ ਦੇ ਮੁਲਖ਼ ਉਡਾਰੀ ਮਾਰ ਜਾਵਾਂ ! ਪਰ ਫਿਰ ਕਿਵੇਂ? 'ਤੇ ਆ ਕੇ ਸੋਚਾਂ ਦੀ ਸੂਈ ਅਟਕ ਜਾਂਦੀ।

ਇੱਕ ਵਾਰੀ ਮਨ ਕਰੜਾ ਕਰਕੇ ਮਾਮੇ ਦੇ ਆਖਣ 'ਤੇ ਚੰਡੀਗੜ੍ਹ ਮਕੈਨਿਕੀ ਕਰਨ ਪਹੁੰਚ ਗਿਆ, ਪਰ ਮਾਮੀ ਦਾ 'ਕਿੰਨੇ ਫੁਲਕੇ ਬਣਾਵਾਂ' ਪੁੱਛਣਾ ਆਤਮ-ਸਨਮਾਨ ਨੂੰ ਨਾ ਪੁੱਗਿਆ ਤੇ ਵਾਪਸ ਆਪਣੀ ਖੁੱਡੀ 'ਚੋਂ ਮਹੱਲ ਉਸਾਰਨ ਦੀਆਂ ਵਿਉਂਤਾਂ ਉਲੀਕਣ ਲੱਗਿਆ।

ਆਖਿਰ ਸੌ ਵਲਾਵਾਂ ਸਿਰੇ 'ਤੇ ਗੰਢ, ਤੇ ਰੱਸਾ ਹੱਥ ਆ ਹੀ ਗਿਆ। ਆਪਣੇ ਇੱਕ ਮਿੱਤਰ ਰਾਜ ਕੁਮਾਰ ਦੇ ਚੱਲਦੇ ਆਰਕੈਸਟਰਾ ਦੇ ਕੰਮ 'ਚ ਸਾਊਂਡ ਲਗਾਉਣ ਦਾ ਕੰਮ ਫੜ ਲਿਆ। ਗਾਣਿਆਂ ਦੀ ਡਿਮਾਂਡ ਪੂਰੀ ਕਰਦੇ ਨੇ ਕੰਮ ਦਾ ਅਜਿਹਾ ਭੇਤ ਪਾਇਆ, ਕਿ ਰਾਜ ਕੁਮਾਰ ਦੇ ਚੱਲਦੇ ਕੰਮ 'ਚ ਹਿੱਸੇਦਾਰ ਬਣ ਗਿਆ। ਸਾਊਂਡ ਸ਼ੌਕੀ ਨੇ ਸੰਭਾਲੀ, ਤਾਂ ਸਟੇਜ ਸੰਚਾਲਨ ਰਾਜ ਕੁਮਾਰ ਨੇ। ਕੁੜੀਆਂ ਅੱਧੋ-ਅੱਧ 'ਚ ਹੋ ਗਈਆਂ। ਕੁਲੈਕਸ਼ਨ ਵੀ ਬਰਾਬਰ ਵੰਡੀ ਜਾਣ ਲੱਗੀ। ਸੱਚ ਕਹਿੰਦੇ ਨੇ ਵਕਤ ਬਦਲਦਿਆਂ ਦੇਰ ਨਹੀਂ ਲੱਗਦੀ। ਜਿਵੇਂ-ਜਿਵੇਂ ਧੰਦੇ ਦਾ ਭੇਦ ਪਾਉਣ ਲੱਗਿਆ, ਸ਼ੌਕੀ ਮਕੈਨਿਕ ਦੇ ਦਿਨ ਫਿਰਨ ਲੱਗੇ। ਮਹੀਨੇ ਤੋਂ ਸਾਲ ਤੇ ਫਿਰ ਹਰ ਬੀਤਦੇ ਵਰ੍ਹੇ ਨਾਲ ਵਕਤ ਬਦਲਣ ਲੱਗਿਆ। ਪੈਸਾ ਆਉਂਦਾ ਦਿਸੇ, ਤੇ ਬੰਦਾ ਮਿਹਨਤ ਨਾ ਕਰੇ ਬਾਊ ਅਸ਼ੋਕ ਉਨ੍ਹਾਂ ਨਿਠੱਲਿਆਂ ਵਿੱਚੋਂ ਨਹੀਂ ਸੀ। ਹੱਡ ਤੋੜਵੀਂ ਮਿਹਨਤ ਤੇ ਫਿਰ ਕੰਮ ਪ੍ਰਤੀ ਈਮਾਨਦਾਰੀ ਨੇ ਰੰਗ ਦਿਖਾਇਆ, ਤੇ ਰਾਜ ਕੁਮਾਰ ਨੂੰ ਅਲਵਿਦਾ ਆਖ ਆਪਣਾ ਵੱਖਰਾ ਡੀ.ਜੇ. ਐਂਡ ਆਰਕੈਸਟਰਾ ਗਰੁੱਪ ਸ਼ੁਰੂ ਕਰ ਲਿਆ। ਵੇਖਦੇ ਹੀ ਵੇਖਦੇ ਅਸ਼ੋਕ ਡੀ.ਜੇ. ਲਾਈਟ ਐਂਡ ਸਾਊਂਡ ਦੀ ਇਲਾਕੇ ਵਿੱਚ ਹੀ ਨਹੀਂ, ਬਲਕਿ ਦੂਰ-ਦੂਰ ਤੱਕ ਬਿਜਲੀ ਚਮਕਣ ਲੱਗੀ।



ਬਿਜਲੀ ਕੋਈ ਹੋਰ ਨਹੀਂ ਉਸ ਦੇ ਗਰੁੱਪ 'ਚ ਆਈ ਸਭ ਤੋਂ ਪਹਿਲੀ ਡਾਂਸਰ ਕਮਲੇਸ਼ ਸੀ, ਜੋ ਬਿਜਲੀ ਦੇ ਨਾਂ 'ਤੇ ਅਜਿਹੇ ਕਰੰਟ ਦੇ ਝਟਕੇ ਲਗਾਉਂਦੀ, ਕਿ ਇਲਾਕੇ ਦਾ ਕੋਈ ਵਿਆਹ ਸਮਾਗਮ ਹੋਵੇ ਬਿਜਲੀ ਤੋਂ ਬਗੈਰ ਫ਼ਿਊਜ਼ ਉੱਡਿਆ ਮੰਨਿਆ ਜਾਣ ਲੱਗਿਆ। ਸਾਲ ਕੁ ਅਸ਼ੋਕ ਬਾਊ ਨਾਲ ਕੰਮ ਕੀਤਾ। ਫਿਰ ਇੱਕ ਆਰ.ਐਮ.ਪੀ. ਦੁਹਾਜੂ ਡਾਕਟਰ ਨਾਲ ਲਾਵਾਂ ਲੈ ਲਈਆਂ। ਡਾਕਟਰ ਦੇ ਪਹਿਲੇ ਵਿਆਹ 'ਚੋਂ ਦੋ ਧੀਆਂ ਤੇ ਇੱਕ ਪੁੱਤਰ ਦੇ ਸਿਰ 'ਤੇ ਮਮਤਾ ਭਰਿਆ ਹੱਥ ਰੱਖਿਆ ਤੇ ਬਾਲਾਂ ਨੂੰ ਮਤਰੇਈ ਮਾਂ ਦਾ ਅਹਿਸਾਸ ਕਰਵਾਉਣਾ ਤਾਂ ਦੂਰ, ਉਹ ਬੱਚਿਆਂ ਦਾ ਇੰਨਾ ਮੋਹ ਕਰਦੀ, ਜਿਵੇਂ ਸਾਰੀਆਂ ਪੀੜਾਂ ਝੱਲ ਕੇ ਢਿੱਡੋਂ ਜਾਏ ਹੋਣ। ਘਰ ਹੀ ਨਹੀਂ ਡਾਕਟਰ ਦੇ ਦਿਲ 'ਤੇ ਰਾਜ ਕਰਨ ਵਾਲੀ ਬਿਜਲੀ ਦੇ ਵਿਆਹ ਤੋਂ ਬਾਦ ਵੀ ਪਰਿਵਾਰ ਸਮੇਤ ਬਾਊ ਅਸ਼ੋਕ ਦੇ ਪਰਿਵਾਰ ਨਾਲ ਆਉਣਾ-ਜਾਣਾ ਅੱਜ ਤੱਕ ਬਣਿਆ ਹੋਇਐ। ਭਰੇ-ਪੂਰੇ ਪਰਿਵਾਰ 'ਚ ਇੱਜ਼ਤਦਾਰ ਜ਼ਿੰਦਗੀ ਜੀ ਰਹੀ, ਬਿਜਲੀ ਅਸਲ ਵਿੱਚ ਆਰਕੈਸਟਰਾ ਦਾ ਕੰਮ ਕਰਦੀਆਂ ਕੁੜੀਆਂ ਲਈ ਕੰਡਿਆਂ 'ਚੋਂ ਫੁੱਲਾਂ ਦੀਆਂ ਸੁਗੰਧੀਆਂ ਚੁਣਨ ਦੀ ਮਿਸਾਲ ਬਣੀ ਹੋਈ ਹੈ। ਬਾਊ ਅਸ਼ੋਕ ਨੂੰ ਵੀਰ ਜੀ ਆਖਦੀ ਹੀ ਨਹੀਂ, ਅਸਲ ਵਿੱਚ ਉਸ ਦੇ ਬਾਲਾਂ ਨੂੰ ਅੱਜ ਤੱਕ ਨਹੀਂ ਪਤਾ ਕਿ ਉਹ ਉਨ੍ਹਾਂ ਦੀ ਸੱਕੀ ਭੂਆ ਨਹੀਂ। ਭੂਆ ਕਮਲੇਸ਼ ਦੇ ਆਉਣ ਦੀ ਉਡੀਕ ਬਾਲ ਬੇਸਬਰੀ ਨਾਲ ਕਰਦੇ, ਤੇ ਛੁੱਟੀਆਂ 'ਚ ਉਸ ਕੋਲ ਜਾਣ ਲਈ ਬੈਗ ਵੀ ਬੰਨ੍ਹੀ ਰੱਖਦੇ।

ਰਿਸ਼ਤੇ ਨਿਭਾਉਣ ਦੀ ਇਹ ਕਲਾ ਵੀ ਬਾਊ ਅਸ਼ੋਕ ਦੇ ਹਿੱਸੇ ਹੀ ਆਈ ਸੀ। ਇਹੀ ਕਾਰਨ ਸੀ ਕਿ ਕੰਮ ਵਧਣ ਨਾਲ ਜ਼ਮੀਨ ਜਾਇਦਾਦ ਦਾ ਘੇਰਾ ਹੀ ਨਹੀਂ ਵਧਿਆ, ਸਮਾਜਿਕ ਵਰਤਾਰੇ ਦੀਆਂ ਬਾਹਾਂ ਵੀ ਦੂਰ-ਦੂਰ ਤੱਕ ਫੈਲ ਗਈਆਂ।

ਅੱਠ ਬਾਈ ਦਸ ਦੁਕਾਨ ਦਾ ਘੇਰਾ ਵੱਧ ਕੇ ਗੋਡਾਊਨ, ਦੁਕਾਨਾਂ ਤੋਂ ਵੱਧਦਾ ਕਈ ਪਲਾਟਾਂ ਤੱਕ ਫੈਲਣ ਲੱਗਿਆ। ਕਦੀ ਆਪ ਰੋਟੀ ਦੇ ਗੁਜ਼ਾਰੇ ਲਈ ਦੂਜਿਆਂ ਦੇ ਮੂੰਹ ਵੱਲ ਵੇਖਣ ਵਾਲਾ ਬਿਜਲੀ ਮਕੈਨਿਕ ਸ਼ੌਕੀ, ਬਾਊ ਅਸ਼ੋਕ ਬਣ ਕੇ ਕਈਆਂ ਦੇ ਢਿੱਡ ਦਾ ਵਸੀਲਾ ਬਣ ਗਿਆ। ਖ਼ੈਰ ਬੰਦੇ 'ਚ ਆਪਣੀ ਵੀ ਕੋਈ ਲਿਆਕਤ ਹੁੰਦੀ ਹੈ, ਜੋ ਪੱਥਰਾਂ 'ਚੋਂ ਹੀਰੇ ਲੱਭ ਲੈਂਦਾ ਹੈ, ਉਜਾੜਨ ਵਾਲੇ ਤਾਂ ਭਰੇ ਖੂਹ ਵੀ ਖ਼ਾਲੀ ਕਰ ਦਿੰਦੇ ਹਨ।

''ਆਹ ਪਾਣੀ ਦਾ ਗਿਲਾਸ ਦੇ ਸੀਮਾ। ਭੈਂ ਚੋ ਸਿਰ ਖਾ ਗਈ ਏ ਗੰਦੀ ਜਾਤ। ਨਾੜ ਫਟ ਜਾਣੀ ਏ ਕਿਸੇ ਦਿਨ ਸਿਰ ਦੀ।'' ਜੇਬ 'ਚੋਂ ਕੱਢ ਕੇ ਡਿਸਪਰਿਨ ਦੀਆਂ ਇਕੱਠੀਆਂ ਤਿੰਨ ਗੋਲੀਆਂ ਖੋਲ੍ਹੀਆਂ ਤੇ ਪਾਣੀ 'ਚ ਘੋਲ ਕੇ ਇੱਕੋ ਘੁੱਟ 'ਚ ਅੰਦਰ ਲੰਘਾ ਗਿਆ।

''ਹਾਂ ਬਈ ਸੁਨੀਲ, ਹੁਣ ਦੱਸ ਕੌਣ ਏ ਇਹ ਰੋਸ਼ਨੀ? ਕਿੱਥੋਂ ਮਿਲੀ? ਇੱਥੇ ਕਿਵੇਂ ਲੈ ਕੇ ਆਇਐਂ ਤੇ ਹੈ ਕਿੱਥੇ ਹੁਣ?'' ਘਰ ਪਹੁੰਚਦੇ ਹੀ ਉਹ ਰੋਸ਼ਨੀ ਬਾਰੇ ਸਭ ਕੁਝ ਜਾਣ ਲੈਣ ਨੂੰ ਕਾਹਲਾ ਸੀ।

''ਬਾਊ ਜੀ, ਪੈਰ ਉੱਤੇ ਚੁੱਕੋ, ਸੋਫ਼ੇ ਹੇਠਾਂ ਝਾੜੂ ਲਾਉਣੈਂ।''

ਪੈਰਾਂ ਕੋਲ ਹੋਈ ਸੁਰਲ-ਸੁਰਲ ਤੋਂ ਤ੍ਰਭਕ ਕੇ ਉਹ ਬੋਲਿਆ, ''ਓ ਤੂੰ ਕੀ ਕਰ ਰਹੀ ਏਂ ਰੋਸ਼ਨੀ?''

''ਸਫਾਈਆਂ ਬਾਊ ਜੀ, ਬੀਬੀ ਜੀ ਨਾਲ ਭਾਂਡੇ ਮੰਜਵਾ ਦਿੱਤੇ ਸੀ, ਸਫਾਈਆਂ ਕਰਕੇ ਕੱਪੜੇ ਪ੍ਰੈੱਸ ਕਰਨ ਲਈ ਆਖਿਐ। ਫਿਰ ਜੋ ਆਖਣਗੇ ਉਹ ਕੰਮ ਵੀ ਕਰ ਲਵਾਂਗੀ।''

''ਆਹ ਭਾਬੀ ਤੇਰੀ ਵੀ ਨਾ, ਨਵੀਂ ਕੁੜੀ ਆਈ ਨਹੀਂ ਤੇ ਇਹਨੂੰ ਮੌਜਾਂ ਬਣ ਜਾਂਦੀਆਂ ਨੇ। ਕਿੰਨੀ ਵਾਰੀ ਆਖਿਐ ਬਈ ਘਰ ਦਾ ਕੰਮ ਨਹੀਂ ਹੁੰਦਾ ਤਾਂ ਕੋਈ ਕੰਮ ਵਾਲੀ ਰੱਖ ਲਵੇ। ਰੋਸ਼ਨੀ ਛੱਡ ਦੇ ਝਾੜੂ-ਪੋਚਾ, ਇਹ ਤੇਰਾ ਕੰਮ ਨਹੀਂ, ਤੇ ਨਾਲੇ ਬੀਬੀ ਜੀ ਨਹੀਂ ਉਹ ਭਾਬੀ ਏ ਤੇਰੀ। ਸਾਰੀਆਂ ਕੁੜੀਆਂ ਭਾਬੀ ਜੀ ਹੀ ਬੋਲਦੀਆਂ ਨੇ ।''

''ਜੇ ਘਰ ਰਹਿਣਾ ਏ, ਤਾਂ ਕੰਮ ਤਾਂ ਕਰਨਾ ਹੀ ਪਵੇਗਾ। ਵਿਹਲੀ ਸਿਰ 'ਤੇ ਨਹੀਂ ਬਿਠਾਉਣਾ

ਮੈਂ। ਪਹਿਲਾਂ ਪਟੋਸੇ ਬਣਾ ਕੇ ਖੁਆਓ ਤੇ ਫਿਰ ਆਪਣੀ ਜਾਨ ਦਾ ਖੌ ਬਣਾ ਲੌ ਇਹਨਾਂ ਨੂੰ। ਘੰਟੇ ਤੱਕ ਘਰ ਦੇ ਆਸੇ-ਪਾਸੇ ਮੁੰਡੇ ਗੇੜੀਆਂ ਕੱਢਣ ਲੱਗ ਪੈਣਗੇ, ਪਤਾ ਨਹੀਂ ਉਨ੍ਹਾਂ ਨੂੰ ਡਾਂਸਰ ਮੁਸ਼ਕ ਕਿੱਥੋਂ ਆ ਜਾਂਦੈ।''

''ਚੱਲ ਮੂੰਹ ਬੰਦ ਰੱਖ ਆਪਣਾ, ਜਿਹੜੀ ਆਹ ਐਸ਼ ਦੀ ਜ਼ਿੰਦਗੀ ਮਿਲੀ ਏ ਨਾ ਭੈਂ ਚੋ ਤੁਹਾਨੂੰ । ਇਹਨਾਂ ਸਿਰ ਹੀ ਮਿਲੀ ਹੋਈ ਏ। ਸੁਣਦੀ ਏ ਕੁਝ ਹੋਰ ਮੇਰੇ ਕੋਲੋਂ। ਚੱਲ ਸੁਨੀਲ ਤੂੰ ਦੱਸ ਮੈਨੂੰ ਏਹਦੇ ਬਾਰੇ ਤੇ ਫਿਰ ਵੇਖੀਏ ਕੰਮ 'ਤੇ ਸੈੱਟ ਕਰਨਾ ਵੀ ਏ ਕਿ ਨਹੀਂ।''

''ਜ਼ਿਆਦਾ ਤਾਂ ਮੈਂ ਵੀ ਨਹੀਂ ਜਾਣਦਾ, ਪਰ ਜਿੰਨਾ ਕੁ ਅੱਗਾ-ਪਿੱਛਾ ਪਤਾ ਲੱਗਿਐ, ਉਹ ਇੰਝ ਏ ਕਿ ਮਾਂ ਕਸ਼ਮੀਰਨ ਏ, ਅਸਲੀ ਪਿਉ ਕਸ਼ਮੀਰੀ ਬਾਹਮਣ ਸੀ। ਉਹ ਮਰਿਆ ਹੋਇਐ। ਇੱਧਰੋਂ ਕਸ਼ਮੀਰ ਘੁੰਮਣ ਗਿਆ ਕਿ ਰੱਬ ਜਾਣੇ ਕਿਸੇ ਟਰੱਕ ਨਾਲ ਗਿਆ ਕੋਈ ਬੰਦਾ ਏਹਦੀ ਮਾਂ ਨੂੰ ਪੱਟ ਲਿਆਇਆ। ਘਰਵਾਲੀ ਮੇਰੀ ਦੱਸਦੀ ਸੀ ਬਈ ਪਿਛਲੇ ਮਹੀਨੇ ਇਹਦੀ ਮਾਂ, ਇਹਨੂੰ ਤੇ ਏਹਦੇ ਇੱਕ ਭਰਾ ਨੂੰ ਲੈ ਕੇ ਆਪਣੇ ਗੁਆਂਢ ਕਿਰਾਏ 'ਤੇ ਰਹਿਣ ਆਈ ਏ। ਮਾਂ ਏਹਦੀ ਵੇਖਿਆਂ ਰੱਜ ਨਹੀਂ ਆਉਂਦਾ। ਆਵਦਾ ਅੱਗਾ-ਪਿੱਛਾ ਕੁੱਝ ਨਹੀਂ ਫਰੋਲਦੀ। ਅਖੇ, ''ਪਿੱਛੇ ਹਨੇਰੇ ਤੋਂ ਸਿਵਾਏ ਕੁੱਝ ਨਹੀਂ ਹੁੰਦਾ ਤੇ ਨ੍ਹੇਰਾ ਡਰ ਪੈਦਾ ਕਰਦੇ, ਪਰ ਉਹਦੇ ਹਨੇਰੇ 'ਚੋਂ ਮੈਂ ਰੋਸ਼ਨੀ ਦੀ ਕਿਰਨ ਕੱਢ ਲਿਆਇਆਂ। ਹਾਂ, ਦੱਸਦੀ ਸੀ ਕੈਂਸਰ ਹੋ ਗਈ ਏ ਉਹਨੂੰ। ਭਰਾ ਏਹਦਾ ਇਹਦੇ ਨਾਲੋਂ ਵਰ੍ਹਾ-ਡੇਢ ਛੋਟਾ ਏ। ਉਹ ਕਿਸੇ ਢਾਬੇ 'ਤੇ ਲੱਗਿਆ ਹੋਇਐ। ਇਹਦੀ ਮਾਂ ਇਹਨੂੰ ਕੰਮ 'ਤੇ ਲੁਆਉਣ ਨੂੰ ਤਰਲਾ ਲੈਣ ਲੱਗੀ, ਤਾਂ ਮੈਂ ਸੋਚਿਆ ਕਿਉਂ ਨਾ ਇੱਥੇ ਲੈ ਆਵਾਂ। ਬਾਕੀ ਤੇਰੇ ਸਾਹਮਣੇ ਏ। ਇਹਨੂੰ ਤਾਂ ਬਾਲਾਂ ਵਾਂਗੂੰ ਈ ਰੱਖ ਲਈਏ ਤਾਂ ਵੀ ਪੁੰਨ ਖਾਤਾ ਈ ਏ।''

''ਆਹੋ ਪੁੰਨ ਖਾਤਾ, ਬੜੇ ਪੁੰਨ ਕਮਾਏ ਨੇ। ਇਹਨਾਂ ਪੁੰਨ ਖਾਤਿਆਂ ਨੇ ਜੀਣਾ ਹਰਾਮ ਕਰ ਰੱਖਿਐ। ਜਿਹਨੂੰ ਪੁੰਨ ਕਮਾਉਣ ਦਾ ਸ਼ੌਕ ਹੈ, ਆਪਣੇ ਘਰ ਲੈ ਜਾਵੇ। ਰੱਬ ਬਚਾਵੇ ਇਹਨਾਂ ਵੱਡੇ ਪੁੰਨ ਖਾਤਿਆਂ ਤੋਂ। ਖੜ੍ਹਾ-ਖੜੋਤਾ ਬੰਦਾ ਖਾ ਜਾਂਦੀਆਂ ਨੇ ਤੇ ਡਕਾਰ ਵੀ ਨਹੀਂ ਮਾਰਦੀਆਂ। ਉੱਧਰ ਈ ਰੱਖੋ, ਇਹ ਬੰਦੇਖਾਣੀਆਂ ।'' ਗੱਲ ਵੱਲ ਕੰਨ ਧਰੀ ਆਸੇ-ਪਾਸੇ ਕੰਮ ਦੇ ਬਹਾਨੇ ਤੁਰੀ ਫਿਰਦੀ ਸੀਮਾ ਨੇ ਬਾਊ ਅਸ਼ੋਕ ਦੇ ਬੋਲਣ ਤੋਂ ਪਹਿਲਾਂ ਆਪਣਾ ਫ਼ੈਸਲਾ ਸੁਣਾ ਦਿੱਤਾ।

''ਭੈਂ ਚੋ ਤੇਰੀ ਸਲਾਹ ਲਈ ਏ ਕਿਸੇ ਨੇ? ਜਿਹੜੇ ਗਿਣ-ਗਿਣ ਨੋਟ ਰੱਖਣੀਂ ਏਂ ਨਾ ਖੁੱਚਾਂ 'ਚ ਵਾੜ ਕੇ, ਉਹ ਡਾਂਸਰਾਂ ਦੇ ਠੁਮਕਿਆਂ ਤੋਂ ਵਾਰੇ ਹੋਏ ਹੀ ਹੁੰਦੇ ਨੇ, ਨਾ ਫੜਿਆ ਕਰ। ਜਾਂ ਫਿਰ ਇੱਕ ਘੱਗਰੀ ਮੈਨੂੰ ਪੁਆ ਦੇ ਤੇ ਇੱਕ ਆਪ ਪਾ ਕੇ ਸਟੇਜ 'ਤੇ ।''

''ਛੱਡੋ ਭਾਬੀ, ਕਰੋ ਤੁਸੀਂ ਕੰਮ ਆਪਣਾ। ਤੁਹਾਨੂੰ ਭਲਾ ਹੁਣ ਵੀ ਕੋਈ ਸਮਝਾਉਣ ਦੀ ਲੋੜ ਏ। ਕਿੰਨੇ ਸਾਲ ਹੋ ਗਏ, ਕੰਮ ਦਾ ਭੇਤ ਪਾ ਕੇ ਵੀ ਤੁਸੀਂ ਅਜਿਹੀਆਂ ਗੱਲਾਂ ਕਰੋ, ਮੈਂ ਤਾਂ ਤੁਹਾਡੇ ਕੋਲੋਂ ਉਮੀਦ ਨਹੀਂ ਕਰਦਾ। ਬਾਊ ਮੇਰੀ ਗੱਲ ਸੁਣ, ਆਪਣੇ ਕੋਲ ਜਿੰਨੀਆਂ ਕੁੜੀਆਂ ਕੰਮ ਕਰਦੀਆਂ ਨੇ ਸਾਰਿਆਂ ਨਾਲੋਂ ਸੋਹਣੀ ਏ। ਭਾਵੇਂ ਨਾ ਵੀ ਨੱਚੇ। ਸਟੇਜ 'ਤੇ ਬੁੱਤ ਬਣਾ ਕੇ ਉੱਤੋਂ ਸ਼ਾਵਰ ਚਲਾ ਦੇਈਏ, ਤਾਂ ਵੀ ਵੇਖੀਂ ਨੋਟਾਂ ਦਾ ਮੀਂਹ ਨਾ ਵਰ੍ਹੇ ਤਾਂ ਨਾਂ ਵਟਾ ਦੇਵੀਂ, ਮੇਰੀ ਵੀ ਤਜਰਬੇ 'ਚੋਂ ਨਿਕਲੀ ਗੱਲ ਏ।''

''ਚੱਲ ਠੀਕ ਏ ਭੈਂ ਚੋ ਡਰੈੱਸਾਂ ਬਣਵਾ ਕੇ ਫੋਟੋਆਂ ਕਰਵਾ, ਅਗਲੇ ਸ਼ੋਅ ਦੀ ਬੁਕਿੰਗ 'ਚ ਡਿਸਪਲੇ ਕਰਨੇ ਆਂ। ਹਾਂ, ਤੇ ਪੇਮੈਂਟ ਦਾ ਕਿਵੇਂ ਕਰਨਾ ਏਂ?''

''ਮਾਂ ਏਹਦੀ ਤਾਂ ਹਜ਼ਾਰ ਰੁਪਏ ਮਹੀਨੇ 'ਚ ਵੀ ਕੰਮ 'ਤੇ ਰਖਵਾਉਣ ਲਈ ਤਿਆਰ ਸੀ, ਪਰ ਮੈਂ ਹੀ ਉਹਨੂੰ ਆਖਿਆ ਕਿ ਜਦੋਂ ਤੱਕ ਕੰਮ ਸਿੱਖੇਗੀ ਪੰਜ ਹਜ਼ਾਰ ਰੁਪਏ ਨਗਦ, ਤੇ ਰੋਟੀ-ਪਾਣੀ ਕੱਪੜਾ ਲੱਤਾ ਸਭ ਕੁਝ ਮਿਲੇਗਾ। ਜਦੋਂ ਕੰਮ ਸਿੱਖ ਗਈ ਫਿਰ ਹਰ ਪ੍ਰੋਗਰਾਮ ਦੇ ਹਿਸਾਬ ਨਾਲ ਪੇਮੈਂਟ



ਮਿਲੇਗੀ ਪਰ ਖਰਚਾ ਆਪਣਾ ਆਪੇ ਕਰੇਗੀ।''

''ਜਦੋਂ ਤੂੰ ਸਾਰਾ ਕੁਝ ਫਾਈਨਲ ਕਰ ਈ ਆਇਐਂ, ਤਾਂ ਭੈਂ ਚੋ ਮੈਨੂੰ ਕਾਹਦਾ ਚਾਰਨ ਲੱਗਿਐਂ। ਕੰਮ ਤਾਂ ਆਪੇ ਸਿੱਖ ਜਾਏਗੀ, ਇੱਥੇ ਕਾਣੀਆਂ-ਮੀਣੀਆਂ ਦਿਨ-ਰਾਤ ਦੀ ਬੁਕਿੰਗ 'ਤੇ ਚੱਲੀ ਜਾਂਦੀਆਂ ਨੇ। ਆਪੇ ਟੇਢੀਆਂ-ਮੇਢੀਆਂ ਲੱਤਾਂ-ਬਾਹਾਂ ਮਾਰਦੀ ਲੱਕ ਮਟਕਾਉਣ ਲੱਗ ਪਵੇਗੀ। ਤੂੰ ਡਰੈੱਸਾਂ ਦਾ ਪ੍ਰਬੰਧ ਕਰ ਸਭ ਤੋਂ ਪਹਿਲਾਂ, ਤੇ ਫੋਟੋਆਂ ਕਰਵਾ ਕੇ ਦੇ। ਐਲਬਮ 'ਚ ਲਾਉਣ ਵਾਲੇ ਬਣੀਏ, ਵਿਹਲੀਆਂ ਸਿਰ 'ਤੇ ਬਠਾਣੀਆਂ ਬੜੀਆਂ ਔਖੀਆਂ ਨੇ ਭੈਂ ਚੋ ।'' ਕਿਸੇ ਦਾ ਹੱਕ ਨਾ ਮਾਰਨ ਵਾਲੇ ਬਾਊ ਅਸ਼ੋਕ ਨੂੰ ਇਹ ਗਾਲ੍ਹ ਧੰਦੇ ਨੇ ਉਪਹਾਰ ਵਜੋਂ ਅਜਿਹੀ ਦੇ ਦਿੱਤੀ ਸੀ, ਕਿ ਕਦੋਂ ਜੀਭ 'ਚੋਂ ਫਿਸਲ ਜਾਂਦੀ ਪਤਾ ਹੀ ਨਾ ਲੱਗਦਾ। ਜੇ ਕਦੀ ਪ੍ਰੋਗਰਾਮ 'ਚ ਕੋਈ ਗੜਬੜ ਕਰ ਆਉਂਦੇ, ਤਾਂ ਗਾਲ੍ਹਾਂ ਦੀ ਅਜਿਹੀ ਝੜੀ ਲੱਗਦੀ ਕਿ ਸੁਣਨ ਵਾਲੇ ਕੰਨਾਂ 'ਚ ਉਂਗਲਾਂ ਦੇ ਕੇ ਰਹਿ ਜਾਂਦੇ।

''ਇਹ ਲੈ ਰੋਸ਼ਨੀ ਪਾ ਕੇ ਵੇਖ, ਰੂਬੀਨਾ ਵਾਲੀਆਂ ਨਵੀਆਂ ਪਈਆਂ ਨੇ ਡਰੈੱਸਾਂ। ਜਦੋਂ ਆਈ ਸੀ ਤਾਂ ਮਰੀਅਲ ਜਿਹੀ ਸੀ ਏਹਦੇ ਵਰਗੀ, ਤੇ ਹੁਣ ਢੱਠੀ ਬਣੀ ਪਈ ਏ, ਚੋਬਰ ਪ੍ਰਧਾਨੋ ਵੱਡੀ। ਨਾਲੇ ਰੋਟੀ ਪਾ ਲੈ ਰਸੋਈ 'ਚ ਜਾ ਕੇ। ਬਣੀ ਪਈ ਏ। ਭੁੱਖੇ ਢਿੱਡ ਦੀਆਂ ਬਦ-ਦੁਆਵਾਂ ਲੈ ਕੇ ਭਲਾ ਮੈਂ ਕਿੱਥੇ ਦੇਣੀਆਂ ਦੇਵਾਂਗੀ।''

''ਵਾਹ ਭਾਬੀ ਵੀ ਕਮਾਲ ਏ ਸਾਡੀ। ਵਕਤ ਨੇ ਜ਼ੁਬਾਨ ਭਾਵੇਂ ਕੌੜੀ ਕਰ 'ਤੀ, ਪਰ ਦਿਲ ਅੱਜ ਵੀ ਨਿਰਾ ਮਿਸ਼ਰੀ ਦੀ ਡਲੀ। ਬਾਊ ਮੈਂ ਚੱਲਦਾਂ ਗੋਡਾਊਨ 'ਚ ਕੋਈ ਕੰਮ ਹੈ ਤਾਂ ਦੱਸ।''

''ਰੁਕ ਮੈਂ ਵੀ ਚੱਲਦਾਂ ਭੈਂ ਚੋ । ਸੀਮਾ ਪੈਸੇ ਦੇ ਦਸ ਕੁ ਹਜ਼ਾਰ, ਪੇਮੈਂਟ ਕਰਨੀ ਏ ਸੱਭਿਆਚਾਰਕ ਗਰੁੱਪ ਦੀ। ਨਾਲੇ ਮੈਂ ਭੈਂ ਚੋ ਕੋਈ ਬੇਵਕੂਫ ਨਹੀਂ, ਜਿਨ੍ਹਾਂ ਸਿਰੋਂ ਖਾਣਾ ਹੋਵੇ, ਸੋ ਅੱਚਣੇ-ਪੱਚਣੇ ਕਰਨੇ ਪੈਂਦੇ ਨੇ। ਧਿਆਨ ਰੱਖੀਂ, ਕੁੜੀ ਕੰਮ ਦੀ ਏ। ਟਿਕ ਗਈ ਤਾਂ ਸੱਚੀ ਨੋਟਾਂ ਦੀ ਝੜੀ ਲੱਗ ਜਾਣੀ ਏ।''

*******

ਪਤੀ ਨੂੰ ਰੱਬ ਦਾ ਰੂਪ ਮੰਨਣ ਵਾਲੀ ਸਿੱਧੀ-ਸਾਦੀ ਸੀਮਾ 18 ਵਰ੍ਹਿਆਂ ਦੀ ਮਲੂਕ ਉਮਰੇ ਬਾਊ ਅਸ਼ੋਕ ਨਾਲ ਲਾਵਾਂ ਲੈ ਕੇ ਉਸ ਦੀ ਅਰਧਾਂਗਨੀ ਬਣ ਗਈ ਸੀ। ਸਾਲ ਦੀ ਵਿੱਥ ਨਾਲ ਹੇਠਾਂ-ਉੱਤੇ ਜਨਮੇਂ ਦੋ ਬਾਲਾਂ ਨੇ ਦੋ ਵਰ੍ਹਿਆਂ 'ਚ ਹੀ ਉਸ ਨੂੰ ਭਰੀ-ਪੂਰੀ ਗ੍ਰਹਿਸਥੀ 'ਚ ਅਜਿਹਾ ਉਲਝਾਇਆ, ਕਿ ਆਪਾ ਵਿੱਸਰ ਗਿਆ। ਰੁੱਖੀ ਮਿਲੀ ਤਾਂ ਰੁੱਖੀ ਨਾਲ ਗੁਜ਼ਾਰਾ ਕਰ ਲਿਆ, ਮਿੱਸੀ ਮਿਲੀ ਤਾਂ ਉਸ ਨਾਲ ਡੰਗ ਟਪਾ ਲਿਆ, ਨਾ ਮਿਲੀ ਤਾਂ ਪਾਣੀ ਪੀ ਕੇ ਢਿੱਡ ਨੂੰ ਗੰਢ ਮਾਰ ਲਈ, ਪਰ ਕਦੀ ਭਾਗਾਂ ਨੂੰ ਦੋਸ਼ ਨਹੀਂ ਸੀ ਦਿੱਤਾ। ਫਿਰ ਜਦੋਂ ਬਿਜਲੀ ਮਕੈਨਿਕ ਸ਼ੋਕੀ ਨੇ ਬਾਊ ਅਸ਼ੋਕ ਬਣਨ ਦਾ ਸਫ਼ਰ ਸ਼ੁਰੂ ਕੀਤਾ, ਤੇ ਘਰ ਦੀ ਹਾਲਤ ਨੂੰ ਸੁਰਤ ਫਿਰਨ ਲੱਗੀ ਤਾਂ ਰੱਬ ਦਾ ਸ਼ੁਕਰ ਗੁਜ਼ਾਰਦੀ ਨਾ ਥੱਕਦੀ।

ਵਿਆਹ-ਸ਼ਾਦੀਆਂ ਵਿੱਚ ਆਰਕੈਸਟਰਾ ਬੁਲਾਉਣ ਦਾ ਨਵਾਂ-ਨਵਾਂ ਰਿਵਾਜ ਚੱਲਿਆ ਸੀ। ਸ਼ੋਕੀ ਮਕੈਨਿਕ ਨੇ ਰਾਜਕੁਮਾਰ ਨਾਲ ਪ੍ਰੋਗਰਾਮ ਬੁੱਕ ਕਰਕੇ ਸਾਊਂਡ ਲਗਾਉਣ ਦਾ ਕੰਮ ਫੜ ਲਿਆ। ਹੌਲੀ-ਹੌਲੀ ਉਹ ਕੰਮ ਦਾ ਭੇਤ ਪਾਉਣ ਲੱਗਿਆ, ਤਾਂ ਕੰਮ ਦੇ ਅੰਦਰ ਕੰਮ ਕਰਕੇ ਪੈਸੇ ਨਾਲ ਪੈਸਾ ਕਿਵੇਂ ਕਮਾਇਆ ਜਾ ਸਕਦਾ ਹੈ, ਦੀ ਸਮਝ ਆਉਣ ਲੱਗੀ। ਉਸ ਨੇ ਵੇਖਿਆ ਰਾਜ ਕੁਮਾਰ ਕੋਲ ਨਾ ਤਾਂ ਸਾਊਂਡ ਆਪਣੀ ਸੀ ਤੇ ਨਾ ਦੁਕਾਨ, ਫਿਰ ਵੀ ਉਹ ਆਰਕੈਸਟਰਾ ਗਰੁੱਪ ਚਲਾ ਕੇ ਮੋਟੀ ਕਮਾਈ ਕਰ ਲੈਂਦਾ ਸੀ। ਅਸਲ ਵਿੱਚ ਸਾਊਂਡ ਸ਼ੋਕੀ ਨਾਲ ਕਮੀਸ਼ਨ 'ਤੇ ਬੁੱਕ ਕਰਦਾ, ਤੇ ਤੁਰਦੇ-ਫਿਰਦੇ ਨੇ ਡਾਂਸਰ ਕੁੜੀਆਂ-ਮੁੰਡਿਆਂ ਨਾਲ ਸੰਪਰਕ ਕਾਇਮ ਕੀਤਾ ਹੋਇਆ ਸੀ। ਬਸ 'ਰਾਜ ਡੀ.ਜੇ. ਐਂਡ ਸਾਊਂਡ ਸਰਵਿਸ' ਦੇ ਨਾਂ 'ਤੇ ਵਿਆਹ-ਸ਼ਾਦੀਆਂ ਦੇ ਪ੍ਰੋਗਰਾਮ ਬੁੱਕ ਕਰਨ ਲਈ ਵਿਜ਼ਿਟਿੰਗ ਕਾਰਡ ਜ਼ਰੂਰ ਛਪਵਾਏ ਹੋਏ ਸਨ, ਜਿਸ 'ਤੇ ਪਹਿਲਾਂ ਪਹਿਲ ਘਰ ਦਾ ਲੈਂਡ ਲਾਈਨ ਫ਼ੋਨ ਨੰਬਰ ਦਿੱਤਾ ਗਿਆ ਸੀ। ਫਿਰ ਵਕਤ ਦੀ ਚਾਲ ਫੜਦਿਆਂ ਮੋਬਾਈਲ ਨੰਬਰ ਅੰਕਿਤ ਹੋ ਗਿਆ। ਉਸ ਦੇ ਆਸਰੇ

ਕੰਮ ਲੈਣ ਵਾਲੇ ਕੁੜੀਆਂ-ਮੁੰਡਿਆਂ ਦੇ ਮਾਪੇ ਸੀਜ਼ਨ ਦਾ ਉੱਕਾ-ਪੁੱਕਾ ਪੈਸਾ ਮੁਕਾ ਕੇ ਜੇਬ 'ਚ ਪਾ ਲੈਂਦੇ, ਬਾਕੀ ਰਾਜ ਕੁਮਾਰ ਜਾਣੇ ਤੇ ਉਸ ਦਾ ਕੰਮ। ਆਪਣੇ ਧੀਆਂ-ਪੁੱਤ ਠੇਕੇ 'ਤੇ ਚੜ੍ਹਾ ਕੇ ਮਾਪੇ ਹਾੜ੍ਹੀ-ਸਾਉਣੀ ਦੇ ਮੀਂਹ ਕਣੀ ਤੋਂ ਆਪਣਾ ਬਚਾਅ ਕਰਕੇ ਨਿਸ਼ਚਿੰਤ ਹੋ ਜਾਂਦੇ ਤੇ ਇੱਧਰ ਠੇਕੇ ਦੀ ਰਕਮ ਪੂਰੀ ਕਰਕੇ ਮੁਨਾਫ਼ਾ ਕਮਾਉਣ ਦੇ ਚੱਕਰ ਵਿੱਚ ਰਾਜ ਕੁਮਾਰ ਕੁੜੀਆਂ-ਮੁੰਡਿਆਂ ਨੂੰ ਚੱਕਰਾਂ 'ਚ ਪਾਈ ਰੱਖਦਾ।

ਨਾਚ ਤੇ ਸੰਗੀਤ ਦੀਆਂ ਧੁਨਾਂ ਨਾਲ ਮਸਤ ਹੁੰਦੇ ਸ਼ਰਾਬ ਦੇ ਨਸ਼ੇ 'ਚ ਬੜ੍ਹਕਾਂ ਮਾਰਦੇ ਵਿਆਂਹਦੜਾਂ ਦੇ ਰਿਸ਼ਤੇਦਾਰ ਜੋ ਨੋਟ ਲੁਟਾਉਂਦੇ ਇਕੱਠੇ ਕਰਨ ਲਈ ਰੱਖੇ ਦਿਹਾੜੀਏ ਮਜਾਲ ਏ ਇੱਕ ਰੁਪਈਆ ਵੀ ਉਸ ਦੀਆਂ ਅੱਖਾਂ 'ਚ ਧੂੜ ਪਾ ਕੇ ਇੱਧਰ-ਉੱਧਰ ਕਰ ਸਕਦੇ। ਸਾਰੀ ਮਿਹਨਤ ਕੋਈ ਹੋਰ ਕਰਦਾ ਤੇ ਕਮਾਈ ਰਾਜ ਕੁਮਾਰ। ਬਿਲਕੁਲ ਜਿਵੇਂ ਠੇਕੇਦਾਰ ਕੋਲ ਦਿਹਾੜੀਦਾਰ ਹੱਡ ਤੋੜ ਪਸੀਨਾ ਵਹਾਉਂਦੇ ਹਨ, ਤੇ ਮੁੱਕੀ ਦਿਹਾੜੀ ਦੇ ਕੇ ਬਾਕੀ ਰਕਮ ਠੇਕੇਦਾਰ ਆਪਣੀ ਜੇਬ ਵਿੱਚ ਪਾ ਲੈਂਦਾ ਹੈ।

ਸਾਊਂਡ ਤਾਂ ਪਹਿਲਾਂ ਹੀ ਸ਼ੋਕੀ ਕੋਲ ਆਪਣੀ ਸੀ ਤੇ ਪ੍ਰੋਗਰਾਮਾਂ ਵਿੱਚ ਆਪਣਾ ਕੰਮ ਆਪਣੇ ਹੱਥੀਂ ਕਰਦੇ-ਕਰਦੇ ਆਰਕੈਸਟਰਾ ਗਰੁੱਪ ਦੀਆਂ ਕੁੜੀਆਂ-ਮੁੰਡਿਆਂ ਨਾਲ ਗੱਲਬਾਤ ਸਾਂਝੀ ਹੁੰਦਿਆਂ ਰਗ ਵੀ ਰਲਣ ਲੱਗੀ। ਜਿੱਥੇ ਰਾਜ ਕੁਮਾਰ ਉਨ੍ਹਾਂ ਨੂੰ ਇੱਕ ਪ੍ਰੋਗਰਾਮ ਦਾ ਦੋ-ਚਾਰ ਸੌ ਰੁਪਏ ਤੱਕ ਹੀ ਦਿੰਦਾ ਸੀ, ਸ਼ੋਕੀ ਨੇ ਇੱਕ ਪ੍ਰੋਗਰਾਮ ਦਾ ਪੰਜ ਸੌ ਤੇ ਦਿਨ-ਰਾਤ ਡਬਲ ਪ੍ਰੋਗਰਾਮ ਦੀ ਡਬਲ ਪੇਮੈਂਟ ਦੇਣ ਦੇ ਨਾਲ-ਨਾਲ ਹਰ ਸੀਜ਼ਨ ਦੀ ਐਡਵਾਂਸ ਪੇਮੈਂਟ ਮੁਕਾ ਕੇ ਵਿਆਹ ਦੇ ਸੀਜ਼ਨ ਦੌਰਾਨ ਆਪਣੇ ਕੋਲ ਰਿਹਾਇਸ਼ ਤੇ ਖਾਣ-ਪੀਣ ਦਾ ਲਾਲਚ ਵੀ ਦੇ ਦਿੱਤਾ।

ਪਾਸਾ ਸਿੱਧਾ ਪੈ ਗਿਆ। ਪਹਿਲੇ ਸੀਜ਼ਨ ਵਿੱਚ ਹੀ ਪ੍ਰੋਗਰਾਮਾਂ ਦੀ ਬੁਕਿੰਗ ਦਾ ਹੜ੍ਹ ਆ ਗਿਆ। ਦਿਨ-ਰਾਤ ਕੰਮ ਲਈ ਆਏ ਕੁੜੀਆਂ-ਮੁੰਡਿਆਂ ਦੀ ਘਰ 'ਚ ਕੁਰਬਲ-ਕੁਰਬਲ ਨੇ ਮੇਲਾ ਲਗਾ ਦਿੱਤਾ। ਅਸ਼ੋਕ ਕੋਲ ਰਾਜ ਕੁਮਾਰ ਨਾਲੋਂ ਵੱਧ ਇੱਕ ਚੀਜ਼ ਸੀ, ਜਿਸ ਦਾ ਆਪਣੇ ਕੰਮ ਲਈ ਵੱਡਾ ਲਾਹਾ ਲੈ ਸਕਦਾ ਸੀ, ਉਹ ਸੀ ਉਸ ਦੀ ਆਪਣੀ ਅੱਠ ਬਾਈ ਦਸ ਦੀ ਦੁਕਾਨ। ਆਪਣਾ ਕੰਮ ਸ਼ੁਰੂ ਕਰਨ ਲਈ ਵਿਧੀ ਪੂਰਵਕ ਪੂਜਾ ਕਰਵਾ ਕੇ, 'ਅਸ਼ੋਕ ਡੀ.ਜੇ. ਲਾਈਟ ਐਂਡ ਸਾਊਂਡ' ਦਾ ਵੱਡਾ ਗਲੋਸਾਈਨ ਬੋਰਡ ਦੁਕਾਨ ਦੇ ਮੱਥੇ 'ਤੇ ਲਗਾ ਕੇ ਉਸ ਨੇ ਆਰਕੈਸਟਰਾ ਬੁਕਿੰਗ ਦਫ਼ਤਰ ਖੋਲ੍ਹ ਦਿੱਤਾ। ਸ਼ਟਰ ਦੀ ਥਾਂ ਸ਼ੀਸ਼ਿਆਂ ਵਾਲਾ ਦਰਵਾਜ਼ਾ ਤੇ ਵੱਡੀ ਪਹੀਆਂ ਵਾਲੀ ਕੁਰਸੀ ਦੀ ਪਿੱਠ 'ਤੇ ਚਿੱਟਾ ਤੌਲੀਆ ਰੱਖ ਕੇ ਉਹ ਬਾਊ ਅਸ਼ੋਕ ਬਣ ਗਿਆ। ਭਾਵੇਂ ਦੁਕਾਨ-ਕਮ-ਦਫ਼ਤਰ ਦੀ ਇੱਕ ਨੁੱਕਰ 'ਚ ਲੈਂਡਲਾਈਨ ਫ਼ੋਨ ਪਿਆ ਘੰਟੀ ਦਾ ਇੰਤਜ਼ਾਰ ਕਰਦਾ ਰਹਿੰਦਾ, ਪਰ ਮੋਬਾਈਲ ਫ਼ੋਨ ਦੀ ਘੰਟੀ ਕਦੀ ਨਾ ਰੁਕਦੀ ਤੇ ਹੁਣ ਸੋਸ਼ਲ ਨੈੱਟਵਰਕਿੰਗ ਦੇ ਜ਼ਮਾਨੇ ਨੇ ਤਾਂ ਉਸ ਨੂੰ ਹਾਈ-ਫਾਈ ਡੀ.ਜੇ. ਸਰਵਿਸਿਜ਼ ਦਾ ਨਾਂ ਦੇ ਦਿੱਤਾ ਹੈ।

ਕੰਮ ਲਈ ਆਏ ਕੁੜੀਆਂ-ਮੁੰਡੇ ਸੀਜ਼ਨ ਦੌਰਾਨ ਕਈ-ਕਈ ਦਿਨ, ਤੇ ਕੁਝ ਪਰਮਾਨੈਂਟ ਅਸ਼ੋਕ ਦੇ ਗਰੁੱਪ ਨਾਲ ਜੁੜੇ ਕੁੜੀਆਂ-ਮੁੰਡੇ ਕਈ ਮਹੀਨੇ ਘਰ ਵਿੱਚ ਰਹਿਣ ਲੱਗੇ ਸਨ। ਅਜਿਹੇ ਵਿੱਚ ਸੀਮਾ ਦਾ ਪਤੀ ਦੇ ਕੰਮ 'ਚ ਕਦੋਂ ਦਖ਼ਲ ਹੋ ਗਿਆ, ਪਤਾ ਹੀ ਨਾ ਲੱਗਿਆ। ਸਧਾਰਨ ਪਰਿਵਾਰ ਦੀ ਧੀ ਤੇ ਫਿਰ ਨੂੰਹ ਬਣੀ ਸੀਮਾ ਲਈ ਇਹ ਨਵੀਂ ਦੁਨੀਆਂ ਦਾ ਵਰਤਾਰਾ ਅਜੀਬੋ-ਗਰੀਬ ਜਿਹਾ ਸੀ। ਆਰਕੈਸਟਰਾ ਗਰੁੱਪ 'ਚ ਕੰਮ ਕਰਦੀਆਂ ਕੁੜੀਆਂ ਦੇ ਘਰ ਵਿੱਚ ਹੀ ਰਹਿਣ ਕਰਕੇ ਉਨ੍ਹਾਂ ਦੇ ਮਾਂ-ਪਿਓ, ਭੈਣਾਂ-ਭਰਾ ਕੋਈ ਨਾ ਕੋਈ ਰਿਸ਼ਤੇਦਾਰ ਨਾਲ ਆਇਆ ਹੀ ਰਹਿੰਦਾ। ਸੀਮਾ ਹੈਰਾਨ ਹੁੰਦੀ ! ਕਿਵੇਂ ਮਾਂਵਾਂ ਹੀ ਨਹੀਂ ਕੁੜੀਆਂ ਦੇ ਪਿਓ ਵੀ ਆਪਣੀਆਂ ਧੀਆਂ ਨੂੰ ਸਟੇਜ 'ਤੇ ਨਿੱਕੇ-ਨਿੱਕੇ ਕੱਪੜੇ ਪੁਆ ਕੇ ਵੱਧ ਤੋਂ ਵੱਧ ਬੰਦਿਆਂ ਦੀਆਂ ਜੇਬਾਂ ਖ਼ਾਲੀ ਕਰਵਾਉਣ ਲਈ ਸਮਝਾਉਂਦੇ, ਉਨ੍ਹਾਂ ਦੇ ਬੈਗ ਚੁੱਕ ਕੇ ਤੁਰੇ ਫਿਰਦੇ।



ਕਦੀ ਉਨ੍ਹਾਂ ਦੇ ਦਰਦ ਸੁਣਦੀ ਤਾਂ ਅੱਖਾਂ ਸਿੱਲ੍ਹੀਆਂ ਹੋ ਜਾਂਦੀਆਂ, ਜਦੋਂ ਉਨ੍ਹਾਂ ਦੇ ਕਾਰੇ ਵੇਖਦੀ ਤਾਂ ਅੱਖਾਂ ਅੱਡੀਆਂ ਦੀਆਂ ਅੱਡੀਆਂ ਰਹਿ ਜਾਂਦੀਆਂ।

******

ਦਿਲ ਪਸੀਜ ਗਿਆ ਸੀ, ਤੇ ਆਪ ਮੁਹਾਰੇ ਨੈਣ ਗੰਗਾ-ਜਮਨਾ ਬਣ ਵਹਿ ਤੁਰੇ ਸਨ, ਜਦੋਂ ਚਾਨਣ ਨਹਾਤੀ ਨੀਤੂ ਨੂਰਾਨੀ ਦੀ ਮਾਂ ਨੇ ਆਪਣੀ ਛਾਤੀ 'ਤੋਂ ਕੱਪੜਾ ਚੁੱਕ ਕੇ ਸਾੜ ਦੇ ਨਿਸ਼ਾਨ ਵਿਖਾਏ ਸਨ। ਨੂਰਾਨੀ ਦਾ ਪਿਓ ਵਿਹਲਾ, ਸ਼ਰਾਬੀ-ਕਬਾਬੀ ਤੇ ਜੁਆਰੀ। ਮਾਂ ਘਰਾਂ 'ਚ ਝਾੜੂ-ਪੋਚਾ ਕਰਕੇ ਸ਼ਰਾਬੀ ਦੀ ਹਵਸ 'ਚੋਂ ਪੈਦਾ ਹੋਏ ਛੇ ਬਾਲਾਂ ਦਾ ਢਿੱਡ ਭਰਨ ਲਈ ਦਰ-ਦਰ ਠੋਕਰਾਂ ਖਾਂਦੀ। ਵੇਖਦੇ ਹੀ ਵੇਖਦੇ ਪੰਜਾਂ ਭੈਣ-ਭਰਾਵਾਂ ਤੋਂ ਵੱਡੀ ਨੂਰਾਨੀ ਸੱਤ-ਅੱਠ ਵਰ੍ਹਿਆਂ ਦੀ ਹੋ ਗਈ, ਤੇ ਮਾਂ ਨਾਲ ਇੱਕ ਸਕੂਲ ਮਾਸਟਰਣੀ ਦੇ ਘਰ ਦਾ ਕੰਮ ਕਰਨ ਜਾਂਦੀ-ਜਾਂਦੀ ਉਸ ਦੇ ਨਵਜੰਮੇ ਬਾਲ ਨੂੰ ਸੰਭਾਲਣ ਦਾ ਕੰਮ ਕਰਨ ਲੱਗੀ। ਦਿਨ ਭਰ ਉਹਨੂੰ ਖਿਡਾਉਣਾ, ਟੱਟੀ-ਪਿਸ਼ਾਬ ਵਾਲੇ ਕੱਪੜੇ ਬਦਲਣੇ। ਜੇ ਕਿਧਰੇ ਮਾੜਾ ਜਿਹਾ ਬਾਲ ਰੋ ਪੈਣਾ, ਤਾਂ ਕਿਹੜੇ ਵੇਲੇ ਗੱਲ੍ਹ 'ਤੇ ਚਪੇੜ ਰਸੀਦ ਹੋ ਜਾਂਦੀ ਪਤਾ ਹੀ ਨਾ ਲੱਗਦਾ। ਬਾਲ ਸਕੂਲ ਜਾਣ ਵਾਲਾ ਹੋ ਗਿਆ ਤੇ ਨੀਤੂ ਨੂਰਾਨੀ ਦਸਾਂ-ਗਿਆਰਾਂ ਸਾਲਾਂ ਦੀ। ਹੁਣ ਉਹ ਕਈ ਘਰਾਂ 'ਚ ਭਾਂਡੇ, ਸਫ਼ਾਈਆਂ ਦਾ ਕੰਮ ਕਰਦੀ ਮਾਂ ਦੀ ਬਾਂਹ ਬਣ ਗਈ, ਜਿਵੇਂ ਇਹ ਉਸ ਦੀ ਨੌਕਰੀ ਦੀ ਤਰੱਕੀ ਦਾ ਅਗਲਾ ਪੜਾਅ ਹੋਵੇ। ਮੁਸ਼ਕਿਲ ਨਾਲ ਚੌਦਾਂ ਵਰ੍ਹਿਆਂ ਦੀ ਸੀ, ਜਦੋਂ ਉਹ ਆਰਕੈਸਟਰਾ ਗਰੁੱਪ ਵਿੱਚ ਕੰਮ ਕਰਨ ਲਈ ਉਨ੍ਹਾਂ ਕੋਲ ਆਈ ਸੀ।

ਸੁਣ ਕੇ ਦਿਲ ਦਹਿਲ ਗਿਆ, ਜਦੋਂ ਪਤਾ ਲੱਗਿਆ ਕਿ ਘਰਾਂ 'ਚ ਕੰਮ ਕਰਨ ਜਾਂਦੇ-ਆਉਂਦੇ ਪਤਾ ਹੀ ਨਹੀਂ ਲੱਗਿਆ, ਕਦੋਂ ਉਹ ਐਨੀ ਵੱਡੀ ਹੋ ਗਈ, ਤੇ ਗੁੱਡੀਆਂ ਪਟੋਲੇ ਖੇਡਣ ਦੀ ਉਮਰ 'ਚ ਕੋਈ ਜਾਂ ਕੌਣ-ਕੌਣ ਉਸ ਦੀ ਦੇਹ ਨਾਲ ਖੇਡਿਆ ਰੱਬ ਜਾਣੇ, ਪਰ ਮਾਂ ਨੂੰ ਉਦੋਂ ਪਤਾ ਲੱਗਿਆ ਜਦੋਂ ਗਰਭ ਦਾ ਛੇਵਾਂ ਮਹੀਨਾ ਲੰਘ ਗਿਆ ਸੀ।

ਵੈਲੀ ਪਿਉ ਨੇ ਧੀ ਵਾਸਤੇ ਕਿਸੇ ਨਾਲ ਤਾਂ ਕੀ ਲੜਨਾ ਸੀ, ਉਲਟਾ ਮਾਂ-ਧੀ 'ਤੇ ਹੀ ਇਲਜ਼ਾਮ ਮੜ੍ਹ ਦਿੱਤਾ, ਕਿ ਉਸ ਤੋਂ ਚੋਰੀ ਪੈਸੇ ਲੈ ਕੇ ਪਤਾ ਨਹੀਂ ਕਿਸ-ਕਿਸ ਨਾਲ ਖੇਹ ਖਾਂਦੀਆਂ ਨੇ। ਸਾਰੀ ਕਮਾਈ ਆਪ ਡਕਾਰੀ ਗਈਆਂ, ਤੇ ਉਸ ਕੋਲ ਮੁਸ਼ਕ ਵੀ ਨਹੀਂ ਕੱਢਿਆ। ਉਸ ਨੂੰ ਦੱਸਦੀਆਂ ਤਾਂ ਆਪ ਇੱਕ ਤੋਂ ਇੱਕ ਸਿਰੇ ਦਾ ਗਾਹਕ ਲੱਭ ਲਿਆਉਂਦਾ ਤੇ ਕੁੜੀ ਨੂੰ ਸਿਰ ਪਈ ਮੁਸੀਬਤ 'ਚੋਂ ਬਚਣ ਦਾ ਜੁਗਾੜ ਵੀ ਆਪ ਕਰਦਾ। ਗੁੱਸੇ 'ਚ ਆਏ ਨੇ ਚੁੱਲ੍ਹੇ 'ਤੇ ਉਬਾਲੇ ਖਾਂਦੀ ਚਾਹ ਵਾਲਾ ਪਤੀਲਾ ਚੁੱਕ ਕੇ ਸਿੱਧਾ ਨੂਰਾਨੀ ਦੀ ਮਾਂ ਵੱਲ ਵਗਾਹ ਮਾਰਿਆ। ਉਸ ਦੀ ਛਾਤੀ ਝੁਲਸ ਗਈ। ਇੱਕ ਪਾਸੇ ਛਾਤੀ ਦਾ ਸਾੜ ਤੇ ਦੂਜੇ ਪਾਸੇ ਧੀ ਦੀ ਹਾਲਤ ਦਾ ਦਰਦ ਉਸ ਲਈ ਸਹਿਣਾ ਔਖਾ, ਪਰ ਸੀਨੇ ਮਰ੍ਹਮ ਲਾਉਣ ਵਾਲਾ ਕੋਈ ਵੀ ਨਹੀਂ ਸੀ। ਕਿਸਮਤ ਨੂੰ ਪਿੱਟਿਆ ਤੇ ਧੀ ਕੋਲੋਂ ਪੁੱਛਿਆ, ਕਿਸ ਦਾ ਪਾਪ ਢਿੱਡ 'ਚ ਲਈ ਫਿਰਦੀ ਏ। ਕੋਈ ਇੱਕ ਹੁੰਦਾ ਤਾਂ ਉਸ ਦੀ ਦਹਿਲੀਜ਼ 'ਤੇ ਜਾ ਕੇ ਪਿੱਟਦੀ। ਭੋਰਾ ਜਿੰਨੀ ਬਾਲੜੀ ਨਾਲ ਕੀ-ਕੀ ਹੁੰਦਾ ਰਿਹਾ ਤੇ ਉਹ ਖੇਡ ਸਮਝਦੀ ਰਹੀ। ਮੁਹੱਲਾ ਛੱਡ ਕੇ ਅਜਨਬੀ ਲੋਕਾਂ 'ਚ ਜਾ ਪਹੁੰਚੀ ਤੇ ਜਣੇਪਾ ਕਰਵਾ ਕੇ ਧੀ ਦਾ ਜੰਮਿਆ ਬਾਲ ਆਪਣੀ ਝੋਲੀ ਪਾ ਲਿਆ।

ਕੁਝ ਚਿਰ ਬਾਦ ਉਹ ਥਾਂ ਵੀ ਛੱਡ ਦਿੱਤੀ, ਤੇ ਛੇ ਪਹਿਲੇ ਬਾਲਾਂ ਨਾਲ ਸੱਤਵਾਂ ਹੋਰ ਲੈ ਕੇ ਨਵੀਂ ਥਾਂ ਜਾ ਬੈਠੀ। ਇੱਥੋਂ ਹੀ ਨੀਤੂ ਦੀ ਕਿਸਮਤ ਨੇ ਪਲਟਾ ਖਾਧਾ ਤੇ ਆਰਕੈਸਟਰਾ ਗਰੁੱਪ 'ਚ ਕੰਮ ਕਰਦੀਆਂ ਰੇਣੂ ਤੇ ਸ਼ਿਖਾ ਨਾਲ ਜਾਣ-ਪਛਾਣ ਹੋ ਗਈ। ਦੋ-ਚਾਰ ਘੰਟੇ ਵਿਆਹ-ਸ਼ਾਦੀਆਂ ਦੇ ਪ੍ਰੋਗਰਾਮਾਂ 'ਚ ਨੱਚ ਕੇ ਚੰਗੀ ਕਮਾਈ ਤੇ ਵਧੀਆ ਖਾਣਾ-ਪੀਣਾ-ਪਹਿਨਣਾ ਸਜ-ਫੱਬ ਕੇ ਰਹਿਣਾ। ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਮਾਂ ਨੂੰ ਨਾਲ ਲੈ ਕੇ ਉਹ ਬਾਊ ਅਸ਼ੋਕ ਕੋਲ ਆ ਪਹੁੰਚੀ, ਤੇ ਸ਼ੁਰੂ ਹੋ ਗਿਆ

ਨੀਤੂ ਤੋਂ ਨੀਤੂ ਨੂਰਾਨੀ ਬਣਨ ਦਾ ਸਫ਼ਰ। ਭਾਵੇਂ ਬਾਲ ਮਾਂ ਨੇ ਝੋਲੀ ਪੁਆ ਲਿਆ ਸੀ, ਪਰ ਛਾਤੀਆਂ 'ਚ ਉਤਰੀ ਮਾਂ ਦੀ ਮਮਤਾ ਚੁੰਘਦੇ ਜਿਗਰ ਦੇ ਟੁਕੜੇ 'ਚ ਆਂਦਰ ਪੈ ਗਈ। ਮਾਂ ਨੇ ਦੁਨੀਆਂ ਕੋਲੋਂ ਲੱਖ ਓਹਲੇ ਰੱਖੇ, ਪਰ ਨੀਤੂ ਦੀ ਮਮਤਾ 'ਤੇ ਪਰਦਾ ਪਾਉਣਾ ਔਖਾ ਹੋ ਗਿਆ। ਉਸ ਦੇ ਪੁੱਤਰ ਦਾ ਪਿਉ ਅਸਲ 'ਚ ਕੌਣ ਸੀ, ਭਾਵੇਂ ਉਹ ਨਹੀਂ ਸੀ ਜਾਣਦੀ, ਪਰ ਉਹ ਆਪਣੇ ਢਿੱਡੋਂ ਜਾਏ ਦੀ ਮਾਂ ਸੀ ਉਹ ਕਦੀ ਨਾ ਭੁੱਲੀ।

ਇੱਕ-ਇੱਕ ਦਿਨ ਕਰਕੇ ਜੁਆਕ ਵੱਡਾ ਹੋਣ ਲੱਗਿਆ। ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਨ ਤੱਕ ਬਾਲ ਸਕੂਲ ਜਾਣ ਲੱਗਿਆ, ਤੇ ਇੱਧਰ ਚਿੱਟੇ ਰੰਗ 'ਚ ਭਖ਼ਦੀ ਲਾਲੀ ਨੇ ਸਟੇਜ 'ਤੇ ਲਾਂਬੂ ਲਾ ਦਿੱਤੇ। ਨੂਰਾਨੀ ਦੇ ਰੂਪ ਦੇ ਚਰਚੇ ਉਸ ਦੇ ਆਸ਼ਕਾਂ ਨੂੰ ਬਾਊ ਅਸ਼ੋਕ ਦੀ ਗਲੀ 'ਚ ਭੰਬੀਰੀ ਬਣਾ ਕੇ ਘੁਮਾਉਣ ਲੱਗੇ। ਉਸ ਦੇ ਹੁਸਨ ਦੇ ਸੇਕ ਦਾ ਨਿੱਘ ਮਾਨਣ ਲਈ ਦਿਲਾਂ ਦੀਆਂ ਧੜਕਣਾਂ ਆਹਾਂ ਭਰਨ ਲੱਗੀਆਂ। ਗੋਰੇ ਰੰਗ ਤੇ ਸੁਨਹਿਰੀ ਵਾਲਾਂ ਨੇ ਐਸਾ ਜਾਦੂ ਦਿਖਾਇਆ, ਕਿ ਨਵਾਂ ਨਵਾਂ ਚੱਲਿਆ ਗੀਤ, 'ਚਾਂਦੀ ਜੈਸਾ ਰੰਗ ਹੈ ਤੇਰਾ ਸੋਨੇ ਜੈਸੇ ਬਾਲ, ਏਕ ਤੂ ਹੀ ਧਨਵਾਨ ਹੈ ਸਾਥੀ ਬਾਕੀ ਸਭ ਕੰਗਾਲ' ਦੀ ਵਾਰ-ਵਾਰ ਹੋਈ ਮੰਗ ਨੇ ਸੱਚੀਂ ਸ਼ਰਾਬੀ ਹੋਏ ਬਾਰਾਤੀਆਂ, ਮੇਲੀਆਂ ਨੂੰ ਕੰਗਾਲ ਬਣਾ ਕੇ ਰਖ 'ਤਾ ਹੋਣੈ, ਤਦੇ ਹੀ ਤਾਂ ਉਸ ਦਿਨ ਹੋਈ ਕੁਲੈਕਸ਼ਨ ਗਿਣਦਿਆਂ ਬਾਊ ਅਸ਼ੋਕ ਤੇ ਸੀਮਾ ਭਾਬੀ ਦੇ ਹੱਥਾਂ ਦੇ ਪੋਟੇ ਦੁਖਣ ਲੱਗੇ ਸਨ। ਪਹਿਲੇ ਸੀਜ਼ਨ 'ਚ ਹੀ ਲੱਕ ਮਟਕਾਉਂਦੀ ਨੇ ਐਸੇ ਨੈਣ ਮਟਕਾਏ ਕਿ ਸ਼ਹਿਰ ਦਾ ਕਹਿੰਦਾ-ਕਹਾਉਂਦਾ ਲਾਲਿਆਂ ਦਾ ਮੁੱਛ-ਫੁੱਟ ਗੱਭਰੂ ਪੁੱਤਰ ਉਸ ਦੇ ਰੂਪ ਦਾ ਡੰਗਿਆ ਕੰਗਾਲ ਹੋਣ ਨੂੰ ਤਿਆਰ ਹੋ ਗਿਆ। ਨਿੱਤ ਨਵੇਂ ਬਾਣੇ, ਤੇ ਵੰਨ-ਸੁਵੰਨੇ ਖਾਣੇ-ਪੀਣੇ ਨੇ ਦਿਨਾਂ 'ਚ ਹੀ ਮਾਂ-ਧੀ ਦੇ ਰੰਗ ਢੰਗ ਬਦਲ ਦਿੱਤੇ।

ਪਰ ਉਸ ਦੇ ਰੂਪ ਦਾ ਸੇਕ ਸੀਮਾ ਦੇ ਘਰ ਸੰਸਾਰ ਨੂੰ ਵੀ ਝੁਲਸਾ ਸਕਦਾ ਹੈ, ਉਸ ਦੇ ਚਿੱਤ ਚੇਤੇ ਵੀ ਨਹੀਂ ਸੀ।

ਅਸਲ ਵਿੱਚ ਘਰ ਦੀ ਹਾਲਤ ਸੁਧਾਰਨ 'ਚ ਉਲਝੀ ਸੀਮਾ ਦੇ ਫ਼ਰਿਸ਼ਤੇ ਵੀ ਨਹੀਂ ਸਨ ਸੋਚ ਸਕਦੇ, ਕਿ ਉਸ ਦੇ ਸੁਖੀ ਵੱਸਦੇ ਘਰ-ਸੰਸਾਰ ਨੂੰ ਅੰਦਰੋਂ-ਅੰਦਰੀਂ ਕਿਸੇ ਦੂਜੀ ਦਾ ਦਖ਼ਲ ਚੁਆਤੀ ਲਗਾ ਚੁੱਕਿਆ ਸੀ। ਭਿਣਕ ਉਦੋਂ ਪਈ ਜਦੋਂ ਚੁਆਤੀ ਚਿੰਗਾਰੀ ਬਣ ਕੇ ਘਰ ਸੰਸਾਰ ਲਾਂਬੂ ਲਗਾਉਣ ਲੱਗੀ ਸੀ। ਸੇਕ ਮਹਿਸੂਸ ਹੋਇਆ ਤਾਂ ਉਹ ਸੁੱਧ-ਬੁੱਧ ਗਵਾ ਬੈਠੀ, ਪਰ ਇਸ ਤੋਂ ਪਹਿਲਾਂ ਕਿ ਅੱਗ 'ਤੇ ਪਾਣੀ ਪਾਇਆ ਜਾਂਦਾ, ਅੱਗ ਭਾਂਬੜ ਬਣ ਕੇ ਮੱਚ ਚੁੱਕੀ ਸੀ। ਉਸ ਦੇ ਸਾਹੀਂ ਜਿਊਣ ਵਾਲਾ ਪਤੀ ਪਰਮੇਸ਼ਵਰ ਬਾਊ ਅਸ਼ੋਕ ਨੀਤੂ ਨੂਰਾਨੀ ਦੇ ਨੂਰ ਦੀ ਅੱਗ 'ਚ ਆਪਣੀ ਸੁਖੀ ਵੱਸਦੀ ਘਰ-ਗ੍ਰਹਿਸਥੀ ਰਾਖ ਕਰਨ ਦੀ ਹੱਦ 'ਤੇ ਜਾ ਪਹੁੰਚਿਆ ਸੀ।

ਸਿਰ ਪਿੱਟਿਆ, ਰੋਈ ਤੜਫੀ ਤੇ ਫਿਰ ਪਤਾ ਨਹੀਂ ਕਿੱਥੋਂ ਅੱਤ ਦਾ ਹੌਂਸਲਾ ਆ ਗਿਆ। ਉਹ ਮਾਸੂਮ ਜਿਹੜੀ ਕਦੀ ਉੱਚਾ ਬੋਲ ਨਹੀਂ ਸੀ ਬੋਲੀ, ਚੰਡੀ ਬਣ ਖੜੋਤੀ। ਅਸ਼ੋਕ ਬਾਊ ਦੇ ਰਿਸ਼ਤੇਦਾਰ ਇਕੱਠੇ ਕਰਕੇ ਉਂਗਲ ਲੱਗੀ ਧੀ ਤੇ ਦੁੱਧ ਚੁੰਘਦੇ ਪੁੱਤਰ ਨੂੰ ਲੈ ਕੇ ਆਪਣੀਆਂ ਖ਼ੁਸ਼ੀਆਂ ਬਚਾਉਣ ਲਈ ਝੰਡਾ ਚੁੱਕ ਲਿਆ।

ਇੱਕ ਡਾਂਸਰ ਲਈ ਬਲੀ ਚੜ੍ਹਦਾ ਆਪਣਾ ਘਰ-ਪਰਿਵਾਰ ਬਚਾਉਣ ਦੀ ਵੇਲੇ ਸਿਰ ਆਈ ਸੋਝੀ ਨੇ ਬਾਊ ਅਸ਼ੋਕ ਨੂੰ ਗੋਡਿਆਂ ਭਾਰ ਕਰ ਦਿੱਤਾ।

ਤੇ ਫ਼ੈਸਲਾ ਹੋ ਗਿਆ। ਅੱਜ ਤੋਂ ਕੁੜੀਆਂ ਨੂੰ ਘਰ ਅੰਦਰ ਨਹੀਂ ਵਾੜਿਆ ਜਾਵੇਗਾ। ਉਨ੍ਹਾਂ ਦੇ ਠਹਿਰਨ ਦਾ ਪ੍ਰਬੰਧ ਘਰ ਤੋਂ ਬਾਹਰ ਕੀਤਾ ਜਾਵੇ, ਤੇ ਜੇ ਦੁਬਾਰਾ ਅਸ਼ੋਕ ਅਜਿਹਾ ਕਾਰਾ ਕਰਦਾ ਧਰਿਆ ਗਿਆ, ਤਾਂ ਉਹ ਪਤੀ ਪਰਮੇਸ਼ਵਰ ਦੀ ਪੂਜਾ ਭੁੱਲ ਕੇ, ਦੱਸ ਦੇਵੇਗੀ ਕਿ ਰੱਬ ਨੂੰ ਬੰਦਾ ਕਿਵੇਂ ਬਣਾਇਆ ਜਾਂਦਾ ਹੈ।



ਅਸ਼ੋਕ ਬਾਊ ਤਾਂ ਰੱਬ ਤੋਂ ਬੰਦਾ ਬਣ ਗਿਆ, ਪਰ ਕਿੰਨੇ ਬੰਦਿਆਂ ਦੇ ਅੰਦਰ ਨੱਚਦੇ ਸ਼ੈਤਾਨਾਂ ਨੂੰ ਵੱਸ 'ਚ ਕਰਕੇ ਇਨ੍ਹਾਂ ਉਂਗਲਾਂ 'ਤੇ ਨਚਾਏ ! ਹਾਏ ਤੌਬਾ, ਰੱਬ ਬਚਾਏ ਇਨ੍ਹਾਂ ਚੰਦਰੀਆਂ ਦੇ ਪੁੱਠੇ ਪੈਰਾਂ ਤੋਂ।

ਕਿਸੇ ਇੱਕ ਦੇ ਰੰਗ ਬਦਲੇ ਹੋਣ ਤਾਂ ਬੰਦਾ ਆਖੇ ਵੀ। ਇੱਥੇ ਤਾਂ ਆਵਾ ਈ ਊਤਿਆ ਪਿਆ ਏ। ਨੂਰਾਨੀ ਤਾਂ ਮੂੰਹ-ਮੱਥੇ ਲੱਗਦੀ ਜਚਦੀ-ਫੱਬਦੀ ਸੀ, ਪਰ ਉਹ ਰੇਣੂ ਉੱਚੇ ਦੰਦਾਂ ਵਾਲੀ ਕਾਲੀ ਕਲੂਟੀ ਨੇ ਤਾਂ ਹੱਦ ਹੀ ਲਾਹ ਕੇ ਰੱਖ ਦਿੱਤੀ। ਚੰਗਾ ਭਲਾ ਦੋ ਜੁਆਕਾਂ ਦਾ ਪਿਉ ਸੁਨਿਆਰਾ ਫਸਾ ਲਿਆ, ਤੇ ਫਿਰ ਇੱਕ ਦਿਨ ਉਹਦੇ ਘਰ ਜਾ ਪਹੁੰਚੀ। ਘਰਵਾਲੀ ਦੇ ਨਾਲ ਡਰਾਇੰਗ ਰੂਮ 'ਚ ਰੇਣੂ ਨੂੰ ਬੈਠੀ ਵੇਖ ਕੇ ਸੁਨਿਆਰਾ ਸਾਹ ਖਿੱਚ ਗਿਆ। ਅਧਰੰਗ ਦਾ ਅਜਿਹਾ ਅਟੈਕ ਹੋਇਆ ਕਿ ਮੰਜੇ ਨਾਲ ਜੁੜ ਕੇ ਰਹਿ ਗਿਆ। ਰੇਣੂ ਨੂੰ ਹੋਰ ਬਥੇਰੇ। ਚਾਰ ਦਿਨ ਨਹੀਂ ਪਏ ਤੇ ਕਿਸੇ ਡਾਕਟਰ ਦੀ ਕਾਰ 'ਚ ਸਵਾਰ ਹੋਈ ਫਿਰੇ। ਸੁਨਿਆਰੇ ਦਾ ਟੱਟੀ-ਪਿਸ਼ਾਬ ਹੂੰਝਦੀ ਜ਼ਨਾਨੀ ਰਹਿ ਗਈ ਹਸਪਤਾਲਾਂ ਦੇ ਗੇੜਿਆਂ ਜੋਗੀ।

ਉਹ ਵੱਡੀ ਸਲੋਨੀ ! ਕੰਜਰੀ ਸਾਰੀਆਂ ਦੀ ਮਾਂ ਨਿਕਲੀ। ਸ਼ਰਾਬ ਠੇਕੇਦਾਰ ਦੇ ਇਕਲੌਤੇ ਪੁੱਤਰ ਦੇ ਪਤਾ ਨਹੀਂ ਸਿਰ 'ਚ ਕੀ ਧੂੜਿਆ, ਦਿਨੇ-ਰਾਤੀਂ ਹਰਾਮਜ਼ਾਦੀ ਦੇ ਚੱਡਿਆਂ 'ਚ ਸਿਰ ਦਿੱਤੀ ਰੱਖਦਾ। ਉਹ ਜੰਨਤ ਨਹੀਂ, ਅਸਲ ਵਿੱਚ ਨਰਕ ਦੁਆਰ ਸੀ, ਜਿਸ ਦੀ ਦਹਿਲੀਜ਼ 'ਤੇ ਪੈਰ ਧਰ ਕੇ ਆਪਣੇ ਹੱਥੀਂ ਮੌਤ ਸਹੇੜ ਬੈਠਾ ਸੀ। ਕਾਲ ਬਣ ਕੇ ਅਜਿਹੀ ਚੁੜੇਲ ਚਿੰਬੜੀ ਕੁਝ ਮਹੀਨੇ ਨਹੀਂ ਪਏ, ਦੋਵਾਂ ਦੀਆਂ ਗਲੀਆਂ-ਸੜੀਆਂ ਲਾਸ਼ਾਂ ਗੈਰਾਜ ਵਿੱਚ ਖੜ੍ਹੀ ਕਾਰ 'ਚੋਂ ਮਿਲੀਆਂ।

ਪਤਾ ਨਹੀਂ ਕਿਹੜੀ ਗਿੱਦੜ-ਸਿੰਗੀ ਸੁੰਘਾਉਂਦੀਆਂ ਨੇ, ਚੰਗਾ ਭਲਾ ਪੜ੍ਹਿਆ ਲਿਖਿਆ ਬੰਦਾ ਇਨ੍ਹਾਂ ਦੁਆਲੇ ਚੱਕਰ ਕੱਟਦਾ ਘਣਚੱਕਰ ਬਣ ਜਾਂਦਾ ਏ। ਦਿਨ ਰਾਤ ਧੰਨ ਗੱਡੀਆਂ ਦੇ ਹਾਰਨ, ਤੇ ਧੰਨ ਇਨ੍ਹਾਂ ਦੇ ਚਲਿੱਤਰ। ਵੱਡੀ ਗੱਲ ਗੱਡੀ ਦਾ ਹਾਰਨ ਧੀ ਨਾਲੋਂ ਪਹਿਲਾਂ ਮਾਂ-ਪਿਉ ਨੂੰ ਸੁਣ ਜਾਂਦਾ ਏ, ਤੇ ਵਾਛਾਂ ਖਿਲਾਰ ਕੇ ਆਖਣਗੇ, "ਜਾ ਪੁੱਤ, ਬਾਊ ਨੂੰ ਉਡੀਕ ਨਾ ਕਰਾ।"

ਇਹ ਗੱਲ ਤਾਂ ਹੋਈ ਮਜਬੂਰੀ ਮਾਰੀਆਂ ਦੀ, ਪਰ ਹੁਣ ਤਾਂ ਜ਼ਿਆਦਾ ਪੜ੍ਹੀਆਂ-ਲਿਖੀਆਂ ਕੁੜੀਆਂ ਆਉਣ ਲੱਗੀਆਂ ਨੇ !

"ਰੂਬੀ ਰੁਬੀਨਾ ! ਹਾਏ ਮੇਰੇ ਹੱਡਾਂ ਦੀ ਸਿਉਂਕ। ਅਖੇ ਮੈਂ ਬੀ.ਏ. ਪਾਸ ਕੀਤੀ ਏ, ਕੰਪਿਊਟਰ ਕੋਰਸ ਵੀ ਕੀਤਾ ਹੋਇਐ। ਜੇ ਇੰਨਾ ਹੀ ਪੜ੍ਹੀ-ਲਿਖੀ ਏਂ ਤਾਂ ਕੋਈ ਨੌਕਰੀ ਕਰ ਜਾ ਕੇ। ਮੇਰੇ ਸੀਨੇ ਕਾਹਦਾ ਮੂੰਗ ਦਲਣ ਬੈਠੀ ਏਂ।" ਸੋਚ ਕੇ ਸੀਮਾ ਦਾ ਗੱਚ ਭਰ ਆਇਆ। ਨੀਤੂ ਨੂਰਾਨੀ ਤੋਂ ਤਾਂ ਖਹਿੜਾ ਛੁਡਾ ਲਿਆ ਸੀ, ਤੇ ਕਈ ਸਾਲ ਸੁੱਖ ਸ਼ਾਂਤੀ ਨਾਲ ਲੰਘ ਗਏ, ਪਰ ਅਸ਼ੋਕ ਬਾਊ ਦੇ ਅੰਦਰਲੇ ਕੀੜੇ ਕਦੋਂ ਸੁਰਲ-ਸੁਰਲ ਕਰਦੇ ਰੁਬੀਨਾ ਬਣੀ ਰੂਬੀ ਦੇ ਮੋਹ ਜਾਲ 'ਚ ਫਸ ਗਏ ਪਤਾ ਹੀ ਨਾ ਲੱਗਿਆ। ਬਜਾਏ ਉਸ ਨੂੰ ਸਮਝਾਉਣ ਦੇ ਸੀਮਾ ਨੇ ਆਪਣੇ-ਆਪ ਨੂੰ ਸਮਝਾ ਲਿਆ, ਤੇ ਹਰ ਸਾਹ ਨਾਲ ਵੱਡੇ ਹੁੰਦੇ ਬਾਲਾਂ ਦੀ ਚੰਗੀ ਪਰਵਰਿਸ਼ ਦਾ ਫ਼ੈਸਲਾ ਕਰਕੇ ਉਸ ਨੇ ਖੁੱਲ੍ਹੀਆਂ ਅੱਖਾਂ 'ਤੇ ਪੱਟੀ ਬੰਨ੍ਹ ਲਈ। ਘਰ ਨੂੰ ਘਰ ਰੱਖਣ ਦੇ ਇਰਾਦੇ ਨਾਲ ਕੰਮ ਦਾ ਸੰਚਾਲਨ ਕੇਵਲ ਗੋਡਾਊਨ ਤੋਂ ਹੀ ਕੀਤੇ ਜਾਣ 'ਤੇ ਅੜੀ ਸੀਮਾ ਨੂੰ ਅਕਸਰ ਆਪਣੇ ਅਸੂਲਾਂ ਨਾਲ ਸਮਝੌਤਾ ਕਰਨਾ ਪੈ ਜਾਂਦਾ, ਜਦੋਂ ਕੰਮ 'ਤੇ ਆਈ ਕਿਸੇ ਕੰਮ ਦੀ ਕੁੜੀ ਨੂੰ ਘਰ ਰੱਖਣ ਲਈ ਹਾਮੀ ਭਰਨੀ ਪੈ ਜਾਂਦੀ। ਛੇਤੀ ਹੀ ਆਮ ਕੁੜੀਆਂ ਵਾਂਗ ਉਹ ਕੰਮ ਦੀ ਕੁੜੀ ਵੀ ਗੋਡਾਊਨ ਦਾ ਹਿੱਸਾ ਬਣ ਜਾਂਦੀ।

ਕਈ ਸਾਲ ਇਸ ਧੰਦੇ ਦੀਆਂ ਉਚਾਣਾਂ-ਨਿਵਾਣਾਂ ਨਾਪਦੀ ਆਖਿਰ ਖ਼ੁਦ ਮੈਦਾਨ ਬਣ ਕੇ ਵਿਚਰਨਾ ਸਿੱਖ ਗਈ। ਨੀਤੂ ਨੂਰਾਨੀ ਵੱਲੋਂ ਪਤੀ ਨੂੰ ਲੈ ਕੇ ਉਹ ਨਿਸ਼ਚਿੰਤ ਸੀ, ਤੇ ਰੁਬੀਨਾ ਦੇ ਮਾਮਲੇ ਵਿੱਚ ਰੱਬ ਉੱਤੇ ਡੋਰਾਂ ਛੱਡ ਕੇ ਆਪਣੀ ਘਰ-ਗ੍ਰਹਿਸਥੀ ਦੀ ਵਾਗਡੋਰ ਕੱਸ ਕੇ ਸੰਭਾਲ

ਲਈ, ਤੇ ਇਸ ਮੋਰਚੇ 'ਤੇ ਉਹ ਕਦੀ ਅਸਫਲ ਸਿੱਧ ਨਾ ਹੋਈ। ਧੀ ਕਾਲਜ ਜਾਣ ਲੱਗੀ ਸੀ ਤੇ ਪੁੱਤਰ ਵੀ ਹਾਇਰ ਸੈਕੰਡਰੀ ਕਰਕੇ ਉੱਚੇਰੀ ਵਿੱਦਿਆ ਲਈ ਚੰਗੀ ਥਾਂ ਦਾਖ਼ਲੇ ਲਈ ਹੱਥ-ਪੈਰ ਮਾਰਨ ਲੱਗਿਆ ਸੀ।

ਸੀਮਾ ਦੇ ਦਿਮਾਗ਼ 'ਚ ਸ਼ੁਰੂ ਤੋਂ ਲੈ ਕੇ ਹੁਣ ਤੱਕ ਦੇ ਦਿਨਾਂ ਦੀ ਰੀਲ ਘੁੰਮਣਾ ਕੋਈ ਨਵੀਂ ਗੱਲ ਨਹੀਂ, ਬਲਕਿ ਜਦੋਂ ਵੀ ਕੋਈ ਕੁੜੀ ਗੋਡਾਊਨ ਦੀ ਬਜਾਏ ਘਰ ਲਿਆ ਕੇ ਰੱਖੀ ਜਾਂਦੀ, ਉਸ ਦੇ ਦਿਮਾਗ਼ ਦੀ ਫ਼ਿਰਕੀ ਆਪ-ਮੁਹਾਰੇ ਘੁੰਮਣ ਲੱਗਦੀ। ਉਂਝ ਤਾਂ ਕਈ ਕੁੜੀਆਂ ਆਈਆਂ ਤੇ ਕਈ ਗਈਆਂ, ਪਰ ਕੁਝ ਅਜਿਹੀਆਂ ਦਿਮਾਗ਼ 'ਚ ਵੱਸੀਆਂ, ਜੋ ਚੱਤੋ ਪਹਿਰ ਉਸ ਦੇ ਦਿਲ-ਦਿਮਾਗ਼ 'ਚ ਖੌਰੂ ਪਾਈ ਰੱਖਦੀਆਂ।

"ਭਾਬੀ ਜੀ ਆਹ ਕੱਪੜੇ ਕਿਹੜੇ ਜੁਆਕ ਨੂੰ ਪਾਉਣੇ ਨੇ। ਐਡਾ ਕੁ ਬਾਲ ਮੈਨੂੰ ਤਾਂ ਦਿਸਿਆ ਨਹੀਂ ਘਰ 'ਚ।" ਪਤਾ ਨਹੀਂ ਸੀਮਾ ਹੋਰ ਕਿੰਨੀ ਦੇਰ ਚੰਗੇ-ਮੰਦੇ ਦਾ ਦੁੱਧ-ਪਾਣੀ ਨਿਤਾਰਨ 'ਚ ਉਲਝੀ ਰਹਿੰਦੀ, ਜੇ ਹੱਥ 'ਚ ਡਰੈੱਸ ਫੜੀ ਰੋਸ਼ਨੀ ਦੇ ਬੋਲ ਉਸ ਦੇ ਕੰਨਾਂ 'ਚ ਨਾ ਪੈਂਦੇ।

"ਕਿਸੇ ਜਵਾਕ ਲਈ ਨਹੀਂ, ਤੇਰੇ ਲਈ ਨੇ। ਪਾ ਕੇ ਵੇਖ ਲੈ, ਤੇ ਫਿਰ ਸੁਨੀਲ ਨਾਲ ਜਾ ਕੇ ਫੋਟੋਆਂ ਕਰਵਾ ਆਵੀਂ। ਸਾਡੇ ਬੱਚੇ ਨਹੀਂ ਪਾਉਂਦੇ ਇਹੋ-ਜਿਹੇ ਕੱਪੜੇ।" ਮੂੰਹ ਟੇਢਾ ਕਰਕੇ ਸੀਮਾ ਹੱਸੀ ਤੇ ਨੱਕ ਚੜ੍ਹਾ ਕੇ ਰਸੋਈ ਵੱਲ ਹੋ ਗਈ।

"ਮੈਂ ਨਹੀਂ ਪਾਣੇ। ਆਹ ਜੁਆਕਾਂ ਵਾਲੇ ਕੱਪੜੇ।" ਹੈਰਾਨ-ਪਰੇਸ਼ਾਨ ਹੁੰਦੀ ਰੋਸ਼ਨੀ ਵੀ ਮਗਰੇ-ਮਗਰ ਤੁਰ ਪਈ।

ਬਜਾਏ ਕੋਈ ਜਵਾਬ ਦੇਣ ਜਾਂ ਸਮਝਾਉਣ ਦੇ ਸੀਮਾ ਹੱਸ ਕੇ ਘਰ ਦੇ ਆਹਰ ਲੱਗ ਗਈ ਤੇ ਰੋਸ਼ਨੀ ਡਰੈੱਸਾਂ ਨੂੰ ਪਰਤ-ਪਰਤ ਕੇ ਵੇਖਦੀ ਕਦੀ ਬੈੱਡ 'ਤੇ ਰੱਖ ਦੇਵੇ ਤੇ ਕਦੀ ਫਿਰ ਚੁੱਕ ਲਵੇ। ਕਦੀ ਸੁੱਤੀ ਪਈ ਬਾਊ ਦੀ ਕੁੜੀ ਨੂੰ ਵੇਖੇ ਤੇ ਕਦੀ ਆਪਣੇ-ਆਪ ਨੂੰ, ਤੇ ਫਿਰ "ਭਾਬੀ, ਭਾਬੀ ਜੀ, ਆਹ ਨਿੱਕੇ-ਨਿੱਕੇ ਕੱਪੜੇ ਪਾ ਕੇ ਕੀ ਕਰਾਂਗੀ ਮੈਂ। ਸੁਨੀਲ ਬਾਊ ਨੇ ਦੱਸਿਆ ਸੀ ਨੱਚਣ-ਟੱਪਣ ਦਾ ਕੰਮ ਕਰਨੈ ਮੈਂ। ਮੈਨੂੰ ਨਾਗਨ ਡਾਂਸ ਆਉਂਦੈ, ਡਿਸਕੋ ਵੀ ਆਉਂਦੈ। ਕੱਥਕ ਵੀ ਕਰ ਲੈਨੀ ਆਂ। ਟੀ.ਵੀ. 'ਤੇ ਵੇਖ ਕੇ ਮੈਂ ਜਿਹੜੀ ਮਰਜੀ ਹੀਰੋਇਨ ਹੋਵੇ, ਉਸ ਨਾਲੋਂ ਵਧੀਆ ਸਟੈੱਪ ਕਰ ਲੈਨੀ ਆਂ।" ਕਰਦੀ ਸੀਮਾ ਦੇ ਅੱਗੇ-ਪਿੱਛੇ ਹੋਣ ਲੱਗੀ।

*****

ਸੁਨੀਲ ਦੀ ਗੱਲ ਬਾਊ ਅਸ਼ੋਕ ਦੇ ਦਿਲ ਨੂੰ ਅਜਿਹੀ ਜਚੀ ਕਿ ਦਿਮਾਗ਼ ਨੂੰ ਚੜ੍ਹ ਕੇ ਚੱਤੋ ਪਹਿਰ ਦਾ ਖੌਰਾ ਬਣ ਗਈ। ਉਹ ਦਿਨ-ਰਾਤ ਬੁੱਤ-ਤਰਾਸ਼ੀ 'ਚ ਲੱਗ ਗਿਆ। ਬਾਰੀਕੀ ਨਾਲ ਇੱਕ-ਇੱਕ ਨਕਸ਼ ਨਿਹਾਰਦਿਆਂ ਜਦੋਂ ਦਿਮਾਗ਼ 'ਚ ਉਤਰੀ ਮੂਰਤ ਦਿਲ 'ਚ ਵੱਸ ਗਈ, ਤਾਂ ਖ਼ਾਸ ਪ੍ਰੋਗਰਾਮ ਦੀ ਬੁਕਿੰਗ ਦਾ ਇੰਤਜ਼ਾਰ ਕੀਤਾ ਜਾਣ ਲੱਗਿਆ। ਪਹਿਲੀ ਐਂਟਰੀ ਵਿੱਚ ਹੀ ਰੋਸ਼ਨੀ ਦੀ ਬੁੱਤ ਸਥਾਪਨਾ ਵਿਧੀ-ਪੂਰਵਕ ਕਰਨਾ ਚਾਹੁੰਦਾ ਸੀ, ਤਾਂ ਜੋ ਇੱਕ ਵਾਰ ਕੀਤੀ ਪ੍ਰਾਨ ਪ੍ਰਤਿਸ਼ਠਾ ਉਸ ਅੰਦਰ ਅਜਿਹੀ ਸਮੋਹਣ ਸ਼ਕਤੀ ਭਰ ਦੇਵੇ, ਕਿ ਉਸ ਦੀ ਆਰਤੀ ਉਤਾਰਦੇ ਨੱਚਦੇ-ਟੱਪਦੇ ਅੰਨ੍ਹੇ ਹੋਏ ਭਗਤ ਜੇਬਾਂ ਪਾੜ ਸੁੱਟਣ।

ਤੇ ਆਖਿਰ ਉਹ ਮੁਬਾਰਕ ਘੜੀ ਆ ਪਹੁੰਚੀ।

ਜਾਂਦਾ ਮੱਘਰ ਮਹੀਨਾ। ਵਿਆਹਾਂ ਦਾ ਜ਼ੋਰ। ਦਿਨ ਰਾਤ ਅਸ਼ੋਕ ਬਾਊ ਇੱਕ-ਦੋ ਨਹੀਂ ਸੱਤ-ਅੱਠ-ਅੱਠ ਥਾਵਾਂ 'ਤੇ ਬੁਕਿੰਗ ਭੁਗਤਾ ਰਿਹਾ ਸੀ, ਪਰ ਅੱਜ ਦੀ ਇਕੱਲੀ ਬੁਕਿੰਗ ਸੱਤ-ਅੱਠ ਨਹੀਂ ਸੌ ਪ੍ਰੋਗਰਾਮਾਂ ਜਿੰਨੀ ਭਾਰੀ ਸੀ।

ਮੌਕਾ ਸੀ ਸ਼ਹਿਰ ਦੇ ਧਨਾਢ ਸੇਠ ਦੇ ਇਕਲੌਤੇ ਪੁੱਤਰ ਦੇ ਵਿਆਹ ਦਾ। ਪ੍ਰੋਗਰਾਮ ਬੁੱਕ ਕਰਨ



ਆਈ ਪਾਰਟੀ ਨੇ ਐਲਬਮ ਦਾ ਕੋਨਾ-ਕੋਨਾ ਛਾਂਟ ਕੇ ਇੱਕ-ਇੱਕ ਕੁੜੀ ਦੀ ਚੋਣ ਕਰਦਿਆਂ ਪੈਸੇ ਦੀ ਪਰਵਾਹ ਨਹੀਂ ਸੀ ਕੀਤੀ। ਪਾਰਟੀ ਦੀ ਇੱਕੋ ਖ਼ਵਾਹਿਸ਼ ਸੀ, ਵਿਆਹ 'ਚ ਨੱਚਣ ਲੱਗਿਆਂ ਕਿਸੇ ਮਹਿਮਾਨ ਦੇ ਦਿਲ ਦੀ ਰੀਝ ਅਧੂਰੀ ਨਾ ਰਹਿ ਜਾਵੇ।

ਮੈਰਿਜ ਪੈਲੇਸ ਦਾ ਵੱਡਾ ਲਾਅਨ ਰੋਸ਼ਨੀਆਂ ਨਾਲ ਨਹਾਤਾ ਪਿਆ ਸੀ, ਤੇ ਚਕਾਚੌਂਧ ਡਿਸਕੋ ਲਾਈਟਾਂ ਵਿੱਚੋਂ, "ਹੈਲੋ, ਹੈਲੋ ਮਾਈਕ ਟੈਸਟਿੰਗ। ਆਜ ਕੇ ਮੁਬਾਰਕ ਅਵਸਰ ਪਰ ਆਪ ਸਬ ਮਹਿਮਾਨੋਂ ਕਾ ਸਵਾਗਤ ਹੈ।"

ਐਂਕਰ ਸੁਨੀਲ ਨੇ ਮਾਈਕ ਸੰਭਾਲਿਆ ਤੇ ਵਿਧੀ ਅਨੁਸਾਰ ਗਣੇਸ਼ ਵੰਦਨਾ ਨਾਲ ਪ੍ਰੋਗਰਾਮ ਦੀ ਸਫਲਤਾ ਲਈ ਪ੍ਰਾਰਥਨਾ ਕੀਤੀ। ਗਣੇਸ਼ ਵੰਦਨਾ ਦੀ ਸਮਾਪਤੀ ਦੇ ਨਾਲ ਹੀ ਅਸ਼ੋਕ ਲਾਈਟ ਐਂਡ ਸਾਊਂਡ ਦੀ ਪਛਾਣ ਕਰਵਾਉਣ ਲਈ ਮਿਊਜ਼ੀਕਲ ਧੁਨਾਂ ਚਲਾ ਦਿੱਤੀਆਂ ਗਈਆਂ।

ਰੋਸ਼ਨੀਆਂ ਨਹਾਤੀ ਸਟੇਜ, ਵੱਡੇ ਸਾਊਂਡ ਬਾਕਸ, ਬਰਾਤੀਆਂ, ਮੇਲੀਆਂ ਦੇ ਨੱਚਣ ਲਈ ਡਾਂਸ ਫਲੋਰ ਦੇ ਕੋਨੇ-ਕੋਨੇ 'ਤੇ ਫਲੱਡ ਲਾਈਟਾਂ 'ਚੋਂ ਉਠਦੀ ਸਮੋਕ ਲਾਈਟ ਦੇ ਧੂੰਏਂ ਵਿੱਚ ਪੈਲਾਂ ਪਾਉਂਦੀਆਂ ਰਸ਼ੀਅਨ ਡਾਂਸਰਾਂ ਦੇ ਭੰਬੀਰੀ ਬਣੇ ਲੱਕ ਤੇ ਸਾਥੀ ਡਾਂਸਰ ਮੁੰਡਿਆਂ ਨਾਲ 'ਪੋਲ ਡਾਂਸ' ਦੇ ਜਲਵੇ ਬਰਾਤੀਆਂ ਨੂੰ ਡਾਂਸ ਫਲੋਰ 'ਤੇ ਖਿੱਚ ਲਿਆਏ।

ਵਿਆਹ ਸਮਾਰੋਹ ਵਿੱਚ ਹਜ਼ਾਰਾਂ ਦੀ ਗਿਣਤੀ 'ਚ ਆਏ ਮਹਿਮਾਨਾਂ ਨੂੰ ਧਿਆਨ ਵਿੱਚ ਰੱਖਦਿਆਂ ਓਪਨ ਸਟੇਜ ਲਗਾਈ ਗਈ ਸੀ। ਵੱਡੇ ਪੰਡਾਲ ਵਿੱਚ ਦੂਰ-ਦੂਰ ਤੱਕ ਮੇਜ਼-ਕੁਰਸੀਆਂ 'ਤੇ ਬੈਠੇ ਮਹਿਮਾਨ ਵਿਆਹ ਸਮਾਰੋਹ ਨੂੰ ਨੇੜੇ ਹੋ ਕੇ ਵੇਖ ਸਕਣ, ਇਸ ਦਾ ਹੱਲ ਵੱਡੀਆਂ ਐਲ.ਸੀ.ਡੀ. ਲਗਾ ਕੇ ਕਰ ਦਿੱਤਾ ਗਿਆ ਸੀ। ਅੱਤ ਦੀ ਠੰਡ ਵਿੱਚ ਮੇਲਣਾਂ ਦੇ 'ਹੌਟ ਲੁਕ-ਆਊਟ' ਨੇ ਜਿੱਥੇ ਮਾਹੌਲ ਗਰਮਾਇਆ ਹੋਇਆ ਸੀ, ਉੱਥੇ ਆਰਕੈਸਟਰਾ ਪਾਰਟੀ ਦਾ ਜਲਵਾ ਇਸ ਅੱਗ ਵਿੱਚ ਘਿਉ ਦਾ ਕੰਮ ਕਰ ਰਿਹਾ ਸੀ।

ਅਚਾਨਕ ਪੰਡਾਲ ਵਿੱਚ ਹੋਈ ਆਕਾਸ਼ੀ ਬਿਜਲੀ ਚਮਕਣ ਜਿਹੀ ਲਿਸ਼ਕੋਰ ਨੇ ਸਭਨਾਂ ਦਾ ਧਿਆਨ ਖਿੱਚ ਲਿਆ। ਫੁੱਲਾਂ ਨਾਲ ਸ਼ਿੰਗਾਰੇ ਉਡਣ ਖਟੋਲੇ ਵਿੱਚ ਦੂਹਲਾ-ਦੁਲਹਨ ਨੂੰ ਆਕਾਸ਼ ਤੋਂ ਧਰਤੀ ਵੱਲ ਉਤਰਦਿਆਂ ਵੇਖ ਹੂ-ਹੂ ਹੂਟਿੰਗ ਕਰਕੇ ਤਾੜੀਆਂ ਦੀ ਗੂੰਜ ਨਾਲ ਸਵਾਗਤ ਕੀਤਾ ਜਾਣ ਲੱਗਿਆ। ਜ਼ਮੀਨ 'ਤੇ ਉਤਰ ਕੇ ਜਿਵੇਂ ਹੀ ਫੁੱਲਾਂ ਦੇ ਚੰਦੋਏ ਦੀ ਛਾਂ ਹੇਠ ਲਾੜਾ-ਲਾੜੀ ਹੌਲੀ-ਹੌਲੀ ਆਰਕੈਸਟਰਾ ਸਟੇਜ ਦੇ ਨਾਲ ਬਣਾਈ ਜੈ ਮਾਲਾ ਸਟੇਜ ਵੱਲ ਵਧਣ ਲੱਗੇ, ਐਂਕਰ ਸੁਨੀਲ ਨੇ ਤੁਰੰਤ ਚੱਲ ਰਿਹਾ 'ਬੈਲੇ ਡਾਂਸ' ਰੁਕਵਾ ਕੇ 'ਕੀ-ਬੋਰਡ' ਸੰਭਾਲ ਰਹੇ ਨਟਵਰ ਨੂੰ 'ਬਹਾਰੋ ਫੂਲ ਬਰਸਾਓ' ਗੀਤ ਚਲਾਉਣ ਦੀ ਐਨਾਊਂਸਮੈਂਟ ਕਰਕੇ ਵਿਆਹੁਤਾ ਗਠਬੰਧਨ 'ਚ ਬੱਝਣ ਜਾ ਰਹੇ ਜੋੜੇ ਦੇ ਸਵਾਗਤ 'ਚ ਮਹਿਮਾਨਾਂ ਨੂੰ ਖੜ੍ਹੇ ਹੋ ਕੇ ਤਾੜੀਆਂ ਦੀ ਗੂੰਜ ਨਾਲ ਮੰਚ ਤੱਕ ਲੈ ਜਾਣ ਦੀ ਗੁਜ਼ਾਰਿਸ਼ ਕੀਤੀ। ਜਿਵੇਂ ਹੀ ਜੈ ਮਾਲਾ ਦੀ ਰਸਮ ਸ਼ੁਰੂ ਹੋਈ 'ਦੂਹਲੇ ਕਾ ਸਿਹਰਾ ਸੁਹਾਨਾ ਲਗਤਾ ਹੈ, ਦੁਲਹਨ ਕਾ ਤੋ ਦਿਲ ਦੀਵਾਨਾ ਲਗਤਾ ਹੈ' ਗੀਤ 'ਤੇ ਡਾਂਸਰ ਕੁੜੀਆਂ ਮੁੰਡੇ ਇੱਕ ਦੂਸਰੇ ਦੇ ਲੱਕ ਦੁਆਲੇ ਬਾਹਾਂ ਵਲ਼ ਕੇ 'ਸੋਲੋ ਡਾਂਸ' ਕਰਨ ਲੱਗੇ। ਇਹ ਵੇਲਾ ਮਹਿਮਾਨਾਂ ਦਾ ਧਿਆਨ ਨਵੇਂ ਜੋੜੇ ਵੱਲ ਹੀ ਲਗਾਈ ਰੱਖਣ ਦਾ ਸੀ, ਤੇ ਮੌਕੇ ਮੁਤਾਬਿਕ ਰੁਟੀਨ ਵਾਲਾ ਗੀਤ-ਸੰਗੀਤ ਚੱਲ ਰਿਹਾ ਸੀ।

ਜੈ ਮਾਲਾ ਦੀ ਰਸਮ ਹੋ ਗਈ, ਤੇ ਇੱਧਰ ਸਟੇਜ ਸੰਚਾਲਕ ਸੁਨੀਲ ਨੇ ਦੂਹਲੇ ਦੇ ਯਾਰਾਂ-ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਮਿਊਜ਼ੀਕਲ ਸ਼ਾਮ ਰੰਗੀਨ ਕਰਨ ਲਈ ਸੱਦਾ ਦੇ ਦਿੱਤਾ, ਤੇ ਨਾਲ ਹੀ ਲਾੜੇ-ਲਾੜੇ ਨੂੰ ਵੀ ਡਾਂਸ ਫਲੌਰ 'ਤੇ ਆ ਕੇ ਜ਼ਿੰਦਗੀ ਦਾ ਆਗਾਜ਼ ਸਟੈੱਪ ਮਿਲਾ ਕੇ ਕਰਨ ਦੀ ਗੁਜ਼ਾਰਿਸ਼ ਕਰ ਦਿੱਤੀ।

"ਆਪਣੇ ਵਿਆਹ ਦੇ ਵਿੱਚ ਨੱਚਦਾ ਫਿਰੇ ਓ ਲਾੜਾ ਆਪਣੇ।" ਗੀਤ ਦੀਆਂ ਧੁਨਾਂ 'ਤੇ

ਸ਼ਰਮਾ-ਸ਼ਰਮਾ ਕੇ ਪੱਬ ਚੁੱਕਦੇ ਲਾੜੇ-ਲਾੜੀ ਦੇ ਆਲੇ-ਦੁਆਲੇ ਭੰਬੀਰੀਆਂ ਬਣੇ ਮਿੱਤਰ-ਰਿਸ਼ਤੇਦਾਰ ਨੱਚਦੇ ਦਸ, ਵੀਹ ਦੇ ਨੋਟ ਲੁਟਾ ਕੇ ਸੀਟੀਆਂ ਮਾਰਨ ਲੱਗੇ। ਲਾੜਾ-ਲਾੜੀ ਨੂੰ ਕੁਰਸੀਆਂ 'ਤੇ ਬਿਠਾ ਕੇ ਰਿਸ਼ਤੇਦਾਰ ਫੋਟੋਆਂ ਖਿਚਵਾਉਣ 'ਚ ਰੁੱਝ ਗਏ ਤੇ ਇੱਧਰ 'ਚੱਕ ਲੋ ਰਿਵਾਲਵਰ ਰਫ਼ਲਾਂ ਬਈ ਕਬਜ਼ਾ ਲੈਣਾ ਏ'' ਗੀਤ 'ਤੇ ਸੱਭਿਆਚਾਰਕ ਟੀਮ ਨੇ ਭੰਗੜੇ ਅਤੇ ਗਿੱਧੇ ਦੇ ਸਟੈੱਪ ਕਰ-ਕਰ ਕੇ ਸਟੇਜ ਹਿਲਾ ਦਿੱਤੀ। ਹੂ-ਹੱਲਾ ਕਰਦੇ ਮਹਿਮਾਨ ਡਾਂਸ ਫਲੋਰ 'ਤੇ ਉੱਛਲ-ਉੱਛਲ ਕੇ ਰਿਵਾਲਵਰ ਰਫ਼ਲਾਂ ਚਲਾਉਣ ਦੇ ਇਸ਼ਾਰੇ ਕਰਦੇ ਇੱਕ-ਦੂਸਰੇ ਨਾਲ ਨੱਚਣ ਦਾ ਮੁਕਾਬਲਾ ਕਰਦੇ ਰਹੇ। ਜਿਵੇਂ ਹੀ ਲਾੜੇ ਦਾ ਇੱਕ ਨਜ਼ਦੀਕੀ ਰਿਸ਼ਤੇਦਾਰ ਦੋਨਾਲੀ ਲੈ ਕੇ ਸਟੇਜ 'ਤੇ ਚੜ੍ਹਿਆ ਸੁਨੀਲ ਨੇ ਗ਼ਲਤੀ ਨਾਲ ਫਾਇਰਿੰਗ ਦਾ ਡਰ ਜਤਾਉਂਦਿਆਂ ਜਸ਼ਨ ਦਾ ਮਾਹੌਲ ਮਾਤਮ 'ਚ ਨਾ ਬਦਲ ਜਾਏ, ਮਿੱਠੀ ਦਲੀਲ ਦਿੰਦਿਆਂ ਫ਼ਾਇਰ ਦਾ ਸ਼ੌਕ ਖ਼ਾਲੀ ਥਾਂ 'ਤੇ ਜਾ ਕੇ ਪੂਰਾ ਕਰਨ ਦਾ ਆਖ ਕੇ ਉਸ ਨੂੰ ਹੱਥ ਜੋੜ ਦਿੱਤੇ। ਉਹ ਮੂੰਹ ਫੁਲਾ ਕੇ ਪੈੱਗ 'ਤੇ ਪੈੱਗ ਚੜ੍ਹਾਉਣ ਲੱਗਿਆ, ਤੇ ਇੱਧਰ ਸੁਨੀਲ ਨੇ ਅਗਲੀ ਐਨਾਊਂਸਮੈਂਟ ਕਰ ਦਿੱਤੀ।

ਭੰਗੜਾ ਟੀਮ ਬੈਕ ਸਟੇਜ ਜਾ ਚੁੱਕੀ ਸੀ। 'ਏਕ ਖ਼ਾਸ ਗੀਤ ਦੂਹਲਾ-ਦੁਲਹਨ ਕੇ ਪਿਤਾ ਜੀ ਕੋ ਡਾਂਸ ਫਲੋਰ ਪਰ ਨਿਮੰਤਰਣ ਦੇਤੇ ਹੁਏ, ਅਨਯ ਮਹਿਮਾਨੋਂ ਸੇ ਗੁਜ਼ਾਰਿਸ਼ ਹੈ ਡਾਂਸ ਮੇਂ ਸਾਥ ਦੇਨੇ ਕੇ ਲਿਏ ਸਟੇਜ ਕੇ ਪਾਸ ਡਾਂਸ ਫਲੌਰ ਪਰ ਆ ਜਾਏਂ ਪਲੀਜ਼।''

'ਆ ਬੈਠ ਬੁੜ੍ਹੇ ਦੇ ਟਾਂਗੇ 'ਤੇ' ਗੀਤ ਚੱਲ ਪਿਆ। ਜਿੰਨੇ ਬੁੱਢੇ ਹਾਜ਼ਰ ਸਨ, ਸਭ ਆਪਣੇ-ਆਪ ਨੂੰ ਖ਼ਾਸ ਸਮਝਦੇ ਹੋਏ ਢਿੱਲਾ ਜਿਹਾ ਲੱਕ ਮਰੋੜਦੇ ਘੋੜਾ ਹੱਕਣ ਵਾਲਾ ਸਟੈੱਪ ਕਰਨ ਲੱਗੇ। ਨੀਤੂ ਨੂਰਾਨੀ ਨਾਲ ਨੱਚ-ਨੱਚ ਕੇ ਇੱਕ ਬੁੱਢਾ ਉਸ ਦੇ ਪੈਰਾਂ 'ਚ ਲੋਟਣੀਆਂ ਲਈ ਜਾਵੇ, ਪਰ ਇਨ੍ਹਾਂ ਅਮੀਰਜ਼ਾਦਿਆਂ ਨੇ ਇੱਕ ਰੁਪਈਆ ਨਾ ਲੁਟਾਇਆ। ਅਸ਼ੋਕ ਬਾਊ ਨੂੰ ਇੱਕ ਤਰੇਲੀ ਆਵੇ ਤੇ ਇੱਕ ਜਾਵੇ। ਭਾੜੇ ਤੇ ਲਿਆਂਦੇ ਨੋਟ ਲੁੱਟਣ ਵਾਲੇ ਮੁੰਡਿਆਂ ਨੂੰ ਦਿਹਾੜੀ ਵੀ ਪੱਲਿਓਂ ਦੇਣ ਵਾਲੇ ਹਾਲਾਤ ਬਣਦੇ ਵੇਖ ਉਸ ਦਾ ਦਿਲ ਬੈਠਣ ਲੱਗਿਆ, ਪਰ ਨਾ ਤਾਂ ਹਾਲੇ ਰਾਤ ਮੁੱਕੀ ਸੀ ਤੇ ਨਾ ਹੀ ਉਮੀਦ ਮਰੀ ਸੀ। 'ਜੀਵੇ ਆਸ਼ਾ ਮਰੇ ਨਿਰਾਸ਼ਾ', ਡੂੰਘਾ ਸਾਹ ਫੇਫੜਿਆਂ 'ਚ ਭਰ ਕੇ ਬਾਊ ਅਸ਼ੋਕ ਬੈਕ ਸਟੇਜ ਗਿਆ ਤੇ ਚਾਂਦਨੀ, ਜੋ ਉਸ ਲਈ ਹਮੇਸ਼ਾ ਤੋਂ ਪੈਸੇ ਦੀ ਖਾਨ ਸਿੱਧ ਹੋਈ ਸੀ, ਨੂੰ ਥਾਪੜਾ ਦੇ ਕੇ ਅਗਲੀ ਐਂਟਰੀ ਲਈ ਤਿਆਰ ਰਹਿਣ ਦਾ ਆਖ ਕੇ ਸੁਨੀਲ ਨੂੰ ਗਰਮਜੋਸ਼ੀ ਨਾਲ ਉਸ ਦਾ ਨਾਂ ਐਨਾਊਂਸ ਕਰਨ ਦਾ ਆਖ ਕੇ ਸਟੇਜ ਦੇ ਇੱਕ ਪਾਸੇ ਜਾ ਖਲੋਤਾ।

''ਤੋ ਹਾਜ਼ਰੀਨ, ਜ਼ੋਰਦਾਰ ਤਾਲੀਓਂ ਸੇ ਸਵਾਗਤ ਕੀਜੀਏ। ਅਬ ਆ ਰਹੀ ਹੈਂ ਦਿਲੋਂ ਕੀ ਧੜਕਨੇਂ ਬੜ੍ਹਾਨੇ ਚਾਂਦਨੀ ਚਾਂਦਨੀ ਨਹੀਂ ਸਿਰਫ਼ ਔਰ ਸਿਰਫ਼ ਆਪ ਕੀ ਅਪਨੀ ਚਾਂਦਨੀ। ਕਮ ਆਨ ਦਾ ਸਟੇਜ ਲੈੱਟਅਸ ਡਾਂਸ।'' ਸੁਨੀਲ ਨੇ ਤਾੜੀਆਂ ਵਜਾਈਆਂ ਤਾਂ ਹਾਲ ਵੀ ਤਾੜੀਆਂ ਦੀ ਆਵਾਜ਼ ਨਾਲ ਗੂੰਜ ਪਿਆ। ਜਗਮਗਾਉਂਦੀਆਂ ਲਾਈਟਾਂ ਚਾਂਦਨੀ ਦੀ ਗੋਰੀ-ਨਿਸ਼ੋਹ ਕਮਰ ਤੋਂ ਹੁੰਦੀਆਂ ਅੰਗ-ਅੰਗ 'ਚੋਂ ਰਿਸ਼ਮਾਂ ਬਰਸਾਉਣ ਲੱਗੀਆਂ। 'ਬੈਕਲੇਸ ਬਲਾਊਜ਼' ਨਾਲ ਪਾਈ ਨੈੱਟ ਦੀ ਗੁਲਾਬੀ ਸਾੜ੍ਹੀ ਉਸ ਦੀ ਰੰਗਤ 'ਚ ਘੁਲੀ ਇਕਮਿਕ ਹੋਈ ਪਈ ਸੀ। ਉਹ 'ਬੋਤਲ ਸੇ ਪੀ, ਯਾ ਪੈਮਾਨੇ ਸੇ ਪੀ। ਯਾ ਮੇਰੀ ਆਂਖੋਂ ਕੇ ਮੈਖਾਨੇ ਸੇ ਪੀ, ਪਰ ਪੀ ਦੀਵਾਨੇ ਖੁਸ਼ੀ ਸੇ ਪੀ' ਗਾਣੇ 'ਤੇ ਨੱਚਦੀ ਹੋਈ, ਸਟੇਜ ਤੋਂ ਉਤਰ ਕੇ ਡਾਂਸ ਫਲੋਰ 'ਤੇ ਆ ਗਈ। ਹੱਥ ਵਿੱਚ ਫੜੀ ਸ਼ਰਾਬ ਦੀ ਬੋਤਲ 'ਚੋਂ ਮਹਿਮਾਨਾਂ ਨੂੰ ਇੱਕ-ਇੱਕ ਘੁੱਟ ਲਗਵਾਉਂਦੀ ਨੇ ਜੇਬਾਂ ਖ਼ਾਲੀ ਕਰਵਾਉਣ ਲਈ ਹਰ ਦਾਅ ਖੇਡ ਲਿਆ। ਕੁਝ ਜੇਬਾਂ ਨੱਚੀਆਂ, ਤਾਂ ਬਾਊ ਅਸ਼ੋਕ ਨੂੰ ਹੌਂਸਲਾ ਹੋਇਆ, ਕਿ ਹੁਣ ਸ਼ਰਾਬੀਆਂ ਦੀਆਂ ਜੇਬਾਂ ਧਮਾਲ ਪਾਉਣਗੀਆਂ। ਉਸ ਨੇ ਨੋਟ ਇਕੱਠੇ ਕਰਨ ਵਾਲੇ ਦਿਹਾੜੀਦਾਰਾਂ ਨੂੰ ਅੱਗੇ ਕਰ ਦਿੱਤਾ। ਇੱਕ ਬਾਰਾਤੀ ਦੋ ਹਜ਼ਾਰ ਦਾ ਨੋਟ ਦੰਦਾਂ ਹੇਠ ਨੱਪ ਕੇ ਚਾਂਦਨੀ ਦੇ ਲੱਕ ਨਾਲ ਲੱਕ ਮਾਰ ਕੇ ਨੱਚਣ



ਲੱਗਿਆ। ਗਾਣਾ ਖ਼ਤਮ ਹੋ ਗਿਆ, ਤੇ ਦੰਦਾਂ ਹੇਠੋਂ ਨੋਟ ਕੱਢ ਕੇ ਵਾਪਸ ਜੇਬ ਵਿੱਚ ਪਾਇਆ ਤੇ ਕੁਰਸੀ 'ਤੇ ਜਾ ਬੈਠਾ। ਇੱਕ ਤੋਂ ਬਾਦ ਇੱਕ ਅਗਲੀ ਆਈਟਮ ਪੇਸ਼ ਕੀਤੀ ਜਾ ਰਹੀ ਸੀ। ਸਮਾਂ ਪ੍ਰੋਗਰਾਮ ਸਮਾਪਤੀ ਵੱਲ ਤੇ ਮੇਲੀ-ਬਾਰਾਤੀ ਖਾਣਾ ਖਾਣ ਦੀਆਂ ਸਟਾਲਾਂ ਵੱਲ ਵਧਣ ਲੱਗ ਪਏ।

ਸਾਊਂਡ ਵਾਲੇ ਨੇ 'ਟਵਿੱਸਟ' ਚਲਾ ਦਿੱਤਾ, ਮੇਲਣਾਂ ਡਾਂਸ ਫਲੋਰ 'ਤੇ ਆਪੋ-ਆਪਣੇ ਪਰਿਵਾਰਕ ਸਾਥੀਆਂ ਨਾਲ ਨੱਚਣ ਲੱਗੀਆਂ। ਰਿਸ਼ਤੇਦਾਰ ਉਨ੍ਹਾਂ ਤੋਂ ਸੌ-ਪੰਜਾਹ ਤੇ ਦੱਸ-ਵੀਹ ਦੇ ਨੋਟ ਲੁਟਾਉਣ ਲੱਗੇ। ਇਹ ਸਮਾਰੋਹ ਦਾ ਆਮ ਹਿੱਸਾ ਸੀ, ਜਿਸ ਨੂੰ ਅਸ਼ੋਕ ਬਾਊ ਕੁਲੈੱਕਸ਼ਨ ਨਹੀਂ, ਬਲਕਿ ਖ਼ੁਸ਼ੀ 'ਚ ਦਿੱਤਾ ਜਾਣ ਵਾਲਾ ਇਨਾਮ ਹੀ ਸਮਝਦਾ ਸੀ।

ਜਿਵੇਂ-ਜਿਵੇਂ ਸਮਾਂ ਬੀਤਣ ਲੱਗਿਆ, ਪ੍ਰੋਗਰਾਮ ਠੰਡੇ ਬਸਤੇ 'ਚ ਪੈਂਦਾ ਵੇਖ ਬਾਊ ਅਸ਼ੋਕ ਹੀ ਨਹੀਂ ਪੂਰੀ ਪਾਰਟੀ ਹੈਰਾਨ ਪਰੇਸ਼ਾਨ ਸੀ। ਇਸ ਤੋਂ ਪਹਿਲਾਂ ਕਿ ਲਾਵਾਂ-ਫੇਰਿਆਂ ਦੀ ਐਨਾਊਂਸਮੈਂਟ ਕਰਕੇ ਪ੍ਰੋਗਰਾਮ ਬੰਦ ਕਰਨਾ ਪੈ ਜਾਵੇ, ਬਾਊ ਅਸ਼ੋਕ ਮਹਿਮਾਨਾਂ ਦੀਆਂ ਅਮੀਰ ਜੇਬਾਂ 'ਤੇ ਕੈਂਚੀ ਚਲਾਉਣ ਦੀਆਂ ਤਰਕੀਬਾਂ ਸੋਚਣ ਲੱਗਿਆ।

ਕਮਾਲ ਹੈ! ਆਲੀਸ਼ਾਨ ਵਿਆਹ ਹੋਵੇ ਤੇ ਇੱਕ ਰੁਪਈਆ ਵੀ ਨਾ ਲੁਟਾਇਆ ਜਾਵੇ, ਜਦੋਂ ਕਿ ਮੈਨੂੰ ਤਾਂ ਇਸ ਵਿਆਹ ਵਿੱਚ ਵੱਡੀ ਕੁਲੈਕਸ਼ਨ ਹੋਣ ਦੀ ਉਮੀਦ ਸੀ। ਸੋਚਾਂ ਵਿੱਚ ਘਿਰਿਆ ਆਖ਼ਰੀ ਦਾਅ ਖੇਡਣ ਦਾ ਮਨ ਬਣਾਉਣ ਲੱਗਿਆ।

ਆਖ਼ਰ ਉਸ ਨੇ ਰੋਸ਼ਨੀ ਵਾਲਾ ਪੱਤਾ ਖੇਡਣ ਦਾ ਫ਼ੈਸਲਾ ਕਰ ਲਿਆ। ਹਾਲਾਂਕਿ ਇੱਕ ਖ਼ਿਆਲ ਇਹ ਵੀ ਚੱਲ ਰਿਹਾ ਸੀ, ਕਿ ਜਦੋਂ ਸਿਰੇ ਦੀਆਂ ਪਿਆਕੜ, ਹੰਢੀਆਂ-ਵਰਤੀਆਂ ਡਾਂਸਰਾਂ ਨੱਚ-ਨੱਚ ਹਾਰ ਗਈਆਂ, ਸਾਰੇ ਪੈਂਤੜੇ ਅਜ਼ਮਾ ਵੇਖੇ, ਪਰ ਕੰਗਲੇ ਕਰੋੜਪਤੀਆਂ ਨੇ ਦੁਆਨੀ ਕੱਢਣ ਦਾ ਜੇਰਾ ਨਾ ਕੀਤਾ, ਉੱਥੇ ਇਹ ਕੋਰੀ ਚਾਦਰ ਕਿਹੜੇ ਰੰਗ ਵਿਖਾ ਦੇਵੇਗੀ। ਪਹਿਲੀ ਵਾਰੀ ਸਟੇਜ 'ਤੇ ਚੜ੍ਹ ਕੇ ਕਿਧਰੇ ਪਿਛਲੇ ਪੈਰੀਂ ਹੀ ਨਾ ਭੱਜ ਪਵੇ, ਹੋਰ ਲੈਣੀਆਂ ਦੀਆਂ ਦੇਣੀਆਂ ਪੈ ਜਾਣ ਤੇ ਜਾਨ ਛੁਡਾ ਕੇ ਭੱਜਣਾ ਔਖਾ ਹੋ ਜਾਵੇ। ਫਿਰ ਰਿਸਕ ਲੈਣ ਦਾ ਪੱਕਾ ਮਨ ਬਣਾ ਕੇ ਸੁਨੀਲ ਨੂੰ ਜ਼ਬਰਦਸਤ ਐਨਾਊਂਸਮੈਂਟ ਦਾ ਨਿਰਦੇਸ਼ ਦੇ ਦਿੱਤਾ।

''ਅਟੈਂਸ਼ਨ ਜੈਂਟਲਮੈੱਨ, ਆਜ ਕੀ ਸ਼ਾਮ ਕੀ ਖ਼ਾਸ ਪਰਫਾਰਮੈਂਸ ਜੋ, ਅਭੀ ਤਕ ਸੰਭਾਲ ਕਰ ਰੱਖੀ ਥੀ। ਯਾ ਯੂੰ ਕਹੇਂ, ਆਪ ਕੇ ਲਿਏ ਸਰਪ੍ਰਾਈਜ਼ ਹੈ, ਤੋ ਅਬ ਇਸ ਸੀਕਰੇਟ ਸੇ ਪਰਦਾ ਉਠਾਤੇ ਹੈਂ। ਆਪ ਸਭ ਕੇ ਲਿਏ ਪੇਸ਼ ਕਰਨੇ ਜਾ ਰਹੇ ਹੈਂ। ਸਭੀ ਮਹਿਮਾਨ ਕ੍ਰਿਪਯਾ ਡਾਂਸ ਫਲੋਰ ਪਰ ਆ ਜਾਏਂ, ਔਰ ਹਮਾਰੀ ਨਈ ਅਦਾਕਾਰਾ ਰੋਸ਼ਨੀ ਕਾ ਸਾਥ ਦੇਕਰ ਹੌਂਸਲਾ ਬੜ੍ਹਾਏਂ, ਜਿਨਕਾ ਸਾਥ ਦੇਨੇ ਜਾ ਰਹੀ ਹੈਂ ਬਾਰ ਡਾਂਸਰ ਹਰਦਿਲ ਅਜ਼ੀਜ਼ ਲਵ ਲਵ ਲਵੀ, ਯੁਵਾ ਦਿਲੋਂ ਕੀ ਧੜਕਣ ਚਾਂਦਨੀ ਐਂਡ ਆਪ ਸਭ ਕੀ ਅਪਨੀ ਨੂਰਾਨੀ ਔਰ ਔਰ ਔਰ ਫ਼ਿਲਮੀ ਅਦਾਕਾਰਾ ਰੁਬੀਨਾ ਏਕ ਬਾਰ ਜੋਰਦਾਰ ਤਾਲੀਓਂ ਸੇ ਸਵਾਗਤ ਕੀਜੀਏ ਔਰ ਫਿਰ ਥਾਮ ਲੀਜਿਏ ਹਾਥੋਂ ਮੇਂ ਜਾਮ ਪੇਸ਼-ਏ-ਖ਼ਿਦਮਤ ਹੈ ਰੋਸ਼ਨੀ।''

ਇੱਕ ਵਾਰ ਆਕਾਸ਼ ਗੂੰਜਾਊ ਮਿਊਜ਼ਿਕ ਤੇ ਚਕਾਚੌਂਧ ਰੋਸ਼ਨੀਆਂ ਤੇ ਫਿਰ ਸਟੇਜ 'ਤੇ ਧੂੰਆਂ ਹੀ ਧੂੰਆਂ। ਜਿਵੇਂ ਹੀ 'ਦੋ ਘੁੱਟ ਪਿਲਾ ਦੇ ਸਾਕੀਆ ਬਾਕੀ ਮੇਰੇ 'ਤੇ ਰੋੜ੍ਹ ਦੇ' ਗੀਤ ਦੇ ਬੋਲ ਸੁਣੇ, ਸ਼ਰਾਬੀ ਹੋਏ ਮਹਿਮਾਨ ਹੱਥਾਂ 'ਚ ਜਾਮ ਛਲਕਾਉਂਦੇ ਡਾਂਸ ਫਲੋਰ ਵੱਲ ਵਧਣ ਲੱਗੇ। ਚਿੱਟੀ ਨੈੱਟ ਦੀ ਸਾੜ੍ਹੀ 'ਚ ਲਿਪਟੀ ਰੋਸ਼ਨੀ, ਨੈੱਟ ਦੀ ਚੁੰਨੀ ਨਾਲ ਢਕਿਆ ਚਿਹਰਾ, ਹੜੱਪਾ ਕਾਲ ਦੀਆਂ ਤਹਿਆਂ 'ਚੋਂ ਮਿਲੀ ਮੂਰਤੀ ਬਣੀ ਸਮਝਾਈ ਗਈ ਮੁਦਰਾ 'ਚ ਸਟੇਜ 'ਤੇ ਐਨ ਵਿਚਾਲੇ ਖੜ੍ਹੀ ਸੀ। ਡਾਂਸ ਗਰੁੱਪ ਦਾ ਇੱਕ ਮੁੰਡਾ ਅੱਗੇ ਵਧਿਆ, ਤੇ ਮੂੰਹ 'ਚ ਭਰੇ ਪੈਟ੍ਰੋਲ ਨੂੰ ਫੂਕ ਮਾਰ ਕੇ ਹੱਥ 'ਚ ਫੜੀ ਮਸ਼ਾਲ ਨਾਲ ਅੱਗ ਦਾ ਫੁਹਾਰਾ ਉਡਾ ਦਿੱਤਾ। ਇੱਕ ਹੋਰ ਡਾਂਸਰ ਮੁੰਡਾ ਅੱਗੇ ਆਇਆ, ਲੱਕ ਦੁਆਲੇ ਚਿੱਟੀ ਧੋਤੀ ਪਾਈ, ਹੱਥ 'ਚ ਫੜੀਆਂ ਦੋ ਟਿਊਬ ਲਾਈਟਾਂ ਆਪਣੇ ਨੰਗੇ ਸੀਨੇ 'ਤੇ ਮਾਰ ਕੇ ਤੋੜੀਆਂ ਤੇ ਸਟੇਜ

ਉੱਤੇ ਚੂਰਾ ਹੋਏ ਕੱਚ ’ਤੇ ਲੋਟਣੀਆਂ ਲੈ ਕੇ ਨਾਗਿਨ ਬਣੀ ਨੂਰਾਨੀ ਮੇਲਣ ਲੱਗੀ। ਇੱਕ ਹੋਰ ਡਾਂਸਰ ਮੁੰਡਾ ਆਇਆ ਸ਼ੈਂਪਨ ਦੀ ਬੋਤਲ ਨੂੰ ਜ਼ੋਰ ਨਾਲ ਹਿਲਾਇਆ ਤੇ ਫੁਹਾਰਾ ਬਣਾ ਕੇ ਸਟੇਜ ’ਤੇ ਉਡਾ ਦਿੱਤਾ। ਲਵੀ ਸ਼ਰਾਬ ਦੀਆਂ ਬੋਤਲਾਂ ਲੱਕ ’ਤੇ ਨਚਾਉਣ ਲੱਗੀ ਤੇ ਮਹਿਮਾਨਾਂ ਨੂੰ ਨਚਾਉਣ ਲਈ ਖ਼ਾਲੀ ਹੋ ਰਹੇ ਜਾਮ ਭਰਦੀਆਂ ਚਾਂਦਨੀ ਤੇ ਰੁਬੀਨਾ ਡਾਂਸ ਫਲੋਰ ’ਤੇ ਮਹਿਮਾਨਾਂ ਦੇ ਨਾਲ ਨੱਚਣ ਲੱਗੀਆਂ। ਇੰਨੇ ’ਚ ਸਟੇਜ ’ਤੇ ਲੱਗਿਆ ਇਲੈਕਟ੍ਰੌਨਿਕ ਫੁਹਾਰਾ ਚੱਲਿਆ, ਤੇ ਬਸ ਫਿਰ ਹੋਸ਼ ਉੱਡ ਗਏ ਵੇਖਣ ਵਾਲਿਆਂ ਦੇ, ਚਿੱਟੀ ਸਾੜ੍ਹੀ ’ਚ ਲਿਪਟੇ ਸੰਗਮਰਮਰ ਦੇ ਤਰਾਸ਼ੇ ਬੁੱਤ ’ਤੇ ਜਿਵੇਂ ਹੀ ਪਾਣੀ ਦੀਆਂ ਬੁਛਾੜਾਂ ਪਈਆਂ, ਅਜੰਤਾ-ਐਲੋਰਾ ਦੀ ਮੂਰਤ ਸਾਕਾਰ ਹੋ ਉੱਠੀ। ਮਦਹੋਸ਼ ਹੋਏ ਬਾਰਾਤੀ ਝੂਮ ਉੱਠੇ।

ਗੀਤ ਸ਼ੁਰੂ ਹੋ ਗਿਆ ‘ਮੈਂ ਬਾਰਿਸ਼ ਕਰ ਦੂੰ ਪੈਸੇ ਕੀ ਜੋ ਤੂ ਹੋ ਜਾਏ ਮੇਰੀ’, ਡਾਂਸ ਫਲੋਰ ’ਤੋਂ ਉੱਛਲ-ਉੱਛਲ ਕੇ ਮਹਿਮਾਨ ਸਟੇਜ ’ਤੇ ਜਾ ਚੜ੍ਹੇ ਤੇ ਨੋਟਾਂ ਦੀ ਬਰਸਾਤ ਹੋਣ ਲੱਗੀ। ਰੋਸ਼ਨੀ ਜਿਉਂ ਦੀ ਤਿਉਂ ਅੰਗਦ ਦਾ ਪੈਰ ਬਣੀ ਸਟੇਜ ’ਤੇ ਅਡੋਲ ਖੜ੍ਹੀ ਸੀ। ਕੀ ਹੋ ਰਿਹਾ ਹੈ ਸਭ ਕਿਸੇ ਤੋਂ ਅਨਜਾਣ, ਤੇ ਇੱਧਰ ਮਹਿਮਾਨਾਂ ਵਿੱਚ ਉਸ ਦਾ ਚਿਹਰਾ ਵੇਖਣ ਦੀ ਹੋੜ ਲੱਗ ਗਈ। ਡਾਂਸਰ ਕੁੜੀਆਂ-ਮੁੰਡਿਆਂ ਨੇ ਉਸ ਨੂੰ ਘੇਰ ਲਿਆ ਤੇ ਅੱਗ ਦੀ ਖੇਡ ਦੇ ਸਟੈੱਪ ਲਗਾਤਾਰ ਦੁਹਰਾਏ ਜਾਣ ਲੱਗੇ। ਉਮੀਦ ਨਾਲੋਂ ਵੱਧ ਹੀ ਨਹੀਂ, ਬਲਕਿ ਜ਼ਿੰਦਗੀ ’ਚ ਪਹਿਲੀ ਵਾਰ ਨੋਟਾਂ ਦੀ ਚਾਦਰ ਵਿਛੀ ਵੇਖ ਕੇ ਅਸ਼ੋਕ ਬਾਊ ਦੀਆਂ ਅੱਖਾਂ ਛਲਕ ਉੱਠੀਆਂ। ਖ਼ੁਸ਼ੀ ’ਚ ਸਟੇਜ ’ਤੇ ਜਾ ਚੜ੍ਹਿਆ ਤੇ ਨੋਟਾਂ ਦੀ ਖ਼ਾਨ ਬਣੀ ਰੋਸ਼ਨੀ ਨੂੰ ਬੁੱਕਲ ’ਚ ਭਰ ਕੇ ਮੱਥਾ ਚੁੰਮ ਲਿਆ।

ਲਾਵਾਂ-ਫੇਰਿਆਂ ਦੀ ਸ਼ੁਭ ਘੜੀ ਹੋ ਗਈ। ਐਂਕਰ ਸੁਨੀਲ ਨੇ ਲਾੜੇ-ਲਾੜੀ ਦੇ ਪਰਿਵਾਰਾਂ ਨੂੰ ਮੁਬਾਰਕ ਦਿੰਦਿਆਂ, ਨਵੇਂ ਜੋੜੇ ਦੇ ਸੁਖੀ ਗ੍ਰਹਿਸਥ ਸੰਸਾਰ ਲਈ ਮੁਰਾਦ ਮੰਗੀ ਤੇ ਪ੍ਰੋਗਰਾਮ ਸਮਾਪਤੀ ਦਾ ਐਲਾਨ ਕਰ ਦਿੱਤਾ। ਮਹਿਮਾਨਾਂ ਵਿੱਚ ਅਜੇ ਵੀ ‘ਵਨਸ ਮੋਰ, ਵਨਸ ਮੋਰ, ਇੱਕ ਵਾਰੀ ਹੋਰ’, ਮੂਰਤ ਦੇ ਦਰਸ਼ਨ ਕਰਵਾਉਣ ਦੀ ਜ਼ਿੱਦ ਸਟੇਜ ਦੁਆਲੇ ਘੇਰਾ ਬਣੀ ਹੋਈ ਸੀ।

ਮਹਿਮਾਨਾਂ ਦੀ ਅੜੀ ਵੇਖ ਕੇ ਸਾਊਂਡ ਸੰਭਾਲ ਰਹੇ ਰਾਕੇਸ਼ ਨੇ ‘ਪਰਦੇ ਮੇਂ ਰਹਿਨੇ ਦੋ, ਪਰਦਾ ਨਾ ਉਠਾਓ’ ਗੀਤ ਚਲਾ ਦਿੱਤਾ। ਰੋਸ਼ਨੀ ਹੁਣ ਵੀ ਪਰਦੇ ਵਿੱਚ ਢਕੀ, ਪਾਣੀ ’ਚ ਭਿੱਜੀ, ਜਿਉਂ ਦੀ ਤਿਉਂ ਖੜ੍ਹੀ ਸੀ। ਪਾਰਦਰਸ਼ੀ ਭਿੱਜੀ ਸਾੜ੍ਹੀ ’ਚੋਂ ਤਰਾਸ਼ੇ ਨਕਸ਼ ਮਹਿਮਾਨਾਂ ਨੂੰ ਪੈਸੇ ਕੀ ਜਾਨ ਤੱਕ ਵਾਰਨ ਲਈ ਮਜਬੂਰ ਕਰਨ ਲੱਗੇ। ਵੈਸਟਰਨ ਡਾਂਸ ਗਰੁੱਪ ਉਸ ਦੇ ਆਸੇ-ਪਾਸੇ ਪੁਰਾਣੇ ਗੀਤ ’ਤੇ ਆਧੁਨਿਕ ਠੁਮਕੇ ਲਗਾ ਰਿਹਾ ਸੀ, ਤੇ ਬਾਰਾਤੀ ਰੋਸ਼ਨੀ ਦੀ ਇੱਕ ਝਲਕ ਪਾਉਣ ਲਈ ਬੁੱਤ ਉੱਤੋਂ ਜੇਬਾਂ ਲੁਟਾ ਰਹੇ ਸਨ। ਗੀਤ ਖ਼ਤਮ ਹੋਇਆ, ਤਾਂ ਵਾਰ-ਵਾਰ ਹੋ ਰਹੀ ਮੰਗ ਨੂੰ ਸਵੀਕਾਰਦਿਆਂ, ਮੰਚ ’ਤੇ ਇੱਕ ਪਾਸੇ ਖੜ੍ਹਾ ਬਾਊ ਅਸ਼ੋਕ ਅੱਗੇ ਵਧਿਆ ਤੇ ਚਾਂਦਨੀ ਦੇ ਚਿਹਰੇ ’ਤੇ ਪਾਈ ਨੈੱਟ ਦੀ ਚੁੰਨੀ ਹਟਾ ਕੇ ਹਵਾ ’ਚ ਉਡਾ ਦਿੱਤੀ। ਕਸ਼ਮੀਰ ਦੀ ਕਲੀ ’ਚ ਭਖਦੀ ਕੇਸਰ ਦੀ ਗਰਮੀ ਨੇ ਬਾਰਾਤੀਆਂ ਨੂੰ ਉਸ ਵੇਲੇ ਲਟ-ਲਟ ਬਲਣ ਲਾ ਦਿੱਤਾ, ਜਦੋਂ ਬਿਨਾਂ ਕਿਸੇ ਦੀ ਆਗਿਆ ਦੇ ਮੁਖੜੇ ਤੋਂ ਚੁੰਨੀ ਹਟਦਿਆਂ ਹੀ ਲੱਕ ਹਿਲਾ ਕੇ ਹੱਥ ਜੋੜੇ ’ਤੇ ਇੱਕ ਅੱਖ ਦੱਬ ਕੇ ਬੁੱਲ੍ਹਾਂ ’ਤੇ ਸੱਜੇ ਹੱਥ ਦੀਆਂ ਦੋ ਉਂਗਲਾਂ ਰੱਖ ਕੇ ਮਹਿਮਾਨਾਂ ਵੱਲ ਹਵਾਈ ਚੁੰਮਣ ਉਡਾ ਦਿੱਤਾ। ਘੁੰਡ ਚੁਕਾਈ ਦੀ ਰਸਮ ਕੀ ਪੂਰੀ ਹੋਈ ਉਸ ਧਰਤੀ ਦੀ ਜੰਨਤ ’ਚੋਂ ਆਈ ਹੂਰ ਨੂੰ ਵੇਖ ਕੇ ਨੌਜਵਾਨ ਹੀ ਨਹੀਂ, ਹਰ ਉਮਰ ਦੇ ਦਿਲ ਫੈਂਕ ਆਸ਼ਕ ਦਿਲ ਫੜ ਕੇ ਰਹਿ ਗਏ।

ਇੱਧਰ ਰੋਸ਼ਨੀ ਦੀ ਅੱਜ ਦੇ ਪ੍ਰੋਗਰਾਮ ਦੀ ਇਸ ਆਖ਼ਰੀ ਹਰਕਤ ਨੇ ਬਾਊ ਅਸ਼ੋਕ ਨੂੰ ਸ਼ਸ਼ੋਪੰਜ ਵਿੱਚ ਪਾ ਦਿੱਤਾ। ਕਿਧਰੇ ਉਸ ਨੂੰ ਝੂਠ ਤਾਂ ਨਹੀਂ ਬੋਲਿਆ ਗਿਆ, ਕਿ ਇਹ ਆਰਕੈਸਟਰਾ ਕੰਮ ਤੋਂ ਕੋਰੀ ਹੈ। ਇਹ ਤਾਂ ਹੰਢੀਆਂ-ਵਰਤੀਆਂ ਡਾਂਸਰਾਂ ਨੂੰ ਵੀ ਮਾਤ ਪਾ ਗਈ। ਖ਼ੈਰ ਸਾਰੀਆਂ ਉਲਝਣਾਂ



ਪਾਸੇ ਰੱਖ, ਉਹ ਅੱਜ ਦੇ ਪ੍ਰੋਗਰਾਮ ਦੀ ਸਫਲਤਾ ਦਾ ਆਨੰਦ ਮਾਨਣਾ, ਤੇ ਆਉਣ ਵਾਲੇ ਸਮੇਂ ਵਿੱਚ ਰੋਸ਼ਨੀ ਕਿਵੇਂ ਉਸ ਵਾਸਤੇ ਸ਼ਾਹੀ ਖ਼ਜ਼ਾਨਾ ਸਿੱਧ ਹੋ ਸਕਦੀ ਸੀ, ਬਸ ਇਹੀ ਸੋਚਣਾ ਚਾਹੁੰਦਾ ਸੀ।

ਪ੍ਰੋਗਰਾਮ ਖ਼ਤਮ ਹੋ ਗਿਆ। ਸਟੇਜ ਸਮੇਟਦਿਆਂ ਅੱਧਾ-ਪੌਣਾ ਘੰਟਾ ਲੁਟਾਏ ਗਏ ਨੋਟ ਇਕੱਠੇ ਕਰਨ ਵਿੱਚ ਦਿਹਾੜੀਦਾਰ ਹੀ ਨਹੀਂ ਸਾਰੀ ਟੀਮ ਲੱਗੀ ਰਹੀ। ਸਭ ਦੇ ਚਿਹਰੇ ਖਿੜੇ ਹੋਏ ਸਨ, ਤੇ ਸ਼ਾਇਦ ਸਭ ਤੋਂ ਵੱਧ ਲਾਲੀ ਰੋਸ਼ਨੀ ਦੇ ਚਿਹਰੇ ’ਤੇ ਭਰ ਆਈ ਸੀ। ਪ੍ਰੋਗਰਾਮ ਤੋਂ ਵਾਪਸ ਮੁੜਦਿਆਂ ਅੱਜ ਦੇ ਪ੍ਰੋਗਰਾਮ ਦੀ ਚਰਚਾ ਕਰਨ ਦੀ ਬਜਾਏ ਸਭ ਹੈਰਾਨੀ ਮਾਰੇ ਚੁੱਪ ਸਨ, ਤੇ ਇਹ ਚੁੱਪ ਸਭ ਤੋਂ ਪਹਿਲਾਂ ਘਰ ਪਰਤ ਕੇ ਦਹਿਲੀਜ਼ਾਂ ਅੰਦਰ ਪੈਰ ਧਰਦਿਆਂ ਰੋਸ਼ਨੀ ਨੇ ਤੋੜੀ।

“ਭਾਬੀ ਐਨੇ ਪੈਸੇ ! ਪਹਿਲੀ ਵਾਰੀ ਵੇਖਿਆ ਮੈਂ ਨੋਟਾਂ ਦਾ ਮੀਂਹ ਵਰ੍ਹਦਾ !! ਸੱਚੀਂ ਸਾਰੇ ਮੇਰੇ ਆਲੇ-ਦੁਆਲੇ ਨੱਚੀ ਜਾਣ। ਮੇਰਾ ਵੀ ਦਿਲ ਕੀਤਾ ਨੱਚਾਂ ਪਰ ਬਾਊ ਨੇ ਆਖਿਆ ਸੀ, ਮੈਂ ਹਿੱਲਣਾ ਨਹੀਂ ਬੁੱਤ ਬਣੀ ਖੜ੍ਹੀ ਰਹਿਣੈ, ਪਰ ਬਾਊ ਦੇ ਬਿਨਾਂ ਆਖੇ ਜਦੋਂ ਮੈਂ ਅੱਖ ਮਾਰ ਕੇ ‘ਫਲਾਈ ਕਿੱਸ’ ਕੀਤੀ, ਸੀਟੀਆਂ ਮਾਰ-ਮਾਰ ਕੇ ਸਾਰੇ ਕਮਲੇ ਹੋ ਗਏ। ਅਗਲੇ ਪ੍ਰੋਗਰਾਮ ’ਚ ਮੈਂ ਬੁੱਤ ਨਹੀਂ ਬਣਨਾ। ਹਾਂ ਸੱਚੀਂ ! ਬਾਊ ਨੇ ਮੈਨੂੰ ਜੱਫੀ ।”

ਇਸ ਤੋਂ ਪਹਿਲਾਂ ਕਿ ਰੋਸ਼ਨੀ ਆਪਣੀ ਖ਼ੁਸ਼ੀ ’ਚ ਕੁਝ ਹੋਰ ਬੋਲਦੀ ਉਸ ਦੇ ਮਗਰ ਖੜ੍ਹੇ ਕੰਪਿਊਟਰ ਉਪਰੇਟਰ ਨਟਵਰ ਦੀਆਂ ਚੀਖਾਂ ਨੇ ਉਸ ਦੀ ਆਵਾਜ਼ ਦਬਾ ਦਿੱਤੀ।

“ਕੱਢ ਭੈਂ ’ਚੋ ਸਾਲਿਆ । ਕੱਢਣੈਂ ਕਿ ਮੈਂ ਬਾਂਹ ਦੇਵਾਂ ਤੇਰੀ ।” ਬਾਊ ਅਸ਼ੋਕ ਗਾਲ੍ਹਾਂ ਦੀ ਝੜੀ ਲਾਉਂਦਾ ਉਸ ਦਾ ਕੁਟਾਪਾ ਚਾੜ੍ਹਨ ਲੱਗਿਆ ਸੀ, ਤੇ ਉਹ ਜੇਬਾਂ ਤੋਂ ਲੈ ਕੇ ਸਰੀਰ ਦੇ ਹਰ ਹਿੱਸੇ ’ਚ ਜਿੱਥੇ ਕਿਧਰੇ ਵੀ ਕੁਲੈਕਸ਼ਨ ਵਾਲੇ ਨੋਟ ਲੁਕਾਏ ਸਨ, ਕੱਢ ਕੇ ਕੋਲ ਪਏ ਮੇਜ਼ ’ਤੇ ਢੇਰੀ ਕਰਦਾ, “ਛੱਡ ਦੇ ਬਾਊ, ਗਲਤੀ ਹੋ ’ਗੀ।” ਜਾਨ ਬਚਾਉਣ ਲਈ ਤਰਲੇ ਲੈਂਦਾ ਬਾਊ ਦੇ ਪੈਰਾਂ ਹੇਠ ਵਿਛੀ ਜਾਵੇ। ਉਸ ਨੂੰ ਕੁਟਾਪਾ ਚੜ੍ਹਦਾ ਵੇਖ ਕੋਲ ਖੜ੍ਹੀ ਸ਼ੀਤਲ ਨੇ ਬਿਨਾਂ ਕਿਸੇ ਹੀਲ-ਹੁੱਜਤ ਦੇ ਕੱਪੜਿਆਂ ਹੇਠ ਹੱਥ ਮਾਰਦਿਆਂ ਨੋਟ ਕੱਢ ਕੇ, “ਬਾਊ ਆਹ ਬਾਰਾਤੀਆਂ ਨੇ ਮੇਰੇ ਕੱਪੜਿਆਂ ’ਚ ਪਾ ਦਿੱਤੇ ਹੋਣੇ ਆਂ ਨੱਚਦੇ ਹੋਏ।” ਆਖ ਕੇ ਜਿਵੇਂ ਹੀ ਪੈਸੇ ਅਸ਼ੋਕ ਵੱਲ ਵਧਾਏ ਉਹ ਨਟਵਰ ਨੂੰ ਛੱਡ ਕੇ ਹੱਥ ’ਚ ਫੜੀ ਜੁੱਤੀ ਲੈ ਕੇ ਸ਼ੀਤਲ ’ਤੇ ਟੁੱਟ ਪਿਆ।

“ਮੈਨੂੰ ਪਾਗਲ ਬਣਾਉਣੀ ਏਂ ਭੈਂ ਚੋ। ਅਗਲਾ ਨੰਬਰ ਤੇਰਾ ਹੀ ਲੱਗਣ ਵਾਲਾ ਸੀ। ਮੈਂ ਤੁਹਾਡੀ ਰਗ-ਰਗ ਨਹੀਂ ਜਾਣਦਾ ਜਿਵੇਂ। ਦੱਸ ਦਿਉ ਪਹਿਲਾਂ ਹੀ ਜਿਹਨੇ ਵੀ ਹੋਰ ਕੱਢਣੇ ਨੇ, ਫੇਰ ਜੇ ਮੈਂ ਤੁਹਾਡੇ ਕੱਪੜੇ ।”

ਉਸ ਨੂੰ ਅੱਗੇ ਹੋ ਕੇ ਸੁਨੀਲ ਨੇ ਬਾਹੋਂ ਫੜ ਲਿਆ, “ਚੱਲ ਛੱਡ ਬਾਊ, ਕਾਹਨੂੰ ਆਵਦਾ ਬਲੱਡ ਵਧਾਉਨੈ।” ਪਰ ਬਾਊ ਅਸ਼ੋਕ ਕਿੱਥੋਂ ਕਾਬੂ ਆਵੇ।

ਕੋਲ ਖੜ੍ਹਾ ਟੀਟੂ ਚੁੱਪਚਾਪ ਖੜ੍ਹੀ ਰੇਣੂ ਦੀਆਂ ਲੱਤਾਂ ਦੇ ਹੇਠੋਂ ਲੰਘ ਕੇ ਲੱਕ ਦੇ ਪਿਛਲੇ ਹਿੱਸੇ ’ਚ ਲੁਕਾਏ ਨੋਟ ਕੱਢ ਲਿਆਇਆ ਤੇ ਬਾਊ ਅਸ਼ੋਕ ਨੂੰ ਫੜਾ ਕੇ ਅੱਖ ਦੱਬ ਦਿੱਤੀ। ਘਬਰਾ ਕੇ ਰੇਣੂ ਨੇ ਕਾਹਲੀ ਨਾਲ ਅੰਗੀ ਚੁੱਕੀ ਤੇ ਪੈਸੇ ਫਰਸ਼ ’ਤੇ ਝਾੜ ਦਿੱਤੇ।

“ਬਸ ਆਹ ਕੰਜਰਖਾਨਾ ਮੈਨੂੰ ਘਰ ’ਚ ਚੰਗਾ ਨਹੀਂ ਲੱਗਦਾ। ਨਾ ਇੱਧਰ ਕਰਨ ਕੀ ਆਏ ਜੇ ਸਾਰੇ ਜਣੇ। ਉੱਧਰ ਗਡਾਊਨ ’ਚ ਜਾ ਕੇ ਜੋ ਮਰਜ਼ੀ ਕਰੋ। ਗੰਦਖਾਨੇ ਨੂੰ ਵੇਖ ਸੁਣ ਕੇ ਕੱਲ੍ਹ ਨੂੰ ਮੇਰੇ ਜੁਆਕ ਵੀ ਆਹੀ ਗੰਦ ਬਕਣ ਲੱਗਣਗੇ। ਬੱਚੇ ਜਵਾਨ ਹੋ ਗਏ ਨੇ ਮੇਰੇ, ਉਹ ਨਾ ਹੋਵੇ ਮੈਂ ।” ਜਿਵੇਂ ਹੀ ਸੀਮਾ ਦਾ ਰੇਡੀਓ ਸਟੇਸ਼ਨ ਚਾਲੂ ਹੋਇਆ, ਤਾਂ ਬਾਊ ਅਸ਼ੋਕ ਦਾ ਪਾਰਾ ਮੂਤ ਦੀ ਝੱਗ ਵਾਂਙ ਬਹਿ ਗਿਆ।

“ਚੱਲੋ ਸਾਰੇ ਗਡਾਊਨ ’ਚ। ਉੱਧਰ ਆ ਕੇ ਭੁਗਤ ਸੰਵਾਰਨਾ ਤੁਹਾਡੀ। ਸੁਨੀਲ ਤੂੰ ਰੁਕ, ਆਪਾਂ

ਚੱਲਣੇ ਆਂ ਭੈਂ ਚੋ ਬਾਦ 'ਚ। ਲਿਆ ਪਾਣੀ ਦਾ ਗਿਲਾਸ ਦੇ ਸੀਮਾ।'' ਆਖ ਕੇ ਉਹ ਡਿਸਪਰਿਨ ਦੇ ਪੱਤੇ 'ਚੋਂ ਗੋਲੀਆਂ ਕੱਢਣ ਲੱਗਿਆ, ਤਾਂ ਧਿਆਨ ਗਿਆ ਰੋਸ਼ਨੀ ਵੀ ਬਾਕੀ ਕੁੜੀਆਂ ਦੇ ਨਾਲ ਕੈਂਟਰ 'ਚ ਜਾ ਚੜ੍ਹੀ ਸੀ।

''ਫੜ ਏਹਨੂੰ ਸਾਲੀ ਨੂੰ ਇਹ ਕਿੱਧਰ ਚੱਲੀ ਏ ਉੱਧਰ।'' ਕਾਹਲੀ ਨਾਲ ਬਾਊ ਨੇ ਸੁਨੀਲ ਨੂੰ ਇਸ਼ਾਰਾ ਕੀਤਾ ਤੇ ਉਸ ਨੇ ਭੱਜ ਕੇ ਰੋਸ਼ਨੀ ਨੂੰ ਕੈਂਟਰ 'ਚੋਂ ਉਤਾਰ ਲਿਆਂਦਾ।

''ਮੈਂ ਬੁੱਤ ਨਹੀਂ ਬਣਨਾ ਅੱਗੇ ਤੋਂ। ਮੈਨੂੰ ਇਨ੍ਹਾਂ ਕੁੜੀਆਂ ਨਾਲੋਂ ਵਧੀਆ ਨੱਚਣਾ ਆਉਂਦੈ ।'' ਵਾਪਸ ਅੰਦਰ ਮੁੜਦੀ ਰੋਸ਼ਨੀ ਦੇ ਬੋਲ ਸੁਣ ਕੇ ਸੀਮਾ ਨੇ ਨੱਕ ਚੜ੍ਹਾਇਆ ਤੇ ਭਵਿੱਖਬਾਣੀ ਕੀਤੀ, ਜੋ ਕਦੀ ਝੂਠੀ ਨਿਕਲ ਜਾਏ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ।

''ਮੈਨੂੰ ਨਹੀਂ ਲੱਗਦਾ ਇਹ ਜ਼ਿਆਦਾ ਦਿਨ ਕੱਟੇਗੀ, ਘਰ 'ਚ । ਕੰਜਰੀਆਂ ਵੀ ਕਦੀ ਘਰਾਂ 'ਚ ਟਿਕੀਆਂ ਨੇ। ਪਹਿਲੇ ਦਿਨ ਹੀ ਜਿਹੜੀ ਕੰਜਰਖਾਨੇ 'ਚ ਲੱਕ ਮਟਕਾਉਣ ਨੂੰ ਫਿਰਦੀ ਏ ਲੈ ਜੋ ਇਹਨੂੰ ਵੀ ਟੈਮ ਨਾਲ ਈ ਉੱਧਰ ਗਡਾਊਨ 'ਚ। ਉੱਧਰ ਦਾ ਸਵਾਦ ਵੀ ਚੱਖ ਲਵੇ ਵੇਲੇ ਸਿਰ ।'' ਬੁੜਬੁੜ ਕਰਦੀ ਸੀਮਾ ਜਿਵੇਂ ਹੀ ਪਿੱਛੇ ਮੁੜੀ ਬਾਊ ਅਸ਼ੋਕ ਝਈ ਲੈ ਕੇ ਉਸ 'ਤੇ ਟੁੱਟ ਪਿਆ।

''ਤੂੰ ਆਪਣਾ ਮੂੰਹ ਬੰਦ ਰੱਖਿਆ ਕਰ, ਹੋਰ ਤੇਰਾ ਨੰਬਰ ਨਾ ਲਾਣਾ ਪੈ ਜੇ ਮੈਨੂੰ। ਦੁਆਨੀ ਦਾ ਵੈਲ ਨਹੀਂ ਮੈਨੂੰ, ਸ਼ਰਾਬ ਤਾਂ ਦੂਰ ਦੀ ਗੱਲ ਮਾਸ-ਆਂਡੇ ਨੂੰ ਹੱਥ ਨਹੀਂ ਲਾਇਆ ਕਦੀ। ਲੋਕੀਂ ਵਿਆਹ ਦੀਆਂ ਸਟਾਲਾਂ 'ਤੇ ਲਾਲਾਂ ਸੁੱਟਦੇ ਫਿਰਦੇ ਹੁੰਦੇ ਨੇ ਤੇ ਮੈਂ ਤੇਰਾ ਘਰੋਂ ਦਿੱਤਾ ਟਿਫਨ ਖੋਲ੍ਹ ਕੇ ਰੋਟੀ ਖਾ ਕੇ ਘਰ ਮੁੜ ਆਉਨਾ। ਉਹ ਵੀ ਵੇਖ ਜਿਹਨਾ ਦੇ ਘਰ ਖਾ ਗਿਐ ਇਹ ਧੰਦਾ। ਤੈਨੂੰ ਮਹਿਲ ਬਣਾ 'ਤਾ। ਤੂੰ ਖਾ ਪੀ ਕੇ ਮਾਰਨੀ ਏ ਟੀਟਣੇ, ਭੈਂ ਚੋ ਸਿਰ ਚੜ੍ਹਨੀ ਏਂ ਮੇਰੇ, ਤੈਨੂੰ ਅਸਲ 'ਚ ਕੁਬੇਰ ਦਾ ਖਜਾਨਾ ਹਜਮ ਕਰਨਾ ਔਖਾ ਹੋਇਆ ਪਿਐ। ਭੁੱਖੇ ਘਰੋਂ ਆਈ ਨੂੰ ਰੱਜ ਮਿਲਿਆ ਸਾਲੀ ਤੋਂ ਸਾਂਭਿਆ ਨਹੀਂ ਜਾਂਦਾ ਭੈਂ ਚੋ ਭੁੱਖੇ ਦੀ ਧੀ ਰੱਜੀ ਤੇ ਖੇਹ ਉਡਾਉਣ ਲੱਗੀ।'' ਕੌੜ ਅੱਖੀਂ ਮਨ ਦੀ ਭੜਾਸ ਕੱਢਦਾ ਉਹ ਸੁਨੀਲ ਨਾਲ ਅੱਜ ਦੇ ਪ੍ਰੋਗਰਾਮ ਦੀ ਸਫਲਤਾ ਤੇ ਅਗਲੇ ਸਾਹਿਆਂ ਦੀ ਪਲਾਨਿੰਗ 'ਚ ਜੁਟ ਗਿਆ।

ਅੱਜ ਦੀ ਕੁਲੈਕਸ਼ਨ ਦਾ ਢੇਰ ਉਨ੍ਹਾਂ ਦੇ ਅੱਗੇ ਪਿਆ ਸੀ। ਰੋਸ਼ਨੀ ਦੀ ਬਦੌਲਤ ਸੋਚ ਤੋਂ ਵੀ ਵੱਧ ਚੰਗਾ ਰਿਹਾ ਪ੍ਰੋਗਰਾਮ ਉਨ੍ਹਾਂ ਦੀ ਗੱਲਬਾਤ ਦੀ ਚਰਚਾ ਬਣਿਆ ਹੋਇਆ ਸੀ।

''ਸਾਜਨ ਦੀ ਘਰਵਾਲੀ ਆਈ ਸੀ ਅੱਜ।'' ਕੋਲ ਆ ਬੈਠੀ ਸੀਮਾ ਨੋਟ ਸਿੱਧੇ ਕਰਨ 'ਚ ਮਦਦ ਕਰਦੀ, ਸਾਜਨ ਡੀ.ਜੇ. ਵਾਲੇ ਦਾ ਕਿੱਸਾ ਛੋਹ ਬੈਠੀ।

ਸਾਜਨ ਦੀ ਘਰਵਾਲੀ ਅਸਲ 'ਚ ਸੀਮਾ ਦੀ ਚੰਗੀ ਸਹੇਲੀ ਸੀ। ਆਪਣੀ ਵਿਆਹੁਣ ਦੀ ਉਮਰ ਜਿੰਨੀ ਧੀ ਦੇ ਹਾਣ ਦੀ ਸ਼ਬਨਮ ਨਾਲ ਸਾਜਨ ਦਾ ਨਾਜਾਇਜ਼ ਰਿਸ਼ਤਾ ਕਿਸੇ ਕੋਲੋਂ ਲੁਕਿਆ ਨਹੀਂ ਸੀ ਰਿਹਾ। ਪਿਛਲੇ ਦੋ ਸਾਲਾਂ ਤੋਂ ਉਹ ਘਰ ਪਰਿਵਾਰ ਨਾਲੋਂ ਵਧੇਰੇ ਤਵੱਜੋ ਸ਼ਬਨਮ ਨੂੰ ਦੇਣ ਲੱਗਿਆ ਸੀ, ਤੇ ਜਦੋਂ ਪਤਾ ਲੱਗਿਆ ਸਾਜਨ ਕਿਸੇ ਹਾਲ ਵੀ ਉਸ ਨੂੰ ਛੱਡਣ ਲਈ ਤਿਆਰ ਨਹੀਂ ਸੀ, ਤਾਂ ਘਰਵਾਲੀ ਨੇ ਸਖ਼ਤ ਫ਼ੈਸਲਾ ਲੈ ਲਿਆ। ਬੱਚਿਆਂ ਨੂੰ ਇੱਜ਼ਤ ਦੀ ਜ਼ਿੰਦਗੀ ਦੇਣ ਦਾ ਖ਼ਿਆਲ ਕਰਕੇ ਸਾਜਨ ਨਾਲੋਂ ਵੱਖ ਹੋ ਗਈ। ਚੰਗੇ ਭਾਗੀਂ ਮੁੰਡਾ ਫੌਜ 'ਚ ਭਰਤੀ ਹੋ ਗਿਆ, ਤੇ ਧੀ ਦਾ ਰਿਸ਼ਤਾ ਵੀ ਚੰਗੇ ਘਰ 'ਚ ਹੋ ਗਿਆ ਸੀ। ਅੱਜ ਉਹ ਧੀ ਦੇ ਵਿਆਹ ਦਾ ਨਿਓਤਾ ਦੇਣ ਆਈ ਸੀ।

ਮਿਠਾਈ ਵਾਲਾ ਡੱਬਾ ਬਾਊ ਅਸ਼ੋਕ ਅੱਗੇ ਕਰਦਿਆਂ, ਵਿਆਹ ਵਾਲਾ ਕਾਰਡ ਖੋਲ੍ਹ ਕੇ ਸੀਮਾ ਪੜ੍ਹਨ ਲੱਗੀ। ਕਾਰਡ 'ਤੇ ਧੀ ਦੇ ਪਿਉ ਦਾ ਨਾਮ ਕਿੱਥੇ ਲਿਖਿਆ ਹੈ? ਲੱਭਣ ਦੇ ਚੱਕਰ 'ਚ ਕਾਰਡ ਦਾ ਅੱਖਰ-ਅੱਖਰ ਫਰੋਲ ਮਾਰਿਆ, ਪਰ ਬਾਪ ਦੇ ਨਾਂ ਤੋਂ ਬਗੈਰ ਵੀ ਧੀਆਂ ਇੱਜ਼ਤ ਨਾਲ ਵਿਦਾਅ



ਕੀਤੀਆਂ ਜਾ ਸਕਦੀਆਂ ਹਨ, ਸੋਚ ਕੇ ਸੀਮਾ ਦੇ ਮੂੰਹੋਂ ਆਪ-ਮੁਹਾਰੇ ਹੀ, ''ਵਾਹ! ਆਹ ਹੋਈ ਨਾ ਗੱਲ। ਅਗਲੀ ਨੇ ਹਿੰਮਤ ਕੀਤੀ ਤੇ ਕੰਜਰਖਾਨੇ 'ਚੋਂ ਕੱਢ ਕੇ ਬਾਲਾਂ ਨੂੰ ਚੰਗੇ ਰਾਹ ਪਾ ਲਿਆ। ਤੁਰਿਆ ਫਿਰੇ ਹੁਣ ਸਾਜਨ ਸ਼ਬਨਮ ਸਜਨੀ ਨੂੰ ਲੈ ਕੇ। ਕੰਜਰੀਆਂ ਵੀ ਕਿਸੇ ਦੀਆਂ ਹੋਈਆਂ ਨੇ, ਕੱਲ੍ਹ ਹੀ ਇਧਰੋਂ ਡਰੈੱਸਾਂ ਲੈਣ ਆਈ ਸ਼ੀਨਮ ਦੱਸਦੀ ਸੀ ਅੱਜਕਲ੍ਹ ਸ਼ਬਨਮ ਨੇ ਨਵਾਂ ਯਾਰ ਲੱਭ ਲਿਐ।''

ਅਸਲ ਵਿੱਚ ਧੰਦੇ ਨਾਲ ਜੁੜਿਆ ਜੋ ਸੱਚ ਵੇਖਦੀ ਆਈ ਸੀ, ਸੀਮਾ ਦਾ ਇਸ ਕੰਮ ਨੂੰ 'ਕੰਜਰਖਾਨਾ' ਆਖਣਾ ਝੂਠ ਨਹੀਂ ਸੀ, ਪਰ ਜਿਸ ਕੰਮ ਨੇ ਅਸ਼ੋਕ ਬਾਊ ਦੇ ਘਰ ਦੇ ਹੀ ਨਹੀਂ ਉਨ੍ਹਾਂ ਦੀ ਜ਼ਿੰਦਗੀ ਦੇ ਰੰਗ ਫੇਰੇ ਸਨ, ਉਸ ਵਾਸਤੇ ਰੱਬ ਦੀ ਪੂਜਾ ਤੋਂ ਵੀ ਉੱਤੇ ਸੀ।

''ਆਹੋ ਬਾਊ, ਅੱਜਕੱਲ੍ਹ ਸਾਜਨ ਨੂੰ ਛੱਡ ਕੇ ਉਹ ਬਿੰਦਰ ਹਾਈ ਫਾਈ ਡੀ.ਜੇ. ਨਾਲ ਸੈੱਟ ਹੋਈ ਫਿਰਦੀ ਏ। ਪਤਾ ਤਾਂ ਮੈਨੂੰ ਵੀ ਲੱਗਿਐ, ਪਰ ਸੱਚ ਕਿੰਨਾ ਤੇ ਝੂਠ ਕਿੰਨਾ ਕੁ, ਹੋ ਜਾਏਗਾ ਚਾਨਣ ਹੋਰ ਥੋੜ੍ਹੇ ਦਿਨਾਂ 'ਚ।"

''ਚੱਲ ਦਫ਼ਾ ਕਰੋ, ਆਪਾਂ ਕੀ ਲੈਣੈ ਅਗਲਾ ਜੋ ਮਰਜੀ ਕਰੇ।'' ਬਾਊ ਅਸ਼ੋਕ ਗੱਲ ਤੋਂ ਪਿੱਛਾ ਛੁਡਾਉਣ ਲੱਗਿਆ ਤੇ ਸ਼ੁਕਰ ਮਨਾਇਆ ਜੋ ਉਸੇ ਵੇਲੇ ਰੋਸ਼ਨੀ ਉਨ੍ਹਾਂ ਦੇ ਕੋਲ ਆ ਖਲੋਤੀ।

''ਵੇਖੋ ਆਹ ਡਰੈੱਸ ਪਾ ਕੇ ਮੈਂ ਕਿਵੇਂ ਦੀ ਲੱਗਦੀ ਆਂ।'' ਨੋਟ ਗਿਣਦਿਆਂ ਧੰਦੇ ਨਾਲ ਜੁੜੇ ਵਿਰੋਧੀਆਂ ਦੀ ਚਰਚਾ 'ਚ ਉਲਝੇ ਸੀਮਾ, ਬਾਊ ਅਸ਼ੋਕ ਤੇ ਸੁਨੀਲ ਦੀਆਂ ਵੈਸਟਰਨ ਡਰੈੱਸ 'ਚ ਢਾਕਾਂ 'ਤੇ ਹੱਥ ਰੱਖੀ ਖੜ੍ਹੀ ਰੋਸ਼ਨੀ ਨੂੰ ਵੇਖ ਕੇ ਅੱਖਾਂ ਫਟੀਆਂ ਦੀਆਂ ਫਟੀਆਂ ਰਹਿ ਗਈਆਂ।

''ਇਹ ਘਰ ਏ, ਕੰਜਰਖਾਨਾ ਨਹੀਂ। ਕੰਜਰੀਆਂ ਵਾਲੇ ਕੰਮ ਕਰਨੇ ਨੇ ਤਾਂ ਗਡਾਊਨ 'ਚ ਜਾਉ। ਇੱਥੇ ਨਹੀਂ ਚੱਲਣ ਦੇਣਾ ਮੈਂ ਕੁੱਤਖਾਨਾ। ਕੋਠੇ ਜਿੱਡੀ ਧੀ ਹੋ ਗਈ ਏ, ਕੱਲ੍ਹ ਨੂੰ ਬਾਲ ਲਾਣੇ-ਲਗਾਣੇ ਔਖੇ ਹੋ ਜਾਣਗੇ। ਅਗਲੀ ਨੇ ਹਿੰਮਤ ਕਰ ਲਈ ਤਾਂ ਕਿਹੜਾ ਬੱਚੇ ਹੰਨੇ-ਬੰਨੇ ਨਹੀਂ ਲੱਗੇ। ਧੱਕੇ ਖਾਵੇ ਸਾਜਨ। ਕੱਲ੍ਹ ਨੂੰ ਕੀੜੇ ਪੈ ਗਏ ਤਾਂ ਵੇਖਣੇ ਆਂ ਕਿਹੜੀ ਸ਼ਬਨਮ ਕੱਢਦੀ ਏ ਆ ਕੇ।'' ਸੀਮਾ ਭੜਕ ਉੱਠੀ ਤੇ ਬਾਊ ਅਸ਼ੋਕ ਦਾ ਇਸ਼ਾਰਾ ਸਮਝਦਾ ਸੁਨੀਲ ਕਾਹਲੀ ਨਾਲ ਰੋਸ਼ਨੀ ਨੂੰ ਕੱਪੜੇ ਬਦਲਣ ਦਾ ਆਖ ਕੇ ਗਡਾਊਨ ਵੱਲ ਤੁਰ ਗਿਆ।

******

ਅਸਲ ਵਿੱਚ ਇਹ ਗਡਾਊਨ ਨਹੀਂ ਆਲੀਸ਼ਾਨ ਤਿੰਨ ਮੰਜ਼ਿਲਾ ਕੋਠੀ ਸੀ। ਜਦੋਂ ਅਸ਼ੋਕ ਬਾਊ ਨੇ ਆਰਕੈਸਟਰਾ ਡੀ.ਜੇ. ਦਾ ਕੰਮ ਸ਼ੁਰੂ ਕੀਤਾ ਸੀ, ਤਾਂ ਸਭ ਤੋਂ ਪਹਿਲਾਂ ਖ਼ਰੀਦਿਆ ਗਿਆ ਇੱਕ ਕਨਾਲ ਦਾ ਪਲਾਟ ਸੀ। ਬਾਊ ਦੇ ਕਿਰਸ ਭਰੇ ਦਿਨਾਂ 'ਚੋਂ ਨਿਕਲ ਕੇ ਰੁੱਖੀਆਂ ਚੋਪੜ ਕੇ ਚੱਖਣ ਦੀ ਨਿਸ਼ਾਨੀ। ਫਿਰ ਇਸ ਦੀ ਚਾਰਦੀਵਾਰੀ ਕਰਕੇ ਸਾਊਂਡ ਦਾ ਸਾਮਾਨ ਰੱਖਣ ਲਈ ਇੱਕ ਵੱਡਾ ਬਰਾਮਦਾ ਛੱਤਿਆ ਗਿਆ ਸੀ। ਦੇਰ ਸਵੇਰ ਪ੍ਰੋਗਰਾਮ ਤੋਂ ਮੁੜ ਕੇ ਆਏ ਮੁੰਡੇ ਇੱਥੇ ਹੀ ਢੇਰੀ ਹੋ ਜਾਂਦੇ। ਕਿਉਂਕਿ ਲਾਈਟ ਤੇ ਸਾਊਂਡ ਦਾ ਸਾਰਾ ਸਾਮਾਨ ਇੱਧਰ ਹੀ ਰੱਖਿਆ ਜਾਂਦਾ, ਇੱਧਰੋਂ ਲੋਡ ਹੁੰਦਾ ਤੇ ਸਾਮਾਨ ਲਿਆਉਣ-ਲਿਜਾਣ ਲਈ ਵਰਤਿਆ ਜਾਣ ਵਾਲਾ ਕੈਂਟਰ ਵੀ ਇੱਧਰ ਖੜ੍ਹਾ ਕੀਤਾ ਜਾਂਦਾ ਸੀ, ਤੇ ਇੱਕ ਕਮਰਾ ਰਸੋਈ ਤੇ ਗ਼ੁਸਲਖਾਨਾ ਉਸਾਰ ਦਿੱਤਾ ਗਿਆ। ਫਿਰ ਜਦੋਂ ਲੋੜ ਪੈਂਦੀ ਇੱਕ ਕਮਰਾ ਹੋਰ ਛੱਤਿਆ ਜਾਂਦਾ, ਜੋ ਗਰਾਊਂਡ ਫਲੋਰ ਤੋਂ ਪਹਿਲੀ ਮੰਜ਼ਿਲ ਵੱਲ ਵਧਦਾ ਅੱਜ ਦੀ ਕੋਠੀ ਦਾ ਰੂਪ ਲੈਣ ਲੱਗਿਆ, ਪਰ ਸ਼ੁਰੂਆਤੀ ਦੌਰ ਵਿੱਚ ਸਾਊਂਡ ਦਾ ਸਾਮਾਨ ਰੱਖਣ ਕਾਰਨ ਅੱਜ ਦੀ ਇਸ ਕੋਠੀ ਦਾ ਨਾਂ 'ਗਡਾਊਨ' ਪੈ ਗਿਆ ਸੀ। ਜਿਵੇਂ ਕਿਸੇ ਮੱਧਰੇ ਪਰਿਵਾਰ ਦੀ ਅੱਲ ਬੌਣੇ, ਫਿੱਡੇ ਨੱਕ ਵਾਲਿਆਂ ਦੀ ਫਿੱਡਲ, ਕੰਜੂਸ ਰਾਈਸਜ਼ਾਦਿਆਂ ਦੀ 'ਕੰਗਲੇ ਕਰੋੜਪਤੀ' ਵਗੈਰਾ ਪੈ ਜਾਂਦੀ ਹੈ, ਉਵੇਂ ਹੀ ਇਸ ਕੋਠੀ ਦੀ ਹਾਲਤ ਨੇ ਇਸ ਦੀ ਅੱਲ 'ਗਡਾਊਨ' ਪਾ ਦਿੱਤੀ।

ਰੁੱਖੀਆਂ ਚੋਪੜਨ ਤੋਂ ਚੂਰੀਆਂ ਖਾਣ ਦੇ ਦਿਨਾਂ ਦੀ ਗਵਾਹ ਬਣੀ ਇਸ ਤਿੰਨ ਮੰਜ਼ਿਲਾ ਕੋਠੀ ਦੇ ਹਰੇਕ ਫਲੋਰ 'ਤੇ ਬਣੇ ਪੰਜ-ਪੰਜ ਕਮਰੇ ਵੀ ਕੋਈ ਨਕਸ਼ਾ ਬਣਾ ਕੇ ਨਹੀਂ ਸਨ ਉਸਾਰੇ ਗਏ, ਬਲਕਿ ਜਿਵੇਂ-ਜਿਵੇਂ ਪਾਰਟੀ ਨਾਲ ਜੁੜਦੇ ਕੁੜੀਆਂ-ਮੁੰਡਿਆਂ ਨੂੰ ਰੱਖਣ ਦੀ ਲੋੜ ਵਧਣ ਲੱਗੀ, ਤਿਉਂ-ਤਿਉਂ ਕਮਰਿਆਂ ਦੀ ਗਿਣਤੀ ਵੀ ਵੱਧਦੀ ਗਈ। ਇਸ ਦੇ ਨਾਲ ਲੱਗਦੇ ਦੋ ਪਲਾਟ ਹੋਰ ਖ਼ਰੀਦ ਕੇ ਵਿੱਚੋਂ ਦਰਵਾਜ਼ੇ ਕੱਢ ਦਿੱਤੇ, ਤੇ ਗਡਾਊਨ ਦਾ ਦਾਇਰਾ ਸਾਢੇ ਤਿੰਨ ਕਨਾਲਾਂ 'ਚ ਫੈਲ ਗਿਆ। ਪੰਜੇ ਘਿਉ ਤੇ ਸਿਰ ਕੜਾਹੀ 'ਚ ਬਣੀ ਇਸ ਕੋਠੀ ਦੇ ਹਰ ਹਿੱਸੇ ਵਿੱਚ ਵੰਨ-ਸੁਵੰਨਾ ਸੰਗੀਤ ਬੋਲਦਾ ਹੈ। ਮਾਰੂ ਰਾਗ ਦਰਦ ਜਗਾਉਂਦਾ ਹੈ, ਤਾਂ ਦੀਪਕ ਰਾਗ ਬੁਝੇ ਚਿਰਾਗ ਜਗਾਉਣ ਦਾ ਦਮ ਭਰਦਾ ਹੈ। ਤਿੰਨ ਵਾਰੀਆਂ 'ਚ ਖ਼ਰੀਦੇ ਗਏ ਪਲਾਟ ਕੌਡੀਆਂ ਦੇ ਭਾਅ ਜ਼ਮੀਨਾਂ, ਤੋਂ ਲੈ ਕੇ ਆਕਾਸ਼ ਛੂੰਹਦੀਆਂ ਕੀਮਤਾਂ ਤੇ ਫਿਰ ਅਰਸ਼ ਤੋਂ ਫਰਸ਼ 'ਤੇ ਡਿੱਗੇ ਰੇਟ ਦੇਸ਼ ਦੀ ਡਾਵਾਂਡੋਲ ਹੁੰਦੀ ਅਰਥ ਵਿਵਸਥਾ ਦੇ ਗਵਾਹ ਬਣ ਕੇ ਬਾਊ ਅਸ਼ੋਕ ਦੀ ਜ਼ੁਬਾਨ 'ਚੋਂ ਕਿਰਦੇ ਰਹਿੰਦੇ। ਪ੍ਰੋਗਰਾਮ ਬੁੱਕ ਕਰਨ ਆਈਆਂ ਅਸਾਮੀਆਂ ਨਾਲ ਭਾਅ ਉੱਤੇ ਹੇਠਾਂ ਕਰਦਿਆਂ ਗਾਹੇ-ਬਗਾਹੇ ਦਿਲ ਦੀ ਚੀਸ ਗੱਲਾਂ 'ਚੋਂ ਬਿਆਨ ਹੋ ਜਾਂਦੀ,

"ਨਾ ਜੀ ਨਾ, ਹੁਣ ਉਹ ਦਿਨ ਕਿੱਥੇ ਰਹੇ ਜੀ। ਮਰੇ ਪਏ ਆਂ ਹੁਣ ਤਾਂ। ਕੋਈ ਨਾ ਜੀ, ਜੋ ਵੀ ਹੋਵੇ, ਪ੍ਰੋਗਰਾਮ ਸਿਰੇ ਦਾ ਲੱਗੇਗਾ। ਸੋਚਾਂਗੇ ਚਾਰ ਛਿੱਲੜ ਘੱਟ ਕਮਾ ਲਏ, ਕਈ ਘਾਟੇ ਜਰੀ ਬੈਠੇਂ ਆ ਇੱਕ ਹੋਰ ਸਹੀ। ਹੁਣ ਚਾਰ ਲੱਖ ਦਾ ਖ਼ਰੀਦਿਆ ਮਰਲਾ ਜੇ ਚਾਲੀ ਹਜ਼ਾਰ ਤੋਂ ਵੀ ਹੇਠਾਂ ਡਿੱਗ ਗਿਐ ਤਾਂ ਕਿਹੜਾ ਸਰਕਾਰ ਦਾ ਗਲਮਾ ਫੜ ਲਿਐ, ਜੇ ਤੁਸੀਂ ਦੋ-ਚਾਰ ਹਜ਼ਾਰ ਘੱਟ ਦੇ ਦਿਉਗੇ, ਤਾਂ ਵੀ ਆਪਾਂ ਸਰਕਾਰ ਨੂੰ ਨਾਰਾਜ਼ ਥੋੜ੍ਹਾ ਕਰਨੈ।"

ਮੋਬਾਈਲ ਕੰਨ ਨਾਲ ਲਗਾਈ ਗੱਲ ਕਰਦਾ-ਕਰਦਾ ਉਹ ਰੁਬੀਨਾ ਦੇ ਕਮਰੇ 'ਚ ਜਾ ਵੜਿਆ। ਭਾਵੇਂ ਸੀਮਾ ਨੇ ਨੀਤੂ ਨੁਰਾਨੀ ਤੋਂ ਬਾਦ ਰੁਬੀਨਾ ਨੂੰ ਵੀ ਘਰੋਂ ਕੱਢਵਾ ਦਿੱਤਾ ਸੀ, ਪਰ ਨਾ ਤਾਂ ਉਹ ਉਸ ਨੂੰ ਗੋਡਾਊਨ 'ਚੋਂ ਕੱਢਵਾ ਸਕੀ ਸੀ, ਤੇ ਨਾ ਹੀ ਬਾਊ ਅਸ਼ੋਕ ਦੇ ਦਿਲ 'ਚੋਂ। ਇਸ ਸਭ ਦੇ ਬਾਵਜੂਦ ਅਸ਼ੋਕ ਦੀ ਸ਼ਰਾਫ਼ਤ ਤੇ ਸ਼ਖ਼ਸੀਅਤ ਦੇ ਕਈ ਹੋਰ ਗੁਣ ਉਸ ਨੂੰ ਸੀਮਾ ਦੀਆਂ ਨਜ਼ਰਾਂ ਵਿੱਚ ਹਮੇਸ਼ਾ ਆਮ ਨਾ ਹੋ ਕੇ ਖ਼ਾਸ ਬਣਾਈ ਰੱਖਦੇ। ਹੁਣ ਜੇ ਕਦੀ ਬਾਊ ਅਸ਼ੋਕ ਗੋਡਾਊਨ 'ਚੋਂ ਢਿੱਡ ਭਰ ਕੇ ਵੀ ਘਰ ਮੁੜਦਾ, ਤਾਂ ਬਜਾਏ ਕਲੇਸ਼ ਖੜ੍ਹਾ ਕਰਨ ਦੇ ਅਸ਼ੋਕ ਦੇ ਮੋਢੇ 'ਤੇ ਸਿਰ ਰੱਖਦੀ ਬੁੱਕਲ 'ਚ ਮੂੰਹ ਦੇ ਲੈਂਦੀ।

ਇਸ ਗੋਡਾਊਨ ਦੇ ਕਣ-ਕਣ ਨਾਲ ਜੁੜਿਆ ਕੋਈ ਨਾ ਕੋਈ ਕਿੱਸਾ, ਕਹਾਣੀ ਆਪਣੇ-ਆਪ ਵਿੱਚ ਵੱਖਰਾ ਇਤਿਹਾਸਕ ਪੰਨਾ ਬਣ ਚੁੱਕਿਆ ਹੈ, ਜੋ ਵਰਤਮਾਨ ਨਾਲ ਹੁੰਗਾਰਾ ਭਰਦਾ ਬੀਤੇ ਤੋਂ ਸਬਕ ਸਿੱਖਣ ਦੀ ਤਾੜਨਾ ਕਰਦਾ ਰਹਿੰਦਾ।

"ਵੇਖ ਆਰਜੂ, ਤੂੰ ਜਾਂ ਤਾਂ ਖਹਿੜਾ ਛੱਡ ਦੇ ਉਸ ਵਕੀਲ ਦਾ, ਨਹੀਂ ਤਾਂ ਉਹਨੂੰ ਆਖ ਘਰ ਵਸਾਏ ਤੇਰੇ ਨਾਲ। ਆਪਣੀ ਲਾਈਨ ਦੇ ਕੰਮ 'ਚ ਪਿਆਰ ਨਹੀਂ ਹੁੰਦਾ, ਖੇਡ ਹੁੰਦੀ ਏ। ਕੋਈ ਭੁੱਲ ਏ ਤੈਨੂੰ ਸ਼ਿਵਾਨੀ ਦੀ। ਬੇਵਕੂਫ਼ ਨਿਕਲੀ ਚਾਰ ਸਾਲ ਆਪਣੀ ਕਮਾਈ ਵੀ ਹਰਾਮਜਾਦੇ ਸਕੂਲ ਪ੍ਰਿੰਸੀਪਲ ਦੇ ਪੁੱਤਰ ਨੂੰ ਖੁਆਉਂਦੀ ਰਹੀ। ਫਿਰ ਜਦੋਂ ਉਹਨੇ ਸਕੂਲ ਮਾਸਟਰਨੀ ਨਾਲ ਵਿਆਹ ਕਰਵਾ ਲਿਆ, ਤਾਂ ਪਾਗਲ ਹੋਈ ਸ਼ਿਵਾਨੀ ਨੇ ਨਸ ਕੱਟ ਲਈ। ਮਰਿਆ ਕੌਣ? ਕਿਸੇ ਦਾ ਕੀ ਗਿਆ? ਇਕੱਲੀ ਸ਼ਿਵਾਨੀ ਦੇ ਸਿਰ ਚੱਲਦੇ ਘਰ ਦਾ ਭੱਠਾ ਬਹਿ ਗਿਆ। ਪਿਉ ਲੱਕਵੇ ਦਾ ਮਰੀਜ਼, ਮਾਂ ਹੈ ਨਹੀਂ ਸੀ, ਭਰਾ ਅੱਠਵੀਂ 'ਚ ਪੜ੍ਹਦਾ ਸੀ। ਕਿੱਥੇ ਤਾਂ ਭਰਾ ਨੂੰ ਪੁਲਿਸ 'ਚ ਭਰਤੀ ਕਰਵਾਉਣ ਦੇ ਸੁਫ਼ਨੇ ਵੇਖਦੀ ਸੀ, ਤੇ ਕਿੱਥੇ ਪੁੱਠੇ ਕੰਮਾਂ 'ਚ ਪੈ ਕੇ ਆਪ ਹੀ ਆਪਣੇ ਤੇ ਘਰ ਦਿਆਂ ਦੇ ਸੁਪਨਿਆਂ ਦੀ ਕਾਤਲ ਬਣ ਗਈ। ਭਲਾ ਹੋਵੇ ਇਹ ਤਾਂ ਅਸ਼ੋਕ ਬਾਊ ਦਾ, ਜਿਹਨੇ ਉਹਦੇ ਭਰਾ ਨੂੰ ਕੈਂਟਰ 'ਤੇ ਪੱਕਾ ਡਰੈਵਰ ਰੱਖ



ਲਿਆ, ਤੇ ਪਿਉ ਨੂੰ ਵੀ ਨਾਲ ਹੀ ਰਹਿਣ ਲਈ ਇੱਥੇ ਇੱਕ ਕਮਰਾ ਪੱਕੇ ਤੌਰ 'ਤੇ ਦੇ ਦਿੱਤਾ।"

ਪ੍ਰੇਮ ਰੋਗਨ ਬਣੀ ਆਰਜੂ ਨੂੰ ਸ਼ੀਤਲ ਸਮਝਾ ਰਹੀ ਸੀ ਤੇ ਕੋਲ ਪਈ ਲਵੀ ਨੇ ਗੱਲ ਦੀ ਹਾਮੀ ਭਰੀ, "ਸਹੀ ਆਖਦੀ ਏ ਸ਼ੀਤਲ। ਸੰਭਲ ਜਾ ਆਰਜੂ ਚੰਗੀ ਰਵ੍ਹੇਂਗੀ, ਮੁੰਡਿਆਂ ਦਾ ਕਾਲ ਪਿਐ ਭਲਾ। ਪੱਕੀਆਂ ਗੰਢਾਂ ਜਿਨ੍ਹਾਂ ਨਾਲ ਪੁਆਈ ਫਿਰਦੇ ਨੇ ਇਹ ਅਮੀਰਜਾਦੇ ਆਖਾਂ ਕਿ ਹਰਾਮਜਾਦੇ, ਜੇ ਇਹਨਾਂ ਨੂੰ ਆਪਣੇ ਘਰ ਰੱਜ ਨਹੀਂ ਆਉਂਦਾ ਤਾਂ ਢਿੱਡ ਇਨ੍ਹਾਂ ਦਾ ਸਾਡੇ ਨਾਲ ਵੀ ਨਹੀਂ ਭਰਨ ਲੱਗਿਆ। ਤੂੰ ਸੋਚ ! ਜੇ ਤੇਰਾ ਸਰਦਾ ਹੁੰਦਾ, ਤਾਂ ਕੀ ਲੋੜ ਸੀ ਕੱਛੀਆਂ ਬਨੈਣਾਂ ਪਾ ਕੇ ਸਟੇਜ 'ਤੇ ਲੱਤਾਂ ਮਾਰਨ ਦੀ। ਇੱਕ ਪਾਸੇ ਸਾਡੀ ਮਜਬੂਰੀ ਨੱਚਦੀ ਏ, ਤਾਂ ਦੂਜੇ ਪਾਸੇ ਸ਼ਰੇਆਮ ਇੱਜਤਦਾਰਾਂ ਦੀ ਆਪਣੇ ਪਰਿਵਾਰਾਂ ਦੇ ਸਾਹਮਣੇ ਬੇਸ਼ਰਮੀ ਭਰੀ ਅੱਯਾਸ਼ੀ ਨੱਚ ਰਹੀ ਹੁੰਦੀ ਏ। ਨੱਚਣਾ ਆਪਣੇ ਲਈ ਪਾਪ ਨਹੀਂ, ਆਪਣੇ ਲਈ ਰੋਜ਼ੀ-ਰੋਟੀ ਏ। ਕੰਮ ਤਾਂ ਕੰਮ ਹੁੰਦੈ, ਹਰ ਕੰਮ ਦੇ ਆਪੋ-ਆਪਣੇ ਅਸੂਲ ਨੇ। ਹੁਣ ਵੇਖ ਮੈਂ ਬੀ.ਐਸਸੀ. ਨਰਸਿੰਗ ਕਰ ਰਹੀ ਹਾਂ। ਪਾਪਾ ਦੀ ਡੈੱਥ ਹੋ ਗਈ, ਮੰਮਾ ਹਾਰਟ ਪੇਸ਼ੈਂਟ ਆ। ਬਰਦਰ ਦੀ ਅੱਖਾਂ ਦੀ ਜਨਮ ਤੋਂ ਹੀ ਜੋਤ ਹੈਨੀ। ਚਲੋ ਪਾਪਾ ਵਿਚਾਰੇ ਜਿਵੇਂ-ਕਿਵੇਂ ਘਰ ਚਲਾਈ ਜਾਂਦੇ ਸੀ, ਪਰ ਜਦੋਂ ਉਹ ਹੀ ਨਹੀਂ ਰਹੇ, ਤਾਂ ਕੀ ਕਰਦੀ। ਮੈਂ ਰੁੜਕੀ ਦੇ ਇੱਕ ਆਰਕੈਸਟਰਾ ਗਰੁੱਪ ਨਾਲ ਕੰਮ ਸ਼ੁਰੂ ਕਰ ਦਿੱਤਾ। ਮੰਦਿਰਾਂ ਦੀਆਂ ਝਾਕੀਆਂ 'ਚ ਦੇਵੀ-ਦੇਵਤਿਆਂ ਦੇ ਰੋਲ 'ਚ ਨੱਚਦੇ ਟੱਪਦੇ ਇੱਧਰੋਂ ਗਏ ਸੁਨੀਲ ਦੀ ਮੇਰੇ 'ਤੇ ਨਜ਼ਰ ਪੈ ਗਈ। ਰੱਬ ਆਪ ਤਾਂ ਮਦਦ ਲਈ ਧਰਤੀ 'ਤੇ ਉਤਰ ਕੇ ਨਹੀਂ ਆਉਂਦਾ, ਕਿਸੇ ਰੂਪ 'ਚ ਹੀ ਆਪਣੇ ਫਰਿਸ਼ਤੇ ਭੇਜਦਾ ਵਾ। ਸੁਨੀਲ ਇੱਧਰੋਂ ਗਿਆ ਸੀ ਉੱਧਰ ਸਾਊਂਡ ਲੈ ਕੇ, ਤੇ ਮੈਨੂੰ ਇੱਕ ਵਾਰੀ ਆ ਕੇ ਬਾਊ ਨੂੰ ਮਿਲਣ ਲਈ ਆਖਿਆ। ਫ਼ੈਸਲਾ ਮੇਰੇ 'ਤੇ ਛੱਡ 'ਤਾ। ਭਲਾ ਹੋਵੇ ਵਿਚਾਰੇ ਸੁਨੀਲ ਦਾ, ਮੇਰਾ ਤਾਂ ਬੀ.ਐਸਸੀ. ਦਾ ਆਖਰੀ ਸਾਲ ਏ, ਕੰਪਲੀਟ ਕਰਦੇ ਹੀ ਸਟੱਡੀ ਵੀਜ਼ਾ 'ਤੇ ਕੈਨੇਡਾ ਚਲੀ ਜਾਣਾ ਏਂ, ਪਰ ਉਸ ਤੋਂ ਪਹਿਲਾਂ ਘੱਟੋ-ਘੱਟ ਪੱਚੀ ਲੱਖ ਕਮਾਉਣਾ ਹੈ ਕਿਸੇ ਵੀ ਤਰ੍ਹਾਂ। ਇੱਕ ਵਾਰੀ ਬਾਹਰ ਸੈਟਲ ਹੋ ਗਈ, ਤਾਂ ਫਿਰ ਨਹੀਂ ਪਿੱਛੇ ਮੁੜ ਕੇ ਵੇਖਣ ਲੱਗੀ। ਖੁੱਲ੍ਹੀਆਂ ਅੱਖਾਂ ਨਾਲ ਵੇਖਿਆ ਇਹ ਸੁਪਨਾ ਪੂਰਾ ਕਰਨ ਲਈ ਭਾਵੇਂ ਥਾਈਲੈਂਡ ਦੀਆਂ ਨਿਊਡ ਪਾਰਟੀਜ਼ ਹੋਣ, ਭਾਵੇਂ ਗੋਆ ਬੀਚ ਦੀਆਂ ਲਹਿਰਾਂ ਨਾਲ ਖਹਿੰਦੀਆਂ ਖਵਾਹਿਸ਼ਾਂ, ਤੇ ਭਾਵੇਂ ਸਿੰਗਾਪੁਰ ਦੇ ਬਿਜ਼ਨਸ ਸ਼ੋਅ ਕੱਪੜੇ ਉਤਾਰਨ ਵਿੱਚ ਸ਼ਰਮ ਨਹੀਂ ਫ਼ਖ਼ਰ ਮਹਿਸੂਸ ਹੁੰਦੈ ਯਾਰ। ਅਸੀਂ ਆਪਣੀ ਮਿਹਨਤ ਦਾ ਖਾ ਰਹੇ ਹਾਂ। ਉਹ ਅਮੀਰਜਾਦੇ ਆਪਣੇ ਸ਼ੌਂਕ ਲਈ ਨੰਗਾ ਨਾਚ ਨੱਚਦੇ ਨੇ, ਅਸੀਂ ਆਪਣੀ ਲੋੜ ਲਈ। ਹੋਰ ਕੰਮਾਂ ਵਾਂਗ ਇਹ ਵੀ ਕੰਮ ਹੀ ਤਾਂ ਹੈ, ਪਰ ਕੰਮ ਪੂਜਾ ਹੈ ਤੇ ਪੂਜਾ ਨੂੰ ਪਾਕਿ-ਸਾਫ਼ ਰੱਖੋ। ਇਹ ਪ੍ਰੇਮ ਰੋਗ ਅਸਲ ਵਿੱਚ ਮੌਤ ਰੋਗ ਹੁੰਦੈ, ਬਚ ਜਾਓ ਲੈ ਬਈ ਮੇਰਾ ਆ ਗਿਆ ਫ਼ੋਨ । ਹਾਂ ਜਾਨੂੰ । ਓ ਸੱਚੀ ! ਇੰਨਾ ਪਿਆਰ ਕਰਦੇ ਓ ਮੇਰੇ ਨਾਲ। ਲਵ ਯੂ ਡਾਰਲਿੰਗ, ਮਿਸ ਯੂ ਸੋ ਮੱਚ ।" ਮੋਬਾਈਲ 'ਤੇ ਲਾਡੀਆਂ-ਪਾਡੀਆਂ ਕਰਦੀ ਨੇ ਜਦੋਂ ਹੱਥ 'ਚ ਫੜਿਆ ਛਿੱਤਰ ਮਾਰਨ ਦੀ ਐਕਟਿੰਗ ਕੀਤੀ, ਤਾਂ ਕੋਲ ਪਈਆਂ ਆਰਜ਼ੂ ਤੇ ਸ਼ੀਤਲ ਹੱਸ-ਹੱਸ ਕੇ ਦੂਹਰੀਆਂ ਹੋਣ ਲੱਗੀਆਂ।

"ਬਸ ਲਵ ਯੂ, ਤੇ ਮਿਸ ਯੂ ਆਹ ਦੋ ਤੋਂ ਬਗੈਰ ਤੀਜਾ ਸ਼ਬਦ ਨਹੀਂ ਆਉਂਦਾ ਤੁਹਾਨੂੰ ਕੋਈ। ਕੁੰਡਾ ਮਾਰ ਲੈ ਉੱਠ ਕੇ ਆਰਜੂ, ਤੇ ਸੁਨੀਲ ਤਿਆਰੀ ਕਰੋ ਹਨੂੰਮਾਨਗੜ੍ਹ ਦਾ ਨਾਈਟ ਸ਼ੋਅ ਏ ਅੱਜ।" ਆਖ ਕੇ ਬਾਊ ਰੁਬੀਨਾ ਦੇ ਕਮਰੇ ਵੱਲ ਝਾਕਦਾ ਵਾਪਸ ਘਰ ਨੂੰ ਚੱਲ ਪਿਆ।

"ਅੱਛਾ ਜੀ, ਹਾਂ ਜੀ। ਮੋਬਾਈਲ ਚਾਰਜ ਕਰ ਲਾਂ ਜੀ। ਦੱਸੋ ਜੀ, ਬੋਲੋ ਜੀ ।" ਮੋਬਾਈਲ 'ਤੇ ਗੱਲ ਕਰਦੀ ਲਵੀ ਵੱਲ ਇਸ਼ਾਰਾ ਕਰਦਿਆਂ ਐਂਕਰ ਸੁਨੀਲ ਨੇ ਉਸ ਦੀ ਨਕਲ ਉਤਾਰੀ।

ਹੱਸ ਕੇ ਉਹ ਮੋਬਾਈਲ 'ਤੇ ਉਵੇਂ ਹੀ ਗੱਲੀਂ ਲੱਗੀ ਰਹੀ, ਤੇ ਸੁਨੀਲ ਨੇ ਹੱਥ 'ਚ ਫੜਿਆ ਚਾਰਜਰ ਦਾ ਅਡਾਪਟਰ ਲਵੀ ਦੇ ਸੀਨੇ ਉੱਤੇ ਰੱਖ ਦਿੱਤਾ।

"ਇੱਥੇ ਕਿਉਂ ? ਲੈ ਫੜ ਇੱਥੇ ਲਾ ਲੈ ਹੋਰ ਛੇਤੀ ਹੋ ਜੂ।" ਜਿਵੇਂ ਹੀ ਲਵੀ ਨੇ ਵਿਚਾਲਿਓਂ ਲੱਕ ਚੁੱਕ ਕੇ ਚਾਰਜਰ ਲਗਾਉਣ ਦਾ ਇਸ਼ਾਰਾ ਕੀਤਾ। ਉਹ ਹੋਰ ਮੱਛਰ ਗਿਆ।

"ਨਾ ਬੈਟਰੀ ਸਾੜਨੀ ਏਂ, ਹੋਰ ਸਵੇਰੇ ਖ਼ਬਰ ਛਪੀ ਪਈ ਹੋਵੇ ਚਾਰਜਿੰਗ 'ਤੇ ਲਾਇਆ ਮੋਬਾਈਲ ਫਟਿਆ। ਦੋ ਜਖਮੀ।" ਆਖ ਕੇ ਉਹ ਮੋਬਾਈਲ ਚਾਰਜਿੰਗ 'ਤੇ ਲਗਾਉਣ ਲਈ ਪਲੱਗ ਵੇਖਣ ਲੱਗਿਆ।

"ਦੋ ਕੌਣ?" ਲਵੀ ਨੇ ਅੱਖਾਂ ਦੀਆਂ ਪੁਤਲੀਆਂ ਨਚਾਈਆਂ।

"ਲੈ ਹੁਣ ਇਹ ਵੀ ਮੈਂ ਦੱਸਾਂ।" ਦੋਵੇਂ ਹੱਸ ਪਏ।

"ਰੇਣੂ ਕਿੱਥੇ ਏ, ਦਿਸੀ ਨਹੀਂ ਸ਼ਾਮ ਦੀ?" ਪੁਛਦਿਆਂ ਸੁਨੀਲ ਨੇ ਮੋਬਾਈਲ ਚਾਰਜਿੰਗ 'ਤੇ ਲਗਾਇਆ ਤੇ ਸਿਗਰਟ ਸੁਲਗਾ ਕੇ ਅਨੀਤਾ ਦੇ ਕਮਰੇ ਵੱਲ ਵਧ ਗਿਆ।

"ਹਰਾਮੀ ਕਿਸੇ ਥਾਂ ਦਾ, ਆਪ ਨਾਈਟ ਲਈ ਭੇਜ ਕੇ ਦਲਾਲੀ ਖਾਧੀ ਫਿਰਦੈ, ਭੁੱਲ ਏ ਕਿਸੇ ਨੂੰ। ਦੱਲਾ ਕਿਸੇ ਥਾਂ ਦਾ। ਬਾਊ ਦਾ ਸਭ ਤੋਂ ਵੱਡਾ ਪਿੱਠ 'ਚ ਵਾਰ ਕਰਨ ਵਾਲਾ ਇਹੀ ਆ, ਪਰ ਮਜਬੂਰੀ ਮਾਰਿਆ ਬਾਊ ਚੁੱਪ ਕਰਿਆ ਫਿਰਦੈ। ਕੋਈ ਦਿਨ ਜਾਂਦੈ। ਵੇਖਿਓ ਇਹਦਾ ਹਾਲ ਕੀ ਬਣਦਾ।" ਉਹ ਜਿਵੇਂ ਹੀ ਕਮਰੇ ਵਿੱਚੋਂ ਬਾਹਰ ਨਿਕਲਿਆ ਕੁੜੀਆਂ 'ਚ ਉਸ ਦੀ ਦਗ਼ਾਬਾਜ਼ੀ ਨੂੰ ਲੈ ਕੇ ਚਰਚਾ ਛਿੜ ਪਈ।

"ਸੁਨੀਲ ਯਾਰ ਦਿਲ ਕਰਦੈ, ਹੁਣ ਤਾਂ ਛੱਡ ਦਿਆਂ ਆਹ ਕੰਮ। ਇਹ ਵੀ ਕੋਈ ਲਾਈਫ ਏ।" ਸੁਨੀਲ ਕੋਲੋਂ ਲੈ ਕੇ ਸਿਗਰੇਟ ਦਾ ਕਸ਼ ਖਿੱਚ ਕੇ ਧੂਏਂ ਦੇ ਛੱਲੇ ਉਡਾਉਂਦੀ ਅਨੀਤਾ ਬੈੱਡ 'ਤੇ ਸਿੱਧੀ ਹੋ ਬੈਠੀ।

"ਕਿਉਂ ਹੋਰ ਕੀ ਹੁੰਦੀ ਏ ਲਾਈਫ? ਲੁਧਿਆਣੇ ਵਰਗੇ ਸ਼ਹਿਰ 'ਚ ਬੰਦਾ ਕਿਰਾਏ 'ਤੇ ਚੰਗਾ ਮਕਾਨ ਲੈ ਕੇ ਰਹਿਣ ਦੀ ਨਹੀਂ ਸੋਚ ਸਕਦਾ। ਤੂੰ ਮਾਂ ਯਾ ਦਸ ਮਰਲੇ ਦੀ ਡਬਲ ਸਟੋਰੀ ਕੋਠੀ ਬਣਾਈ ਬੈਠੀ ਏਂ। ਭਰਾ ਨੂੰ ਦੁਕਾਨ ਬਣਾ 'ਤੀ। ਪਿਉ ਲਈ ਹਰ ਗੇੜੇ ਘਰ ਜਾਂਦੀ ਚੰਗੇ ਤੋਂ ਚੰਗੇ ਬਰਾਂਡ ਦੀਆਂ ਬੋਤਲਾਂ ਲੈ ਕੇ ਜਾਨੀ ਏਂ। ਮੇਰੇ ਵਰਗੇ ਛੱਤੀ ਤੇਰਾ ਪਾਣੀ ਭਰਦੇ ਨੇ । ਆ ਉ ਚ।" ਉਸ ਨੂੰ ਧਿਆਨ ਹੀ ਨਾ ਰਿਹਾ ਕਿ ਹੱਥ 'ਚ ਫੜੀ ਸਿਗਰਟ ਸੁਲਗਦੀ ਹੋਈ ਉਸ ਦੀਆਂ ਉਂਗਲਾਂ ਨੂੰ ਸੇਕ ਲਗਾਉਣ ਲੱਗੀ ਸੀ।

ਜ਼ਮੀਨ 'ਤੇ ਡਿੱਗਿਆ ਸਿਗਰੇਟ ਦਾ ਟੁਕੜਾ ਚੁੱਕ ਕੇ ਅਨੀਤਾ ਨੇ ਇੱਕ ਲੰਬਾ ਕਸ਼ ਖਿੱਚਿਆ ਤੇ ਗੰਭੀਰ ਹੋ ਗਈ, "ਬਸ ਇਹੀ ਤਾਂ ਗੱਲ ਏ ਜਿਹੜੀ ਤੂੰ ਤੇ ਤੇਰੇ ਵਰਗੇ ਛੱਤੀ ਨਹੀਂ ਸਮਝ ਸਕਦੇ। ਚੱਲ ਉੱਠ ਜਾ ਹੁਣ ਸੌਣੈ ਮੈਂ।" ਉਹ ਸੁਨੀਲ ਨੂੰ ਬੈੱਡ ਤੋਂ ਧੱਕਾ ਮਾਰਨ ਲੱਗੀ।

"ਲੈ ਐਵੇਂ ਕਿਵੇਂ  ਬਿਨਾ ਭਿੱਜਿਆਂ ?" ਸੁਨੀਲ ਜ਼ਬਰਦਸਤੀ ਦਰਵਾਜ਼ਾ ਬੰਦ ਕਰਕੇ ਖੜੋ ਗਿਆ, ਪਰ ਇੱਕ ਵਾਰੀ ਨਾਂਹ ਤਾਂ ਨਾਂਹ। ਸੁਨੀਲ ਤਾਂ ਕੀ ਕਿਸੇ ਮਾਈ ਦੇ ਲਾਲ 'ਚ ਦਮ ਨਹੀਂ ਕਿ ਅਨੀਤਾ ਦੀ ਨਾਂਹ ਨੂੰ ਹਾਂ ਵਿੱਚ ਬਦਲ ਜਾਵੇ। ਤੋਰੀ ਵਰਗਾ ਮੂੰਹ ਲੈ ਕੇ ਉਹ ਕਮਰੇ 'ਚੋਂ ਬਾਹਰ ਆ ਗਿਆ।

"ਆਹ ਫੜ ਸੁਨੀਲ ਤੇਰਾ ਮੋਬਾਈਲ, ਕਦੋਂ ਦਾ ਵੱਜਣ ਡਿਹਾ ਵਾ।" ਲਵੀ ਨੇ ਸੁਨੀਲ ਦਾ ਮੋਬਾਈਲ, ਜੋ ਉਸ ਨੇ ਚਾਰਜਿੰਗ 'ਤੇ ਲਗਾਇਆ ਹੋਇਆ ਸੀ, ਉਸ ਨੂੰ ਫੜਾਇਆ ਤੇ ਆਪ ਆਪਣਾ ਮੋਬਾਈਲ ਕੰਨ ਨਾਲ ਲਗਾ ਕੇ ਬੈੱਡ 'ਤੇ ਮੂਧੀ ਹੋ ਗਈ।

"ਆਹ, ਸਾਹੇ ਨਿਕਲ ਜਾਣ। ਆਇਆ ਮੈਂ ਘਰ, ਸੱਚੀਂ ਮੈਂ ਵੀ ਓਦਰਿਆ ਪਿਆਂ ਬੱਚਿਆਂ ਤੋਂ। ਚੱਲ ਧਿਆਨ ਰੱਖੀਂ ਆਪਣਾ ਤੇ ਬਾਲਾਂ ਦਾ।" ਫ਼ੋਨ ਸੁਨੀਲ ਦੀ ਘਰਵਾਲੀ ਦਾ ਸੀ, ਜਿਸ ਨਾਲ ਗੱਲ ਕੀਤਿਆਂ ਉਸ ਨੂੰ ਕਿੰਨੇ ਦਿਨ ਹੋ ਗਏ ਸਨ, ਚੇਤਾ ਨਹੀਂ ਸੀ। ਉਹ ਅਨੀਤਾ ਦੇ ਦਰਵਾਜ਼ੇ ਵੱਲ



ਮੁੜਿਆ, ਜੋ ਬੰਦ ਸੀ। ਮੋਬਾਈਲ ਦੀ ਸਕ੍ਰੀਨ 'ਤੇ ਲੱਗੀ ਫੈਮਿਲੀ ਫ਼ੋਟੋ ਵੇਖੀ, ਦਿਲ ਭਰ ਆਇਆ। ਮੋਬਾਈਲ 'ਤੇ ਟਾਈਮ ਵੇਖਿਆ, ਤੇ ਛਾਤੀ ਨਾਲ ਗੋਡੇ ਲਾਈ ਕੁੱਕੜ ਬਣੇ ਪਏ ਟੀਟੂ ਦਾ ਕੰਬਲ ਚੁੱਕ ਕੇ ਉਸ ਨਾਲ ਜਾ ਚੁੰਬੜਿਆ।

*******

ਕੁੱਕੜ ਦੀ ਬਾਂਗ ਨਾਲ ਨਹੀਂ ਜਦੋਂ ਜਾਗੋ ਉਦੋਂ ਸਵੇਰਾ, ਭਾਵੇਂ ਅੱਧੀ ਰਾਤ ਹੀ ਕਿਉਂ ਨਾ ਹੋਵੇ, ਬਾਊ ਅਸ਼ੋਕ ਬਾਂਗਾਂ ਦਿੰਦਾ, ਕੁੜੀਆਂ ਮੁੰਡਿਆਂ ਨੂੰ ਹੱਲਾਸ਼ੇਰੀ ਦਿੰਦਾ, ਜਗਾ ਕੇ ਕੈਂਟਰ, ਕਾਰਾਂ ਕੰਮ ਲਈ ਰਵਾਨਾ ਕਰਦਾ ਰਹਿੰਦਾ। ਅਸਲ ਵਿੱਚ ਉਹ ਕੰਮ ਨੂੰ ਇਸ ਕਦਰ ਪਰਨਾਇਆ ਸੀ, ਕਿ ਪ੍ਰੋਗਰਾਮ ਬੁੱਕ ਕਰਦਿਆਂ ਦਿਨ, ਰਾਤ ਦਾ ਖ਼ਿਆਲ ਨਹੀਂ ਸੀ ਰੱਖਿਆ ਕਦੀ। ਇੱਕ ਰਾਤ ਦੇ ਅੰਦਰ ਕਈ ਰਾਤਾਂ ਤੇ ਦਿਨ ਦੇ ਅੰਦਰ ਕਈ-ਕਈ ਦਿਨ ਚੱਲ ਰਹੇ ਹੁੰਦੇ। ਉਸ ਦੀ ਇਸ ਆਦਤ ਨੂੰ ਵੇਖਦਿਆਂ ਉਸ ਦੇ ਗਰੁੱਪ ਨਾਲ ਜੁੜੇ ਕੁੜੀਆਂ-ਮੁੰਡੇ ਵੀ ਦਿਨ-ਰਾਤ ਕੰਮ ਦੇ ਨਸ਼ੇ 'ਚ ਜਾਂ ਇੰਜ ਆਖੋ ਪੈਸੇ ਦੇ ਪੰਪ 'ਚੇ ਉੱਡਦੇ ਫਿਰਦੇ। ਸੀਜ਼ਨ ਦੇ ਦਿਨਾਂ ਵਿੱਚ ਬਿਸਤਰੇ 'ਤੇ ਕੰਡ ਲਾਉਣਾ ਘੱਟ ਹੀ ਨਸੀਬ ਹੁੰਦਾ। ਅਜਿਹੇ 'ਚ ਰਾਹ ਚਲਦਿਆਂ ਨੀਂਦ ਦੀ ਝਪਕੀ ਲੈਂਦੇ ਤੇ ਇੰਜ ਹੀ ਤੁਰਦੇ-ਫਿਰਦੇ ਪੇਟ ਪੂਜਾ ਚੱਲਦੀ ਰਹਿੰਦੀ।

ਬਾਊ ਅਸ਼ੋਕ ਦੇ ਘਰ 'ਚ ਰਸੋਈ ਦੇ ਨਾਲੋਂ ਚੜ੍ਹਦੀਆਂ ਪੌੜੀਆਂ ਦੇ ਨਾਲ ਬਣੇ ਕਮਰੇ ਅੰਦਰ ਬੈੱਡ 'ਤੇ ਪਈ ਰੋਸ਼ਨੀ ਪਹਿਲੇ ਪ੍ਰੋਗਰਾਮ ਦੀ ਮਾਇਆਨਗਰੀ 'ਚ ਗਵਾਚੀ ਖ਼ਿਆਲਾਂ ਦੇ ਰੰਗੀਨ ਖ਼ੰਭਾਂ 'ਤੇ ਉਡਾਰੀਆਂ ਮਾਰ ਰਹੀ ਸੀ। ਘੁੱਪ ਹਨੇਰੇ ਕਮਰੇ 'ਚ ਇਕੱਲੀ ਪਈ ਦਾ ਇੱਕ ਵਾਰੀ ਡਰ ਨਾਲ ਦਿਲ ਇਕੱਠਾ ਹੋ ਕੇ ਮੁੱਠੀ 'ਚ ਆ ਗਿਆ। ਉਸ ਨੂੰ ਗਲੀ 'ਚੋਂ ਘੁੰਗਰੂਆਂ ਦੀ ਆਵਾਜ਼ ਛਣਕ-ਛਣਕ ਕਰਦੀ ਘਰ ਦੀ ਡਿਉੜੀ ਵੱਲ ਆਉਂਦੀ ਜਾਪੀ। ਇੱਕ ਵਾਰੀ ਤਾਂ ਤ੍ਰਹਿ ਗਈ, ਪਰ ਅਗਲੇ ਪਲ਼ ਦਿਲ ਘੁੰਗਰੂ ਬਣ ਕੇ ਛਣਾ-ਛਣਕ, ਛਣਕ, ਛਣਕ ਕਰਨ ਲੱਗਿਆ ਤੇ ਆਪਣੇ ਆਪ ਨੂੰ ਡਾਂਸ ਦੀ ਦੁਨੀਆਂ ਦੀ ਸ਼ਹਿਜ਼ਾਦੀ ਚਿਤਵਦੀ ਖ਼ਿਆਲਾਂ ਦੇ ਰਥ 'ਤੇ ਸਵਾਰ ਹੋ ਗਈ।

ਅੱਜ ਦੇ ਪ੍ਰੋਗਰਾਮ 'ਚ ਕੀ ਹੋਇਆ ਸੀ, ਦੇ ਸੱਚ ਤੋਂ ਕੋਰੀ ਰੋਸ਼ਨੀ ਦੀਆਂ ਖੁੱਲ੍ਹੀਆਂ ਤੇ ਬੰਦ ਅੱਖਾਂ ਨੂੰ ਜੇ ਕੁਝ ਚੰਗਾ ਲੱਗ ਰਿਹਾ ਸੀ, ਤਾਂ ਬਸ ਨੋਟਾਂ ਦੀ ਬਰਸਾਤ। ਨੋਟਾਂ ਦੀ ਝੜੀ ਵਿੱਚ ਨਹਾ ਰਹੀ ਰੋਸ਼ਨੀ ਬਿਸਤਰੇ ਤੋਂ ਉੱਚੀ ਹੋ-ਹੋ ਕੇ ਨੋਟ ਫੜਨ ਲਈ ਹਵਾ 'ਚ ਹੱਥ ਮਾਰਦੀ ਨੇ, ਪੈਰਾਂ ਹੇਠ ਆਏ ਨੋਟ ਚੁੱਕਣ ਲਈ ਬਿਸਤਰੇ 'ਤੇ ਹੱਥ ਫੇਰਿਆ ਤੇ ਮੁੱਠੀ ਭਰ ਲਈ। ਖੋਲ੍ਹੀ, ਤਾਂ ਹੱਥ ਖਾਲੀ। ਉਹ ਸਿੱਧੀ ਹੋ ਬੈਠੀ, ਤੇ ਬਿਸਤਰੇ 'ਤੇ ਹੱਥ ਫੇਰ ਕੇ ਵਾਰ-ਵਾਰ ਖ਼ਾਲੀ ਮੁੱਠੀ ਭਰਨ ਦੀ ਕੋਸ਼ਿਸ਼ 'ਚ ਜੁੱਟ ਗਈ। ਹਰ ਵਾਰ ਖ਼ਾਲੀ ਹੱਥ ਵੇਖ ਕੇ ਉਸ ਨੂੰ ਕਚਿਆਣ ਆਉਣ ਲੱਗੀ ਤੇ ਮੂੰਹ 'ਤੇ ਚਾਦਰ ਪਾ ਕੇ ਅੱਖਾਂ ਮੀਚ ਲਈਆਂ। ਫਿਰ ਇਹ ਸੁਪਨਾ ਸੱਚ ਕਰਨ ਲਈ ਅੱਖਾਂ ਖੋਲ੍ਹ ਕੇ ਸੁਪਨਮਈ ਸੰਸਾਰ ਦਾ ਇੱਕ-ਇੱਕ ਪਲ਼ ਨਿਹਾਰਨ ਲੱਗੀ।

ਬਾਊ ਦੇ ਕਮਰੇ 'ਚੋਂ ਟਰੈਕਟਰ ਚੱਲਣ ਵਰਗੇ ਘੁਰਾੜਿਆਂ ਦੀ ਆ ਰਹੀ ਆਵਾਜ਼ ਸੁਣ ਕੇ, ਟਾਈਮ ਦਾ ਅੰਦਾਜ਼ਾ ਲਗਾਉਣ ਲੱਗੀ। ਕਿੰਨੇ ਵੱਜ ਗਏ ਹੋਣਗੇ  ! ਰਾਤ ਲੰਘੀ ਤੋਂ ਉਹ ਘਰ ਮੁੜੇ ਸਨ। ਹਿਸਾਬ ਲਗਾਇਆ ਤੜਕੇ ਚਾਰ ਕੁ ਵਜੇ ਉਹ ਘਰ ਵਾਪਸ ਪਹੁੰਚੇ ਹੋਣਗੇ, ਤੇ ਦੋ ਕੁ ਘੰਟੇ ਵਾਪਸ ਮੁੜਿਆਂ ਨੂੰ ਵੀ ਹੋ ਗਏ ਨੇ। ਇਸ ਦਾ ਮਤਲਬ, ਦਿਨ ਚਿਰੋਕਾ ਚੜ੍ਹ ਚੁੱਕਿਆ ਹੋਵੇਗਾ। ਉਂਗਲਾਂ 'ਤੇ ਘੰਟੇ ਮਿੰਟਾਂ ਦਾ ਹਿਸਾਬ ਲਗਾਉਂਦੀ ਨੇ ਅੰਦਾਜ਼ਾ ਲਗਾਇਆ, ਜ਼ਰੂਰ ਹੀ ਸਵੇਰ ਦੇ ਸਾਢੇ ਛੇ-ਸੱਤ ਹੋ ਗਏ ਹੋਣਗੇ। 'ਬਾਊ ਦੇ ਘਰ ਦੇ ਸਾਰੇ ਜੀਅ ਸੁੱਤੇ ਪਏ ਸਨ। ਕੀ ਗੱਲ ਅੱਗੇ ਤਾਂ ਭਾਬੀ ਸਵੇਰ ਨਾਲ ਈ ਬਾਲਾਂ ਨੂੰ ਉਠਾਉਣ ਲਈ ਰੌਲਾ ਪਾ ਲੈਂਦੀ ਏ, ਤੇ ਅੱਜ ਕਿਵੇਂ ਸੁੱਤੀ ਪਈ ਏ ਘੋੜੇ ਵੇਚ ਕੇ। ਬੱਚੇ ਵੀ ਨਹੀਂ ਉੱਠੇ। ਕੀ ਹੋਇਆ ਹੋਵੇ  !' ਜਾਣਨ ਲਈ ਉਸ ਨੇ ਬਾਊ ਦੇ ਕਮਰੇ ਦਾ

ਦਰਵਾਜ਼ਾ ਖੜਕਾ ਦਿੱਤਾ। ਦੋ-ਚਾਰ ਵਾਰੀ ਦਰਵਾਜ਼ਾ ਖੜਕਿਆ ਤਾਂ ਅੱਖਾਂ ਮਲਦੀ ਭਾਬੀ ਨੇ ਉਸ ਨੂੰ ਝਿੜਕ ਦਿੱਤਾ। ਉਸ ਦਾ ਹੌਸਲਾ ਹੀ ਨਾ ਪਿਆ ਪੁੱਛਣ ਦਾ, ਕਿ ਕੀ ਗੱਲ ਅੱਜ ਬਾਲਾਂ ਨੂੰ ਪੜ੍ਹਨ ਨਹੀਂ ਘੱਲਣਾ, ਤੇ ਚੁੱਪ ਕਰਕੇ ਵਾਪਸ ਆ ਕੇ ਬਿਸਤਰੇ 'ਤੇ ਲੰਮੀ ਪੈ ਕੇ ਸੁਪਨੇ ਕਸੀਦਣ ਲੱਗੀ। ਕਦੀ ਆਪਣੇ ਆਪ ਨੂੰ ਚਾਂਦਨੀ ਦੇ ਸੱਚੇ 'ਚ ਢਾਲਦੀ, ਤਾਂ ਕਦੀ ਰੁਬੀਨਾ ਬਣ ਜਾਂਦੀ। ਇਸੇ ਉਧੇੜ-ਬੁਣ 'ਚ ਕਦੋਂ ਅੱਖ ਲੱਗ ਗਈ ਪਤਾ ਹੀ ਨਾ ਲੱਗਿਆ।

"ਰੋਸ਼ਨੀ, ਉੱਠ ਜਾ, ਤਿਆਰ ਹੋ ਛੇਤੀ ਪ੍ਰੋਗਰਾਮ 'ਤੇ ਚੱਲਣ ਲਈ।" ਸੁਨੀਲ ਨੇ ਉਸ ਨੂੰ ਦੋ-ਤਿੰਨ ਆਵਾਜ਼ਾਂ ਦਿੱਤੀਆਂ। ਕੋਈ ਹੂੰ-ਹਾਂ ਨਾ ਸੁਣੀ ਤਾਂ ਉਸ ਨੇ ਅਹਿਲ ਪਈ ਰੋਸ਼ਨੀ ਦੀ ਗੱਲ੍ਹ ਖਿੱਚ ਦਿੱਤੀ। ਇਕਦਮ ਸਪਰਿੰਗ ਲੱਗੀ ਗੇਂਦ ਵਾਂਗ ਉੱਛਲ ਕੇ ਬੈੱਡ ਦੀ ਨੁੱਕਰ 'ਚ ਦੂਰ ਜਾ ਬੈਠੀ, ਤੇ ਸਾਹਮਣੇ ਖੜ੍ਹੇ ਸੁਨੀਲ ਨੂੰ ਵੇਖ ਕੇ ਰੌਲਾ ਪਾ ਦਿੱਤਾ, "ਹੱਥ ਨਾ ਲਾਈਂ ਮੈਨੂੰ। ਭਾਬੀ ਭਾਬੀ, ਸੁਨੀਲ ਤੋਂ ਬਚਾਇਓ ਮੈਨੂੰ।" ਉਸ ਦਾ ਰੌਲਾ ਸੁਣ ਕੇ ਸੀਮਾ ਕਾਹਲੇ ਪੈਰੀਂ ਕਮਰੇ ਵੱਲ ਭੱਜੀ ਆਈ।

"ਭਾਬੀ ਸੁਨੀਲ ਨੇ ਗੱਲ੍ਹ ਖਿੱਚੀ ਏ ਮੇਰੀ। ਆਹ ਵੇਖ ਲੌ ਨੀਲ ਪੈ ਗਿਆ ਮੇਰੇ। ਛਿੱਤਰ ਮਾਰਨੇ ਆ ਮੈਂ, ਪਿਉ ਦਾ ਪੁੱਤਰ ਸੀ ਤਾਂ ਖੜੋਂਦਾ ਇੱਥੇ, ਭੱਜਿਆ ਕਿਉਂ? ਕੋਈ ਨਾ ਆਵੇਗਾ ਤਾਂ ਇੱਥੇ ਹੀ ਨਾ ਮੁੜ ਕੇ।" ਆਪਣੇ ਨਾਲ ਹੋਈ ਇਹ ਪਹਿਲੀ ਹਰਕਤ ਉਸ ਕੋਲੋਂ ਸਹਿਨ ਨਹੀਂ ਸੀ ਹੋ ਰਹੀ ਤੇ ਇਨਸਾਫ਼ ਲਈ ਭਾਬੀ ਦੇ ਮਗਰ-ਮਗਰ ਤੁਰਦੀ ਦਿਲ ਦੀ ਪੀੜ ਸੁਣਾਉਣ ਲਈ ਲੇਲ੍ਹੜੀਆਂ ਕੱਢਣ ਲੱਗੀ।

ਬਜਾਏ ਉਸ ਦੇ ਦਿਲ 'ਤੇ ਮਰ੍ਹਮ ਲਗਾਉਣ ਦੇ ਸੀਮਾ ਆਪਣਾ ਰਾਗ ਅਲਾਪਣ ਲੱਗ ਪਈ, "ਸਵੇਰ ਨਾਲ ਹੋ ਗਿਆ ਸ਼ੁਰੂ ਕੰਜਰਖਾਨਾ। ਆਹ ਲੱਛਣ ਘਰ 'ਚ ਨਹੀਂ ਚੱਲਣ ਦੇਣੇ ਮੈਂ, ਭਾਵੇਂ ਕੁਝ ਵੀ ਹੋ ਜੇ। ਮੈਂ ਕਿਹਾ ਸੁਣਿਆ ਜੇ, ਆਹ ਵੇਖ ਲੌ ਹੁਣ ਜਿਹੜਾ ਕਾਰਾ ਹੋਇਐ। ਲੈ ਜੋ ਇਹਨੂੰ ਵੀ ਉੱਧਰ, ਤੇ ਛੱਤ ਦਿਉ ਗਡਾਊਨ 'ਚ ਇੱਕ ਹੋਰ ਕੋਠਾ।" ਸੀਮਾ ਨੂੰ ਬੋਲਦੀ ਵੇਖ ਸੁਨੀਲ ਚੱਲਦਾ ਬਣਿਆ।

"ਚੱਲ ਬਈ ਰੋਸ਼ਨੀ, ਛੇਤੀ ਹੋ ਜਾ ਤਿਆਰ। ਮੈਂ ਕਾਰ ਲੈ ਕੇ ਆਇਆ ਦੋ ਮਿੰਟ 'ਚ। ਬਾਹਰੋਂ ਹਾਰਨ ਕਰਾਂਗਾ। ਅੱਜ ਰਾਤ ਦਾ ਪ੍ਰੋਗਰਾਮ ਏ ਹਨੂੰਮਾਨਗੜ੍ਹ। ਮਿੰਟ ਮਾਰ, ਕੱਲ੍ਹ ਵਾਲਾ ਸੀਨ ਅੱਜ ਫਿਰ ਕਰਨੈ ਤੂੰ।" ਸੀਮਾ ਦੀ ਗੱਲ ਵੱਲ ਧਿਆਨ ਦਿੱਤੇ ਬਗੈਰ ਬਾਊ ਅਸ਼ੋਕ ਵੀ ਰੋਸ਼ਨੀ ਨੂੰ ਨਿਰਦੇਸ਼ ਦਿੰਦਾ ਦਹਿਲੀਜ਼ 'ਚੋਂ ਬਾਹਰ ਹੋ ਗਿਆ।

ਜਦੋਂ ਵੀ ਸੀਮਾ ਦਾ ਪਾਰਾ ਚੜ੍ਹਿਆ ਹੁੰਦਾ, ਬਾਊ ਅਸ਼ੋਕ ਦਾ ਚਿਰੋਕਣਾ ਅਜਿਹਾ ਵਤੀਰਾ ਹੀ ਘਰ 'ਚ ਸ਼ਾਂਤੀ ਬਣਾਈ ਰੱਖਣ ਦਾ ਕਾਰਗਰ ਤਰੀਕਾ ਸਿੱਧ ਹੋਣ ਲੱਗਿਆ ਸੀ।

ਵਿਆਹਾਂ ਦਾ ਸੀਜ਼ਨ ਜ਼ੋਰਾਂ 'ਤੇ ਚੱਲ ਰਿਹਾ ਸੀ, ਤੇ ਰੋਜ਼ਾਨਾ ਦੀ ਖ਼ਾਸ ਬੁਕਿੰਗ ਲਈ ਸਰਪ੍ਰਾਈਜ਼ ਆਈਟਮ ਰੋਸ਼ਨੀ ਬਣ ਗਈ ਸੀ। ਉਸ ਦੀ ਇੱਕ ਦੀਦ ਦੇ ਸ਼ੈਦਾਈ ਹੋਏ ਹਰ ਉਮਰ ਦੇ ਭੂੰਡ ਆਸ਼ਕ ਸਟੇਜ 'ਤੇ ਉਸ ਦੁਆਲੇ ਚੱਕਰ ਕੱਟਦੇ ਲਾਟੂ ਬਣ ਜਾਂਦੇ। ਇੱਧਰ ਰੋਸ਼ਨੀ ਬੁੱਤ ਬਣੀ ਖੜ੍ਹੀ ਰਹਿੰਦੀ, ਤੇ ਕੋਈ ਟਾਂਗਾ ਭਜਾਉਂਦਾ ਉਸ ਨੂੰ ਆਪਣੇ ਟਾਂਗੇ 'ਤੇ ਬਿਠਾਉਣ ਲਈ ਘੋੜਾ ਬਣਦਾ, ਕੋਈ ਰੁਮਾਲ ਨੂੰ ਬੀਨ ਬਣਾ ਕੇ ਸਪੇਰਾ ਬਣ ਜਾਂਦਾ, ਤਾਂ ਕੋਈ ਨਾਗਿਨ ਡਾਂਸ ਕਰਦਾ ਪੈਰਾਂ 'ਚ ਲੋਟਣੀਆਂ ਲੈਣ ਲੱਗਦਾ। ਉਸ ਨੂੰ ਨਚਾਉਣ ਲਈ ਭਰੀਆਂ ਜੇਬਾਂ ਨੱਚਦੀਆਂ, ਤੇ ਜਿਵੇਂ ਹੀ ਉਸ ਦੇ ਚਿਹਰੇ 'ਤੇ ਪਾਈ ਨੈੱਟ ਦੀ ਚੁੰਨੀ ਹਟਾਈ ਜਾਂਦੀ, ਨੋਟਾਂ ਦੀ ਬਰਸਾਤ ਹੋਣ ਲੱਗਦੀ। ਪੂਰੇ ਦੋ ਮਹੀਨੇ ਦਿਨ ਰਾਤ ਲਾਈਟਾਂ ਦੀ ਚਕਾਚੌਂਧ ਵਿੱਚ ਚੱਲੀ ਇਸ ਖੇਡ ਨੇ ਬਾਊ ਅਸ਼ੋਕ ਨੂੰ ਉਮੀਦ ਨਾਲੋਂ ਵੱਧ ਕਮਾਈ ਦਿੱਤੀ ਸੀ। ਉਸ ਨੇ ਇੱਕ ਹੋਰ ਸਟੇਜ ਦਾ ਕੰਪਲੀਟ ਸੈੱਟ ਖਰੀਦਣ ਦਾ ਮਨ ਬਣਾ ਲਿਆ ਸੀ, ਤੇ ਨਾਲ ਹੀ ਦਿੱਲੀ ਤੋਂ ਡਰੈੱਸਾਂ ਲਿਆ ਕੇ ਕੁੜੀਆਂ ਨੂੰ ਵੇਚਣ ਦਾ ਨਵਾਂ ਬਿਜ਼ਨਸ ਸ਼ੁਰੂ ਕਰਨ ਦਾ



ਵਿਚਾਰ ਵੀ ਸੀਮਾ ਨਾਲ ਸਾਂਝਾ ਕੀਤਾ ਸੀ।

ਮੰਦੇ ਭਾਗੀਂ 31 ਦਸੰਬਰ ਦੀ ਰਾਤ ਪ੍ਰੋਗਰਾਮ ਤੋਂ ਵਾਪਸ ਮੁੜਦਿਆਂ ਧੁੰਦ ਕਾਰਨ ਕੈਂਟਰ ਸੜਕ ਤੋਂ ਹੇਠਾਂ ਲਹਿ ਕੇ ਖੇਤਾਂ 'ਚ ਜਾ ਡਿੱਗਿਆ। ਹੋਏ ਨੁਕਸਾਨ 'ਚ ਉਨ੍ਹਾਂ ਦੇ ਇਹ ਦੋਵੇਂ ਸੁਪਨੇ ਚਕਨਾਚੂਰ ਹੋ ਗਏ, ਪਰ ਪਹਿਲੇ ਸੀਜ਼ਨ ਵਿੱਚ ਹੀ ਰੋਸ਼ਨੀ ਅੰਗੂਠਾ ਧਰਦੀ ਪੱਕੇ ਪੈਰੀਂ ਅਸ਼ੋਕ ਡੀ.ਜੇ. ਲਾਈਟ ਐਂਡ ਸਾਊਂਡ, ਦੀ ਪਛਾਣ ਚਿੰਨ੍ਹ ਜ਼ਰੂਰ ਬਣ ਗਈ। ਇਹ ਯਕੀਨਨ ਤੜਕਸਾਰ ਦੇ ਸੁਪਨੇ ਵਾਂਗ ਉਨ੍ਹਾਂ ਲਈ ਕੁਬੇਰ ਦਾ ਖਜ਼ਾਨਾ ਸਿੱਧ ਹੋਣ ਵਾਲੀ ਸੀ। ਅਗਲੇ ਸੀਜ਼ਨ ਦੀ ਆਸ 'ਚ ਦੋਵਾਂ ਜੀਆਂ ਨੇ ਦਿਲ ਨੂੰ ਤਸੱਲੀ ਦੇ ਲਈ ਤੇ ਸਾਲ ਭਰ ਲਈ ਠੇਕੇ 'ਤੇ ਮੁਕਾਈਆਂ ਕੁੜੀਆਂ ਗੋਡਾਊਨ 'ਚ ਰੱਖ ਕੇ ਬਾਕੀਆਂ ਦਾ ਹਿਸਾਬ ਕਰਕੇ ਘਰੋ-ਘਰ ਤੋਰ ਦਿੱਤਾ।

ਮਾਂ ਦੀ ਮੁਰਾਦ ਇੱਕ ਹਜ਼ਾਰ ਮਹੀਨੇ 'ਤੇ ਕੰਮ ਕਰਨ ਆਈ ਰੋਸ਼ਨੀ ਦਾ ਭਾਅ ਭਾਵੇਂ ਪ੍ਰਤੀ ਮਹੀਨਾ ਐਂਕਰ ਸੁਨੀਲ ਨੇ ਪੰਜ ਹਜ਼ਾਰ ਲਗਾਇਆ ਸੀ, ਪਰ ਉਹ ਦੋ ਮਹੀਨੇ ਸਰਦੀਆਂ ਦਾ ਸੀਜ਼ਨ ਜਿਸ ਤਰ੍ਹਾਂ ਡਿਮਾਂਡ ਵਿੱਚ ਰਹੀ ਸੀ, ਬਾਊ ਅਸ਼ੋਕ ਨੇ ਉਸ ਦੀ ਉਮੀਦ ਨਾਲੋਂ ਕਿਧਰੇ ਵੱਧ ਕੀਮਤ ਤਾਰ ਕੇ ਘਰ ਤੋਰਿਆ ਸੀ।

ਇਨ੍ਹਾਂ ਦੋ ਮਹੀਨਿਆਂ ਦੌਰਾਨ ਭਾਵੇਂ ਫ਼ੋਨ 'ਤੇ ਮਾਂ ਨਾਲ ਰੋਜ਼ਾਨਾ ਗੱਲ ਹੋ ਜਾਂਦੀ ਸੀ, ਪਰ ਪਹਿਲੀ ਵਾਰੀ ਮਾਂ ਕੋਲੋਂ ਦੂਰ ਰਹਿਣ ਦੀ ਘਾਟ ਇੱਕ ਪਲ਼ ਵੀ ਮਹਿਸੂਸ ਨਹੀਂ ਸੀ ਹੋਈ, ਜਾਂ ਸ਼ਾਇਦ ਕੁਝ ਮਹਿਸੂਸ ਕਰਨ ਦੀ ਵਿਹਲ ਹੀ ਕਿੱਥੇ ਸੀ। ਨੋਟਾਂ ਦੇ ਪਰਾਂ 'ਤੇ ਉਡਾਰੀਆਂ ਭਰਦੀ ਉਹ ਤਾਂ ਸੁਪਨਲੋਕ ਦੀ ਸ਼ਹਿਜ਼ਾਦੀ ਬਣੀ ਫਿਰਦੀ ਸੀ। ਇੱਧਰ ਘਰ ਪਰਤੀ ਧੀ ਦੀ ਸ਼ਕਲ-ਸੂਰਤ ਵੇਖ ਕੇ ਮਾਂ ਨੂੰ ਯਕੀਨ ਹੀ ਨਾ ਆਵੇ, ਕਿ ਇਹ ਉਸੇ ਦੀ ਧੀ ਅੱਖਾਂ ਸਾਹਮਣੇ ਖੜ੍ਹੀ ਸੀ, ਜਾਂ ਫਿਰ ਸੱਚਮੁੱਚ ਹੀ ਕਸ਼ਮੀਰ ਦੀ ਕਲੀ ਲਿਆ ਕੇ ਸੁਨੀਲ ਨੇ ਬਾਰ ਮੂਹਰੇ ਖੜ੍ਹੀ ਕਰ ਦਿੱਤੀ ਸੀ।

ਧੀ ਦੇ ਚਿੱਟੇ ਦੁੱਧ ਰੰਗ ਵਿੱਚ ਕੇਸਰ ਦੀ ਰੰਗਤ ਘੁਲ ਕੇ ਗੋਲ ਗੱਲ੍ਹਾਂ ਦਾ ਨਿਖਾਰ ਬਣ ਗਈ ਸੀ, ਅੱਖਾਂ ਵਿੱਚ ਅਜੀਬ ਜਿਹੀ ਕਸ਼ਿਸ਼ ਤੇ ਹਮੇਸ਼ਾ ਝੁਕੀ ਰਹਿਣ ਵਾਲੀ ਗਰਦਨ ਬਾਂਸ ਵਾਂਗ ਤਣੀ ਹੋਈ। ਪਰਸ 'ਚੋਂ ਕੱਢ ਕੇ ਜਦੋਂ ਮਾਂ ਦੇ ਹੱਥ 'ਚ ਨੋਟਾਂ ਦੀਆਂ ਗੱਠੀਆਂ ਰੱਖੀਆਂ, ਤਾਂ ਮਾਣ ਨਾਲ ਫੁਲਾਈ ਛਾਤੀ 'ਚੋਂ ਬਦਲਦੀ ਜ਼ਿੰਦਗੀ ਦੀ ਕਲਪਨਾ ਨੇ ਦੋਹਾਂ ਦੀਆਂ ਅੱਖਾਂ ਸਿੱਲ੍ਹੀਆਂ ਕਰ ਦਿੱਤੀਆਂ। ਮਾਂ ਨੇ ਧੀ ਨੂੰ ਛਾਤੀ ਨਾਲ ਘੁੱਟ ਲਿਆ। ਮਿਰਚਾਂ ਤੇ ਨਮਕ ਸਿਰ ਤੋਂ ਵਾਰ ਕੇ ਚੁੱਲ੍ਹੇ 'ਚ ਸਾੜ ਕੇ ਨਜ਼ਰ ਉਤਾਰੀ।

ਦੋ ਮਹੀਨੇ ਸੁਪਨਮਈ ਸੰਸਾਰ ਜਿਊ ਕੇ ਆਈ ਰੋਸ਼ਨੀ ਉੱਠਦੇ-ਬੈਠਦੇ ਹਵਾ 'ਚ ਉੱਡਦੇ ਨੋਟ ਝੋਲੀ 'ਚ ਭਰਦੀ ਮੁੰਗੇਰੀ ਲਾਲ ਦੀ ਭੈਣ ਬਣੀ, ਮਾਂ ਦਾ ਇਲਾਜ ਚੰਗੇ ਹਸਪਤਾਲ 'ਚੋਂ ਕਰਵਾਉਣ ਤੇ ਭਰਾ ਨੂੰ ਦਿਹਾੜੀ-ਮਜ਼ਦੂਰੀ ਤੋਂ ਹਟਾ ਕੇ ਕੋਈ ਇੱਜ਼ਤਦਾਰ ਕੰਮ ਕਰਵਾ ਕੇ ਦੇਣ ਦੇ ਖ਼ਿਆਲੀ ਪੁਲਾਉ ਪਕਾਉਂਦੀ ਨਾ ਥੱਕਦੀ। ਇੱਧਰ ਮਾਂ ਹੱਥ ਸੌਖਾ ਹੋ ਜਾਣ 'ਤੇ ਆਪਣਾ ਘਰ ਬਣਾਉਣ ਤੇ ਧੀ ਦਾ ਸਰ-ਪੁੱਜ ਕੇ ਡੋਲਾ ਤੋਰਨ ਦੇ ਰੰਗਲੇ ਖ਼ੁਆਬ ਸਜਾਉਣ ਲੱਗੀ। ਉੱਧਰ ਬਾਊ ਅਸ਼ੋਕ ਨੂੰ ਹੱਥ ਆਇਆ ਖ਼ਜ਼ਾਨਾ ਕੋਈ ਹੋਰ ਨਾ ਲੁੱਟ ਕੇ ਲੈ ਜਾਵੇ, ਦਾ ਖ਼ਿਆਲ ਸਤਾਉਣ ਲੱਗਿਆ। ਕੁਝ ਦਿਨ ਹੀ ਹੋਏ ਸਨ ਘਰ ਆਈ ਨੂੰ, ਕਿ ਬਾਊ ਅਸ਼ੋਕ ਦਾ ਫ਼ੋਨ ਆ ਗਿਆ, ਤੇ ਰੋਸ਼ਨੀ ਦਾ ਕੰਮ 'ਤੇ ਵਾਪਸ ਜਾਣ ਲਈ ਸਾਮਾਨ ਬੰਨ੍ਹਿਆ ਜਾਣ ਲੱਗਿਆ।

ਮਾਂ ਨੂੰ ਚਾਅ ਨਾਲ ਆਪਣੇ ਹੱਥ ਨਾਲ ਪੰਜੀਰੀ ਤੇ ਵੇਸਣ ਦੇ ਲੱਡੂ ਬਣਾ ਕੇ ਸਾਮਾਨ ਬੰਨ੍ਹਦੀ ਵੇਖ ਰੋਸ਼ਨੀ ਭਾਵੁਕ ਹੋ ਗਈ, ਤੇ ਲਾਡ ਨਾਲ ਮਾਂ ਦੇ ਮੋਢੇ ਘੁੱਟਣ ਲੱਗੀ।

"ਪੁੱਤ, ਕਿੰਨਾ ਕਰੇਂਗੀ ਮੇਰਾ। ਬੱਸ ਕਰ, ਰਾਤ ਅੱਧੀ ਬੀਤਣ ਨੂੰ ਆਈ ਏ। ਸੌਂ ਜਾ, ਜਾ ਕੇ। ਸਵੇਰੇ ਤੜਕੇ ਫਿਰ ਤੂੰ ਕੰਮ ਲਈ ਚਲੀ ਜਾਣੈ। ਫਿਰ ਕਿੱਥੇ ਘਰ ਵਾਲਾ ਸੌਣਾ-ਬਹਿਣਾ ਮਿਲਣੈ।

ਸੋਚਿਆ, ਪੈਸੇ ਕਮਾ ਕੇ ਲਿਆਈ ਏਂ, ਤਾਂ ਕੁਝ ਖਾਣ ਲਈ ਚੱਜ ਦੀ ਸ਼ੈਅ ਬਣਾ ਦਿਆਂ। ਸਰੀਰ ਵੀ ਤਦ ਹੀ ਚੱਲੇਗਾ ਜੇ ਖੁਰਾਕ ਅੰਦਰ ਜਾਵੇਗੀ।''

ਮੋਹ ਨਾਲ ਮਾਂ ਦਾ ਮੋਢਾ ਸਹਿਲਾਉਂਦੀ ਰੋਸ਼ਨੀ ਦਾ ਗੱਚ ਭਰ ਆਇਆ, ''ਮਾਂ, ਮਾਂ ਹੁੰਦੀ ਏ। ਕਰ ਲੈਣ ਦੇ ਅੱਜ ਦੀ ਰਾਤ ਲਾਡ। ਫਿਰ ਕੀਹਨੇ ਪੁੱਤ ਕਹਿਣੈ ਜਦੋਂ ਕੰਮ 'ਤੇ ਚਲੇ ਗਏ।'' ਸੀਮਾ ਭਾਬੀ ਦੇ ਕੰਜਰੀਆਂ ਤੇ ਕੰਜਰਖਾਨਾ ਬੋਲ ਉਸ ਦੇ ਦਿਲ 'ਚੋਂ ਚੀਸ ਬਣ ਕੇ ਉੱਠੇ ਤੇ ਨੈਣਾਂ 'ਚੋਂ ਸੈਲਾਬ ਬਣ ਕੇ ਹੜ੍ਹ ਪਏ।

''ਕਮਲਾ ਪੁੱਤ ਮੇਰਾ। ਅਈਂ ਵੀ ਰੋਂਦੈ ਕੋਈ। ਚੱਲ ਮੈਂ ਆਪ ਛੱਡਣ ਚੱਲੂੰ ਸਵੇਰੇ ਤੈਨੂੰ। ਤੜਕੇ ਗਈ ਰਾਤ ਨੂੰ ਮੁੜ ਆਵਾਂਗੀ। ਨਾਲੇ ਬਾਊ ਤੇ ਬੀਬੀ ਨੂੰ ਮਿਲ ਆਵਾਂਗੀ, ਜਿਹੜੇ ਸਾਡੀ ਰੋਟੀ ਦਾ ਵਸੀਲਾ ਬਣੇ ਨੇ। ਰੱਬ ਵੱਸਦਿਆਂ 'ਚ ਰੱਖੇ ਭਲੇ ਲੋਕਾਂ ਨੂੰ।''

******

ਰੋਸ਼ਨੀ ਨੂੰ ਛੱਡਣ ਆਈ ਉਸ ਦੀ ਮਾਂ ਬਾਊ ਅਸ਼ੋਕ ਤੇ ਸੀਮਾ ਭਾਬੀ ਦੇ ਪੈਰ ਫੜਦੀ ਨਾ ਥੱਕੇ। ਉਹ ਧੀ ਨੂੰ ਛੱਡ ਕੇ ਪਿਛਲੇ ਪੈਰੀਂ ਮੁੜ ਗਈ, ਪਰ ਉੱਚੀ ਲੰਬੀ ਗੋਰੀ ਚਿੱਟੀ ਕਸ਼ਮੀਰਨ ਦਾ ਸੁਹੱਪਣ ਸੀਮਾ ਨੂੰ ਸੰਘੋਂ ਹੇਠਾਂ ਨਾ ਉਤਰੇ। ਅੰਦਰ-ਬਾਹਰ ਹੁੰਦੀ ਆਪਣੀਆਂ ਸੋਚਾਂ ਦੇ ਘੋੜੇ ਭਜਾਉਂਦੀ ਬੋਲੀ ਜਾਵੇ, ''ਸੁਨੀਲ ਤਾਂ ਕਹਿੰਦਾ ਸੀ, ਮਾਂ ਏਹਦੀ ਨੂੰ ਕੈਂਸਰ ਏ। ਚੰਗੀ ਭਲੀ ਤਾਂ ਲੱਗਦੀ ਸੀ। ਸੂਟ ਵੇਖਿਆ ਸੀ ਨਵਾਬਣ ਦਾ, ਸਾਡੇ ਨਾਲੋਂ ਚੰਗਾ ਤਾਂ ਉਹ ਲਾਈ-ਪਾਈ ਫਿਰਦੀ ਸੀ। ਹਾਲੇ ਬੰਦਾ ਮਰਿਆ ਹੋਇਐ। ਆਵੇ ਸੁਨੀਲ, ਪੁੱਛਾਂਗੀ ਸਵਾਰ ਕੇ ਮੈਨੂੰ ਤਾਂ ਕੁਝ ਹੋਰ ਈ ਸ਼ੱਕ ਪੈਂਦੈ।'' ਆਦਤ ਅਨੁਸਾਰ ਸੀਮਾ ਰੋਸ਼ਨੀ ਦੀ ਮਾਂ ਨੂੰ ਮਿਲ ਕੇ ਉਸ ਦੀ ਜੜ੍ਹ ਫਰੋਲਣ ਲਈ ਕਿਆਸ-ਅਰਾਈਆਂ ਲਗਾਉਂਦੀ ਲੋਹੀ ਲਾਖੀ ਹੋਈ ਫਿਰਦੀ ਸੀ, ਪਰ ਬਾਊ ਨੂੰ ਰੋਸ਼ਨੀ ਸਿਵਾਏ ਨੋਟਾਂ ਦੀ ਖ਼ਾਨ ਤੋਂ ਕੁਝ ਦਿਖਾਈ ਨਹੀਂ ਸੀ ਦਿੰਦੀ। ਰੋਸ਼ਨੀ ਦੀ ਮਾਂ ਜੇ ਇੱਧਰ ਨਾਲ ਆ ਸਕਦੀ ਹੈ, ਤਾਂ ਕਿਸੇ ਹੋਰ ਨਾਲ ਵੀ ਗੱਲਬਾਤ ਕਰ ਸਕਦੀ ਹੈ। ਦਿਮਾ.ਗ 'ਚ ਆਈ ਦੁਚਿੱਤੀ ਦਾ ਵੀ ਨਾਲੋ-ਨਾਲ ਹੱਲ ਕੱਢ ਲਿਆ, ਤੇ ਰੋਸ਼ਨੀ ਦੀ ਮਾਂ ਨੂੰ ਜਾਣ ਲੱਗਿਆਂ ਸਾਰੇ ਸਾਲ ਦਾ ਉੱਕਾ-ਪੁੱਕਾ ਦੋ ਲੱਖ ਰੁਪਿਆ ਦੇਣਾ ਮੰਨ ਕੇ ਪੇਸ਼ਗੀ ਵੀਹ ਹਜ਼ਾਰ ਦੀ ਗੁੱਟੀ ਮੁੱਠੀ ਘੁੱਟ ਦਿੱਤੀ। ਇੰਨੀ ਰਕਮ ਸੁਣ ਕੇ ਉਸ ਦੇ ਹੋਸ਼ ਜਾਂਦੇ ਰਹੇ ਤੇ ਬਾਊ ਅਸ਼ੋਕ 'ਚੋਂ ਉਸ ਨੂੰ ਰੱਬ ਦਿਸਣ ਲੱਗਿਆ। ਇਧਰ ਬਿਜ਼ਨੈਸ ਦੇ ਲੈਣ-ਦੇਣ ਦੇ ਪੱਕੇ ਬਾਊ ਅਸ਼ੋਕ ਨੇ ਰੋਸ਼ਨੀ ਦੀ ਮਾਂ ਕੋਲੋਂ 'ਪੱਕੇ ਕੋਰੇ ਕਾਗਜ਼' 'ਤੇ ਅੰਗੂਠਾ ਲਗਵਾ ਕੇ ਹਰ ਤਰ੍ਹਾਂ ਦੇ ਪੁੱਠੇ ਵਿਚਾਰ ਨੂੰ ਗੰਢ ਬੰਨ੍ਹ ਕੇ ਖੀਸੇ 'ਚ ਪਾ ਲਿਆ। ਹੁਣ ਉਹ ਜਾਣੇ ਤੇ ਉਸ ਦਾ ਕੰਮ, ਕਿ ਦੋ ਲੱਖ ਦੇ ਰੋਸ਼ਨੀ ਕੋਲੋਂ ਦੂਣੇ-ਚੌਣੇ ਕਿਵੇਂ ਕਮਾਉਣੇ ਸਨ।

ਭਾਬੀ ਦੇ ਹੁਕਮਾਂ ਦੀ ਬੱਧੀ ਰੋਸ਼ਨੀ ਵਿਹਲੇ ਦਿਨਾਂ ਵਿੱਚ ਘਰ ਦੇ ਅੰਦਰ ਹੀ ਉਸ ਨਾਲ ਕੰਮਕਾਰ 'ਚ ਹੱਥ ਵਟਾਉਂਦੀ ਰਹਿੰਦੀ। ਖ਼ਾਲੀ ਸਮੇਂ ਗਾਣੇ ਚਲਾ ਕੇ ਆਪਣੇ ਕਮਰੇ ਅੰਦਰ ਡਾਂਸ ਦੀ ਪ੍ਰੈਕਟਿਸ ਕਰਨ ਲੱਗਦੀ। ਅਸਲ ਵਿੱਚ ਬਾਊ ਅਸ਼ੋਕ ਲਈ ਉਹ 'ਟਰੰਪ ਕਾਰਡ' ਸੀ, ਜਿਸ ਦੀ ਕੀਮਤ ਭਰਨ ਵਾਲੀ ਜੇਬ ਹੀ ਉਸ ਦਾ ਦੀਦਾਰ ਕਰਨ ਦਾ ਹੱਕਦਾਰ ਹੋ ਸਕਦੀ ਸੀ, ਤੇ ਇਹੀ ਉਤਸੁਕਤਾ ਉਸ ਵਾਸਤੇ ਬਰਕਰਾਰ ਰੱਖਣ ਲਈ ਉਸ ਨੂੰ ਡੱਬੀ 'ਚ ਨਗੀਨੇ ਵਾਂਗ ਸਾਂਭ ਲਿਆ ਸੀ।

ਸਟੇਜ 'ਤੇ ਬੁੱਤ ਤੋਂ ਠੁਮਕਿਆਂ ਦੀ ਜਮਾਤ ਚੜ੍ਹ ਚੁੱਕੀ ਰੋਸ਼ਨੀ ਲਈ ਸਭ ਕੁਝ ਚੰਗਾ-ਚੰਗਾ ਹੀ ਚੱਲ ਰਿਹਾ ਸੀ, ਪਰ ਇਹ ਸਟੇਜ ਪੁੰਨ-ਪਾਪ ਵੀ ਹੋ ਸਕਦੀ ਹੈ, ਛੇਤੀ ਹੀ ਉਹ ਘਟਨਾ ਵੀ ਵਾਪਰ ਗਈ।

ਘੱਟ-ਵੱਧ ਹੀ ਖ਼ੁਸ਼ ਹੋਣ ਵਾਲੀ ਭਾਬੀ ਦੇ ਵਾਲਾਂ ਤੋਂ ਲੈ ਕੇ ਪੈਰਾਂ ਦੇ ਨਹੁੰ ਤੱਕ ਖ਼ੁਸ਼ੀ 'ਚ ਖੀਵੇ ਹੋਏ ਵੇਖ ਕੇ ਰੋਸ਼ਨੀ ਵੀ ਕਮਰੇ ਵਿੱਚੋਂ ਨਿਕਲ ਕੇ ਲੌਬੀ 'ਚ ਆ ਖਲੋਤੀ। ਬਾਊ ਦੀ ਧੀ ਦੇ ਹੱਥ ਵਿੱਚ



ਭਾਰੀ ਐਂਟੀਕ ਮੂਰਤੀ ਵੇਖ ਕੇ ਪੁੱਛਣ ਲੱਗੀ, ''ਦੀਦੀ ਇੰਨੀ ਵੱਡੀ ਮੂਰਤੀ ! ਭਾਬੀ ਜਗਰਾਤਾ ਹੋਣੈਂ ਘਰ। ਮੈਂ ਵੀ ਝਾਕੀ ਬਣਾਂਗੀ।''

'' ਅਕਲ ਨਾ ਮੱਤ, ਜੋ ਮੂੰਹ 'ਚ ਆਵੇਗਾ ਬੋਲੀ ਜਾਵੇਗੀ। ਪਤਾ ਵੀ ਹੈ ਇਸ ਮੂਰਤੀ ਬਾਰੇ ਕੁਝ। ਤੈਨੂੰ ਜਗਰਾਤੇ ਦੀ ਝਾਕੀ ਤੋਂ ਬਗੈਰ ਕੁਝ ਸੁਝਦਾ ਵੀ ਹੈ।'' ਭਾਬੀ ਨੇ ਨੱਕ ਮਰੋੜਿਆ, ਪਰ ਕੋਲ ਖੜ੍ਹੀ ਉਸ ਦੀ ਧੀ ਪਿਆਰ ਨਾਲ ਸਮਝਾਉਣ ਲੱਗੀ,

''ਰੋਸ਼ਨੀ ਇਹ 'ਨਟਰਾਜ' ਹੈ। ਨ੍ਰਿਤ ਦੇ ਦੇਵਤਾ। ਮੈਂ ਡਾਂਸ ਮੁਕਾਬਲੇ ਵਿੱਚੋਂ ਪਹਿਲੇ ਨੰਬਰ 'ਤੇ ਆਈ ਹਾਂ, ਨਾਲੇ ਇੱਕ ਟੀ.ਵੀ. ਡਾਂਸ ਪ੍ਰੋਗਰਾਮ ਲਈ ਮੇਰੀ ਸਿਲੈਕਸ਼ਨ ਵੀ ਹੋ ਗਈ ਹੈ। ਲੈ ਮੂੰਹ ਮਿੱਠਾ ਕਰ।'' ਤੇ ਉਸ ਨੇ ਮਿਠਾਈ ਵਾਲਾ ਡੱਬਾ ਰੋਸ਼ਨੀ ਵੱਲ ਵਧਾ ਦਿੱਤਾ।

''ਹੈਂ ਦੀਦੀ ! ਤੁਸੀਂ ਵੀ ਪ੍ਰੋਗਰਾਮ ਲਗਾਉਂਦੇ ਓ। ਕਮਾਲ ਏ !! ਮੈਂ ਵੀ ।'' ਅਜੇ ਗੱਲ ਅਧੂਰੀ ਸੀ ਕਿ ਤੜਾਕ ਕਰਦੀ ਪੁੜਪੁੜੀ 'ਤੇ ਪਈ ਚਪੇੜ ਨੇ ਉਸ ਦਾ ਸਿਰ ਘੁਮਾ ਦਿੱਤਾ, ਤੇ ਮੂੰਹ ਵੱਲ ਵਧਿਆ ਮਿਠਾਈ ਦਾ ਟੁੱਕੜਾ ਦੂਰ ਜਾ ਡਿੱਗਿਆ।

''ਕੁੱਤਾ ਲੱਗਿਐ ਮੂੰਹ ਨੂੰ। ਅਕਲ ਨਾ ਹੋਵੇ ਤਾਂ ਜ਼ਰੂਰੀ ਭੌਂਕਣਾ ਹੁੰਦੈ। ਚੱਲ ਜਾ ਆਪਣੇ ਕਮਰੇ 'ਚ। ਭੱਜੀ ਆਈ ਏ, ਸੱਦਾ ਦਿੱਤਾ ਸੀ ਕਿਸੇ ਨੇ ਤੈਨੂੰ।'' ਸੀਮਾ ਧੀ ਨੂੰ ਲੈ ਕੇ ਘਰ ਵਿੱਚ ਬਣਾਏ ਮੰਦਰ 'ਚ ਜਾ ਖਲੋਤੀ। ਇੱਧਰ ਨੱਚਣ-ਨੱਚਣ 'ਚ ਵੀ ਕੋਈ ਫ਼ਰਕ ਹੁੰਦਾ ਹੈ, ਸੋਚਾਂ 'ਚ ਡੁਸਕਦੀ ਰੋਸ਼ਨੀ ਕਦੋਂ ਸੌਂ ਗਈ ਪਤਾ ਨਾ ਲੱਗਿਆ।

ਸੀਮਾ ਭਾਬੀ ਤਾਂ ਅਗਲੇ ਦਿਨ ਹੀ ਜੋ ਹੋਇਆ ਸੀ ਭੁੱਲ-ਭੁਲਾ ਕੇ ਆਪਣੇ ਕੰਮਾਂ-ਕਾਰਾਂ 'ਚ ਲੱਗ ਗਈ। ਬਾਊ ਕਈ ਦਿਨਾਂ ਤੋਂ ਰਾਜਸਥਾਨ ਦੇ ਪ੍ਰੋਗਰਾਮਾਂ 'ਚ ਰੁੱਝਿਆ ਹੋਇਆ ਸੀ, ਪਰ ਰੋਸ਼ਨੀ ਨੱਚਣ-ਨੱਚਣ 'ਚ ਵੀ ਫ਼ਰਕ ਹੁੰਦਾ ਹੈ, ਦੀ ਉਲਝਣ 'ਚ ਅਜਿਹੀ ਉਲਝੀ ਕਿ ਉਸ ਦਾ ਸੌਣਾ, ਖਾਣਾ-ਪੀਣਾ ਸਭ ਹਰਾਮ ਹੋ ਗਿਆ।

ਇੱਕ ਦਿਨ ਸੀਮਾ ਕਿਸੇ ਦੀ ਮਰਗ 'ਤੇ ਅਫ਼ਸੋਸ ਕਰਨ ਗਈ ਹੋਈ ਸੀ, ਤੇ ਬਾਊ ਪਹਿਲਾਂ ਹੀ ਘਰ ਨਹੀਂ ਸੀ। ਬਾਊ ਦੇ ਦੋਵੇਂ ਬੱਚੇ ਆਪਣੇ ਕਮਰੇ 'ਚ ਬੈਠੇ ਸਨ। ਹਿੰਮਤ ਕਰਕੇ ਰੋਸ਼ਨੀ ਉਨ੍ਹਾਂ ਦੇ ਕਮਰੇ ਅੰਦਰ ਜਾ ਪਹੁੰਚੀ। ਟੀ.ਵੀ. 'ਤੇ ਡਾਂਸ ਪ੍ਰੋਗਰਾਮ ਚੱਲ ਰਿਹਾ ਸੀ। ਬਾਊ ਦਾ ਮੁੰਡਾ ਬੈੱਡ 'ਤੇ ਬੈਠਾ ਸੀ, ਤੇ ਕੁੜੀ ਪ੍ਰੋਗਰਾਮ ਵੇਖ ਕੇ ਡਾਂਸ ਦੇ ਸਟੈੱਪ ਨਾਲ-ਨਾਲ ਦੁਹਰਾ ਰਹੀ ਸੀ। ਰੋਸ਼ਨੀ ਨੂੰ ਵੇਖ ਕੇ ਮੁੰਡੇ ਨੇ ਰਿਮੋਟ ਨਾਲ ਆਵਾਜ਼ ਬੰਦ ਕਰ ਦਿੱਤੀ ਤੇ ਕੁੜੀ ਨੇ ਆਉਣ ਦਾ ਕਾਰਣ ਪੁੱਛਿਆ।

ਬੜੀ ਮੱਧਮ ਜਿਹੀ ਆਵਾਜ਼ ਵਿੱਚ ਰੋਸ਼ਨੀ ਪੁੱਛਣ ਲੱਗੀ, ''ਦੀਦੀ, ਆਹ ਜਿਹੜਾ ਡਾਂਸ ਤੁਸੀਂ ਕਰ ਰਹੇ ਸੀ, ਮੈਨੂੰ ਵੀ ਆਉਂਦੈ। ਮੈਂ ਵੀ ਟੀ.ਵੀ. 'ਤੇ ਵੇਖ ਕੇ ਹੀ ਸਿੱਖਿਆ ਸੀ। ਫਿਰ ਭਾਬੀ ਨੇ ਮੈਨੂੰ ਕਿਉਂ ਮਾਰਿਆ? ਆਹ ਵੇਖੋ ਮੇਰੇ ਹਾਲੇ ਤੱਕ ਨੀਲ ਨਹੀਂ ਗਿਆ। ਅੱਜ ਪ੍ਰੋਗਰਾਮ 'ਤੇ ਵੀ ਜਾਣੈ ਮੈਂ। ਲੋਕੀਂ ਮੇਰੀ ਸ਼ਕਲ ਵੇਖਣ ਨੂੰ ਤਰਸਦੇ ਨੇ। ਕੀ ਵਖਾਵਾਂਗੀ।''

ਉਸ ਦੀ ਮਾਸੂਮੀਅਤ 'ਤੇ ਬਾਊ ਦੀ ਧੀ ਨੂੰ ਤਰਸ ਆਇਆ ਜਾਂ ਡਾਂਸ ਪ੍ਰਤੀ ਲਗਨ ਨੇ ਰੋਸ਼ਨੀ ਨਾਲ ਹਮਦਰਦੀ ਜਗਾ ਦਿੱਤੀ, ਤੇ ਉਹ ਸਮਝਾਉਣ ਲੱਗੀ, ''ਰੋਸ਼ਨੀ, ਸਟੇਜ ਤਾਂ ਸਟੇਜ ਹੀ ਹੁੰਦੀ ਏ, ਤੇ ਡਾਂਸ ਵੀ ਡਾਂਸ ਹੀ ਹੁੰਦਾ ਏ, ਪਰ ਤੇਰੇ ਨੱਚਣ ਵਿੱਚ ਤੇ ਮੇਰੇ ਨੱਚਣ ਵਿੱਚ ਬੜਾ ਫ਼ਰਕ ਹੈ। ਮੈਂ ਤੇਰੀ ਸਟੇਜ 'ਤੇ ਨਹੀਂ ਨੱਚ ਸਕਦੀ, ਤੂੰ ਚਾਹੇਂ ਤਾਂ ਮੇਰੀ ਸਟੇਜ ਤੱਕ ਜ਼ਰੂਰ ਪਹੁੰਚ ਸਕਦੀ ਏਂ। ਬਸ ਐਨਾ ਹੀ ਯਾਦ ਰੱਖ, ਤੇ ਆ ਤੇਰੇ ਇਸ ਨੀਲ ਦਾ ਇਲਾਜ ਹੈ ਮੇਰੇ ਕੋਲ। ਤੂੰ ਅੱਜ ਰਾਤ ਦੇ ਪ੍ਰੋਗਰਾਮ 'ਚ ਜਦੋਂ ਸ਼ਕਲ ਦਿਖਾਏਂਗੀ, ਤਾਂ ਵੇਖਣ ਵਾਲੇ ਪਹਿਲਾਂ ਨਾਲੋਂ ਵੀ ਜ਼ਿਆਦਾ ਤਾੜੀਆਂ ਵਜਾ ਕੇ ਤੇਰਾ ਮਾਣ ਵਧਾਉਣਗੇ। ਨਾਲੇ ਤੂੰ ਮੇਰੇ ਜਿੱਡੀ ਹੀ ਏਂ ਤੇ ਮੇਰਾ ਨਾਂ ਦੀਪਸ਼ਿਖਾ ਏ, ਤੂੰ ਮੈਨੂੰ ਦੀਪ ਬੁਲਾ ਸਕਦੀ ਏਂ। ਤੂੰ ਰੋਸ਼ਨੀ ਤੇ ਮੈਂ ਦੀਪ। ਦੱਸ ਹੈ ਕੋਈ ਫਰਕ।'' ਆਖ ਕੇ ਆਪਣੀ ਰੰਗਾਂ ਵਾਲੀ ਕਿੱਟ ਕੱਢੀ। ਰੰਗ

ਤੇ ਬੁਰਸ਼ ਲੈ ਕੇ ਉਸ ਦੇ ਚਿਹਰੇ ’ਤੇ ਜ਼ਖ਼ਮੀ ਸ਼ੇਰਨੀ ਦਾ ਟੈਟੂ ਬਣਾ ਕੇ ਸ਼ੀਸ਼ੇ ਮੂਹਰੇ ਲਿਆ ਖੜ੍ਹਾ ਕੀਤਾ। ਸ਼ਕਲ ਵੇਖ ਕੇ ਰੋਸ਼ਨੀ ਨੇ ਖ਼ੂੰਖ਼ਾਰ ਸ਼ੇਰਨੀ ਵਾਂਗ ਦਹਾੜ ਮਾਰੀ ’ਤੇ ਹੱਥਾਂ ਦੇ ਪੰਜਿਆਂ ਨਾਲ ਝਪਟਣ ਦਾ ਐਕਸ਼ਨ ਕਰਕੇ ਖਿੜਖਿੜ ਕਰਦੀ ਹੱਸ ਪਈ। ਉਸ ਨੂੰ ਬਾਊ ਦੀ ਧੀ ’ਤੇ ਮੋਹ ਆਇਆ ਤੇ ਗਲੇ ਲੱਗ ਕੇ ਰੋ ਪਈ।

“ਜ਼ਖ਼ਮੀ ਸ਼ੇਰਨੀ ਰੋਂਦੀ ਨਹੀਂ ਹੁੰਦੀ, ਹੋਰ ਖ਼ਤਰਨਾਕ ਹੋ ਜਾਂਦੀ ਏ। ਸਟੇਜ ’ਤੇ ਜਦੋਂ ਮੂੰਹ ਤੋਂ ਚੁੰਨੀ ਉਤਾਰੇਂ, ਤਾਂ ਆਹੀ ਐਕਸ਼ਨ ਕਰਕੇ ਪੂਰਾ ਗੁੱਸਾ ਕੱਢਣ ਲਈ ਜੋਰ ਦੀ ਦਹਾੜ ਮਾਰੀਂ । ਫਿਰ ਵੇਖੀਂ ”

“ਭਾਬੀ ਭਾਬੀ ਭਾਬੀ ਆ’ਗੀ।” ਪੈਰਾਂ ਦੀ ਆਹਟ ਸੁਣ ਕੇ ਉਹ ਅੱਧ-ਪਚੱਧੀ ਗੱਲ ਸੁਣ ਕੇ ਚੀਤੇ ਦੀ ਰਫ਼ਤਾਰ ਨਾਲ ਭੱਜ ਕੇ ਆਪਣੇ ਕਮਰੇ ਦੇ ਬੈੱਡ ’ਤੇ ਜਾ ਪਈ।

ਰਾਤ ਨੂੰ ਪ੍ਰੋਗਰਾਮ ’ਤੇ ਜਾਣ ਲੱਗੇ ਵੀ ਮੂੰਹ ਸਿਰ ਲਪੇਟ ਲਿਆ, ਤੇ ਮਨ ਹੀ ਮਨ ਬਾਊ ਦੀ ਧੀ ਵੱਲੋਂ ਦੱਸੀ ਗੱਲ ਦੁਹਰਾਉਂਦੀ ਗਈ। ਆਈਟਮ ਪੇਸ਼ ਕਰਕੇ ਜਿਵੇਂ ਹੀ ਚਿਹਰੇ ਤੋਂ ਚੁੰਨੀ ਹਟਾਈ ਰੋਸ਼ਨੀ ਨੇ ਜ਼ਖ਼ਮੀ ਸ਼ੇਰਨੀ ਬਣ ਕੇ ਅਜਿਹੀ ਦਹਾੜ ਮਾਰੀ ਕੇ ਮੇਲੀ-ਬਾਰਾਤੀ ਉਸ ਦੀ ਅਦਾ ’ਤੇ ਮਰ ਮਿਟੇ। ਬਾਊ ਅਸ਼ੋਕ ਉਸ ਦਾ ਇਹ ਨਵਾਂ ਰੂਪ ਵੇਖ ਕੇ ਅਸਲੋਂ ਹੀ ਸਾਹ-ਸੱਤਹੀਨ ਹੋ ਗਿਆ। ਘਰ ਵਾਪਸ ਪਰਤੀ ਦੀ ਸ਼ਕਲ ਵੇਖ ਕੇ ਸੀਮਾ ਭੈ-ਭੀਤ ਹੋ ਗਈ, ਤੇ ਫਿਰ ਚਿਹਰੇ ’ਤੇ ਬਣੇ ਟੈਟੂ ਦਾ ਕਮਾਲ ਸੁਣ ਕੇ ਤਕੀਆ ਕਲਾਮ, ‘ਕੰਜਰੀਆਂ ਨੂੰ ਨਿੱਤ ਨਵੇਂ ਕੰਜਰਖ਼ਾਨੇ ਸੁੱਝਦੇ ਨੇ’ ਨੱਕ ਚੜ੍ਹਾ ਕੇ ਆਪਣੇ ਕੰਮ ਲੱਗ ਗਈ।

ਇੱਧਰ ਬਾਊ ਦੀ ਧੀ ਨੇ ਵੀ ਸ਼ੁਕਰ ਮਨਾਇਆ, ਕਿ ਰੋਸ਼ਨੀ ਨੇ ਉਸ ਵੱਲੋਂ ਕੀਤੀ ਮਦਦ ਦਾ ਭੇਦ ਨਹੀਂ ਸੀ ਖੋਲ੍ਹਿਆ, ਤੇ ਹੁਣ ਜਦੋਂ ਵੀ ਮੌਕਾ ਮਿਲਦਾ ਉਹ ਰੋਸ਼ਨੀ ਨੂੰ ਨਵਾਂ ਗੁਰ ਸਿਖਾ ਦਿੰਦੀ। ਇੱਥੋਂ ਤੱਕ ਕਿ ਉਸ ਦੀ ਆਈ-ਬ੍ਰੋ ਵਿਨ੍ਹਵਾ ਕੇ ਨਿੱਕੀ ਜਿਹੀ ਮੁਰਕੀ ਪੁਆਉਣ ਦੀ ਸਲਾਹ ਦਿੱਤੀ ਤੇ ਫਿਰ ਢਿੱਡ ’ਤੇ ਧੁੰਨੀ ਦੇ ਹੇਠਾਂ ਵੀ ਕਹਿ-ਕਹਿ ਕੇ ਮੁਰਕੀ ਪੁਆ ਦਿੱਤੀ। ਕਦੀ ਬੈਕਲੇਸ ਗਾਊਨ ’ਤੇ ਬਿਖਰੀ ਵਾਲਾਂ ਦੀ ਕਾਲੀ ਘਟਾ ਅਦਾ ਨਾਲ ਹਿੱਕ ’ਤੇ ਸੁੱਟ ਕੇ ਗਰਦਨ ’ਤੇ ਗੁੰਦਵਾਇਆ ਟੈਟੂ, ਤਾਂ ਕਦੀ ਲੱਤ ਤੋਂ ਗਾਊਨ ਹਟਾ ਕੇ ਪੱਟ ’ਤੇ ਚਿਤਰਿਆ ਮੋਰ ਵਖਾ ਕੇ ਮਹਿਫ਼ਿਲ ਲੁੱਟ ਲੈਂਦੀ। ਇੱਧਰ ਰੋਸ਼ਨੀ ਦੇ ਇਹ ਸਾਰੇ ਜਲਵੇ ਬਾਊ ਅਸ਼ੋਕ ਲਈ ਨਿੱਤ ਨਵੀਂ ਸੌਗਾਤ ਸਿੱਧ ਹੋ ਰਹੇ ਸਨ।

ਰੋਸ਼ਨੀ ਦਾ ਅਸ਼ੋਕ ਕੋਲ ਕੰਮ ਕਰਦਿਆਂ ਚੌਥਾ ਸੀਜ਼ਨ ਖ਼ਤਮ ਹੋਣ ਨੂੰ ਆਇਆ ਸੀ, ਤੇ ਹੁਣ ਉਹ ਬੈਕ ਸਟੇਜ ਡਾਂਸਰਾਂ ਵੱਲੋਂ ਕੀਤੇ ਜਾਂਦੇ ਹਰ ਕਾਰੇ ਨੂੰ ਚੰਗੀ ਤਰ੍ਹਾਂ ਸਮਝ ਚੁੱਕੀ ਸੀ। ਤਕਰੀਬਨ ਸਾਰੇ ਕੁੜੀਆਂ-ਮੁੰਡੇ ਐਂਟਰੀ ਤੋਂ ਪਹਿਲਾਂ ਸਿਗਰੇਟ, ਸ਼ਰਾਬ, ਨਸ਼ੇ ਦਾ ਟੀਕਾ ਆਦਿ ਜੋ ਵੀ ਆਪੋ-ਆਪਣੀ ਪਸੰਦ ਹੁੰਦੀ, ਦੀ ਖੁਰਾਕ ਲੈ ਕੇ ਸਟੇਜ ’ਤੇ ਨਸ਼ੇ ਦੀ ਲੋਰ ’ਚ ਨੱਚੀ ਜਾਂਦੇ, ਪਰ ਰੋਸ਼ਨੀ ਨੂੰ ਡਾਂਸ ਨਾਲ ਅੰਤਾਂ ਦਾ ਮੋਹ ਸੀ, ਤੇ ਹਾਲੇ ਤੱਕ ਕਿਸੇ ਮਾੜੀ ਲਤ ਦੀ ਸ਼ਿਕਾਰ ਨਹੀਂ ਸੀ ਹੋਈ। ਸ਼ੌਂਕ ਤੇ ਪੈਸੇ ਦੇ ਨਸ਼ੇ ’ਚ ਹੀ ਬੁੱਲ੍ਹਾ ਬਣੀ ਸਟੇਜ ’ਤੇ ਥਾਥਾ-ਥੱਈਆ ਕਰਦੀ, ‘ਮੈਂ ਤਾਂ ਯਾਰ ਮਨੌਣਾ ਨੀ, ਚਾਹੇ ਲੋਕ ਬੋਲੀਆਂ ਬੋਲੇਂ’ ਗੀਤ ਹੋਵੇ ਤੇ ਭਾਵੇਂ ਫਿਰ ਸ੍ਰੋਤਿਆਂ ਦੀ ਪਸੰਦ ਦਾ ਕੋਈ ਵੀ, ਉਹ ਨੱਚ-ਨੱਚ ਕਮਲੀ ਹੋ ਜਾਂਦੀ। ਉਸ ਦੇ ਹੁਲਾਰਿਆਂ ’ਚ ਝੂਮਦੇ ਮਹਿਮਾਨ ਨਾ ਨੱਚਣੋਂ ਥੱਕਦੇ ਤੇ ਨਾ ਨੋਟ ਲੁਟਾਉਂਦੇ ਅੱਕਦੇ।

ਗੋਡਾਊਨ ਵਾਲੇ ਕੁੜੀਆਂ-ਮੁੰਡੇ ਭਾਵੇਂ ਰੋਸ਼ਨੀ ਤੋਂ ਵੱਖਰੇ ਘਰ ਵਿੱਚ ਰਹਿੰਦੇ ਸਨ, ਪਰ ਉਨ੍ਹਾਂ ਦੇ ਹਰ ਦੁੱਖ-ਸੁੱਖ ਨੂੰ ਸੁਣਦੀ, ਸਮਝਦੀ ਸੀ। ਕੰਪਿਊਟਰ ਆਪਰੇਟਰ ਨਟਵਰ ਆਪਣੇ ਪਿਉ ਨਾਲ ਮਿਲ ਕੇ ਚਿੱਟੇ ਦੀ ਸਪਲਾਈ ਕਰਦਾ ਸੀ। ਗਰੁੱਪ ਦੇ ਕਿੰਨੇ ਹੀ ਕੁੜੀਆਂ ਮੁੰਡੇ ਵੀ ਇਸ ਦੇ ਆਦੀ ਸਨ। ਪਤਾ ਲੱਗਣ ’ਤੇ ਉਹ ਡਰ ਗਈ ਸੀ, ਕਿ ਡਾਂਸਰ ਕੁੜੀਆਂ-ਮੁੰਡੇ ਨੱਚਣ ਤੋਂ ਬਿਨਾਂ ਪੈਸੇ ਦੇ



ਲਾਲਚ ਵਿੱਚ ਕਿਸੇ ਦੀਆਂ ਰਾਤਾਂ ਰੰਗੀਨ ਕਰਨ ਜਾਂਦੇ ਸਨ। ਗੋਡਾਊਨ ਦਾ ਨਾਂ ਸੁਣ ਕੇ ਉਸ ਦਾ ਸੰਘ ਸੁੱਕਦਾ, ਪਰ ਨਿੱਕੀ-ਨਿੱਕੀ ਗੱਲ ’ਤੇ ਕੈਂਚੀ ਵਾਂਗ ਚੱਲਦੀ ਜ਼ੁਬਾਨ ਹੁਣ ਸੋਚ-ਸਮਝ ਕੇ ਗੱਲ ਕਰਨਾ ਸਿੱਖ ਗਈ ਸੀ। ਉਸ ਨੇ ਵੀ ਆਪਣਾ ਮੋਬਾਈਲ ਲੈ ਲਿਆ ਸੀ, ਜਿਸ ਦਾ ਪੂਰਾ ਇਸਤੇਮਾਲ ਆਪਣੇ ਕਮਰੇ ਵਿੱਚ ਕਰਦੀ ਨੂੰ, ਵਿਹਲੀ ਹੋ ਕੇ ਵੀ ਕਦੀ ਵਿਹਲੀ ਨਹੀਂ ਸੀ ਹੋਣ ਦਿੰਦਾ। ਵਿਆਹ ਸਮਾਰੋਹਾਂ ’ਚੋਂ ਹੋਰ ਕੁੜੀਆਂ ਮੁੰਡਿਆਂ ਵਾਂਗ ਸ਼ਰਾਬ ਦੀਆਂ ਬੋਤਲਾਂ ਚੋਰੀ ਕਰਕੇ ਲਿਆਉਣਾ ਉਸ ਦੀ ਲੋੜ ਨਹੀਂ ਸੀ, ਪਰ ਜਾਣਕਾਰਾਂ ਨੂੰ ਗਿਫ਼ਟ ਕਰਨਾ ਸ਼ੌਂਕ ਜ਼ਰੂਰ ਬਣ ਗਿਆ ਸੀ। ਮਾਂ ਨੂੰ ਚੈੱਕ ਕਰਵਾਇਆ, ਉਸ ਨੂੰ ਕੈਂਸਰ ਤਾਂ ਨਾ ਨਿਕਲਿਆ, ਪਰ ਕਾਲਾ ਪੀਲਿਆ ਜ਼ਰੂਰ ਨਿਕਲ ਆਇਆ ਸੀ। ਟੀ.ਬੀ. ਦੀ ਸ਼ੁਰੂਆਤ ਸੀ, ਜੋ ਸਮੇਂ ਸਿਰ ਸਹੀ ਇਲਾਜ ਮਿਲ ਜਾਣ ਕਰਕੇ ਹੌਲੀ-ਹੌਲੀ ਠੀਕ ਹੋਣ ਲੱਗੀ ਸੀ।

ਮਾਂ ਨੇ ਸਮਝਦਾਰੀ ਵਰਤੀ, ਤੇ ਧੀ ਦੀ ਕਮਾਈ ਦਾ ਇੱਕ-ਇੱਕ ਪੈਸਾ ਜੋੜ ਕੇ ਪੰਜਵੇਂ ਸੀਜ਼ਨ ਤੋਂ ਪਹਿਲਾਂ-ਪਹਿਲਾਂ ਆਪਣਾ ਮਕਾਨ ਬਣਾ ਲਿਆ। ਮਿਲੀਆਂ ਸੁੱਖ-ਸਹੂਲਤਾਂ ਦਾ ਭਰਾ ਨੂੰ ਪੁੱਠਾ ਝੱਸ ਪੈ ਗਿਆ, ਤੇ ਕਿਹੜੇ ਵੇਲੇ ਨਸ਼ੇੜੀਆਂ ਦੀ ਸੰਗਤ ’ਚ ਜਾ ਫਸਿਆ ਪਤਾ ਹੀ ਨਾ ਲੱਗਿਆ। ਨਸ਼ੇੜੀ ਨੂੰ ਸਿੱਧੇ ਰਾਹ ਪਾਉਣ ਲਈ ਬਜਾਏ ਇਲਾਜ ਕਰਵਾਉਣ ਦੇ ਗਰੀਬ ਘਰ ਦੀ ਇੱਕ ਕੁੜੀ ਨੂੰ ਉਸ ਦੇ ਜਾਂ ਇੰਜ ਆਖੋ ਕੁੜੀ ਦੇ ਗਲ ਸੰਗਲ ਪਾ ਦਿੱਤਾ।

ਪੰਜਵਾਂ ਸੀਜ਼ਨ ਚੱਲ ਰਿਹਾ ਸੀ, ਤੇ ਭਾਬੀ ਸੀਮਾ ਦੇ ਚਚੇਰੇ ਭਾਈ ਦਾ ਵਿਆਹ ਆ ਗਿਆ। ਸਾਲੇ ਦੇ ਵਿਆਹ ਵਿੱਚ ਬਾਊ ਅਸ਼ੋਕ ਨੇ ਨਾ ਲਾਈਟਾਂ ਦੀ ਕਸਰ ਛੱਡੀ, ਤੇ ਨਾ ਸਾਊਂਡ ਬਕਸੇ ਲਗਾਉਣ ਲੱਗਿਆਂ ਗਿਣਤੀ ਕੀਤੀ।

ਜੈਮਾਲਾ ਦੀ ਰਸਮ ਤੋਂ ਬਾਦ ਰਿਸ਼ਤੇਦਾਰ ਨੱਚਣ ਲਈ ਡਾਂਸ ਫਲੋਰ ’ਤੇ ਆ ਗਏ। ਪੰਡਾਲ ਵਿੱਚ ਲੱਗੀਆਂ ਕੁਰਸੀਆਂ ’ਚ ਮੂਹਰਲੀ ਕਤਾਰ ਵਿੱਚ ਸੀਮਾ ਭਾਬੀ ਵੀ ਸਜੀ-ਫੱਬੀ ਬੈਠੀ ਸੀ। ਬਾਊ ਦੀ ਧੀ ਵੀ ਹੋਰ ਰਿਸ਼ਤੇਦਾਰ ਭੈਣਾਂ-ਭਰਾਵਾਂ ਨਾਲ ਸੰਮੀ ’ਤੇ ਥਿਰਕ ਰਹੀ ਸੀ। ਸਟੇਜ ’ਤੇ ਨੱਚਦੇ ਹੋਏ ਮਹਿਮਾਨ ਦੋ ਤਿੰਨ ਡਾਂਸਰਾਂ, ਤੇ ਨਾਲ ਹੀ ਰੋਸ਼ਨੀ ਨੂੰ ਬਾਂਹੋਂ ਫੜ ਕੇ ਡਾਂਸ ਫਲੋਰ ’ਤੇ ਖਿੱਚ ਲਿਆਏ, ਤੇ ‘ਹੋਇਆ ਕੀ ਜੇ ਨੱਚਦੀ ਦੀ ਬਾਂਹ ਫੜ ਲਈ’ ਗੀਤ ’ਤੇ ਨੱਚ-ਨੱਚ ਕੇ ਧੂੜਾਂ ਪੁੱਟਣ ਲੱਗੇ। ਭੀੜ ਨੂੰ ਚੀਰ ਕੇ ਪਤਾ ਨਹੀਂ ਕਿਹੜੇ ਵੇਲੇ ਸੀਮਾ ਭਾਬੀ ਡਾਂਸ ਫਲੋਰ ’ਤੇ ਆ ਪਹੁੰਚੀ ਤੇ ਤੜਾਕ ਕਰਦੀ ਚਪੇੜ ਰੋਸ਼ਨੀ ਦੀ ਗੱਲ੍ਹ ’ਤੇ। ਧੀ ਨੂੰ ਬਾਹੋਂ ਫੜਿਆ ਤੇ ਧੂਹ ਕੇ ਪੰਡਾਲ ’ਚੋਂ ਬਾਹਰ ਲੈ ਗਈ। ਵਿਆਹ ’ਚ ਬੀ ਦਾ ਰੌਲਾ ਪੈ ਗਿਆ। ਤੁਰੰਤ ਨੱਚਣਾ-ਗਾਉਣਾ ਬੰਦ ਹੋ ਗਿਆ। ਅਸਲ ਵਿੱਚ ਬਾਊ ਦਾ ਪੁੱਤਰ ਇੱਕ ਪਾਸੇ ਰੋਸ਼ਨੀ ਦੀ ਬਾਂਹ ਤੇ ਦੂਜੇ ਹੱਥ ਨਾਲ ਭੈਣ ਦੀ ਬਾਂਹ ਫੜੀ ਮਾਮੇ ਦੇ ਵਿਆਹ ’ਚ ਨੱਚ ਰਿਹਾ ਸੀ, ਤੇ ਬੱਸ ਇੱਥੋਂ ਪਿਆ ਸਿਆਪਾ ਕਈ ਦਿਨ ਨਾ ਮੁੱਕਿਆ।

ਰੋਸ਼ਨੀ ਨੂੰ ਜਮ ਕੇ ਉਸ ਦੀ ਥਾਂ ਸਮਝਾਈ ਗਈ, ਤੇ ਬਾਊ ’ਤੇ ਪੂਰਾ ਜ਼ੋਰ ਪਾਇਆ ਗਿਆ ਕਿ ਰੋਸ਼ਨੀ ਨੂੰ ਘਰੋਂ ਕੱਢ ਕੇ ਗੋਡਾਊਨ ’ਚ ਭੇਜ ਦਿੱਤਾ ਜਾਵੇ। ਉਸ ਵੇਲੇ ਤਾਂ ਬਾਊ ਦੀ ਚੁੱਪ ਰੋਸ਼ਨੀ ਦੇ ਹੱਕ ਵਿੱਚ ਭੁਗਤ ਗਈ, ਤੇ ਖਪ-ਖਪਾ ਕੇ ਸੀਮਾ ਵੀ ਹਾਰ ਕੇ ਚੁੱਪ ਕਰ ਗਈ, ਪਰ ਥੋੜ੍ਹੇ ਦਿਨ ਹੀ ਪਏ ਸਨ ਕਿ ਘਰ ’ਚ ਤੁਫ਼ਾਨ ਉੱਠ ਖੜ੍ਹਾ ਹੋਇਆ।

ਗੱਲ ਹੀ ਇਹੋ ਜਿਹੀ ਸੀ।

ਸੀਮਾ ਕਈ ਦਿਨਾਂ ਤੋਂ ਵੇਖ ਰਹੀ ਸੀ, ਰੋਸ਼ਨੀ ਤੇ ਦੀਪਸ਼ਿਖਾ ਦਾ ਮੇਲ-ਜੋਲ ਵਧਣ ਲੱਗਿਆ ਸੀ। ਉਹ ਦੋਹਾਂ ’ਤੇ ਕਾਣੀ ਅੱਖ ਰੱਖਣ ਲੱਗੀ। ਸੀਮਾ ਨੂੰ ਤਾੜਦੀਆਂ ਉਹ ਵੀ ਜ਼ੁਬਾਨ ਤੋਂ ਘੱਟ ਤੇ ਅੱਖਾਂ ਤੋਂ ਵਧੇਰੇ ਕੰਮ ਲੈਣ ਲੱਗੀਆਂ। ਉਸ ਦਿਨ ਰੋਸ਼ਨੀ ਪ੍ਰੋਗਰਾਮ ’ਤੇ ਗਈ ਹੋਈ ਸੀ ਤੇ ਦੀਪਸ਼ਿਖਾ ਘੂਕ ਸੁੱਤੀ ਪਈ ਸੀ। ਸੀਮਾ ਦੋਹਾਂ ਦੇ ਸਾਮਾਨ ਦੀ ਫਰੋਲਾ-ਫਰਾਲੀ ਕਰਨ ਲੱਗੀ, ਤੇ ਆਖਿਰ ਜੋ ਸ਼ੱਕ

ਸੀ ਯਕੀਨ ’ਚ ਬਦਲ ਗਿਆ। ਧੀ ਦੇ ਬੈਗ ਵਿੱਚੋਂ ਇਤਰਾਜ਼ਯੋਗ ਸਾਮਾਨ ਫੜਿਆ ਗਿਆ। ਮੋਬਾਈਲ ਫਰੋਲਿਆ, ਹੋਸ਼ ਉੱਡ ਗਏ।

ਸੁਨੀਲ ਹਰਾਮੀ ਸੀ ਸਭ ਜਾਣਦੇ ਸਨ, ਪਰ ਜਿਸ ਥਾਲੀ ’ਚ ਖਾਧਾ ਉਸੇ ’ਚ ਛੇਦ ਕਰੇਗਾ ਨਹੀਂ ਸੀ ਸੋਚਿਆ। ਉਹ ਅੰਦਰ ਦਾ ਸਾਹ ਅੰਦਰ ਹੀ ਖਿੱਚ ਗਈ।

ਪ੍ਰੋਗਰਾਮ ਤੋਂ ਵਾਪਸ ਪਰਤੀ ਰੋਸ਼ਨੀ ਦੀ ਉਹ ਦੁਰਗਤ ਕੀਤੀ ਗਈ, ਜੋ ਉਸ ਦੇ ਫਰਿਸ਼ਤਿਆਂ ਦੇ ਚਿੱਤ-ਚੇਤੇ ਨਹੀਂ ਸੀ।

ਉਹ ਲੱਖ ਦੁਹਾਈਆਂ ਦੇਵੇ, “ਮੇਰਾ ਦੋਸ਼ ਨਹੀਂ, ਮੈਂ ਦੀਦੀ ਨੂੰ ਸਮਝਾਇਆ ਸੀ।” ਪਰ ਕਿਸੇ ਨੇ ਇੱਕ ਨਾ ਸੁਣੀ।

ਬਾਊ ਅਸ਼ੋਕ ਨਾਲ ਕੰਮ ਤੋਂ ਪਰਤੇ ਸੁਨੀਲ ਦੀ ਕੁੱਟ-ਕੁੱਟ ਕੇ ਚਮੜੀ ਉਧੇੜ ਦਿੱਤੀ ਗਈ, ਤੇ ਖੜ੍ਹੇ ਪੈਰ ਕੰਮ ਤੋਂ ਛੁੱਟੀ ਕਰ ਦਿੱਤੀ। ਘਾਟੇ-ਵਾਧੇ ਦਾ ਖਿਆਲ ਕੀਤੇ ਬਗੈਰ ਬਾਊ ਨੇ ਦੋ ਪਲਾਟ ਵੇਚ ਦਿੱਤੇ, ਤੇ ਦਸ ਦਿਨਾਂ ਦੇ ਅੰਦਰ-ਅੰਦਰ ਵਰ-ਘਰ ਲੱਭ ਕੇ ਬਾਊ ਨੇ ਗਹਿਣੇ-ਗੱਟਿਆਂ ਨਾਲ ਲੱਦੀ ਧੀ ਦਾ ਇੱਜ਼ਤ ਨਾਲ ਡੋਲਾ ਤੋਰ ਦਿੱਤਾ।

ਭਾਵੇਂ ਸੀਮਾ ਨੇ ਨਾ ਤਾਂ ਰੋਸ਼ਨੀ ਨੂੰ ਕੰਮ ਤੋਂ ਭਜਾਉਣ ਲਈ ਰੌਲਾ ਪਾਇਆ ਸੀ, ਤੇ ਨਾ ਹੀ ਉਸ ਦਾ ਘਰ ਤੋਂ ਜੁੱਲੀ-ਬਿਸਤਰਾ ਚੁਕਵਾਉਣ ਲਈ ਹੇਠਲੀ-ਉੱਤੇ ਕੀਤੀ ਸੀ, ਪਰ ਇਸ ਘਟਨਾ ਤੋਂ ਬਾਦ ਰੋਸ਼ਨੀ ਉੱਖੜੀ-ਉੱਖੜੀ ਰਹਿਣ ਲੱਗੀ, ਤੇ ਛੇਤੀ ਮੁੜ ਆਵਾਂਗੀ ਆਖ ਕੇ ਕੁਝ ਦਿਨ ਲਈ ਘਰ ਚਲੀ ਗਈ।

******

ਆਰਕੈਸਟਰਾ ਦੀ ਚਕਾਚੌਂਧ, ਜਿਸ ਨੂੰ ਸੀਮਾ ਭਾਬੀ ਹੀ ਨਹੀਂ, ਸਮਾਜ ਦੀਆਂ ਨਜ਼ਰਾਂ ’ਚ ਆਪਣੇ-ਆਪ ਨੂੰ ਇੱਜ਼ਤਦਾਰ ਠਹਿਰਾਉਂਦਾ ਹਰ ਸ਼ਖ਼ਸ ਕੰਜਰਖ਼ਾਨਾ ਆਖਦਾ ਸੀ, ਰੋਸ਼ਨੀ ਦਾ ਉਸ ਤੋਂ ਮਨ ਭਰ ਚੁੱਕਿਆ ਸੀ। ਹੁਣ ਉਹ ਛੇਤੀ ਤੋਂ ਛੇਤੀ ਖ਼ਾਬਾਂ ਦੇ ਸ਼ਹਿਜ਼ਾਦੇ ਨਾਲ ਘਰ ਵਸਾ ਕੇ ਇਸ ਗੁਨਾਹਾਂ ਦੀ ਗੱਠੜੀ ਦੇ ਭਾਰ ਤੋਂ ਮੁਕਤ ਹੋ ਜਾਣਾ ਚਾਹੁੰਦੀ ਸੀ। ਇਸ ਕੰਮ ’ਚ ਆਈ ਹਰ ਕੁੜੀ ਦੀ ਕਿਸੇ ਨਾ ਕਿਸੇ ਨਾਲ ਸੈਟਿੰਗ ਸੀ, ਪਰ ਰੋਸ਼ਨੀ ਨੇ ਕਦੀ ਕਿਸੇ ਨੂੰ ਲਿਮਿਟ ਪਾਰ ਨਹੀਂ ਸੀ ਕਰਨ ਦਿੱਤੀ। ਲੱਖਾਂ ਭੈੜੀਆਂ ਨਜ਼ਰਾਂ ਦੇ ਵਾਰ ਸਹਿ ਕੇ ਵੀ ਉਸ ਨੇ ਕੋਰੇ ਕੁੱਜੇ ’ਤੇ ਡਾਕਾ ਨਹੀਂ ਸੀ ਪੈਣ ਦਿੱਤਾ। ਉਂਜ ਤਾਂ, ਪਿਛਲੇ ਸਾਲ ਤੋਂ ਹੀ ਉਹ ਇਸ ਕੰਮ ਨੂੰ ਛੱਡ ਕੇ ਜ਼ਿੰਦਗੀ ਦਾ ਨਵੇਂ ਸਿਰਿਓਂ ਸਿਰਾ ਫੜਨ ਦਾ ਫ਼ੈਸਲਾ ਮਾਂ ਨੂੰ ਸੁਣਾਉਂਦੀ ਆ ਰਹੀ ਸੀ, ਪਰ ਹੁਣ ਉਸ ਨੇ ਕੰਮ ’ਤੇ ਵਾਪਸ ਨਾ ਪਰਤਣ ਦੀ ਪੱਥਰ ’ਤੇ ਲਕੀਰ ਮਾਰ ਦਿੱਤੀ। ਭਰਾ ਦੇ ਨਸ਼ੇੜੀਪਣ ਦਾ ਵਾਸਤਾ ਪਾ ਕੇ ਮਾਂ ਨੇ ਮਲੂਕ ਜਿਹੀ ਭਰਜਾਈ ਤੇ ਦੁੱਧ ਚੁੰਘਦੀ ਭਤੀਜੀ ਖਾਤਰ ਕੁਝ ਚਿਰ ਹੋਰ ਕੰਮ ਕਰਨ ਲਈ ਤਰਲਾ ਲਿਆ, ਪਰ ਜਦੋਂ ਉਹ ਆਪਣੇ ਫ਼ੈਸਲੇ ਤੋਂ ਇੰਚ ਵੀ ਨਾ ਹਿੱਲੀ ਤਾਂ ਉਸ ਨੂੰ ਵਿਆਹੁਣ ਦਾ ਕੌੜਾ ਘੁੱਟ ਭਰ ਲਿਆ। ਪੰਜ ਸਾਲ ਕਮਾ-ਕਮਾ ਕੇ ਰੋਸ਼ਨੀ ਨੇ ਮਾਂ ਦਾ ਘਰ ਬਣਾਇਆ ਹੀ ਨਹੀਂ ਸੀ, ਨੱਕੋ-ਨੱਕ ਭਰ ਵੀ ਦਿੱਤਾ ਸੀ। ਹੱਥਾਂ ਕੰਨਾਂ ’ਚ ਸੋਨਾ ਚਮਕਾਂ ਮਾਰਨ ਲੱਗਿਆ ਸੀ। ਕਮਾਊ ਧੀ ਨੂੰ ਤੋਰਦਿਆਂ ਉਸ ਨੂੰ ਡੋਬੂ ਪੈਂਦੇ ਸਨ, ਪਰ ਰੋਸ਼ਨੀ ਦੀ ਜ਼ਿੱਦ ਅੱਗੇ ਹਥਿਆਰ ਸੁੱਟ ਦਿੱਤੇ, ਤੇ ਨਾ ਚਾਹੁੰਦਿਆਂ ਵੀ ਘਰ ਵਿੱਚ ਹੀ ਪਰਸ ਬਣਾਉਣ ਦੀ ਫੈਕਟਰੀ ਚਲਾਉਂਦੇ ਪੈਰਾਂ ਤੋਂ ਅਪਾਹਜ ਮੁੰਡੇ ਨਾਲ ਘੁਮਾਰ ਮੰਡੀ ’ਚ ਰਿਸ਼ਤਾ ਪੱਕਾ ਕਰ ਦਿੱਤਾ ਗਿਆ।

ਰੋਸ਼ਨੀ ਦੇ ਵਿਆਹ ਦਾ ਸੁਨੇਹਾ ਮਿਲਿਆ, ਤਾਂ ਬਾਊ ਅਸ਼ੋਕ ਤੇ ਸੀਮਾ ਭਾਬੀ ਨੇ ਵਿਆਹ ਵਿੱਚ ਵੱਧ ਤੋਂ ਵੱਧ ਮਦਦ ਕਰਨ ਦਾ ਹੌਸਲਾ ਹੀ ਨਹੀਂ ਦਿੱਤਾ, ਬਲਕਿ ਡੋਲੀ ਤੁਰਨ ਤੱਕ ਸਾਰੇ ਕਾਰ-ਵਿਹਾਰ ਹੱਥੀਂ ਨਿਪਟਾਏ।



ਡੋਲੀ ਤੋਰ ਕੇ ਉਹ ਘਰ ਮੁੜ ਆਏ ਸਨ, ਪਰ ਰੋਸ਼ਨੀ ਵਰਗੀ ਕਮਾਊ ਕੁੜੀ ਦਾ ਇੰਜ ਅਚਾਨਕ ਵਿਆਹੇ ਜਾਣਾ ਉਨ੍ਹਾਂ ਲਈ ਝੋਰਾ ਬਣ ਗਿਆ ਸੀ। ਕਿਸੇ ਦੀ ਘਾਟ ਪੂਰੀ ਕਰਨੀ ਲੱਖ ਔਖੀ ਹੁੰਦੀ ਹੋਵੇ, ਪਰ ਦੁਨੀਆਂ ਚੱਲਦੀ ਸਰਾਂ, ਦਿਲ ਨੂੰ ਹੌਸਲਾ ਦੇ ਕੇ ਬਾਊ ਅਸ਼ੋਕ ਦਿਨ-ਰਾਤ ਕੰਮ ’ਚ ਰੁੱਝ ਗਿਆ।

ਸਾਲ ਹੋ ਗਿਆ ਸੀ ਰੋਸ਼ਨੀ ਵਿਆਹੀ ਨੂੰ। ਉਸ ਦੀ ਮਾਂ ਦਾ ਗਾਹੇ-ਬਗਾਹੇ ਬਾਊ ਅਸ਼ੋਕ ਨੂੰ ਫ਼ੋਨ ਆਉਂਦਾ ਰਹਿੰਦਾ। ਦੋਵੇਂ ਆਪੋ-ਆਪਣੀ ਥਾਂ ਰੋਸ਼ਨੀ ਦੀ ਘਾਟ ਮਹਿਸੂਸ ਕਰਦੇ ਝੁਰਦੇ। ਮਾਂ ਨੇ ਬਾਊ ਨੂੰ ਦੱਸਿਆ, ਸਹੁਰੇ ਘਰ ਰੋਸ਼ਨੀ ਨੂੰ ਤੰਗ ਪਰੇਸ਼ਾਨ ਕੀਤਾ ਜਾਂਦਾ ਹੈ, ਪਰ ਉਹ ਪੱਕੀ ਢੀਠ ਬਣ ਕੇ ਉੱਥੇ ਹੀ ਰਹਿਣ ਲਈ ਅੜੀ ਹੋਈ ਹੈ। ਅਖੇ, ‘ਜੇ ਕਮਲੇਸ਼ ਭੂਆ ਦੋ ਬਾਲਾਂ ਵਾਲੇ ਆਪਣੇ ਤੋਂ ਦੂਣੀ ਉਮਰ ਦੇ ਬੰਦੇ ਨਾਲ ਨਿਭਾਅ ਸਕਦੀ ਏ, ਤਾਂ ਮੈਂ ਕਿਉਂ ਨਹੀਂ।’ ਵਿਆਹ ਤੋਂ ਦੋ ਮਹੀਨੇ ਬਾਦ ਹੀ ਰੋਸ਼ਨੀ ਨੂੰ ਦਿਨ ਚੜ੍ਹ ਗਏ ਤੇ ਸਾਲ ਬਾਦ ਧੀ ਨੂੰ ਜਨਮ ਦੇ ਕੇ ਮਾਂ ਬਣ ਗਈ।

ਸੀਮਾ ਭਾਬੀ ਨੇ ਬਾਊ ਅਸ਼ੋਕ ’ਤੇ ਦਬਾਅ ਪਾਇਆ ਤੇ ਉਹ ਰੋਸ਼ਨੀ ਦੀ ਮਾਂ ਨਾਲ ਆਪ ਪੰਜੀਰੀ ਲੈ ਕੇ ਉਸ ਦੇ ਸਹੁਰੇ ਘਰ ਗਏ। ਹਾਲਾਂਕਿ ਰੋਸ਼ਨੀ ਦੀ ਮਾਂ ਕਈ ਵਾਰ ਉਸ ਦੇ ਤੰਗ ਹੋਣ ਦਾ ਜ਼ਿਕਰ ਕਰ ਚੁੱਕੀ ਸੀ, ਪਰ ਉਹ ਇੰਨੇ ਮਾੜੇ ਹਾਲ ਹੋਵੇਗੀ, ਵੇਖ ਕੇ ਗਸ਼ ਪੈਣ।

ਘਰਵਾਲਾ ਤਾਂ ਮਿਲਿਆ ਹੀ ਨਾ, ਤੇ ਸੱਸ ਇੱਕੋ ਅੜੀ ’ਤੇ, “ਅਸੀਂ ਇੱਜ਼ਤਦਾਰ ਲੋਕ ਹਾਂ, ਕੰਜਰੀ ਪੱਲੇ ਪੈ ਗਈ ਸਾਡੇ। ਨਾ ਸਾਡੇ ਪੁੱਤਰ ਨੂੰ ਰਿਸ਼ਤਿਆਂ ਦਾ ਕਾਲ ਪਿਆ ਸੀ। ਕਿੱਡੀ ਕੁ ਬੱਜ ਲੱਗੀ ਏ। ਕੀ ਹੋਇਆ ਜੇ ਥੋੜਾ ਪੈਰੋਂ ਲੰਗਾ ਕੇ ਤੁਰਦੈ। ਉੱਤੋਂ ਪੱਥਰ ਜੰਮ ਕੇ ਧਰ ’ਤਾ। ਜੈਸੀ ਕੋਕੋ ਤੈਸੇ ਬੱਚੇ। ਕੱਲ੍ਹ ਨੂੰ ਕੰਜਰੀ ਦੀ ਧੀ ਵੀ ਕੰਜਰਖਾਨੇ ’ਤੇ ਉਤਰ ਆਵੇਗੀ। ਹੋਰ ਸਾਡਾ ਘਰ ਕੰਜਰਾਂ ਦਾ ਵਿਹੜਾ ਸਦੀਣ ਲੱਗ ਪਿਆ, ਤਾਂ ਕਿਹੜਾ ਅਸੀਂ ਲੋਕਾਂ ਦਾ ਮੂੰਹ ਫੜ ਲੈਣੈ।”

ਖ਼ੁਰਾਕ ਦੀ ਘਾਟ ਤੇ ਤਾਅਨੇ-ਮਿਹਣਿਆਂ ਦੀ ਮਾਰ ਝੱਲਦੀ ਰੋਸ਼ਨੀ ਪਿੰਜਰ ਹੋਈ ਪਈ ਸੀ। ਸੁਰਖ ਚਿਹਰਾ ਸਿਆਹੀਆਂ ਨਾਲ ਭਰ ਗਿਆ ਸੀ। ਬੱਚੀ ਵੀ ਗਿੱਠ ਕੁ ਜਿੰਨੀ ਅਸਲੋਂ ਕਮਜ਼ੋਰ, ਪਰ ਨਕਸ਼ ਰੋਸ਼ਨੀ ਤੋਂ ਵੀ ਚੌਗੁਣੇ ਸੋਹਣੇ। ਬਾਊ ਅਸ਼ੋਕ ਨੇ ਚੁੱਕ ਕੇ ਬੱਚੀ ਨੂੰ ਗੋਦੀ ਲਿਆ, ਮੱਥਾ ਚੁੰਮਿਆ ਤੇ ਸੀਮਾ ਭਾਬੀ ਨੇ ਸਿਰ ਵਾਰਨਾ ਕਰਕੇ ਦਸਾਂ ਦਾ ਨੋਟ ਰੋਸ਼ਨੀ ਦੇ ਸਿਰਹਾਣੇ ਹੇਠ ਰੱਖ ਦਿੱਤਾ।

ਭਰੇ ਮਨ ਨਾਲ ਉਸ ਵੇਲੇ ਤਾਂ ਵਾਪਸ ਪਰਤ ਆਏ, ਪਰ ਬਾਊ ਅਸ਼ੋਕ ਦੀਆਂ ਅੱਖਾਂ ਅੱਗੇ ਪਹਿਲੇ ਦਿਨ ਕੰਮ ਲੈਣ ਆਈ, ਤੇ ਅੱਜ ਦੀ ਰੋਸ਼ਨੀ ਘੁਮੇਰ ਬਣੀਆਂ ਸਿਰ ਨੂੰ ਚੜ੍ਹਨ ਲੱਗੀਆਂ। ਉਸ ਨੇ ਕਿੰਨੀਆਂ ਹੀ ਡਿਸਪਰਿਨ ਦੀਆਂ ਗੋਲੀਆਂ ਖੋਲ੍ਹੀਆਂ ਤੇ ਪਾਣੀ ’ਚ ਘੋਲ ਕੇ ਪੀ ਗਿਆ, ਪਰ ਜਦੋਂ ਰੋਸ਼ਨੀ ਹੀ ਉਸ ਨਰਕ ਨੂੰ ਆਪਣਾ ਨਸੀਬ ਮੰਨ ਚੁੱਕੀ ਸੀ, ਤਾਂ ਕੋਈ ਕੀ ਕਰ ਸਕਦਾ ਸੀ।

ਦੋ ਦਿਨ ਪਏ । ਅਨਜਾਣ ਨੰਬਰ ਮੋਬਾਈਲ ਸਕ੍ਰੀਨ ’ਤੇ ਵੇਖ ਕੇ ਬਾਊ ਅਸ਼ੋਕ ਨੇ ਫ਼ੋਨ ਚੁੱਕਿਆ। ਬੜੀ ਕਮਜ਼ੋਰ ਜਿਹੀ ਆਵਾਜ਼ ਸੁਣੀ। ਰੋਸ਼ਨੀ ਦਾ ਫ਼ੋਨ ਸੀ। ਰੋ-ਰੋ ਕੇ ਕੀ ਬੋਲਦੀ ਸੀ, ਕੁਝ ਪਤਾ ਨਾ ਲੱਗਿਆ। ਖੜ੍ਹੇ ਪੈਰ ਸੀਮਾ ਤੇ ਪੁੱਤਰ ਨੂੰ ਲੈ ਕੇ ਬਾਊ ਅਸ਼ੋਕ ਨੇ ਕਾਰ ਲੁਧਿਆਣੇ ਦੇ ਰਾਹ ਪਾ ਦਿੱਤੀ। ਰਸਤੇ ਵਿੱਚੋਂ ਉਸ ਦੀ ਮਾਂ ਨੂੰ ਵੀ ਪਹੁੰਚਣ ਲਈ ਫ਼ੋਨ ਕਰ ਦਿੱਤਾ। ਜਿਵੇਂ ਹੀ ਉਹ ਰੋਸ਼ਨੀ ਦੇ ਸਹੁਰੇ ਘਰ ਦੀ ਗਲੀ ਵੜੇ, ਹਜੂਮ ਜੁੜਿਆ ਹੋਇਆ। ਕੁੜੀ ਨੂੰ ਝੋਲੀ ’ਚ ਪਾਈ ਰੋਸ਼ਨੀ ਦੀ ਹਾਲਤ ਪਾਗਲਾਂ ਵਰਗੀ। ਮੁਹੱਲੇ ਦੇ ਮੋਹਤਬਰ ਵਿਅਕਤੀਆਂ ਨੂੰ ਲੈ ਕੇ ਉਸ ਦੇ ਸਹੁਰੇ ਘਰ ਦੀ ਦਹਿਲੀਜ਼ ਲੰਘਣ ਲਈ ਦਰਵਾਜ਼ਾ ਖੜਕਾਇਆ।

ਸੱਸ ਨੇ ਦਰਵਾਜ਼ਾ ਖੋਲ੍ਹਿਆ, ਸਾਹਮਣੇ ਸਾਰਿਆਂ ਨੂੰ ਖੜ੍ਹੇ ਵੇਖ ਕੇ ਜਿਵੇਂ ਹੀ ਦਰਵਾਜ਼ਾ ਬੰਦ ਕਰਨ ਲੱਗੀ, ਬਾਊ ਅਸ਼ੋਕ ਅੱਗੇ ਹੋ ਗਿਆ। ਇੱਕ ਵਾਰੀ ਗੱਲ ਕਰਨ ਦੀ ਤਾਗੀਦ ਕੀਤੀ, ਪਰ ਉਹ ਸਾਰੇ ਜੀਅ ਇੱਕੋ ਪਹਾੜਾ ਪੜ੍ਹੀ ਜਾਣ, “ਕੰਜਰੀ ਦਾ ਖ਼ੂਨ ਅਸੀਂ ਨਹੀਂ ਜੇ ਪਾਲਣਾ। ਸਾਡੇ ਪੁੱਤਰ ਨੂੰ ਹੋਰ ਇੱਜ਼ਤਦਾਰ ਬਥੇਰੀਆਂ, ਇੱਕ ਦੋ ਤੇ ਆਹ ਤਿੰਨ, ਜੋ ਕਰਨਾ ਜੇ ਕਰ ਲੌ, ਪਰ ਅਸੀਂ ਨਹੀਂ ਰੱਖਣਾ ਦੋਹਾਂ ਨੂੰ।”

ਮੁਹੱਲੇ ਵਾਲਿਆਂ ਨੇ ਵੀ ਪਹਿਲਾਂ ਤਾਂ ਸਹੁਰੇ ਪਰਿਵਾਰ ਨੂੰ ਸਮਝਾਇਆ, ਫਿਰ ਰੋਸ਼ਨੀ ਨਾਲ ਹੁੰਦੀ ਰੋਜ਼ ਦੀ ਕੁੱਤੇਖਾਨੀ ਨਾਲੋਂ ਉਸ ਦੀ ਮਾਂ ਤੇ ਨਾਲ ਆਏ ਅਸ਼ੋਕ ਬਾਊ ਹੁਰਾਂ ਨੂੰ ਤਰਲਾ ਲਿਆ, "ਲੈ ਜੋ ਵਿਚਾਰੀ ਨੂੰ ਇਸ ਕੰਜਰਖ਼ਾਨੇ ਵਿੱਚੋਂ।"

ਸੋਚ ਵਿਚਾਰ ਕਰਕੇ ਆਖਰ ਇੱਕ ਵਾਰੀ ਰੋਸ਼ਨੀ ਨੂੰ ਲੈ ਜਾਣ ਦਾ ਫ਼ੈਸਲਾ ਕਰ ਲਿਆ ਗਿਆ, ਪਰ ਮਸਲਾ ਬੱਚੀ ਦਾ ਖੜ੍ਹਾ ਹੋ ਗਿਆ। ਬਾਊ ਆਖੇ, "ਇਨ੍ਹਾਂ ਦਾ ਖ਼ੂਨ ਏ, ਕੁੜੀ ਛੱਡ ਜਾ ਇੱਥੇ।"

ਸਹੁਰੇ ਆਖਣ, "ਅਸੀਂ ਰੱਖਣੀ ਨਹੀਂ। ਸਾਡੇ ਵੱਲੋਂ ਹੁਣੇ ਗਿੱਚੀ ਵਿੱਚ ਨਹੁੰ ਦੇ ਦਿਉ।"

ਆਖਰ ਵਿਹੜੇ ਦੇ ਵਿਚਕਾਰ ਪੰਘੂੜਾ ਰੱਖ ਕੇ ਵਿਲਕਦੀ ਬਾਲੜੀ ਰੱਖ ਦਿੱਤੀ ਗਈ। ਦਾਦੀ, ਦਾਦਾ ਤਾਂ ਕੀ, ਭੋਰਾ ਜਿੰਨੀ ਮਾਸੂਮ ਦਾ ਰੋਣਾ ਪਿਉ ਨੂੰ ਵੀ ਟੱਸ ਤੋਂ ਮੱਸ ਨਾ ਕਰ ਸਕਿਆ। ਰੋਂਦੀ ਬਾਲੜੀ ਜਰੀ ਨਾ ਗਈ, ਤੇ ਭੱਜ ਕੇ ਧੀ ਨੂੰ ਪੰਘੂੜੇ 'ਚੋਂ ਚੁੱਕ ਕੇ ਰੋਸ਼ਨੀ ਨੇ ਛਾਤੀ ਨਾਲ ਘੁੱਟ ਲਿਆ।

"ਮੇਰੀ ਗੁਨੂੰ, ਮੇਰੀ ਧੀ। ਨਾ ਮੇਰਾ ਪੁੱਤ ਨਾ ਰੋ। ਤੂੰ ਮੇਰੀ ਜਿੰਦ। ਮੈਂ ਪਾਲ ਲਵਾਂਗੀ। ਪੁੱਤ ਮਾਂ, ਮਾਂ ਹੁੰਦੀ ਏ।" ਧੀ ਦਾ ਮੂੰਹ ਸਿਰ ਚੁੰਮਦੀ, ਲਾਡ-ਲਡਾਉਂਦੀ ਉਹ ਫੁੱਟ-ਫੁੱਟ ਰੋਵੇ।

ਮਾਂ ਨਾਲੋਂ ਬੋਟ ਨੂੰ ਵੱਖ ਕਰਕੇ ਪਾਪ ਕਾਹਨੂੰ ਖੱਟਣਾ, ਤੇ ਬਾਊ ਅਸ਼ੋਕ ਨੇ ਗੁਨੂੰ ਦੇ ਸਿਰ 'ਤੇ ਹੱਥ ਰੱਖ ਕੇ ਰੋਸ਼ਨੀ ਨੂੰ ਅੱਗੇ ਲਾ ਲਿਆ।

"ਬਸ ਆਹੀ ਕੰਜਰ, ਜਿਹਨੂੰ ਦਿਨੇ-ਰਾਤੀਂ, ਮੇਰਾ ਬਾਊ, ਮੇਰਾ ਬਾਊ ਕਰਦੀ ਪਿੱਟਦੀ ਰਹਿੰਦੀ ਏ। ਲੈ ਜਾ ਡੋਲਾ, ਤੇ ਮੁੜ ਕੇ ਪੈਰ ਨਾ ਪਾਵੇ ਇੱਧਰ ਕੰਜਰੀ ਕਿਸੇ ਥਾਂ ਦੀ।" ਜਿਵੇਂ ਹੀ ਰੋਸ਼ਨੀ ਦੀ ਸੱਸ ਦੀ ਆਵਾਜ਼ ਕੰਨੀਂ ਪਈ, ਬਾਊ ਅਸ਼ੋਕ ਦੇ ਪੈਰਾਂ ਹੇਠੋਂ ਧਰਤੀ ਹਿੱਲ ਗਈ। ਉਹ ਜੁੱਤੀ ਲੈ ਕੇ ਉਸ ਵੱਲ ਉਲਰਿਆ, ਪਰ ਚਿੱਕੜ ਦੇ ਮੂੰਹ ਲੱਗ ਕੇ ਛਿੱਟੇ ਪੁਆਉਣ ਤੋਂ ਰੋਕਦਿਆਂ ਸੀਮਾ ਤੇ ਪੁੱਤਰ ਨੇ ਖਿੱਚ ਕੇ ਕਾਰ 'ਚ ਬਿਠਾ ਲਿਆ।

ਕਦੀ ਪਿੱਛੇ ਮੁੜ ਕੇ ਨਾ ਵੇਖਣ ਦਾ ਸੰਕਲਪ ਲੈ ਕੇ ਜਿਹੜੇ ਰਾਹਾਂ ਨੂੰ ਸਦਾ ਲਈ ਅਲਵਿਦਾ ਕਹਿ ਕੇ ਆਈ ਸੀ, ਰੋਸ਼ਨੀ ਅੱਜ ਮਾੜੇ ਹਾਲੀਂ ਮੁੜ ਉਨ੍ਹਾਂ ਰਾਹਾਂ ਵੱਲ ਮੁੜ ਪਈ ਸੀ। ਸੱਧਰਾਂ ਭਰੀਆਂ ਨਿਗਾਹਾਂ ਨਾਲ ਖ਼ਾਬਾਂ ਦੇ ਸ਼ਹਿਜ਼ਾਦੇ ਦੀ ਗਲੀ ਵਿੱਚੋਂ ਨਿਕਲਦਿਆਂ ਪਿੱਛੇ ਮੁੜ ਕੇ ਵੇਖਿਆ। ਕੋਈ ਉਸ ਦੀ ਪਿੱਠ ਵੇਖਣ ਵਾਲਾ ਨਹੀਂ ਸੀ। ਸਹੁਰਿਆਂ ਨੇ ਦਰਵਾਜ਼ਾ ਬੰਦ ਕਰ ਲਿਆ ਸੀ, ਤੇ ਗਲੀ 'ਚ ਲੱਗੀ ਭੀੜ ਟੋਲੀਆਂ 'ਚ ਵੰਡੀ ਗਈ ਸੀ।

*******

ਸ਼ਾਖ਼ ਨਾਲੋਂ ਟੁੱਟ ਕੇ ਆਈ ਮਾਂ ਨੂੰ ਰੁਲਦੀ ਵੇਖ ਕੇ, ਰੋਸ਼ਨੀ ਨੇ ਹਮੇਸ਼ਾ ਤੋਂ ਘਰ ਸੰਸਾਰ ਵਸਾਉਣ ਦਾ ਸੁਪਨਾ ਸੰਜੋਇਆ ਸੀ, ਜੋ ਚਕਨਾਚੂਰ ਹੋ ਚੁੱਕਿਆ ਸੀ। ਡੇਢ ਸਾਲ ਵਿੱਚ ਇੱਕ ਉਮਰ ਹੰਢਾਅ ਕੇ ਉਹ ਫਿਰ ਵਾਪਸ ਉਸੇ ਕੰਜਰਖ਼ਾਨੇ ਵਿੱਚ ਪਰਤ ਆਈ। ਜਿਸ ਗੁਲਜ਼ਾਰ 'ਚ ਕਦੀ ਮਹਿਕਾਂ ਬਿਖੇਰੀਆਂ ਸਨ, ਹੁਣ ਸੁੱਕੀ ਟਹਿਣੀ ਨਾਲ ਮੁਰਝਾਏ ਫੁੱਲ ਵਾਂਗ ਲਟਕੀ, ਉਹ ਢਿੱਲੀ-ਢਾਲੀ ਜਿਹੀ ਬਾਊ ਦੇ ਘਰ 'ਚ ਉਸੇ ਪੁਰਾਣੇ ਕਮਰੇ ਦੇ ਬੈੱਡ 'ਤੇ ਕੁੜੀ ਨੂੰ ਲੈ ਕੇ ਢੇਰੀ ਹੋਈ ਰਹਿੰਦੀ, ਪਰ ਇਹ ਸਭ ਜ਼ਿਆਦਾ ਦੇਰ ਚੱਲਣ ਵਾਲਾ ਨਹੀਂ ਸੀ। ਆਰਕੈਸਟਰਾ ਦੇ ਕੰਮ ਵਿੱਚ ਮੁਰਝਾਏ ਫੁੱਲਾਂ ਲਈ ਕੋਈ ਥਾਂ ਨਹੀਂ। ਇੱਥੇ ਕੇਵਲ ਕੋਮਲ ਕਲੀਆਂ ਦੀ ਮਹਿਕ ਲੁੱਟੀ ਜਾਂਦੀ ਹੈ, ਜਿੰਨੀ ਸੁਗੰਧ ਓਨਾ ਮੁੱਲ। ਬਾਊ ਅਸ਼ੋਕ ਤਾਂ ਕੀ, ਕੋਈ ਵੀ ਹੁੰਦਾ ਕਿੰਨੀ ਕੁ ਦੇਰ ਵਿਹਲੀ ਨੂੰ ਸਾਂਭਦਾ।

ਸਰਦੀਆਂ ਦਾ ਸੀਜ਼ਨ ਪੱਕੇ ਸਮੇਂ 'ਤੇ ਮੁੜ ਆ ਗਿਆ ਸੀ, ਤੇ ਕੰਮ ਦੀ ਮਾਰੋ-ਮਾਰ ਸ਼ੁਰੂ ਹੋ ਗਈ। ਬਾਊ ਅਸ਼ੋਕ ਨੇ ਰੋਸ਼ਨੀ ਦੇ ਜਲਵੇ ਲੁੱਟਣ ਦੇ ਵਿਚਾਰ ਨਾਲ ਪੁਰਾਣੀ ਐਲਬਮ ਫਿਰ ਤੋਂ ਕੱਢ ਕੇ ਕਾਊਂਟਰ 'ਤੇ ਸਜਾ ਲਈ। ਰੋਸ਼ਨੀ ਵੀ ਜਾਣਦੀ ਸੀ, ਵਿਹਲੀ ਨੂੰ ਲੰਗਰ ਨਹੀਂ ਮਿਲਣਾ, ਕੰਮ ਤਾਂ ਕਰਨਾ ਹੀ ਪੈਣਾ ਹੈ। ਉਸ ਦੀ ਆਪਣੀ ਹਾਲਤ ਪੈਰਾਂ ਸਿਰ ਨਹੀਂ ਸੀ ਹੋ ਰਹੀ, ਤੇ ਉੱਧਰੋਂ ਮਾਂ ਫ਼ੋਨ 'ਤੇ ਘਰ ਦੀਆਂ



ਤੰਗੀਆਂ-ਤੁਰਸ਼ੀਆਂ ਦਾ ਰੋਣਾ ਰੋਣ ਲੱਗੀ।

ਭਰਾ ਦੀ ਹਾਲਤ ਨਸ਼ਿਆਂ ਨੇ ਮਰਨ ਕੰਢੇ ਪਹੁੰਚਾ ਦਿੱਤੀ ਸੀ। ਭਤੀਜੀ ਦੋ ਸਾਲਾਂ ਦੀ ਹੋ ਗਈ ਸੀ, ਮਾਂ ਉਸ ਦਾ ਬੋਝ ਵੀ ਰੋਸ਼ਨੀ ਦੇ ਮੋਢਿਆਂ 'ਤੇ ਪਾਉਣ ਦੀ ਗੱਲ ਕਰਨ ਲੱਗੀ ਸੀ। ਉਹ ਪ੍ਰੋਗਰਾਮ 'ਤੇ ਜਾਣ ਲਈ ਤਿਆਰ ਹੋ ਗਈ ਤੇ ਨਾਲ ਹੀ ਗੁਨੂੰ ਦਾ ਬੈਗ ਤਿਆਰ ਕਰ ਲਿਆ।

ਬੈਕ ਸਟੇਜ ਪਹੁੰਚਦੇ ਹੀ ਬਾਊ ਅਸ਼ੋਕ ਨੇ ਕੁੜੀ ਉਸ ਕੋਲੋਂ ਲੈ ਕੇ ਕੁੱਛੜ ਚੁੱਕ ਲਈ, ਤੇ ਰੋਸ਼ਨੀ ਨੂੰ ਪਹਿਲੀ ਐਂਟਰੀ 'ਚ ਦੂਜੀਆਂ ਕੁੜੀਆਂ ਨਾਲ ਸਟੇਜ 'ਤੇ ਘੱਲ ਦਿੱਤਾ। ਜਦੋਂ ਤੱਕ ਪਹਿਲੀ ਆਈਟਮ ਪੂਰੀ ਨਹੀਂ ਹੋ ਗਈ, ਬਾਊ ਅਸ਼ੋਕ ਨੂੰ ਧੜਕੂ ਲੱਗਿਆ ਰਿਹਾ, ਕਿਧਰੇ ਰੋਸ਼ਨੀ ਮਲੀਆਮੇਟ ਹੀ ਨਾ ਕਰ ਆਵੇ। ਉਹ ਵਾਪਸ ਆਈ ਤੇ ਕੁੜੀ ਨੂੰ ਬਾਊ ਅਸ਼ੋਕ ਕੋਲੋਂ ਖਿੱਚ ਕੇ ਚੁੰਬਨਾਂ ਦੀ ਝੜੀ ਲਗਾ ਦਿੱਤੀ।

ਰੋਸ਼ਨੀ ਨੇ ਪਹਿਲਾਂ ਵਾਲਾ ਕੋਈ ਜਲਵਾ ਸਟੇਜ 'ਤੇ ਨਾ ਦਿਖਾਇਆ, ਤੇ ਨਾ ਹੀ ਬਾਊ ਅਸ਼ੋਕ ਨੂੰ ਉਸ ਕੋਲੋਂ ਅਜੇ ਦੁਬਾਰਾ ਕੋਈ ਪਹਿਲਾਂ ਵਰਗੀ ਆਸ ਹੀ ਸੀ, ਪਰ ਪ੍ਰੋਗਰਾਮ ਸੁੱਖੀਂ-ਸੁਭਾਈਂ ਨੇਪਰੇ ਚੜ੍ਹ ਗਿਆ, ਇਹੀ ਵੱਡੀ ਪ੍ਰਾਪਤੀ ਸੀ।

ਧੀ ਨੂੰ ਕੰਮ 'ਤੇ ਨਾਲ ਲੈ ਕੇ ਜਾਣ ਦੀ ਇਹ ਸ਼ੁਰੂਆਤ ਸੀ, ਅੰਤ ਨਹੀਂ। ਸੀਜ਼ਨ ਦੀ ਚੱਲ ਸੋ ਚੱਲ ਵਿੱਚ ਰੋਸ਼ਨੀ ਦੀ ਦਿਨ-ਰਾਤ ਦੀ ਬੁਕਿੰਗ ਸ਼ੁਰੂ ਹੋ ਗਈ। ਇੱਕ ਐਂਟਰੀ ਲਗਾ ਕੇ ਆਉਂਦੀ ਤੇ ਆਉਂਦੇ ਹੀ ਧੀ ਨੂੰ ਸੀਨੇ ਨਾਲ ਲਾ ਕੇ ਲੱਖ ਬਲਾਵਾਂ ਲੈਂਦੀ, ਪਰ ਕਈ ਹੱਥਾਂ ਵਿੱਚ ਜਾਣ ਕਰਕੇ ਬੱਚੀ ਉਸ ਕੋਲ ਆਉਣ ਦੀ ਬਜਾਏ ਕਿਸੇ ਹੋਰ ਕੁੜੀ-ਮੁੰਡੇ ਵੱਲ ਬਾਹਾਂ ਉਲਾਰ ਲੈਂਦੀ, ਤਾਂ ਝੱਟ ਉਸ ਨੂੰ ਲਾਡ ਕਰਦੀ ਸਮਝਾਉਣ ਲੱਗਦੀ, "ਨਾ ਪੁੱਤ ਕੋਈ ਸੱਕਾ ਨਹੀਂ ਹੁੰਦਾ। ਬਸ ਮਾਂ, ਮਾਂ ਹੁੰਦੀ ਏ। ਐਵੇਂ ਨਹੀਂ ਹਰ ਕਿਸੇ ਦੇ ਕੁੱਛੜ ਚੜ੍ਹ ਜਾਈਦਾ।" ਜਿਵੇਂ ਦਾ ਕੰਮ ਕੀਤਾ ਸੀ, ਉਸ ਮੁਤਾਬਿਕ ਹਿਸਾਬ ਬਣਾ ਕੇ ਸੀਜ਼ਨ ਖ਼ਤਮ ਹੋਏ ਤੋਂ ਬਾਊ ਅਸ਼ੋਕ ਨੇ ਗਿਣ ਕੇ ਪੈਸੇ ਰੋਸ਼ਨੀ ਦੀ ਤਲੀ 'ਤੇ ਧਰ ਦਿੱਤੇ। ਉਹ ਸਮਝ ਗਈ, ਬਾਊ ਦਾ ਇਸ਼ਾਰਾ ਸੀ ਕਿ ਵਿਹਲੇ ਦਿਨਾਂ 'ਚ ਹੁਣ ਤੇਰਾ ਕੋਈ ਕੰਮ ਨਹੀਂ, ਤੇ ਤੂੰ ਚੱਲਦੀ ਬਣ।

ਸਹੁਰਾ ਘਰ ਕਦੋਂ ਦਾ ਸੁਪਨਾ ਹੋ ਗਿਆ ਸੀ, ਜਦੋਂ ਦੀ ਆਈ ਸੀ ਕਿਸੇ ਨੇ ਉਸ ਦੀ ਵੱਟੀ ਨਹੀਂ ਵਾਹੀ ਸੀ। ਇੱਧਰ ਮਾਂ ਪਹਿਲਾਂ ਹੀ ਪੁੱਤਰ ਦਾ ਲਾਣਾ-ਬਾਣਾ ਸਾਂਭਦੀ ਤੰਗ ਹੋਈ ਪਈ ਸੀ, ਤੇ ਰੋਸ਼ਨੀ ਵੀ ਗੁਨੂੰ ਨੂੰ ਲੈ ਕੇ ਮਾਂ ਕੋਲ ਜਾਣ ਲਈ ਸਾਮਾਨ ਬੰਨ੍ਹਣ ਲੱਗੀ।

"ਰੋਸ਼ਨੀ, ਗੱਲ ਸੁਣ।" ਪਹਿਲੀ ਵਾਰੀ ਕੋਲ ਆ ਬੈਠੀ ਸੀਮਾ ਭਾਬੀ ਦਾ ਇਹ ਵਤੀਰਾ ਉਸ ਵਾਸਤੇ ਪੂਰੀ ਤਰ੍ਹਾਂ ਨਵਾਂ ਸੀ। ਉਹ ਬੈਗ ਉਵੇਂ ਹੀ ਛੱਡ ਕੇ ਬੈੱਡ ਦੀ ਨੁੱਕਰ 'ਤੇ ਬੈਠ ਕੇ ਭਾਬੀ ਦੇ ਮੂੰਹ ਵੱਲ ਵੇਖਣ ਲੱਗੀ।

"ਵੇਖ, ਅੱਜ ਗੁਨੂੰ ਨਿੱਕੀ ਏ। ਕੱਲ੍ਹ ਨੂੰ ਵੱਡੀ ਵੀ ਹੋਣੈ। ਤੇਰੀ ਅਜੇ ਉਮਰ ਹੀ ਕੀ ਏ, ਮਿਹਨਤ ਕਰ ਤੇ ਆਪਣਾ ਅੱਗਾ ਸੁਆਰ। ਗੁਨੂੰ ਨੂੰ ਮੇਰੇ ਚਾਚੇ ਦਾ ਮੁੰਡਾ, ਜਿਹਦਾ ਵਿਆਹ ਦੋ ਸਾਲ ਪਹਿਲਾਂ ਹੋਇਆ ਸੀ, ਗੋਦ ਲੈਣਾ ਚਾਹੁੰਦੈ। ਘਰਵਾਲੀ ਉਹਦੀ ਨੂੰ ਬਾਲ ਨਹੀਂ ਹੋ ਸਕਦਾ, ਡਾਕਟਰਾਂ ਨੇ ਪੱਕਾ ਜਵਾਬ ਦੇ ਦਿੱਤੈ। ਕਿੱਥੇ ਇਹਨੂੰ ਕੰਜਰਖਾਨੇ 'ਚ ਰੋਲਦੀ ਫਿਰੇਂਗੀ। ਕੁੜੀ ਦੀ ਜ਼ਿੰਦਗੀ ਬਣ ਜਾਵੇਗੀ, ਸੋਨੇ ਦੇ ਮਹਿਲ 'ਚ ਫੁੱਲਾਂ ਵਾਂਗ ਪਲੇਗੀ ।"

"ਭਾਬੀ ਅੱਜ ਤਾਂ ਆਖੀ ਏ ਆਹ ਗੱਲ, ਅੱਗੋਂ ਨਾ ਆਖੀਂ ਕਦੀ। ਮਾਂ, ਮਾਂ ਹੁੰਦੀ ਏ, ਤੇ ਮੈਂ ਆਪੇ ਪਾਲ ਲਵਾਂਗੀ ਆਪਣੀ ਧੀ ਨੂੰ। ਸੂਲਾਂ ਦੀ ਸੇਜ 'ਤੇ ਫੁੱਲਾਂ ਵਾਂਗ, ਨਹੀਂ ਚਾਹੀਦੇ ਸਾਨੂੰ ਸੋਨੇ ਦੇ ਮਹਿਲ।" ਤੇ ਬੈਗ ਪੈਕ ਕਰਕੇ ਉਹ ਜਾਣ ਲਈ ਤਿਆਰ ਹੋ ਗਈ।

ਅਜੇ ਰਾਹ ਵਿੱਚ ਸੀ ਕਿ ਮਾਂ ਦਾ ਫ਼ੋਨ ਆ ਗਿਆ, ਭਰਾ ਨੂੰ ਨਸ਼ਾ ਖਾ ਗਿਆ। ਭਰ ਜਵਾਨੀ ਦੀ ਉਮਰ 'ਚ ਪੂਰਾ ਹੋ ਗਿਆ ਸੀ। ਜੋ ਕਮਾ ਕੇ ਲੈ ਗਈ ਸੀ, ਜਾਂਦਿਆਂ ਭਰਾ ਦੇ ਮਰਨੇ 'ਤੇ ਖ਼ਰਚ ਹੋ ਗਿਆ। ਚਾਰੇ ਪਾਸਿਓਂ ਮੁਸੀਬਤਾਂ 'ਚ ਘਿਰੀ ਨੂੰ ਆਪਣਾ-ਆਪ ਸੱਚਮੁੱਚ ਕੰਜਰਖਾਨਾ ਹੀ ਜਾਪਣ ਲੱਗਿਆ, ਤੇ

ਭਰਾ ਦਾ ਉਠਾਲਾ ਕਰਕੇ ਧੀ ਨੂੰ ਮੋਢੇ ਲਾ ਕੇ ਕੰਮ 'ਤੇ ਵਾਪਸ ਚੱਲ ਪਈ।

"ਵੇਖ ਰੋਸ਼ਨੀ, ਸੀਜ਼ਨ ਤਾਂ ਲੰਘ ਗਿਆ ਸਰਦੀਆਂ ਦਾ। ਤੈਨੂੰ ਕਿਹੜਾ ਕੰਮ ਦਾ ਭੇਤ ਨਹੀਂ। ਇਨ੍ਹਾਂ ਖਾਲੀ ਦਿਨਾਂ 'ਚ ਤਾਂ ਅਸੀਂ ਆਪ ਖੂਹ 'ਚੋਂ ਲੋਟੇ ਭਰ-ਭਰ ਖਾਲੀ ਕਰੀ ਜਾਈਦੇ ਆ, ਤੇ ਮੇਲੇ ਜਗਰਾਤੇ ਤਾਂ ਐਵੇਂ ਆਪਣੇ-ਆਪ ਨੂੰ ਰੁੰਨ੍ਹੀ ਰੱਖਣ ਲਈ ਫੜੀ ਦੇ ਨੇ। ਬਾਕੀ ਦੂਜਾ ਕੰਮ ਤੂੰ ਕਦੀ ਹਾਮੀ ਨਹੀਂ ਭਰੀ "

"ਬਾਊ, ਦੂਜਾ ਹੋਵੇ ਜਾਂ ਤੀਜਾ ਕੀ ਫਰਕ ਪੈਂਦੈ। ਵਿਆਹ ਵਾਲੇ ਕੰਜਰਖਾਨੇ ਨਾਲੋਂ, ਤਾਂ ਮਾੜਾ ਨਹੀਂ ਹੋਣ ਲੱਗਿਆ। ਦੇਵਤਾ ਸਮਝ ਕੇ ਜਿਸ 'ਤੇ ਸੁੱਚੇ ਫੁੱਲ ਚੜ੍ਹਾਏ ਸੀ, ਉਹਨੇ ਪੱਤੀ-ਪੱਤੀ ਤੋੜ ਸੁੱਟਿਆ। ਉਹ ਹਰਾਮੀ ਵੱਡਾ ਖਾਬਾਂ ਦਾ ਸ਼ਹਿਜਾਦਾ ਮੈਨੂੰ ਮੁਫਤ 'ਚ ਚੂੰਡਦਾ ਰਿਹਾ, ਤੇ ਪੱਲੇ ਆਵਦਾ ਪਰੂਫ ਪਾ ਦੁਲੱਤੀ ਮਾਰ ਕੇ ਵਗਾਹ ਮਾਰਿਆ। ਛੱਡਣ ਵਾਲੀ ਤਾਂ ਮੈਂ ਵੀ ਨਹੀਂ, ਆਪਣੀ ਗੁਨ੍ਹੂੰ ਨੂੰ ਹੱਕ ਤਾਂ ਦੁਆ ਕੇ ਰਹੂੰ। ਕੇਸ ਲਗਾ ਦਿੱਤੈ ਮੈਂ ਉਨ੍ਹਾਂ 'ਤੇ। ਕੁੱਟਮਾਰ, ਦਾਜ ਦਹੇਜ ਤੇ ਕੁੜੀ ਜੰਮਣ ਦੇ ਇਲਜ਼ਾਮ ਦਾ। ਭੁੱਖੇ ਮਰਨੋਂ ਤਾਂ ਰਹੇ, ਕੁੜੀ ਵੀ ਪਾਲਣੀ ਏ। ਬੁੱਢੀ ਲਾਚਾਰ ਮਾਂ, ਵਿਧਵਾ ਭਰਜਾਈ, ਮਸੂਮ ਭਤੀਜੀ, ਤੇ ਦੋ ਅਸੀਂ ਮਾਵਾਂ ਧੀਆਂ। ਕੋਈ ਬੰਦਾ ਹੋਵੇ ਤਾਂ ਕਿਸੇ 'ਤੇ ਆਸ ਰੱਖੀਏ, ਨਾ ਖੁਆਵੇ ਤਾਂ ਮਨ ਦੀ ਭੜਾਸ ਕੱਢੀਏ, ਪਰ ਹੁਣ ਕੀਹਨੂੰ ਦੋਸ਼ ਦੇਈਏ। ਕਰਮਾਂ 'ਚ ਜਿਵੇਂ ਕਮਾ ਕੇ ਖਾਣੀ ਲਿਖੀ ਏ ਉਵੇਂ ਹੀ ਸਹੀ। ਕਰਮ ਨੇ ਆਪੋ-ਆਪਣੇ।" ਉਸ ਨੂੰ ਇਸ ਤਰ੍ਹਾਂ ਟੁੱਟਦੀ ਵੇਖ ਬਾਊ ਅਸ਼ੋਕ ਨੂੰ ਵੀ ਚੰਗਾ ਨਹੀਂ ਸੀ ਲੱਗਿਆ, ਪਰ ਉਹ ਤਾਂ ਕੰਮ ਹੀ ਦੁਆ ਸਕਦਾ ਸੀ।

ਕਦੀ ਸਟੇਜ ਦੀ ਸ਼ਾਨ ਰਹੀ ਰੋਸ਼ਨੀ ਨੂੰ ਪਹਿਲੀ ਵਾਰ ਕਿਸੇ ਨਾਲ ਹਮਬਿਸਤਰ ਹੋਣ ਲੱਗਿਆਂ, ਘਰ ਤੇ ਕੰਜਰਖਾਨੇ ਦਾ ਫ਼ਰਕ ਮਹਿਸੂਸ ਹੋਇਆ ਸੀ। ਆਰਕੇਸਟਰਾ ਸਟੇਜ 'ਤੇ ਨੱਚਣਾ ਤੇ ਟੈਲੀਵਿਜ਼ਨ ਪ੍ਰੋਗਰਾਮ ਦੇ ਨਾਚ ਦਾ ਫਰਕ ਪਤਾ ਲੱਗਿਆ ਸੀ। ਕੰਮ ਤੋਂ ਵਾਪਸ ਪਰਤ ਕੇ ਉਹ ਘੰਟਿਆਂ-ਬੱਧੀ ਹੰਝੂਆਂ ਰਲੇ ਪਾਣੀ ਵਿੱਚ ਨਹਾਉਂਦੀ ਰਹੀ। ਸੁੱਤੀ ਪਈ ਗਿੱਠ ਵਧਦੀ ਧੀ ਨੂੰ ਕੁੱਛੜ ਚੁੱਕਦਿਆਂ, ਆਪਣੇ ਨਾਲ ਲੱਗਣ 'ਤੇ ਧੀ ਭਿੱਟ ਜਾਣ ਦੀ ਕਚਿਆਣ ਤਨ-ਮਨ 'ਚ ਕੀੜਿਆਂ ਦੀ ਸੁਰਲ-ਸੁਰਲ ਛੇੜਦੀ। ਕੋਈ ਵੀ ਕੰਮ ਇੱਕ ਦਿਨ ਨਵਾਂ ਹੁੰਦਾ ਹੈ, ਤੇ ਫਿਰ ਰੁਟੀਨ।

ਕਦੀ ਉਹ ਵੀ ਬਾਊ ਦੀ ਧੀ ਵਾਂਗ ਘਰ ਵਸਾ ਕੇ ਕਿਸੇ ਦੇ ਦਿਲ ਦੀ ਪਟਰਾਣੀ ਬਣਨਾ ਲੋਚਦੀ ਸੀ। ਆਪਣਾ-ਆਪ ਖ਼ਾਬਾਂ ਦੇ ਸ਼ਹਿਜ਼ਾਦੇ ਲਈ ਸਾਂਭ ਰੱਖਿਆ ਸੀ। ਸਟੇਜ 'ਤੇ ਉਸ ਦੀ ਇੱਕ ਝਲਕ ਵੇਖਣ ਦੇ ਦੀਵਾਨੇ ਲੱਖਾਂ ਚਾਰੇ ਕਰਦੇ, ਪਰ ਅੱਗ ਦੀ ਲਾਟ ਨੂੰ ਕੋਈ ਹੱਥ ਨਹੀਂ ਸੀ ਪਾ ਸਕਿਆ। ਇੱਥੋਂ ਤੱਕ ਉਸ 'ਤੇ ਜਾਨ ਵਾਰਦਾ ਭੰਗੜਾ ਟੀਮ ਦਾ ਇੰਚਾਰਜ ਸੋਨੂੰ ਸੰਧਾ ਉਸ ਨਾਲ ਵਿਆਹ ਕਰਵਾ ਕੇ ਆਪਣਾ ਗਰੁੱਪ ਚਲਾਉਣ ਦੀ ਉਸ ਨੂੰ ਆਫ਼ਰ ਕਰ-ਕਰ ਹੰਭ ਗਿਆ, ਪਰ ਉਸ ਦੀ ਇੱਕੋ ਰਟ, "ਮੈਂ ਨਹੀਂ ਜ਼ਿੰਦਗੀ ਗਾਲਣੀ ਇਸ ਕੰਜਰਖ਼ਾਨੇ 'ਚ।" ਤੇ ਉਸ ਕਿਸੇ ਨੂੰ ਡਾਹ ਨਹੀਂ ਸੀ ਦਿੱਤੀ।

ਕੁੜੀ ਨੂੰ ਸੁਆ ਕੇ ਉਹ ਕੰਮ 'ਤੇ ਚਲੀ ਜਾਂਦੀ। ਵਾਪਸ ਪਰਤਦੀ ਤਾਂ ਅੰਗ-ਅੰਗ ਚੂਰ ਹੋਇਆ ਹੁੰਦਾ, ਪਰ ਸਿਰ 'ਤੇ ਜ਼ਿੰਮੇਵਾਰੀਆਂ ਦਾ ਬੋਝ ਉਸ ਦੀ ਨਕੇਲ ਖਿੱਚੀ ਰੱਖਦਾ।

"ਆਹ ਵੀ ਸਾਲੀ ਕੋਈ ਜ਼ਿੰਦਗੀ ਏ ਸ਼ਾਮ ਨੂੰ ਸੱਭਿਆਚਾਰਕ ਪ੍ਰੋਗਰਾਮ ! ਅੰਗ-ਅੰਗ ਕੱਜ ਕੇ ਜਾਉ, ਸਿਰ ਵੀ ਢੱਕ ਕੇ। ਮਜਾਰ 'ਤੇ ਮੇਲਾ ! ਪੀਰ ਮਨਾਉ ਤੇ ਫਿਰ ਮੈਂ ਜੱਟੀ ਪੰਜਾਬ ਦੀ ਹਾਹਾਹਾਹਾ। ਮੈਂ ਕਸ਼ਮੀਰ ਕੀ ਕਲੀ ਭੈਂ ਚੋ ਕਿ ਜੱਟੀ ਪੰਜਾਬ ਦੀ । ਰਾਤ ਨੂੰ ਜਾਗਰਣ 'ਚ ਜਾਉ ਸ਼ੇਰ ਸਵਾਰੀ ਕਰਕੇ ਆਜਾ, ਹੱਥ ਵਿੱਚ ਝੰਡਾ ਫੜ ਕੇ ਆਜਾ, ਓ ਮਾਤਾ ਰਾਣੀਏ ! ਸ਼ੇਰ 'ਤੇ ਚੜ੍ਹ ਕੇ ਹੱਥ 'ਚ ਤਰਸ਼ੂਲ ਫੜ ਕੇ ਭਗਤਾਂ ਨੂੰ ਅਸ਼ੀਰਵਾਦ ਦਿਉ...ਭਜਨ ਮੰਡਲੀ ਤਾਰਾ ਰਾਣੀ ਦੀ ਕਥਾ ਸ਼ੁਰੂ ਕਰੇਗੀ, ਤੇ ਸ਼ੇਰਾਂ ਵਾਲੀ ਮਾਤਾ ਦੀ ਛੁੱਟੀ। ਅਗਲੀ ਬੁਕਿੰਗ ਲਈ ਸ਼ ..ਸ਼ ਟੌਪ ਸੀਕਰੇਟ। ਨੰਗਿਆਂ ਵਿੱਚ ਨੰਗੇ ਹੋ ਜਾਉ । ਮੈਂ ਮੈਂ ਕਿੱਥੇ ਹਾਂ ਕੌਣ ਹਾਂ ਮੈਂ। ਮੈਂ ਜੱਟੀ ਮੈਂ ਸ਼ੇਰਾਂ ਵਾਲੀ ਮਾਤਾ ਮੈਂ ਆਈਟਮ ਗਰਲ ਮੈਂ, ਮੈਂ ਭੈਂ ਚੋ ਰੋਸ਼ਨੀ, ਨਹੀਂ



ਮੈਂ ਰੰਡੀ, ਮੈਂ ਕੰਜਰੀ, ਮੈਂ ਸਭ ਕੁਝ ਬਸ ਭੈਂ ਚੋ ਮੈਂ ਰੋਸ਼ਨੀ ਨਹੀਂ। ਮਰ 'ਗੀ ਸਾਲੀ ਸੁਨੀਤਾ .ਤੇ ਰੋਸ਼ਨੀ ਜੰਮ ਪਈ। ਦੀਵੇ ਹੇਠ ਹਨੇਰਾ। ਦੂਜਿਆਂ ਨੂੰ ਚਾਨਣ ਵੰਡ-ਵੰਡ ਕੇ ਧੁਆਂਖੀ ਗਈ ਰੋਸ਼ਨੀ।" ਮਾੜਾ-ਮੋਟਾ ਸਿਗਰਟ, ਸ਼ਰਾਬ ਲੈਣ ਲੱਗੀ ਦੀ ਭਿਣਕ ਤਾਂ ਪਹਿਲਾਂ ਹੀ ਸੀਮਾ ਨੂੰ ਪੈ ਗਈ ਸੀ, ਪਰ ਨਸ਼ੇ ਦੀ ਹਾਲਤ 'ਚ ਉਸ ਦਾ ਨਵਾਂ ਡਰਾਮਾ ਵੇਖ ਕੇ ਸੀਮਾ ਨੇ ਘਰ ਸਿਰ 'ਤੇ ਚੁੱਕ ਲਿਆ।

"ਇਹ ਧੀਆਂ-ਭੈਣਾਂ ਵਾਲੇ ਲੱਛਣ ਨੇ ਕੋਈ। ਗੰਦ ਪਾਇਐ ਆ ਕੇ। ਕੰਜਰੀਆਂ ਨੇ ਵੀ ਘਰ ਵਸਾਏ ਨੇ ਕਦੀ। ਮੈਨੂੰ ਤਾਂ ਹੁਣ ਇਹਦੀ ਸੱਸ ਵਾਲੀ ਬਾਊ, ਬਾਊ ਕਰਨ ਵਾਲੀ ਗੱਲ ਵੀ ਅੰਦਰੋਂ ਖਾਣ ਲੱਗ ਪਈ ਏ। ਲੈ ਜੋ ਇਹਨੂੰ ਵੀ ਉੱਧਰ ਜਿੱਥੇ ਦੋ ਸੌਂਕਣਾਂ ਪਹਿਲਾਂ ਰੱਖੀਆਂ ਹੋਈਆਂ ਨੇ ਮੇਰੀਆਂ। ਕੰਜਰੀ ਮੇਰੇ ਹੱਡਾਂ 'ਚ ਬਹਿ ਕੇ ਮੇਰੀਆਂ ਜੜ੍ਹਾਂ ਵੱਢੀ ਗਈ ਤੇ ਮੈਂ ਇਹਦੇ ਅੱਚਣੇ-ਪੱਚਣੇ ਕਰਦੀ ਰਹੀ।"

"ਚੁੱਪ ਕਰ ਜਾ, ਹਰਾਮਦੀਏ। ਇੱਕ ਸ਼ਬਦ ਮੂੰਹੋਂ ਕੱਢਿਆ ਤਾਂ ਮੈਥੋਂ ਬੁਰਾ ਨਹੀਂ ਹੋਣਾ ਕੋਈ। ਕੰਨ ਖੋਲ੍ਹ ਕੇ ਸੁਣ ਲੈ, ਹੋਰ ਕਿਸੇ ਨਾਲ ਨਾਂ ਲਾ ਕੇ ਜੋ ਭੌਂਕਣਾ ਈ ਭੌਂਕ, ਪਰ ਖ਼ਬਰਦਾਰ ਜੇ ਰੋਸ਼ਨੀ ਨੂੰ ਲੈ ਕੇ ਮੇਰੇ 'ਤੇ ਚਿੱਕੜ ਸੁੱਟਿਆ ਈ ਤਾਂ।" ਬਾਊ ਅਸ਼ੋਕ ਨੇ ਪਹਿਲੀ ਵਾਰੀ ਸੀਮਾ ਤੇ ਹੱਥ ਚੁੱਕਿਆ ਸੀ।

ਘਰ 'ਚ ਮਚਿਆ ਚੀਕ-ਚਿਹਾੜਾ ਸੁਣ ਕੇ ਰੋਸ਼ਨੀ ਦਾ ਨਸ਼ਾ ਟੁੱਟਿਆ, ਤੇ ਉਹ ਹੱਥ ਜੋੜਦੀ ਸੀਮਾ ਤੇ ਬਾਊ ਅਸ਼ੋਕ ਨੂੰ ਚੁੱਪ ਹੋਣ ਦੇ ਵਾਸਤੇ ਪਾਉਣ ਲੱਗੀ, "ਘਰ ਨੂੰ ਘਰ ਰਹਿਣ ਦਿਉ, ਕਾਹਤੋਂ ਕੰਜ ਰ । ਓ ਜੰਗ ਦਾ ਅਖਾੜਾ ਨਾ ਬਣਾਉ।" ਪਤਾ ਨਹੀਂ ਕੀ ਸੋਚ ਕੇ ਕੰਜਰਖਾਨਾ ਸ਼ਬਦ ਅਧਵਾਟੇ ਛੱਡ ਕੇ ਜੰਗ ਦੇ ਅਖਾੜੇ 'ਤੇ ਆ ਕੇ ਉਸ ਦੀ ਜ਼ੁਬਾਨ ਰੁਕ ਗਈ।

ਬਾਊ ਅਸ਼ੋਕ ਤਪਿਆ-ਤਪਾਇਆ ਘਰੋਂ ਬਾਹਰ ਨਿਕਲ ਗਿਆ ਤੇ ਨਸ਼ੇ 'ਚ ਧੁੱਤ ਹੋਈ ਰੋਸ਼ਨੀ ਸੀਮਾ ਦੇ ਪੈਰੀਂ ਪੈਂਦੀ ਫ਼ਰਸ਼ 'ਤੇ ਲੋਟਣੀਆਂ ਲੈਣ ਲੱਗੀ, "ਭਾਬੀ ਸਰੀਰ ਟੁੱਟ ਜਾਂਦੈ, ਜੇ ਥੱਕਿਆ-ਟੁੱਟਿਆ ਬੰਦਾ ਦੋ ਘੁੱਟ ਲਾ ਲਵੇ ਤਾਂ ਕੀ ਹੋ ਜਾਂਦੈ। ਪਿਉ ਨਹੀਂ ਪਿਉ ਨਹੀਂ ! ਨਾਨੇ-ਦਾਦੇ ਦੀ ਉਮਰ ਦੇ ਬੰਦੇ ਨੱਚਣ ਬਹਾਨੇ ਸਟੇਜ 'ਤੇ ਚੜ੍ਹਦੇ ਨੇ ਤੇ ਫਿਰ ਸਾਡੇ ਉੱਤੇ ਚੜ੍ਹਨ ਲੱਗਦੇ ਨੇ। ਦਿਲ ਕਰਦੈ ਗੋਲੀ ਮਾਰ ਦਿਆਂ ਹਰਾਮਜ਼ਾਦਿਆਂ ਦੇ ਸੀਨੇ ਵਿੱਚ। ਅੱਖੀਓਂ ਸੇ ਗੋਲੀ ਮਾਰੇ, ਸੁਣਦੇ ਨੇ ਸਾਲੇ ਮੇਰੇ ਪਿਉ ਦੇ, ਰਿਵਾਲਵਰ ਲਵਾਂ ਤੇ ਫਿਰ ਦੱਸਾਂ ਗੋਲੀ ਕਿਧਰੋਂ ਨਿਕਲਦੀ ਏ ਤੇ ਕਿੱਧਰ ਚੱਲਦੀ ਏ। ਅਖੇ ਚੱਕ ਲੋ ਰਿਵਾਲਵਰ ਰਫ਼ਲਾਂ ਤੇ ਪੈਰਾਂ 'ਚ ਲੰਮੇ ਪੈ ਕੇ ਸਾਡੀ ਘੱਗਰੀ ਚੁੱਕੀ ਜਾਣਗੇ, ਪਤਾ ਨਹੀਂ ਕਿਹੜਾ ਕਬਜ਼ਾ ਭਾਲਦੇ ਨੇ।" ਬੋਲਦੀ-ਬੋਲਦੀ ਫ਼ਰਸ਼ 'ਤੇ ਹੀ ਨਿਢਾਲ ਹੋ ਗਈ। ਸੀਮਾ ਵੀ ਚੁੱਪ ਕਰ ਗਈ, ਪਰ ਅਗਲੀ ਸਵੇਰ ਰੋਸ਼ਨੀ ਦਾ ਬੋਰੀਆ-ਬਿਸਤਰਾ ਚੁਕਵਾ ਕੇ ਧੀ ਸਮੇਤ ਗੋਡਾਊਨ 'ਚ ਰਹਿਣ ਦਾ ਫ਼ੁਰਮਾਨ ਜਾਰੀ ਕਰ ਦਿੱਤਾ ਗਿਆ।

******

"ਤੂੰ ਆਪਣਾ ਨੰਬਰ ਕਿਵੇਂ ਦਿੱਤਾ ਸਿੱਧਾ, ਮੈਨੂੰ ਬਸ ਇਸ ਗੱਲ ਦਾ ਜਵਾਬ ਚਾਹੀਦੈ। ਤੈਨੂੰ ਪਤਾ ਹੈ ਉਹ ਮੁੰਡਾ ਕੌਣ ਸੀ, ਜੀਹਦੇ ਨਾਲ ਨਾਈਟ ਲਾ ਕੇ ਆਈ ਏਂ। ਮੇਰੇ ਮੁੰਡੇ ਦਾ ਪੱਕਾ ਬੇਲੀ ਏ। ਤੇਰੇ ਕਰਕੇ ਸਾਡਾ ਨੱਕ ਵੱਢਿਆ ਗਿਐ ਭੈਂ ।ਅਸੀਂ ਸਮਾਜ 'ਚ ਤੁਰਨਾ ਨਹੀਂ। ਅਗਲਾ ਦੋ ਆਨੇ ਦਾ ਲਾਲਾ ਮੇਰੇ ਮੁੰਡੇ ਨੂੰ ਹੱਸ-ਹੱਸ ਟਿੱਚਰਾਂ ਕਰਦੈ। ਅਖੇ, ਅਸੀਂ ਨਹੀਂ ਕਰਦੇ ਕਰਵਾਉਂਦੇ ਕੋਈ ਗਲਤ ਕੰਮ। ਤੁਹਾਡੇ ਗਡਾਊਨ ਵਾਲੀ ਰਜਨੀ ਨਾਲ ਜੰਨਤ ਲੁੱਟੀ ਏ।" ਬਾਊ ਅਸ਼ੋਕ ਦਾ ਨਜ਼ਲਾ ਨਵੀਂ ਆਈ ਰਜਨੀ 'ਤੇ ਨਿਕਲ ਰਿਹਾ ਸੀ, ਤੇ ਇੱਧਰ ਰੋਸ਼ਨੀ ਗੁਨ੍ਹੂੰ ਦੁਆਲੇ ਹੋਈ ਖੜ੍ਹੀ ਸੀ,

"ਕਿੰਨੀ ਵਾਰੀ ਆਖਿਐ ਕਿਸੇ ਦੇ ਕਮਰੇ 'ਚ ਨਾ ਜਾਇਆ ਕਰ। ਮਾਂ, ਮਾਂ ਹੁੰਦੀ ਏ। ਅਗਲੀ ਨੇ ਧੱਕਾ ਮਾਰ ਕੇ ਬਾਹਰ ਕੱਢ 'ਤਾ, ਹਰਾਮੀ ਨਟਵਰ ਵੀ ਅੰਦਰ ਸੀ !" ਜਿਵੇਂ ਹੀ ਨਟਵਰ ਨੂੰ ਉਸ ਕਮਰੇ 'ਚੋਂ ਬਾਹਰ ਆਉਂਦਾ ਵੇਖਿਆ ਜਿਧਰੋਂ ਗੁਨ੍ਹੂੰ ਨੂੰ ਬਾਹਰ ਕੱਢਿਆ ਗਿਆ ਸੀ, ਤਾਂ ਰੋਸ਼ਨੀ ਦਾ ਪਾਰਾ ਸੱਤਵੇਂ ਅਸਮਾਨ 'ਤੇ ਚੜ੍ਹ ਗਿਆ। ਉਹ ਜੁੱਤੀ ਲੈ ਕੇ ਬਾਲੜੀ ਦੇ ਮਗਰ ਪੈ ਗਈ ਤੇ ਉਹ ਬਚਣ ਲਈ, "ਬਾਊ ਦੀ, ਬਾਊ

ਦੀ ਦੰਦੀ, ਲੋਸ਼ਨੀ। ਮੈਨੂੰ ਮਾਲਦੀ ਏ।" ਉਸ ਦੇ ਹੱਥੋਂ ਛੁੱਟ ਕੇ ਉਹ ਬਾਊ ਅਸ਼ੋਕ ਦੇ ਕੰਧਾੜੇ ਜਾ ਚੜ੍ਹੀ।

ਤੀਸਰੇ ਵਰ੍ਹੇ 'ਚ ਲੱਗ ਗਈ ਰੋਸ਼ਨੀ ਤੋਤਲੀਆਂ ਗੱਲਾਂ ਨਾਲ ਸਭ ਦਾ ਮਨ ਮੋਹ ਲੈਂਦੀ। ਜੰਨਤ ਦੀ ਕੁੱਖ 'ਚੋਂ ਜੰਮੀ ਨੰਨ੍ਹੀ ਪਰੀ ਨੂੰ ਹਰ ਕੋਈ ਲਾਡ ਲਡਾਉਂਦਾ, ਪਰ ਜ਼ਿੰਦਗੀ ਦੀਆਂ ਔੜਾਂ 'ਚੋਂ ਲੰਘੀ ਰੋਸ਼ਨੀ ਉਸ ਦੇ ਅੱਖੋਂ ਉਹਲੇ ਹੁੰਦਿਆਂ ਤੂਫ਼ਾਨ ਮਚਾ ਦਿੰਦੀ।

ਦੁੱਧਮੂੰਹੀਂ ਬੱਚੀ ਨੂੰ ਸ਼ਬਨਮ ਕੋਲ ਛੱਡ ਕੇ ਪੇਸ਼ਕਾਰੀ ਲਈ ਗਈ ਹੋਈ ਸੀ। ਜਿਵੇਂ ਹੀ ਐਂਟਰੀ ਲਗਾ ਕੇ ਬੈਕ ਸਟੇਜ ਮੁੜੀ, ਕੁੱਛੜ ਚੁੱਕੀ ਬਾਲੜੀ ਦੇ ਮੂੰਹ 'ਚ ਮੂੰਹ ਪਾ ਕੇ ਲਾਡ ਕਰਦੇ ਨਟਵਰ 'ਤੇ ਅਜਿਹਾ ਗੁੱਸਾ ਚੜ੍ਹਿਆ ਕਿ ਕੋਲ ਪਈ ਲੋਹੇ ਦੀ ਰਾਡ ਲੈ ਕੇ ਸਿੱਧੀ ਸਿਰ ਵੱਲ ਵਗਾਹ ਮਾਰੀ। ਅਚਾਨਕ ਉਹ ਹੇਠਾਂ ਹੋ ਗਿਆ, ਤੇ ਉਸ ਦੇ ਸਿਰ ਦਾ ਬਚਾਅ ਹੋ ਗਿਆ। ਫਿਰ ਕੋਲ ਪਈ ਕੁਰਸੀ ਚੁੱਕ ਕੇ ਉਸ ਦੀਆਂ ਖੁੱਚਾਂ ਭੰਨ ਸੁੱਟੀਆਂ। ਕੁੱਟ-ਕੁੱਟ ਕੇ ਹੰਭ ਗਈ, ਤਾਂ ਇੰਨੀ ਰੱਜ ਕੇ ਦਾਰੂ ਪੀਤੀ, ਕਿ ਬਾਲੜੀ ਦੇ ਦੁੱਧ ਵਾਲੀ ਬੋਤਲ 'ਚ ਸ਼ਰਾਬ ਭਰ ਕੇ ਮੂੰਹ ਨੂੰ ਬੋਤਲ ਲਾ ਦਿੱਤੀ। ਉਹ ਤਾਂ ਭਲਾ ਹੋਵੇ, ਨਿੰਦੀ ਦਾ ਜਿਸ ਨੇ ਵੇਖ ਲਿਆ ਤੇ ਵੇਲੇ ਸਿਰ ਕੁੜੀ ਨੂੰ ਸੰਭਾਲ ਲਿਆ। ਆਪ ਦੋ ਬੱਚਿਆਂ ਦੀ ਮਾਂ ਨਿੰਦੀ ਵੀ ਭਾਵੇਂ ਆਮ ਡਾਂਸਰਾਂ ਵਾਂਗ ਹੀ ਸੀ, ਪਰ ਮਾਂ ਦੀ ਮਮਤਾ ਨੂੰ ਸਮਝਦੀ ਸੀ, ਤੇ ਮਿਲਜੁਲ ਕੇ ਪਲਦੀ ਦਿਨਾਂ ਮਹੀਨਿਆਂ ਦਾ ਗੇੜ ਪਾਰ ਕਰਦੀ ਗੁਨੂੰ ਤਿੰਨ ਵਰ੍ਹਿਆਂ ਦੀ ਹੋ ਗਈ। ਚੌਥੇ ਵਰ੍ਹੇ 'ਚ ਲੱਗੀ ਗੁਨੂੰ ਨੂੰ ਹਰ ਗੱਲ ਨਾਲ 'ਮਾਂ, ਮਾਂ ਹੁੰਦੀ ਏ ਪੁੱਤ' ਕਹਿਣਾ ਰੋਸ਼ਨੀ ਦਾ ਤਕੀਆ ਕਲਾਮ ਬਣ ਗਿਆ ਸੀ।

ਪਰੀਲੋਕ ਦੀ ਸ਼ਹਿਜ਼ਾਦੀ ਦਿਸਦੀ ਗੁਨੂੰ ਨੂੰ ਡਾਂਸ ਫਲੋਰ 'ਤੇ ਵੇਖ ਕੇ ਰੋਸ਼ਨੀ ਉਸ ਵੇਲੇ ਪਾਗਲ ਹੋ ਗਈ, ਜਦੋਂ ਵਿਆਂਹਦੜਾ ਦੇ ਰਿਸ਼ਤੇਦਾਰ ਗੁਨੂੰ ਨੂੰ ਮੋਢੇ 'ਤੇ ਚੁੱਕ ਕੇ ਲਾਡ ਲਡਾਉਂਦੇ ਨੱਚ ਰਹੇ ਸਨ। ਆਵ ਦੇਖਿਆ ਨਾ ਤਾਵ ਸਟੇਜ ਤੋਂ ਛਲਾਂਗ ਮਾਰੀ ਤੇ ਭੀੜ ਹੱਥੋਂ ਬਾਲੜੀ ਖੋਹ ਕੇ ਬੈਕ ਸਟੇਜ ਲੈ ਗਈ। ਨਿੱਕੀ ਜਿਹੀ ਧੀ ਨੂੰ ਕੁੱਟ-ਕੁੱਟ ਕੇ ਮਲੀਦਾ ਕਰ ਦਿੱਤਾ। ਧੀ ਨੂੰ ਇਸ ਖਲਜਗਣ ਤੋਂ ਦੂਰ ਕਿਵੇਂ ਕਰੇ, ਸੋਚ ਉਸ ਨੂੰ ਬੁਰੀ ਤਰ੍ਹਾਂ ਪਰੇਸ਼ਾਨ ਕਰਦੀ।

ਇੱਕ ਸ਼ਾਮ ਕੱਪੜੇ ਧੋਂਦੀ ਪਈ ਨੂੰ ਖ਼ਿਆਲ ਆਇਆ ਪੰਦਰਾਂ-ਵੀਹਾਂ ਮਿੰਟਾਂ ਤੋਂ ਗੁਨੂੰ ਨਾ ਤਾਂ ਦਿਖਾਈ ਦਿੱਤੀ ਸੀ ਤੇ ਨਾ ਹੀ ਉਸ ਦੀ ਆਵਾਜ਼ ਸੁਣੀ ਸੀ। ਦਿਲ ਨੂੰ ਹੌਲ ਉੱਠਿਆ ਤੇ ਹੱਥ 'ਚ ਥਾਪਾ ਲੈ ਕੇ ਹਾਬੜਿਆਂ ਵਾਂਗ ਕੁੜੀ ਨੂੰ ਭਾਲਣ ਲੱਗੀ। ਜਿਵੇਂ ਹੀ ਕੈਂਟਰ ਡਰਾਈਵਰ ਦਾਨੇ ਦੇ ਕਮਰੇ ਵਿੱਚੋਂ ਗੁਨੂੰ ਦੀ ਆਵਾਜ਼ ਦਾ ਝਉਲਾ ਪਿਆ, ਠਾਹ ਕਰਦਾ ਦਰਵਾਜ਼ਾ ਖੋਲ੍ਹ ਦਿੱਤਾ। ਬਿਸਤਰੇ 'ਤੇ ਲੰਮੀ ਪਈ ਗੁਨੂੰ ਦਾ ਝੱਗਾ ਚੁੱਕ ਕੇ ਢਿੱਡ ਨਾਲ ਮੂੰਹ ਲਾਈ ਬੈਠਾ ਦਾਨਾ ਤ੍ਰਹਿ ਕੇ ਉੱਠ ਖਲੋਤਾ। ਅਧਨੰਗੀ ਪਈ ਧੀ ਵੇਖ ਕੇ ਉਹ ਜ਼ਖ਼ਮੀ ਸ਼ੇਰਨੀ ਬਣ ਦਹਾੜ ਪਈ। ਬਚਾਅ ਕਰਨ ਲਈ ਦਾਨਾ ਅੱਗੇ-ਅੱਗੇ ਤੇ ਹੱਥ 'ਚ ਥਾਪਾ ਫੜੀ ਰੋਸ਼ਨੀ ਪਿੱਛੇ-ਪਿੱਛੇ। ਪਤਾ ਨਹੀਂ ਮਰੀਅਲ ਜਿਹੀ 'ਚ ਹਾਥੀ ਵਰਗਾ ਜ਼ੋਰ ਕਿੱਥੋਂ ਆਇਆ। ਢਿੱਡ 'ਚ ਗੋਡਾ ਦੇ ਕੇ ਥਾਪੇ ਨਾਲ ਕਿੰਨੇ ਵਾਰ ਦਾਨੇ ਦੇ ਗੋਡਿਆਂ 'ਤੇ ਕੀਤੇ ਰੱਬ ਜਾਣੇ। ਉਹਦੇ ਸੱਜੇ ਗੋਡੇ ਦੀ ਚੱਪਣੀ ਟੁੱਟ ਗਈ। ਇੱਕ ਵਾਰੀ ਜਾਨ ਬਚਾਅ ਕੇ ਅਜਿਹਾ ਰਫੂ ਚੱਕਰ ਹੋਇਆ ਕਿ ਫਿਰ ਕਦੀ ਬਾਊ ਦੇ ਗੋਡਾਊਨ ਦੇ ਆਸੇ-ਪਾਸੇ ਤਾਂ ਕੀ, ਦੁਨੀਆਂ ਜਹਾਨ ਦੇ ਕਿਸੇ ਗੇੜੇ 'ਚ ਵੀ ਨਜ਼ਰੀਂ ਨਾ ਚੜ੍ਹਿਆ।

ਬਾਊ ਅਸ਼ੋਕ ਨੇ ਹਮੇਸ਼ਾ ਗੁਨੂੰ ਨੂੰ ਪਿਉ ਵਾਲਾ ਲਾਡ ਲਡਾਇਆ ਸੀ। ਇੱਥੋਂ ਤੱਕ ਕਿ ਉਸ ਦਾ ਡਾਕਖਾਨੇ 'ਚ ਖਾਤਾ ਖੁੱਲ੍ਹਵਾ ਕੇ ਹਰ ਮਹੀਨੇ ਕੁਝ ਪੈਸੇ ਵੀ ਜਮ੍ਹਾ ਕਰਵਾਉਣ ਲੱਗਿਆ ਸੀ, ਪਰ ਦੁੱਧ ਦੀ ਸੜੀ ਰੋਸ਼ਨੀ ਪਾਣੀ ਵੀ ਫੂਕਾਂ ਮਾਰ ਕੇ ਪੀਣ ਲੱਗੀ ਸੀ।

ਬੋਲਣ ਲੱਗਿਆਂ ਰਤਾ ਲਿਹਾਜ਼ ਨਾ ਕਰਦੀ, " ਕੋਰੇ ਕੁੱਜੇ 'ਚ ਪਹਿਲਾ ਜਾਗ ਉਸ ਲੰਗੜੇ ਨੇ ਲਾਇਆ, ਫਿਰ ਵੀ ਮੇਰੀ ਕੁੱਖ ਭੰਡਦਾ ਰਿਹਾ। ਅਖੇ, "ਪਤਾ ਨਹੀਂ ਕੀਹਦਾ ਬੀ ਚੱਕੀ ਫਿਰਨੀ ਏਂ। ਹਰਾਮੀਆਂ ਤੂੰ ਨਹੀਂ ਜਾਣਦਾ, ਤੇਰੇ ਘਰ ਵੜੀ ਨੇ ਦਹਿਲੀਜ਼ ਪਾਰ ਉਦੋਂ ਕੀਤੀ ਜਦੋਂ ਤੂੰ ਧੱਕਾ ਮਾਰ ਕੇ ਦਰਵਾਜ਼ਾ ਬੰਦ ਕਰ ਲਿਆ, ਕੰਜਰ ਕਿਸੇ ਥਾਂ ਦਾ। ਜਦੋਂ ਸੱਕਾ ਪਿਉ ਆਵਦਾ ਨਹੀਂ ਬਣਿਆ, ਬੇਗਾਨੇ



ਕਿੱਥੋਂ ਪਿਉ ਬਣ ਜਾਣਗੇ। ਜ਼ਿਆਦਾ ਬਾਊ ਜੀ, ਬਾਊ ਜੀ ਨਾ ਕਰਿਆ ਕਰ ਗੁਨੂੰ, ਮਾਂ, ਮਾਂ ਹੁੰਦੀ ਏ। ਅਦਾਲਤਾਂ ਦੇ ਧੱਕੇ ਖਾ-ਖਾ ਕੇ ਬੰਨ੍ਹ 'ਤਾ ਹਜ਼ਾਰ ਰੁਪਈਆ ਖਰਚਾ। ਹਜ਼ਾਰ ਰੁਪਈਏ ਨਾਲ ਜ਼ਿੰਦਗੀ ਚੱਲਦੀ ਏ ਭਲਾ।"

ਉਸ ਦੇ ਇਨ੍ਹਾਂ ਸੜੇ ਬੋਲਾਂ ਦਾ ਗੁਨੂੰ ਤੇ ਬਾਊ ਅਸ਼ੋਕ ਦੇ ਮੋਹ ਭਰੇ ਰਿਸ਼ਤੇ 'ਤੇ ਕੋਈ ਅਸਰ ਨਾ ਪੈਂਦਾ। ਗੁਨੂੰ ਨੂੰ ਹਮੇਸ਼ਾ ਬਾਊ ਅਸ਼ੋਕ ਆਪਣਾ ਸੁਰੱਖਿਆ ਕਵਚ ਜਾਪਦਾ।

"ਮਾਰਾਂਗੇ ਆਪਾਂ ਰੋਸ਼ਨੀ ਨੂੰ, ਅੱਛਾ ਦੱਸੋ ਮੇਰਾ ਗੁਨੂੰ ਪੁੱਤਰ ਕੀ ਕਰਦਾ ਸੀ? ਰੋਸ਼ਨੀ ਨੇ ਮਾਰਿਆ ਕਿਉਂ।" ਉਹ ਗੁਨੂੰ ਨਾਲ ਲਾਡ ਲਡਾਉਣ ਲੱਗਿਆ।

"ਮੈਂ ਸ਼ਬਨਮ ਮਾਸ਼ੀ ਦੇ ਕਮਰੇ 'ਚ ਟੀ.ਵੀ. 'ਤੇ ਬੱਚਿਆਂ ਦਾ ਕੰਜਰਖ਼ਾਨਾ ਵੇਖਦਾ ਸ਼ੀ । ਐਵੇਂ-ਐਵੇਂ ਨੱਚਦੇ ਸ਼ੀ ਤਾਲੇ।" ਲੱਕ ਮਟਕਾ ਕੇ ਹੱਥ ਨਾਲ ਜਿਵੇਂ ਹੀ ਗੁਨੂੰ ਨੇ ਨ੍ਰਿਤ ਦੀ ਮੁੱਦਰਾ ਬਣਾਈ ਤੜਾ ਕ, ਕਰਦੀ ਚਪੇੜ ਅਣਭੋਲ ਬਾਲੜੀ ਦੀ ਗੱਲ੍ਹ 'ਤੇ ਅਜਿਹੀ ਪਈ, ਕਿ ਉਂਗਲਾਂ ਛਪ ਗਈਆਂ।

ਉਸੇ ਦਿਨ ਬੱਸ ਫੜੀ ਤੇ ਰੋਸ਼ਨੀ, ਗੁਨੂੰ ਨੂੰ ਮਾਂ ਕੋਲ ਲੁਧਿਆਣੇ ਛੱਡ ਆਈ। ਜਦੋਂ ਵਿਹਲ ਮਿਲਦੀ ਆਪ ਜਾ ਕੇ ਮਿਲ ਆਉਂਦੀ, ਪਰ ਗੁਨੂੰ ਨੂੰ ਦੁਬਾਰਾ ਗੋਡਾਊਨ ਦੀ ਸ਼ਕਲ ਨਾ ਵਿਖਾਈ। ਫਿਰ ਵੀ ਬਾਊ ਨਾਲੋਂ ਗੁਨੂੰ ਦਾ ਮੋਹ ਕਦੀ ਨਾ ਘਟਿਆ। ਬੀਮਾਰ ਪੈ ਜਾਂਦੀ ਤਾਂ ਬੇਸੁਰਤ ਹੋ ਕੇ ਬਾਊ, ਬਾਊ ਕਰਦੀ। ਫ਼ੋਨ 'ਤੇ ਆਵਾਜ਼ ਸੁਣ ਕੇ ਬਾਊ ਜੀ ਬਾਊ ਜੀ ਕਰਦੀ ਸਕੂਲ ਜਾਣ ਲੱਗੀ ਸੀ, ਤੇ ਇੱਧਰ ਰੋਸ਼ਨੀ ਦਿਨ-ਰਾਤ ਪੈਸੇ ਕਮਾਉਣ ਵਾਲੀ ਮਸ਼ੀਨ ਬਣੀ ਨਿੱਤ ਨਸ਼ੇ ਦੀ ਖ਼ੁਰਾਕ ਵਧਾਉਣ ਲੱਗੀ ਸੀ। ਉਹ ਡਿਮਾਂਡ ਵਿੱਚ ਤਾਂ ਸੀ, ਪਰ ਉਸ ਦੀ ਸਟੇਜ ਬਦਲ ਚੁੱਕੀ ਸੀ। ਉਹ ਨਾਈਟ ਲਈ ਜਾਂਦੀ, ਪਰ ਨਾਚ ਬਦਲ ਗਿਆ ਸੀ।

"ਵਿਆਹ ਕਰਾ ਲੈਣਾ ਆਪਾਂ ਵੀ ਹੁਣ। ਸ਼ਕਲ ਨਹੀਂ ਵੇਖਣੀ ਇਸ ਕੰਜਰਖ਼ਾਨੇ ਦੀ ਮੁੜ ਕੇ ਕਦੀ।" ਅਨੀਤਾ ਦੀ ਇੱਛਾ ਸੁਣ ਕੇ ਰੋਸ਼ਨੀ ਜ਼ੋਰ-ਜ਼ੋਰ ਦੀ ਹੱਸਦੀ।

"ਆਹੋ ਮੈਂ ਵੀ ਕਰਾਇਆ ਸੀ।"

"ਜ਼ਰੂਰੀ ਤਾਂ ਨਹੀਂ ਮੇਰੇ ਨਸੀਬ ਵੀ ਤੇਰੇ ਅਰਗੇ ਹੋਣ। ਭੂਆ ਵੀ ਤਾਂ ਵੇਖ, ਅਗਲੀ ਨੇ ਡਾਕਟਰ ਦੇ ਬਾਲਾਂ 'ਚੋਂ ਸੁੱਖ ਪਾ ਲਿਆ। ਨਾਨੀ, ਦਾਦੀ ਕਰਦੇ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਉਸ ਦਾ ਮਿੰਟ ਵਸਾਹ ਨਹੀਂ ਖਾਂਦੇ। ਸਗੋਂ ਮੇਰੀ ਮੰਨ, ਤੂੰ ਵੀ ਕਿਸੇ ਚੰਗੇ ਦੋਸਤ ਨਾਲ ਵਿਆਹ ਕਰਵਾ ਕੇ ਗੁਨੂੰ ਦੇ ਸਿਰ ਪਿਉ ਦਾ ਸਾਇਆ ਧਰ ਦੇ।" ਅਨੀਤਾ ਮੱਤ ਦਿੰਦੀ।

"ਇਸ ਸਭ ਨਾਲੋਂ ਤਾਂ ਸੰਨੀ ਤੇ ਸਿਮਰਨ ਵਧੀਆ ਨੇ। ਅਗਲੀ ਮੂੰਹ 'ਚੋਂ ਕੱਢਦੀ ਨਹੀਂ ਤੇ ਮੰਗ ਹਾਜ਼ਰ। ਤਲੀਆਂ 'ਤੇ ਚੁੱਕੀ ਫਿਰਦੈ ਅਗਲਾ। ਨਾ ਲਾਵਾਂ, ਨਾ ਤਲਾਕ। ਬੰਧਨ ਮੁਕਤ ਪਿਆਰ ਹੀ ਪਿਆਰ।" ਜਿਵੇਂ ਹੀ ਸ਼ਿਖਾ ਨੇ ਬਾਹਾਂ ਖੋਲ੍ਹ ਕੇ ਚੱਕਰ ਕੱਟਿਆ, ਖੁਸ਼ਬੂ ਜਿਸ ਦੀ ਭੈਣ ਅਜਿਹੇ ਰਿਸ਼ਤੇ ਦੀ ਭੇਂਟ ਚੜ੍ਹ ਕੇ ਆਤਮ-ਹੱਤਿਆ ਕਰ ਚੁੱਕੀ ਸੀ ਬੋਲ ਪਈ,

"ਲਿਵ ਇਨ ਰਿਲੇਸ਼ਨਸ਼ਿਪ ਕਹਿੰਦੇ ਨੇ ਇਹਨੂੰ। ਅਧਮੋਇਆ ਰਿਸ਼ਤਾ। ਨਾ ਘਰਵਾਲਾ, ਨਾ ਘਰਵਾਲੀ। ਬਾਹਰੋ-ਬਾਹਰ ਜਿਹੜਾ ਰਿਸ਼ਤਾ ਨਿਭਾਇਆ ਜਾਵੇ 'ਕੁੱਤਖਾਨਾ' ਆਖ ਲੌ, ਤੇ ਭਾਵੇਂ ਰੰਡੀ ਖ਼ਾਨਾ। ਸਹੀ ਮਾਅਨਿਆਂ 'ਚ ਅਸਲੀ 'ਕੰਜਰਖਾਨਾ' ਹੁੰਦੈ। ਚੋਰੀ ਨਿਭਾਏ ਜਾਣ ਵਾਲੇ ਰਿਸ਼ਤੇ ਨਹੀਂ ਹੁੰਦੇ, ਅੱਯਾਸ਼ੀ ਦੇ ਅੱਡੇ ਹੁੰਦੇ ਨੇ।" ਖ਼ੁਸ਼ਬੂ ਦੀ ਗੱਲ ਦੀ ਹਾਮੀ ਭਰਦੀ ਸ਼ੀਨਮ ਲਵੀ ਨੂੰ ਯਾਦ ਕਰ ਬੈਠੀ, ਜਿਹੜੀ ਕੈਨੇਡਾ ਜਾਣ ਦਾ ਸੁਪਨਾ ਲੈ ਕੇ ਨੱਚ-ਨੱਚ ਧੂੜਾਂ ਪੱਟ ਦਿੰਦੀ ਸੀ।

"ਲਵੀ, ਹੀ ਵੇਖ ਲੌ। ਕਿੱਥੇ ਕਨੈਡਾ ਜਾਂਦੀ-ਜਾਂਦੀ ਪੂਨੇ ਬਾਰ ਟੈਂਡਰ ਬਣ ਕੇ, ਜਿਊਣ ਦੇ ਬਹਾਨੇ ਭਾਲਦੀ ਫਿਰਦੀ ਏ। ਬੁਆਏ ਫਰੈਂਡ 'ਜੰਟ ਨਾਲ ਗਿਟਮਿਟ ਕਰਕੇ ਉਹਦੇ ਪੈਸੇ ਆਪਣੇ ਅਕਾਊਂਟ 'ਚ ਪੁਆ ਕੇ ਜਹਾਜ਼ ਚੜ੍ਹ ਗਿਆ ਤੇ ਇਹ ਪੜ੍ਹੀ-ਲਿਖੀ ਅਨਪੜ੍ਹ ਦਿੱਲੀ ਏਅਰਪੋਰਟ ਟੈਕਸੀ 'ਤੇ ਗਈ, ਟਰੱਕਾਂ-ਕੈਂਟਰਾਂ 'ਚ ਲਿਫ਼ਟ ਮੰਗ-ਮੰਗ ਕੇ ਜਿਹੜੇ ਹਾਲ ਵਾਪਸ ਪਰਤੀ ਭੁੱਲ ਏ ਕਿਸੇ ਨੂੰ।" ਉਸ ਦੀ ਗੱਲ

ਨੇ ਸਾਰੀਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ, ਤੇ ਸਾਰਿਆਂ ਵਿੱਚੋਂ ਸੂਝਵਾਨ ਸਮਝੀ ਜਾਣ ਵਾਲੀ ਅਨੀਤਾ ਦਾ ਪੱਖ ਜਾਣਨ ਲਈ ਉਸ ਦਾ ਹੁੰਗਾਰਾ ਉਡੀਕਣ ਲੱਗੀਆਂ। ਸੋਚ ਵਿਚਾਰ ਕੇ ਅਨੀਤਾ ਸਾਰ ਪੇਸ਼ ਕਰਨ ਲੱਗੀ,

"ਵੇਖੋ ! ਨਸ਼ਾ, ਸੈਕਸ, ਪੈਸਾ ਤਿੰਨ ਮੂਲ ਮੰਤਰ ਨੇ ਆਪਣੇ ਧੰਦੇ ਦੇ। ਬੁਰਾ ਵੇਖਣਾ, ਬੁਰਾ ਸੁਣਨਾ ਤੇ ਬੁਰਾ ਬੋਲਣਾ ਆਪਣੇ ਧੰਦੇ ਦੇ ਤਿੰਨ ਨਿਯਮ ਨੇ, ਪਰ ਈਮਾਨਦਾਰੀ ਧੰਦੇ ਦਾ ਅਸੂਲ ਹੈ। ਜੇ ਧੰਦਾ ਈਮਾਨਦਾਰੀ ਨਾਲ ਨਾ ਕੀਤਾ ਜਾਵੇ, ਤਾਂ ਫਿਰ ਹਾਲ ਸੁਨੀਲ ਤੇ ਉਹਦੇ ਪੁੱਤਰ ਵਰਗਾ ਹੁੰਦੈ। ਬੈਠੇ ਨੇ ਕਿ ਨਹੀਂ ਜੇਲ੍ਹ 'ਚ। ਬਾਊ ਨੂੰ ਧੋਖਾ ਦਿੱਤਾ, ਭੁੱਲ ਏ ਕਿਸੇ ਨੂੰ। ਓ ਤਾਂ ਬਾਊ ਦੀ ਸਮਝਦਾਰੀ ਸੀ ਕੱਜੇ ਕੰਨੀਂ ਦੀਪਾ ਦੀਦੀ ਵਿਆਹ ਕੇ ਤੋਰ ਦਿੱਤੀ। ਅਗਲੀ ਆਪਣਾ ਡਾਂਸ ਸਕੂਲ ਚਲਾਉਂਦੀ ਏ। ਸੁਨੀਲ ਹਰਾਮੀ ਸੀ ਤੇ ਹਰਾਮਜ਼ਦਗੀ ਵਾਲੀ ਕੋਈ ਕਸਰ ਨਹੀਂ ਛੱਡੀ ਕੁੱਤੇ ਨੇ। ਸਮੈਕ ਦਾ ਕਾਰੋਬਾਰ ਚਲਾ ਕੇ ਸਾਡੀਆਂ ਸਾਥਣਾਂ ਨੂੰ ਗਾਹਕ ਬਣਾ ਕੇ ਨਸ਼ੇੜੀ ਬਣਾ 'ਤਾ ਹਰਾਮੀਆਂ ਨੇ। ਸੌ ਦਿਨ ਚੋਰ ਦਾ ਤੇ ਇੱਕ ਦਿਨ ਸਾਧ ਦਾ, ਆਖਰ ਧਰੇ ਗਏ। ਹੁਣ ਬਾਊ ਅਸ਼ੋਕ ਦੀ ਈਮਾਨਦਾਰੀ ਦੇ ਸਿਰ 'ਤੇ ਈ ਏ ਨਾ। ਵੇਖੋ ਦਸ-ਦਸ ਸਾਲਾਂ ਤੋਂ ਜੁੜੀਆਂ ਕੁੜੀਆਂ ਅੱਜ ਵੀ ਬਾਊ ਨੂੰ 'ਹੁਕਮ ਮੇਰੇ ਆਕਾ' ਆਖਦੀਆਂ ਬੋਤਲ ਦੀ ਜਿੰਨੀ ਬਣੀਆਂ ਹੋਈਆਂ ਨੇ। ਰੋਸ਼ਨੀ, ਸ਼ੀਨਮ, ਸ਼ਬਨਮ, ਰੇਣੂ ਤਾਂ ਚਲੋ ਇੱਥੇ ਦੀਆਂ ਇਥੇ ਨੇ, ਪਰ ਲਵੀ ਵਰਗੀ ਵੇਖ ਲੋ ਅਗਲੀ ਪੂਨੇ ਬਾਰ ਟੈਂਡਰ ਦਾ ਕੰਮ ਕਰਨ ਦੇ ਨਾਲ-ਨਾਲ ਬਾਊ ਦੇ ਸ਼ੋਅ ਵੀ ਹਿੱਸੇ 'ਤੇ ਲੁਆਉਂਦੀ ਏ। ਦਿਲ ਨਾਲ ਕੰਮ ਕਰੋ ਪਰ ਦਿਲ ਨਾ ਲਗਾਓ ਨੀਤੂ ਨੂਰਾਨੀ ਜਿਸ ਪੁੱਤਰ ਲਈ ਗਲੀਆਂ ਦੇ ਕੱਖਾਂ ਵਾਂਗ ਰੁਲੀ, ਉਸੇ ਨੇ ਮਾਂ ਨੂੰ ਆਸ਼ਕ ਨਾਲ ਵੇਖ ਕੇ ਵੱਢ 'ਤਾ, ਤੇ ਜੇਲ੍ਹ ਜਾ ਪਹੁੰਚਿਆ। ਕਿਸੇ ਨੇ ਵੱਟੀ ਨਹੀਂ ਵਾਹੀ ਅਗਲੇ ਦੀ। ਭਾਵੇਂ ਕੋਈ ਬਾਊ ਸੀ ਤੇ ਭਾਵੇਂ ਸ਼ਾਊ ।"

ਉਸ ਦੀ ਗੱਲ ਨੂੰ ਕੱਟਦੀ ਰੇਣੂ ਬੋਲ ਪਈ, "ਫਿਰ ਤਾਂ ਸਾਜਨ ਦੇ ਗਰੁੱਪ ਵਾਲੀ ਚੰਨੋ ਸਹੀ ਏ। ਤਿੰਨ ਪੀੜ੍ਹੀਆਂ ਨੂੰ ਇੱਕੋ ਪੁਲ ਹੇਠੋਂ ਲੰਘਾ ਕੇ ਸੱਤ ਸਮੁੰਦਰ ਤਰਦੀ ਫਿਰਦੀ ਏ। ਹਾਹਾਹਾਹਾ "

"ਆਹੋ ਸੱਚੀਂ, ਉਹਦੇ ਤਾਂ ਪਿਉ ਪੁੱਤ ਦੋਵੇਂ ਆਸ਼ਕ ਨੇ।" ਉਸ ਦੀ ਗੱਲ ਸ਼ੀਨਮ ਨੇ ਕੱਟੀ।

"ਪਿਉ ਪੁੱਤ ਹੀ ਨਹੀਂ ਦਾਦਾ ਵੀ।" ਰੇਣੂ ਨੇ ਸਪੱਸ਼ਟ ਕੀਤਾ।

"ਹੈਂ !"

"ਹਾਂਜੀ, ਸਾਰੀਆਂ ਦੀ 'ਹੈਂ !' ਦੇ ਜਵਾਬ 'ਚ ਰੇਣੂ ਤਣ ਕੇ ਬੋਲੀ। ਦਿਨੇਂ ਪਿਉ ਨਾਲ ਕਾਰ ਦੀ ਲੰਬੀ ਸੈਰ, ਯਾਨੀ ਕਿ 'ਲਾਂਗ ਡਰਾਈਵ' ਕਰਦੀ ਏ, ਸ਼ਾਮ ਨੂੰ ਪੁੱਤਰ ਦੇ ਬੁਲਟ 'ਤੇ ਪਟਾਕੇ ਪਾਉਂਦੀ ਏ, ਯਾਨੀ ਕਿ 'ਗੇੜੀ ਰੂਟ', ਤੇ ਫਿਰ ਵੇਲੇ-ਕੁਵੇਲੇ ਮੌਕਾ ਹੱਥ ਲੱਗਣ 'ਤੇ ਦਾਦੇ ਨਾਲ, ਆ ਬੈਠ ਬੁੜ੍ਹੇ ਦੇ ਟਾਂਗੇ 'ਤੇ ਹਾਹਾਹਾ।"

ਉਹ ਹੱਸੀ, ਫਿਰ ਗੰਭੀਰ ਹੋ ਗਈ, "ਪਰ ਦੱਸੋ ਜੇ ਮੋਟੀ ਰਕਮ ਮਿਲੇ ਤਾਂ ਕੌਣ ਨਾ ਨੱਚੂ। ਉਨ੍ਹਾਂ ਦੀਆਂ ਜੇਬਾਂ 'ਚ ਨੋਟ ਨੱਚਦੇ ਆ ਤੇ ਸਾਡੀ ਮਜਬੂਰੀ ਨੱਚਦੀ ਆ। ਗੌਂ ਜੌਂ ਭੁਨਾਂਦੀ ਏ, ਭਾਈ ਗਿੱਲੇ ਹੋਣ ਜਾਂ ਸੁੱਕੇ ਕੀ ਫਰਕ ਪੈਂਦੈ।"

ਸਮਾਂ ਆਪਣੀ ਚਾਲ ਚੱਲ ਰਿਹਾ ਸੀ, ਤੇ ਜ਼ਿੰਦਗੀ ਆਪਣੀ ਤੋਰ ਤੁਰੀ ਜਾਂਦੀ ਸੀ। ਕਦੀ ਭੱਜਦੀ, ਕਦੀ ਰੇਂਗਦੀ, ਪਰ ਰੁਕਣ ਦੀ ਵਿਹਲ ਕਿਸੇ ਕੋਲ ਨਹੀਂ ਸੀ।

ਲਵੀ ਨੇ ਪੂਨੇ ਬਾਰ ਟੈਂਡਰ ਦੇ ਨਾਲ ਆਰਕੈਸਟਰਾ ਗਰੁੱਪ ਚਲਾ ਲਿਆ ਸੀ, ਬਾਊ ਅਸ਼ੋਕ ਦੀ ਖਾਸਮ-ਖਾਸ ਚਾਂਦਨੀ ਸਵਿਟਜ਼ਰਲੈਂਡ ਤੇ ਸਿੰਗਾਪੁਰ 'ਚ ਸ਼ੋਅ ਸੰਭਾਲਣ ਲੱਗੀ ਸੀ, ਪਰ ਲਗਾਮ ਅਸ਼ੋਕ ਨੇ ਕੱਸ ਰੱਖੀ ਸੀ। ਨਹੀਂ ਹੱਥ ਆਈ ਤਾਂ ਰੂਬੀਨਾ। ਬਾਊ ਅਸ਼ੋਕ ਨੂੰ ਪੌੜੀ ਬਣਾ ਕੇ ਡੰਡੇ ਚੜ੍ਹਦੀ ਸਿੰਗਰਾਂ ਨਾਲ ਡਾਂਸਰ ਬਣ ਕੇ ਨੱਚਦੀ ਕਿੱਥੇ ਦੀ ਕਿੱਥੇ ਜਾ ਪਹੁੰਚੀ। ਕਿਸੇ ਵੇਲੇ ਇੱਕ ਝਲਕ ਲਈ ਨੋਟਾਂ ਦੀ ਬਰਸਾਤ ਕਰਵਾਉਣ ਵਾਲੀ ਰੋਸ਼ਨੀ ਵਿਧਵਾ ਭਰਜਾਈ ਨੂੰ ਵੀ ਆਪਣੇ ਨਾਲ ਕੰਮ 'ਤੇ ਲੈ ਆਈ, ਪਰ



ਇਕੱਲ ਦੀ ਸਤਾਈ ਚੌਥੇ ਦਿਨ ਹੀ ਪ੍ਰੋਗ੍ਰਾਮ ਲਗਾਉਣ ਗਈ ਧੀ ਸਮੇਤ ਕਿਸੇ ਨਾਲ ਉੱਧਲ ਗਈ।

ਜਦੋਂ ਤੱਕ ਮਾਂ ਸੀ ਗੁਨ੍ਹੂੰ ਉਸ ਦੇ ਆਸਰੇ ਛੱਡ ਕੇ ਜਿੰਨਾ ਤਾਣ ਲੱਗਿਆ ਸਰੀਰ 'ਚੋਂ ਪੈਸਾ ਕੱਢਦੀ ਰਹੀ, ਫਿਰ ਮਾਂ ਵੀ ਚੱਲ ਵੱਸੀ ਤੇ ਸੱਤਵੀਂ ਜਮਾਤ 'ਚ ਪੜ੍ਹਦੀ ਧੀ ਨੂੰ ਲੈ ਕੇ ਬਾਊ ਅਸ਼ੋਕ ਦੇ ਕੱਟੜ ਵਿਰੋਧੀ ਕਸ਼ਮੀਰੇ ਦੇ ਗਰੁੱਪ 'ਚ ਜਾ ਰਲੀ। ਇੱਕ ਵਾਰੀ ਕੰਡ ਕਰਨ ਵਾਲੇ ਵੱਲ ਭੌਂ ਕੇ ਵੇਖਣਾ ਬਾਊ ਅਸ਼ੋਕ ਦੀ ਜ਼ਿੰਦਗੀ ਦਾ ਨੇਮ ਨਹੀਂ ਸੀ।

*******

ਕਈ ਰੋਸ਼ਨੀਆਂ ਆਈਆਂ ਤੇ ਕਈ ਗਈਆਂ, ਹੁਣ ਤਾਂ ਅਸ਼ੋਕ ਬਾਊ ਦਾ ਕੰਮ ਵੀ ਉਸ ਦਾ ਪੁੱਤਰ ਸਾਂਭਣ ਲੱਗਿਆ ਸੀ। ਭਾਬੀ ਸੀਮਾ ਤਸਵੀਰ ਬਣ ਕੇ ਕੰਧ 'ਤੇ ਲਟਕ ਚੁੱਕੀ ਸੀ। ਉਸ ਦੀ ਸੀਟ ਉਸ ਦੀ ਨੂੰਹ ਕਮਲ ਨੇ ਸੰਭਾਲ ਲਈ ਸੀ। ਚਲਦੇ ਕੰਮ ਵਿੱਚ ਕੁੜੀਆਂ ਦਾ ਆਉਣਾ-ਜਾਣਾ ਲੱਗਿਆ ਹੋਇਆ ਸੀ। ਨਿੱਕੇ ਬਾਊ ਨੇ ਘਰ ਤੇ ਕੰਮ ਨੂੰ ਵੱਖਰੇ ਦਾਇਰੇ 'ਚ ਸਮੇਟ ਕੇ ਪੱਕਾ ਦਫ਼ਤਰ ਗੋਡਾਊਨ 'ਚ ਬਣਾ ਦਿੱਤਾ ਸੀ, ਤੇ ਉਸ ਦੀ ਮਰਜ਼ੀ ਬਗੈਰ ਕੋਈ ਕੁੜੀ-ਮੁੰਡਾ ਘਰ ਦੇ ਅੰਦਰ ਦਾਖਲ ਹੋਣਾ ਦੂਰ ਦੀ ਗੱਲ, ਦਰਵਾਜ਼ੇ ਅੱਗੋਂ ਵੀ ਨਹੀਂ ਸੀ ਲੰਘ ਸਕਦਾ।

ਫਿਰ ਇਹ ਕੌਣ ਸੀ ਜਿਸਨੇ ਦਰਵਾਜ਼ੇ 'ਤੇ ਲੱਗੀ ਨਾ ਘੰਟੀ ਵਜਾਈ, ਨਾ ਦਸਤਕ ਦਿੱਤੀ, ਤੇ ਗੋਡਾਊਨ ਦੀ ਬਜਾਏ ਸਿੱਧਾ ਘਰ ਦੀ ਦਹਿਲੀਜ਼ ਤੋਂ ਲੌਬੀ ਦੇ ਅੰਦਰ ਆ ਪੈਰ ਧਰਿਆ ਸੀ।

ਅਧੇੜ ਉਮਰ ਦੀ ਮਰੀਅਲ ਜਿਹੀ ਔਰਤ, ਤੇ ਨਾਲ ਪਰੀਆਂ ਜਿਹੀ ਕੁੜੀ ਵੇਖ ਕੇ ਬਾਊ ਅਸ਼ੋਕ ਦਾ ਪੁੱਤਰ, ਜੋ ਨਾਮ ਤੋਂ ਨਹੀਂ 'ਨਿੱਕਾ ਬਾਊ' ਵਜੋਂ ਹੀ ਜਾਣਿਆ ਜਾਂਦਾ ਸੀ, ਨੇ ਹੈਰਾਨੀ ਨਾਲ ਕੌਣ, ਕਿੱਥੋਂ ਤੇ ਕਿਵੇਂ? ਇੱਕੋ ਸਾਹ ਸਵਾਲ ਕੀਤੇ।

"ਬਾਊ ਮੈਂ ਰੋਸ਼ਨੀ, ਮਾਫ਼ ਕਰ ਦੇ। ਸੱਚੀਂ ਦਰ-ਦਰ ਦੀਆਂ ਠੋਕਰਾਂ ਖਾ ਲਈਆਂ। ਕਿਧਰੇ ਢੋਈ ਨਹੀਂ ਮਿਲੀ। ਕੰਮ ਦੀ ਬੜੀ ਲੋੜ ਏ। ਆਹ ਤੁਹਾਡੇ ਹੱਥਾਂ 'ਚ ਪਲੀ ਗੁਨ੍ਹੂੰ ।" ਧੀ ਨੂੰ ਅੱਗੇ ਕਰਦਿਆਂ ਉਸ ਦੀ ਹੁੱਬ ਨਿਕਲ ਗਈ।

ਹੈਰਾਨ ਹੋਏ ਨਿੱਕੇ ਬਾਊ ਨੇ ਦਹਿਲੀਜ਼ ਛੱਡ ਦਿੱਤੀ ਤੇ ਮਾਂ ਧੀ ਲੌਬੀ 'ਚ ਰੱਖੇ ਦੀਵਾਨ 'ਤੇ ਆ ਬੈਠੀਆਂ। ਕੁਰਸੀ ਅੱਗੇ ਕਰਕੇ ਉਸ ਨੇ ਕਮਲ ਨੂੰ ਚਾਹ ਪਾਣੀ ਲਿਆਉਣ ਲਈ ਆਵਾਜ਼ ਦਿੱਤੀ।

"ਕੀ ਦੱਸਾਂ ਬਾਊ, ਇੱਧਰੋਂ ਪੈਰ ਪੁੱਟ ਕੇ ਕਿੱਡੇ ਧੋਖੇ ਖਾਧੇ, ਪਰ ਵਾਪਸ ਕਿਹੜਾ ਮੂੰਹ ਲੈ ਕੇ ਮੁੜਦੀ। ਵੇਖ ਮਾਂ, ਮਾਂ ਹੁੰਦੀ ਏ, ਤੇ ਧੀ ਲਈ ਇਸ ਤੋਂ ਵਧੀਆ ਦਰ ਕੋਈ ਨਹੀਂ ਲੱਗਿਆ, ਤੇ ਆ ਬੈਠੀ ਆਂ।" ਉਹ ਨਿੱਕੇ ਬਾਊ ਦੇ ਪੈਰ ਫੜਨ ਲੱਗੀ।

"ਨਹੀਂ ਤੇ ਫਿਰ ਐਨੇ ਸਾਲ ਰਹੇ ਕਿੱਥੇ ਜੇ ਮੈਂ ਤਾਂ ਪਛਾਣਿਆ ਹੀ ਨਹੀਂ ਤੁਹਾਨੂੰ ਉਮਰ ਤਾਂ ਮਸਾਂ ਅਜੇ ਤੁਹਾਡੀ ਪੈਂਤੀ-ਚਾਲੀ ਹੋਣੀ ਏ ਤੇ ਬਜ਼ੁਰਗਾਂ ਨਾਲੋਂ ਮਾੜਾ ਹਾਲ ਹੋਇਆ ਪਿਐ ?" ਨਿੱਕਾ ਬਾਊ ਉਸ ਦੀ ਹਾਲਤ 'ਤੇ ਤਰਸ ਖਾ ਰਿਹਾ ਸੀ ਜਾਂ ਚੋਟ ਮਾਰ ਰਿਹਾ ਸੀ, ਰੋਸ਼ਨੀ ਨੂੰ ਕੋਈ ਫਰਕ ਨਾ ਪਿਆ।

"ਚਾਹ ਲੈ ਲਵੋ।" ਚਾਹ ਵਾਲੀ ਟ੍ਰੇਅ ਫੜਾ ਕੇ ਕਮਲ ਕਮਰੇ ਅੰਦਰ ਚਲੀ ਗਈ ਤੇ ਲੌਬੀ ਵੱਲ ਖੁੱਲ੍ਹਦਾ ਦਰਵਾਜ਼ਾ ਬੰਦ ਕਰ ਲਿਆ। ਚਾਹ ਦਾ ਕੱਪ ਫੜਦਿਆਂ ਰੋਸ਼ਨੀ ਬੋਲੀ,

"ਉਸੇ ਕਸ਼ਮੀਰੇ ਮੋਏ ਕੋਲ ਸਾਂ। ਮਾਂ ਮਰ ਗਈ ਮੇਰੀ ਕਸ਼ਮੀਰ-ਕਸ਼ਮੀਰ ਕਰਦੀ, ਤੇ ਮੈਂ ਹਰਾਮੀ ਕਸ਼ਮੀਰਾ ਪੱਲੇ ਪਾ ਲਿਆ। ਮੈਨੂੰ ਵਿਆਹ ਦਾ ਝਾਂਸਾ ਦੇ ਕੇ ਪਰਤ-ਪਰਤ ਕੇ ਸੇਕਦਾ ਰਿਹਾ। ਧੀ ਨੂੰ ਪਿਉ ਦਾ ਕੱਜਣ ਮਿਲ ਜਾਵੇਗਾ, ਸੋਚ ਕੇ ਮੈਂ ਉਸ ਅੱਗੇ ਹਥਿਆਰ ਸੁੱਟ ਦਿੱਤੇ। ਕੰਮ ਛੱਡ ਕੇ ਲੁਧਿਆਣੇ ਚਲੇ ਗਏ ਸਾਂ। ਮਕਾਨ ਮੇਰੇ ਕੋਲ ਹੈਗਾ ਈ ਸੀ। ਰੁੱਖੀ-ਮਿੱਸੀ ਖਾ ਕੇ ਇੱਜ਼ਤ ਦੀ ਜ਼ਿੰਦਗੀ ਜੀਅ ਲਵਾਂਗੇ ਸੋਚ ਕੇ ਫੈਕਟਰੀ 'ਚ ਲੱਗ ਗਈ ਮੈਂ, ਪਰ ਨਸ਼ਿਆਂ ਨੇ ਮੇਰਾ ਅੰਦਰ ਸਾੜ 'ਤਾ। ਕੰਮ ਹੋਵੇ ਨਾ। ਲਿਵਰ ਗਲ ਗਿਐ ਮੇਰਾ। ਆਹ ਤੁਹਾਡੇ ਹੱਥਾਂ 'ਚ ਪਲੀ ਬੋਟ ਅੱਠਵੀਂ 'ਚ ਪੜ੍ਹਦੀ ਸੀ, ਪਰ ਮੇਰੀ ਹਾਲਤ ਨੇ ਇਹਦੀ

ਪੜ੍ਹਾਈ ਦੀ ਬਲੀ ਲੈ ਲਈ ।"

"ਨਹੀਂ ਤੇ ਉਹ ਕਸ਼ਮੀਰਾ ਕਿੱਥੇ ਈ ਜਿਹੜਾ ਰੱਬ ਬਣਿਆ ਸੀ ਤੇਰਾ।" ਨਿੱਕੇ ਬਾਊ ਨੇ ਗੱਲ ਟੋਕੀ।

" ਪੁੱਛ ਨਾ ਬਾਊ। ਮੇਰੀ ਤਾਂ ਜਿਵੇਂ ਲੰਘਣੀ ਸੀ ਲੰਘ ਗਈ, ਪਰ ਧੀ ਮੇਰੀ 'ਤੇ ਹਰਾਮੀ ਦੀ ਮਾੜੀ ਨਜ਼ਰ ਮੈਥੋਂ ਝੱਲ ਨਹੀਂ ਹੋਈ।"

ਅਖੇ, " ਰੋਸ਼ਨੀ ਤੇਰੀ ਜ਼ਿੰਦਗੀ ਦਾ ਕੀ ਪਤਾ। ਊਂਅ ਵੀ ਮੇਰਾ ਕਿਹੜਾ ਵਿਆਹ ਹੋਇਐ, ਗੁਨੂੰ ਮੇਰੇ ਨਾਲ ਵਿਆਹ ਦੇ। ਸਾਰੀ ਉਮਰ ਤਖਤ 'ਤੇ ਬਠਾ ਕੇ ਰੱਖੂੰ। ਲੱਤ ਮਾਰੀ ਕੰਜਰ ਦੇ ਨਲਾਂ 'ਚ ਰੱਖ ਕੇ ਮੈਂ। ਆਹ ਤਾਂ ਕੁਰਬਾਨ ਹੋਣ ਨੂੰ ਵੀ ਤਿਆਰ ਹੋ ਗਈ। ਕਹਿੰਦੀ, 'ਮਾਂ, ਮਾਂ ਹੁੰਦੀ ਏ', ਪਰ ਬਾਊ, ਮਾਂ ਹੀ ਸਮਝ ਸਕਦੀ ਏ ਨਾ ਧੀ, ਧੀ ਹੁੰਦੀ ਏ ਤੇ ਮਾਂ, ਮਾਂ ਹੁੱਦੀ ਏ। ਕਿਸੇ ਬੇਗਾਨੇ ਨੂੰ ਕੀ ਪੀੜ। ਮੈਂ ਸਿੱਧੀ ਪੁੱਠੀ ਹੋਈ, ਤੇ ਭਾਵੇਂ ਲੱਖ ਉੱਤੇ-ਥੱਲੇ ਹੋਈ ਹੋਵਾਂ, ਧੀ ਵਾਸਤੇ ਮੈਂ ਸਭ ਕੀਤਾ ਜੋ ਚਾਰ ਛਿੱਲੜ ਕਮਾਉਣ ਦਾ ਰਾਹ ਬਣਦਾ ਗਿਆ। ਕੋਈ ਰੰਜ ਵੀ ਨਹੀਂ, ਪਰ ਧੀ ਨੂੰ ਕੋਈ ਪਿਉ ਬਣ ਕੇ ਹੱਥ ਪਾ ਜਾਵੇ ਤੇ ਮਾਂ ਚੁੱਪ-ਚਾਪ ਸਹਿ ਜਾਵੇ, ਕਿਵੇਂ ਹੋ ਸਕਦੈ? ਉਨ੍ਹੇ ਜਬਰੀ ਗੁਨੂੰ ਨੂੰ ਹੱਥ ਪਾਇਆ, ਤੇ ਮੈਂ ਕੋਲ ਪਿਆ ਦਾਤ ਲੈ ਕੇ ਟੁੱਟ ਪਈ ਉਸ ਕੰਜਰ 'ਤੇ। ਉਹਦਾ ਕੀ ਕੁੱਝ ਵੱਢ 'ਤਾ ਆਪੇ ਈ ਸਮਝ ਲੈ। ਸਾਢੇ ਪੰਜ ਮਹੀਨੇ ਜੇਲ੍ਹ ਕੱਟ ਆਈ ਆਂ, ਤੇ ਹੁਣ ਜ਼ਮਾਨਤ ਮਿਲੀ ਏ। ਮਕਾਨ ਜਿਹੜਾ ਬਣਾਇਆ ਸੀ ਕੇਸ 'ਚ ਰੁੜ੍ਹ ਗਿਆ। ਕੋਈ ਰਾਹ ਨਹੀਂ ਦਿਸਿਆ। ਹੁਣ ਕਈ ਵਾਰੀ ਸੋਚਣੀ ਆਂ ! ਕਸ਼ਮੀਰੇ ਨੂੰ ਵੀ ਮਾਰੇ ਨਾਲੋਂ ਭਜਾਇਆ ਹੁੰਦਾ ਤਾਂ ਚੰਗਾ ਸੀ। ਕੀ ਪਤਾ ਉਹ ਵੀ ਸੁਨੀਲ ਵਾਂਗੂ ਜੇਲ੍ਹ 'ਚ ਪੁੜੇ ਸੇਕਵਾਉਂਦਾ ਫਿਰਦਾ, ਪਰ ਮੈਂ ਧੀ 'ਤੇ ਬੇਈਮਾਨ ਹੋਏ ਨੂੰ ਵੇਖ ਕੇ ਆਪਾ ਖੋਹ ਬੈਠੀ। ਸੀਮਾ ਭਾਬੀ ਸੱਚੀ ਸੀ, ਨੱਚਣ ਦੀ ਸਟੇਜ ਹੀ ਵੱਖ-ਵੱਖ ਨਹੀਂ ਹੁੰਦੀ, ਜ਼ਿੰਦਗੀ ਦੀ ਸਟੇਜ 'ਤੇ ਵੀ ਵੱਖ-ਵੱਖ ਨਾਚ ਹੁੰਦੇ ਨੇ। ਅਸਲ 'ਚ ਜ਼ਿੰਦਗੀ ਹੈ ਹੀ ਡਾਂਸ ਫਲੋਰ, ਕੋਈ ਨੱਚ ਲੈਂਦੇ ਤੇ ਕੋਈ ਹੱਥ ਪੈਰ ਮਾਰਦਾ ਰਹਿ ਜਾਂਦੈ। ਸਾਰਾ ਢਿੱਡ ਨੰਗਾ ਕਰ'ਤਾ ਏ। ਅੱਗੇ ਤੁਹਾਡੀ ਮਰਜੀ, ਤੇ ਜਾਂ ਇਹਦੇ ਨਸੀਬ ।"

"ਬਾਊ ਜੀ ।" ਚੱਲਦੀ ਗੱਲਬਾਤ 'ਚ ਬਾਊ ਅਸ਼ੋਕ ਨੂੰ ਹੱਥ 'ਚ ਮਾਲਾ ਦੇ ਮਣਕੇ ਘੁਮਾਂਉਂਦਾ ਅੰਦਰ ਆਇਆ ਵੇਖ ਗੁਨੂੰ ਭੱਜ ਕੇ ਗਲੇ ਜਾ ਲੱਗੀ।

"ਵਾਹ, ਗੁਨੂੰ ਮੇਰਾ ਪੁੱਤਰ। ਐਡਾ ਵੱਡਾ ਹੋ ਗਿਐ ! ਅੱਜ ਬਾਊ ਦੀ ਯਾਦ ਕਿਵੇਂ ਆ ਗਈ ਰੋਸ਼ਨੀ ਨੂੰ।" ਗੁਨੂੰ ਦੇ ਸਿਰ 'ਤੇ ਹੱਥ ਫੇਰਦੇ ਨੇ ਮਾਲਾ ਮੱਥੇ ਨਾਲ ਛੁਹਾ ਕੇ ਕਮੀਜ਼ ਦੀ ਜੇਬ 'ਚ ਰੱਖ ਲਈ। ਕੁਰਸੀ ਅੱਗੇ ਖਿੱਚ ਕੇ ਬੈਠਣ ਲੱਗਿਆ, ਤਾਂ ਪੁੱਤਰ ਬਾਹੋਂ ਫੜ ਕੇ ਪਾਸੇ ਲੈ ਗਿਆ।

"ਪਾਪਾ, ਗੱਲ ਸੁਣੋ। ਕੋਈ ਫਾਲਤੂ ਗੱਲ ਕਰਨ ਦੀ ਲੋੜ ਨਹੀਂ। ਆਪਣਾ ਕਿਹੜਾ ਸਾਕ ਗੰਢਿਐ ਗੰਦੀ ਜਾਤ ਨਾਲ। ਕੁੜੀ ਕੰਮ ਦੀ ਲੱਗਦੀ ਏ। ਐਡੀ ਸੋਹਣੀ, ਮੇਰੇ ਤਾਂ ਵੇਖ ਕੇ ਹੋਸ਼ ਉੱਡ ਗਏ ਨੇ। ਨਾ ਵੀ ਨੱਚੇ ਤਾਂ ਭਾਵੇਂ ਬੁੱਤ ਬਣਾ ਕੇ ਸਟੇਜ 'ਤੇ ਖਲ੍ਹਾਰ ਦੇਈਏ, ਨੋਟਾਂ ਦਾ ਹੜ੍ਹ ਆ ਜਾਣੈ।" ਪੁੱਤਰ ਨੂੰ ਕੰਮ ਸੰਭਾਲ ਕੇ ਬਾਊ ਅਸ਼ੋਕ ਨੇ ਆਪਣਾ ਦਖ਼ਲ ਤਕਰੀਬਨ ਘਟਾ ਹੀ ਦਿੱਤਾ ਸੀ, ਪਰ ਉਸ ਦੇ ਇਹ ਬੋਲ ਉਸ ਨੂੰ ਜ਼ਿੰਦਗੀ ਦੇ ਦੋ ਦਹਾਕਿਆਂ ਦੀ ਰੀਲ ਇੱਕੋ ਚੱਕਰ 'ਚ ਘੁਮਾ ਗਏ।

ਪਿਉ ਨੂੰ ਚੁੱਪ ਕਰਵਾ ਕੇ ਨਿੱਕਾ ਬਾਊ ਹੌਲੀ ਜਿਹੀ ਦਰਵਾਜ਼ਾ ਖੋਲ੍ਹ ਕੇ ਜਿਵੇਂ ਹੀ ਅੰਦਰਲੇ ਕਮਰੇ 'ਚ ਜਾਣ ਲੱਗਿਆ, ਤਬਲੇ ਤੇ ਘੁੰਗਰੂਆਂ ਦੀ ਆਵਾਜ਼ ਸੁਣ ਕੇ ਗੁਨੂੰ ਨੇ ਵੱਡੇ ਬਾਊ ਨੂੰ ਪੁੱਛ ਲਿਆ, "ਬਾਊ ਆਹ ਕਾਹਦੀ ਆਵਾਜ਼ ਏ?"

"ਨਿੱਕੇ ਬਾਊ ਦੀ ਘਰਵਾਲੀ ਬੜੀ ਵੱਡੀ ਕੱਥਕ ਡਾਂਸਰ ਏ। 26 ਜਨਵਰੀ ਦੇ ਰਾਸ਼ਟਰੀ ਪ੍ਰੋਗਰਾਮ 'ਚ ਭਾਰਤ ਨਾਟਯਮ ਦੀ ਪੇਸ਼ਕਾਰੀ ਲਈ ਸਿਲੈਕਟ ਹੋਈ ਏ ਦਿਨ-ਰਾਤ ਉਸੇ ਦੇ ਰਿਆਜ਼ 'ਚ ਲੱਗੀ ਖਾਣਾ-ਪੀਣਾ ਵੀ ਛੱਡੀ ਫਿਰਦੀ ਏ।"

"ਅੱਛਾ ਤਾਂ ਓਹ ਵੀ ਫੇਰ ਤਾਂ।"



ਗੁਨੂੰ ਦੀ ਅਗਲੀ ਗੱਲ ਮੂੰਹ ਵਿੱਚ ਹੀ ਸੀ ਕਿ ਛੋਟਾ ਬਾਊ ਕਾਗਜ਼ ਲੈ ਕੇ ਰੋਸ਼ਨੀ ਕੋਲ ਜਾ ਪਹੁੰਚਿਆ ਤੇ ਉਸ ਦਾ ਅੰਗੂਠਾ ਲਗਵਾ ਕੇ ਗੁਨੂੰ ਨੂੰ ਅੱਜ ਤੋਂ ਹੀ ਕੰਮ 'ਤੇ ਲੱਗ ਜਾਣ ਦੀ ਵਧਾਈ ਦਿੰਦਿਆਂ ਰਾਤ ਦੇ ਪ੍ਰੋਗਰਾਮ ਦੀ ਬੁਕਿੰਗ ਸਮਝਾਉਣ ਲੱਗਿਆ,

"ਅੱਜ ਦੀ ਰਾਤ ਅਸ਼ੋਕ ਡੀ.ਜੇ. ਲਾਇਟ ਐਂਡ ਸਾਊਂਡ ਵੱਲੋਂ ਸਟੇਜ 'ਤੇ ਨਵਾਂ ਸਿਤਾਰਾ ਉਤਾਰਿਆ ਜਾਏਗਾ। ਮੈਂ ਗੱਡੀ ਇੱਧਰ ਹੀ ਮੰਗਵਾ ਲੈਨਾ। ਸ਼ੁੱਭ ਕੰਮ 'ਚ ਦੇਰੀ ਕਾਹਦੀ। ਗੁਨੂੰ ਤੇਰਾ ਆਰਕੈਸਟਰਾ ਨਾਮ ਹੋਏਗਾ ਸਿਤਾਰਾ ਤਾਂ ਨਵੀਂ ਜ਼ਿੰਦਗੀ ਮੁਬਾਰਕ ਸਿਤਾਰਾ ਅੱਜ ।"

ਇਸ ਤੋਂ ਪਹਿਲਾਂ ਕਿ ਉਹ ਕੁਝ ਹੋਰ ਕਹਿੰਦਾ ਹੁਣ ਤੱਕ ਚੁੱਪਚਾਪ ਸਭ ਕੁਝ ਵੇਖ ਸੁਣ ਰਹੀ ਗੁਨੂੰ ਉੱਠ ਕੇ ਨਿੱਕੇ ਬਾਊ ਦੇ ਸਾਹਮਣੇ ਆ ਖਲੋਤੀ, "ਬਾਊ ਅਸੀਂ ਡਾਂਸਰਾਂ ਨਹੀਂ ਆਪਣੀ ਸਟੇਜ ਮੁਤਾਬਿਕ ਕੰਜਰੀਆਂ ਹੁਨੀਆਂ। ਨੱਚਣਾ, ਨਚਾਉਣਾ ਤੇ ਜੇਬਾਂ ਖਾਲੀ ਕਰਵਾਉਣਾ ਕੰਮ ਏ ਸਾਡਾ। ਕੋਈ ਮੈਂ ਤੇਰੀ ਘਰਵਾਲੀ ਜਾਂ ਰਖੇਲ ਨਹੀਂ, ਜਿਹੜਾ ਤੇਰੇ ਲਈ ਕੰਮ ਵੀ ਕਰਾਂਗੀ ਤੇ ਤੇਰੀਆਂ ਜ਼ਿਆਦਤੀਆਂ ਵੀ ਜਰਾਂਗੀ। ਕੰਮ ਕਰਵਾ ਕਰਾਂਗੇ, ਤੂੰ ਸਾਡੇ ਸਿਰ ਕਮਾਉਣਾ ਏਂ ਤੇ ਅਸੀਂ ਤੇਰੇ ਸਿਰ। ਤੂੰ ਕੰਜਰਖਾਨਾ ਖੋਲ੍ਹਿਐ। ਤੂੰ ਨਚਾਉਣ ਵਾਲਾ ਤੇ ਅਸੀਂ ਨਾਚੀਆਂ, ਨਹੀਂ ਨਹੀਂ ਅਸੀਂ ਕੰਜਰੀਆਂ। ਤੇਰੇ ਬਿਨਾ ਸਾਡੀ ਪੁੱਛ ਨਹੀਂ ਤੇ ਸਾਡੇ ਬਗੈਰ ਤੇਰੀ ਕੋਈ ਔਕਾਤ ਨਹੀਂ। ਨੱਚਣਾ ਪਾਪ ਨਹੀਂ ਹੁੰਦਾ, ਪਾਪ-ਪੁੰਨ ਤਾਂ ਵੇਖਣ ਵਾਲਿਆਂ ਦੀਆਂ ਅੱਖਾਂ ਵਿੱਚ ਹੁੰਦੈ, ਉਵੇਂ ਹੀ ਰੋਟੀ ਵੀ ਰੋਟੀ ਹੁੰਦੀ ਏ, ਨੱਚ ਕੇ ਕਮਾਈਏ ਜਾਂ ਨਚਾ ਕੇ ਕੀ ਫ਼ਰਕ ਪੈਂਦੈ, ਪਰ ਆਹ ਕੰਜਰਖਾਨਾ ਮੈਨੂੰ ਮਨਜ਼ੂਰ ਨਹੀਂ। ਸ਼ਰਤਾਂ ਕੰਮ ਕਰਨ ਵਾਲੇ ਦੀਆਂ ਹੁੰਦੀਆਂ ਨੇ, ਕਰਵਾਉਣ ਵਾਲੇ ਦੀਆਂ ਨਹੀਂ। ਬੰਦ ਕਮਰੇ ਦੀ ਸਟੇਜ ਹੋਵੇ ਤੇ ਭਾਵੇਂ ਖੁੱਲ੍ਹੀ ਸਟੇਜ, ਕੰਜਰਖਾਨਾ ਸਟੇਜ ਨਹੀਂ ਬੰਦੇ ਦੇ ਦਿਮਾਗ 'ਚ ਹੁੰਦੈ। " ਕਮਰੇ ਦੇ ਬੰਦ ਦਰਵਾਜ਼ੇ ਵੱਲੋਂ ਘੁੰਮਦੀਆਂ ਨਜ਼ਰਾਂ ਕੰਧ 'ਤੇ ਟੰਗੀ ਸੀਮਾ ਭਾਬੀ ਦੀ ਤਸਵੀਰ ਵੱਲ ਜਾ ਲੱਗੀਆਂ। ਅੱਗੇ ਵਧੀ ਤੇ 'ਪੱਕੇ ਕੋਰੇ ਕਾਗਜ਼' 'ਤੇ ਰੋਸ਼ਨੀ ਦੇ ਲੁਆਏ ਅੰਗੂਠੇ ਵਾਲਾ ਕਾਗਜ਼ ਉਸ ਦੇ ਹੱਥੋਂ ਫੜ ਕੇ ਕੁਤਰਾ-ਕੁਤਰਾ ਕਰਕੇ ਮਾਂ ਦੇ ਬੈਗ 'ਚ ਰੱਖ ਦਿੱਤਾ।

"ਬੰਦਿਆਂ ਦਾ ਦਿਲ ਕੱਛਿਆਂ 'ਚ ਨੱਚਦੈ, ਤੇ ਸਾਡਾ ਉਨ੍ਹਾਂ ਦੀਆਂ ਜੇਬਾਂ 'ਤੇ। ਤੂੰ ਫ਼ਿਕਰ ਨਾ ਕਰ ਹਨੇਰਾ ਜਾਂਦਾ ਏ ਤਾਂ ਰੋਸ਼ਨੀ ਆਉਂਦੀ ਏ, ਪਰ ਸਿਤਾਰਾ ਹਨੇਰੇ ਵਿੱਚ ਹੀ ਚਮਕਦਾ ਹੈ। 'ਮਾਂ, ਮਾਂ ਹੁੰਦੀ ਏ ਮਾਂ' ਫਿਕਰ ਨਾ ਕਰ ਸਿਤਾਰਾ ਚਮਕੇਗੀ ਤੇ ਰੋਸ਼ਨੀ ਅੱਖਾਂ ਚੁੰਧਿਆਏਗੀ। ਮਾਂ ਦਾ ਮੱਥਾ ਚੁੰਮਿਆ, ਤੇ ਪੁਰਾਣੇ ਬੈਗ ਵਿੱਚੋਂ ਮਾਂ ਵਾਲੀ ਚਿੱਟੀ ਨੈਟ ਦੀ ਸਾੜ੍ਹੀ ਕੱਢ ਲਈ।

"ਪਾਪਾ ਪਾਪਾ। ਮੈਂ ਫਸਟ ਆ ਗਿਆ। ਆਹ ਦੇਖੋ ਨਟਰਾਜ, ਟੀ.ਵੀ. ਸ਼ੋਅ ਲਈ ਸਿਲੈਕਟ ਹੋ ਗਈ ਮੈਂ।" ਕਰਦੀ ਛੇਆਂ-ਸੱਤਾਂ ਵਰ੍ਹਿਆਂ ਦੀ ਬੱਚੀ ਨਿੱਕੇ ਬਾਊ ਦੀ ਭੱਜ ਕੇ ਕੁੱਛੜ ਚੜ੍ਹ ਗਈ।

"ਟਵਿੰਕਲ ਮੇਰਾ ਪੁੱਤਰ, ਹੈ ਹੀ ਸਟਾਰ। ਟਵਿੰਕਲ-ਟਵਿੰਕਲ ਲਿਟਲ ਸਟਾਰ ਹਾਓ ਆਈ ਵੰਡਰ ਵਟ ਯੂ ਆਰ ਅਪ ਅਬਵ ਦਾ ਵਰਲਡ ਸੋ ਹਾਈ ਲਾਇਕ ਆ ਡਾਇਮੰਡ ਇਨ ਦਾ ਸਕਾਈ " ਨਿੱਕੇ ਬਾਊ ਨੂੰ ਧੀ ਨਾਲ ਲਾਡ ਕਰਦੀ ਵੇਖ ਗੁਨੂੰ ਦੀਆਂ ਅੱਖਾਂ ਭਰ ਆਈਆਂ। ਟਵਿੰਕਲ ਦੀ ਗੱਲ੍ਹ 'ਤੇ ਲਾਡ ਨਾਲ ਹੱਥ ਫੇਰਿਆ। ਕਮਰੇ ਦੇ ਬੰਦ ਦਰਵਾਜ਼ੇ ਨੂੰ ਚੀਰਦੀ ਮੱਧਮ ਤਬਲੇ ਦੀ ਥਾਪ ਨਾਲ ਤਾਲ ਮਿਲਾਉਂਦੇ ਘੁੰਗਰੂਆਂ ਦੇ ਬੋਰ ਤੇ ਪਰਲ-ਪਰਲ ਵਹਿੰਦੇ ਰੋਸ਼ਨੀ ਦੇ ਹੰਝੂ । ਢਿੱਡ 'ਚ ਹੌਲ ਉੱਠਿਆ, ਗੁਨੂੰ ਮਾਂ ਵੱਲ ਮੁੜੀ, ਤੇ ਰੋਸ਼ਨੀ ਦੇ ਹੰਝੂ ਸਾੜ੍ਹੀ ਦੇ ਪੱਲੂ 'ਚ ਸਮੇਟ ਕੇ ਸਾੜ੍ਹੀ ਸੀਨੇ ਨਾਲ ਘੁੱਟੀ, ਤੇ ਪ੍ਰੋਗਰਾਮ 'ਤੇ ਜਾਣ ਲਈ ਬੂਹੇ ਅੱਗੇ ਆ ਖਲੋਤੀ ਕਾਰ ਵਿੱਚ ਜਾ ਬੈਠੀ।

**(ਸੰਪਰਕ-98146-70707)**



## ਕਹਾਣੀ/ ਮੇਰੀ ਹਾਰ ਮੇਰੀ ਜਿੱਤ /- ਸੁਰਜੀਤ (ਟੋਰਾਂਟੋ)

"ਪਾਰਕਿਨਸਨੈ!"

ਸਿਮੋਨ ਹੌਲੀ ਹੌਲੀ ਤੁਰਦੀ 'ਪਾਰਕਿਨਸਨ ! ਪਾਰਕਿਨਸਨ !' ਬੁੜਬੁੜਾਉਂਦੀ ਬੱਸ ਸਟਾਪ ਵੱਲ ਵੱਧ ਰਹੀ ਸੀ। ਬੱਸ ਸਟਾਪ 'ਤੇ ਪਹੁੰਚਕੇ ਉਹ ਇਕ ਬੈਂਚ 'ਤੇ ਬੈਠ ਗਈ ਅਤੇ ਆਪਣੀ ਬੱਸ ਦਾ ਇੰਤਜ਼ਾਰ ਕਰਨ ਲੱਗੀ। ਸੜਕ 'ਤੇ ਭਾਂਤ-ਭਾਂਤ ਦੇ ਵਾਹਨ ਦੌੜ ਰਹੇ ਸਨ ਅਤੇ ਫੁੱਟਪਾਥ 'ਤੇ ਇੱਕਾ ਦੁੱਕਾ ਲੋਕ ਪੈਦਲ ਚੱਲ ਰਹੇ ਸਨ। ਉਹ ਸੋਚਾਂ ਦੇ ਵਹਿਣ ਵਿਚ ਵਹਿ ਗਈ, 'ਇਹ ਸ਼ਹਿਰ ਵੀ ਮੇਰੇ ਵਾਂਗ ਬਿਮਾਰ ਲੱਗਦਾ ਹੈ। ਕਿਵੇਂ ਭੱਜ ਰਿਹੈ। ਕਿੱਥੇ ਨੂੰ ਜਾ ਰਿਹੈ ਕੀ ਲੱਭ ਰਿਹੈ ? ਕੋਈ ਹਸਪਤਾਲੈ' ਉਸਨੇ ਆਪਣੇ ਸਿਰ ਨੂੰ ਝਟਕਾ ਦਿੱਤਾ। 'ਹਾਇ ਇਹ ਨੈਗੇਟਿਵ ਸੋਚਾਂ ! ਇਹ ਵੀ ਪਤਾ ਨਹੀਂ ਕਿੱਥੋਂ ਆ ਘੇਰਦੀਆਂ ਨੇ ਮੈਨੂੰ ।'

'ਡਿਲੀਟ! ਡਿਲੀਟ!'

ਸਿਮੋਨ ਨੇ ਹੱਥ 'ਤੇ ਲਾਈ ਆਪਣੀ ਗੂਚੀ ਦੀ ਘੜੀ ਵੱਲ ਵੇਖਿਆ। ਉਸਦੀ ਆਊਟਰੀਚ ਆਉਣ ਹੀ ਵਾਲੀ ਸੀ। ਆਪਣੇ ਹੱਥ ਵਿਚ ਫੜੇ ਵੱਡੇ ਸਾਰੇ ਪਰਸ ਨੂੰ ਟੋਹਿਆ ਕਿ ਕਿਧਰੇ ਉਹ ਕਲੀਨਿਕ 'ਚ ਹੀ ਨਾ ਭੁੱਲ ਆਈ ਹੋਵੇ। ਆਪਣੀ ਸਟਿੱਕ ਨੂੰ ਹੱਥ ਵਿਚ ਫੜ ਲਿਆ ਅਤੇ ਸੜਕ ਵੱਲ ਨਜ਼ਰ ਟਿਕਾ ਦਿੱਤੀ। ਉਸਦੇ ਨੇੜੇ ਆਪਣੀ ਵੀਲ੍ਹ ਚੇਅਰ 'ਤੇ ਬੈਠਾ ਇਕ ਆਦਮੀ ਉਸ ਵੱਲ ਵੇਖ ਕੇ ਮੁਸਕਰਾਇਆ। ਸਿਮੋਨ ਨੇ ਆਉਂਦੀ ਬੱਸ ਵੱਲ ਇਸ਼ਾਰਾ ਕਰਕੇ ਉਸਨੂੰ ਸੁਚੇਤ ਕੀਤਾ । ਬੱਸ ਉਨ੍ਹਾਂ ਦੇ ਸਾਹਮਣੇ ਆ ਕੇ ਖੜੋ ਗਈ। ਡਰਾਈਵਰ ਨੇ ਸਿਮੋਨ ਦਾ ਹੱਥ ਫੜ੍ਹ ਕੇ ਉਸਨੂੰ ਅੰਦਰ ਬਿਠਾਇਆ। ਫਿਰ ਉਸਨੇ ਬੱਸ ਦੀਆਂ ਪੌੜੀਆਂ ਨੂੰ ਇਕ ਫੱਟੇ ਜਿਹੇ ਵਾਂਗ ਬਣਾ ਦਿੱਤਾ ਅਤੇ ਦੂਜੇ ਬੰਦੇ ਦੀ ਵੀਲ੍ਹ ਚੇਅਰ ਨੂੰ ਚੁੱਕ ਕੇ ਅੰਦਰ ਰੱਖ ਲਿਆ। ਉਨ੍ਹਾਂ ਦੋਨਾਂ ਨੇ ਡਰਾਈਵਰ ਦਾ ਧੰਨਵਾਦ ਕੀਤਾ ਤੇ ਅੰਦਰ ਟਿਕ ਕੇ ਬੈਠ ਗਏ।

'ਦਾ ਸਿਲਵਾ ਸਿਸਟਮ' ਵਿਚ ਪੜ੍ਹੀ ਗੱਲ ਸਿਮੋਨ ਨੂੰ ਬਾਰ ਬਾਰ ਯਾਦ ਆ ਰਹੀ ਸੀ ਕਿ ਤੁਸੀਂ ਰੋਜ਼ ਐਸੀਆਂ ਦਸ ਰਹਿਮਤਾਂ ਲਈ ਕੁਦਰਤ ਦਾ ਧੰਨਵਾਦ ਕਰੋ ਜੋ ਤੁਹਾਡੇ ਕੋਲ ਮੌਜੂਦ ਹਨ। ਸਿਮੋਨ ਨੇ ਅਮਰੀਕਾ ਵਿਚ ਬਜ਼ੁਰਗਾਂ ਦੀ ਸਹੂਲਤ ਲਈ ਮਿਲੀ ਇਸ ਆਊਟਰੀਚ ਦਾ ਧੰਨਵਾਦ ਕੀਤਾ। ਡਰਾਈਵਰ ਵਲੋਂ ਮਿਲੀ ਸਹਾਇਤਾ ਦਾ ਧੰਨਵਾਦ ਕੀਤਾ। ਹੌਲੀ ਹੌਲੀ ਸੋਚ ਸੋਚ ਕੇ ਉਹ ਵਾਰੋ-ਵਾਰੀ ਕੁਦਰਤ ਦੀਆਂ ਰਹਿਮਤਾਂ ਦਾ ਧੰਨਵਾਦ ਕਰ ਰਹੀ ਸੀ ਕਿ ਅਚਾਨਕ ਪਾਰਕਿਨਸਨ ਸ਼ਬਦ ਉਸਦੇ ਸਿਰ



ਵਿਚ ਹਥੌੜੇ ਵਾਂਗ ਵੱਜਾ। ਉਸਦੇ ਦਿਲ ਵਿਚ ਇਕ ਸੂਲ ਜਿਹੀ ਚੁੱਭੀ। ਬਹੁਤ ਵੱਡਾ ਸਵਾਲ ਸਿਮੋਨ ਸਾਹਮਣੇ ਸੀ - ਕੰਬਦੇ ਹੱਥ, ਹਿਲਦਾ ਸਿਰ, ਡੋਲਦਾ ਜਿਸਮ, ਹਾਇ ਉਹ ਇੰਝ ਕਿਵੇਂ ਜੀਵੇਗੀ ? ਕੀ ਇਹ ਹੋਵੇਗਾ ਉਸਦਾ ਭਵਿੱਖ ? ਅਚਾਨਕ ਕੋਲ ਬੈਠੇ ਵੀਲ੍ਹ ਚੇਅਰ ਵਾਲੇ ਸ਼ਖ਼ਸ ਵੱਲ ਨਜ਼ਰ ਗਈ। ਉਸਦੇ ਹੱਥ ਹੀ ਨਹੀਂ ਸਨ ਪਰ ਉਹ ਪੂਰਾ ਖੁਸ਼ ਨਜ਼ਰ ਆ ਰਿਹਾ ਸੀ। ਸਿਮੋਨ ਨੇ ਆਪਣੇ ਹੱਥਾਂ ਵਲ ਵੇਖਿਆ ਤੇ ਕੁਦਰਤ ਅੱਗੇ ਸਿਰ ਝੁਕਾ ਦਿੱਤਾ। ਉਹਦੇ ਇਹਨਾਂ ਖਿਆਲਾਂ ਨੂੰ ਉਦੋਂ ਜ਼ੋਰ ਦਾ ਝਟਕਾ ਵੱਜਾ ਜਦੋਂ ਡਰਾਈਵਰ ਨੇ ਬੱਸ ਉਸ ਦੇ ਘਰ ਦੇ ਸਾਹਮਣੇ ਰੋਕੀ। ਉਹ ਬੜੇ ਅਹਿਤਿਆਤ ਨਾਲ ਸਿਮੋਨ ਦਾ ਹੱਥ ਫੜ੍ਹ ਕੇ ਉਸਨੂੰ ਉਸਦੇ ਘਰ ਦੇ ਬੂਹੇ ਅੱਗੇ ਛੱਡ ਆਇਆ।

ਸਿਮੋਨ ਨੇ ਕੰਬਦੇ ਹੱਥਾਂ ਨਾਲ ਪਰਸ ਵਿਚੋਂ ਚਾਬੀ ਕੱਢੀ ਅਤੇ ਹੌਲੀ ਹੌਲੀ ਤਾਲਾ ਖੋਲ੍ਹਿਆ। ਬੂਹੇ ਵੜਦਿਆਂ ਹੀ ਅਲਾਰਮ ਸਿਸਟਮ ਆਫ਼ ਕੀਤਾ। ਭਾਂਅ-ਭਾਂਅ ਕਰਦੇ ਆਲੀਸ਼ਾਨ ਘਰ ਵਿਚ ਦਾਖਲ ਹੋਈ। ਉਹ ਬਹੁਤ ਥੱਕੀ-ਥੱਕੀ ਮਹਿਸੂਸ ਕਰ ਰਹੀ ਸੀ। ਵੱਡੀ ਸਾਰੀ ਸ਼ੀਸ਼ੇ ਵਾਲੀ ਬਾਰੀ ਕੋਲ ਸੋਫਾ-ਕੁਰਸੀ ਪਈ ਸੀ ਤੇ ਇਸਤੇ ਉਸਦਾ 'ਥਰੋਅ' ਲਟਕ ਰਿਹਾ ਸੀ। ਉਹ ਬਹੁਤ ਥੱਕ ਵੀ ਗਈ ਸੀ । ਉਸਨੇ ਬਾਰੀ ਵਿਚ ਪਰਸ ਰੱਖਿਆ ਅਤੇ ਸੋਫੇ ਨਾਲ ਢੋਅ ਲਗਾ ਕੇ ਉੱਪਰ ਨੇਵੀ ਬਲਿਊ ਰੰਗ ਦਾ ਉਹੀ ਥਰੋਅ ਲੈ ਲਿਆ। ਪਤਾ ਹੀ ਨਾ ਲੱਗਾ ਕਦੋਂ ਝਪਕੀ ਜਿਹੀ ਆ ਗਈ। ਥੋੜੀ ਦੇਰ ਬਾਅਦ ਅੱਖ ਖੁੱਲ੍ਹੀ ਤਾਂ ਮੂੰਹ ਪਿਆਸ ਨਾਲ ਸੁੱਕਿਆ ਪਿਆ ਸੀ।

ਕੁਝ ਦੇਰ ਆਰਾਮ ਕਰਨ ਤੋਂ ਬਾਅਦ ਉਹ ਕੁਰਸੀ ਤੋਂ ਉੱਠੀ ਅਤੇ ਆਪਣੇ ਲਈ ਰਾਖਵੇਂ ਰੱਖੇ ਚਾਂਦੀ ਦੇ ਗਲਾਸ ਨਾਲ ਪਾਣੀ ਪੀਣ ਲੱਗੀ। ਖਾਲੀ ਗਲਾਸ ਨੂੰ ਉਸਨੇ ਹੱਥਾਂ ਵਿਚ ਘੁਮਾਇਆ ਜਿਵੇਂ ਲਾਡ ਕਰ ਰਹੀ ਹੋਵੇ। ਇਕ ਹਉਂਕਾ ਲਿਆ ਤੇ ਸੋਚਣ ਲੱਗੀ ਕਿ ਇਹੀ ਇਕ ਨਿਸ਼ਾਨੀ ਰਹਿ ਗਈ ਏ ਕਰਨ ਦੇ ਬਚਪਨ ਦੀ। ਉਸਦੇ ਜਨਮ 'ਤੇ ਦਾਰਜੀ ਅਤੇ ਬੀ ਜੀ ਛੂਛਕੜੇ ਵਿਚ ਲੈ ਕੇ ਆਏ ਸੀ। ਕਿੰਨੇ ਖੁਸ਼ ਸਨ ਉਹ ਆਪਣੇ ਪਲੇਠੇ ਦੋਹਤੇ ਨੂੰ ਵੇਖ ਕੇ। ਖਿਡਾਉਣਿਆਂ ਨਾਲ ਕਮਰਾ ਭਰ ਦਿੱਤਾ ਸੀ। ਕਰਨ ਤੋਂ ਬਾਅਦ ਫਿਰ ਮਿੰਨੀ ਆਈ। ਦੋਹਾਂ ਬੱਚਿਆਂ ਨੇ ਬਚਪਨ ਵਿਚ ਇਸੇ ਗਲਾਸ ਨਾਲ ਪਾਣੀ ਪੀਤਾ।

ਸਿਮੋਨ ਨੂੰ ਅਤੀਤ ਦੀਆਂ ਯਾਦਾਂ ਨੇ ਘੇਰ ਲਿਆ। ਖੁਸ਼ੀਆਂ ਨਾਲ ਭਰਿਆ ਘਰ ਸਰਦਾਰ ਜੀ ਵੱਡੇ ਸਰਕਾਰੀ ਅਫ਼ਸਰ। ਆਪ ਵੀ ਉਹ ਐਜੂਕੇਸ਼ਨ ਡਿਪਾਰਟਮੈਂਟ ਵਿਚ ਡਾਇਰੈਕਟਰ ਲੱਗੀ ਹੋਈ ਉਹ ਵੀ ਦਿਨ ਸਨ ਜਦੋਂ ਦਫ਼ਤਰੋਂ ਘਰ ਆਉਣਾ ਤੇ ਨੌਕਰਾਣੀ ਨੇ ਉਸਦੇ ਹੱਥੋਂ ਕਿਤਾਬਾਂ ਅਤੇ ਪਰਸ ਫੜ੍ਹ ਕੇ ਪਾਣੀ ਦਾ ਗਲਾਸ ਉਸਨੂੰ ਦੇ ਕੇ ਆਖਣਾ, "ਲੀਜੀਏ ਮੇਮ ਸਾਹਿਬ, ਪਾਨੀ ਪੀਜੀਏ।"

ਸਿਮੋਨ ਕੰਬਦੇ ਹੱਥਾਂ ਨਾਲ ਚਾਂਦੀ ਦਾ ਗਲਾਸ ਲੈ ਕੇ ਫੇਰ ਸੋਫੇ ਤੇ ਬੈਠ ਗਈ। ਸਜਿਆ ਸੰਵਾਰਿਆ ਇਹ ਖਾਲੀ ਘਰ ਅਤੇ ਕਿੱਥੇ ਉਸ ਸਾਧਾਰਣ ਕੋਠੀ ਦੀ ਗਹਿਮਾ ਗਹਿਮ! ਇਕ ਆਇਆ ਇਕ ਚਲਾ ਗਿਆ, ਉੱਤੋਂ ਦੋਨਾਂ ਬੱਚਿਆਂ ਦਾ ਆਪਸੀ ਤਕਰਾਰ ਅਤੇ ਖੇਡਾਂ । ਘਰ ਨੂੰ ਵਿਹਲ ਨਹੀਂ ਸੀ ਚੁੱਪ ਕਰਕੇ ਬੈਠਣ ਦੀ। ਉਹ ਸੋਚਣ ਲੱਗੀ ਚਲੋ ਉਹ ਸਮਾਂ ਗੁਜ਼ਰ ਗਿਆ ਤੇ ਹੁਣ ਇਹ ਵੀ ਚੰਗਾ ਹੀ ਗੁਜ਼ਰ ਰਿਹਾ ਹੈ ਉਫ਼ ! ਮੈਂ ਹੋਰ ਨਹੀਂ ਸੋਚਣਾ ਆਪਣੀ ਇੱਕਲਤਾ ਬਾਰੇ ਤੇ ਉਸਨੇ ਅੱਖਾਂ ਬੰਦ ਕਰ ਲਈਆਂ। ਹੁਣ ਡਾਕਟਰ ਦੇ ਕਲੀਨਿਕ ਵਾਲਾ ਸੀਨ ਉਸਦੀਆਂ ਅੱਖਾਂ ਮੂਹਰੇ ਘੁੰਮਣ ਲੱਗਾ,

"ਯੈੱਸ ਮਿਸ ਸਿਮੋਨ ਯੂ ਹੈਵ ਪਾਰਕਿਨਸਨੈ।" ਡਾਕਟਰ ਦੱਸ ਰਿਹਾ ਸੀ।

ਸਿਮੋਨ ਨੇ ਡਾਕਟਰ ਵੱਲ ਇਕ ਸਵਾਲੀਆ ਨਜ਼ਰ ਨਾਲ ਤੱਕਿਆ। ਉਸ ਦੇ ਝੁਰੜੀਆਂ ਭਰੇ ਚਿਹਰੇ 'ਤੇ ਇਕ ਭੋਲੀ ਜਿਹੀ ਮੁਸਕਾਨ ਫੈਲ ਗਈ। ਉਸਨੇ ਚੋਪੜ ਕੇ ਵਾਹੇ ਆਪਣੇ ਚਿੱਟੇ✪ਕਾਲੇ ਵਾਲਾਂ ਵਾਲਾ ਸਿਰ ਹਿਲਾਇਆ। ਅੱਖਾਂ 'ਤੇ ਲੱਗੇ ਚਸ਼ਮੇ ਦੇ ਬਾਵਜੂਦ ਡਾਕਟਰ ਨੇ ਉਸਦੀਆਂ ਅੱਖਾਂ ਵਿਚ ਆਈ ਨਮੀ ਨੂੰ ਤਾੜ ਲਿਆ।

"ਮਿਸ ਸਿਮੋਨ ਅਜੇ ਬਿਮਾਰੀ ਸ਼ੁਰੂ ਹੀ ਹੋਈ ਹੈ, ਦਵਾਈ ਖਾਉ ਤੇ ਆਪਣਾ ਧਿਆਨ ਰੱਖੋ।

ਘਬਰਾਉਣ ਵਾਲੀ ਕੋਈ ਗੱਲ ਨਹੀਂ, ਠੀਕ ਹੋ ਜਾਉਗੇ।"

ਡਾਕਟਰ ਨੇ ਤਾਂ ਹੌਸਲਾ ਦੇ ਦਿੱਤਾ ਪਰ ਸਿਮੋਨ ਅੰਦਰ ਤੱਕ ਝੰਜੋੜੀ ਗਈ। ਉਸ ਨੇ ਇਕ ਹੱਥ ਨਾਲ ਆਪਣੀ ਸਟਿੱਕ ਫੜਦਿਆਂ ਅਤੇ ਦੂਜੇ ਨਾਲ ਕੁਰਸੀ ਦੀ ਬਾਂਹ ਦਾ ਸਹਾਰਾ ਲੈ ਕੇ ਉਠਦਿਆਂ ਆਖਿਆ,

"ਓ ਕੇ ਡੌਕ, ਥੈਂਕਸ ।"

ਬੋਚ ਬੋਚ ਕੇ ਪੈਰ ਧਰਦੀ, ਆਪਣੇ ਮੋਢੇ 'ਤੇ ਲਏ ਪਸ਼ਮੀਨੇ ਦੇ ਕਰੀਮ ਸ਼ਾਲ ਨੂੰ ਸੁਆਰਦੀ ਉਹ ਕਮਰੇ ਦੇ ਦਰਵਾਜੇ ਵੱਲ ਨੂੰ ਵਧੀ। ਡਾਕਟਰ ਰੀਡ ਉਸਨੂੰ ਦਰਵਾਜੇ ਤੱਕ ਛੱਡਣ ਲਈ ਉਸਦੇ ਨਾਲ ਹੋ ਲਿਆ। ਦਰਵਾਜੇ 'ਤੇ ਆਕੇ ਡਾਕਟਰ ਨੇ ਸਿਮੋਨ ਦਾ ਹੱਥ ਫੜਕੇ ਹਲਕਾ ਜਿਹਾ ਚੁੰਮਿਆ ਤੇ ਕਿਹਾ,

"ਡੋਂਟ ਵਰੀ, ਮਿਸ ਸਿਮੋਨ ।"

"ਨੋ ਨੋ, ਆਈ ਵਿੱਲ ਨੌਟ, ਇਟ ਇਜ਼ ਫਾਈਨ ਡੌਕ... ਮੈਂ ਬੜੀ ਢੀਠ ਜਾਨ ਹਾਂ, ਦੇਖਣਾ ਇਸ ਨੂੰ ਵੀ ਹਰਾ ਦੇਵਾਂਗੀ।" ਉਹ ਹਲਕਾ ਜਿਹਾ ਹੱਸੀ ਅਤੇ ਡਾਕਟਰ ਰੀਡ ਨੂੰ ਪਿਛਾਂਹ ਛੱਡ ਅੱਗੇ ਵੱਧ ਗਈ। ਉਹ ਲਗਾਤਾਰ ਮੂੰਹ ਵਿਚ ਬੁੜਬੁੜਾਉਂਦੀ ਬਾਹਰ ਨਿਕਲੀ... 'ਪਾਰਕਿਨਸਨ ! ਪਾਰਕਿਨਸਨ ! ਵੇਖੀਂ ਮੈਂ ਜਿੱਤ ਜਾਵਾਂਗੀ, ਤੂੰ ਮੇਰਾ ਕੁਝ ਨਹੀਂ ਵਿਗਾੜ ਸਕਦੀ।'

ਉਸ ਨੇ ਤ੍ਰਬੱਕ ਕੇ ਅੱਖਾਂ ਖੋਲ੍ਹ ਲਈਆਂ। ਉਹ ਸੋਚਣ ਲੱਗੀ ਮੈਂ ਇਸ ਬਿਮਾਰੀ ਬਾਰੇ ਸੋਚਾਂਗੀ ਹੀ ਨਹੀਂ। ਰੋਜ਼ 'ਪੌਜ਼ੀਟਿਵ ਵਾਈਵਜ਼' ਦੇ ਕੇ ਇਸ ਨੂੰ ਇੱਥੇ ਹੀ ਰੋਕ ਦਿਆਂਗੀ। ਪਰ ਦੂਜੇ ਹੀ ਪਲ ਸੋਚਣ ਲੱਗੀ ਮੈਂ ਕਬੂਤਰ ਵਾਂਗ ਅੱਖਾਂ ਮੀਟ ਕੇ ਇਸ ਬਿਮਾਰੀ ਤੋਂ ਬੱਚ ਨਹੀਂ ਸਕਦੀ।

ਇਸ ਪਾਰਕਿਨਸਨ ਦਾ ਕੀ ਕੀਤਾ ਜਾਵੇ। ਉਸਨੂੰ 'ਦਾ ਸੀਕਰਟ' ਦਾ ਲਾਅ ਆਫ਼ ਅਟਰੈਕਸ਼ਨ ਯਾਦ ਆਇਆ। ਉਸ ਵਿਚ ਲਿਖਿਆ ਹੋਇਆ ਹੈ ਕਿ ਜੇ ਤੁਸੀਂ ਪੌਜ਼ੀਟਿਵ ਸੋਚੋਗੇ ਤਾਂ ਤੁਹਾਡੇ ਨਾਲ ਪੌਜ਼ੀਟਿਵ ਹੀ ਹੋਵੇਗਾ। ਉਹ ਤੁਰੰਤ ਸੋਚਣ ਲੱਗੀ ਕਿ ਮੈਨੂੰ ਕੁਝ ਨਹੀਂ ਹੋਇਆ । ਮੈਂ ਚੰਗੀ ਭਲੀ ਤਾਂ ਹਾਂ। ਮੈਨੂੰ ਕੋਈ ਪਾਰਕਿਨਸਨ ਨਹੀਂ। ਮੈਂ ਠੀਕ ਹਾਂ ।

ਉਸ ਨੇ ਸੁਣਿਆ ਹੋਇਆ ਸੀ ਕਿ ਦਿਮਾਗ ਨੂੰ ਜਿਹੜਾ ਸੁਨੇਹਾ ਬਾਰ-ਬਾਰ ਭੇਜਿਆ ਜਾਵੇ ਉਹ ਉਹੀ ਸਰੀਰ ਨੂੰ ਭੇਜਦਾ ਹੈ। ਸੋ ਉਸਨੇ ਕਹਿਣਾ ਸ਼ੁਰੂ ਕੀਤਾ, "ਮੈਂ ਠੀਕ ਹਾਂ ! ਮੈਂ ਬਿਲਕੁਲ ਤੰਦਰੁਸਤ ਹਾਂ।" ਉਹ ਆਪਣੇ ਅਚੇਤ ਮਨ ਨੂੰ ਇਹ ਸੁਨੇਹਾ ਦੇਣ ਵਿਚ ਰੁੱਝ ਗਈ।

ਸੋਚਾਂ ਦੇ ਘੇਰੇ ਵਿਚ ਘਿਰੀ ਨੂੰ ਕਦੋਂ ਸੂਰਜ ਡੁੱਬ ਗਿਆ ਪਤਾ ਹੀ ਨਾ ਲੱਗਾ। ਉਹ ਆਪਣੀ ਬਾਰੀ ਵਿਚੋਂ ਦੂਰ ਤੱਕ ਫੈਲੀਆਂ ਮਿਸ਼ਨ ਹਿਲਜ਼ ਉੱਪਰ ਰੰਗ-ਬਿਰੰਗੇ ਬੱਦਲਾਂ ਵਿਚ ਘਿਰੇ ਢੱਲਦੇ ਸੂਰਜ ਨੂੰ ਇਕ ਟੱਕ ਵੇਖਦੀ ਰਹੀ। ਫਿਰ ਮਨ ਹੀ ਮਨ ਜਿਵੇਂ ਉਸ ਨਾਲ ਗੱਲਾਂ ਕਰਨ ਲੱਗੀ। 'ਅੱਜ ਤੂੰ ਵੀ ਕੁਝ ਉਦਾਸ ਲਗਦਾ ਏਂ। ਤੂੰ ਇਕੱਲਾ ਨਹੀਂ ਮੈਂ ਵੀ ਤੇਰੇ ਨਾਲ ਹਾਂ। ਤੂੰ ਤੇ ਰਾਤ ਭਰ ਲਈ ਚਲਾ ਜਾਨਾ ਏ ਤੇ ਮੁੜ ਸਵੇਰੇ ਆਉਨਾ ਏਂ ਪਰ ਮੈਂ ਤਾਂ ਬੱਸ ਇੱਥੇ ਹੀੑ= ਪਤਾ ਨਹੀਂ ਹੋਰ ਕਿੰਨੇ ਦਿਨ ਦੀ ਪਰਾਹੁਣੀ ਹਾਂ? ਹੁਣ ਤਾਂ ਬਸ ਰੱਬ ਚੁਕ ਹੀ ਲਵੈ ਕੀ ਫਾਇਦਾ ਇਸ ਅਰਥਹੀਣ ਅਸਤਿੱਤਵ ਦਾ? ਕੀ ਲੈਣਾ ਹੋਰ ਜੀਅ ਕੇ ?'

'ਉਫ਼ ! ਫੇਰ ?'

ਸਿਮੋਨ ਨੂੰ ਥੋੜੀ ਭੁੱਖ ਮਹਿਸੂਸ ਹੋਈੌ ਉਸ ਕੋਲ ਉੱਠ ਕੇ ਰਸੋਈ ਵਿਚ ਜਾ ਕੇ ਕੁਝ ਬਨਾਉਣ ਦੀ ਬਿਲਕੁਲ ਹਿੰਮਤ ਨਹੀਂ ਸੀ। ਉਠ ਕੇ ਬੱਤੀ ਬਾਲਣ ਲਈ ਵੀ ਉਸਤੋਂ ਉੱਠ ਨਹੀ ਹੋ ਰਿਹਾ ਸੀ, ਉਹ ਉੱਥੇ ਹੀ ਬੈਠੀ ਉੱਠਣ ਬਾਰੇ ਸੋਚਦੀ ਰਹੀ। ਅਚਾਨਕ ਬੂਹਾ ਖੁੱਲ੍ਹਿਆ ਤੇ ਉਸਦਾ ਬੇਟਾ ਕਰਨ ਤੇ ਉਸਦੀ ਪਤਨੀ ਜੈਸਮਿਨ ਅੰਦਰ ਆਏ। ਕਰਨ ਨੇ ਕਿਹਾ,"ਹਾਇ ਮਾਮ, ਬੱਤੀ ਨਹੀਂ ਬਾਲ਼ੀ? ਨੇਰ੍ਹੇ 'ਚ ਕਿਉਂ ਬੈਠੇ ਹੋ"?



ਸਿਮੋਨ ਇਕ ਦਮ ਚਹਿਕ ਪਈ, "ਕੁਝ ਨਹੀਂ ਬੇਟਾ ਜਰਾ ਥੱਕ ਗਈ ਸੀ। ਬੱਤੀ ਹੀ ਬਾਲਣ ਲਈ ਉੱਠਣ ਲੱਗੀ ਸੀ ਹੁਣੇ । ਆ ਗਏ ਤੁਸੀਂ ?" ਉਹ ਉੱਠਣ ਦੀ ਕੋਸ਼ਿਸ਼ ਕਰਨ ਲੱਗੀ ।

ਕਰਨ ਨੇ ਮਾਂ ਨੂੰ ਜੱਫੀ ਪਾਈ ਅਤੇ ਪੁੱਛਣ ਲੱਗਾ," ਅੱਜ ਡਾਕਟਰ ਦੇ ਗਏ ਸੀ, ਕੀ ਕਿਹਾ ਉਸਨੇ?"

ਪਾਰਕਿਨਸਨ ਬਾਰੇ ਦੱਸਣ ਲੱਗੀ ਹੀ ਸੀ ਕਿ ਇਕਦਮ ਸੰਭਲ ਗਈ ਅਤੇ ਹੱਸ ਕੇ ਬੋਲੀ, "ਕੁਛ ਨਹੀਂ ਸਭ ਨਾਰਮਲ ਹੈ।" ਸਿਮੋਨ ਨੇ ਅੱਖਾਂ ਚੁਰਾਉਂਦਿਆਂ ਕਿਹਾ। ਉਹ ਗੱਲ ਕਰਨ ਨਾਲ ਕਰ ਰਹੀ ਸੀ ਪਰ ਉਸਦੀਆਂ ਅੱਖਾਂ ਜੈਸਮਿਨ ਦਾ ਪਿੱਛਾ ਕਰ ਰਹੀਆਂ ਸਨ ਜੋ ਉਸਨੂੰ ਬਿਨਾ ਬੁਲਾਇਆਂ ਹੀ ਲੰਘ ਗਈ ਸੀ। ਕਰਨ ਨੂੰ ਪਤਾ ਸੀ ਕਿ ਮਾਂ ਉੱਧਰ ਨੂੰ ਕਿਉਂ ਵੇਖ ਰਹੀ ਸੀ। ਉਸਨੇ ਹੱਸ ਕੇ ਕਿਹਾ, "ਮਾਮ ਜੈਸਮਿਨ ਕਾਹਲੀ ਵਿਚ ਹੈ। ਅਸੀਂ ਡਿਨਰ ਤੇ ਜਾਣਾ ਹੈ ਤੇ ਉਹ ਤਿਆਰ ਹੋਣ ਲਈ ਗਈ ਹੈ। ਹਾਂ ਸੱਚ ਤੁਸੀਂ ਪਲੀਜ਼ ਆਪੇ ਡਿਨਰ ਕਰ ਲੈਣਾ ਅੱਜੈ।"

"ਕੋਈ ਨੀ ਮੇਰੇ ਬੱਚੇ, ਖੁਸ਼ ਰਹੋ। ਫਿਕਰ ਨਾ ਕਰੋ, ਮੈਂ ਆਪੇ ਖਾ ਲਵਾਂਗੀ।"

ਜੈਸਮਿਨ ਸਫੈਦ ਗਾਊਨ ਵਿਚ ਸਜੀ-ਧਜੀ ਕਮਰੇ ਤੋਂ ਬਾਹਰ ਨਿਕਲੀ। ਸਿਮੋਨ ਤੋਂ ਰਿਹਾ ਨਾ ਗਿਆ। "ਯੂ ਲੁਕ ਗੌਰਜਿਅਸ ਜੈਸਮਿਨ !"

"ਓਹ ਥੈਂਕਸ !" ਜੈਸਮਿਨ ਸਿਮੋਨ ਵੱਲ ਬਿਨਾ ਵੇਖਿਆਂ ਕਮਰੇ ਵਿਚ ਇੱਧਰ-ਉੱਧਰ ਘੁੰਮ ਰਹੀ ਸੀ।

'ਜੈਸਮਿਨ ਤੁਸੀਂ ਜਰਾ ਛੇਤੀ ਆ ਜਾਣਾ ਮੈਨੂੰ ਇਕੱਲਿਆਂ ਡਰ ਲੱਗਣ ਲੱਗ ਜਾਂਦੈ ।"

"ਤੁਸੀਂ ਕਰਨ ਨਾਲ ਗੱਲ ਕਰੋ ਨਾ, ਉਸਨੂੰ ਆਪਣੀ ਮਾਂ ਦਾ ਧਿਆਨ ਰੱਖਣਾ ਚਾਹੀਦਾ।"

"ਤੂੰ ਵੀ ਮੇਰੀ ਧੀ ਹੀ ਹੈਂ ਨਾ !"

" ਨੋ, ਤੁਸੀਂ ਮੇਰੀ ਮਾਂ ਥੋੜਾ ਨਾ ਹੋ, ਕਰਨ ਦੀ ਮਾਂ ਹੋ । ਉਸਨੂੰ ਖਿਆਲ ਰੱਖਣਾ ਚਾਹੀਦਾ ਤੁਹਾਡਾ।"

ਸਿਮੋਨ ਨੇ ਕਿਹਾ, "ਪਰ ਮੈਂ ਤਾਂ ਤੈਨੂੰ ਧੀ ਬਣਾ ਕੇ ਲਿਆਂਦਾ ਸੀ।"

"ਬਟ ਆਈ ਐਮ ਨੌਟ ਯੂਅਰ ਡਾਟਰ !"

ਇਹ ਸੁਣ ਕੇ ਸਿਮੋਨ ਦੇ ਕੰਨਾਂ ਵਿਚੋਂ ਧੂੰਆਂ ਨਿਕਲਣ ਲਗ ਪਿਆੌ ਇਹ ਬੋਲ ਉਸਦੇ ਸਿਰ ਚੜ੍ਹ ਕੇ ਬੋਲਦੇ ਰਹੇ। ਉਹ ਸੋਚਣ ਲੱਗੀ ਇਹ ਗੱਲ ਪਾਰਕਿਨਸਨ ਵਾਲੀ ਗੱਲ ਨਾਲੋਂ ਵੱਡੀ ਸੀ ਜਾਂ ਛੋਟੀ? ਹੌਲੀ ਹੌਲੀ ਉਸਨੇ ਮਨ ਨੂੰ ਸਹਿਜ ਕੀਤਾ ਅਤੇ ਆਪਣੇ ਆਪਨੂੰ ਸਮਝਾਇਆ, ਜੈਸਮਿਨ ਨੂੰ ਮੈਂ ਫਿਰ ਵੀ ਧੀ ਹੀ ਸਮਝਾਂਗੀ ਉਹ ਭਾਂਵੇਂ ਜੋ ਮਰਜ਼ੀ ਸੋਚੀ ਜਾਵੇ। ਦੋਨੋਂ ਬੱਚੇ ਤਿਆਰ ਹੋ ਕੇ ਬੂਹੇ ਕੋਲ ਆ ਗਏ। ਕਰਨ ਨੇ ਹੱਥ ਹਿਲਾਉਂਦਿਆਂ ਕਿਹਾ, "ਓ ਕੇ ਮਾਮ, ਟੇਕ ਕੇਅਰ।"

"ਓ ਕੇ ਬੇਟਾ ਇੰਜੁਆਏ !"

ਦੋਵੇਂ ਅੱਗੜ-ਪਿੱਛੜ ਬਾਹਰ ਨਿਕਲ ਗਏ। ਦਰਵਾਜਾ ਇਉਂ ਬੰਦ ਹੋਇਆ ਜਿਵੇਂ ਕਿਸੇ ਦਿਉ ਨੇ ਗੁਫ਼ਾ ਦਾ ਦਰਵਾਜਾ ਬੰਦ ਕੀਤਾ ਹੋਵੇ। ਉਹ ਇਕ ਵੇਰ ਫਿਰ ਤੋਂ ਦਿੱਲੀ ਵਾਲੇ ਘਰ ਦੀਆਂ ਯਾਦਾਂ ਵਿਚ ਗੁਆਚ ਗਈ। ਸ਼ਾਇਦ ਅੱਜ ਜੇ ਅਸੀਂ ਉੱਥੇ ਹੁੰਦੇ ਤਾਂ ਸਾਡੇ ਪੋਤਰੇ-ਪੋਤਰੀਆਂ ਉਸ ਵਿਚ ਖੇਡਦੇ ਹੁੰਦੇ। ਘਰ 'ਚ ਰੌਣਕਾਂ ਹੁੰਦੀਆਂ ਤੇ ਸ਼ਾਇਦ ਸਰਦਾਰ ਜੀ ਵੀ ਸਾਨੂੰ ਛੱਡ ਕੇ ਨਾ ਜਾਂਦੇ।

ਹੁਣ ਸਿਮੋਨ ਫੇਰ ਦਿੱਲੀ ਵਾਲੇ ਘਰ ਵਿਚ ਪਹੁੰਚ ਚੁੱਕੀ ਸੀੌ ਘਰ ਵਿਚ ਦੋ ਬੱਚੇ, ਦੋ ਨੌਕਰ ਤੇ ਹਰ ਵਕਤ ਦੀ ਚਹਿਲ ਪਹਿਲ। ਉਹ ਆਪ ਇਕ ਜਿੰਮੇਵਾਰ ਅਫਸਰ- ਸਿਮਰਨਜੀਤ ਕੌਰ ਵਿਰਦੀ। ਵੱਡੇ ਵੱਡੇ ਸਮਾਗਮਾਂ ਦਾ ਪ੍ਰਬੰਧ ਕਰਦੀ, ਪ੍ਰਧਾਨ ਮੰਤਰੀ ਤੱਕ ਦੇ ਫੰਕਸ਼ਨ ਹੋਸਟ ਕਰਦੀ। ਵੇਲੇ ਦੀ ਪ੍ਰਸਿੱਧ ਲੇਖਕ ਅਮ੍ਰਿਤ ਪ੍ਰੀਤ ਕੌਰ ਉਸਦੀ ਗੂੜ੍ਹੀ ਦੋਸਤ ਸੀ, ਉਸ ਨਾਲ ਉਹ ਘੰਟਿਆਂ ਬੱਧੀ ਗੱਪਾਂ ਮਾਰਦੀ। ਖੁਸ਼ੀਆਂ ਭਰੇ ਇਸ ਘਰ ਵਿਚ ਇਕ ਦਿਨ ਕਰਨ ਅਮਰੀਕਾ ਤੋਂ ਆਈ ਇਕ ਚਿੱਠੀ ਲੈ ਕੇ ਦੌੜਾ-ਦੌੜਾ

ਅੰਦਰ ਆਇਆ।

"ਕਿਸਦੀ ਚਿੱਠੀ ਏ?" ਮਾਂ ਨੇ ਪੁੱਛਿਆ।

"ਅਮਰੀਕਾ ਵਾਲੇ ਭੂਆ ਜੀ ਦੀ, ਉਨ੍ਹਾਂ ਲਿਖਿਐ ਇਮੀਗਰੇਸ਼ਨ ਲਈ ਜੋ ਪੇਪਰ ਭਰੇ ਸਨ ਉਨ੍ਹਾਂ ਦੀ ਮਨਜ਼ੂਰੀ ਆ ਗਈ ਏ ਅਤੇ ਜਲਦੀ ਤੋਂ ਜਲਦੀ ਤਿਆਰੀ ਕਰਕੇ ਅਮਰੀਕਾ ਆ ਜਾਉ।" ਚਿੱਠੀ ਨੇ ਘਰ ਵਿਚ ਹਲਚਲ ਮਚਾ ਦਿੱਤੀ। ਬੱਚੇ ਖੁਸ਼ੀ ਨਾਲ ਪਾਗਲ ਹੋਏ ਨੱਚ-ਗਾ ਰਹੇ ਸਨ। "ਓਹ ਓਹ ਅਸੀਂ ਅਮਰੀਕਾ ਚੱਲੇ। ਬੱਲੇ ਬੱਲੇ ਅਸੀਂ ਅਮਰੀਕਾ ਚੱਲੇ।"

ਸਾਰਿਆਂ ਦੇ ਮੂੰਹ 'ਤੇ ਰੌਣਕਾਂ ਆ ਗਈਆਂ । ਸਾਰੇ ਘਰ ਵਿਚ ਇਕ ਨਵਾਂ ਹੁੱਲਾਸ ਭਰ ਗਿਆ । ਅਮਰੀਕਾ ਦੇ ਵੀਜ਼ੇ ਸਾਹਮਣੇ ਸਭ ਕੁਝ ਫਿੱਕਾ ਫਿੱਕਾ ਜਾਪਦਾ ਸੀ। ਆਂਢ-ਗੁਆਂਢ ਤੇ ਰਿਸ਼ਤੇਦਾਰ ਸਭ ਵਧਾਈਆਂ ਦੇ ਰਹੇ ਸਨ। ਸਿਮਰਨਜੀਤ ਦੀ ਨੌਕਰੀ ਦਾ ਸਵਾਲ ਪੈਦਾ ਹੋ ਗਿਆ । ਮਹਿਕਮੇ ਵਾਲਿਆਂ ਨੇ ਸ਼ਰਤ ਲਗਾ ਦਿੱਤੀ ਕਿ ਜਦੋਂ ਤੱਕ ਦੂਸਰਾ ਯੋਗ ਅਫਸਰ ਨਹੀਂ ਮਿਲਦਾ ਉਹ ਨੌਕਰੀ ਛੱਡ ਕੇ ਨਹੀਂ ਜਾ ਸਕਦੀ ਸੀ। ਵਿਰਦੀ ਸਾਹਿਬ ਨੇ ਫੈਸਲਾ ਕਰ ਲਿਆ ਕਿ ਕਰਨ ਤੇ ਉਹ ਪਹਿਲਾਂ ਚਲੇ ਜਾਣਗੇ ਅਤੇ ਸਿਮਰਨਜੀਤ ਮਿੰਨੀ ਨੂੰ ਲੈ ਕੇ ਬਾਅਦ ਵਿਚ ਆ ਜਾਵੇਗੀ।

ਵਿਰਦੀ ਸਾਹਿਬ ਕਰਨ ਨੂੰ ਲੈ ਕੇ ਅਮਰੀਕਾ ਦੇ ਸੂਬੇ ਕੈਲੀਫੋਰਨੀਆ ਦੇ ਸ਼ਹਿਰ ਯੂਬਾ ਸਿਟੀ ਵਿਚ ਰਹਿੰਦੀ ਆਪਣੀ ਭੈਣ ਰਾਜ ਕੌਰ ਦੇ ਘਰ ਰਹਿਣ ਲੱਗੇ। ਇੱਥੇ ਦੇ ਲੋਕ ਖੇਤੀ ਕਰਦੇ ਅਤੇ ਬਿਲਕੁਲ ਪੰਜਾਬ ਦੇ ਪਿੰਡਾਂ ਵਾਂਗ ਰਹਿੰਦੇ । ਬਥੇਰੀਆਂ ਟੱਕਰਾਂ ਮਾਰੀਆਂ ਪਰ ਉਨ੍ਹਾਂ ਨੂੰ ਆਪਣੇ ਪੱਧਰ ਦੀ ਕੋਈ ਨੌਕਰੀ ਨਾ ਮਿਲੀ।ਇੰਨੀ ਸੁਹਣੀ ਜ਼ਿੰਦਗੀ ਅਤੇ ਨੌਕਰੀ ਛੱਡ ਕੇ ਉਹ ਆਪਣੇ ਆਪ ਨੂੰ ਕਿਸੇ ਗਹਿਰੀ ਖੱਡ 'ਚ ਡਿਗੇ ਮਹਿਸੂਸ ਕਰ ਰਹੇ ਸਨ। ਪਰ ਮੁੰਡੇ ਦੇ ਚੰਗੇ ਭਵਿੱਖ ਲਈ ਉਹਨਾਂ ਨੇ ਕੰਮ ਲੱਭਣ ਦੀ ਕੋਸ਼ਿਸ਼ ਜਾਰੀ ਰੱਖੀ। ਕਰਨ ਉੱਥੋਂ ਦੇ ਹਾਈ ਸਕੂਲ ਵਿਚ ਦਸਵੀਂ ਜਮਾਤ ਵਿਚ ਪੜ੍ਹਨ ਲੱਗਾ। ਮਿੰਨੀ ਮਾਂ ਕੋਲ ਹੀ ਰਹੀ। ਵਿਰਦੀ ਸਾਹਿਬ ਕੰਮ ਲਈ ਭਟਕਦੇ ਰਹੇ ਪਰ ਉਨ੍ਹਾਂ ਦੇ ਤਜਰਬੇ ਅਨੁਸਾਰ ਕੋਈ ਕੰਮ ਨਾ ਮਿਲ ਸਕਿਆ। ਇੰਡੀਆ ਤੋਂ ਜੋ ਲੈ ਕੇ ਆਏ ਸਨ ਹੌਲੀ ਹੌਲੀ ਖਤਮ ਹੋ ਗਿਆ । ਹੁਣ ਘਰ ਚਲਾਉਣ ਲਈ ਖੇਤਾਂ ਵਿਚ ਕੰਮ ਕਰਨ ਤੋਂ ਸਿਵਾਇ ਹੋਰ ਕੋਈ ਚਾਰਾ ਨਹੀਂ ਸੀ। ਸੋਲ੍ਹਾਂ ਸਾਲਾਂ ਦਾ ਹੋ ਕੇ ਕਰਨ ਵੀ ਮੈੱਕਡੋਨਲਡ 'ਤੇ ਪਾਰਟ ਟਾਈਮ ਕੰਮ ਕਰਨ ਲੱਗ ਪਿਆ। ਇਸੇ ਤਰ੍ਹਾਂ ਚਾਰ ਵਰ੍ਹੇ ਲੰਘ ਗਏ ਪਰ ਸਿਮਰਨਜੀਤ ਅਮਰੀਕਾ ਵਿਚ ਕੰਮ ਦੇ ਹਾਲਾਤ ਵੇਖ ਕੇ ਆਪਣੀ ਨੌਕਰੀ ਛੱਡਣ ਦਾ ਹੀਆ ਨਾ ਕਰ ਸਕੀ। ਨਾ ਹੀ ਵਿਰਦੀ ਸਾਹਿਬ ਵਾਪਿਸ ਜਾ ਸਕੇ। ਉਹ ਉੱਥੋਂ ਉਨ੍ਹਾਂ ਨੂੰ ਲੋੜ ਪੈਣ ਤੇ ਥੋੜੇ ਬਹੁਤੇ ਪੈਸੇ ਵੀ ਭੇਜ ਦਿੰਦੀ ਰਹੀ। ਉਹ ਇੰਤਜ਼ਾਰ ਕਰ ਰਹੀ ਸੀ ਕਿ ਕਦੋਂ ਉਹ ਪਿਉ-ਪੁੱਤਰ ਥੋੜਾ ਜਿਹਾ ਸੈਟਲ ਹੋਣ ਤੇ ਕਦੋਂ ਉਹਨਾਂ ਦਾ ਸਾਰਾ ਪਰਿਵਾਰ ਮੁੜ ਇਕੱਠਾ ਹੋਵੇ। ਟੈਲੀਫੂਨ ਤੇ ਰੋਜ਼ ਗੱਲ ਹੋ ਜਾਂਦੀ ਰਹੀ।

ਇਕ ਦਿਨ ਅਮਰੀਕਾ ਤੋਂ ਆਈ ਕਰਨ ਦੀ ਫੋਨ ਕਾਲ ਨੇ ਸਿਮਰਨਜੀਤ ਨੂੰ ਝੰਜੋੜ ਕੇ ਰੱਖ ਦਿੱਤਾ।

ਕਰਨ ਕਹਿ ਰਿਹਾ ਸੀ, "ਮਾਮ ਛੇਤੀ ਤੋਂ ਛੇਤੀ ਆ ਜਾਉ, ਪਾਪਾ ਠੀਕ ਨਹੀਂ ਨੇ।"

"ਕੀ ਹੋਇਆ ਬੇਟਾ ਪਾਪਾ ਨੂੰ ? ਤੂੰ ਰੋ ਕਿਉਂ ਰਿਹੈਂ?"

"ਮੈਨੂੰ ਨਹੀਂ ਪਤਾ ਮਮਾ, ਤੁਸੀਂ ਛੇਤੀ ਤੋਂ ਛੇਤੀ ਆਕੇ ਆਪੇ ਵੇਖ ਲਉ।"

ਸਿਮਰਨਜੀਤ ਨੇ ਅਮਰੀਕਾ ਪਹੁੰਚ ਕੇ ਵੇਖਿਆ ਕਿ ਚਿੱਟੇ ਖੁੱਲ੍ਹੇ ਦਾਹੜੇ ਵਾਲਾ ਉਸਦਾ ਪਤੀ ਸਿਰ 'ਤੇ ਦੁੱਧ ਚਿੱਟੀ ਪੱਗ ਬੰਨ੍ਹੀ ਇਕ ਡੱਬੇ ਵਿਚ ਸ਼ਾਂਤ ਲੰਮਾ ਪਿਆ ਸੀ। ਉਸਨੂੰ ਵੇਖ ਕੇ ਉਹ ਤਾਂ ਜਿਵੇਂ ਪੱਥਰ ਹੀ ਹੋ ਗਈ। ਨੀਮ ਬੇਹੋਸ਼ੀ ਜਿਹੀ ਵਿਚ ਇੰਨਾ ਹੀ ਕਹਿ ਸਕੀ, "ਸਰਦਾਰ ਜੀ ਤੁਸੀਂ ਕਦੋਂ ਤੋਂ ਪੀਰਾਂ-ਫਕੀਰਾਂ ਦੀ ਤਸਵੀਰ ਵਾਂਗ ਲੱਗਣ ਲੱਗ ਪਏ?" ਭਾਰਾ ਕੰਮ ਕਦੇ ਕੀਤਾ ਨਹੀਂ ਸੀ, ਖੇਤਾਂ ਵਿਚ ਕੰਮ ਕਰਦਿਆਂ ਵਿਰਦੀ ਸਾਹਿਬ ਨੂੰ ਦਿਲ ਦਾ ਦੌਰਾ ਪੈ ਗਿਆ । ਬੱਚਿਆਂ ਦੇ ਉਤਰੇ ਮੂੰਹ ਵੇਖ ਸਿਮੋਨ



ਨੇ ਆਪਣੇ ਚਿਹਰੇ ਤੋਂ ਉਦਾਸੀ ਦੀ ਹਰ ਸ਼ਿਕਨ ਪੂੰਝ ਲਈ ਅਤੇ ਆਪ ਵੀ ਇੱਥੇ ਦੀ ਹੀ ਹੋ ਕੇ ਰਹਿ ਗਈ।

ਮਿੰਨੀ ਨੂੰ ਇੰਡੀਆ ਇਕ ਕਾਲਜ ਦੇ ਹੋਸਟਲ ਵਿਚ ਪੜ੍ਹਨ ਲਈ ਭੇਜ ਦਿੱਤਾ ਗਿਆ। ਹੁਣ ਕਰਨ ਸਾਨਫਰਾਂਸਿਸਕੋ ਯੂਨੀਵਰਸਿਟੀ ਵਿਚ ਪੜ੍ਹਨ ਲੱਗਾ। ਸਿਮਰਨਜੀਤ ਆਪ ਅਮਰੀਕਾ ਦੀ ਜ਼ਿੰਦਗੀ ਨਾਲ ਜੂਝ ਰਹੀ ਸੀ। ਇਸ ਉਮਰ ਵਿਚ ਨੌਕਰੀ ਮਿਲਣੀ ਤਾਂ ਮੁਸ਼ਕਿਲ ਸੀ। ਉਹ ਜਿੱਥੇ ਵੀ ਅਪਲਾਈ ਕਰਦੀ, 'ਓਵਰ ਕੁਆਲੀਫਾਈਡ' ਕਹਿ ਕੇ ਮੋੜ ਦਿੱਤੀ ਜਾਂਦੀ। ਸਮਾਂ ਪਾ ਕੇ ਕਰਨ ਪੜ੍ਹ-ਲਿਖ ਕੇ ਕੰਪਿਊਟਰ ਇੰਜਨੀਅਰ ਬਣ ਗਿਆ ਅਤੇ ਖੂਬਸੂਰਤ ਸਾਂਨਫਰਾਂਸਿਸਕੋ ਸ਼ਹਿਰ ਵਿਚ ਬਹੁਤ ਵਧੀਆ ਨੌਕਰੀ 'ਤੇ ਲਗ ਗਿਆ । ਸਿਮੋਨ ਖੁਸ਼ ਸੀ ਕਿ ਜ਼ਿੰਦਗੀ ਦੀ ਗੱਡੀ ਹੁਣ ਰਿੜ੍ਹ ਪਈ।

ਐਧਰੋਂ ਓਧਰੋਂ ਪਤਾ ਕਰਕੇ ਉਸਨੇ ਵੀ 'ਅਰਲੀ ਚਾਈਲਡਹੁਡ' ਦੀਆਂ ਕਲਾਸਾਂ ਲੈ ਕੇ 'ਕਿੰਡਰਕੇਅਰ' ਨਾਂ ਦੇ ਇਕ ਪ੍ਰੀ-ਸਕੂਲ ਵਿਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਪਹਿਲੇ ਦਿਨ ਸਕੂਲ ਦੇ ਨਨ੍ਹੇ ਮੁੰਨੇ ਬੱਚਿਆਂ ਨੇ ਤੋਤਲੀ ਆਵਾਜ਼ ਵਿਚ ਉਸਨੂੰ ਪੁੱਛਿਆ, "ਵਟ ਇਜ਼ ਯੂਅਰ ਨੇਮ ਮਿਸ?"

ਉਸਨੇ ਬੜੇ ਪਿਆਰ ਨਾਲ ਕਿਹਾ," ਸਿਮਰਨਜੀਤ ਕੌਰ ਵਿਰਦੀ।"

ਪਰ ਉਸਦਾ ਦੱਸਿਆ ਨਾਂ ਬੱਚੇ ਉੱਚਾਰ ਨਾ ਸਕੇ ਤੇ ਉਸਨੂੰ ਮਿੱਸ ਸਿਮੋਨ ਕਹਿਕੇ ਬੁਲਾਉਣ ਲੱਗੇ। ਉਸ ਦਿਨ ਤੋਂ ਸਿਮਰਨਜੀਤ ਕੌਰ ਵਿਰਦੀ ਦਾ ਅਸਲੀ ਨਾਂ ਗੁਆਚ ਗਿਆ ਅਤੇ ਸਾਰਿਆਂ ਲਈ ਅਤੇ ਆਪਣੇ ਆਪ ਲਈ ਵੀ ਉਹ ਮਿਸ ਸਿਮੋਨ ਬਣ ਗਈ। ਉਹ ਸੋਚਦੀ ਅਮਰੀਕਾ ਨੇ ਉਸਤੋਂ ਪਹਿਲਾ ਦਾਨ ਉਸਦੇ ਪਤੀ ਦਾ ਲਿਆ, ਦੂਜਾ ਉਸਦੇ ਨਾਂ ਦਾ, ਆਪਣਿਆਂ ਦੀ ਅਪਣੱਤ ਦਾ ਅਤੇ ਹੁਣ ਤੰਦਰੁਸਤੀ ਵੀ ਦਾਅ 'ਤੇ ਲਗਦੀ ਦਿਸਦੀ !ਪਰਕਿਨਸਨ ਦਾ ਨਾਂ ਚੇਤੇ ਆਉਂਦਿਆਂ ਹੀ ਉਹ ਕੰਬ ਗਈ। ਉਸਦੇ ਹੱਥੋਂ ਚਾਂਦੀ ਦਾ ਗਿਲਾਸ ਛੁੱਟ ਕੇ ਠਾਹ ਕਰਕੇ ਫਰਸ਼ ਤੇ ਜਾ ਡਿੱਗਾ। ਉਸਦੀ ਬਿਰਤੀ ਟੁੱਟ ਗਈ।

'ਉਫ਼ !ਮੈਂ ਇੰਨੀ ਨੈਗੇਟਿਵ ਕਦੋਂ ਤੋਂ ਹੋ ਗਈ?'

ਸਕੂਲ ਸਿਮੋਨ ਦੇ ਘਰ ਤੋਂ ਥੋੜ੍ਹੀ ਦੂਰ ਹੀ ਤਾਂ ਸੀ। ਸਾਹਮਣੇ ਉੱਚੇ-ਉੱਚੇ ਪਹਾੜਾਂ ਦੀ ਖੂਬਸੂਰਤੀ ਵੇਖ ਆਨੰਦਿਤ ਹੁੰਦੀ, ਆਲੇ-ਦੁਆਲੇ ਲੰਮੇ ਲੰਮੇ ਦਰਖ਼ਤਾਂ ਨੂੰ ਨਿਹਾਰਦੀ, ਸਮੁੰਦਰ ਦੀਆਂ ਲਹਿਰਾਂ ਨੂੰ ਨੀਝ ਨਾਲ ਤੱਕਦੀ, ਤੁਰਦੀ ਤੁਰਦੀ ਉਸਨੂੰ ਪਤਾ ਹੀ ਨਾ ਲੱਗਦਾ ਕਦੋਂ ਆਪਣੇ ਪ੍ਰੀ-ਸਕੂਲ ਜਾਂਦੀ । ਉਹ ਮਹਿਸੂਸ ਕਰਦੀ ਕਿ ਇਹ ਛੋਟਾ ਜਿਹਾ ਰਾਹ ਵੀ ਉਸ ਲਈ ਇਕ ਸਾਧਨਾ ਹੀ ਸੀ। ਕੁਦਰਤ ਦੇ ਨੇੜੇ ! ਕਾਦਰ ਦੇ ਨੇੜੇ! ਸਕੂਲ ਪਹੁੰਚਦੀ ਤਾਂ ਬੱਚਿਆਂ ਦੀਆਂ ਕਿਲਕਾਰੀਆਂ ਵਿਚ ਗੁਆਚ ਜਾਂਦੀ, ਉਹਨਾਂ ਨਾਲ ਖੇਡਦੀ ਬਿਲਕੁਲ ਬੱਚਾ ਬਣ ਜਾਂਦੀ । ਆਪਣੇ ਨਾਲ ਗੱਲਾਂ ਕਰਨ ਦੀ ਬਜਾਇ ਉਹ ਬੱਚਿਆਂ ਨਾਲ ਖੂਬ ਹੱਸਦੀ ਅਤੇ ਸਾਰਾ ਦਿਨ ਤੋਤਲੀਆਂ ਗੱਲਾਂ ਕਰਦੀ । ਘਰ ਆਕੇ ਉਹ ਰੱਜ ਕੇ ਸੌਂਦੀ । ਸਿਮੋਨ ਅਕਸਰ ਉਹਾਂ ਦਿਨਾਂ ਨੂੰ ਯਾਦ ਕਰਦੀ ਕਿ ਕਿੰਨਾ ਹੁਸੀਨ ਸਮਾਂ ਸੀ ਉਹ।

ਉਸਦੀਆਂ ਲੱਤਾਂ ਠਰਨ ਲੱਗੀਆਂ। ਰਾਤ ਵੀ ਕਾਫੀ ਹੋ ਚੁੱਕੀ ਸੀ। ਸਿਮੋਨ ਨੇ ਆਪਣੇ ਆਪ ਨੂੰ ਕਿਹਾ, "ਚੱਲ ਉੱਠ ਸਿਮੋਨ, ਦਵਾਈ ਖਾਹ। ਤੈਨੂੰ ਕਿਸੇ ਨੇ ਗੋਲੀ ਲਿਆ ਕੇ ਹੱਥ ਵਿਚ ਨਹੀਂ ਫੜਾਉਣੀ। ਇਸ ਤੋਂ ਪਹਿਲਾਂ ਕਿ ਸਰੀਰ ਜਵਾਬ ਦੇ ਜਾਏ ਤੇ ਤੈਥੋਂ ਇੱਥੋਂ ਉਠ ਵੀ ਨਾ ਹੋਵੇ, ਉਠ ਕੇ ਦਵਾਈ ਖਾ ਲੈ ਸਿਮੋਨ।"

ਸੌਣ ਵਾਲਾ ਸੂਟ ਪਹਿਨ ਕੇ ਸਿਮੋਨ ਆਪਣੇ ਕਮਰੇ ਵੱਲ ਨੂੰ ਤੁਰ ਪਈ। ਰਾਹ ਵਿਚ ਪੈਂਦੇ ਇਕ ਕਮਰੇ ਕੋਲ ਜਾਕੇ ਉਸਦੇ ਪੈਰ ਠਿਠਕ ਗਏ। ਹਮੇਸ਼ਾ ਇਸੇ ਤਰ੍ਹਾਂ ਹੁੰਦਾ ਸੀ। ਇਕ ਹਉਕਾ ਉਸਦੇ ਅੰਦਰੋਂ ਨਿਕਲ ਕੇ ਉਸ ਕਮਰੇ ਦੀ ਇਕ ਅਲਮਾਰੀ 'ਤੇ ਜਾ ਬੈਠਾ। ਕਦੇ ਇਸ ਅਲਮਾਰੀ ਵਿਚ ਸਰਦਾਰ ਜੀ ਦੇ ਕਪੜੇ ਰੱਖੇ ਹੁੰਦੇ ਸਨ। ਜਦੋਂ ਵੀ ਦਿਲ ਉਦਾਸ ਹੁੰਦਾ ਉਹ ਸਰਦਾਰ ਜੀ ਦੀ ਅਲਮਾਰੀ ਖੋਲ੍ਹ ਲੈਂਦੀ। ਉਨ੍ਹਾਂ

ਦੀਆਂ ਡਾਇਰੀਆਂ ਫ਼ਰੋਲਦੀ। ਉਨ੍ਹਾਂ ਦੀਆਂ ਲਿਖਤਾਂ ਪੜ੍ਹਦੀ, ਲਗਦਾ ਸੀ ਸ਼ਾਇਦ ਉਹ ਉਸ ਲਈ ਕੋਈ ਸੁਨੇਹਾ ਛੱਡ ਗਏ ਹੋਣ। 'ਪਰ ਹੁਣ ਤਾਂ ਉਹ ਵੀ ਚਲੋ ਉਹ ਜਾਣੇ !' ਉਨ੍ਹਾਂ ਯਾਦਾਂ ਵਿਚ ਗੁਆਚੀ ਉਹ ਆਪਣੇ ਕਮਰੇ ਵੱਲ ਨੂੰ ਤੁਰ ਪਈ।

ਕਰਨ ! ਹਾਂ ਕਰਨ ਨੇ ਹੀ ਇਕ ਦਿਨ ਆਕੇ ਆਖਿਆ ਸੀ, "ਮਾਮ ਹੁਣ ਤੁਸੀਂ ਪਾਪਾ ਦੀਆਂ ਚੀਜ਼ਾਂ ਰੱਖ ਕੇ ਕੀ ਕਰਨੀਆਂ ਨੇ । ਉਨ੍ਹਾਂ ਨੇ ਕਿਹੜਾ ਵਰਤਣ ਲਈ ਵਾਪਿਸ ਆਉਣੈ । ਮੈਂ ਅਲਮਾਰੀ ਵਿਚੋਂ ਪਾਪਾ ਦਾ ਸਮਾਨ ਕੱਢ ਕੇ ਗੈਰਾਜ ਵਿਚ ਰੱਖਣ ਲੱਗਾ ਹਾਂ।"

ਕਰਨ ਨੇ 'ਹੋਮ ਡੀਪੋ' ਤੋਂ ਇਕ ਅਲਮਾਰੀ ਲਿਆਂਦੀ ਅਤੇ ਸਰਦਾਰ ਜੀ ਦਾ ਸਾਰਾ ਸਮਾਨ ਉਸ ਵਿਚ ਰੱਖ ਦਿੱਤਾ। ਉਸ ਕਲੌਜ਼ਿਟ ਵਿਚ ਉਸਦੀ ਪਤਨੀ ਦਾ ਵਾਧੂ ਸਮਾਨ ਆ ਗਿਆ। ਗੱਲ ਇੱਥੇ ਹੀ ਖਤਮ ਹੋ ਜਾਂਦੀ ਤਾਂ ਕੋਈ ਗੱਲ ਨਹੀਂ ਸੀ ਇਕ ਦਿਨ ਉਸ ਨੇ ਗੁੱਡਵਿਲ ਵਾਲਿਆਂ ਨੂੰ ਬੁਲਾ ਕੇ ਸਾਰਾ ਸਮਾਨ ਚੁਕਵਾ ਦਿੱਤਾ। ਉਹ ਅਕਸਰ ਆਖਦੈ,

"ਮਾਮ ਇਹ ਫਜ਼ੂਲ ਦੀ ਭਾਵੁਕਤਾ 'ਚ ਕੀ ਰੱਖਿਐ ! ਕਿਸੇ ਹੋਰ ਨੂੰ ਦੇ ਦਿਉ ਤਾਂ ਕਿ ਕਿਸੇ ਦੇ ਕੰਮ ਆ ਜਾਣ। ਉਸ ਵਿਚ ਇੰਨਾ ਮੂੰਹ ਬਨਾਉਣ ਦੀ ਕਿਹੜੀ ਗੱਲ ਹੈ?"

ਉਸ ਦਿਨ ਤੋਂ ਬਾਅਦ ਸਿਮੋਨ ਨੂੰ ਲਗਦਾ ਸੀ ਕਿ ਇਹ ਘਰ ਜੋ ਉਸਨੇ ਇੰਡੀਆ ਦੀ ਸਾਰੀ ਜਾਇਦਾਦ ਵੇਚ ਕੇ ਅਤੇ ਇੱਥੇ ਨਿੱਕੇ ਨਿੱਕੇ ਬੱਚਿਆਂ ਦੀਆਂ ਲਾਲ੍ਹਾਂ ਪੂੰਝਣ ਦੀ ਨੌਕਰੀ ਦੀ ਕਮਾਈ ਨਾਲ ਬਣਾਇਆ ਸੀ, ਹੁਣ ਉਸਦਾ ਨਹੀਂ ਰਿਹਾ। ਉਸਦੇ ਕੰਨਾਂ ਵਿਚ ਕਦੇ ਉਸਦੇ ਪੁੱਤਰ ਦੇ ਬੋਲ ਗੂੰਜ ਰਹੇ ਸਨ, "ਪਾਪਾ ਦੇ ਸਮਾਨ ਨੇ ਖਾਮਖਾਹ ਥਾਂ ਰੋਕੀ ਹੋਈ ਸੀ।"

ਕਦੇ ਉਸਦੀ ਨੂੰਹ ਦੇ, "ਤੁਸੀਂ ਮੇਰੀ ਮਾਮ ਥੋੜੇ ਹੋ !"

ਸਰਦਾਰ ਜੀ ਗਏ, ਮੇਰਾ ਨਾਂ ਗਿਆ, ਸਰਦਾਰ ਜੀ ਦੀ ਆਖਰੀ ਨਿਸ਼ਾਨੀ ਉਨ੍ਹਾਂ ਦਾ ਸਾਮਾਨ ਵੀ ਗਿਆ, ਰਿਸ਼ਤੇ ਵੀ ਝੂਠੇ ਹੋ ਗਏ ਤੇ ਕਰਨ..! ਸੋਚਾਂ ਵਿਚ ਸਿਮੋਨ ਨੂੰ ਪਤਾ ਹੀ ਨਾ ਲੱਗਿਆ ਕਿ ਕਦੋਂ ਉਹ ਆਪਣੇ ਕਮਰੇ ਵਿਚ ਪਹੁੰਚ ਗਈ।

ਅੱਧੀ ਰਾਤੀਂ ਉਹ ਹੜਬੜਾ ਕੇ ਉੱਠੀ। ਉਸਦੀਆਂ ਅੱਖਾਂ ਵਿਚੋਂ ਪਰਲ-ਪਰਲ ਪਾਣੀ ਵਗ ਰਿਹਾ ਸੀ। ਹੁਣੇ ਸੁਪਨੇ ਵਿਚ ਉਹ ਕਰਨ ਨਾਲ ਗੱਲਾਂ ਕਰ ਰਹੀ ਸੀ, "ਕਰਨ ਆਪਣੀ ਤਾਂ ਵੇਲ ਵੀ ਨਾ ਵਧੀ। ਐਨਾ ਵੱਡਾ ਘਰ ਅਤੇ ਘਰ ਵਿਚ ਇਕ ਵੀ ਕਿਲਕਾਰੀ ਨਾ ਗੂੰਜੀ।" ਉਹ ਅਜੇ ਵੀ ਰੋ ਰਹੀ ਸੀ। ਕੋਲ ਪਏ ਟਿਸ਼ੂ ਬਾਕਸ ਵਿਚੋਂ ਉਸਨੇ ਟਿਸ਼ੂ ਪੇਪਰ ਲੈ ਕੇ ਆਪਣੀਆਂ ਅੱਖਾਂ ਸਾਫ਼ ਕੀਤੀਆਂ। ਡੌਰ ਭੌਰੀ ਜਿਹੀ ਹੋ ਕੇ ਕਮਰੇ ਵਿਚ ਝਾਤ ਮਾਰੀ ਕਿ ਕਿਧਰੇ ਨੂੰਹ-ਪੁੱਤਰ ਨੇ ਕੁਝ ਸੁਣ ਨਾ ਲਿਆ ਹੋਵੇ ਕਿ ਮਤਾਂ ਹੁਣੇ ਆ ਕੇ ਝਿੜਕਣ ਲਗ ਜਾਣ ਕਿ ਤੁਸੀਂ ਰਾਤ ਨੂੰ ਇਹ ਕੀ ਸ਼ੋਰ ਮਚਾਇਆ ਹੋਇਆ ਹੈ। ਉਨ੍ਹਾਂ ਤੋਂ ਡਰਦਿਆਂ ਪੋਤਰੇ-ਪੋਤਰੀਆਂ ਨੂੰ ਖਿਡਾਉਣ ਦੀ ਖਾਹਿਸ਼ ਉਸਨੇ ਕਦੇ ਜ਼ਬਾਨ 'ਤੇ ਨਹੀਂ ਲਿਆਂਦੀ ਸੀ ਪਰ ਅੱਜ ਇਹ ਕਿਵੇਂ ਹੋ ਗਿਆ, ਉਹ ਹੈਰਾਨ ਸੀ।

'ਕਰਨ ਪੁੱਤਰ ਜੇ ਤੂੰ ਮੇਰੇ ਨਾਲ ਏਡੀ ਬੇਰੁਖੀ ਨਾ ਵਰਤਦਾ ਤਾਂ ਮੈਂ ਕਿਤੇ ਡਿੱਗਣ ਵਾਲੀ ਸੀ? ਕਿੰਨੇ ਖੁਸ਼ ਸਾਂ ਆਪਾਂ ਜਦੋਂ ਇੰਡੀਆ ਮਿੰਨੀ ਦਾ ਵਿਆਹ ਕਰਣ ਗਏ ਤੈਨੂੰ ਵੀ ਵਿਆਹ ਲਿਆਏ ਸਾਂ। ਮੇਰੀ ਨੂੰਹ ਆਈ ਤਾਂ ਮੇਰੇ ਤਾਂ ਧਰਤੀ ਤੇ ਪੈਰ ਹੀ ਨਾ ਲੱਗਣ। ਬਾਅਦ ਵਿਚ ਪਤਾ ਨਹੀਂ ਕਿਉਂ ਜੈਸਮਿਨ ਮੇਰੇ ਨਾਲ ਨਰਾਜ਼ ਰਹਿਣ ਲੱਗੀ । ਹੁਣ ਮੈਨੂੰ ਕਹਿੰਦੀ ਮੈਂ ਉਹਦੀ ਮਾਂ ਹੀ ਨਹੀਂ ! ਪਰ ਉਹ ਜਾਣੇ, ਚਲੋ ਕੋਈ ਨਾ ! ਮੇਰਾ ਕੀ ਹੈ? ਮੈਂ ਕਿੰਨੇ ਕੁ ਦਿਨ ਹੋਰ ਜੀਣੈ। ਖੁਸ਼ ਰਹੋ ਮੇਰੇ ਬੱਚਿਉ।'

ਜਦੋਂ ਤੋਂ ਕਰਨ ਨੇ ਵੀ ਆਪਣੀ ਪਤਨੀ ਦੇ ਪੱਖ ਦੀ ਗੱਲ ਕਰਨੀ ਸ਼ੁਰੂ ਕਰ ਦਿੱਤੀ ਤਾਂ ਉਸ ਦਿਨ ਤੋਂ ਸਿਮੋਨ ਚੁੱਪ ਹੋ ਗਈ । ਬਿਲਕੁਲ ਘੱਟ ਬੋਲਦੀ। ਗੁਰਬਾਣੀ ਸੁਣਦੀ। ਸਿਸਟਰ ਸ਼ਿਵਾਨੀ ਅਤੇ ਹੋਰ ਫਿਲਾਸਫਰਾਂ ਨੂੰ ਸੁਣਦੀ। ਜ਼ਿੰਦਗੀ ਦੇ ਮਾਇਨੇ ਲੱਭਣ ਦਾ ਯਤਨ ਕਰਦੀ। ਹਮੇਸ਼ਾ ਪੌਜ਼ੀਟਿਵ ਰਹਿਣ ਦੀ ਕੋਸ਼ਿਸ਼ ਕਰਦੀ। ਆਪਣੇ ਨਾਲ ਹੀ ਗੱਲਾਂ ਕਰਦੀ ਰਹਿੰਦੀ। ਆਪਣੇ ਆਪ ਨੂੰ ਸਮਝਾਉਂਦੀ ਰਹਿੰਦੀ।



ਕਦੇ ਅਤੀਤ ਦੀਆਂ ਯਾਦਾਂ ਵਿਚ ਗੁਆਚ ਜਾਂਦੀ ਅਤੇ ਕਦੇ ਚੰਗੀ ਭਲੀ ਹੋ ਜਾਂਦੀ। ਕਦੇ ਅੰਦਰੋਂ ਹੌਸਲਾ ਜੋੜਦੀ, ਕਦੇ ਢਹਿ ਜਾਂਦੀ।

ਬਿਸਤਰੇ ਵਿਚ ਪਈ ਸਿਮੌਨ ਨੂੰ ਠੰਢ ਜਿਹੀ ਮਹਿਸੂਸ ਹੋਈ। ਉਸਨੇ ਬਿਜਲੀ ਵਾਲੇ ਕੰਬਲ ਨੂੰ ਔਨ ਕੀਤਾ। ਉਸਦੀਆਂ ਲੱਤਾਂ ਜਵਾਬ ਦੇ ਰਹੀਆਂ ਸਨ ਤੇ ਹੱਥ ਝੂਠੇ ਪੈਂਦੇ ਜਾਂਦੇ ਸਨ। ਉਸਨੇ ਰਿਮੋਟ ਕੰਟਰੋਲ ਨਾਲ ਟੀ ਵੀ ਆਨ ਕੀਤਾ। ਬ੍ਰਹਮ ਕੁਮਾਰੀਆਂ ਚਿੱਟੀਆਂ ਸਾੜੀਆਂ ਪਾ ਕੇ ਪ੍ਰਵਚਨ ਕਰ ਰਹੀਆਂ ਸਨ। ਸਿਸਟਰ ਸ਼ਿਵਾਨੀ ਕਹਿ ਰਹੀ ਸੀ, "ਤੁਸੀਂ ਕਿਸੇ ਨੂੰ ਇੰਨਾ ਅਧਿਕਾਰ ਹੀ ਕਿਉਂ ਦਿੰਦੇ ਹੋ ਕਿ ਉਹ ਤੁਹਾਡੇ ਮਨ ਦੇ ਸ਼ਾਂਤੀ-ਕੁੰਡ ਵਿਚ ਪੱਥਰ ਮਾਰ ਕੇ ਹਲਚਲ ਮਚਾ ਦੇਵੇ। ਤੁਸੀਂ ਇੰਨੇ ਕਮਜ਼ੋਰ ਨਾ ਬਣੋ ਕਿ ਕਿਸੇ ਦੇ ਕਹੇ ਸ਼ਬਦ ਤੁਹਾਡੇ ਅੰਦਰ ਦੀ ਰੂਹ ਨੂੰ ਝੰਜੋੜ ਕੇ ਰਖ ਦੇਣ। ਤੁਹਾਡੇ ਅੰਦਰ ਦਾ ਸਕੂਨ ਤੁਹਾਡਾ ਆਪਣਾ ਹੈ। ਇਸ ਨੂੰ ਬਣਾ ਕੇ ਰੱਖੋ।"

ਸਿਮੋਨ ਨੇ ਅੱਖਾਂ ਪੂੰਝੀਆਂ । ਸਿਰ ਨੂੰ ਝਟਕਿਆ ਅਤੇ ਸੋਚਣ ਲੱਗੀ- ਇਹ ਅਸਤਿੱਤਵ ਤਾਂ ਇਕ ਯਾਤਰਾ ਹੈ। ਅਸੀਂ ਸਾਰਿਆਂ ਹੀ ਆਪਣਾ ਆਪਣਾ ਸਫ਼ਰ ਪੂਰਾ ਕਰਕੇ ਚਲੇ ਜਾਣਾ ਹੈ। ਇਸ ਤਰ੍ਹਾਂ ਰੋ-ਧੋ ਕੇ ਤਾਂ ਗੁਜ਼ਾਰਾ ਨਹੀਂ ਹੋਣਾ ਨਾ। ਜੀਊਣਾ ਤਾਂ ਹੈ ਨਾ ਹੁਣ! ਬਿਨ ਮੌਤ ਮਰ ਤਾਂ ਨਹੀਂ ਹੁੰਦਾ ਨਾ! ਜੇ ਮੈਂ ਇਸੇ ਤਰ੍ਹਾਂ ਅਪਸੈੱਟ ਰਹੀ ਤਾਂ ਪਾਰਕਿਨਸਨ ਮੈਨੂੰ ਖਾ ਜਾਏਗੀ। ਮੇਰੇ ਮਨ ਦੇ ਨਾਲ ਨਾਲ ਮੇਰੇ ਸਰੀਰ ਤੇ ਵੀ ਮੇਰਾ ਕੰਟਰੋਲ ਨਹੀਂ ਰਹੇਗਾ। ਮੈਂ ਇਸਨੂੰ ਜਿੱਤਣ ਨਹੀਂ ਦਿਆਂਗੀ। ਮੈਂ ਬਿਨ ਮੌਤ ਨਹੀਂ ਮਰਾਂਗੀ। ਕੋਈ ਨਵੀਂ ਲਹਿਰ ਉਸਦੇ ਅੰਦਰ ਤੇਜ਼ੀ ਨਾਲ ਦੌੜ ਗਈ। ਉਸਨੇ ਦਵਾਈ ਲਈ ਅਤੇ ਹੌਲੀ ਹੌਲੀ ਜਾ ਕੇ ਆਪਣੀਆਂ 'ਚਾਈਲਡ ਡਿਵੈਲਪਮੈਂਟ/ਸਾਈਕੌਲੋਜੀ' ਵਾਲੀਆਂ ਕਿਤਾਬਾਂ ਚੁੱਕ ਲਿਆਂਦੀਆਂ ਅਤੇ ਵਰਕੇ ਪਲਟ ਕੇ ਵੇਖਣ ਲੱਗੀ।

ਉਸਦੀ ਸੋਚ ਨੇ ਕਰਵਟ ਲਈ। ਆਪਣੇ ਆਪ ਨੂੰ ਝਿੜਕ ਕੇ ਕਹਿਣ ਲੱਗੀ, 'ਮੈਂ ਵੀ ਬੱਸ ਭੁੱਲ ਹੀ ਜਾਂਦੀ ਹਾਂ ਕਿ ਕੋਈ ਮੇਰੇ ਅੰਦਰ ਦੇ ਸਕੂਨ ਨੂੰ ਖਰਾਬ ਨਹੀਂ ਕਰ ਸਕਦਾ।' ਮਨ ਹੀ ਮਨ ਵਿਚ ਉਸਨੇ ਬ੍ਰਹਮ ਕੁਮਾਰੀਆਂ ਦਾ ਧੰਨਵਾਦ ਕੀਤਾ। ਹੁਣ ਚੈਨਲ ਤੇ ਸ਼ਬਦ ਕੀਰਤਨ ਚੱਲਣ ਲੱਗਾ। "ਮਨ ਕਿਉਂ ਵੈਰਾਗ ਕਰੇ ਹੈ, ਸਤਿਗੁਰ ਮੇਰਾ ਪੂਰਾ।" ਸ਼ਬਦ ਸੁਣਦਿਆਂ ਕਦੋਂ ਉਸਨੂੰ ਝਪਕੀ ਜਿਹੀ ਆ ਗਈ ਉਸਨੂੰ ਪਤਾ ਹੀ ਨਾ ਲੱਗਿਆ।


ਅਗਲੇ ਦਿਨ ਸਵੇਰੇ ਉਹ ਇਕ ਨਵੇਂ ਹੁੱਲਾਸ ਨਾਲ ਉੱਠੀ। ਅੰਦਰ ਇਕ ਚਾਅ ਜਿਹਾ ਭਰ ਗਿਆ। 'ਕਿੰਡਰ ਕੇਅਰ' ਵਾਲੇ ਦਿਨ ਯਾਦ ਆ ਗਏ। ਆਪਣੀ ਡਾਇਰੀ ਲੱਭ ਕੇ ਉਸਨੇ ਆਪਣੇ ਪੁਰਾਣੇ ਸਕੂਲ ਦੀ ਡਾਇਰੈਕਟਰ ਨੂੰ ਫੋਨ ਕੀਤਾ,

"ਮਿਸ, ਮੈਂ ਸਿਮੌਨ ਬੋਲ ਰਹੀ ਹਾਂ, ਤੁਹਾਡੀ ਪੁਰਾਣੀ ਟੀਚਰ ! ਅੱਜਕਲ ਮੈਂ ਕਿੰਡਰ ਕੇਅਰ ਨੂੰ ਬਹੁਤ ਮਿਸ ਕਰਨ ਲੱਗੀ ਹਾਂ । ਮੈਂ ਫੇਰ ਤੁਹਾਡੇ ਸਕੂਲ ਵਿਚ ਬੱਚਿਆਂ ਨਾਲ ਕੰਮ ਕਰਨਾ ਚਾਹੁੰਦੀ ਹਾਂ, ਜੇ ਤੁਹਾਡੇ ਕੋਲ ਕੋਈ ਵੇਕੈਂਸੀ ਹੋਵੇ ਤਾਂ ਪਰ ਇਸ ਵਾਰ ਮੈਂ ਵਲੰਟੀਅਰ ਜੌਬ ਹੀ ਕਰਾਂਗੀ।"

"ਵਾਹ ! ਮਿਸ ਸਿਮੌਨ ! ਕਿਉਂ ਨਹੀਂ, ਕਿਉਂ ਨਹੀਂ ! ਤੁਸੀਂ ਆਪਣੇ ਫਿੰਗਰ ਪ੍ਰਿੰਟਸ, ਟੀ ਬੀ ਟੈਸਟ ਦੀ ਰਿਪੋਰਟ ਅਤੇ ਆਪਣੀਆਂ ਡਿਗਰੀਆਂ ਲੈ ਕੇ ਜਦੋਂ ਮਰਜ਼ੀ ਸਕੂਲ ਆ ਜਾਣਾ, ਯੂ ਆਰ ਮੋਸਟ ਵੈਲਕਮ ਮਿਸ ਸਿਮੌਨ। ਅਸੀਂ ਸਾਰੇ ਵੀ ਤੁਹਾਨੂੰ ਬਹੁਤ ਮਿਸ ਕਰਦੇ ਹਾਂ। ਤੁਹਾਡੇ ਲਈ ਸਾਡੇ ਕੋਲ ਹਮੇਸ਼ਾ ਵੇਕੈਂਸੀ ਹੈ।"

ਡਾਇਰੈਕਟਰ ਦਾ ਜਵਾਬ ਸੁਣ ਕਮਰੇ ਦੀ ਖਿੜਕੀ 'ਚੋਂ ਆਉਂਦੀਆਂ ਸੂਰਜ ਦੀਆਂ ਕਿਰਨਾਂ ਨਾਲ ਸਿਮੌਨ ਦਾ ਚਿਹਰਾ ਸੋਨੇ ਰੰਗੀ ਭਾਅ ਮਾਰਨ ਲੱਗਿਆ । ਉਹ ਇਕ ਨਵੇਂ ਜੋਸ਼ ਨਾਲ ਉੱਠੀ ਅਤੇ ਆਪਣੇ ਕਾਗਜ਼-ਪੱਤਰ ਇਕੱਠੇ ਕਰਨ ਲਈ ਘਰ ਵਿਚ ਤੇਜ਼-ਤੇਜ਼ ਘੁੰਮਣ ਲੱਗੀ ਉਸਨੂੰ ਯਾਦ ਹੀ ਨਾ ਰਿਹਾ ਕਿ ਕਦੇ ਉਸਦੇ ਹੱਥ ਕੰਬਦੇ ਹੁੰਦੇ ਸਨ।

**ਪਤਾ-905-216-4981**



## ਕਹਾਣੀ / ਇਹ ਤਾਂ ਡਰਾਮਾ ਹੀ ਸੀ / - ਹਰਜਿੰਦਰ ਸਿੰਘ ਸੂਰੇਵਾਲੀਆ

ਸਕੂਲ ਵਿਚ ਵਿਦਿਆਰਥੀਆਂ ਦੇ ਸਲਾਨਾ ਪੇਪਰ ਚੱਲ ਰਹੇ ਸਨ। ਪੇਪਰ ਲੈਣ ਵਾਲੇ ਅਧਿਆਪਕਾਂ ਦੀਆਂ ਡਿਊਟੀਆਂ ਲੱਗ ਚੁੱਕੀਆਂ ਸਨ ਤੇ ਮੰਦਰ ਸਿੰਘ ਨੂੰ ਅੱਜ ਡਿਊਟੀ ਤੋਂ ਛੋਟ ਸੀ। ਅਖ਼ਬਾਰਾਂ ਪੜ੍ਹਨ ਦਾ ਸ਼ੌਕੀਨ ਮਾਸਟਰ ਮੰਦਰ ਸਿੰਘ ਸਿੱਧਾ ਲਾਇਬਰੇਰੀ ਵਿਚ ਹੀ ਗਿਆ ਤੇ ਅਖ਼ਬਾਰ ਫਰੋਲਣ ਲੱਗ ਪਿਆ। ਇਕ ਅਖ਼ਬਾਰ ਦੇ ਤੀਜੇ ਸਫ਼ੇ ਤੇ ਇਕ ਖ਼ੂਬਸੂਰਤ ਲਾੜੀ ਦੀ ਤਸਵੀਰ ਅਤੇ ਖ਼ਬਰ ਦੇਖ ਕੇ ਉਸਦੇ ਰੌਂਗਟੇ ਖੜੇ ਹੋ ਗਏ। ਉਹ ਧਿਆਨ ਨਾਲ ਪੂਰੀ ਖ਼ਬਰ ਪੜ੍ਹਨ ਲੱਗਿਆ। ਇਹ ਖ਼ਬਰ ਪੜ੍ਹ ਕੇ ਉਸਦੀ ਕੋਈ ਹੋਰ ਖ਼ਬਰ ਪੜ੍ਹਨ ਵਿਚ ਦਿਲਚਸਪੀ ਨਾ ਰਹੀ ਤੇ ਉਹ ਤੁਰੰਤ ਹੀ ਘਰਵਾਲੀ ਨੂੰ ਫੋਨ ਮਿਲਾਉਣ ਲੱਗਿਆ। ਪਰ ਘਰਵਾਲੀ ਦਾ ਫੋਨ ਸਵਿਚ ਆਫ ਆ ਰਿਹਾ ਸੀ...

................................

ਸ਼ਹਿਰ ਦਾ ਨਵਾਂ ਬਣਿਆ ਬਹੁਤ ਹੀ ਖ਼ੂਬਸੂਰਤ ਅਤੇ ਵੱਡਾ ਮੈਰਿਜ ਪੈਲਿਸ ਤੇ ਇਸ ਪੈਲਿਸ ਵਿਚ ਚੱਲ ਰਹੇ ਸ਼ਾਨਦਾਰ ਵਿਆਹ ਵਿਚ ਮਾਸਟਰ ਮੰਦਰ ਸਿੰਘ ਆਪਣੀ ਪਤਨੀ ਸਮੇਤ ਪੂਰੀ ਸੱਜ ਧੱਜ ਨਾਲ ਸ਼ਾਮਲ ਹੋਇਆ ਸੀ। ਸ਼ਾਮਲ ਹੁੰਦਾ ਵੀ ਕਿਉਂ ਨਾ? ਉਸਦੇ ਯਾਰ ਤਹਿਸੀਲਦਾਰ ਬਲਵਿੰਦਰ ਸਿੰਘ ਬਰਾੜ ਦੇ ਮੁੰਡੇ ਦਾ ਵਿਆਹ ਸੀ। ਉਸਦੀ ਅਧਿਆਪਕਾ ਪਤਨੀ ਵੀ ਆਪਣਾ ਸਭ ਤੋਂ ਮਹਿੰਗਾ ਸੂਟ ਅਤੇ ਸਾਰੇ ਗਹਿਣੇ ਪਾ ਕੇ ਆਈ ਸੀ। ਸਧਾਰਣ ਕਿਸਾਨੀ ਪ੍ਰੀਵਾਰ ਦੇ ਜੰਮਪਲ ਤੇ ਸਕੂਲ ਦੇ ਮਾਸਟਰ ਨੂੰ ਅਜੇਹੇ ਵਿਆਹ ਕੋਈ ਰੋਜ਼ ਰੋਜ਼ ਥੋੜਾ ਆਉਂਦੇ ਹਨ? ਦੋਵੇਂ ਜੀਅ ਕਾਰਡ 'ਤੇ ਦਿੱਤੇ ਸਮੇਂ ਅਨੁਸਾਰ ਹੀ ਮੈਰਿਜ



ਪੈਲਿਸ ਵਿਚ ਦਾਖਲ ਹੋ ਗਏ ਸਨ। ਜਿਵੇਂ ਉਹ ਆਪਣੇ ਸਕੂਲ ਸਵੇਰੇ ਠੀਕ ਨੌਂ ਵਜੇ ਪਹੁੰਚ ਜਾਂਦੇ ਸਨ ਕਿਉਂਕੇ ਨੌਂ ਵਜੇ ਤੋਂ ਲੇਟ ਪਹੁੰਚਣ ਦਾ ਮਤਲਬ ਹੁੰਦਾ ਸੀ ਵੰਨ ਥਰਡ ਸੀ-ਲੀਵ ਕਟਵਾਉਣਾ ਜਾਂ ਮੁਖੀ ਦੀਆਂ ਕੌੜੀਆਂ ਕੁਸੈਲੀਆਂ ਸਹਿਣਾ। ਮੰਦਰ ਸਿੰਘ ਨੂੰ ਸ਼ੰਕਾ ਸੀ ਕਿ ਉਹ ਕੁੱਝ ਜਲਦੀ ਪਹੁੰਚ ਗਏ ਹਨ ਪਰ ਪੈਲਿਸ ਦੀ ਪਾਰਕਿੰਗ ਵਾਲੀ ਜਗ੍ਹਾ ਤਾਂ ਪਹਿਲਾਂ ਹੀ ਗੱਡੀਆਂ ਨਾਲ ਨੱਕੋ ਨੱਕ ਭਰੀ ਹੋਈ ਸੀ। ਇਕ ਪਾਸੇ ਸਕੂਟਰਾਂ ਦੀ ਲਾਈਨ ਲੱਗੀ ਹੋਈ ਸੀ। ਬਹੁਤ ਸਾਰੀ ਜਨਤਾ ਉਹਨਾਂ ਤੋਂ ਵੀ ਪਹਿਲਾਂ ਪਹੁੰਚੀ ਹੋਈ ਸੀ। ਪੈਲਿਸ ਦੇ ਮੁੱਖ ਦਰਵਾਜ਼ੇ ਤੋਂ ਅੱਗੇ ਉਸਦਾ ਯਾਰ ਤਹਿਸੀਲਦਾਰ ਅਤੇ ਉਸਦੀ ਪਤਨੀ ਪੂਰੇ ਜਾਹੋ ਜਲਾਲ ਨਾਲ ਹਰ ਆਉਣ ਵਾਲੇ ਦਾ ਸਵਾਗਤ ਕਰ ਰਹੇ ਸਨ। ਤਹਿਸੀਲਦਾਰ ਦੇ ਦੋਵੇਂ ਹੱਥ ਛਾਪਾਂ ਛੱਲਿਆਂ ਨਾਲ ਭਰੇ ਹੋਏ ਸਨ ਤੇ ਤਹਿਸੀਲਦਾਰਨੀ ਗਹਿਣਿਆਂ ਨਾਲ ਲੱਦੀ ਪਈ ਸੀ। ਉਹਨਾਂ ਦੀ ਸਜ-ਧੱਜ ਵੇਖ ਕੇ ਇਕ ਵਾਰ ਤਾਂ ਅਧਿਆਪਕ ਜੋੜੀ ਵਿਚ ਹੀਣ-ਭਾਵਨਾ ਜਿਹੀ ਵੀ ਪੈਦਾ ਹੋਈ ਪਰ ਫਿਰ ਉਹ ਛੇਤੀ ਹੀ ਸਹਿਜ ਹੋ ਗਏ। ਆਖਰਕਾਰ ਉਹਨਾਂ ਦੇ ਬੇਟੇ ਦਾ ਵਿਆਹ ਸੀ ਤੇ ਉਹਨਾਂ ਦੀ ਟੌਹਰ ਸੱਭ ਤੋਂ ਵੱਧ ਹੋਣੀ ਕੁਦਰਤੀ ਤੌਰ ਤੇ ਵਾਜਬ ਵੀ ਸੀ। ਹਰ ਆਉਣ ਵਾਲੇ ਨੂੰ ਉਹ ਕੁੱਝ ਕੁ ਸਕਿੰਟਾਂ ਲਈ ਮਿਲਦੇ ਤੇ ਫਿਰ ਕਿਸੇ ਦੂਸਰੇ ਆਉਣ ਵਾਲੇ ਦੇ ਵੱਲ ਹੋ ਜਾਂਦੇ। ਕਿਸੇ ਮਹਿਮਾਨ ਨੂੰ ਉਹ ਕਿੰਨਾਂ ਸਮਾਂ ਦਿੰਦੇ ਹਨ, ਇਹ ਵੀ ਮਹਿਮਾਨ ਦੀ ਹੈਸੀਅਤ 'ਤੇ ਹੀ ਨਿਰਭਰ ਕਰਦਾ ਸੀ। ਮਾਸਟਰ ਮੰਦਰ ਸਿੰਘ ਜਿੰਨੇ ਉਤਸ਼ਾਹ ਅਤੇ ਵੇਗ ਨਾਲ ਤਹਿਸੀਲਦਾਰ ਨੂੰ ਜੱਫ਼ੀ ਪਾ ਕੇ ਮਿਲਿਆ ਸੀ ਉਨਾਂ ਉਤਸ਼ਾਹ ਤਹਿਸੀਲਦਾਰ ਨੇ ਉਸਨੂੰ ਮਿਲਣ ਵਿਚ ਨਹੀਂ ਸੀ ਵਿਖਾਇਆ ਤੇ ਹੱਥ ਮਿਲਾ ਕੇ ਇਕ ਤਰਾਂ ਨਾਲ ਅਗਾਂਹ ਨੂੰ ਧੱਕ ਦਿੱਤਾ ਸੀ ਕਿਉਂਕੇ ਪਿੱਛੇ ਕੋਈ ਹੋਰ ਅੱਪ-ਟੂ-ਡੇਟ ਅਫ਼ਸਰ ਜੋੜੀ ਆ ਖੜੀ ਸੀ।

ਹਾਲ ਵਿਚ ਆ ਕੇ ਇਕ ਵਾਰ ਫਿਰ ਉਹ ਠਠੰਬਰ ਜਿਹੇ ਗਏ। ਏਨੀ ਸੋਹਣੀ ਹਾਲ ਦੀ ਸਜਾਵਟ ਤੇ ਫਿਰ ਅੱਗੋਂ ਖਾਣ ਪੀਣ ਦੀਆਂ ਚੀਜਾਂ ਦਾ ਕੋਈ ਹਿਸਾਬ ਹੀ ਨਹੀਂ ਸੀ। ਤਸੱਲੀ ਨਾਲ ਖਾ ਕੇ ਤੇ ਕੌਫੀ ਦਾ ਕੱਪ ਲੈ ਕੇ ਦੋਵੇਂ ਜੀ ਬਾਹਰ ਸੁੰਦਰ ਲਾਅਨ ਵਿਚ ਦੋ ਕੁਰਸੀਆਂ ਇਕ ਪਾਸੇ ਖਿੱਚ ਕੇ ਬੈਠ ਗਏ ਤੇ ਵਿਆਹ ਦੀਆਂ ਰੌਣਕਾਂ ਵੇਖਣ ਲੱਗੇ। ਪਿੰਡਾਂ ਦੇ ਪੰਚ-ਸਰਪੰਚ, ਨੰਬਰਦਾਰ ਅਤੇ ਹਰ ਛੋਟੀ ਮੋਟੀ ਪਾਰਟੀ ਦਾ ਲੀਡਰ ਵਿਆਹ ਵਿਚ ਆ ਰਹੇ ਸਨ। ਇਹਨਾਂ ਵਿਚੋਂ ਕੁੱਝ ਕੁ ਨੂੰ ਤਾਂ ਮਾਸਟਰ ਮੰਦਰ ਸਿੰਘ ਜਾਣਦਾ ਸੀ ਪਰ ਬਹੁਤੇ ਉਸ ਲਈ ਅਜਨਬੀ ਹੀ ਸਨ। ਉਸ ਸਮੇਂ ਇਕ ਹੋਰ ਜੋੜੀ ਉਹਨਾਂ ਵੱਲ ਨੂੰ ਹੀ ਆਹੁਲ ਰਹੀ ਸੀ ਤਾਂ ਆਦਮੀ ਨੂੰ ਕਿਸੇ ਨੇ ਅਵਾਜ਼ ਮਾਰ ਕੇ ਰੋਕ ਲਿਆ ਪਰ ਔਰਤ ਇਕੱਲੀ ਹੀ ਉਹਨਾਂ ਕੋਲ ਆ ਖਲੋਤੀ ਸੀ। ਮੰਦਰ ਸਿੰਘ ਦੀ ਪਤਨੀ ਨੇ ਉਸ ਨੂੰ ਵੇਖਿਆ ਤਾਂ ਧਾ ਕੇ ਜੱਫੀ ਪਾ ਲਈ। ਇਹ ਕੋਈ ਉਸਦੀ ਪਿੱਛਲੇ ਸਕੂਲ ਦੀ ਕੁਲੀਗ ਅਤੇ ਕਿਸੇ ਪਟਵਾਰੀ ਦੀ ਪਤਨੀ ਸੀ। ਉਹ ਦੋਵੇਂ ਸਹੇਲੀਆਂ ਕੁੱਝ ਚਿਰ ਤਾਂ ਖੜੀਆਂ ਗੱਲਾਂ ਕਰਦੀਆਂ ਰਹੀਆਂ ਤੇ ਫਿਰ ਪਤਨੀ ਵੀ ਇਹ ਕਹਿੰਦੀ ਉਸ ਨਾਲ ਤੁਰ ਗਈ, 'ਮੇਰਾ ਤਾਂ ਜੀ ਬਣ ਗਿਆ ਸਾਥ ਤੇ ਤੁਸੀਂ ਹੁਣ ਖਾਓ ਪੀਓ ਮੌਜ ਕਰੋ, ਹਾਂ ਹਿਸਾਬ 'ਚ ਹੀ ਰਹਿਓ ਕਿਤੇ ਜ਼ਿਆਦਾ ਨਾ ਪੀ ਪੂ ਲਿਓ ਆਪਾਂ ਜਾਣਾ ਵੀ ਤਾਂ ਸਕੂਟਰ ਤੇ ਹੀ ਹੈ।'

ਪਤਨੀ ਦੇ ਜਾਣ ਤੋਂ ਬਾਅਦ ਮੰਦਰ ਸਿੰਘ ਰੀਲੈਕਸ ਹੋ ਕੇ ਬੈਠ ਗਿਆ। ਉਸ ਨੇ ਮੱਛੀ-ਮੁੱਛੀ ਆਦਿ ਖਾ ਪੀ ਵੀ ਪੂਰਾ ਲਿਆ ਸੀ ਤੇ ਹੁਣ ਉਸਨੂੰ ਖ਼ੁਮਾਰੀ ਜਿਹੀ ਚੜ੍ਹੀ ਹੋਈ ਸੀ। ਉਸ ਨੂੰ ਤਹਿਸੀਲਦਾਰ ਦੀ ਦੋਸਤੀ 'ਤੇ ਮਾਣ ਮਹਿਸੂਸ ਹੋ ਰਿਹਾ ਸੀ। ਉਹ ਯਾਦ ਕਰਨ ਲੱਗਾ ਜਦੋਂ ਉਸਦੀ ਤਹਿਸੀਲਦਾਰ ਨਾਲ ਯਾਰੀ ਦਾ ਮੁੱਢ ਬੱਝਾ ਸੀ-

ਬਲਵਿੰਦਰ ਸਿੰਘ ਨਾਲ ਉਸਦੀ ਦੋਸਤੀ ਨੌਂਵੀਂ ਜਮਾਤ ਵਿਚ ਦਾਖਲ ਹੋਣ ਸਮੇਂ ਹੋਈ ਸੀ। ਆਪੋ ਆਪਣੇ ਪਿੰਡਾਂ ਦੇ ਮਿਡਲ ਸਕੂਲਾਂ ਤੋਂ ਅੱਠਵੀਂ ਪਾਸ ਕਰਕੇ ਉਹ ਆਪਣੇ ਪਿੰਡਾਂ ਦੇ ਨੇੜਲੇ ਹਾਈ ਸਕੂਲ ਵਿਚ ਦਾਖਲ ਹੋਏ ਸਨ। ਉਸਦੇ ਪਿੰਡੋਂ ਦੋ ਜਣੇ ਸਨ ਤੇ ਬਲਵਿੰਦਰ ਦੇ ਪਿੰਡ ਦੇ ਉਹ ਚਾਰ ਜਣੇ ਸਨ। ਕਲਾਸ ਦੇ ਬਾਕੀ ਵੀਹ ਜਣੇ ਓਸੇ ਪਿੰਡ ਦੇ ਸਨ ਤੇ ਉਹਨਾਂ ਵਿਚ ਨੌਂ ਕੁੜੀਆਂ ਸਨ। ਉਹ ਬਾਹਰਲੇ ਦੋਵਾਂ

ਪਿੰਡਾਂ ਦੇ ਛੀਏ ਜਣੇ ਅਗੇ ਪਿੱਛੇ ਡਾਹੇ ਦੋ ਬੈਂਚਾਂ 'ਤੇ ਇਕੱਠੇ ਬੈਠਦੇ। ਬਲਵਿੰਦਰ ਹਮੇਸ਼ਾ ਹੀ ਉਹਨਾਂ ਨਾਲ ਬੈਠਦਾ। ਇਸ ਤਰਾਂ ਉਹਨਾਂ ਦੀ ਨਿੱਤ ਦੀ ਨੇੜਤਾ ਦੋਸਤੀ ਵਿਚ ਬਦਲ ਗਈ ਸੀ। ਦੱਸਵੀਂ ਦੇ ਪੇਪਰਾਂ ਤੋਂ ਦਸ ਕੁ ਦਿਨ ਪਹਿਲਾਂ ਉਹਨਾਂ ਦੀਆਂ ਕਲਾਸਾਂ ਲੱਗਣੋ ਹਟ ਗਈਆਂ ਸਨ ਪਰ ਸਕੂਲ ਆਉਣਾ ਅਜੇ ਲਾਜ਼ਮੀ ਸੀ। ਸਕੂਲ ਵਿਚ ਉਹ ਆਪਣੀ ਮਰਜੀ ਦਾ ਸਬਜੈਕਟ ਪੜ੍ਹ ਸਕਦੇ ਸਨ ਤੇ ਉਹ ਦੋਵੇਂ ਇਕੱਠੇ ਬੈਠ ਕੇ ਹੀ ਪੜ੍ਹਦੇ। ਬਲਵਿੰਦਰ ਸਿੰਘ ਨੂੰ ਅਲਜ਼ਬਰਾ ਬਿਲਕੁਲ ਹੀ ਨਹੀਂ ਸੀ ਆਉਂਦਾ ਪਰ ਮੰਦਰ ਸਿੰਘ ਦਾ ਇਸ ਪਾਸੇ ਦਿਮਾਗ ਬਹੁਤ ਚਲਦਾ ਸੀ। ਮੰਦਰ ਸਿੰਘ ਨੇ ਉਸ ਨੂੰ ਤਿੰਨ ਚਾਰ ਤਰੀਕੇ ਅਜੇਹੇ ਸਮਝਾਏ ਕਿ ਬਲਵਿੰਦਰ ਸਿੰਘ ਦੀ ਵੀ ਅਲਜ਼ਬਰੇ ਵਿਚ ਰੁਚੀ ਬਣ ਗਈ। ਜੁਮੈਟਰੀ ਤੇ ਗਣਿਤ ਉਸਨੂੰ ਗੁਜਾਰੇ ਜੋਗਾ ਪਹਿਲਾਂ ਹੀ ਆਉਂਦਾ ਸੀ ਤੇ ਉਹ ਦਸਵੀਂ ਦੀ ਬੋਰਡ ਦੀ ਪ੍ਰੀਖਿਆ 'ਚੋਂ ਅਸਾਨੀ ਨਾਲ ਪਾਸ ਹੋ ਗਿਆ। ਮੰਦਰ ਸਿੰਘ ਦੀ ਫਸਟ ਡਿਵੀਜਨ ਆਈ ਤੇ ਬਲਵਿੰਦਰ ਸਿੰਘ ਵੀ ਸੈਕੰਡ ਕਲਾਸ ਲੈ ਗਿਆ ਸੀ। ਉਹਨਾਂ ਦੇ ਨਾਲ ਦੇ ਚਾਰੇ ਮੁੰਡੇ ਫੇਲ ਹੋ ਗਏ ਸਨ ਤੇ ਬਾਕੀ ਦੇ ਵੀਹਾਂ ਵਿਚੋਂ ਵੀ ਦਸ ਕੁ ਹੀ ਪਾਸ ਹੋਏ ਸਨ। ਦਸਵੀਂ ਕਰਕੇ ਉਹ ਨੇੜਲੇ ਸ਼ਹਿਰ ਦੇ ਕਾਲਜ ਵਿਚ ਦਾਖਲ ਹੋ ਗਏ। ਬਲਵਿੰਦਰ ਸਿੰਘ ਨੂੰ ਇਹ ਅਹਿਸਾਸ ਸੀ ਕਿ ਜੇ ਦਸਵੀਂ ਵਿਚੋਂ ਪਾਸ ਹੋਇਆ ਹੈ ਤਾਂ ਉਹ ਮੰਦਰ ਸਿੰਘ ਦੀ ਦੋਸਤੀ ਅਤੇ ਹੱਲਾਸ਼ੇਰੀ ਕਰਕੇ ਹੀ ਹੋਇਆ ਹੈ। ਕਾਲਜ ਦਾਖਲਾ ਵੀ ਉਸਨੇ ਮੰਦਰ ਸਿੰਘ ਦੇ ਕਹਿਣ 'ਤੇ ਹੀ ਲਿਆ ਸੀ। ਕਾਲਜ ਜਾਣ ਸਮੇਂ ਵੀ ਉਹਨਾਂ ਨੂੰ ਓਸੇ ਪਿੰਡ ਦੇ ਅੱਡੇ ਤੋਂ ਸ਼ਹਿਰ ਲਈ ਬੱਸ ਫੜਨੀ ਪੈਂਦੀ ਸੀ ਤੇ ਉਹ ਇਕੱਠੇ ਹੀ ਕਾਲਜ ਜਾਂਦੇ ਤੇ ਆਉਂਦੇ। ਕੰਟੀਨ ਤੇ ਚਾਹ ਵੀ ਉਹ ਇਕੱਠੇ ਹੀ ਪੀਂਦੇ ਤੇ ਬਜ਼ਾਰ ਵਿਚ ਵੀ ਇਕਠੇ ਹੀ ਜਾਂਦੇ ਤੇ ਖਰਚ ਕਰਦੇ। ਜੇ ਚਾਹ ਪਾਣੀ ਦੇ ਪੈਸੇ ਅੱਜ ਇਕ ਜਣੇ ਨੇ ਦੇ ਦਿੱਤੇ ਤਾਂ ਅਗਲੇ ਦਿਨ ਦੂਸਰਾ ਦੇ ਦਿੰਦਾ। ਇਸ ਤਰ੍ਹਾਂ ਉਹਨਾਂ ਨੇ ਕਦੇ ਵੀ ਗਿਣਿਆ ਗਿਣਾਇਆ ਨਹੀ ਸੀਂ। ਸ਼ੁਰੂ ਤੋਂ ਹੀ ਉਹਨਾਂ ਦੀ ਦੋਸਤੀ ਇਸੇ ਤਰਾਂ ਹੀ ਨਿਭੀ ਆ ਰਹੀ ਸੀ। ਉਹਨਾਂ ਆਪਣੇ ਜਵਾਨੀ ਦੇ ਕਈ ਭੇਦ ਵੀ ਇਕ ਦੂਜੇ ਕੋਲ ਸਾਂਝੇ ਹੋਏ ਸਨ। ਉਹਨਾਂ ਅਜੇ ਗਰੇਜੂਏਸ਼ਨ ਨਹੀਂ ਸੀ ਕੀਤੀ ਕਿ ਪੰਜਾਬ ਸਰਕਾਰ ਨੇ ਪਟਵਾਰੀਆਂ ਦੀ ਭਰਤੀ ਵਾਸਤੇ ਅਰਜ਼ੀਆਂ ਮੰਗ ਲਈਆਂ ਤੇ ਨਕੋਦਰ ਵਿਚ ਪਟਵਾਰ ਟਰੇਨਿੰਗ ਸਕੂਲ ਖੋਲ ਦਿੱਤਾ। ਮੰਦਰ ਸਿੰਘ ਦੀ ਪਟਵਾਰੀ ਬਣਨ ਦੀ ਕੋਈ ਇੱਛਾ ਹੀ ਨਹੀਂ ਸੀ ਤੇ ਉਹ ਮੈਥ ਦੀ ਐਮ. ਐਸ. ਸੀ. ਕਰਨੀ ਚਾਹੁੰਦਾ ਸੀ। ਬਲਵਿੰਦਰ ਸਿੰਘ ਨੇ ਪਟਵਾਰੀ ਵਾਸਤੇ ਅਰਜ਼ੀ ਦੇ ਦਿੱਤੀ ਤੇ ਇਕ ਤਕੜੀ ਸਿਫ਼ਾਰਸ਼ ਭਾਲ ਕੇ ਉਹ ਨਕੋਦਰ ਦੇ ਪਟਵਾਰ ਸਕੂਲ ਵਿਚ ਦਾਖਲਾ ਲੈਣ ਵਿਚ ਸਫਲ ਹੋ ਗਿਆ। ਇਥੋਂ ਹੀ ਉਹਨਾਂ ਦੋਹਾਂ ਦੇ ਰਾਹ ਵੱਖ ਹੋ ਗਏ ਸਨ।

ਮੰਦਰ ਸਿੰਘ ਨੇ ਅਜੇ ਆਪਣੀ ਬੀ. ਏ. ਵੀ ਨਹੀਂ ਪੂਰੀ ਕੀਤੀ ਸੀ ਜਦੋਂ ਬਲਵਿੰਦਰ ਸਿੰਘ ਆਪਣੀ ਟਰੇਨਿੰਗ ਪੂਰੀ ਕਰਕੇ ਪੰਜਾਬ ਸਰਕਾਰ ਦੇ ਮਹਿਕਮਾ ਮਾਲ ਵਿਚ ਪੱਕਾ ਪਟਵਾਰੀ ਲੱਗ ਗਿਆ ਸੀ। ਪਟਵਾਰੀ ਲੱਗਣ ਸਾਰ ਇਕ ਤਕੜੇ ਜ਼ਿਮੀਦਾਰ ਨੇ ਆਪਣੀ ਕੁੜੀ ਦਾ ਰਿਸ਼ਤਾ ਉਸਨੂੰ ਕਰ ਦਿੱਤਾ ਸੀ ਤੇ ਵਿਆਹ ਵਿਚ ਬੇ-ਹਿਸਾਬਾ ਦਾਜ ਵੀ ਦੇ ਦਿੱਤਾ ਸੀ । ਮੰਦਰ ਸਿੰਘ ਆਪਣੇ ਸਲਾਨਾ ਪੇਪਰ ਕਰਕੇ ਉਸਦੇ ਵਿਆਹ 'ਤੇ ਨਹੀਂ ਸੀ ਜਾ ਸਕਿਆ ਪਰ ਮੰਦਰ ਸਿੰਘ ਦੇ ਵਿਆਹ 'ਤੇ ਬਲਵਿੰਦਰ ਸਿੰਘ ਆਪਣੇ ਇਕ ਹੋਰ ਪਟਵਾਰੀ ਸਾਥੀ ਨਾਲ ਆਇਆ ਸੀ ਤੇ ਉਹਨਾਂ ਨੇ ਖੂਬ ਰੌਣਕ ਲਾਈ ਰੱਖੀ ਸੀ, ਬਹੁਤ ਹਾਸਾ ਠੱਠਾ ਕੀਤਾ ਸੀ ਤੇ ਬੇਹਿਸਾਬਾ ਨੱਚੇ ਸਨ ।

'ਪਟਵਾਰੀ ਐ।' ਮੰਦਰ ਸਿੰਘ ਦੇ ਰਿਸ਼ਤੇਦਾਰ, ਮਿੱਤਰ ਅਤੇ ਪਿੰਡ ਦੇ ਪ੍ਰੀਹੇ ਮੁੰਡੇ ਉਸਦੀ ਬਹੁਤ ਹੀ ਇਜ਼ਤ ਕਰ ਰਹੇ ਸਨ ਤੇ ਉਸਦੇ ਅੱਗੇ ਪਿੱਛੇ ਫਿਰਦੇ ਉਸਦੇ ਹਰ ਹੁਕਮ ਤੇ ਫੁੱਲ ਚੜ੍ਹਾ ਰਹੇ ਸਨ। ਬਲਵਿੰਦਰ ਸਿੰਘ ਨੇ ਵੀ ਮੰਦਰ ਸਿੰਘ ਦੇ ਵਿਆਹ ਦੀ ਬਹੁਤ ਹੀ ਖੁਸ਼ੀ ਮਨਾਈ ਸੀ। ਪਰ ਹੌਲੀ ਹੌਲੀ ਉਹਨਾਂ ਦਾ ਮੇਲ ਜੋਲ ਘਟਦਾ ਘਟਦਾ ਘਟ ਗਿਆ। ਉਸਦੇ ਮਿੱਤਰ ਬੇਲੀ ਹੁਣ ਉਸਦੇ ਮਹਿਕਮੇ ਦੇ ਉਸਦੇ ਪਟਵਾਰੀ ਸਾਥੀ ਸਨ। ਆਪੋ ਆਪਣੀਆਂ ਕਬੀਲਦਾਰੀਆਂ ਸਨ ਤੇ ਕਿੱਤੇ ਵੱਖੋ ਵੱਖਰੇ। ਮੰਦਰ ਸਿੰਘ ਵੀ



ਬੀ.ਐਡ. ਕਰਕੇ ਪਿੰਡ ਦੇ ਇਕ ਨੇੜਲੇ ਸਰਕਾਰੀ ਸਕੂਲ ਵਿਚ ਹਿਸਾਬ ਮਾਸਟਰ ਲੱਗ ਗਿਆ ਸੀ ਤੇ ਮੈਥ ਦੀ ਐਮ. ਐਸ. ਸੀ. ਕਰਨ ਦਾ ਉਸਦਾ ਸੁਪਨਾ ਅਧੂਰਾ ਹੀ ਰਹਿ ਗਿਆ ਸੀ। ਉਸਦੇ ਦੋਸਤ ਹੁਣ ਉਸਦੇ ਸਾਥੀ ਮਾਸਟਰ ਸਨ। ਪਰ ਕਦੇ ਕਦੇ ਬਲਵਿੰਦਰ ਸਿੰਘ ਆਪ ਹੀ ਮੰਦਰ ਸਿੰਘ ਨੂੰ ਮਿਲਣ ਆ ਜਾਂਦਾ। ਉਹ ਰੱਜ ਕੇ ਗੱਲਾਂ ਕਰਦੇ ਤੇ ਅਗਲੇ ਪਿਛਲੇ ਗਿਲੇ ਸ਼ਿਕਵੇ ਵੀ ਦੂਰ ਹੋ ਜਾਂਦੇ। ਇਕ ਦਿਨ ਮੰਦਰ ਸਿੰਘ ਸਾਈਕਲ 'ਤੇ ਸਕੂਲ ਜਾ ਰਿਹਾ ਸਾਂ ਤਾਂ ਸਕੂਟਰ 'ਤੇ ਜਾ ਰਹੇ ਬਲਵਿੰਦਰ ਸਿੰਘ ਅਤੇ ਉਸਦਾ ਪਟਵਾਰੀ ਸਾਥੀ ਕੋਲੋਂ ਲੰਘਣ ਲੱਗੇ ਮਿੰਟ ਕੁ ਉਸਦੇ ਬਰੋਬਰ ਚਲਦੇ ਚਲਦੇ ਇਕ ਵਿਅੰਗ ਬਾਣ ਜਿਹਾ ਛੱਡਕੇ ਅਗਾਂਹ ਨਿਕਲ ਗਏ, 'ਮੁੱਲਾਂ ਦੀ ਦੌੜ ਮਸੀਤ ਤਾਈਂ।' ਉਸਨੂੰ ਕਈ ਦਿਨ ਇਹ ਵਿਅੰਗ ਬਾਣ ਬੇਚੈਨ ਕਰਦਾ ਰਿਹਾ ਸੀ। ਤੇ ਕਦੇ ਉਸਨੂੰ ਮਹਿਸੂਸ ਹੋਣ ਲੱਗਦਾ ਕਿ ਉਹਨਾਂ ਨੇ ਗਲਤ ਨਹੀਂ ਕਿਹਾ ਸੀ । ਕਿੰਨੀ ਰਸ-ਹੀਣ ਜ਼ਿੰਦਗੀ ਹੋ ਜਾਂਦੀ ਹੈ ਇਕ ਅਧਿਆਪਕ ਦੀ? ਸਾਲਾਂ ਬੱਧੀ ਓਹੀ ਕੁੱਝ ਹੀ ਪੜ੍ਹਾਈ ਜਾਣਾ। ਉਹੀ ਅੱਠ ਤੋਂ ਦੋ ਜਾਂ ਨੌਂ ਤੋਂ ਤਿੰਨ ਵਾਲੇ ਸਮੇਂ ਦੇ ਚੱਕਰ ਵਿਚ ਪਏ ਰਹਿਣਾ। ਕਿੰਨੀ ਬੋਰੀਅਤ ਵਾਲੀ ਜ਼ਿੰਦਗੀ ਹੁੰਦੀ ਹੈ ਸਕੂਲ ਟੀਚਰ ਦੀ। ਉਹ ਸੋਚਦਾ ਕਿ ਕਾਸ਼ ਉਸਨੇ ਵੀ ਓਦੋਂ ਪਟਵਾਰ ਦਾ ਕੋਰਸ ਕਰ ਲਿਆ ਹੁੰਦਾ... । ਉਸ ਨੂੰ ਕਦੇ ਕਦੇ ਸ਼ਹਿਰ ਵਿਚ ਕਚਹਿਰੀਆਂ ਕੋਲ ਬਲਵਿੰਦਰ ਸਿੰਘ ਆਪਣੇ ਸਾਥੀ ਪਟਵਾਰੀਆਂ ਨਾਲ ਤੁਰਿਆ ਜਾਂਦਾ ਟੱਕਰ ਜਾਂਦਾ। ਪਟਵਾਰੀਆਂ ਦੇ ਹੱਥਾਂ ਵਿਚ ਚਮੜੇ ਦੇ ਤਨੀਆਂ ਵਾਲੇ ਵੱਡੇ ਵੱਡੇ ਰਜਿਸਟਰਾਂ ਨਾਲ ਭਰੇ ਭਾਰੇ ਝੋਲੇ ਚੁੱਕੇ ਹੁੰਦੇ। ਉਸ ਸਮੇਂ ਮੰਦਰ ਸਿੰਘ ਨੂੰ ਉਹਨਾਂ 'ਤੇ ਤਰਸ ਜਿਹਾ ਆਉਂਦਾ ਤੇ ਆਪਣੀ ਨੌਕਰੀ ਵਧੀਆ ਲੱਗਣ ਲੱਗਦੀ। ਹੁਣ ਉਹਨਾਂ ਦੀ ਬੱਸ ਦੁਆ ਸਲਾਮ ਹੀ ਹੁੰਦੀ ਪਰ ਕਦੇ ਇਕੱਠੇ ਬੈਠਕੇ ਚਾਹ ਪੀਣ ਦਾ ਸਮਾਂ ਕਿਸੇ ਕੋਲ ਵੀ ਨਾ ਹੁੰਦਾ। ਫਿਰ ਉਹਨਾਂ ਦੇ ਪਿੰਡਾਂ ਦਰਮਿਆਨ ਵੀ ਵਾਘੇ ਦੀ ਲਕੀਰ ਵਾਂਗ ਇਕ ਲਕੀਰ ਖਿੱਚੀ ਗਈ। ਇਕ ਨਵਾਂ ਜ਼ਿਲ੍ਹਾ ਹੋਂਦ ਵਿਚ ਆਉਣ ਕਾਰਨ ਉਹਨਾਂ ਦੇ ਪਿੰਡ ਵੱਖਰੇ ਵੱਖਰੇ ਜ਼ਿਲ੍ਹਿਆਂ ਵਿਚ ਚਲੇ ਗਏ ਸਨ। ਹੁਣ ਦੋਹਾਂ ਦੋਸਤਾਂ ਦੇ ਆਪੋ ਵਿਚ ਮਿਲਣ ਦੇ ਮੌਕੇ ਹੋਰ ਵੀ ਘਟ ਗਏ ਸਨ।

ਤੇ ਫਿਰ ਮੰਦਰ ਸਿੰਘ ਨੂੰ ਪਤਾ ਲਗਦਾ ਹੈ ਕਿ ਬਲਵਿੰਦਰ ਸਿੰਘ ਦੀ ਤਾਂ ਹੁਣ ਬਤੌਰ ਕਾਨੂੰਗੋ ਤਰੱਕੀ ਹੋ ਗਈ ਹੈ। ਫਿਰ ਸਾਲ ਕੁ ਬਾਅਦ ਹੀ ਉਸਨੂੰ ਨਾਇਬ ਤਹਿਸੀਲਦਾਰ ਲਾ ਦਿੱਤਾ ਜਾਂਦਾ ਹੈ। ਪੰਦਰਾਂ ਕੁ ਸਾਲ ਦੀ ਨੌਕਰੀ ਤੋਂ ਬਾਅਦ ਉਹ ਨਾਇਬ-ਤਹਿਸੀਲਦਾਰ ਬਣ ਗਿਆ ਸੀ। ਉਸ ਨੇ ਜ਼ਿਲਾ ਹੈਡਕੁਆਟਰ 'ਤੇ ਵਧੀਆ ਇਲਾਕੇ ਵਿਚ ਆਪਣੀ ਕੋਠੀ ਬਣਾ ਲਈ ਸੀ ਤੇ ਹੁਣ ਉਹ ਝੋਲੇ ਚੁੱਕ ਕੇ ਤੁਰਨ ਵਾਲਾ ਪਟਵਾਰੀ ਨਹੀਂ ਸੀ ਰਿਹਾ ਬਲਕਿ ਉਹ ਤਾਂ ਨੀਲੀ ਬੱਤੀ ਲੱਗੀ ਵਾਲੀ ਗੱਡੀ ਵਿਚ ਘੁੰਮਦਾ ਸੀ ਤੇ ਕਾਰ ਵੀ ਉਸਦਾ ਪ੍ਰਾਈਵੇਟ ਤੌਰ 'ਤੇ ਰੱਖਿਆ ਡਰਾਈਵਰ ਹੀ ਚਲਾਉਂਦਾ ਸੀ। ਉਸਦਾ ਸਟੈਂਡਰਡ ਇਕ ਦਮ ਚੱਕਿਆ ਗਿਆ ਸੀ। ਸਕੂਟਰ ਜਾਂ ਬੱਸਾਂ 'ਤੇ ਘੁੰਮਦਾ ਘੁੰਮਦਾ ਉਹ ਹੁਣ ਕਾਰ ਤੋਂ ਪੈਰ ਭੁੰਜੇ ਨਹੀਂ ਸੀ ਲਾਹੁੰਦਾ। ਮੰਦਰ ਸਿੰਘ ਦਾ ਉਸ ਨਾਲ ਮੇਲ ਜੋਲ ਹੋਰ ਵੀ ਘਟ ਗਿਆ ਸੀ। ਪਤਨੀ ਅਕਸਰ ਹੀ ਲੋਕਾਂ ਕੋਲ ਕਹਿ ਦਿੰਦੀ ਕਿ ਜਦੋਂ ਇਹਨਾਂ ਦਾ ਕੋਈ ਜਾਣੂ ਬੇਲੀ ਅਫ਼ਸਰ ਬਣ ਜਾਂਦਾ ਹੈ ਤਾਂ ਇਹ ਉਸ ਨਾਲੋਂ ਆਪਣਾ ਨਾਤਾ ਤੋੜ ਲੈਂਦੇ ਹਨ। ਉਹ ਉਸਨੂੰ ਇਨਫੀਰੀਅਰਟੀ ਕੰਪਲੈਕਸ ਦਾ ਸ਼ਿਕਾਰ ਕਹਿੰਦੀ ਹੈ, ਪਰ ਮੰਦਰ ਸਿੰਘ ਇਸ ਨੂੰ ਆਪਣਾ ਸੁਪੀਰੀਅਰਟੀ ਕੰਪਲੈਕਸ ਕਹਿੰਦਾ ਹੈ। ਉਸ ਨੇ ਵੀ ਆਪਣੇ ਸ਼ਹਿਰ ਨਵੀਂ ਕੱਟੀ ਕਲੋਨੀ ਵਿਚ ਸਧਾਰਣ ਜਿਹੀ ਕੋਠੀ ਖੜੀ ਕਰ ਲਈ ਸੀ। ਬਲਵਿੰਦਰ ਸਿੰਘ ਉਸਨੂੰ ਹੁਣ ਕਦੇ ਰਾਹ ਖੈਹੜੇ ਨਹੀਂ ਸੀ ਮਿਲਦਾ ਬਲਕਿ ਉਹ ਤਾਂ ਉਸ ਨੂੰ ਘਰੇ ਹੀ ਮਿਲਣ ਆਉਂਦਾ। ਬਾਰ ਵਿਚ ਜਦੋਂ ਨੀਲੀ ਬੱਤੀ ਲੱਗੀ ਵਾਲੀ ਗੱਡੀ ਆ ਕੇ ਖੜਦੀ ਹੈ ਤਾਂ ਮੰਦਰ ਸਿੰਘ ਮਾਣ ਮਹਿਸੂਸ ਕਰਦਾ। ਆਂਢ ਗੁਆਂਢ ਉਸਦੀ ਟੌਹਰ ਬਣਦੀ। ਕਦੇ ਕਦੇ ਉਸ ਨੂੰ ਈਰਖਾ ਵੀ ਹੁੰਦੀ ਤੇ ਉਸ ਨੂੰ ਲੱਗਦਾ ਕਿ ਉਹ ਉਸ ਨੂੰ ਆਪਣੀ ਟੌਹਰ ਦਿਖਾਉਣ ਆਇਆ ਹੈ। ਉਹ ਬੜਾ ਚੇਤੰਨ ਹੋ ਕੇ ਬਲਵਿੰਦਰ ਸਿੰਘ ਦਾ ਵਰਤਾਰਾ ਨੋਟ ਕਰਦਾ। ਬਲਵਿੰਦਰ ਸਿੰਘ ਹਰ ਵਕਤ ਰੁੱਝੇ ਰਹਿਣ ਦੀ ਗੱਲ ਕਰਦਾ। ਪਰ ਉਸ ਕੋਲ ਤਾਂ ਵਕਤ ਹੀ ਵਕਤ ਸੀ।

ਬਲਵਿੰਦਰ ਸਿੰਘ ਦੱਸਦਾ ਕਿ ਉਸਨੂੰ ਅੰਨੀ ਕਮਾਈ ਹੈ, ਘਰ ਵਿਚ ਥਾਂ ਥਾਂ ’ਤੇ ਪੈਸਿਆਂ ਦੀਆਂ ਗੁੱਟੀਆਂ ਪਈਆਂ ਰਹਿੰਦੀਆਂ ਹਨ ਪਰ ਉਸ ਨੂੰ ਉਤਲੇ ਅਫ਼ਸਰਾਂ ਦੀਆਂ ਵਗਾਰਾਂ ਵੀ ਬਹੁਤ ਪੈਂਦੀਆਂ ਹਨ। ਪਰ ਮੰਦਰ ਸਿੰਘ ਦੀ ਤਾਂ ਆਈ ਚਲਾਈ ਹੀ ਚਲਦੀ ਭਾਵੇਂ ਕਿ ਉਸਦੀ ਘਰਵਾਲੀ ਵੀ ਪ੍ਰਾਇਮਰੀ ਅਧਿਆਪਕਾ ਲੱਗੀ ਹੋਈ ਸੀ। ਬੱਚਿਆਂ ਦੀ ਪੜ੍ਹਾਈ ਦੇ ਖਰਚੇ ਹੀ ਬਹੁਤ ਵਧ ਗਏ ਸਨ। ਉਸ ਦੀ ਬੇਟੀ ਤਾਂ ਬੀ. ਐਸ. ਸੀ. ਨਰਸਿੰਗ ਕਰ ਰਹੀ ਸੀ ਤੇ ਲੜਕਾ ਅਜੇ ਪਲੱਸ ਟੂ ਮੈਡੀਕਲ ਵਿਚ ਸੀ। ਨਰਸਿੰਗ ਕਰਵਾ ਕੇ ਮੰਦਰ ਸਿੰਘ ਦਾ ਕੁੜੀ ਨੂੰ ਕਨੇਡਾ ਭੇਜ ਦੇਣ ਦਾ ਵਿਚਾਰ ਸੀ। ਪਰ ਤਹਿਸੀਲਦਾਰ ਦਾ ਮੁੰਡਾ ਤਾਂ ਬਾਰਵੀਂ ਹੀ ਨਹੀਂ ਪਾਸ ਕਰ ਸਕਿਆ ਸੀ ਤੇ ਬਲਵਿੰਦਰ ਸਿੰਘ ਦੀਆਂ ਉਸਨੂੰ ਪੀ. ਸੀ. ਐਸ. ਅਫਸਰ ਬਣਾਉਣ ਦੀਆਂ ਸਕੀਮਾਂ ਧਰੀਆਂ ਧਰਾਈਆਂ ਹੀ ਰਹਿ ਗਈਆਂ ਸਨ। ਅਜੇ ਵੀ ਬੱਚਤ ਇਸ ਗੱਲ ਦੀ ਸੀ ਕਿ ਉਹ ਨਸ਼ਿਆਂ ਵਿਚ ਨਹੀਂ ਸੀ ਪਿਆ। ਤਹਿਸੀਲਦਾਰ ਉਸਨੂੰ ਹੁਣ ਬਾਹਰ ਹੀ ਸੈਟ ਕਰਨਾ ਚਾਹੁੰਦਾ ਸੀ ਤੇ ਉਹ ਕਿਸੇ ਕਨੇਡੀਅਨ ਸਿਟੀਜਨ ਲੜਕੀ ਦੀ ਭਾਲ ਵਿਚ ਸੀ ਜਿਹੜੀ ਮਿਲ ਗਈ ਸੀ। ਤੇ ਅੱਜ ਤਹਿਸੀਲਦਾਰ ਆਪਣੇ ਸਾਰੇ ਚਾਅ ਇਕਲੌਤੇ ਪੁੱਤਰ ਦੇ ਵਿਆਹ ,,’ਤੇ ਹੀ ਪੂਰੇ ਕਰ ਰਿਹਾ ਸੀ।

ਫਰਵਰੀ ਮਹੀਨੇ ਦਾ ਦੂਜਾ ਐਂਤਵਾਰ ਸੀ ਤੇ ਦਿਨ ਸਾਫ ਅਤੇ ਧੁੱਪ ਨਿਕਲੀ ਹੋਈ ਸੀ। ਬਹੁਤੇ ਬਰਾਤੀ ਤਾਂ ਪੈਲਿਸ ਦੇ ਲਾਅਨ ਵਿਚ ਮੇਜਾਂ ਦੁਆਲੇ ਜੁੜੇ ਮਹਿੰਗੀ ਸ਼ਰਾਬ ਅਤੇ ਭਾਂਤ ਭਾਂਤ ਪ੍ਰਕਾਰ ਦੇ ਚਿਕਨ-ਮੱਛੀ ਦੇ ਖਾਣਿਆਂ ਦਾ ਲੁਤਫ਼ ਲੈ ਰਹੇ ਸਨ। ਇਹਨਾਂ ਬਾਹਰ ਬੈਠਣ ਵਾਲਿਆਂ ਵਿਚ ਬਹੁਤੇ ਅਫ਼ਸਰ ਰੈਂਕ ਦੇ ਅਧਿਕਾਰੀ ਸਨ ਜੋ ਪੈਲਿਸ ਦੇ ਹਾਲ ਵਿਚ ਕੰਨ ਪਾੜਵੇਂ ਸੰਗੀਤ ਨੂੰ ਸੁਣਨ ਦੀ ਬਜਾਏ ਬਾਹਰ ਸ਼ਾਤੀ ਨਾਲ ਗੱਪ ਸ਼ੱਪ ਕਰ ਰਹੇ ਸਨ ਤੇ ਵਿਆਹ ਦਾ ਆਨੰਦ ਮਾਣ ਰਹੇ ਸਨ। ਇਹਨਾਂ ਵਿਚ ਦੋ ਤਿੰਨ ਐਸ. ਡੀ. ਐਮ. ਚਾਰ ਪੰਜ ਤਹਿਸੀਲਦਾਰ ਜਾਂ ਨਾਇਬ ਤਹਿਸੀਲਦਾਰ ਬੈਠੇ ਹੋਏ ਸਨ। ਇਕ ਐਸ. ਪੀ. ਅਤੇ ਤਿੰਨ ਚਾਰ ਡੀ. ਐਸ. ਪੀ. ਵੀ ਵਿਆਹ ਵਿਚ ਪਹੁੰਚੇ ਹੋਏ ਸਨ। ਇਹਨਾਂ ਖਾਸ ਮਹਿਮਾਨਾਂ ਦੇ ਅਨੇਕਾਂ ਹੀ ਵਰਦੀਧਾਰੀ ਗੰਨਮੈਨ ਆਸੇ ਪਾਸੇ ਹੀ ਮੌਜੂਦ ਸਨ। ਪਟਵਾਰੀਆਂ ਅਤੇ ਹੋਰ ਡੀ. ਸੀ. ਦਫ਼ਤਰ ਦੇ ਅਮਲੇ ਫੈਲੇ ਦਾ ਤਾਂ ਕੋਈ ਹਿਸਾਬ ਹੀ ਨਹੀਂ ਸੀ । ਅਨੇਕਾਂ ਹੀ ਵੇਟਰ ਇਧਰ ਓਧਰ ਭੱਜੇ ਫਿਰ ਰਹੇ ਸਨ।

ਕਾਹਲੇ ਸੁਭਾਅ ਦਾ ਹੋਣ ਕਰਕੇ ਮਾਸਟਰ ਮੰਦਰ ਸਿੰਘ ਤੋਂ ਇਕ ਥਾਂ ਤੇ ਟਿਕ ਕੇ ਨਹੀਂ ਬੈਠਿਆ ਜਾ ਸਕਦਾ। ਅੱਜ ਤਾਂ ਉਸਨੂੰ ਕੁਝ ਵਧੇਰੇ ਹੀ ਭਟਕਣਾ ਜਿਹੀ ਲੱਗੀ ਹੋਈ ਸੀ। ਪਤਨੀ ਦੇ ਜਾਣ ਤੋਂ ਬਾਅਦ ਉਹ ਫਿਰ ਹਾਲ ਵਿਚ ਜਾ ਬੈਠਾ। ਸੰਗੀਤ ਦਾ ਪ੍ਰੋਗਰਾਮ ਸ਼ੁਰੂ ਹੋ ਚੁੱਕਾ ਸੀ। ਅੱਧ-ਨੰਗੀਆਂ ਡਾਨਸਰ ਕੁੜੀਆਂ ਆਪਣੇ ਜਲਵੇ ਵਿਖਾਉਣ ਲੱਗ ਪਈਆਂ ਸਨ। ਬਹੁਤ ਸਾਰੇ ਜਣੇ ਲਾਅਨ ’ਚੋਂ ਉਠ ਕੇ ਹਾਲ ਵਿਚ ਆ ਬੈਠੇ ਸਨ ਤੇ ਹਾਲ ਪੂਰਾ ਹੀ ਭਰ ਚੁੱਕਾ ਸੀ। ਉਹ ਬੈਠਾ ਨਿੱਕੇ ਨਿੱਕੇ ਪੈੱਗ ਲਾਉਂਦਾ ਰਿਹਾ। ਉਸਨੂੰ ਫਿਰ ਅੱਚਵੀ ਜਿਹੀ ਮਹਿਸੂਸ ਹੋਈ ਤਾਂ ਉਹ ਉੱਠ ਕੇ ਬਾਹਰ ਲਾਅਨ ਵਿਚ ਜਾ ਬੈਠਾ। ਗੋਲ ਮੇਜਾਂ ਦੇ ਦੁਆਲੇ ਘੇਰਾ ਬਣਾ ਕੇ ਇੱਥੇ ਬਹੁਤੇ ਸਰਕਾਰੀ ਅਧਿਕਾਰੀ ਹੀ ਬੈਠੇ ਹੋਏ ਸਨ। ਉਸਨੂੰ ਆਪਣੇ ਮੇਚ ਦਾ ਕੋਈ ਬੰਦਾ ਨਜ਼ਰ ਨਹੀਂ ਸੀ ਆਇਆ ਤੇ ਉਹ ਇਕੱਲਾ ਹੀ ਕੁਰਸੀ ਲੈ ਕੇ ਇਕ ਪਾਸੇ ਹੋ ਕੇ ਬੈਠ ਗਿਆ। ਉਹ ਚਾਹੁੰਦਾ ਸੀ ਕਿ ਉਸਦਾ ਯਾਰ ਤਹਿਸੀਲਦਾਰ ਉਸ ਕੋਲ ਆ ਕੇ ਬੈਠੇ ਪਰ ਤਹਿਸੀਲਦਾਰ ਕੋਲ ਅੱਜ ਉਸ ਦੇ ਨਾਲ ਬੈਠਣ ਦੀ ਵਿਹਲ ਹੀ ਨਹੀਂ ਸੀ। ਉਹ ਤਾਂ ਅਫਸਰਾਂ ਦੇ ਏੜ ਗੇੜ ਵਿਚ ਹੀ ਫਸਿਆ ਹੋਇਆ ਸੀ। ਇਕ ਦੋ ਵਾਰ ਉਸਨੇ ਮੰਦਰ ਸਿੰਘ ਨੂੰ ਬੈਠਾ ਵੇਖ ਵੀ ਲਿਆ ਸੀ ਪਰ ਉਹ ਉਸ ਨੂੰ ਅਣਗੋਲਿਆ ਕਰ ਗਿਆ ਸੀ। ਲੰਘਦੇ ਟੱਪਦੇ ਵੇਟਰਾਂ ਤੋਂ ਮੰਦਰ ਸਿੰਘ ਕਦੇ ਸ਼ਰਾਬ ਦਾ ਪੈੱਗ ਲੈ ਲੈਂਦਾ ਕਦੇ ਕਿਸੇ ਕਿਸਮ ਦਾ ਚਿਕਨ ਤੇ ਕਦੇ ਮੱਛੀ। ਉਸਦਾ ਸਾਰਾ ਧਿਆਨ ਹੁਣ ਖਾਣ-ਪੀਣ ਵੱਲ ਹੀ ਸੀ। ਢਾਣੀ ਵਿਚ ਬੈਠਾ ਬੰਦਾ ਖੁੱਲ੍ਹ ਕੇ ਖਾ-ਪੀ ਵੀ ਨਹੀਂ ਸਕਦਾ। ਉਹ ਸੋਚ ਰਿਹਾ ਸੀ। ਪਰ ਉਸਨੂੰ ਆਪਣੇ ਯਾਰ ’ਤੇ ਥੋੜ੍ਹਾ ਜਿਹਾ ਰੋਸਾ ਵੀ ਸੀ ਜੋ ਇਕ ਵਾਰ ਵੀ ਉਸ ਕੋਲ ਆ ਕੇ ਨਹੀਂ ਸੀ ਬੈਠਿਆ, ਭਾਂਵੇਂ ਮਿੰਟ ਕੁ ਹੀ ਆ ਬੈਠਦਾ ਪਰ ਆਉਂਦਾ ਤਾਂ ਸਹੀ। ਕੁੱਝ ਸਮੇਂ ਬਾਅਦ ਉਹ ਲਾਅਨ ’ਚੋਂ ਉੱਠ ਕੇ ਫਿਰ ਹਾਲ ਵਿਚ ਚਲਾ



ਗਿਆ। ਹਾਲ ਵਿਚ ਹੁਣ ਡੀ. ਜੇ. ਦਾ ਕੰਨ ਪਾੜਵਾਂ ਸ਼ੋਰ ਸੀ ਤੇ ਡਾਨਸ ਫਲੋਰ ’ਤੇ ਅਨੇਕਾਂ ਹੀ ਨੌਜਵਾਨ ਨੱਚ ਰਹੇ ਸਨ। ਮੁੰਡੇ ਦਾ ਚਾਚਾ ਨੱਚਣ ਵਾਲੀਆਂ ਦੇ ਉੱਪਰੋਂ ਦਸਾਂ ਦਸਾਂ ਦੇ ਨੋਟ ਵਾਰ ਕੇ ਸੁੱਟ ਰਿਹਾ ਸੀ। ਮੰਦਰ ਸਿੰਘ ਦਾ ਜੀ ਕੀਤਾ ਕਿ ਉਹ ਵੀ ਨੱਚੇ। ਉਸਨੇ ਵੇਟਰ ਤੋਂ ਪੈੱਗ ਪੀਤਾ ਤੇ ਨੱਚ ਰਹੇ ਨੌਜਵਾਨਾਂ ਵਿਚ ਜਾ ਕੇ ਪੁੱਠੇ ਸਿੱਧੇ ਜਿਹੇ ਹੱਥ ਪੈਰ ਮਾਰਨ ਲੱਗ ਪਿਆ।

ਫਿਰ ਵਿਆਹ ਦਾ ਉਹ ਸ਼ਾਨਦਾਰ ਪਲ ਵੀ ਆ ਗਿਆ। ਵਿਆਂਦੜ ਜੋੜੀ ਅਨੰਦ ਕਾਰਜ ਕਰਵਾ ਕੇ ਹਾਲ ਵਿਚ ਪ੍ਰਵੇਸ਼ ਕਰ ਰਹੀ ਸੀ। ਬੈਂਡ ਵਾਜਿਆਂ ਵਾਲੇ ਦੂਹਰੇ ਤੀਹਰੇ ਹੋ ਹੋ ਜਾ ਰਹੇ ਸਨ। ਹਾਲ ਵਿਚ ਬੈਠੇ ਦਰਸ਼ਕ ਬੜੀ ਉਤਸੁਕਤਾ ਨਾਲ ਫੁਲਕਾਰੀ ਥੱਲੇ ਆ ਰਹੀ ਜੋੜੀ ਨੂੰ ਨੀਝ ਨਾਲ ਦੇਖ ਰਹੇ ਸਨ। ਹਾਲ ਵਿਚ ਲੱਗੇ ਗੋਲ ਮੇਜਾਂ ਦੁਆਲੇ ਬੈਠੇ ਦਾਰੂ ਦੇ ਸ਼ੁਕੀਨਾਂ ਨੂੰ ਵੀ ਆਪਣੇ ਪੈੱਗ ਅਤੇ ਲੈੱਗ ਭੁੱਲ ਗਏ ਸਨ। ਦੁਲਹਨ ਬਹੁਤ ਹੀ ਸੋਹਣੀ ਸੀ । ਬਿਲਕੁਲ ਮੇਮਾਂ ਵਰਗੀ।

ਉਹ ਮੇਮ ਹੀ ਤਾਂ ਸੀ। ਅੰਗਰੇਜਾਂ ਦੇ ਦੇਸ਼ ਰਹਿਣ ਵਾਲੀ। ਉਥੇ ਹੀ ਜੰਮੀ ਪਲੀ ਤੇ ਉਥੇ ਹੀ ਵੱਡੀ ਹੋਈ। ਪਰ ਹੁਣ ਉਹ ਇਸ ਦੇਸ਼ ਵਿਚ ਵਿਆਹੀ ਗਈ ਸੀ। ਵਿਆਹੀ ਕੀ ਗਈ ਸੀ ਉਹ ਤਾਂ ਵਿਆਹੁਣ ਆਈ ਸੀ ਤੇ ਵਿਆਹ ਕੇ ਉਸਨੇ ਬਲਵਿੰਦਰ ਸਿੰਘ ਬਰਾੜ ਨਾਇਬ ਤਹਿਸੀਲਦਾਰ ਦੇ ਮੁੰਡੇ ਬਲਦੀਪ ਸਿੰਘ ਨੂੰ ਓਧਰ ਹੀ ਲੈ ਜਾਣਾ ਸੀ। ਹੌਲੀ ਹੌਲੀ ਤੁਰਦਿਆਂ ਬੜੀ ਹੀ ਸ਼ਾਨੋ ਸ਼ੌਕਤ ਨਾਲ ਵਿਆਂਦੜ ਜੋੜੀ ਪੈਲਿਸ ਦੇ ਅੰਦਰ ਬਣੇ ਸਟੇਜ ਦੇ ਉਪਰ ਰੱਖੇ ਦੋ ਸਿੰਘਾਸਨਾਂ ’ਤੇ ਜਾ ਬਿਰਾਜਮਾਨ ਹੋਈ। ਉਹਨਾਂ ਦੇ ਬੈਠਣ ਦੀ ਦੇਰ ਹੀ ਸੀ ਕਿ ਸ਼ਗਨ ਦੇਣ ਵਾਲਿਆਂ ਦੀ ਤੁਰੰਤ ਹੀ ਲੰਮੀ ਲਾਈਨ ਲੱਗ ਗਈ ਤੇ ਕਈ ਕਾਹਲੇ ਤੇ ਬੇਸਬਰੇ ਬੰਦੇ ਇਹ ਕੰਮ ਸੱਭ ਤੋਂ ਪਹਿਲਾਂ ਹੀ ਭੁਗਤਾ ਲੈਣਾ ਚਾਹੁੰਦੇ ਸਨ ਤਾਂ ਕਿ ਉਹ ਬਾਅਦ ਵਿਚ ਬੇਫਿਕਰ ਹੋ ਕੇ ਖਾਣ ਪੀਣ ਦਾ ਲੁਤਫ਼ ਲੈ ਸਕਣ। ਉਸ ਨੇ ਵੀ ਆਪਣੀ ਪਤਨੀ ਨੂੰ ਲੱਭ ਕੇ ਇਸ਼ਾਰਾ ਕੀਤਾ ਕਿ ਆ ਸ਼ਗਨ ਵੀ ਦੇ ਹੀ ਆਈਏ ਤੇ ਪੰਦਰਾਂ ਵੀਹਾਂ ਮਿੰਟਾਂ ਵਿਚ ਹੀ ਉਹ ਇਹ ਜ਼ਰੂਰੀ ਕੰਮ ਨਬੇੜ ਕੇ ਵਿਹਲੇ ਹੋ ਗਏ ਸਨ।

ਮੰਦਰ ਸਿੰਘ ਹੁਣ ਫਿਰ ਫਿਰੀ ਸੀ। ਉਸਨੇ ਸ਼ਰਾਬ ਦਾ ਇਕ ਹੋਰ ਪੈੱਗ ਪੀਤਾ ਤੇ ਫਿਰ ਮੁੰਡਿਆਂ ਵਿਚ ਜਾ ਕੇ ਨੱਚਣ ਲੱਗ ਪਿਆ। ਉਸ ਨੂੰ ਅਵੱਲਾ ਹੀ ਚਾਅ ਚੜ੍ਹਿਆ ਹੋਇਆ ਸੀ। ਉਸ ਨੂੰ ਯਾਦ ਆ ਰਿਹਾ ਸੀ ਕਿ ਕਿਵੇਂ ਪਟਵਾਰੀ ਨੇ ਉਸਦੇ ਵਿਆਹ ਵਿਚ ਨੱਚ ਨੱਚ ਕੇ ਧਮਾਲ ਪਾਈ ਸੀ ਤੇ ਉਹ ਵੀ ਸ਼ਇਦ ਹੁਣ ਵੀੜ੍ਹੀ ਲਾਹੁਣੀ ਚਾਹੁੰਦਾ ਸੀ। ਅਚਾਨਕ ਉਸਦੀ ਨਿਗ੍ਹਾ ਕੋਲ ਦੀ ਲੰਘ ਰਹੇ ਤਹਿਸੀਲਦਾਰ ’ਤੇ ਪਈ ਤਾਂ ਉਸ ਨੇ ਜਾ ਕੇ ਉਸਦਾ ਹੱਥ ਫੜ ਲਿਆ ਤੇ ਆਪਣੇ ਨਾਲ ਨੱਚਣ ਲਈ ਖਿੱਚਣ ਲੱਗਾ।

‘ਨਹੀਂ ਨਹੀਂ ਤੁਸੀਂ ਨੱਚੋ, ਮੇਰੇ ਕੋਲ ਅਜੇ ਵਿਹਲ ਨਹੀਂ ਆਪਾਂ ਫੇਰ ਨੱਚਾਂਗੇ।’ ਇਹ ਕਹਿ ਕੇ ਉਹ ਉਸਤੋਂ ਬਾਂਹ ਛੁਡਾ ਗਿਆ ਸੀ।

ਸ਼ਗਨ ਦੇ ਕੇ ਸਿਆਣੇ ਲੋਕ ਰੋਟੀ ਵਾਲੇ ਪਾਸੇ ਹੋ ਰਹੇ ਸਨ ਤੇ ਰੋਟੀ ਖਾ ਕੇ ਘਰਾਂ ਨੂੰ ਚਾਲੇ ਪਾ ਰਹੇ ਸਨ। ਸਿਆਲੂ ਦਿਨ ਛਿੱਪਣ ਲਈ ਕਾਹਲਾ ਸੀ।

‘ਚਲੋ ਨਿਕਲੀਏ ਆਪਾਂ ਵੀ ਹੁਣ। ’ ਮੰਦਰ ਸਿੰਘ ਦੀ ਪਤਨੀ ਨੇ ਉਸਦੇ ਕੋਲ ਆ ਕੇ ਕਿਹਾ ਤੇ ਬਾਹਰ ਗੇਟ ਵੱਲ ਜਾਣ ਲੱਗੀ। ਮੰਦਰ ਸਿੰਘ ਅਜੇ ਵਿਆਹ ਦਾ ਹੋਰ ਆਨੰਦ ਮਾਨਣਾ ਚਾਹੁੰਦਾ ਸੀ ਪਰ ਪਤਨੀ ਦੀ ਘੂਰੀ ਨੇ ਉਸਨੂੰ ਤੁਰਨ ਲਈ ਮਜਬੂਰ ਕਰ ਦਿੱਤਾ ਸੀ। ਉਸੇ ਵਕਤ ਇਕ ਵੇਟਰ ਸ਼ਰਾਬ ਦੇ ਪੈੱਗ ਲਈ ਜਾਂਦਾ ਕੋਲ ਦੀ ਲੰਘਿਆ ਤਾਂ ਉਸ ਨੇ ਰੋਕ ਇਕ ਵਾਹਵਾ ਭਰਿਆ ਜਿਹਾ ਗਲਾਸ ਚੁੱਕ ਕੇ ਮੂੰਹ ਨੂੰ ਲਾ ਲਿਆ। ਪਤਨੀ ਪਾਰਕਿੰਗ ਵਾਲੀ ਥਾਂ ਤੇ ਜਾ ਖਲੋਤੀ ਸੀ।

‘ਨੂੰਹ ਬੜੀ ਭਾਲੀ ਆ ਬਈ ਤਹਿਸੀਲਦਾਰ ਨੇ ਜਵਾਂ ਈ ਮੇਮਾਂ ਵਰਗੀ ਐ।’ ਸਕੂਟਰ ਨੂੰ ਕਿੱਕ ਮਾਰਦੇ ਹੋਏ ਉਸਨੇ ਕਿਹਾ ।

‘ਮੇਮਾਂ ਵਰਗੀ ਕੀ ਚੱਟਣੀਂ ਐ ਮੁੰਡੇ ਨੇ?’ ਪਤਨੀ ਨੇ ਪਿੱਛੇ ਬੈਠਦੇ ਹੋਏ ਕਿਹਾ ।

'ਕਿਉਂ ਮੁੰਡਾ ਚੱਟੂ ਨਾ? ' ਉਸਨੇ ਹੱਸ ਕੇ ਕਿਹਾ।

'ਨਹੀਂ ਚੱਟਦਾ।' ਪਤਨੀ ਨੇ ਠੋਕ ਵਜਾ ਕੇ ਕਿਹਾ।ਮੰਦਰ ਸਿੰਘ ਹੈਰਾਨ ਹੀ ਰਹਿ ਗਿਆ ਤੇ ਹੈਰਾਨੀ ਵਿਚ ਉਸਨੇ ਫਿਰ ਪੁਛਿਆ, ' ਕਿਉਂ ਚੱਟੂ ਕਿਉਂ ਨਾ?'

'ਕੁੜੀ ਦਾ ਪਿਓ ਨਾਲ ਆਇਐ, ਅੱਜ ਦੀ ਰਾਤ ਉਹਨਾਂ ਦੇ ਘਰ ਰਹਿ ਕੇ ਕੱਲ ਨੂੰ ਉਹ ਵਿਆਹ ਰਜਿਸਟਰ ਕਰਵਾਉਣਗੇ ਤੇ ਪਰਸੋਂ ਨੂੰ ਕੁੜੀ ਫੁਰਰ ਕਰਕੇ ਫਿਰ ਕਨੇਡਾ ਉੱਡਜੂ।' ਪਤਨੀ ਨੇ ਨਾ ਚੱਟਨ ਦਾ ਕਾਰਨ ਦੱਸਿਆ ।

'ਇਹ ਕੀ ਗੱਲ ਬਣੀ ?' ਮੰਦਰ ਸਿੰਘ ਅਜੇ ਵੀ ਨਹੀਂ ਸਮਝਿਆ ਸੀ।

'ਤੁਸੀ ਮੈਥ ਵਾਲੇ ਵੀ ਬੱਸ ਮੈਥ ਦੇ ਸਵਾਲ ਕੱਢਣ ਜੋਗੇ ਈ ਹੁੰਦੇ ਓ, ਉਂ ਤੁਸੀਂ ਘੋਗੜ ਈ ਹੁੰਦੇ ਓ, ਦੁਨੀਆਂਦਾਰੀ ਦੇ ਸਵਾਲ ਨਹੀਂ ਤੁਹਾਨੂੰ ਆਉਂਦੇ।ਸ੍ਰੀਮਾਨ ਜੀ ਇਹ ਵਿਆਹ ਤਾਂ ਸਾਰਾ ਹੀ ਬੋਗਸ ਤੇ ਨਕਲੀ ਸੀ। ਇਕ ਡਰਾਮਾ ਸੀ, ਡਰਾਮਾ! ਮੁੰਡੇ ਨੂੰ ਬਾਹਰ ਭੇਜਣ ਦਾ। ਉਹਨਾਂ ਦੀ ਡੀਲ ਹੋਈ ਆ, ਡੀਲ ਸਮਝੇ? ਕੁੜੀ ਨੇ ਪੰਜਾਹ ਲੱਖ ਲਿਆ ਪੂਰਾ। ਇਸ ਤਰਾਂ ਮੁੰਡਾ ਬਾਹਰ ਤਾਂ ਚਲਾ ਜਾਊ ਪਰ ਕੁੜੀ ਨੂੰ ਚੱਟਦਾ ਨਹੀਂ। ਹੁਣ ਸਮਝ ਆ ਗਈ ਨਾ ਸਾਰੀ ਗੱਲ ਦੀ।' ਪਤਨੀ ਨੇ ਕਿਹਾ ਤੇ ਹੱਸਣ ਲੱਗੀ।

'ਹੱਛਾ!' ਮੰਦਰ ਸਿੰਘ ਦੇ ਮੂਹੋਂ ਮਸਾਂ ਹੀ ਨਿਕਲਿਆ। ਉਸ ਨੂੰ ਜਾਪਿਆ ਜਿਵੇਂ ਉਹ ਬੇਵਕੂਫ਼ ਹੋਵੇ ਜੋ ਖੁਸ਼ੀ 'ਚ ਐਵੇਂ ਹੀ ਨੱਚਦਾ ਰਿਹਾ।

ਤੇ ਫਿਰ ਕੁਝ ਚਿਰ ਸੋਚ ਕੇ ਉਹ ਬੋਲਿਆ, ' ਤੇ ਫਿਰ ਬੋਗਸ ਵਿਆਹ 'ਤੇ ਏਨਾਂ ਆਡੰਬਰ ਰਚਨ ਦੀ ਕੀ ਲੋੜ ਸੀ? '

'ਇਹ ਤਾਂ ਕਰਨਾ ਹੀ ਪੈਂਦਾ ਹੈ, ਓਥੇ ਉਹ ਵਿਆਹ ਦੀਆਂ ਫੋਟੋ ਵੀ ਵੇਖਦੇ ਹਨ ਤੇ ਵਿਆਹ ਵੀ ਅਸਲੀ ਹੀ ਲੱਗਣਾ ਚਾਹੀਦਾ ਹੈ। ਬਾਕੀ ਬਈ ਪੈਸਾ ਤਾਂ ਉਹਨਾਂ ਕੋਲ ਰਿਸ਼ਵਤਾਂ ਦਾ ਵਾਧੂ ਜੁੜਿਆ ਪਿਆ ਸੀ, ਉਹ ਵੀ ਤਾਂ ਅਕਸਰ ਕਿਤੇ ਲਾਉਣਾ ਹੀ ਸੀ। ਤੇ ਇਕ ਗੱਲ ਹੋਰ ਵੀ ਹੋ ਸਕਦੀ ਹੈ ਬਈ ਉਹ ਕੁੜੀ ਉਪਰ ਆਪਣੀ ਅਫ਼ਸਰੀ ਅਤੇ ਪੈਸੇ ਦਾ ਪ੍ਰਭਾਵ ਪਾਉਣਾ ਚਾਹੁੰਦੇ ਹੋਣ ਤਾਂ ਕਿ ਤਲਾਕ ਦੇਣ ਦੀ ਨੌਬਤ ਹੀ ਨਾ ਆਏ ਤੇ ਇਹ ਵਿਆਹ ਅਸਲੀ ਹੀ ਬਣ ਜਾਏ। ਬਾਕੀ ਜੀ ਦੁਨੀਆਂ ਬਹੁਤ ਹੀ ਚੁਸਤ ਐ, ਕਿਸੇ ਦੇ ਦਿਲ ਦਾ ਆਪਾਂ ਨੂੰ ਕੀ ਪਤਾ ਐ। ਸਾਰੀ ਦੁਨੀਆਂ ਸੋਡੇ ਵਾਂਗ ਭੋਲੀ ਥੋੜਾ ਹੀ ਐ।' ਮੰਦਰ ਸਿੰਘ ਦੀ ਪਤਨੀ ਨੇ ਪੂਰਾ ਲੈਕਚਰ ਝਾੜ ਦਿੱਤਾ ਤਾਂ ਉਸ ਨੂੰ ਜਾਪਿਆ ਕਿ ਉਸਦੀ ਪੀਤੀ ਤਾਂ ਸਾਰੀ ਲਹਿ ਹੀ ਗਈ ਹੈ।

ਵੀਹਾਂ ਕੁ ਮਿੰਟਾਂ ਬਾਅਦ ਮੰਦਰ ਸਿੰਘ ਨੇ ਫੇਰ ਟਰਾਈ ਕੀਤੀ ਤੇ ਇਸ ਵਾਰ ਫੋਨ ਮਿਲ ਗਿਆ-

'ਬਈ ਓਸ ਡਰਾਮੇ ਦੀ ਹੀਰੋਇਨ ਪਕੜੀ ਗਈ ਐ। ਮੈਂ ਹੁਣੇ ਹੁਣੇ ਹੀ ਖ਼ਬਰ ਪੜ੍ਹਕੇ ਹੱਟਿਆ ਹਾਂ। ਉਸ ਨੂੰ ਦਿੱਲੀ ਦੇ ਏਅਰਪੋਰਟ ਤੋਂ ਪੁਲਿਸ ਨੇ ਫੜ ਲਿਆ ਹੈ। ਉਹ ਤਾਂ ਪਹਿਲਾਂ ਵੀ ਕਈ ਅਜੇਹੇ ਬੋਗਸ ਵਿਆਹ ਕਰਵਾ ਕੇ ਪੈਸੇ ਬਟੋਰ ਚੁੱਕੀ ਸੀ...' ਮੰਦਰ ਸਿੰਘ ਇਕੋ ਸਾਹੇ ਹੀ ਪਤਨੀ ਨੂੰ ਦੱਸ ਰਿਹਾ ਸੀ ਤਾਂ ਉਹ ਟੋਕ ਕੇ ਬੋਲੀ, ' ਮੈਂ ਵੀ ਖ਼ਬਰ ਪੜ੍ਹ ਲਈ ਐ, ਪਰ ਤੁਸੀਂ ਏਨੇ ਖੁਸ਼ ਕਿਉਂ ਹੋ? '

'ਖੁਸ਼? ਮੈਂ? ' ਮੰਦਰ ਸਿੰਘ ਨੂੰ ਕੋਈ ਜਵਾਬ ਨਾ ਅਹੁੜਿਆ। ਪਰ ਇਹ ਤਾਂ ਉਸ ਨੂੰ ਵੀ ਨਹੀਂ ਪਤਾ ਸੀ ਕਿ ਉਹ ਖੁਸ਼ ਕਿਉਂ ਹੈ।

**- ਸੂਰੇਵਾਲੀਆ ਕੰਪਲੈਕਸ, ਬਠਿੰਡਾ ਰੋਡ, ਨੇੜੇ ਬਾਈਪਾਸ, ਸ੍ਰੀ ਮੁਕਤਸਰ ਸਾਹਿਬ।**

**ਫੋਨ ਨੰ. 9501050016**





## ਕਹਾਣੀ / ਹਦਬਸਤ ਨੰਬਰ 211 /- ਜਗਜੀਤ ਗਿੱਲ

***ਕਾਂਡ ਪਹਿਲਾ***

ਤਰਨ ਤਾਰਨ ਤੋਂ ਗੱਗੋਬੂਹੇ ਨੂੰ ਜਾਣ ਵਾਲ਼ੀ ਇੱਕੋ ਇੱਕ ਸਰਕਾਰੀ ਬੱਸ ਧੂੜ ਉਡਾਉਂਦੀ ਪੁਲ਼ ਉੱਤਰ ਆਈ ਸੀ।ਰੋਹੀ ਤੋਂ ਵਾਪਸ ਆਉਂਦੇ ਵੱਗਾਂ ਨੂੰ ਲੰਮੇ ਹਾਰਨ ਦਿੰਦੀ ਲੋਕਾਂ ਨੂੰ ਦੱਸਦੀ ਕਿ ਟਾਈਮ ਪੰਜ ਤੋਂ ਉੱਤੇ ਦਾ ਹੋ ਗਿਆ ਹੈ।ਇਸੇ ਬੱਸ ਦਾ ਦੁਪਹਿਰ ਵਾਲਾ ਗੇੜਾ ਇਸ ਗੱਲ ਦਾ ਚੇਤਾ ਕਰਾਉਂਦਾ ਕਿ ਦਿਹਾੜੀਏ ਹੁਣ ਅੱਧੀ ਦਿਹਾੜੀ ਲਾ ਕੇ ਜੱਟਾਂ ਦੇ ਚੁੰਗਲ਼ ਵਿੱਚੋਂ ਨਿਕਲਣ ਦੀ ਤਿਆਰੀ ਕਰ ਸਕਦੇ ਹਨ ਪਰ ਜੇ ਮਾੜੇ ਕਰਮਾਂ ਨੂੰ ਇਹ ਗੇੜਾ ਮਿੱਸ ਹੋ ਜਾਂਦਾ ਤਾਂ ਜੱਟ ਛੇਤੀ ਕੀਤਿਆਂ ਬੰਦੇ ਨੂੰ ਛੱਡਦੇ ਨਾ-"ਦੋ ਆਲ਼ੀ ਤੇ ਤੇਰੀ ਭੂਆ ਆਈ ਨ੍ਹੀਂ ਹਜੇ,ਅਖੇ 'ਜਾਈਏ ਸ਼ਾਹ ਜੀ?' ਐਂ ਕਿਵੇਂ ਜਾਈਏ ਭਾਊ ?ਮਹਿੰਗੇ ਭਾਅ ਦੀ ਦਿਹਾੜੀ ਆ,ਨਾ ਭਾਊ ਨਾ।" ਆਖਰੀ ਗੇੜੇ ਜੀਉਬਾਲੇ ਤੱਕ ਤਾਂ ਬੱਸ ਵਿੱਚ ਬੜੀ ਭੀੜ ਹੁੰਦੀ ਪਰ ਗੱਗੋਬੂਹੇ ਤੱਕ ਦੋ ਚਾਰ ਸਵਾਰੀਆਂ ਹੀ ਰਹਿ ਜਾਂਦੀਆਂ।ਕਈ ਵਾਰ ਤਾਂ ਗੱਗੋਬੂਹੇ ਦੀ ਕੋਈ ਸਵਾਰੀ ਵੀ ਨਾ ਹੁੰਦੀ ਤੇ ਕੰਡਕਟਰ ਨੂੰ ਉਹਦੇ ਪਿੰਡ ਉਤਾਰ ਕੇ ਡਰਾਈਵਰ ਫ਼ੌਜੀ ਇਕੱਲਾ ਹੀ ਬੱਸ ਗੱਗੋਬੂਹੇ ਲੈ ਜਾਂਦਾ।ਰਸਤੇ ਵਿੱਚ ਜੇ ਕੋਈ ਤੁਰਿਆ ਜਾਂਦਾ ਰਾਹੀ ਮਿਲ ਪੈਂਦਾ ਤਾਂ ਉਹ ਬੱਸ ਰੋਕ ਕੇ ਚੜ੍ਹਾ ਲੈਂਦਾ।

"ਆਜੋ ਵੱਡੇ ਵੀਰ ਜੀ ਆਜੋ,ਤੁਰਨਾ ਤਾਂ ਸਿਹਤ ਲਈ ਭਾਵੇਂ ਠੀਕ ਏ ਬੱਟ ਏਦਾਂ ਕਦੋਂ ਅੱਪੜੇ ਪਿੰਡ?"ਤੁਰੇ ਜਾਂਦਿਆਂ ਨੂੰ ਵੇਖ ਕੇ ਫ਼ੌਜੀ ਨੇ ਬੱਸ ਦੀ ਸਪੀਡ ਘੱਟ ਕਰ ਲਈ।

"ਸੁਣਾਅ ਫ਼ੌਜੀਆ,ਕਿੱਦਾਂ ਫ਼ੇਅ?" ਦਮਾਲਾ ਸੰਭਾਲ਼ਦਿਆਂ ਮੁੜਕੋ ਮੁੜਕੀ ਹੋਇਆ ਇੱਕ ਬੰਦਾ

ਦਿੱਤੀ ਧੁੱਸ ਬੱਸ ਵਿੱਚ ਚੜ੍ਹ ਗਿਆ ਤੇ ਤੱਤੇ ਹੋਏ ਇੰਜਣ ਉੱਤੇ ਹੀ ਢੇਰੀ ਹੋ ਗਿਆ।

"ਚਲੋ ਚਲੋ।"ਦੂਜੇ ਨੇ ਇੱਕ ਪੈਰ ਪੌੜੀ ਉੱਤੇ ਰੱਖਦਿਆਂ ਤੇ ਇੱਕ ਹਵਾ ਵਿੱਚ ਲਮਕਾਈ ਅੰਦਰ ਵੜਦਿਆਂ ਕਿਹਾ।ਅੰਦਰ ਵੜਦਿਆਂ ਉਸ ਬਾਰੀ ਠਾਹ ਕਰਕੇ ਮਾਰ ਦਿੱਤੀ ਤੇ ਕੰਡਕਟਰ ਦੀ ਵਿਹਲੀ ਹੋਈ ਸੀਟ ਨੰਬਰ ਦੋ ਤੇ ਤਿੰਨ ਉੱਤੇ ਪਥੱਲਾ ਮਾਰ ਲਿਆ ।ਜੁੱਤੀ ਲਾਹ ਕੇ ਉਸ ਇੱਕ ਨੰਬਰ ਸੀਟ ਥੱਲੇ ਵਾੜ ਦਿੱਤੀ ਤੇ ਪੈਰਾਂ ਦੀ ਬੋਅ ਫ਼ੌਜੀ ਦੀਆਂ ਨਾਸਾਂ ਵਿੱਚ ਵੜ ਗਈ।

'ਸ਼ਹਿਰ ਦੀ ਸੁਣਾਅ,ਸਭ ਸੁੱਖ ਸਾਂਦ ਆ,ਫ਼ੌਜੀਆ?'

'ਹਾਂਜੀ ਵੱਡੇ ਵੀਰ ਜੀ ਆਪਣੇ ਸ਼ਹਿਰ ਤਾਂ ਸੁੱਖ ਈ ਏ ਬੱਟ ਅੰਬਰਸਰ ਵਾਲੇ ਪਾਸੇ ਦੋ ਉਡਾ'ਤੇ'ਫ਼ੌਜੀ ਨੂੰ ਇੱਕ ਦਮ ਕੋਈ ਭੁੱਲੀ ਚੀਜ਼ ਚੇਤੇ ਆਈ।ਉਸਨੇ ਅਗਰਬੱਤੀ ਧੁਖਾ ਦਿੱਤੀ ਸੀ ਤੇ ਨਾਲ ਹੀ ਬੱਸ ਦੀਆਂ ਬੱਤੀਆਂ ਜਗਾ ਕੇ ਬਾਬਾ ਬੁੱਢਾ ਸਾਹਿਬ ਦੀ ਫ਼ੋਟੋ ਉੱਤੇ ਲਾ ਕੇ ਮੱਥਾ ਟੇਕ ਦਿੱਤਾ।

'ਹੱਛਾ,ਕੌਣ ਸੀ ?'

'ਹੈ ਤਾਂ ਭਈਏ ਹੀ ਸੀ ਵਿਚਾਰੇ ਬੱਟ ਹੋਈ ਤਾਂ ਮਾੜੀ।'ਫ਼ੌਜੀ ਨੇ ਸ਼ੀਸ਼ੇ ਵਿੱਚ ਮੁੱਛਾਂ ਦੇ ਕੁੰਢ ਠੀਕ ਕਰਦਿਆਂ ਕਿਹਾ।

'ਹੱਈ ਸ਼ਾਵਾਸ਼ੇ। ਚੱਲ ਫ਼ੇਰ ਕੋਈ ਨਹੀਂ ਇਹ ਤਾਂ ਭੈਣ ਦੇਣੇ ਹੈ ਈ 'ਡਾਉਣ ਵਾਲ਼ੇ,ਜਦੋਂ ਦਾ ਇਨ੍ਹਾਂ ਦਾ ਪੰਜਾਬ ਵਿੱਚ ਪੈੜਾ ਪਿਆ ਆਪਣੇ ਬੰਦੇ ਤਾਂ ਊਂਈਂ ਵਿਹਲੇ ਹੋ ਗਏ ਆ।ਦਿਹਾੜੀ ਮਿਲਦੀ ਨਹੀਂ।ਜੱਟ ਵੀ ਸਹੁਰੇ ਇਨ੍ਹਾਂ ਨੂੰ ਈ ਸਾਕ ਦਿੰਦੇ ਆ,ਭਈ ਆਪਣੇ ਹੁਣ ਵਿਹੁ ਵਿਖਾਲ਼ੀ ਦਿੰਦੇ ਆ ਤੁਹਾਨੂੰ।ਸਹੁਰਿਓ।'

'ਠੀਕ ਹੈ ਵੱਡੇ ਵੀਰ ਜੀ ਬੱਟ ਸਾਰੇ ਆਪਣਾ ਫ਼ਾਇਦਾ ਪਹਿਲਾਂ ਵੇਖਦੇ ਆ"

"ਆਪਣੇ ਕਿਹੜਾ ਘੱਟ ਆ ਫ਼ੌਜੀਆ,ਜਦੋਂ ਜੀਅ ਕੀਤਾ ਤੁਰ ਪਏ ਦਿਹਾੜੀ ਕਰਨ ਤੇ ਜਦੋਂ ਜੀਅ ਕੀਤਾ ਜਵਾਬ ਦੇ'ਤਾ ਤੇ ਨਾਲ਼ੇ ਆਪਣੇ ਬਦਨੀਤੀਆਂ ਕਰਦੇ ਆ ਤਾਂ ਹੀ ਤਾਂ ਜੱਟ ਭਈਆਂ ਤੋਂ ਕੰਮ ਲੈਣ ਲੱਗ ਪਏ ਆ,ਕਿਉਂ ਭਾਊ?ਆਹ ਵੇਖਿਆ ਈ ਭੁੱਚਰਾਂ ਦੀ ਝੜੰਮ ਨੇ ਕੀ ਕੀਤਾ, ਸੂਰਤੀ ਸਰਪੰਚ ਕਾ ਝੋਨਾ ਲਾਇਆ ਤੇ ਦੋ ਘੰਟਿਆਂ ਬਾਦ ਟੋਲੀ ਝੋਨਾ ਲਾ ਕੇ ਬਾਹਰ ਵੱਟ'ਤੇ ਬਹਿ ਗਈ,ਸੂਰਤੀ ਆਂਹਦਾ ਇੰਨੀ ਛੇਤੀ ਤਾਂ ਬਾਬਾ ਮੰਗਾ ਵੀ ਕਾਲੇ ਇਲਮ ਨਾਲ ਝੋਨਾ ਨ੍ਹੀ ਲਾ ਸਕਦਾ,ਜਾਂਅ ਵਿੱਚਕਾਰ ਜਾ ਕੇ ਵੇਖਿਆ ਤਾਂ ਮੰਜੀ ਮੰਜੀ ਜਿੰਨੇ ਵਿਰਲੇ ਬੂਟੇ,ਕਈ ਤਾਂ ਉੱਤੇ ਹੀ ਤਰਦੇ ਫ਼ਿਰਨ,ਸੂਰਤੀ ਨੂੰ ਚੜ੍ਹਿਆ ਧੱਪ-ਅਖੇ ਧਾਡੀ ਜਾਂਹ ਕੁੜੀ ਨੂੰ।"

"ਹੱਛਾ?"

"ਉਹਨੇ ਫ਼ੇਅ ਪੈਹੇ ਨਾ ਦਿੱਤੇ-ਅਖੇ ਝੋਨਾ ਚੰਗੀ ਤਰ੍ਹਾਂ ਲਾਉਗੇ ਤਾਂ ਹੀ ਮਿਲਣੇ ਆ ਪੈਹੇ।ਫ਼ੇਅ ਲੱਗੇ ਮਾਰਨ ਲੇਰਾਂ ਅਖੇ 'ਗਰੀਬਾਂ ਦਾ ਹੱਕ ਰੱਖਿਆ' ਫ਼ੇਅ ਮੱਦਰਾਂ ਵਾਲੀ ਜੂਠ ਨੂੰ ਲਈ ਫ਼ਿਰਨ ਨਾਲ।ਉਹ ਵੀ ਮੁਵਾਤਾ ਆ ਤਕੜਾ,ਉਹ ਲੱਗਾ ਲੱਤ ਘੁੱਤ ਕਰਨ।ਸੂਰਤੀ ਨੇ ਵੀ ਪੈਸੇ ਉਦੋਂ ਦਿੱਤੇ ਜਦੋਂ ਪੂਰਾ ਖੱਤਾ ਚੰਗੀ ਤਰ੍ਹਾਂ ਲੱਗਾ,ਹੁਣ ਤੂੰ ਆਪ ਸਿਆਣਾ,ਘਾਟਾਂ ਤਾਂ ਆਪਣਿਆਂ ਵਿੱਚ ਵੀ ਨੇ,ਕਿਉਂ ਭਾਊ?"

"ਲੰਬੜਾ ਹੈ ਤਾਂ ਤੇਰੀ ਗੱਲ ਵੀਹ ਵਿਸਵੇ ਸੱਚ ਬੱਟ ਹਾਅ ਮੱਦਰਾਂ ਵਾਲੀ ਜੂਠ ਕਿਹੜੀ ਆ?"

"ਹੈਗੀ ਆ ਇਹ ਵੀ,ਸਾਲੀ ਝੜੰਮ ਕਿਤੇ ਵਿਹਲੀ ਥੋੜ੍ਹਾ ਬਹਿੰਦੀ ਆ,ਜਿਹੜਾ ਜਹਾਨੋਂ ਛੱਟਿਆ,ਉਹ ਤੁਰ ਪੈਂਦਾ ਦਲਿਤਾਂ ਦੇ ਹੱਕਾਂ ਦੀ ਗੱਲ ਕਰਨ,ਕਿਉਂ ਭਾਊ?ਇਹ ਬੰਦਾ ਮਜ਼ਦੂਰਾਂ ਕਾਮਿਆਂ ਨੂੰ ਦਲਿਤ ਤੇ ਕਮਜ਼ੋਰ ਕਹਿ ਕੇ ਉਂਗਲ਼ ਦਿੰਦਾ ਤੇ ਫ਼ਿਰ ਉਨ੍ਹਾਂ ਦੀ ਗਰੀਬੀ ਦੇ ਉੱਤੇ ਰਾਜਨੀਤੀ ਕਰਦਾ।ਸਾਲਾ ਖੋਤਿਆਂ ਦਾ।"

"ਹੱਛਿਆ? ਹੱਕਾਂ ਦੀ ਗੱਲ ਤਾਂ ਠੀਕ ਹੈ ਬੱਟ ਰਾਜਨੀਤੀ ਕਰਨੀ ਮਾੜੀ ਏ,ਇਹੋ ਜਿਹੇ ਲੋਕ ਈ ਜੱਟਾਂ ਮਜ਼ਬੀਆਂ ਚ ਪਾੜਾ ਪਾਉਂਦੇ ਆ ਕਿ।"

"ਮਜ਼ਬੀ ਵੀ ਜਦੋਂ ਕਿਸੇ ਜੱਟ ਨਾਲ ਪੇਚਾ ਪੈਂਦਾ ਇਸੇ ਕੋਲ ਈ ਜਾਂਦੇ ਆ ਭੈਣੀ ਜੌਣ ਤੇ ਉਹ ਫ਼ੇਅ



ਦੱਬੇ ਕੁਚਲੇ ਹੋਣ ਦੀ ਦੁਹਾਈ ਦੇ ਕੇ ਜੱਟਾਂ ਤੋਂ ਰੋਟੀ ਪਾਣੀ ਜੋਗਾ ਦਿਵਾ ਦਿੰਦਾ ਇਨ੍ਹਾਂ ਨੂੰ ਤੇ ਜਦੋਂ ਠਾਣੇ ਸਾਹਮਣੇ ਧਰਨੇ ਦੇਣ ਦੀ ਧਮਕੀ ਦਿੰਦਾ ਤਾਂ ਕੰਮ ਕਾਰ ਵਾਲੇ ਜੱਟ ਜਰਕ ਜਾਂਦੇ ਆ ਤੇ ਰਾਜੀਨਾਵਾਂ ਕਰਨ ਲਈ ਤਿਆਰ ਹੋ ਜਾਂਦੇ ਆ।ਨਾਲੇ ਜਦੋਂ ਜੱਟ ਦੀਆਂ ਘੀਸੀਆਂ ਹੁੰਦੀਆਂ,ਇਹਨੂੰ ਬੜੀ ਠੰਢ ਪੈਂਦੀ ਆ,ਸਾਲ਼ੇ ਭੈਣ ਗੜੱਕ ਨੂੰ। ਕਿਉਂ ਭਾਊ?"

"ਓ ਤਾਂ ਠੀਕ ਹੈ ਬੱਟ ਮਜ਼ਬੀ ਵੀ ਤਾਂ ਕਿੰਨਾ ਚਿਰ ਜੱਟਾਂ ਨੇ ਰੋਲ਼ ਛੱਡੇ ਆ,ਅਜੇ ਤੱਕ ਜੱਟ ਬੰਦਿਆਂ ਦੇ ਰੋਟੀ ਵਾਲੇ ਭਾਂਡੇ ਵੱਖਰੇ ਰੱਖਦੇ ਨੇ ਡੰਗਰਾਂ ਵਾਲੇ ਕਮਰਿਆਂ ਵਿੱਚ।ਨਲਕੇ ਤੋਂ ਓਕ ਨਾਲ ਸਿੱਧਾ ਪਾਣੀ ਨਹੀਂ ਪੀਣ ਦਿੰਦੇ।ਉਂਝ ਭਾਵੇਂ ਇਨ੍ਹਾਂ ਦੀਆਂ ਬੁੱਢੀਆਂ ਢਾਰਿਆਂ'ਚ ਖੇਹ ਝੜੰਮ ਨਾਲ ਈ ਖਾਂਦੀਆਂ ਨੇ।" ਫ਼ੌਜੀ ਨਾ ਚਾਹੁੰਦਿਆਂ ਕਹਿ ਗਿਆ।

"ਕਈ ਪਿੰਡਾਂ ਵਿੱਚ ਮਜ਼ਬੀ,ਜੱਟਾਂ ਦੇ ਗੁਰਦੁਆਰੇ ਨਹੀਂ ਜਾ ਸਕਦੇ ਤੇ ਉਥੇ ਮੜ੍ਹੀਆਂ ਵੀ ਮਜ਼ਬੀਆਂ ਦੀਆਂ ਵੱਖਰੀਆਂ।ਜਿਉਂਦੇ ਜੀਅ ਤਾਂ ਚਲੋ ਮੰਨਿਆ ਬੱਟ ਮਰਨ ਤੋਂ ਬਾਦ ਤਾਂ ਜਾਤਾਂ ਦਾ ਪਾੜਾ ਨਾ ਪਾਓ।"

"ਆਮ ਬੰਦਿਆਂ ਨੇ ਤਾਂ ਜਾਤ ਪਾਤ ਦੀਆਂ ਵੰਡੀਆਂ ਪਾਉਣੀਆਂ ਈ ਨੇ,ਸਾਧ ਸੰਤ ਵੀ ਵੰਡੀਆਂ ਪਾਉਂਦੇ ਈ।ਝਾੜ ਸਾਹਬੀਏ ਬਾਬੇ ਨੂੰ ਇੱਕ ਵਾਰ ਭੂਰਿਆਂ ਵਾਲੇ ਨਿੰਦੀ ਸਾਂਸੀ ਨੇ ਦਹਾਂ ਦਾ ਨੋਟ ਮੱਥਾ ਟੇਕ'ਤਾ,ਫ਼ਿਰ ਰਗੜਾ ਛਕਣ ਲਈ ਬਾਟਾ ਫ਼ੜ ਲਿਆ।ਬਾਬਾ ਆਂਹਦਾ 'ਸਿੱਖਾ ਭਾਂਡਾ ਘਰੋਂ ਲਿਆ ਆਪਣੇ।'ਨਿੰਦੀ ਵੇਰ੍ਹ ਗਿਆ ਅਖੇ 'ਬਾਬਾ ਮੈਂ ਤਾਂ ਇਸੇ ਵਿੱਚ ਈ ਪੀਣੀ ਆ ਸ਼ਰਦਾਈ'ਬਾਬੇ ਕਿਹਾ 'ਨਹੀਂ ਤੂੰ ਭਾਂਡਾ ਸਾਡਾ ਭਿੱਟ ਦੇਂਗਾ'ਨਿੰਦੀ ਨੇ ਭਾਂਡਾ ਵਗਾਹ ਕੇ ਸਾਧ ਦੇ ਪੈਰਾਂ'ਚ ਸੁੱਟਿਆ ਤੇ ਬਾਬੇ ਅੱਗੋਂ ਆਪਣਾ ਦਹਾਂ ਦਾ ਨੋਟ ਚੁੱਕ ਲਿਆ-'ਜੇ ਮੈਂ ਭਾਂਡਾ ਭਿੱਟ ਦੂੰਗਾ ਤਾਂ ਫ਼ਿਰ ਮੇਰਾ ਦਹਾਂ ਦਾ ਨੋਟ ਵੀ ਤੈਨੂੰ ਭਿੱਟ ਦੂਗਾ।' ਆਹ ਤੇ ਸਾਧ ਈ ਸਾਡੇ।"

"ਤੇ ਐਹੋ ਜਿਹੇ ਵੀ ਸਾਧ ਹੈਗੇ ਆ ਜਿਹੜੇ ਅੰਮ੍ਰਿਤ ਵੀ ਮਜਬੀਆਂ ਨੂੰ ਵੱਖਰਾ ਛਕਾਉਂਦੇ ਆ। ,ਜਿਹੜੇ ਗੁਰੂ ਗੋਬਿੰਦ ਸਿਹੁੰ ਨੂੰ ਵੀ ਸ਼ਰਮਿੰਦਿਆਂ ਕਰਨ'ਤੇ ਤੁਲੇ ਆ।ਜੱਟਾਂ ਨੂੰ ਅੰਮ੍ਰਿਤ ਛਕਾ ਕੇ ਕਹਿਣਗੇ ਹੁਣ ਚੌਥੇ ਪੌੜੇ ਵਾਲੇ ਵੱਖਰੀ ਲਾਈਨ ਬਣਾਓ ਅੰਮ੍ਰਿਤ ਛਕਣ ਲਈ।ਬੱਲੇ ਓਇ ਸੰਤ ਜਨੋਂ।"

"ਇਹ ਜਾਤ ਪਾਤ ਨਹੀਂ ਖਤਮ ਹੋ ਸਕਦੀ ਦੁਨੀਆਂ ਤੋਂ ਜੋ ਮਰਜ਼ੀ ਕਰ ਲਓ।" ਹਾਰੇ ਜਿਹੇ ਮਨ ਨਾਲ ਫ਼ੌਜੀ ਨੇ ਕਿਹਾ।

ਪੁਲਿਸ ਚੌਂਕੀ ਵਿੱਚ ਬੱਸ ਖੜ੍ਹੀ ਕਰਕੇ ਫ਼ੌਜੀ ਵਾਹਿਗੁਰੂ ਦਾ ਨਾਮ ਲਿਆ ਤੇ ਸੁੱਖ ਸੁੱਖਾਂ ਨਾਲ ਜਿਉਂਦਾ ਜਾਗਦਾ ਘਰ ਪਰਤਣ'ਤੇ ਸ਼ੁਕਰਾਨਾ ਕੀਤਾ।

ਬੇਸ਼ੱਕ ਅਜੇ ਸੂਰਜ ਅਸਤ ਨਹੀਂ ਸੀ ਹੋਇਆ,ਪਰ ਗੁਬਾਰ ਜਿਹਾ ਚੜ੍ਹਿਆ ਹੋਣ ਕਰਕੇ ਲੋਅ ਧੀਮੀ ਸੀ।ਪਰ੍ਹੇ ਡੇਰੇ ਤੋਂ ਰਹਿਰਾਸ ਸਾਹਿਬ ਦੇ ਪਾਠ ਦੀ ਆਵਾਜ਼ ਆਉਣੀ ਬੰਦ ਹੋ ਗਈ ਸੀ।

"ਸੰਤਾਂ ਨਾਲ ਵੈਰ ਕਮਾਂਵਦੇ ਦੁਸ਼ਟਾਂ ਨਾਲ ਮੋਹ ਪਿਆਰ।ਲੜ ਜਾਏ ਸੱਪ ਖੜੱਪਾ ਇੰਦਰਾ ਨੂੰ। ਸੰਤਾਂ ਨਾਲ ਵੈਰ ਕਮਾਇਆ ਜੀਹਨੇ । ਜਾ ਢਾਹਿਆ ਸਿੰਘਾਂ ਨੇ,ਹਰਿਮੰਦਰ ਢਾਹਿਆ ਜੀਹਨੇ" ਛਾਉਣੀ ਚ ਰਹਿੰਦਾ ਬਾਬਾ ਨੰਦ ਸਪੀਕਰ ਲਾ ਕੇ ਜਦੋਂ ਮਰਜ਼ੀ ਗਾਉਣ ਲੱਗ ਪੈਂਦਾ।ਉਸਦੇ ਸ਼ਬਦ ਗਾਉਣ ਦਾ ਤਰੀਕਾ ਹੀ ਇਹੋ ਜਿਹਾ ਸੀ ਕਿ ਸੁਣਨ ਵਾਲੇ ਨੂੰ ਇਹ ਗਾਹਲ਼ਾਂ ਤੋਂ ਘੱਟ ਨਾ ਲੱਗਦਾ।ਉਸਦੇ ਸ਼ਬਦ ਦਾ ਕੋਈ ਮੂੰਹ ਸਿਰ ਨਾ ਹੁੰਦਾ ਪਰ ਇਹ ਤਾਂ ਉਸਦਾ ਦਿਲ ਹੀ ਜਾਣਦਾ ਕਿ ਉਸਨੂੰ ਇੰਞ ਕਿੰਨੀ ਠੰਢ ਪੈਂਦੀ।ਬਾਬੇ ਨੰਦ ਨੂੰ ਸਾਰੇ 'ਹਿੱਲਿਆ' ਕਹਿੰਦੇ।ਪੰਥ ਨੂੰ ਬਚਾਉਣ ਲਈ ਨਿਕਲੇ ਸਿੰਘ ਉਹਦੇ ਕੋਲ ਠਹਿਰਦੇ ਤੇ ਉਹ ਉਨ੍ਹਾਂ ਦੀ ਪੂਰੀ ਟਹਿਲ ਸੇਵਾ ਕਰਦਾ।ਇਸੇ ਗੱਲ ਦੀ ਭਿਣਕ ਪੈਂਦਿਆਂ ਹੀ ਪੁਲਿਸ ਨੇ ਉਸ ਨੂੰ ਚੁੱਕ ਲਿਆ ਤੇ ਉਸਨੂੰ ਮੰਜੀ ਨਾਲ ਬੰਨ੍ਹ ਕੇ ਛੱਲੀਆਂ ਵਾਂਗ ਕੁੱਟਿਆ ਪਰ ਉਸ ਨੇ ਕਿਸੇ ਸਿੰਘ ਦਾ ਨਾਮ ਨਾ ਲਿਆ।ਫ਼ਿਰ ਜਦੋਂ ਉਹ ਨਾ ਬਕਿਆ ਤਾਂ ਪੁਲਿਸ ਨੇ ਟਰੈਕਟਰ ਨਾਲ ਵਾਲਾਂ ਤੋਂ ਬੰਨ੍ਹ ਕੇ ਧੂਹਿਆ।ਵਾਲ ਜੜ੍ਹਾਂ ਤੋਂ ਉੱਖੜ ਗਏ

ਤੇ ਖੋਪੜੀ ਵਿੱਚੋਂ ਲਹੂ ਵਹਿ ਤੁਰਿਆ।ਫ਼ਿਰ ਅਧਮੋਇਆ ਕਰਕੇ ਤਤਲਿਆਂ ਵਾਲੀ ਰੋਹੀ ਦੇ ਕੰਢੇ ਸੁੱਟ ਗਏ।ਖਉ ਪੀਏ ਕੋਈ ਵਾਗੀ ਜਦੋਂ ਵੱਗ ਲੈ ਕੇ ਪਰਤਣ ਲੱਗਾ ਤਾਂ ਉਸਨੇ ਉਸਦੇ ਸਾਹ ਚੱਲਦੇ ਵੇਖੇ।ਆਪਣੇ ਠਿੱਬੇ ਜਿਹੇ ਠੂਠੇ ਵਿੱਚ ਪਿਆ ਪਾਣੀ ਉਸਦੇ ਮੂੰਹ ਵਿੱਚ ਪਾਇਆ।ਸਾਹ ਮੁੜੇ ਤੇ ਫ਼ਿਰ ਬਾਬਾ ਨੰਦ ਮੁੜ ਪਿਆ, ਸੁਰਤ ਸਿਰ ਹੋ ਕੇ ਉਹ ਘਰ ਜਾਣ ਦੀ ਬਜਾਇ ਨਿਹੰਗਾਂ ਦੀ ਛਾਉਣੀ ਆ ਗਿਆ ਤੇ ਨਾਲੇ ਘਰ ਹੁਣ ਉਸਦਾ ਕੀ ਸੀ।ਖ਼ਾਲੀ ਖੋਲ਼ਾ ਹੀ ਤਾਂ ਰਹਿ ਗਿਆ ਸੀ।ਬਾਬਿਆਂ ਉਸਦੀ ਚੰਗੀ ਟਹਿਲ ਕੀਤੀ ਤੇ ਉਸਨੂੰ ਸੁਰਤ ਆ ਗਈ,ਉਹ ਡੇਰੇ ਵਿੱਚ ਪੱਕਾ ਰਹਿਣ ਲੱਗਾ।ਬਾਬੇ ਉਸਨੂੰ ਗਾਂਵਾਂ ਦਾ ਵੱਗ ਦੇ ਕੇ ਤੋਰ ਛੱਡਦੇ ਤੇ ਉਸਨੂੰ ਪਰਸ਼ਾਦਾ ਮਿਲਦਾ ਜਾਂਦਾ।ਹੌਲ਼ੀ ਹੌਲ਼ੀ ਭਗਤੀ ਵੱਲ ਧਿਆਨ ਦੇਣ ਲੱਗਾ।ਜਾਨ ਬਖ਼ਸ਼ੀ ਹੋਣ ਕਰਕੇ ਉਹ ਸਤਿਗੁਰਾਂ ਦਾ ਸ਼ੁਕਰਾਨਾ ਕਰਦਾ ਨਹੀਂ ਸੀ ਥੱਕਦਾ।ਉਹ ਵਾਰ ਵਾਰ ਯਾਦ ਕਰਨ ਦੀ ਕੋਸ਼ਿਸ਼ ਕਰਦਾ ਕਿ ਕੌਣ ਸੀ ਜਿਸਨੇ ਉਸਨੂੰ ਠਿੱਬੇ ਭਾਂਡੇ ਵਿੱਚ ਪਾਣੀ ਦੀ ਘੁੱਟ ਪਿਆਈ ਸੀ ਤੇ ਉਸ ਵਾਸਤੇ ਰੱਬ ਆਪ ਰੂਪ ਧਾਰ ਕੇ ਆਇਆ ਸੀ ਪਰ ਕਿਸੇ ਵੇਖਿਆ ਜਾਂ ਸੁਣਿਆ ਹੋਵੇ ਤਾਂ ਪਤਾ ਲੱਗਦਾ।ਉਸ ਰਾਤ ਤਾਂ ਉਹ ਡਿੱਗਦਾ ਢਹਿੰਦਾ ਡੇਰੇ ਪਹੁੰਚਿਆ ਸੀ ਤੇ ਅੱਗੋਂ ਬਾਬਿਆਂ ਦੇ ਵਾਗੀ ਨੇ ਉਸਨੂੰ ਵੇਖ ਲਿਆ ਤੇ ਸਾਂਭ ਲਿਆ।ਪਰ ਜਦੋਂ ਵੀ ਬਾਬਾ ਨੰਦ ਕਿਤੇ ਇਸ ਘਟਨਾ ਦਾ ਚੇਤਾ ਕਰਦਾ ਤਾਂ ਉਹ ਧੁਰ ਅੰਦਰ ਤੱਕ ਕੰਬ ਜਾਂਦਾ।ਉਹ ਕਈ ਵਾਰ ਰਾਤ ਨੂੰ ਉੱਠ ਕੇ ਬਹਿ ਜਾਂਦਾ।ਸਾਰਾ ਸਰੀਰ ਤ੍ਰੇਲ਼ੀਆਂ ਨਾਲ ਠੰਢਾ ਹੋ ਜਾਂਦਾ।ਉਹ ਜਦੋਂ ਦਿਮਾਗ਼ ਉੱਤੇ ਜ਼ੋਰ ਪਾ ਕੇ ਚੇਤਾ ਕਰਨ ਦਾ ਯਤਨ ਕਰਦਾ ਇੱਕ ਅਜੀਬ ਜਿਹੀ ਕੰਬਣੀ ਉਸਨੂੰ ਛਿੜਦੀ ਤੇ ਫ਼ਿਰ ਕਮਜ਼ੋਰੀ ਮਹਿਸੂਸ ਕਰਨ ਲੱਗਦਾ।ਇੰਨੀ ਕਮਜ਼ੋਰੀ ਕਿ ਕਿਸੇ ਨੂੰ ਪਾਣੀ ਲਈ ਆਵਾਜ਼ ਵੀ ਨਾ ਮਾਰ ਸਕਦਾ।ਉਸਨੂੰ ਇੰਝ ਲੱਗਦਾ ਜਿਵੇਂ ਉਸ ਉੱਤੋਂ ਕੋਈ ਉੱਗੂ ਲੰਘ ਗਿਆ ਹੋਵੇ।

"ਓ ਤੁਹੀਂ ਸ਼ੁਕਰ ਨ੍ਹੀਂ ਕਰਦੇ ਭੀ ਤੁਹਾਨੂੰ ਕੁਝ ਨ੍ਹੀਂ ਕਿਹਾ ਸਰਕਾਰ ਨੇ,ਹੈਂ? ਗੱਲ ਕਰਦਾਅਅਅ, ਤੁਸੀ ਬੰਦਾ ਲੱਭਣ ਤੁਰੇ ਆਉਂਦੇ ਓ ਮੂੰਹ ਚੁੱਕੀ, ਸਿਆਣੇ ਬਿਆਣੇ ਬੰਦੇ ਓ ਤੁਹੀਂ,ਹੈਂ?" ਉਸਨੂੰ ਚੁੱਕਣ ਤੋਂ ਕੁਝ ਦਿਨਾਂ ਬਾਦ ਜਦੋਂ ਪੰਚਾਇਤ ਨੇ ਝਬਾਲ਼ ਠਾਣਿਉਂ ਪਤਾ ਕੀਤਾ ਤਾਂ ਪੁਲਿਸ ਵਾਲਿਆਂ ਸਾਫ਼ ਕਹਿ ਦਿੱਤਾ।

"ਪਰ ਜਨਾਬ ਉਹ ਬੰਦਾ ਤਾਂ ਸਾਊ।"

"ਤੂੰ ਨਾਲ ਰਿਹਾਂ ਇਹਦਾ ਮਤਬਲ ਉਹਦੇ,ਹੈਂ? ਗੱਲ ਕਰਦਾਅਅਅ,ਵੇਖਣ ਨੂੰ ਤਾਂ ਤੂੰ ਵੀ ਬੜਾ ਸਾਊ ਲੱਗਦੈਂ,ਤੇਰੀ ਵੀ ਨਾ ਇੰਟੈਰੋਗੇਸ਼ਨ ਕਰਾਈਏ?ਘੱਲੀਏ ਮਾਲ ਮੰਡੀ,ਹੈਂ?ਸਿਆਣੇ ਬਿਆਣੇ ਬੰਦੇ ਓ ਤੁਹੀਂ,ਹੈਂ?"ਠਾਣੇਦਾਰ ਨੇ ਲੰਬੜਦਾਰ ਨੂੰ ਕੈਰੀ ਤੇ ਗੁੱਝੀ ਨਿਗਾਹ ਨਾਲ ਵੇਖਦਿਆਂ ਕਿਹਾ?

"ਨਹੀਂ ਜਨਾਬ ।"

"ਤੇ ਫ਼ੇਅ ਤੈਨੂੰ ਕਿੱਦਾਂ ਪਤਾ ਉਹ ਸਾਊ ਏ ਜਾਂ ਬਦਮਾਸ਼,ਹੈਂ?ਆ ਗਿਐਂ ਪੱਗੜ ਜਿਹਾ ਵਲ੍ਹੇਟ ਕੇ,ਹੈਂ?"

"ਪਰ।"

"ਓਇ ਭਾਊ ਇਹ ਤਾਂ ਪਤਾ ਨਾ ਸਭ ਨੂੰ ਭੀ ਉਹਦੇ ਘਰ ਅੱਤਵਾਦੀ ਅਉਂਦੇ ਹੀ ਕਿ ਨਹੀਂ।ਹੈਂ?ਕਿਉਂ ਭਾਊ?ਗੱਲ ਕਰਦਾਅਅਅ"

'ਪਰ ਉਹ ਤਾਂ ਜੀ ਸਭ ਦੇ ਘਰ ਈ ਆਉਂਦੇ ।'ਲੰਬੜਦਾਰ ਨੇ ਫ਼ਿਰ ਤ੍ਰਹਿੰਦਿਆਂ ਤ੍ਰਹਿੰਦਿਆਂ ਕਿਹਾ।

'ਹੱਛਾਅਅਅ? ਆਹ ਤੇ ਗੱਲ ਬਣ ਗਈ ਭਈ,ਹੈਂ?' ਉਹ ਕੁਰਸੀ ਤੋਂ ਜਿਵੇਂ ਭੁੜਕ ਹੀ ਪਿਆ ਸੀ, 'ਪਾ ਬਈ ਪਹਿਲਾਂ ਇਹਨੂੰ ਲੰਮਿਆਂ,ਗੱਲ ਕਰਦਾਅਅਅ?ਸਾਨੂੰ'ਤੇ ਪਤਾ ਈ ਨਹੀਂ ਸੀ ਭੀ ਤੇਰੇ ਵੱਲ ਵੀ ਆਉਂਦੇ ਆ ਅੱਤਵਾਦੀ। ਸਿਆਣੇ ਬਿਆਣੇ ਬੰਦੇ ਓ ਤੁਹੀਂ,ਹੈਂ?"ਠਾਣੇਦਾਰ ਸਿੱਧਾ ਹੋ ਗਿਆ।

ਮੋਹਤਬਰਾਂ ਨੇ ਲੰਬੜਦਾਰ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ।

'ਇਹ ਸਾਲ਼ੇ ਛੁਹਾਰਾ ਲਾਉਣ ਆਏ ਈ ਮੈਨੂੰ।ਹੈਂ? ਗੱਲ ਕਰਦਾਅਅਅ, ਸਿਆਣੇ ਬਿਆਣੇ ਬੰਦੇ ਓ ਤੁਹੀਂ,ਹੈਂ?"ਉਸ ਵੱਖੀ ਨਾਲ ਲਮਕਦਾ ਪਿਸਤੌਲ ਕੱਢ ਕੇ ਮੇਜ਼ ਉੱਤੇ ਰੱਖ ਦਿੱਤਾ ਤੇ ਸਿਰ ਪਿੱਛੇ ਹੱਥਾਂ ਦੀ



ਕਰਿੰਗੜੀ ਪਾ ਕੇ ਕੁਰਸੀ ਨੂੰ ਪਿਛਲੇ ਪੈਰਾਂ'ਤੇ ਕਰਕੇ ਝੂਟਣ ਲੱਗਾ।ਪਰ੍ਹੇ ਪਿੱਪਲ ਥੱਲੇ ਖੜੋ ਕੇ ਘੁਸਰ ਮੁਸਰ ਕਰਨ ਤੋਂ ਬਾਦ ਪੰਚਾਇਤ ਮੂੰਹ ਲਮਕਾਅ ਕੇ ਘਰ ਨੂੰ ਆ ਗਈ।

***ਕਾਂਡ ਦੂਜਾ***

ਰੋਜ਼ ਵਾਂਗ ਅੱਜ ਫ਼ਿਰ ਦਿਨ ਚੜ੍ਹਦਿਆਂ ਹੀ ਇੰਨੀ ਸੰਘਣੀ ਧੁੰਦ ਪਈ ਸੀ ਕਿ ਹੱਥ ਨੂੰ ਹੱਥ ਨਹੀਂ ਸੀ ਦਿੱਸਦਾ।ਉਂਝ ਤਾਂ ਰਾਤੀਂ ਹੀ ਧੁੰਦ ਦੇ ਗਲ਼ੇਫ਼ਿਆਂ ਨੇ ਕਣਕ ਦੇ ਨਰਮ ਬੂਟਿਆਂ ਨੂੰ ਨੱਪਣਾ ਸ਼ੁਰੂ ਕਰ ਦਿੱਤਾ ਸੀ।ਕਣਕ ਨੂੰ ਪਾਣੀ ਲਾਉਂਦਿਆਂ ਕਸ਼ਮੀਰਾ ਰਾਤੀਂ ਠਰ ਗਿਆ ਸੀ ਪਰ ਬੱਤੀ ਦੀ ਵਾਰੀ ਰਾਤ ਨੂੰ ਹੋਣ ਕਰਕੇ ਉਸਨੂੰ ਰਾਤ ਹੀ ਜਾਗਣਾ ਪੈਣਾ ਸੀ।ਉਦੋਂ ਤਾਂ ਨਿੱਘੇ ਪਾਣੀ ਵਿੱਚ ਪੈਰ ਰੱਖਿਆਂ ਉਸਨੂੰ ਮਹਿਸੂਸ ਨਾ ਹੋਇਆ ਪਰ ਅੱਧੀ ਕੁ ਰਾਤ ਨੂੰ ਉਸਨੂੰ ਕਾਂਬਾ ਜਿਹਾ ਛਿੜ ਗਿਆ ਤਾਂ ਸ਼ੱਕ ਹੋਇਆ ਕਿ ਉਸਨੂੰ ਸੀਤ ਚੜ੍ਹ ਗਈ ਹੈ।ਉਸਦਾ ਜੀਅ ਕੀਤਾ ਕਿ ਉਹ ਬਣਸੀ ਨੂੰ ਆਖੇ ਕਿ ਵਾਹਵਾ ਸਾਰੀ ਸੁੰਢ ਪਾ ਕੇ ਤੱਤੀ ਤੱਤੀ ਚਾਹ ਪਿਆ ਦੇਵੇ ਪਰ ਉਸਨੂੰ ਥੱਕੀ ਨੂੰ ਉਠਾਉਣ ਦਾ ਹੀਆ ਨਾ ਪਿਆ।ਉਂਝ ਵੀ ਉਸ ਕਿਹੜਾ ਪਹਿਲੀ ਵਾਰ ਆਖਿਆਂ ਹੀ ਚਾਹ ਬਣਾ ਦੇਣੀ ਹੁੰਦੀ ਹੈ।ਸੌ ਕੀੜੇ ਪਾਉਂਦੀ ਆ ਜਦੋਂ ਕੋਈ ਸ਼ੈਅ ਮੰਗ ਲਵੋ।ਉਹ ਚੁੱਪਚਾਪ ਪਿਆ ਹੂੰਗਦਾ ਰਿਹਾ ਤੇ ਫ਼ਿਰ ਆਪਣੀ ਨੀਂਦੇ ਸੌਂ ਗਿਆ।

ਨੌਵੇਂ ਦਿਨ ਫ਼ਿਰ ਅੰਨ੍ਹਾ ਜਿਹਾ ਦਿਨ ਚੜ੍ਹਿਆ ਸੀ।ਸੂਰਜ ਦੀ ਮਰੀਅਲ ਜਿਹੀ ਟਿੱਕੀ ਕੇਵਲ ਇੰਨਾ ਕੁ ਜਤਾ ਰਹੀ ਸੀ ਕਿ ਅੱਜ ਸੂਰਜ ਚੜ੍ਹਿਆ ਜ਼ਰੂਰ ਹੈ ਪਰ ਸੰਘਣੀ ਧੁੰਦ ਦੇ ਅੱਗੇ ਅੱਜ ਵੀ ਉਸਦੀ ਪੇਸ਼ ਨਹੀਂ ਸੀ ਗਈ।ਪਿਛਲੇ ਕਿੰਨੇ ਦਿਨਾਂ ਤੋਂ ਮੌਸਮ ਦਾ ਹਾਲ ਕੁਝ ਇਹੋ ਜਿਹਾ ਹੀ ਸੀ।ਦਿਨ ਲੱਗਿਆਂ ਨੂੰ ਕਿੰਨੇ ਹੀ ਦਿਨ ਹੋ ਗਏ ਸਨ।ਲੋਕ ਖ਼ੁਦ ਨੂੰ ਸਲ੍ਹਾਬਿਆ ਸਲ੍ਹਾਬਿਆ ਜਿਹਾ ਮਹਿਸੂਸ ਕਰ ਰਹੇ ਸਨ।ਇੱਕ ਤਾਂ ਕੰਮ ਕਾਰ ਕੋਈ ਨਾ ਹੋਣ ਕਰਕੇ ਸਰੀਰ ਵਿੱਚ ਵੀ ਉੰਨੀ ਚੁਸਤੀ ਨਹੀਂ ਸੀ ਰਹੀ ਤੇ ਦੂਜਾ ਠੰਢ ਵੀ ਕਹਿੰਦੀ ਸੀ ਕਿ ਤੇਰਾ ਦੇਣਾ ਕੀ ਆ ਜੇ ਧੁੱਪ ਲੱਗਣ ਦਿੱਤੀ ਤਾਂ।ਹੱਡ ਪੈਰ ਜਿਵੇਂ ਜੁੜੇ ਜਿਹੇ ਗਏ ਸਨ।ਬੁੱਢਿਆਂ ਦਾ ਬੁਰਾ ਹਾਲ ਸੀ।ਗੋਡਿਆਂ ਤੇ ਗਿੱਟਿਆਂ ਦੀਆਂ ਪੀੜਾਂ ਨਾਲ ਉਹ ਬਾਹਰ ਅੰਦਰ ਜਾਣ ਤੋਂ ਵੀ ਆਤੁਰ ਹੋਏ ਪਏ ਸਨ।ਪਰ ਫ਼ਿਰ ਵੀ ਨਾ ਸਰਦੇ ਨੂੰ ਹੱਡ ਇਕੱਠੇ ਕਰਕੇ ਰੋਹੀ ਨੂੰ ਹੋ ਤੁਰਦੇ।ਗਿੱਲੇ ਕੱਪੜੇ ਸੁੱਕ ਨਹੀਂ ਸਨ ਰਹੇ ਤੇ ਜਿਹੜੇ ਸੁੱਕੇ ਸਨ ਉਹ ਠੰਢੇ ਇੰਨੇ ਕਿ ਜਿਵੇਂ ਗਿੱਲੇ ਹੋਣ।ਸਵਾਣੀਆਂ ਇਸ ਗੱਲੋਂ ਦੁਖੀ ਸਨ ਕਿ ਪਥਕਣਾਂ ਵਿੱਚ ਪਈਆਂ ਗਿੱਲੀਆਂ ਪਾਥੀਆਂ ਨਾ ਤਾਂ ਉਹ ਸੁਕਾ ਕੇ ਗੁਹਰੇ ਲਾਉਣ ਜੋਗੀਆਂ ਸਨ ਤੇ ਨਾ ਵੇਚਣ ਜੋਗੀਆਂ।ਉੱਤੋਂ ਢਾਰਿਆਂ ਵਿੱਚ ਡੰਗਰਾਂ ਨੇ ਖੁਰਗੜ੍ਹ ਮਚਾਈ ਹੋਈ ਸੀ।ਇਹੋ ਜਿਹੇ ਦਿਨਾਂ ਵਿੱਚ ਤਾਂ ਗੋਹਾ ਸੁੱਟਣ ਵਾਲੀ ਚਾਚੀ ਭਜਨੋ ਵੀ ਜਵਾਬ ਦੇ ਜਾਂਦੀ ਸੀ।ਅਖੇ 'ਦਾਣੇ ਥੋੜ੍ਹੇ ਆ ਸਰਦਾਰਨੀਏ' ਪਰਾਲ਼ੀ ਖਾ ਖਾ ਕੇ ਡੰਗਰਾਂ ਦਾ ਗੋਹਾ ਪਤਲਾ ਤੇ ਪੇਸ਼ਾਬ ਜ਼ਿਆਦਾ ਕਰਦੇ ਹੋਣ ਕਰਕੇ ਪਥਕਣਾਂ ਵਿੱਚ ਗਿੱਲੇ ਗੋਹੇ ਦੇ ਢੇਰ ਲੱਗ ਗਏ ਸਨ।ਸੁੱਕ ਪਾ ਕੇ ਭੋਰਾ ਥਾਂ ਸੁਕਾਉਂਦੇ ਪਰ ਫ਼ਿਰ ਵੀ ਸਵੇਰੇ ਮੋਕ ਤੇ ਪਿਸ਼ਾਬ ਨਾਲ ਡੰਗਰ ਲੇਬੂੰ ਪੇਬੂੰ ਹੋਏ ਹੁੰਦੇ।ਦੋ ਕੁ ਬਾਲਟੀਆਂ ਪਾਣੀ ਦੀਆਂ ਥਣਾਂ ਉੱਤੇ ਸੁੱਟ ਕੇ ਫ਼ਿਰ ਕਿਤੇ ਧਾਰਾਂ ਕੱਢੀਦੀਆਂ।ਇਹੋ ਜਿਹੇ ਕੱਚ ਵਲ੍ਹਿੱਚੇ ਮੌਸਮ ਵਿੱਚ ਤਾਂ ਬੰਦਾ ਪਾਣੀ ਵਿੱਚ ਹੱਥ ਪਾਉਣੋਂ ਨੌਂ ਨੌਂ ਕੋਹ ਡਰਦਾ ਤੇ ਫ਼ੇਰ ਡੰਗਰਾਂ ਨੂੰ ਨਹਾਉਣ ਦਾ ਤਾਂ ਮਤਲਬ ਹੀ ਕੋਈ ਨਹੀਂ,ਉਹ ਵੀ ਇਹੋ ਜਿਹੇ ਵਿੱਚ ਜਦੋਂ ਆਖਰਾਂ ਦਾ ਕੱਕਰ ਪੈ ਰਿਹਾ ਹੋਵੇ।

ਅਮਲੀ ਵਿਚਾਰਿਆਂ ਨਾਲ ਤਾਂ ਜੱਗੋਂ ਤੇਰ੍ਹਵੀਂ ਹੋ ਰਹੀ ਸੀ।ਜਿੱਦਣ ਦਾ ਸ਼ਿੰਗਾਰਾ ਮੁੱਕਾ ਸੀ,ਪਿੰਡ ਦੇ ਅਮਲੀਆਂ ਨੂੰ ਵਿਗੋਚਾ ਆ ਗਿਆ ਤੇ ਸਰੀਰ ਵੀ ਰੁਕ ਸਿਰ ਨਹੀਂ ਹੋ ਰਹੇ।ਉਸਦੇ ਮੁੰਡੇ ਨੇ ਉਸਦੀ ਥਾਂ ਲੋਕਾਂ ਨੂੰ ਮਾਲ ਲਿਆ ਕੇ ਦੇਣਾ ਸ਼ੁਰੂ ਕਰ ਤਾਂ ਦਿੱਤਾ ਸੀ ਪਰ ਉਹਦੀ ਨੀਤ ਮਾੜੀ ਹੋ ਗਈ ਤੇ ਉਹ ਅਫ਼ੀਮ ਵਿੱਚ ਰਸਾਂ ਦਾ ਚੂਰਾ ਮਿਲਾਉਣ ਲੱਗ ਪਿਆ ਸੀ ਜਿਸ ਕਰਕੇ ਸ਼ਿੰਗਾਰੇ ਵਾਲੇ ਗੈਟ੍ਹੇ ਨਹੀਂ ਸੀ ਬੱਝਦੇ।ਮਾਲ ਮੱਤਾ ਤਾਂ ਓਦਣ ਦਾ ਹੀ ਖਤਮ ਹੋ ਗਿਆ ਸੀ ਜਿੱਦਣ ਦਾ ਸ਼ਿੰਗਾਰੇ ਬਲੈਕੀਏ ਨੂੰ ਬੁੱਲ੍ਹਾ ਵੱਜਾ ਸੀ।ਉਸਤੋਂ ਭਿੱਖੀਵਿੰਡ ਅਫ਼ੀਮ ਲੈਣ ਨਹੀਂ ਸੀ ਜਾਇਆ ਜਾਂਦਾ।ਮੁੰਡੇ ਉਹਦੇ ਨੇ ਗੋਲੇ ਕਬੂਤਰ ਰਿੰਨ੍ਹ ਕੇ ਵੀ ਖੁਆਏ

ਤਾਂ ਵੀ ਕੋਈ ਫ਼ਰਕ ਨਾ ਪਿਆ। ਮੂੰਹ ਸਾਰਾ ਇੱਕ ਪਾਸੇ ਨੂੰ ਵਿੰਗਾ ਹੋ ਜਾਣ ਕਰਕੇ ਉਸਦੀ ਗੱਲ ਦੀ ਸਮਝ ਨਹੀਂ ਸੀ ਆਉਂਦੀ। ਮੰਜੇ ਉੱਤੇ ਹੀ ਹੱਗੀ ਮੂਤੀ ਜਾਂਦਾ ਸੀ। ਸ਼ਿੰਗਾਰਾ ਜਦੋਂ ਜ਼ਿਆਦਾ ਈ ਤੰਗ ਹੋ ਗਿਆ ਤਾਂ ਘਰ ਵਾਲਿਆਂ ਬਾਬੇ ਨੂੰ ਸੱਦ ਕੇ ਸੁਖਮਨੀ ਸਾਹਿਬ ਦਾ ਪਾਠ ਕਰਵਾ ਕੇ ਉਸਦੇ ਪ੍ਰਾਣ ਕਢਵਾਏ। ਹੁਣ ਮੁੰਡਾ ਮਾਵੇ'ਚ ਰਸਾਂ ਦੇ ਚੂਰੇ ਦੀ ਮਿਲਾਵਟ ਕਰਦਾ ਸੀ। ਚੰਗਾ ਮਾਵਾ ਨਾ ਮਿਲਣ ਕਰਕੇ ਅਮਲੀ ਅੱਧਵਰੀਤੇ ਜਿਹੇ ਹੋਏ ਪਏ ਸਨ। ਰਾਤ ਨੂੰ ਨੀਂਦ ਨਾ ਆਉਂਦੀ ਤੇ ਦਿਨੇ ਉੱਠਿਆ ਨਾ ਜਾਂਦਾ। ਸਰੀਰ ਵਿੱਚ ਸਾਰਾ ਦਿਨ ਤੱਰਾਟਾਂ ਜਿਹੀਆਂ ਉੱਠਦੀਆਂ ਰਹਿੰਦੀਆਂ। ਮਨ ਢੱਠਾ ਜਿਹਾ ਰਹਿੰਦਾ ਪਰ ਅੰਦਰੋਂ ਸੇਕ ਜਿਹਾ ਨਿਕਲਦਾ ਰਹਿੰਦਾ। ਨਾ ਹੱਸਣ ਨੂੰ ਜੀਅ ਕਰਦਾ ਤੇ ਨਾ ਹਸਾਉਣ ਨੂੰ। ਕਾੜ੍ਹੀ ਪੱਤੀ ਵਾਲੀ ਚਾਹ ਵੀ ਕੁਝ ਨਾ ਸੰਵਾਰਦੀ। ਸੱਥ ਵਿੱਚ ਗਿਆਂ ਨੂੰ ਵੀ ਜਿਵੇਂ ਚੋਖਾ ਚਿਰ ਲੰਘ ਗਿਆ ਹੋਵੇ। ਰਾਹ ਜਾਂਦੇ ਲੋਕ ਹੁਣ ਉਨ੍ਹਾਂ ਦੀਆਂ ਗੱਲਾਂ ਉੱਤੇ ਮਕੱਈ ਦੇ ਦਾਣਿਆਂ ਵਾਂਗ ਫ਼ੁੜਕ ਕੇ ਨਹੀਂ ਸਨ ਹੱਸਦੇ ਤੇ ਨਾ ਹੀ ਬੀਬੀਆਂ ਉਨ੍ਹਾਂ ਨੂੰ 'ਜਾ ਪਰਾਂ ਮਰ ਅਮਲੀਆ' ਕਹਿ ਕੇ ਗਲ਼ੋਂ ਲਾਹੁੰਦੀਆਂ ਜਦੋਂ ਉਹ ਕਿਤੇ ਗੱਲ ਨਾ ਡਿੱਗਣ ਦੇਂਦੇ। ਦਿਨ ਕੱਚੇ ਜਿਹੇ ਹੋਣ ਕਰਕੇ ਲੋਕ ਬਿਸਤਰਿਆਂ'ਚੋਂ ਨਾ ਨਿਕਲਦੇ ਪਰ ਨਾ ਸਰਦੇ ਨੂੰ ਨਿਕਲਣਾ ਪੈਂਦਾ। ਕੱਕਰ ਵਾਲੀਆਂ ਸੀਤ ਹਵਾਵਾਂ ਕਰਕੇ ਸੱਥ ਵਿੱਚ ਵੀ ਕੋਈ ਨਹੀਂ ਸੀ ਬੈਠਦਾ। ਸਾਰੇ ਹੱਥਾਂ ਉੱਤੇ ਹੱਥ ਘਸਾਈ ਜਾਂਦੇ ਤੇ ਦੰਦ ਮੀਚ ਕੇ ਪਿੱਛੇ ਜ਼ਬਾਨ ਲਾਈ 'ਸੀਅ ਸੀਅ' ਕਰੀ ਜਾਂਦੇ।

ਰਜਾਈ ਵਿੱਚ ਬੈਠਿਆਂ ਕਸ਼ਮੀਰੇ ਨੇ ਜਦੋਂ ਦੂਜੀ ਵਾਰ ਚਾਹ ਮੰਗ ਲਈ ਤਾਂ ਬਣਸੀ ਚਾਰੇ ਚੁੱਕ ਕੇ ਪੈ ਗਈ-

'ਕਿੰਨੀ ਕੁ ਵਾਰ ਡੱਫਣੀ ਆ ਚਾਹ, ਦੁੱਧ ਤਾਂ ਓਦਾਂ ਈ ਸੁੱਕ ਗਿਆ ਡੰਗਰਾਂ ਦਾ। ਪੱਠਾ ਦੱਥਾ ਅਜੇ ਊਂ ਨ੍ਹੀਂ ਤੁਰਨ ਡਿਆ ਕੋਹਰੇ ਨਾਲ, ਡੰਗਰ ਕਿਹੜਾ ਰੱਜਦੇ ਆ, ਨਿਰੀ ਪਰਾਲ਼ੀ ਤਾਂ ਖਾਣ ਡਹੇ ਆ, ਪਰਾਲ਼ੀ ਨੇ ਦੁੱਧ ਸੁਕਾ'ਤਾ ਤੇ ਮੂਤ ਵਧਾ'ਤਾ, ਲੈ ਦੇ ਕੇ, ਅਜੇ ਸਾਰਾ ਦਿਨ ਪਿਆ ਆ, ਉਂਨਾ ਕੁ ਦੁੱਧ ਆ ਛਟਾਂਕੀ ਕੁ, ਕੋਈ ਪ੍ਰਾਹੁਣਾ ਕੰਜਰ ਈ ਆ ਮਰਦਾ, ਫ਼ਿਰ ਠੂਠਾ ਮੰਗਣ ਕਿਹਦੇ ਜਾਊਂਗੀ ਲੈ ਦੇ ਕੇ। ਚਾਹ ਦਿਓ ਇਹਨੂੰ ਘੜੀ ਘੜੀ, ਇਹ ਸੁੱਗੇ ਵਾਲਾ ਸਰਦਾਰ ਇਆ।' ਪੂਰਾ ਜ਼ੋਰ ਲਾ ਕੇ ਬਣਸੀ ਨੇ ਸੁਣਾਇਆ ਤਾਂ ਕਿ ਕਸ਼ਮੀਰਾ ਦੂਜੀ ਵਾਰ ਚਾਹ ਦੀ ਝਾਕ ਨਾ ਰੱਖੇ। ਉਹ ਚੁੱਪਚਾਪ ਮੂੰਹ ਉੱਤੇ ਰਜਾਈ ਲੈ ਕੇ ਫ਼ਿਰ ਸੌਣ ਦੀ ਕੋਸ਼ਿਸ਼ ਕਰਨ ਲੱਗਾ ਕਿ ਰਾਤ ਦੀ ਚੜ੍ਹੀ ਸੀਤ ਨਿੱਘੀ ਰਜਾਈ ਦੇ ਸੇਕ ਨਾਲ ਨਿਕਲ ਜਾਵੇ। ਉਂਝ ਜੇ ਚਾਹ ਮਿਲ ਜਾਂਦੀ ਸੁੰਢ ਤੇ ਗੁੜ ਪਾ ਕੇ ਤਾਂ ਬੁਖਾਰ ਆਪੇ ਈ ਛੂ ਮੰਤਰ ਹੋ ਜਾਣਾ ਸੀ ਪਰ ਇਹ ਛੱਟਣ ਬੁੱਢੀ। ਉਹ ਘੜੀ ਮੁੜੀ ਬਣਸੀ ਨੂੰ ਕੋਸਦਾ। ਉਹ ਫ਼ਿਰ ਹੂੰਗਣ ਲੱਗਾ। ਕਦੀ ਕਦੀ ਉਹ ਤ੍ਰਬਕ ਜਾਂਦਾ ਤੇ ਫ਼ਿਰ ਰਜਾਈ ਆਲੇ ਦੁਆਲਿਉਂ ਘੁੱਟ ਕੇ ਮੁੱਘੜ ਮਾਰ ਲੈਂਦਾ ਤੇ ਗੋਡੇ ਜਿੱਥੋਂ ਤੱਕ ਵੀ ਜਾ ਸਕਦੇ ਢਿੱਡ ਵਿੱਚ ਤੁੰਨ ਲੈਂਦਾ। ਬੂਹੇ ਦੇ ਅੱਗੇ ਤਾਣੀ ਪੱਲੀ ਵੀ ਧੁੰਦ ਨੂੰ ਅੰਦਰ ਆਉਣੋਂ ਰੋਕ ਨਹੀਂ ਸੀ ਰਹੀ। ਐਂਤਕੀਂ ਉਸਨੇ ਸੋਚਿਆ ਸੀ ਕਿ ਬਾਸਮਤੀ ਵੇਚ ਕੇ ਦੋ ਖਿੜਕੇ ਲਵਾ ਹੀ ਲੈਣੇ ਨੇ ਪਰ ਪੈਲ਼ੀ'ਚੋਂ ਨਿਕਲਿਆ ਹੀ ਕੱਖ ਨਹੀਂ। ਝਾੜ ਵੀ ਘੱਟ ਨਿਕਲਿਆ ਤੇ ਦੂਜਾ ਦਾਣਾ ਵੀ ਦਾਗ਼ੀ ਹੋ ਗਿਆ। ਉੱਤੋਂ ਢਿੱਲੋਂ ਨੇ ਵੀ ਭਾਅ ਨਹੀਂ ਸਹੀ ਲਾਇਆ। ਵਪਾਰੀ ਤਾਂ ਜਵਾਬ ਦੇ ਗਿਆ ਸੀ ਅਖੇ 'ਮੈਂ ਨਹੀਂ ਇਹ ਢੇਰੀ ਲੈਣੀ' ਅਗਲੀ ਬੋਲੀ ਤੱਕ ਮੰਡੀ ਵਿੱਚ ਹੀ ਮੰਜਾ ਡਾਹੁਣਾ ਪਿਆ ਸੀ। ਅਗਲੀ ਬੋਲੀ'ਤੇ ਵੀ ਉਹੀ ਵਪਾਰੀ ਸੀ ਤੇ ਉਸ ਕਸ਼ਮੀਰੇ ਦੀ ਢੇਰੀ ਵੱਲ ਮੂੰਹ ਕੀਤਾ ਪਰ ਫ਼ਿਰ ਢਿੱਲੋਂ ਨੇ ਰੇਟ ਘਟਾ ਕੇ ਆਪਣੇ ਪੇਟੇ ਪਾ ਲਈ ਸੀ। ਰਕਮ ਦੋ ਮਹੀਨੇ ਰੁਕ ਕੇ ਦੇਣ ਦਾ ਕਰਾਰ ਕੀਤਾ ਸੀ। ਉਂਝ ਰਕਮ ਦੀ ਤਾਂ ਚਿੰਤਾ ਉਸਨੂੰ ਨਹੀਂ ਸੀ। ਉਹਨੇ ਕਿਹੜਾ ਜੇਬ ਵਿੱਚ ਬੋਬੇ ਪਾ ਕੇ ਲਿਆਉਣੇ ਸਨ। ਉਸਦੇ ਖਾਤੇ ਵਿੱਚ ਹੀ ਜਮ੍ਹਾਂ ਹੋ ਜਾਣੇ ਸਨ। ਬਾਸਮਤੀ ਵੱਲ ਹੀ ਉਹ ਵੇਖ ਰਿਹਾ ਸੀ ਪਰ ਕਿਸਮਤ ਵੀ ਉਸੇ ਨਾਲ ਹੀ ਖਿਲਵਾੜ ਕਰ ਰਹੀ ਸੀ। ਦਾਣੇ ਹੀ ਨਹੀਂ ਉਸਦੀ ਕਿਸਮਤ ਵੀ ਦਾਗ਼ੀ ਸੀ। ਪਿਛਲੇ ਲੈਣੇ ਦੇਣੇ ਵੀ ਪੂਰੇ ਨਹੀਂ ਸਨ ਹੋਏ। ਉਹ ਫ਼ਿਰ ਹਿਸਾਬਾਂ ਕਿਤਾਬਾਂ ਵਿੱਚ ਲਹਿ ਗਿਆ।

ਪਿਛਲੇ ਸਾਲ ਛੱਲੀ ਪੂਣੀ ਵੇਚ ਕੇ ਉਸਨੇ ਮੱਰੋ ਦਾ ਵਿਆਹ ਕੀਤਾ ਸੀ। ਮੱਰੋ ਦੇ ਵਿਆਹ ਦੀ ਉਮਰ



ਭਾਵੇਂ ਪਿੱਛੇ ਰਹਿ ਗਈ ਸੀ ਪਰ ਫ਼ਿਰ ਵੀ ਉਸਨੂੰ ਚੰਗਾ ਰਿਸ਼ਤਾ ਜੁੜ ਗਿਆ ਤੇ ਉਸ ਪਾਂਧਾ ਨਾ ਪੁਛਿਆ ਤੇ ਰੁਪੱਈਆ ਜਾ ਧਰਿਆ। ਮੁੰਡਾ ਡਬਈਉਂ ਆਇਆ ਸੀ ਪਰ ਦੁਹਾਜੂ ਸੀ। ਭਾਵੇਂ ਉਸਦੀ ਪਹਿਲੀ ਘਰ ਵਾਲੀ ਨੇ ਇੱਕ ਕੁੜੀ ਛੱਡ ਕੇ ਉਸ ਨਾਲ ਲੜ ਕੇ ਫ਼ਾਹ ਲੈ ਲਿਆ ਸੀ ਪਰ ਮੁੰਡਾ ਤਾਂ ਖਾਂਦੇ ਪੀਂਦੇ ਘਰ ਦਾ ਸੀ। ਤੇ ਵੱਡੀ ਗੱਲ ਉਹਨੇ ਮੱਰੋ ਨੂੰ ਪਸੰਦ ਕਰ ਲਿਆ ਸੀ। ਫ਼ਿਰ ਮੱਰੋ ਨੂੰ ਵੀ ਤਾਂ ਹੁਣ ਰਿਸ਼ਤੇ ਆਉਣੇ ਬੰਦ ਈ ਹੋ ਗਏ ਸੀ। ਮੱਰੋ ਦਾ ਰੰਗ ਰੂਪ ਵੀ ਹੁਣ ਢਲਣ ਲੱਗ ਪਿਆ ਸੀ। ਸਾਰਾ ਦਿਨ ਪਥਕਣ ਵਿੱਚ ਉਹ ਪਾਥੀਆਂ ਪੱਥਦੀ, ਥਾਂ ਕੂੜਾ ਹੂੰਝਦੀ, ਗੁਆਂਢਣਾਂ ਦੇ ਕੱਪੜੇ ਲੱਤੇ ਸਿਊਂਦੀ, ਨਾਲੇ ਖੰਘਦੀ ਰਹਿੰਦੀ। ਅੱਖਾਂ ਦੇ ਨਾਲ ਨਾਲ ਨਾਸਾਂ'ਚੋਂ ਵੀ ਪਾਣੀ ਵਗਦਾ ਰਹਿੰਦਾ। ਉਹਦੀ ਮਾਂ ਉਹਨੂੰ ਦੋਧੀ ਬਣਾ ਬਣਾ ਦਿੰਦੀ ਪਰ ਨਿਗਾਹ ਲਾਉਣ ਤੋਂ ਬਗੈਰ ਉਹ ਰਹਿ ਨਾ ਸਕਦੀ। ਅੱਖਾਂ ਥੱਲੇ ਕਾਲ਼ੋਂ ਵਧਦੀ ਜਾਂਦੀ ਸੀ। ਮੱਥੇ ਉੱਤੇ ਤਿਊੜੀਆਂ ਪੱਕ ਗਈਆਂ ਸਨ। ਹਰ ਵੇਲ਼ੇ ਖਿਝੀ ਰਹਿੰਦੀ ਤੇ ਲੜੂੰ ਲੜੂੰ ਕਰਦੀ। ਸੁੱਕੀਆਂ ਸੜੀਆਂ ਹਿੱਕੜੀਆਂ ਤੇ ਮਰੀਅਲ ਜਿਹੇ ਸਰੀਰ ਤੋਂ ਉਹ ਟੀ.ਬੀ. ਦੀ ਮਰੀਜ਼ ਲੱਗਦੀ। ਨਿੱਕੀ ਨਿੱਕੀ ਖੰਘ ਉਸਨੂੰ ਚੱਤੇ ਪਹਿਰ ਆਉਂਦੀ ਰਹਿੰਦੀ। ਤੇ ਜਦੋਂ ਕਦੇ ਉੱਥੂ ਛਿੜਦਾ ਤਾਂ ਲੱਗਦਾ ਭੀ ਹੁਣ ਨ੍ਹੀਂ ਬਚਦੀ ਪਰ ਉਹ ਫ਼ਿਰ ਮੁੜ ਪੈਂਦੀ। ਕਸ਼ਮੀਰੇ ਕਈ ਵਾਰ ਸੋਚਿਆ ਬਈ ਉਹਨੂੰ ਸ਼ਹਿਰੋਂ ਟੈਸਟ ਕਰਵਾ ਲਿਆਵੇ ਪਰ ਹਰ ਵਾਰ ਲੈਣੇ ਦੇਣੇ ਭਾਰੂ ਹੋ ਜਾਂਦੇ ਤੇ ਟੀ.ਬੀ.ਟੈਸਟ ਜੋਗੀ ਗੁੰਜਾਇਸ਼ ਨਾ ਨਿਕਲਦੀ। ਕਦੀ ਕਿਸੇ ਮੁਲੱਠੀ ਮੂੰਹ ਵਿੱਚ ਰੱਖ ਕੇ ਚੂਸਣ ਲਈ ਕਿਹਾ ਤੇ ਕਦੀ ਕਿਸੇ ਢਾਈ ਕਾਲੀਆਂ ਮਿਰਚਾਂ ਦੰਦਾਂ ਨਾਲ ਤੋੜ ਕੇ ਚੂਸਣ ਦਾ ਟੋਟਕਾ ਦੱਸਿਆ। ਅੰਬੋ ਦਾਈ ਨੇ ਬਦਾਮ, ਪਤਾਸੇ ਤੇ ਕਾਲੀਆਂ ਮਿਰਚਾਂ ਦਾ ਚੂਰਾ ਇੱਕੀ ਦਿਨ ਖਾਣ ਦਾ ਟੂਣਾ ਦੱਸਿਆ। ਬੱਸ ਨਿੱਕੇ ਮੋਟੇ ਓਹੜ ਪੋਹੜ ਨਾਲ ਕਦੀ ਕਦੀ ਫ਼ਰਕ ਪੈਂਦਾ ਪਰ ਫ਼ਿਰ ਉਹੋ ਕੁਝ। ਘਰ ਨੂੰ ਚਲਾਉਣ ਵਿੱਚ ਮਾਂ ਤੇ ਪਿਉ ਦੀ ਮਦਦ ਕਰਨ ਵਿੱਚ ਲੱਗੀ ਮੱਰੋ ਦੀ ਜਵਾਨੀ ਕਦੋਂ ਆ ਕੇ ਚਲੀ ਵੀ ਗਈ ਉਸਨੂੰ ਪਤਾ ਹੀ ਨਾ ਲੱਗਾ। ਕਦੀ ਕਦੀ ਸ਼ੀਸ਼ੇ ਵਿੱਚ ਸਿਰ ਵਾਹੁੰਦਿਆਂ ਪੁੜਪੁੜੀਆਂ ਉੱਤੇ ਚਿੱਟੇ ਵਾਲਾਂ ਦੀਆਂ ਪੱਟੀਆਂ ਉਸਨੂੰ ਥੋੜ੍ਹਾ ਬੇਚੈਨ ਕਰ ਦਿੰਦੀਆਂ ਪਰ ਇਨ੍ਹਾਂ ਨੂੰ ਕਾਲੇ ਵਾਲਾਂ ਦੀਆਂ ਮੀਢੀਆਂ ਨਾਲ ਢੱਕ ਕੇ ਉਸਦਾ ਮਨ ਟਿਕਾਣੇ ਹੋ ਜਾਂਦਾ। ਕੱਪੜੇ ਸਿਊਣ ਤੋਂ ਹੋਈ ਕਮਾਈ ਨਾਲ ਹੰਗਾਲ਼ ਪੈ ਜਾਂਦਾ ਸੀ- 'ਧੀਆਂ ਦੀ ਕਮਾਈ ਖਾਣਾ ਕੋਈ ਚੰਗਾ ਤਾਂ ਨਹੀਂ ਨਾ ਗਿਣਿਆ ਜਾਂਦਾ। ਆਪਣੀ ਕਮਾਈ ਤੋਂ ਤਾਂ ਇੱਕ ਦਰੀ ਵੀ ਨਾ ਜੁੜੀ ਉਸਨੂੰ ਆਪਣੇ ਲਈ। ਸਗੋਂ ਡੰਗਰਾਂ ਦਾ ਵੰਡ ਵੜੇਂਵਾਂ ਈ ਪੂਰਾ ਨਹੀਂ ਹੋਇਆ ਤੇ ਕਦੀ ਮਿਰਚਾਂ ਤੇ ਕਪਾਹ ਨੂੰ ਸਪਰੇਅ ਤੇ ਕਦੀ ਗੋਭੀ ਨੂੰ ਸੁੰਡੀ, ਜੇ ਚਾਰ ਪੈਹੇ ਉਹਨੇ ਤੱਤੀ ਨੇ ਜੋੜ ਵੀ ਲੈਣੇ ਤਾਂ ਕਦੀ ਕਿਸੇ ਸਾਧ ਨੇ ਆ ਹੋਕਾ ਦੇਣਾ-ਅਖੇ ਅੱਜ ਗੁਰਦੁਆਰੇ ਲੰਗਰ ਹਾਲ ਦਾ ਲੈਂਟਰ ਪੈਣਾ ਤੇ ਉਹਦੀ 'ਗਰਾਹੀ ਜਾਂ ਕਦੇ ਬਾਬੇ ਕੁੱਕੜ ਸ਼ਾਹ ਦੇ ਮੇਲੇ ਦੀ 'ਗਰਾਹੀ, ਅਖੇ ਅਣਖੀਲਾ ਲੱਗਣਾ ਐਂਤਕੀਂ, ਮੱਰੋ ਤੱਤੀ ਅੰਗੀਠੀਪੋਸ਼ ਦੇ ਥੱਲਿਉਂ ਕੱਢ ਕੇ ਸਾਰੀਆਂ ਧੇਲੀਆਂ ਪੌਲੀਆਂ ਫ਼ੜਾ ਦਿੰਦੀ। ਉਂਝ ਤਾਂ ਪਾਥੀਆਂ ਵੇਚ ਕੇ ਵੱਟੇ ਪੈਸੇ ਵੀ ਉਹ ਵੱਖਰੇ ਰੱਖਦੀ ਪਰ ਜਦੋਂ ਕਿਤੇ ਤੋਟ ਆਉਂਦੀ ਉਹ ਆਪਣੇ ਸਭ ਟਿਕਾਣਿਆਂ ਤੋਂ ਪੈਸੇ ਇੱਕਠੇ ਕਰ ਕਰ ਮਾਂ ਆਪਣੀ ਦੀ ਤਲ਼ੀ ਉੱਤੇ ਧਰ ਦਿੰਦੀ। ਏਦੂੰ ਗਲੋਂ ਮੱਰੋ ਸੁਲੱਖਣੀ ਸੀ। ਧੀਆਂ ਧਿਆਣੀਆਂ ਨੇ ਤਾਂ ਭਾਵੇਂ ਸਾਰੀ ਉਮਰ ਲੈਣਾ ਹੀ ਹੁੰਦਾ ਤੇ ਮੁੰਡੇ ਵਾਲਿਆਂ ਵੀ ਕਹਿਣਾ ਹੀ ਹੁੰਦਾ ਕਿ 'ਵਾਹਿਗੁਰੂ ਦਾ ਦਿੱਤਾ ਸਭ ਕੁਝ ਹੈ ਜੋ ਦੇਣਾ ਤੁਸੀਂ ਆਪਣੀ ਧੀ ਨੂੰ ਦੇਣਾ' ਫ਼ਿਰ ਵੀ ਆਪਣੀ ਵਿੱਤ ਮੁਜਬ ਮੱਰੋ ਨੂੰ ਸਾਰਾ ਕੱਪੜਾ ਲੱਤਾ ਤੇ ਭਾਂਡਾ ਟੀਂਡਾ ਦਿੱਤਾ ਸੀ ਪਰ ਸੱਸ ਉਹਦੀ ਦੇ ਅਜੇ ਵੀ ਮੱਥੇ ਤਿਊੜੀ ਰਹਿੰਦੀ ਆ। ਇਨ੍ਹਾਂ ਦੇ ਤਾਂ ਸੁੱਖ ਨਾਲ ਨੌਂਗੇ ਈ ਬਥੇਰੇ ਸਨ-'ਅਖੇ ਜੀ ਸਾਡਾ ਲਾਣਾ ਜ਼ਰਾ ਭਾਰਾ ਏ ਤੇ ਮੇਲ਼ ਜੋਲ਼ ਵੀ ਬਥੇਰਾ ਏ। ਜਿਨ੍ਹਾਂ ਤੋਂ ਲਏ ਨੇ ਉਨ੍ਹਾਂ ਨੂੰ ਮੋੜਨੇ ਵੀ ਨੇ' ਫ਼ਿਰ ਵੀ ਵਿਚੋਲਣ ਨੂੰ ਉਲ੍ਹਾਮੇ ਦਾ ਮੌਕਾ ਨਹੀਂ ਸੀ ਦਿੱਤਾ। ਰਹਿੰਦੀ ਕਸਰ ਜਦੋਂ ਰੱਬ ਚੰਗੀ ਚੀਜ਼ ਦੇਊਗਾ, ਉਦੋਂ ਕੱਢ ਦਿਆਂਗੇ।" ਉਹ ਕਈ ਵਾਰ ਮਨ ਹੀ ਮਨ ਆਪਣੇ ਨਾਲ ਬਹਿਸ ਕਰਦਾ ਸੱਚਾ ਹੁੰਦਾ। ਅਜੇ ਥੋੜ੍ਹਾ ਬਹੁਤ ਮੁਕੰਦੇ ਸ਼ਾਹ ਦਾ ਲੱਥਾ ਸੀ। ਪਰ ਢਿੱਲੋਂ ਦੇ ਸਾਰੇ ਪੈਸੇ ਅਜੇ ਦੇਣ ਵਾਲੇ ਸਨ।

"ਐਂਤਕੀਂ ਕਣਕ ਤੋਂ ਜੇ ਕੋਈ ਵੱਡਾ ਕੰਮ ਨਾ ਪਿਆ ਤਾਂ ਉਹ ਜ਼ਰੂਰ ਬੂਹੇ ਲਗਵਾ ਦੇਵੇਗਾ।ਅੱਜ ਕੱਲ੍ਹ ਤਾਂ ਝੜੰਮ ਦੇ ਘਰ ਵੀ ਬੂਹਿਆਂ ਤੋਂ ਬਗੈਰ ਨਹੀਂ ਆ ਤੇ ।"ਉਹ ਸੋਚਦਾ।ਉਸਦੀ ਆਪਣੇ ਆਪ ਹੀ ਹੂੰਗਰ ਨਿਕਲ ਜਾਂਦੀ।

'ਸਾਤਨਾਮ।ਵਾਖਰੂ।ਦੁੱਧ ਪਰਸ਼ਾਦਿਆਂ ਦੀ ਸੇਵਾ ਜੀ।'ਅਜੇ ਅੱਖ ਲੱਗੀ ਹੀ ਸੀ ਕਿ ਬਾਹਰੋਂ ਆਈ ਤਿੱਖੀ ਜਿਹੀ ਆਵਾਜ਼ ਨਾਲ ਤ੍ਰਬਕ ਕੇ ਉੱਠ ਖਲੋਤਾ।ਮੰਜੇ ਤੋਂ ਉੱਠਣ ਦੀ ਉਸ ਵਿੱਚ ਹਿੰਮਤ ਨਹੀਂ ਸੀ।ਰਜਾਈ ਵਿੱਚੋਂ ਮੂੰਹ ਕੱਢ ਕੇ ਬਾਹਰ ਝਾਕਿਆ।ਦਿੱਸਿਆ ਤਾਂ ਕੋਈ ਨਾ ਪਰ ਆਵਾਜ਼ ਤੋਂ ਪਤਾ ਲੱਗ ਗਿਆ ਕਿ ਕੋਈ ਗਾਜੀ ਬੂਹੇ ਆਣ ਵੜਿਆ ਏ।

ਗੁਰਦੁਆਰੇ ਦੇ ਗਾਜੀ ਨੇ ਹੱਥ ਵਿੱਚ ਡੋਹਣੀ ਤੇ ਮੋਢੇ ਉੱਤੇ ਰੁਮਾਲੇ ਦੀ ਬਣੀ ਝਲੂੰਗੀ ਪਾਈ ਸਵੇਰੇ ਸਵੇਰੇ ਆਣ ਬੂਹਾ ਖੜਕਾਇਆ।

'ਓ ਬਾਬਾ ਜੀ ਡੰਗਰ ਤਾਂ ਦੁੱਧ ਸੁਕਾ'ਗੇ ਨਾਲੇ ਪਰਾਲ਼ੀ ਤਾਂ ਪੈਂਦੀ ਆ ਡੰਗਰਾਂ ਨੂੰ ਹੁਣ ਇਹ ਕਿੱਥੋਂ ਲਾਹੀ ਆਉਣ ਦੁੱਧ।ਦੁੱਧ ਘਟ ਗਿਆ ਮੂਤ ਵਧ ਗਿਆ ਬਾਬਾ ਜੀ।।'

ਉਹਦਾ ਜੀਅ ਕੀਤਾ ਕਹੇ "ਮੂਤ ਲਿਆ ਦੀਏ ਬਾਬਾ ਜੀ।"ਪਰ ਇਹ ਸੋਚ ਕੇ ਚੁੱਪ ਰਿਹਾ ਭੀ ਕਾਹਨੂੰ ਗੁਨਾਹਗਾਰ ਹੋਣਾ।।ਅੰਦਰੋਂ ਖਿਝੇ ਕਸ਼ਮੀਰੇ ਨੇ ਬਾਹਰ ਹਵੇਲੀ'ਚ ਖੜ੍ਹੇ ਬਾਬੇ ਨੂੰ ਬਿਨਾ ਵੇਖਿਆਂ ਹੀ ਉੱਚੀ ਸਾਰੀ ਕਿਹਾ।ਸਵੇਰੇ ਪੀਤੀ ਪੰਘਲ਼ ਚਾਹ ਦਾ ਭੈੜਾ ਜਿਹਾ ਸਵਾਦ ਉਹਦੇ ਮੂੰਹ ਨੂੰ ਫਿਰ ਕੁਸੈਲ਼ਾ ਕਰ ਗਿਆ ਸੀ ਤੇ ਦੂਜੀ ਵਾਰੀ ਦੀ ਚਾਹ ਤੋਂ ਮਿਲੇ ਬਣਸੀ ਦੇ ਕੋਰੇ ਜਵਾਬ ਦਾ ਧਿਆਨ ਕਰਕੇ ਉਸ ਬਾਬੇ ਨੂੰ ਕਹਿ ਸੁਣਾਇਆ ਸੀ।

ਬਾਬਾ ਅਜੇ ਅਣਮੰਨੇ ਜਿਹੇ ਮਨ ਨਾਲ 'ਸੱਤ ਬਚਨ' ਕਹਿ ਕੇ ਮੁੜਿਆ ਹੀ ਸੀ ਕਿ ਬਣਸੋ ਨੇ ਬਾਬੇ ਨੂੰ ਰੁਕਣ ਦਾ ਇਸ਼ਾਰਾ ਕੀਤਾ।

'ਬਾਬਾ ਜੀ ਖਾਲੀ ਨਾ ਮੁੜਿਓ,ਮੈਂ ਲਿਆਈ ਦੁੱਧ..ਲੈ ਦੇ ਕੇ'ਕਹਿੰਦਿਆਂ ਉਸਨੇ ਹੱਥ ਸੁੱਚੇ ਕੀਤੇ ਤੇ ਸਬਾਤ ਵਿੱਚ ਪਈ ਕਾੜ੍ਹਣੀ ਵਿੱਚੋਂ ਕੜੇ ਵਾਲਾ ਪਿੱਤਲ ਦਾ ਗਿਲਾਸ ਨੱਕੋ ਨੱਕ ਭਰ ਕੇ ਬਾਬੇ ਦੀ ਡੋਹਣੀ ਵਿੱਚ ਉਲੱਦ ਦਿੱਤਾ।ਬਾਬੇ ਨੇ ਚੋਲ਼ੇ ਦੀ ਖੱਬੀ ਵੱਖੀ ਵਾਲੀ ਜੇਬ ਵਿੱਚੋਂ ਮਿਸ਼ਰੀ ਤੇ ਲਾਚੀਆਂ ਦਾ ਪਰਸ਼ਾਦ ਕੱਢ ਕੇ 'ਰੱਬ ਬਾਹਲ਼ਾ ਦੇਵੇ..' ਕਹਿੰਦਿਆਂ ਉਹਦੇ ਹੱਥ ਉੱਤੇ ਧਰ ਦਿੱਤਾ।

ਕਸ਼ਮੀਰੇ ਦੀ ਨਿਗਾਹ ਪੱਲੀ ਵਿੱਚਲੇ ਮੁੱਘ ਥਾਂਣੀਂ ਬਾਹਰ ਹੀ ਸੀ।ਬਾਬਾ ਅਜੇ ਬਰੂਹਾਂ ਟੱਪਿਆ ਹੀ ਸੀ ਕਿ ਹੱਡ ਇਕੱਠੇ ਕਰਕੇ ਉੱਠਿਆ ਤੇ ਪਰੈਣ ਫ਼ੜ ਲਈ।ਚੌਂਕੇ ਬੈਠੀ ਬਣਸੀ ਨੇ ਅਜੇ ਪਹਿਲੀ ਪਾਥੀ ਭੰਨ ਕੇ ਗੀਣੀ ਲਾਉਣੀ ਸ਼ੁਰੂ ਹੀ ਕੀਤੀ ਸੀ ਕਿ ਕਸ਼ਮੀਰੇ ਨੇ ਉਹਦੇ ਦੋ ਪਰੈਣਾਂ ਮੌਰਾਂ ਵਿੱਚ ਮਾਰ ਸੁੱਟੀਆਂ ਤਾਂ ਉਹ ਭਵੰਤਰੀ ਜਿਹੀ ਸਬਾਤ ਅੰਦਰ ਭੱਜੀ।

"ਹਾਇ ਹਾਇ ਵੇ ਲੋਹੜਾ,ਤੇਰੇ ਰੱਖੇ ਜਾਣ ਨੀਂ ਤੇ,ਤੇਰਾ ਕੱਖ ਨਾ ਰਵ੍ਹੇ ਤੇਰਾ,ਸੁੱਥੂ ਵਾਲਿਆ,ਤੈਨੂੰ ਉੱਡਣਾ ਲੜਜੇ ਸੱਪ ਸਵੇਰੇ ਸਵੇਰੇ ਹੋ ਗਿਆਂ ਸ਼ੁਰੂ।ਲੈ ਦੇ ਕੇ"

"ਕੁੱਤੀਏ,ਤੂੰ ਤੇ ਆਹਨੀਂ ਸੈਂ ਹੈਨੀਂ ਦੁੱਧ?ਇਹ ਆਪਣੀ ਮਾਂ ਦਾ ਚੋਇਆ ਈ?ਹੈਂ ?ਲੁੱਚੀਏ ਬੁੱਢੀਏ,ਖੱਚੇ ਅਖੇ ਹੈਨੀਂ ਦੁੱਧ।ਖਸਮ ਨੇ ਚਾਹ ਦੂਜੀ ਵਾਰ ਮੰਗ ਲਈ ਤੇ ਬੀਮਾਰੀ ਪੈ ਗਈ,ਓਸ ਖਸਮ ਨੂੰ 'ਖਾਲੀ ਨਾ ਮੁੜਿਓ,ਬਾਬਾ ਜੀ।"ਉਹ ਮੂੰਹ ਖਰਾਉਂਦਾ ਬੋਲਿਆ।

"ਸਾਧ ਸੰਤ ਨੂੰ ਖਾਲੀ ਮੋੜਨਾ ਸਵੇਰੇ ਸਵੇਰੇ ਬੇਸ਼ਗਨੀ ਹੁੰਦੀ ਆ।ਭਰੇ ਘਰ'ਚੋਂ ਸਾਧੂ ਖਾਲੀ ਜਾਵੇ।ਤੇ"

ਅਜੇ ਉਹ ਦਲੀਲ ਦੇ ਹੀ ਰਹੀ ਸੀ ਕਿ ਉਹ ਫਿਰ ਭੜਕ ਪਿਆ-"ਖਸਮ ਭਾਵੇਂ ਚਾਹ ਖੁਣੋਂ ਮਰ ਜੇ।ਲੰਡਾ ਸਾਧ ਖਾਲੀ ਨਾ ਜਾਵੇ।ਹੁਣ ਓਸੇ ਕੋਲ ਈ ਜਾਵੀਂ।ਇਹ ਵੀ ਕੁੜੀ ਦੇਣੇ ਪੱਠੇ ਵੱਢਣ ਤੋਂ ਬਚੇ ਆ,ਲੱਗੇ ਹੋਣ ਕਿਸੇ ਜੱਟ ਦੇ ਨਾਲ ਤਾਂ ਵੇਖੀਂ ਮੱਤ ਆਉਂਦੀ।"

"ਲੈ ਤੂੰ ਤਾਂ ਐਂਵੇਂ ਤਾਮ ਤੜੀਣ ਹੋਈ ਜਾਨੈਂ,ਕੁਛ ਸੋਚ ਕੇ ਗੱਲ ਕਰਿਆ ਕਰ,ਝਾਟਾ ਤੇਰਾ ਧੌਲ਼ਾ ਹੋ



ਗਿਐ,ਆਪਣੀ ਬੁੱਢੀ ਨੂੰ ਭੰਡੀ ਜਾਨੈਂ,ਲੋਕ ਕੀ ਕਹਿਣਗੇ।ਐਂਵੇਂ ਭੌਂਕੀ ਜਾਨੈਂ।ਵੇਖੀਂ ਮੈਂ ਫ਼ੜਾਉਂਦੀ ਲਾਲ ਪੱਗਾਂ ਵਾਲਿਆਂ ਨੂੰ।ਲੈ ਦੇ ਕੇ"ਉਹ ਪੁਲਿਸ ਦਾ ਡਰਾਵਾ ਦਿੰਦੀ ਤੇ ਕਈ ਵਾਰ ਨਿਹੰਗਾਂ ਦਾ।

"ਡੰਗਰਾਂ ਨੂੰ ਪੱਠੇ ਮੈਂ ਪਾਵਾਂ,ਗੁਤਾਵਾ ਮੈਂ ਕਰਾਂ,ਰੋਹੀ ਉੱਤੇ ਵੱਗ ਨੂੰ ਮੈਂ ਖੜਾਂ,ਤੇ ਦੁੱਧ ਪੀਣ ਆ ਜੇ ਲੰਡਾ ਸਾਧ ਤੇ ਮੈਂ ਭੌਂਕਣਾ ਨ੍ਹੀਂ?"ਉਹ ਬੁੜ ਬੁੜ ਕਰੀ ਗਿਆ ਤੇ ਫ਼ਿਰ ਬਾਹਰ ਨੂੰ ਜਾਂਦਾ ਜਾਂਦਾ ਪਰਤ ਆਇਆ।ਉਸਨੂੰ ਯਾਦ ਆਇਆ ਕਿ ਸੱਥ'ਚ ਤਾਂ ਅਜੇ ਕੋਈ ਵੀ ਨਹੀਂ ਆਇਆ ਹੋਣਾ ਤੇ ਉਹ ਗੁੱਸੇ ਤੇ ਠੰਢ ਨਾਲ ਕੰਬਦਾ ਮੁੜ ਰਜਾਈ ਵਿੱਚ ਜਾ ਵੜਿਆ।ਸਾਫ਼ਾ ਮੱਥੇ ਤੋਂ ਉੱਤਾਂਹ ਚੁੱਕ ਕੇ ਉਂਗਲ਼ਾਂ ਨਾਲ ਸਿੱਕਰੀ ਰੜਕਾਉਣ ਲੱਗਾ।

ਬਾਬੇ ਤੇ ਬਣਸੀ ਦਾ ਗੁੱਸਾ ਉਸ ਆਪਣੇ ਮੁੰਡੇ ਧਰਮੇ ਉੱਤੇ ਕੱਢਿਆ ਤੇ ਪੱਠੇ ਵੱਢਣ ਲਈ ਝਿੜਕਾਂ ਮਾਰਨ ਲੱਗ ਪਿਆ-

'ਹੇਖਾਂ ਕੁੜ੍ਹੀ ਜਾਵਾ ਠੇਠਰ ਕਿੱਦਾਂ ਖੋਤਿਆਂ ਵਾਂਗੂ ਲੇਟਣੀਆਂ ਮਾਰਨ ਡਿਹਾ ਆ,ਮੈਂ ਸਾਰੀ ਰਾਤ ਪਾਣੀ ਵਿੱਚ ਸੀਤੇ ਲਹਿ ਗਿਆ,ਏਹ ਕੰਜਰ ਦੇ ਪੁੱਤ ਨੇ ਨ੍ਹੀਂ ਆਖਿਆ ਭੀ ਬੁੱਢਾ 'ਕੱਲਾ ਖਪਣ ਡਿਆ ਆ,ਭੋਰਾ ਸਾਹ ਈ ਦਿਵਾ ਦਿਆਂ।ਬੰਦਾ ਨਿਆਣੇ ਜੰਮਦਾ ਸੁਖ ਲੈਣ ਨੂੰ ਪਰ ਇਹ ਤਾਂ।ਘਵੱਡ ਕੁੜੀ ਜ੍ਹਾਵਾ,ਪਤਾ ਨ੍ਹੀਂ ਕੀ ਜੰਮਿਆ ਆ ਲੁੱਚੀ ਰੰਨ ਨੇ।'ਉਸਨੇ ਤੋੜਾ ਬਣਸੀ ਉੱਤੇ ਝਾੜਿਆ।

"ਤੇ ਫ਼ੇਰ ਤੂੰ ਨਾ ਜੰਮਦਾ ਮੈਨੂੰ।ਅਖੇ ਨਿਆਣੇ ਜੰਮਦਾ ਸੁਖ ਲੈਣ ਨੂੰ।"ਉਹ ਬੁੜਬੁੜ ਕਰਦਾ ਜਲੂਟਰੀਆਂ ਵਲ਼ੇਟਦਾ ਬਾਹਰ ਨੂੰ ਤੁਰ ਪਿਆ।ਧਰਮਾ ਬਾਰ੍ਹਵੀਂ ਕਰਕੇ ਤਿੰਨ ਭਰਤੀਆਂ ਵੇਖ ਆਇਆ ਸੀ ਪਰ ਹਮੇਸ਼ਾਂ ਨਾੜ ਫ਼ੁੱਲਦੀ ਹੋਣ ਕਰਕੇ ਰਹਿ ਜਾਂਦਾ।ਕਾਬੀ ਬੋਹੜਵਾਲੀਏ ਨੇ ਪੰਜਾਹ ਹਜ਼ਾਰ ਨਾਲ ਗੱਲ ਬਣ ਜਾਣ ਦੀ ਗੱਲ ਵੀ ਕੀਤੀ ਸੀ ਪਰ ਕਸ਼ਮੀਰਾ ਮੰਨਿਆ ਈ ਨਹੀਂ ਅਖੇ-

'ਪੜ੍ਹਾਈਆਂ ਕਾਹਦੇ ਵਾਸਤੇ ਕੀਤੀਆਂ ਜੇ ਵੱਢੀਆਂ ਈ ਦੇਣੀਆਂ ਨੇ ਤਾਂ।ਤੇ ਨਾਲੇ ਜੇ ਹੈਗੇ ਆ ਤਾਂ ਦੇ ਦੇ।ਤੇ ਜਾਂ ਫ਼ਿਰ ਪਿਉ ਨੂੰ ਗਹਿਣੇ ਪਾ ਦੇ।'

'ਫ਼ਿਰ ਨੌਕਰੀ ਦੀ ਝਾਕ ਕਿਉਂ ਰੱਖਦਾ।ਜੇ ਨਹੀਂ ਦੇਣੀ ਵੱਢੀ ਤਾਂ"ਮੁੰਡੇ ਦੀ ਖੁੱਲ੍ਹਦੀ ਜਾਂਦੀ ਜ਼ੁਬਾਨ ਤੋਂ ਡਰਦੀ ਬਣਸੀ ਗੱਲ ਨੂੰ ਕਿਸੇ ਹੋਰ ਪਾਸੇ ਪਾਉਣ ਦਾ ਯਤਨ ਕਰਦੀ।ਅੰਦਰੋਂ ਕਸ਼ਮੀਰਾ ਕੱਲੀ ਟਿੰਗ ਹੋਣ ਕਰਕੇ ਪੁੱਤ ਨੂੰ ਫ਼ੌਜ ਜਾਂ ਪੁਲਿਸ'ਚ ਨਹੀਂ ਸੀ ਭੇਜਣਾ ਚਾਹੁੰਦਾ।

'ਮਾਹੌਲ ਧੀਆਂ ਪੁੱਤਰਾਂ ਨੂੰ ਪੁਲਿਸ ਵਿੱਚ ਘੱਲਣ ਦਾ ਨ੍ਹੀਂ,ਭੋਰਾ ਘੱਟ ਖਾ ਲਉ।ਪਰ ਨਿਆਣੇ ਅੱਖਾਂ ਸਾਹਵੇਂ ਹੀ ਚੰਗੇ ਨੇ' ਉਸਦਾ ਰੋਹ ਜਦੋਂ ਕੁਝ ਮੱਠਾ ਹੁੰਦਾ ਤਾਂ ਸੋਚਦਾ।

ਪਰ ਘੱਟ ਰਹੀ ਜ਼ਮੀਨ ਵੀ ਚੈਨ ਨਾ ਲੈਣ ਦਿੰਦੀ-'ਉੱਤੋਂ ਪੈਲ਼ੀਆਂ ਵਿਚੋਂ ਨਿਕਲਦਾ ਕੱਖ ਨਹੀਂ,ਮਿੱਟੀ ਕਿੰਨਾ ਕੁ ਚਿਰ ਆਪਣੀਆਂ ਹਿੱਕੜੀਆਂ ਨਿਚੋੜ ਨਿਚੋੜ ਦੇਊਗੀ।ਜਦੋਂ ਫ਼ਸਲ ਮਾੜੀ ਹੋਵੇ ਤਾਂ ਖਾਦ ਰੂੜੀ ਵੀ ਨਹੀਂ ਪੈਂਦੀ ਤੇ ਫ਼ਿਰ ਜਦੋਂ ਖਾਦ ਰੂੜੀ ਨਹੀਂ ਪੈਣੀ ਤਾਂ ਫ਼ਸਲ ਕਿੱਥੋਂ ਚੰਗੀ ਹੋ ਜਾਊ?'

ਉਹ ਇਸੇ ਗੇੜ ਵਿੱਚ ਫ਼ਸਿਆ ਬੱਸ ਸਮੇਂ ਦੇ ਪਹੀਏ ਨੂੰ ਗੇੜਾ ਦੇਈ ਜਾਂਦਾ ਤੇ ਇੱਕ ਦਿਨ ਜ਼ਿੰਦਗੀ ਦਾ ਮੌਤ ਦੇ ਹੋਰ ਲਾਗੇ ਲੈ ਜਾਂਦਾ-'ਉਂਝ ਵੀ ਅੱਜਕੱਲ੍ਹ ਦੇ ਧੀਆਂ ਪੁੱਤ ਬੱਸ ਨਾਂ ਦੇ ਹੀ ਨੇ,ਕੋਈ ਮੋਹ ਮੁਹੱਬਤ ਨਾਂ ਦੀ ਸ਼ੈਅ ਇਹਨਾਂ ਵਿੱਚ ਰਹੀ ਨਹੀਂ ਮਾਪੇ ਭਾਵੇਂ ਇਹਨਾਂ ਦੇ ਹੋਏ ਮਰ ਜਾਣ।ਗਿੱਠ ਲੰਮੀਆਂ ਜ਼ੁਬਾਨਾਂ ਵਾਲੇ ਕਤੂਰੇ ਜੰਮੀਦੇ ਨੇ ਹੁਣ ਤਾਂ,ਠੀਕ ਈ ਆਂਹਦੇ ਆ- 'ਜੱਟ ਦੇ ਜਿੰਨੇ ਪੁੱਤਰ ਉੱਨੇ ਛਿੱਤਰ' ਇਹ ਵੀ ਚੰਗਾ ਕੀਤਾ ਮੇਰਾ ਇੱਕੋ ਈ ਏ,ਨਹੀਂ ਤਾਂ ਛਿੱਤਰ ਵੱਜਦਿਆਂ ਵਾਰ ਨਹੀਂ ਸੀ ਆਉਣਾ ।"

ਉਹ ਮੰਜੇ ਦੀ ਬਾਹੀ ਉੱਤੇ ਬਹਿ ਕੇ ਸਾਫ਼ਾ ਮੱਥੇ ਤੋਂ ਭੋਰਾ ਉੱਤਾਂਹ ਚੁੱਕ ਲੈਂਦਾ ਤੇ ਉਂਗਲ਼ਾਂ ਨਾਲ ਸਿਕਰੀ ਰੜਕਾਉਣ ਲੱਗਦਾ।

'ਵੇ ਚੱਲ ਬਾਹਲ਼ਾ ਭੌਂਕੀਦਾ ਨ੍ਹੀ ਹੁੰਦਾ।ਪਿਉ ਆ ਤੇਰਾ।ਲੈ ਦੇ ਕੇ'ਬਣਸੀ ਨੂੰ ਪਤਾ ਸੀ ਭੀ ਹੁਣ ਤੱਕ ਪਿਉ ਪੁੱਤਾਂ ਨੇ ਪੂਰਾ ਖੌਰੂ ਪਾ ਦੇਣਾ ਸੀ ਜੇ ਉਸਨੂੰ ਤਾਪ ਨਾ ਚੜ੍ਹਿਆ ਹੁੰਦਾ ਤਾਂ।ਚੁੱਪਚਾਪ ਸਿਰ ਸੁੱਟੀ ਟੋਕੇ

ਅੱਗੋਂ ਦਾਤਰੀ ਚੁੱਕ ਕੇ ਧਰਮਾ ਪੱਠਿਆਂ ਦੇ ਟੱਕ ਵੱਲ ਨੂੰ ਹੋ ਤੁਰਿਆ ।ਪੜ੍ਹਾਈ ਉਹਨੇ ਵਿੱਚੇ ਛੱਡ ਦਿੱਤੀ ਸੀ ।ਅਗਾੜੇ ਪਿਛਾੜੇ ਦੇ ਸਕੂਲੋਂ ਬਾਰ੍ਹਵੀਂ ਕਰਨ ਤੋਂ ਬਾਦ ਉਹ ਖਾਲਸਾ ਕਾਲਜ ਪੜ੍ਹਨੇ ਪੈ ਗਿਆ ਪਰ ਅੱਧ ਵਿੱਚਾਲ਼ੇ ਜਾ ਕੇ ਉਸਨੇ ਭਰਤੀ ਹੋਣ ਦਾ ਫ਼ੈਸਲਾ ਕਰ ਲਿਆ ।ਭਾਵੇਂ ਕਿ ਕਸ਼ਮੀਰਾ ਉਸਨੂੰ ਚੇਤੇ ਕਰਾਉਂਦਾ ਰਹਿੰਦਾ ਭਈ ਸਿੰਘਾਂ ਨੇ ਮੁੰਡਿਆਂ ਨੂੰ ਪੁਲਿਸ ਵਿੱਚ ਨਾ ਜਾਣ ਦਾ ਫ਼ੁਰਮਾਨ ਜਾਰੀ ਕੀਤਾ ਹੋਇਆ ਹੈ ਪਰ ਧਰਮਾ ਕਹਿੰਦਾ-ਜਿੱਥੇ ਲਿਖੀ ਆ ਹੀ ਜਾਣੀ ਆ ।ਐਂਵੇਂ ਮਰਨ ਤੋਂ ਪਹਿਲਾਂ ਈ ਮਰੀ ਜਾਉ ..' ਆਪਣੀ ਜ਼ਿਦ ਪੁਗਾਉਂਦਿਆਂ ਗੁਰਦਾਸਪੁਰ ਭਰਤੀ ਵੇਖ ਕੇ ਧਰਮਾ ਰਾਤੀਂ ਮੁੜਿਆ ਸੀ ਥੱਕਾ ਟੁੱਟਾ ਤੇ ਹੁਣ ਦਿਨ ਚੜ੍ਹੇ ਤੱਕ ਉਹ ਥਕਾਣ ਲਾਹੁਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਪਿਉ ਤੇ ਮਾਂ ਦੇ ਰੌਲ਼ੇ ਨੇ ਉਠਾ ਦਿੱਤਾ ।ਪੱਠੇ ਵੱਢਦਿਆਂ ਛਟਾਲੇ ਦੇ ਪੱਤਿਆਂ ਉੱਤੋਂ ਦਾਤਰੀ ਤਿਲਕ ਤਿਲਕ ਜਾਂਦੀ ।ਮੂੰਹ ਵਿੱਚ ਬੁੜਬੁੜ ਕਰਦਾ ਉਹ ਪੱਠੇ ਵੱਢੀ ਗਿਆ।

ਰਜਾਈ ਨੂੰ ਆਸੇ ਪਾਸਿਉਂ ਨੱਪ ਕੇ ਉਸ ਮੁੱਘੜ ਜਿਹਾ ਬਣ ਲਿਆ ਤੇ ਉੱਸਲ਼ਵੱਟੇ ਭੰਨਣ ਲੱਗਾ ।ਨੀਂਦ ਨਹੀਂ ਸੀ ਆ ਰਹੀ ਪਰ ਉੱਠਿਆ ਵੀ ਨਹੀਂ ਸੀ ਜਾ ਰਿਹਾ ।ਸੋਚਾਂ ਵਿੱਚ ਕਦੀ ਉਹਦੀਆਂ ਅੱਖਾਂ ਅੱਗੇ ਲੈਣੇਦਾਰ ਆ ਖੜੋਂਦੇ ,ਕਦੀ ਬਾਬਾ ਤੇ ਕਦੀ ਬਣਸੀ ,ਬਣਸੀ ਨੂੰ ਤਾਂ ਉਸ ਐਂਵੇਂ ਫ਼ਾਂਟ ਛੱਡਿਆ।

'ਪਰ ਇਹ ਵੀ ਲੋੜ ਸੀ ,ਉਂਝ ਫ਼ਾਂਟਿਆਂ ਨੂੰ ਵੀ ਵਾਹਵਾ ਵਰ੍ਹੇ ਹੋ ਗਏ ਸਨ ਤੇ ਹੁਣ ਸਗੋਂ ਚੌੜ ਹੁੰਦੀ ਜਾਂਦੀ ਸੀ ।ਇੱਕ ਜਦੋਂ ਦੀ ਬਾਬਿਆਂ ਕੋਲ ਜਾਣ ਲੱਗ ਪਈ ਆ ਹੋਰ ਵਾਧਲ ਹੋ ਗਈ ਆ।'ਉਂਝ ਉਸਦੀ ਕੋਸ਼ਿਸ਼ ਹੁੰਦੀ ਕਿ ਜਵਾਨ ਹੋ ਰਹੇ ਧੀਆਂ ਪੁੱਤਾਂ ਸਾਹਵੇਂ ਉਸਨੂੰ ਕੁਝ ਨਾ ਕਿਹਾ ਜਾਵੇ ਪਰ ਜਦੋਂ ਕਿਤੇ ਉਹਦੇ ਸਬਰ ਦੀ ਹੱਦ ਮੁੱਕ ਜਾਂਦੀ ਤਾਂ ਉਸਨੂੰ ਧੱਪ ਚੜ੍ਹ ਜਾਂਦਾ ।ਇਸੇ ਅਹੁਰ ਦੇ ਹੱਲ ਲਈ ਹੀ ਤਾਂ ਬਣਸੀ ਬਾਬਿਆਂ ਕੋਲੋਂ ਲਾਚੀਆਂ ਤੇ ਜਲ ਕਰਾ ਕੇ ਹਰ ਪੁੰਨਿਆਂ'ਤੇ ਲਿਆਉਂਦੀ ਸੀ ਤੇ ਉਸਨੂੰ ਦੱਸਿਆਂ ਬਿਨਾਂ ਉਸਦੀ ਸਬਜ਼ੀ ਵਿੱਚ ਤੇ ਪਾਣੀ ਵਿੱਚ ਮਿਲਾਉਂਦੀ ਸੀ ।ਉਂਝ ਇਸ ਗੱਲ ਦੇ ਗਵਾਹ ਤਾਂ ਬਾਬੇ ਵੀ ਨੇ ।ਬਾਸਮਤੀ ਦੇ ਢੇਰ ਉੱਤੇ ਜਦੋਂ ਗਾਜੀਆਂ ਨੇ ਵੱਡੀ ਸਾਰੀ ਖਾਲੀ ਬੋਰੀ ਸੁੱਟ ਦਿੱਤੀ ਤਾਂ ਉਦੋਂ ਵੀ ਇਹਦੇ ਵਿੱਚ ਕੋਈ ਸ਼ੈਅ ਵੜ ਗਈ ਸੀ ।ਉਦੋਂ ਤਾਂ ਆਪਣਾ ਝਾਟਾ ਖੋਹ ਮਾਰਿਆ ਤੇ ਡੱਬੀਆਂ ਵਾਲਾ ਸਾਫ਼ਾ ਗਲ਼ ਵਿੱਚ ਪਾ ਲਿਆ-

"ਤੂੰ ਏਦਾਂ ਕਰ ,ਸਾਰੀ ਫ਼ਸਲ ਡੇਰੇ ਈ ਸੁੱਟ ਆ ਤੇ ਆਹ ਜਿਹੜੇ ਜੰਮੇ ਈ ਇਹ ਵੀ ਡੇਰੇ ਈ ਚੜ੍ਹਾ ਦੇ ਤੇ ਮੈਂ ਫ਼ਾਹਾ ਲੈ ਲੈਂਨਾ ਤੇ ਫ਼ਿਰ ਤੂੰ ਵੀ ਡੇਰੇ ਈ ਰਹਿ ਪਈਂ ,ਤੂੰ ਵੀ ਖੁਸ਼ ਤੇ ਤੇਰੇ ਸਾਧ ਵੀ ਖੁਸ਼।'ਉਹ ਅਵਾ ਤਵਾ ਬੋਲਦਾ ਗਲ਼ ਵਿੱਚ ਸਾਫ਼ਾ ਪਾ ਕੇ ਘੁੱਟਣ ਲੱਗਾ ।ਬਣਸੀ ਨੇ ਭੱਜ ਕੇ ਉਹਦੇ ਹੱਥੋਂ ਸਾਫ਼ਾ ਛੁਡਾਇਆ ।ਉਹਨੇ ਦੋ ਬਣਸੀ ਦੇ ਦੁਹੱਥੜ ਮਾਰ ਦਿੱਤੇ ।ਘੜੀ ਵਿੱਚ ਦੀ ਹੋ ਹਾਇਆ ਹੋ ਗਈ ।ਬਾਬੇ ਡੈਂਬਰੇ ਜਿਹੇ ਵੇਖੀ ਜਾਣ ।ਉਹ ਵਾਹਿਗੁਰੂ ਵਾਹਿਗੁਰੂ ਕਰਨ ਲੱਗੇ ਤੇ ਬੋਹਲ਼ ਉੱਤੇ ਪਈ ਖਾਲੀ ਬੋਰੀ ਚੁੱਕ ਕੇ ਚਲੇ ਗਏ।

ਉਸਨੂੰ ਅਜੇ ਲੈਣੇ ਦੇਣੇ ਦਿੱਸਦੇ ਸਨ ਪਰ ਬਣਸੀ ਬਾਬਿਆਂ ਉੱਤੋਂ ਵਾਰੀ ਵਾਰੀ ਜਾ ਰਹੀ ਸੀ ।ਅਜੇ ਤਾਂ ਉਹ ਦਲ ਦੇ ਚਰਨ ਵੀ ਪਵਾਉਣ ਲਈ ਕਹਿੰਦੀ ਰਹਿੰਦੀ ਤੇ ਕਦੀ ਅਖੰਡ ਪਾਠ ਕਰਾਉਣ ਨੂੰ ਵੀ ਆਖਦੀ ਪਰ ਅਜੇ ਤਾਂ ਢਿੱਲੋਂ ਤੇ ਧਨਵੰਤੇ ਸ਼ਾਹ ਦਾ ਹੀ ਸਿਆਪਾ ਨਹੀਂ ਮੁੱਕਦਾ ।ਪਿਛਲਾ ਲਾਹ ਕੇ ਆਉਂਦਾ ,ਅਗਲਾ ਹੋਰ ਤਿਆਰ ਹੋ ਜਾਂਦਾ ।ਦਿਉ ਮੂੰਹ ਅੱਡੀ ਖੜ੍ਹਾ ਹੀ ਹੁੰਦਾ।

'ਏਸ ਖੱਚ ਬੁੱਢੀ ਨੂੰ ਇਹ ਨ੍ਹੀਂ ਪਤਾ ਭੀ ਮੈਂ ਜਿਹੜੇ ਕੰਜਰਾਂ ਦੇ ਦੇਣੇ ਆ ਉਹ ਤਾਂ ਪੂਰੇ ਹੋਣ ਨ੍ਹੀ ਡਹੇ ਤੇ ਵਿਹਲੜਾਂ ਨੂੰ ਬੋਹਲ਼ ਈ ਲਦਵਾਉਣ ਨੂੰ ਤਿਆਰ ਰਹਿੰਦੀ ਆ ।ਇਹਨੂੰ ਤਾਂ ਰੱਬ ਨੂੰ ਖੁਸ਼ ਕਰਨ ਦੀ ਹੁੰਦੀ ਆ ।ਮੂੜ ਮੱਤ ਨੂੰ ਇਹ ਨਹੀਂ ਪਤਾ ਭੀ ਰੱਬ ਏਦਾਂ ਵੱਸ ਨਹੀਂ ਆਉਂਦਾ 'ਖੰਡ ਪਾਠ ਕਰਾਇਆਂ ਜਾਂ ਬੋਹਲ਼ਾਂ ਦੇ ਬੋਹਲ਼ ਨਖੱਟੂਆਂ ਨੂੰ ਚੜ੍ਹਾਇਆਂ।'ਉਹ ਹਨੇਰੀ ਨਾਲ ਡਿੱਗੀ ਧਰੇਕ ਦੇ ਮੁੱਢ ਉੱਤੇ ਬਹਿ ਗਿਆ ।ਜਟੂਰੀਆਂ ਨੂੰ ਇਕੱਠਾ ਕੀਤਾ ਤੇ ਜੂੜਾ ਕਰਕੇ ਸਾਫ਼ਾ ਸਿਰ'ਤੇ ਵਲੇਟ ਲਿਆ ।ਫ਼ਿਰ ਉੱਠ ਕੇ ਨਲਕਾ ਗੇੜ ਕੇ ਪਾਣੀ



ਪੀਤਾ ਤੇ ਉੱਥੇ ਹੀ ਆ ਕੇ ਬੈਠ ਗਿਆ ।ਮੱਥੇ ਉੱਤੋਂ ਸਾਫ਼ਾ ਖਿਸਕਾ ਕੇ ਉੱਤਾਂਹ ਕਰ ਲਿਆ ਤੇ ਉਂਗਲ਼ਾਂ ਨਾਲ ਸਿੱਕਰੀ ਰੜਕਾਉਣ ਲੱਗ ਪਿਆ।

ਉਹ ਫ਼ਿਰ ਹਿਸਾਬਾਂ ਕਿਤਾਬਾਂ ਵਿੱਚ ਲਹਿ ਗਿਆ ।ਸ਼ਹਿਰ ਰਹਿੰਦੇ ਭਰਾ ਦੀ ਢਾਈ ਕਿੱਲੇ ਪੈਲ਼ੀ ਦੇ ਠੇਕੇ ਦਾ ਬਕਾਇਆ ਐਤਕੀਂ ਵੀ ਨਹੀਂ ਸੀ ਦਿੱਤਾ ਜਾਣਾ ।ਉਹ ਹਰ ਵਾਰ ਭਰਾ ਦੀ ਪੈਲ਼ੀ ਲੈ ਲੈਂਦਾ ਭਾਵੇਂ ਉਸ ਵਿੱਚੋਂ ਬਚਦਾ ਕੁਝ ਨਾ ਸਗੋਂ ਆਪਣੀ ਪੈਲ਼ੀ ਦੀ ਵੱਟਤ ਵੀ ਉਸੇ ਵਿੱਚ ਸੁੱਟਣੀ ਪੈਂਦੀ ।ਐਂਤਕੀਂ ਭਾਵੇਂ ਠੇਕੇ ਵਧ ਗਏ ਸਨ ਤੇ ਭਰਾ ਨੇ ਕਸ਼ਮੀਰੇ ਨੂੰ ਵੀ ਠੇਕਾ ਵਧਾਉਣ ਦਾ ਸੁਣਾਇਆ ਸੀ ਪਰ ਉਸ ਤਰਲਾ ਮਾਰ ਕੇ ਉਸੇ ਭਾਅ ਈ ਲੈ ਲਈ ਸੀ ਭਾਵੇਂ ਬਣਸੀ ਨੇ ਰੋਕਿਆ ਵੀ ਸੀ-

'ਮੈਂ ਆਹਨੀਂ ਆਂ ਬੜਾ ਸਿਆਣਾ ਤੂੰ? ਲੋਕੀਂ ਤਾਂ ਪੈਲ਼ੀਆਂ ਛੱਡਣ ਡਹੇ ਆ ਤੇ ਤੂੰ ਠੇਕੇ'ਤੇ ਲੈਣ ਡਿਆ ਏਂ ,ਸੁਣਲਾ ਮੇਰੀ ਕੰਨ ਖੋਹਲ ਕੇ ਠੇਕੇ'ਤੇ ਪੈਲ਼ੀ ਨਾ ਲਈ।.ਐਤਕੀਂ ,ਲੈ ਦੇ ਕੇ?'

'ਤੇਰੇ ਪੇਕਿਆਂ ਨੇ ਛੱਡੀ ਹੋਣੀਂ ਆ ਵਾਹੀ ,ਨਖੱਟੂਆਂ ਨੇ ,ਅਖੇ ਠੇਕੇ'ਤੇ ਪੈਲ਼ੀ ਨਾ ਲਈਂ ,ਹੋਰ ਸ਼ਰੀਕਾਂ ਨੂੰ ਵਾੜ ਲਵਾਂ ਭਰਾ ਦੀ ਪੈਲ਼ੀ ਵਿੱਚ ,ਨਾਲੇ ਮੈਂ ਲੋਕਾਂ ਤੋਂ ਗੱਲਾਂ ਨ੍ਹੀ ਕਰਾਉਣੀਆਂ ਭੀ ਸਕੇ ਭਰਾਵਾਂ'ਚ ਤਪਾਕ ਨ੍ਹੀਂ ਹੈਗਾ ਤੇ ਖੌਰਿਆ ਇਸੇ ਕਰਕੇ ਈ ਸਕੇ ਭਰਾ ਨੇ ਐਂਤਕੀਂ ਪੈਲ਼ੀ ਨ੍ਹੀਂ ਦਿੱਤੀ ।'

ਉਹ ਨਹੀਂ ਸੀ ਚਾਹੁੰਦਾ ਕਿ ਕੋਈ ਓਬੜ ਜਾਂ ਫ਼ਰਾਊਂ ਬੰਦਾ ,ਭਰਾ ਦੀ ਪੈਲ਼ੀ ਵਿੱਚ ਪੈਰ ਧਰੇ ।ਨਾਲੇ ਊਂ ਵੀ ਪਿੰਡ ਵਾਲੇ ਕਹਿਣਗੇ ਕਿ ਭਰਾਵਾਂ ਦਾ ਪਿਆਰ ਨੀਂ ਹੈਗਾ ।ਨਾਲੇ ਪੰਚਾਇਤੀ ਪੈਲੀ ਦੀ ਬੋਲੀ ਵੀ ਇਸ ਵਾਰ ਹੱਦਾਂ ਟੱਪ ਗਈ ਸੀ ।ਪਾਕਿਸਤਾਨੀ ਬਾਸਮਤੀ ਦਾ ਚੰਗਾ ਭਾਅ ਲੱਗਣ ਕਰਕੇ ਲੋਕਾਂ ਵਧ ਚੜ ਕੇ ਬੋਲੀ ਦਿੱਤੀ ਸੀ ।ਉਸਦੇ ਘਰ ਦੇ ਲਾਗਲੇ ਪੰਚਾਇਤੀ ਖੱਤੇ ਦੀ ਬੋਲੀ ਉਸ ਉੱਤੇ ਕੋਈ ਚੜ੍ਹ ਕੇ ਨਾ ਦਿੰਦਾ ਕਿਉਂਕਿ ਉਸ ਖੱਤੇ ਨੂੰ ਕੇਵਲ ਕਸ਼ਮੀਰੇ ਦੀ ਬੰਬੀ ਦਾ ਪਾਣੀ ਪੈਂਦਾ ਸੀ ਪਰ ਇਸ ਵਾਰ ਤਾਂ ਉਸ ਉੱਤੇ ਵੀ ਬੋਲੀ ਦੇ ਦਿੱਤੀ ।ਜਦੋਂ ਬੋਲੀ ਉਹਦੀ ਵਿੱਤੋਂ ਬਾਹਰ ਹੋ ਗਈ ਤਾਂ ਉਹ ਪੱਲਾ ਝਾੜ ਕੇ ਉੱਠ ਪਿਆ ਤੇ ਪੰਚਾਇਤ ਸਕੱਤਰ ਨੇ 'ਗਈ ਜੀ ਸ਼ਾਹ ਹੁਰਾਂ ਨੂੰ'ਕਹਿ ਕੇ ਪੈਲ਼ੀ ਉਸਨੂੰ ਸੌਂਪ ਦਿੱਤੀ।

ਜਦੋਂ ਦਾ ਮੱਰੋ ਦਾ ਵਿਆਹ ਕੀਤਾ ਸੀ ਉਹ ਹਰ ਵੇਲੇ ਹਿਸਾਬਾਂ ਕਿਤਾਬਾਂ ਵਿੱਚ ਗੁਆਚਾ ਰਹਿੰਦਾ ।ਹੂੰਗਦੇ ਹੂੰਗਦੇ ਉਸਦੀ ਝੌਂਕ ਲੱਗ ਜਾਂਦੀ ਪਰ ਫ਼ਿਰ ਤ੍ਰਬਕ ਕੇ ਉੱਠ ਪੈਂਦਾ ।ਉਸਨੂੰ ਲੱਗਦਾ ਕਿ ਉਸਦੀ ਛਾਤੀ ਉੱਤੇ ਕੋਈ ਬਹਿ ਗਿਆ ਹੈ ।ਸ਼ਕਲ ਬੇਪਛਾਣ ਜਿਹੀ ਹੁੰਦੀ ਪਰ ਉਸਨੂੰ ਭਾਰ ਮਹਿਸੂਸ ਹੁੰਦਾ ਤੇ ਸਾਹ ਰੁਕਦਾ ਲੱਗਦਾ ।ਉਹ ਅੱਭੜਵਾਹੇ ਉੱਠਦਾ ਤੇ ਫ਼ਿਰ ਪੈ ਜਾਂਦਾ।

ਲੋਕੀਂ ਬਾਹਰ ਨਿਕਲਣ ਲੱਗ ਪਏ ਸਨ ।ਲੋਈਆਂ ਤੇ ਖੇਸਾਂ ਦੀਆਂ ਬੁੱਕਲਾਂ ਮਾਰੀ ਰੋਹੀ ਵੱਲ ਨੂੰ ਵਹੀਰਾਂ ਘੱਤੀ ਤੁਰੇ ਜਾ ਰਹੇ ਸਨ ।ਕੋਹਰਾ ਹੱਥਾਂ ਨੂੰ ਠਾਰਦਾ ਜਾਂਦਾ ਤਾਂ ਮੂੰਹ ਵਿੱਚੋਂ ਧੂੰਆਂ ਘੱਟ ਤੇ ਵਾਖਰੂ ਵਾਖਰੂ ਜ਼ਿਆਦਾ ਨਿਕਲਦਾ ।ਗੱਲਾਂ ਕਰਦਿਆਂ ਧੂੰਆਂ ਅਗਲੇ ਦੇ ਮੂੰਹ ਵਿੱਚ ਜਾ ਵੜਦਾ ਤੇ ਕਈ ਵਾਰ ਧੁੰਦ ਦੇ ਨਾਲ ਨਾਲ ਥੁੱਕ ਦਾ ਵੀ ਤਰੌਂਕਾ ਅਗਲੇ ਦੇ ਮੂੰਹ ਨੂੰ ਤਰ ਕਰ ਜਾਂਦਾ।

"ਕਿੱਦਾਂ ਹੇਅ?ਲਗਦੈ ਨਹੀਂ ਭੀ ਸੂਰਜ ਦੇਵਤਾ ਦਰਸ਼ਨ ਦੇਊ। ਕਿਉਂ ਭਾਊ?"

"ਨਾ ਭਾਊ ਨਾ ,ਅਜੇ ਕਿੱਥੇ ,ਐਂਤਕੀਂ ਤਾਂ ਬਾਹਲ਼ੀ ਠੰਢ ਆ ਭਾਊ ,ਨਹੀਂ।?" ਬੇਸ਼ੱਕ ਠੰਢ ਹਰ ਵਾਰ ਹੀ ਇੰਨੀ ਪੈਂਦੀ ਸੀ ਪਰ ਇਹ ਵਾਕ ਹਰ ਸਿਆਲ ਵਿੱਚ ਸੁਣਨ ਨੂੰ ਮਿਲ ਜਾਂਦਾ ਸੀ।

"ਕਹਿੰਦੇ ਨੇ ਠੰਢ ਤੇ ਬੇਇੱਜ਼ਤੀ ਜਿੰਨੀ ਮਹਿਸੂਸ ਕਰੋ ਉਂਨੀ ਜ਼ਿਆਦਾ ਲੱਗਦੀ ਆ ।ਕਿਉਂ ਭਾਊ?"ਕੋਈ ਆਪਣਾ ਤਜਰਬਾ ਦੱਸਦਾ।

"ਹਲ਼ਾ ।ਗੱਲ ਤਾਂ ਭਾਊ ਸੋਲ਼ਾਂ ਆਨੇ ਸੱਚੀ ਆ।.ਪਰ ਹਾਅ ਜਿਹੜਾ ਬਿੱਕਰ ਤਖਾਣ ਆ ਇਹਨੂੰ ਤਾਂ ਕੋਈ ਲੱਥੀ ਚੜ੍ਹੀ ਨਹੀਂ ।ਇੱਜਤ ਬੇਜਤੀ ਦੀ।"ਧੁੰਦ ਕਰਕੇ ਭਾਵੇਂ ਖੇਹ ਖਾਣਿਆਂ ਦੇ ਰੱਤੂ ਦੀ ਮਾਰੀ ਅੱਖ ਦਾ ਪਤਾ ਨਹੀਂ ਸੀ ਲੱਗਾ ਪਰ ਖੇਸੀ ਵਿੱਚ ਲੁਕੇ ਹੱਥਾਂ ਨਾਲ ਜਿਹੜਾ ਗੰਦਾ ਇਸ਼ਾਰਾ ਰੱਤੂ ਨੇ ਕੀਤਾ ਸੀ ਉਸਦਾ ਮਤਲਬ ਸਮਝ ਕੇ ਦੂਲਾ ਹੱਟੀ ਆਲ਼ਾ ਖਿੜਖਿੜਾ ਕੇ ਹੱਸ ਪਿਆ ਸੀ ।ਹੱਸਣ ਨਾਲ ਦੂਲ਼ੇ ਦੇ ਮੂੰਹ ਵਿਚਲੀ

ਦਾਤਣ ਭੁੜਕ ਕੇ ਉਸਦੀ ਝੋਲ਼ੀ ਵਿੱਚ ਆਣ ਡਿੱਗੀ।ਉਹ ਸ਼ਰਮਿੰਦਾ ਜਿਹਾ ਹੋ ਗਿਆ-"ਇਹ ਠੇਠਰ ਆ ਭਾਊ ।ਪਰ ਇਹਨੂੰ ਕੀ, ਪਿੰਡ ਤਾਂ ਸ਼ਿੰਦਰ ਛੱਡ ਗਿਆ ਚਵਾਰਾ ਨਮੋਸ਼ੀ ਦਾ ਮਾਰਿਆ।ਚੱਲ ਉਹ ਜਾਣੇ। ਕਿਉਂ ਭਾਊ?"ਕਹਿ ਕੇ ਉਹ ਕਾਹਲੀ ਨਾਲ ਰੋਹੀ ਵੱਲ ਨੂੰ ਹੋ ਤੁਰਿਆ।

ਦੂਲੇ ਨੇ ਸਮਝ ਲਿਆ ਭੀ ਗੱਲ ਨੂੰ ਕੱਚੀ ਲੱਸੀ ਵਾਂਗ ਵਧਾ ਕੇ ਉਸ ਵਿੱਚੋਂ ਸਵਾਦ ਲੈਣ ਵਾਲਾ ਰੱਤੂ ਐਵੇਂ ਨਹੀਂ ਗੱਲ ਨੂੰ ਅੱਧ ਵਿੱਚੋਂ ਛੱਡ ਗਿਆ।ਉਸਦੇ ਕਾਹਲੇ ਕਦਮਾਂ ਤੋਂ ਹਿਸਾਬ ਲਾ ਲਿਆ ਕਿ ਕੰਮ ਕੰਢੇ ਉੱਤੇ ਆ ਗਿਆ ਹੋਣੈਂ,ਲੱਗਦਾ ਨਹੀਂ ਉਹ ਰੋਹੀ'ਤੇ ਪਹੁੰਚ ਸਕੇ।ਸਾਹਮਣਿਉਂ ਉਹਦਾ ਧਿਆਨ ਹੱਥ ਵਿੱਚ ਮਸ਼ੈਟੀ ਵਾਲੇ ਡੱਬੇ ਵਿੱਚ ਪਾਣੀ ਪਾਈ ਆਉਂਦੇ ਬਿੱਕਰ ਤਖਾਣ ਵੱਲ ਧਿਆਨ ਪੈ ਗਿਆ ਸੀ।ਕੁਝ ਦਿਨ ਪਹਿਲਾਂ ਬਿੱਕਰ ਦੇ ਢੱਠੇ ਜਿਹੇ ਖੋਲ਼ੇ ਵਿੱਚ ਨਾਜਰ ਮਹਿਰੇ ਦੀ ਖੋਤੀ ਬੰਨ੍ਹੀ ਫੜੀ ਗਈ ਜਿਹੜੀ ਪਰਸੋਂ ਦੀ ਗੁਆਚੀ ਹੋਈ ਸੀ।ਇਸ ਖ਼ਬਰ ਨਾਲ ਬਿੱਕਰ ਦੀ ਪਿੰਡ ਵਿੱਚ ਪਾਹਰਿਆ ਪਾਹਰਿਆ ਹੋ ਰਹੀ ਸੀ।ਇਸ ਨਮੋਸ਼ੀ ਤੋਂ ਬਚਣ ਲਈ ਉਸਦਾ ਮੁੰਡਾ ਸ਼ਿੰਦਰ ਆਪਣੇ ਸਹੁਰੇ ਜਾ ਵੱਸਿਆ ਸੀ।

ਬਿੱਕਰ ਨੂੰ ਆਉਂਦੇ ਵੇਖ ਕੇ ਸਾਰੇ ਖਿੰਡਰ ਪੁੰਡਰ ਗਏ।

ਉਧਰੋਂ ਦਿਨ ਸਿਰ'ਤੇ ਆਉਣ ਕਰਕੇ ਘਰਾਂ ਵਿੱਚੋਂ ਸਵਾਣੀਆਂ ਵੀ ਲੰਮੇ ਲੰਮੇ ਲੀੜੇ ਸਿਰ'ਤੇ ਲਈ ਢਾਬ ਨੂੰ ਆਉਣ ਲੱਗ ਪਈਆਂ ਸਨ।ਬੰਦੇ ਰੋਹੀ ਉੱਤੇ ਲੱਗੀਆਂ ਪਹਾੜੀ ਕਿੱਕਰਾਂ ਜਾਂ ਫ਼ਿਰ ਅੱਕ ਦੇ ਬੂਟਿਆਂ ਦਾ ਸਹਾਰਾ ਲੈਂਦੇ ਪਰ ਬੀਬੀਆਂ ਢਾਬ ਉੱਤੇ ਉੱਗੇ ਗੁਲਾਬਾਸੀ ਦੇ ਬੂਟਿਆਂ ਦਾ ਸਹਾਰਾ ਲੈਂਦੀਆਂ।ਢਾਬ ਵਾਲਾ ਰਾਹ ਹੀ ਅੱਗੇ ਰੋਹੀ ਨੂੰ ਜਾਂਦਾ ਹੋਣ ਕਰਕੇ ਸਵਾਣੀਆਂ ਨੂੰ ਬੜੇ ਧਿਆਨ ਨਾਲ ਰਹਿਣਾ ਪੈਂਦਾ।ਕਈ ਬੁੱਢੀਆਂ,ਅੱਗਿਉਂ ਬੰਦੇ ਆਉਂਦੇ ਵੇਖ ਕੇ ਉੱਥੇ ਹੀ ਖੜ੍ਹੋ ਜਾਂਦੀਆਂ ਹਾਲਾਂਕਿ ਐਸ ਵੇਲੇ ਘਰ ਦੇ ਕੰਮਾਂ ਕਰਕੇ ਕਾਹਲ ਵੀ ਹੁੰਦੀ ਪਰ ਸਿਆਣੇ ਬੰਦੇ ਤਾਂ ਉੱਥੋਂ ਹਿੱਲ ਪੈਂਦੇ ਪਰ ਕਈ ਜਾਣ ਬੁੱਝ ਕੇ ਖੜ੍ਹੋਤੇ ਰਹਿੰਦੇ ਤੇ ਕੈਰੀ ਜਿਹੀ ਅੱਖ ਨਾਲ ਸਵਾਣੀਆਂ ਨੂੰ ਗੁਲਾਬਾਸੀ ਦੇ ਬੂਟਿਆਂ ਪਿੱਛੇ ਜਾਂਦਿਆਂ ਵਿਹੰਦੇ ਰਹਿੰਦੇ।

ਢਾਬ ਦੇ ਨਾਲ ਨਾਲ ਰੰਗੜਾਂ ਦੀਆਂ ਪੈਲ਼ੀਆਂ ਹੋਣ ਕਰਕੇ ਉਨ੍ਹਾਂ ਨੂੰ ਲੰਘਣਾ ਔਖਾ ਹੋ ਜਾਂਦਾ।ਹਨੇਰੇ ਸਵੇਰੇ ਉਹ ਲਿਬੜੇ ਪੈਰਾਂ ਨੂੰ ਮਿੱਟੀ ਉੱਤੇ ਘਸਾਉਂਦਿਆਂ ਸੌ ਸੌ ਗਾਲ੍ਹ ਬੁੱਢੀਆਂ ਨੂੰ ਕੱਢਦੇ।ਕਈ ਵਾਰ ਤਾਂ ਉਨ੍ਹਾਂ ਦਾ ਗੁੱਸਾ ਕੱਢਣ ਦਾ ਤਰੀਕਾ ਵੀ ਅਜੀਬ ਹੁੰਦਾ।ਆਪਣੀ ਪੈਲ਼ੀ ਵਿੱਚ ਨੱਪੇ ਬੁੱਢੀਆਂ ਦੇ ਕੱਪੜੇ ਉਹ ਕੱਢ ਕੱਢ ਕੇ ਲਾਂਘੇ ਉੱਤੇ ਸੁੱਟ ਦਿੰਦੇ ਤਾਂ ਕਿ ਉਹ ਸ਼ਰਮਿੰਦੀਆਂ ਹੋ ਜਾਣ ਪਰ ਬੁੱਢੀਆਂ ਹੋਰ ਕਿੱਥੇ ਜਾਣ।ਪਿੰਡ ਵਿੱਚ ਬੜੀ ਪੁਰਾਣੀ ਚੱਲੀ ਆ ਰਹੀ ਰੀਤ ਅਨੁਸਾਰ ਹੀ ਬੰਦੇ ਰੋਹੀ ਉੱਤੇ ਜਾਂਦੇ ਤੇ ਬੁੱਢੀਆਂ ਢਾਬ ਉੱਤੇ।ਹਾਂ ਕੁਝ ਕੁ ਨੂੰ ਛੋਟ ਸੀ ਢਾਬ ਉੱਤੇ ਜਾਣ ਦੀ।

ਦਾਤਣਾਂ ਮੂੰਹ ਵਿੱਚ ਦੇਈ ਲੋਕੀਂ ਰੋਹੀ ਨੂੰ ਹੋ ਤੁਰੇ ਸਨ।ਕਦੀ ਕਦੀ ਕੋਈ ਦਾਤਣ ਗਲ਼ ਵਿੱਚ ਵੱਜਣ ਕਰਕੇ ਬਾਕਦਾ ਤੇ ਕੋਈ ਉੱਚੀ ਉੱਚੀ ਖੰਘਾਰ ਸੁੱਟਦਾ ਤੇ ਆਹ ਬੂਹ ਕਰਦਿਆਂ 'ਵਾਖਰੂ'ਕਹਿੰਦਾ ਤੁਰਿਆ ਜਾਂਦਾ।ਧੁੰਦ ਵਿੱਚ ਦਿੱਸਦਾ ਤਾਂ ਕੋਈ ਨਹੀਂ ਪਰ ਖੰਘਣ ਤੋਂ ਜਾਂ ਬਾਕਣ ਤੋਂ ਜਾਂ ਆ ਬੂਹ ਕਰਨ ਦੇ ਅੰਦਾਜ਼ ਤੋਂ ਇਹ ਪਤਾ ਲੱਗ ਜਾਂਦਾ ਕਿ ਫ਼ਲਾਣਾ ਸਿਹੁੰ ਵੀ ਉੱਠ ਪਿਆ ਹੈ ਤੇ ਹੁਣ ਰੋਹੀ ਨੂੰ ਤੁਰ ਪਿਆ ਹੈ।ਦਾਤਣ ਚਿੱਥਣ ਦੀ ਸਪੀਡ ਵੀ ਉਨ੍ਹਾਂ ਦੇ ਪੈਰਾਂ ਦੀ ਸਪੀਡ ਨਾਲ ਵਧ ਜਾਂਦੀ ਤੇ ਪੈਰਾਂ ਦੀ ਸਪੀਡ ਉਨ੍ਹਾਂ ਦੇ ਢਿੱਡ ਵਿੱਚ ਉੱਠਣ ਵਾਲੇ ਵੱਟਾਂ ਦੀ ਸਪੀਡ ਨਾਲ।ਭਾਵੇਂ ਇੱਕ ਦਿਨ ਪੁਲਿਸ ਵਾਲੇ ਰਹਿਰਾਸ ਦੇ ਪਾਠ ਤੋਂ ਬਾਦ ਗੁਰਦੁਆਰੇ ਦੇ ਭਾਈ ਨੂੰ ਕਹਿ ਕੇ ਗਏ ਸਨ ਕਿ ਸਪੀਕਰ ਵਿੱਚ ਬੋਲ ਦੇਵੇ ਕਿ ਪਿੰਡ ਵਿੱਚੋਂ ਸਾਰੀਆਂ ਲੁਕਣਗਾਹਾਂ ਨੂੰ ਨਸ਼ਟ ਕਰ ਦਿੱਤਾ ਜਾਵੇ ਪਰ ਢਾਬ ਕੰਢੇ ਉੱਗੀ ਗੁਲਾਬਾਸੀ ਦੇ ਬੂਟੇ ਅਜੇ ਵੀ ਉਵੇਂ ਹੀ ਸਨ ਕਿਉਂ ਜੋ ਇਹੀ ਇੱਕ ਅਜਿਹੀ ਲੁਕਣਗਾਹ ਸੀ ਜਿੱਥੇ ਕੋਈ ਵੀ ਸ਼ਰਾਰਤੀ ਅਨਸਰ ਨਹੀਂ ਸੀ ਲੁਕ ਸਕਦਾ।ਸਭ ਨੂੰ ਪਤਾ ਸੀ ਕਿ ਇੱਥੇ ਲੁਕ ਕੇ ਪੈਰ ਹੀ ਲਿਬੜਨਗੇ।ਓਧਰ ਭਾਊਆਂ ਨੇ ਵੀ ਇਹ ਬੁਲਵਾਇਆ ਸੀ ਕਿ ਰਾਹਾਂ ਤੋਂ ਹਟ ਕੇ ਝਾੜੇ ਬੈਠਾ ਜਾਵੇ ਤਾਂ ਕਿ ਰਾਤ ਬਰਾਤੇ ਉਨ੍ਹਾਂ ਨੂੰ ਮੁਸ਼ਕਲ ਨਾ ਆਵੇ।ਕਿਉਂ ਜੋ



ਉਹ ਪੰਥ ਦੀ ਸੇਵਾ ਵਾਸਤੇ ਰਾਤਾਂ ਝਾਗਦੇ ਫ਼ਿਰਦੇ ਨੇ।ਲੁਕਣਗਾਹਾਂ ਨਸ਼ਟ ਕਰਨ ਦੇ ਸਰਕਾਰੀ ਬਿਆਨ ਦਾ ਪਤਾ ਲੱਗਣ'ਤੇ ਉਨ੍ਹਾਂ ਲੋਕਾਂ ਨੂੰ ਸਮਝਾ ਦਿੱਤਾ ਸੀ ਕਿ ਇਹ ਕਿਉਂ ਜ਼ਰੂਰੀ ਨੇ।ਮੁੰਡੇ ਸਰਪੰਚ ਨੂੰ ਕਹਿ ਕੇ ਗਏ ਸਨ ਕਿ ਪੰਜਾਂ ਕਿੱਲਿਆਂ ਪਿੱਛੇ ਇੱਕ ਕਿੱਲਾ ਕਮਾਦ ਲਾਇਆ ਜਾਵੇ ਤਾਂ ਜੋ ਲੋੜ ਪੈਣ'ਤੇ ਲੁਕਣਗਾਹ ਬਣਾਇਆ ਜਾ ਸਕੇ।

ਢਾਬ ਦੀ ਗੁਲਾਬਾਸੀ ਉੱਤੇ ਕੇਵਲ ਬੁੱਢੀਆਂ ਦਾ ਅਧਿਕਾਰ ਸੀ ਤੇ ਕੋਈ ਵੀ ਬੰਦਾ ਇਸ ਇਲਾਕੇ ਵਿੱਚ ਜਾਣ ਦੀ ਜੁਅੱਰਤ ਨਹੀਂ ਸੀ ਕਰਦਾ।ਸਿਵਾਏ ਉਨ੍ਹਾਂ ਬੁੱਢਿਆਂ ਤੋਂ ਜਿਨ੍ਹਾਂ ਦੇ ਗੋਡੇ ਜਵਾਬ ਦੇ ਰਹੇ ਸਨ।ਧੀਰੇ ਕੇ ਬੁੱਢੇ ਸੁਰਜਨ ਕੁਕੜੂ ਨੂੰ ਇਸ ਇਲਾਕੇ ਵਿੱਚ ਝਾੜੇ ਬਹਿਣ ਦੀ ਛੋਟ ਸੀ ਕਿਉਂ ਜੋ ਉਸ ਕੋਲੋਂ ਰੋਹੀ ਤੱਕ ਜਾਇਆ ਵੀ ਨਹੀਂ ਜਾਂਦਾ ਤੇ ਦੂਜਾ ਗੋਡਿਆਂ ਹੱਥੋਂ ਬੈਠਾ ਵੀ ਨਹੀਂ ਸੀ ਜਾਂਦਾ।ਉਹ ਖੜਾ ਹੋ ਕੇ ਥੋੜ੍ਹਾ ਜਿਹਾ ਅੱਗੇ ਨੂੰ ਝੁਕ ਕੇ ਪੂਰਾ ਜ਼ੋਰ ਲਾਉਂਦਾ ਤਾਂ ਜੋ ਉਸਦੇ ਆਪਣੇ ਗਿੱਟੇ ਵੀ ਨਾ ਲਿਬੜਨ ਤੇ ਕੰਮ ਵੀ ਹੋ ਜਾਵੇ।ਢੂੰਗੀ ਨੂੰ ਉਹ ਕਿਸੇ ਖਾਲ਼ ਦੇ ਕੰਢੇ ਉੱਤੇ ਉੱਗੇ ਘਾਹ ਉੱਤੇ ਘੀਸੀ ਕਰਕੇ ਸਾਫ਼ ਕਰ ਲੈਂਦਾ ਪਰ ਹੁਣ ਤਾਂ ਖਾਲ਼ਾਂ ਦੇ ਘਾਹ ਉੱਤੇ ਪਏ ਕੋਰੇ ਕਰਕੇ ਉਹ ਇਹ ਕੰਮ ਵੀ ਨਾ ਕਰਦਾ ਤੇ ਸੁੱਕਪੁਕਾ ਹੀ ਘਰੇ ਪਰਤ ਆਉਂਦਾ।ਉਸਦੀ ਇਹ ਗੱਲ ਉਦੋਂ ਜੱਗ ਜ਼ਾਹਰ ਹੋਈ ਜਦੋਂ ਉਸਦਾ ਕੱਛਾ ਧੋਂਦਿਆਂ ਉਸਦੀ ਸ਼ਹਿਰਨ ਨੂੰਹ ਨੇ ਵੇਖਿਆ।

ਸੂਰਜ ਨਿਕਲਣ ਦੇ ਅੱਜ ਵੀ ਕੋਈ ਲੱਲ੍ਹ ਨਹੀਂ ਸਨ।ਧੁੰਦ ਤੇ ਕੋਹਰੇ ਨਾਲ ਜੀਵਨ ਜੰਮ ਜਿਹਾ ਗਿਆ ਸੀ।ਪੈਲ਼ੀਆਂ ਵਿੱਚ ਕੋਈ ਕੰਮ ਨਾ ਹੋਣ ਕਰਕੇ ਸਭ ਨਿਕੰਮੇ ਜਿਹੇ ਹੋਏ ਬੈਠੇ ਸਨ।ਰਜਾਈ ਵਿੱਚ ਬਹਿ ਕੇ ਸਿਵਾਏ ਨੋਕਾ ਟੋਕੀ ਤੇ ਕੁਣਸਾਂ ਕੱਢਣ ਦੇ ਕੋਈ ਕੰਮ ਨਹੀਂ ਸੀ।

ਕਸ਼ਮੀਰਾ ਰਜਾਈ ਨੂੰ ਚਾਰੇ ਪਾਸਿਉਂ ਨੱਪੀ ਉੱਸਲਵੱਟੇ ਭੰਨਦਾ ਹੂੰਗੀ ਜਾ ਰਿਹਾ ਸੀ ਤੇ ਬਣਸੀ ਕਸ਼ਮੀਰੇ ਦੇ ਅਗਲੇ ਪਿਛਲੇ ਨੌਲ਼ਦੀ ਮਾਰੋ ਮਾਰ ਕਰਦੀ ਵਿਹੜਾ ਹੂੰਝੀ ਜਾ ਰਹੀ ਸੀ।ਉਨਾਭੀ ਰੰਗ ਦੇ ਗਲ਼ ਚੁੱਕੇ ਸ਼ਾਲ ਦੀ ਮੋਰੀ ਵਿੱਚ ਉਂਗਲ਼ ਪੈ ਜਾਣ ਨਾਲ ਹੋਰ ਲੰਗਾਰ ਲੱਥ ਗਿਆ ਸੀ।

'ਐਂਤਕੀਂ ਕਣਕ ਤੋਂ ਨਵਾਂ ਸ਼ਾਲ ਰਾਸ਼ਿਆਂ ਤੋਂ ਲੈ ਹੀ ਲੈਣਾ ਏ।ਪਰ ਬੂਹੇ ਵੀ ਲੱਗਣ ਵਾਲੇ ਨੇ,'ਖੰਡ ਪਾਠ ਵੀ ਕਰਾਉਣਾ ਏ,ਸੁੱਖਣਾ ਵੀ ਲਾਹੁਣੀ ਏ, ਦਲ ਦੇ ਚਰਨ ਵੀ ਪਵਾਉਣੇ ਨੇ ਪਰ ਇਹ ਵੀ ਹੋ ਜੂ,ਬਾਬਿਆਂ ਕਰ ਈ ਦੇਣੀ ਆ ਮਿਹਰ।ਐਂਤਕੀਂ ਜੇ ਨਾ ਠੇਕੇ'ਤੇ ਪੈਲ਼ੀ ਲੈਂਦਾ ਧਰਮੇ ਦਾ ਭਾਊ ਤਾਂ ਸ਼ੈਂਤ ਸੁਖਣਾ ਲੱਥ ਈ ਜਾਂਦੀ।ਪਰ ਸ਼ਾਲ ਤਾਂ ਲੈ ਈ ਲੈਣਾ ਰਾਸ਼ਿਆਂ ਤੋਂ।ਇੱਥੇ ਤਾਂ ਇਹੋ ਕੁਝ ਹੀ ਰਹਿਣਾ,ਬੰਦਾ ਕਮਾਉਂਦਾ ਕਾਹਦੇ ਲਈ ਆ ਜੇ ਚੰਗਾ ਖਾਣਾ ਹੰਢਾਉਣਾ ਨਹੀਂ ਤਾਂ।' ਹਾਲਾਂਕਿ ਉਸਨੂੰ ਪਤਾ ਸੀ ਕਿ ਪਿਛਲੇ ਸਿਆਲ਼ਾਂ ਵਾਂਗ ਰਾਸ਼ਿਆਂ ਐਂਤਕੀਂ ਵੀ ਉਸਦੀ ਮਰਜ਼ੀ ਦਾ ਭਾਅ ਨਹੀਂ ਸੀ ਲਾਉਣਾ ਤੇ ਨਾ ਹੀ ਉਨ੍ਹਾਂ ਨਾਲ ਭਾਅ ਬਣਨਾ ਸੀ।

ਉਹ ਜਿਉਂ ਜਿਉਂ ਸੋਚਦੀ ਬਹੁਕਰ ਮਾਰਨ ਦੀ ਰਫ਼ਤਾਰ ਹੋਰ ਤੇਜ਼ ਹੋਈ ਜਾਂਦੀ।

***ਕਾਂਡ ਤੀਜਾ***

ਪਿੰਡ ਦੇ ਪੱਛਮ ਵਾਲੇ ਪਾਸੇ ਗਹਿਰ ਚੜ੍ਹੀ ਸੀ।ਸੂਰਜ ਅਜੇ ਡੁੱਬਾ ਨਹੀਂ ਸੀ ਪਰ ਹਨੇਰਾ ਜਿਹਾ ਹੋ ਗਿਆ ਸੀ।ਚੁਮਾਸਾ ਲੱਗਾ ਹੋਇਆ ਸੀ ਤੇ ਹੁੱਟ ਕਰਕੇ ਜੀਅ ਨੂੰ ਕੁਛ ਹੋ ਰਿਹਾ ਸੀ।ਮੁੜ੍ਹਕਾ ਸੁੱਕ ਨਹੀਂ ਸੀ ਰਿਹਾ।ਹਵਾ ਕਿਸੇ ਬੰਨਿਉਂ ਨਹੀਂ ਸੀ ਲੱਗ ਰਹੀ।ਹੁੰਮਸ ਨਾਲ ਸਰੀਰ ਚਿਪਚਿਪ ਕਰ ਰਿਹਾ ਸੀ।ਕਸ਼ਮੀਰੇ ਨੇ ਖਾਲੀ ਪਈਆਂ ਖੁਰਲੀਆਂ ਉੱਤੇ ਡੰਗਰਾਂ ਨੂੰ ਬੰਨ੍ਹ ਦਿੱਤਾ ਤੇ ਬਣਸੀ ਨੂੰ ਧਾਰਾਂ ਕੱਢ ਲੈਣ ਦੀ ਆਵਾਜ਼ ਦੇ ਕੇ ਆਪ ਟੋਕੇ ਵੱਲ ਨੂੰ ਹੋ ਤੁਰਿਆ।ਪਿੱਠੇ ਪਾ ਕੇ ਉਸ ਬਾਲਟੇ ਵਿੱਚ ਗੁੱਗਲ਼ ਧੁਖਾ ਦਿੱਤਾ ਤਾਂ ਜੋ ਮੱਝਾਂ ਨੂੰ ਮੱਛਰ ਨਾ ਲੜੇ।ਖੁਰਲੀ ਖਾਲੀ ਖਾਲੀ ਵੇਖ ਕੇ ਕਸ਼ਮੀਰੇ ਦਾ ਦਿਲ ਬਾਹਰ ਨੂੰ ਆਉਂਦਾ।ਪਿਛਲੇ ਥੋੜ੍ਹੇ ਕੁ ਦਿਨਾਂ ਵਿੱਚ ਉਸਦੀਆਂ ਦੋ ਗਾਵਾਂ ਹੇਠਾਂ ਉੱਤੇ ਭੁੜਕ ਕੇ ਜਾ ਪਈਆਂ ਸਨ।ਬਣਸੀ ਹੱਥ ਮੂੰਹ ਧੋ ਕੇ ਡੰਗਰਾਂ ਉੱਤੇ ਜਲ ਤ੍ਰੌਂਕਣ ਲੱਗ ਪਈ।

"ਔਹਰ ਦਾ ਤਾਂ ਪਤਾ ਨਾ ਲੱਗਾ ਪਰ ਬੀਰਾ ਚੂਹਾ ਕਹਿੰਦਾ ਸੀ ਇਹ ਉੱਗੂ ਲੰਘਿਆ ਹੈ ।ਰੱਬ ਜਾਣੇ ਕੀ ਬਲ਼ਾ ਹੁੰਦੀ ਹੈ ਉੱਗੂ,ਕਹਿੰਦੇ ਕਿਸੇ ਨੂੰ ਦਿੱਸਦਾ ਵੀ ਨਈਂ ਤੇ ਜਿਹੜੇ ਵੀ ਡੰਗਰ ਉੱਤੋਂ ਲੰਘ ਜਾਵੇ ਉਹ ਦੂਜਾ ਸਾਹ ਨਈਂ ਲੈਂਦਾ,ਥਾਂਏਂ ਈ ਡਿੱਗ ਪੈਂਦਾ ਭੁਆਂਟਣੀ ਖਾ ਕੇ।" ਗਾਵਾਂ ਦਾ ਹਿਰਖ਼ ਕਰਨ ਆਏ ਬੰਤੇ ਨੂੰ ਕਸ਼ਮੀਰਾ ਦੱਸ ਰਿਹਾ ਸੀ ।ਕਸ਼ਮੀਰੇ ਨੂੰ ਲੱਗਦਾ ਕਿ ਉਸ ਉੱਤੋਂ ਦੀ ਵੀ ਕੋਈ ਉੱਗੂ ਹੀ ਲੰਘ ਜਾਂਦਾ ਹੈ ਜਿਹੜਾ ਦਿੱਸਦਾ ਨਹੀਂ ਪਰ ਥੋੜ੍ਹੇ ਚਿਰ ਦੇ ਵਿੱਚ ਵਿੱਚ ਹੀ ਉਹ ਮੁੱਕ ਜਿਹਾ ਜਾਂਦਾ ਹੈ ।ਉਹਨੂੰ ਕਦੀ ਕਦੀ ਉੱਗੂ ਦੀ ਸ਼ਕਲ ਧਨਵੰਤੇ ਸ਼ਾਹ ਤੇ ਉਸਦੇ ਜਵਾਈ ਢਿੱਲੋਂ ਆੜ੍ਹਤੀਏ ਨਾਲ ਮਿਲਦੀ ਜੁਲਦੀ ਜਾਪਦੀ।

"ਕੀ ਆਂਹਦੇ ਸੀ ਤੇਰੇ ਬਾਬੇ?"ਦੂਜੀ ਗਾਂ ਜਦੋਂ ਮਰੀ ਤਾਂ ਬਣਸੀ ਬਾਬਿਆਂ ਤੋਂ ਲਾਚੀਆਂ ਤੇ ਜਲ ਕਰਵਾ ਕੇ ਲੈ ਆਈ ਸੀ ।ਡੇਰਿਉਂ ਆਉਂਦੀ ਨੂੰ ਕਸ਼ਮੀਰੇ ਨੇ ਵਿਅੰਗ ਨਾਲ ਪੁੱਛਿਆ ਸੀ।

'ਆਂਹਦੇ ਸੀ ਕੋਈ ਸੁੱਖਣਾ ਰਹਿੰਦੀ ਏ ਲਾਹੁਣ ਵਾਲੀ ਕਿਤੇ ਪੁਰਾਣੀ ਤੇ ਅਸੀਂ ਉਹ ਭੁੱਲੀ ਬੈਠੇ ਆਂ,ਉਹੀ ਬਲੀ ਮੰਗਣ ਡਹੀ ਆ,ਕੀ ਪਤਾ ਕੀ ਪਾਪ ਹੋ ਗਏ ਆ ਸਾਡੇ ਪਾਪੀਆਂ ਕੋਲੋਂ ।ਬਸ਼ਖੀਂ ਵਾਖਰੂ ਬਸ਼ਖੀਂ... ਲੈ ਦੇ ਕੇ ।ਕਹਿੰਦੇ ਸੀ ਹੋਜੂ ਠੀਕ,ਬੱਸ ਕਲ਼ਜੁਗ ਦਾ ਪਾਹਰਾ ਹੋ ਗਿਆ ਹੋਰ ਤਾਂ ਕੋਈ ਅਹੁਰ ਨ੍ਹੀ ।ਨਾਲ਼ੇ ਆਂਹਦੇ ਸੀ ਇੱਕ ਤਕੜਾ ਜਿਹਾ ਬੱਕਰਾ ਗੁਰੂ ਕੇ ਲੰਗਰਾਂ'ਚ ਚੜ੍ਹਾਓ ।ਨਈਂ ਤਾਂ ਹੋਣੀ ਕੋਈ ਹੋਰ ਬਲੀ ਮੰਗੂ ।ਲੈ ਦੇ ਕੇ" ਬਣਸੀ ਦੀ ਆਵਾਜ਼ ਵਿਚਲਾ ਦਰਦ ਦੁੱਗਣਾ ਹੋ ਗਿਆ ਸੀ ।ਕਸ਼ਮੀਰਾ ਇਹ ਸੁਣ ਕੇ ਇਉਂ ਭੁੜਕਿਆ ਜਿਵੇਂ ਸੱਪ ਲੜ ਗਿਆ ਹੋਵੇ।

'ਬਾਕੀ ਤੂੰ ਆਵਦੀ ਮਰਜ਼ੀ ਵੇਖੀਂ ਧਰਮੇ ਦੇ ਭਾਊ, ਪੁੱਜਦਾ ਹੋਊ ਤਾਂ ਚੜ੍ਹਾਵੀਂ ਨਹੀਂ ਤੇ ਰਹਿਣ ਦੇਈਂ ਪਰ ਸਾਨ੍ਹਾਂ ਵਰਗੀਆਂ ਦੋ ਗਊਆਂ ਦੀ ਬਲੀ ਤਾਂ ਲੈ ਲਈ ਹੁਣ ਮੈਹਰੂ ਦੀ ਸੁੱਖ ਮੰਗੀ,ਦੁੱਧ ਦਾ ਘਰੋਂ ਵਿੱਟਰਨਾ ਬੜਾ ਮਾੜਾ ਹੁੰਦਾ ਈ,ਮੈਂ ਤਾਹੀਉਂ ਆਹਨੀਂ ਆਂ ਭੀ ਸਾਧਾਂ ਦਾ ਭਾਂਡਾ ਦੁੱਧ ਤੋਂ ਸੱਖਣਾ ਨਹੀਂ ਮੋੜਨਾ ਚਾਹੀਦਾ ।ਲੈ ਦੇ ਕੇ" ਬਣਸੀ ਨੂੰ ਪਤਾ ਸੀ ਉਹਨੇ ਰੌਲ਼ਾ ਪਾਉਣਾ ਤੇ ਉਸਨੇ ਠਰੰਮੇ ਨਾਲ ਕਹਿ ਦਿੱਤਾ।

ਕਸ਼ਮੀਰਾ ਸਿਰ ਸੁੱਟੀ ਬਹਿ ਗਿਆ ਤੇ ਸਾਫ਼ਾ ਮੱਥੇ ਤੋਂ ਉੱਤਾਂਹ ਚੁੱਕ ਕੇ ਉਂਗਲ਼ ਨਾਲ ਸਿੱਕਰੀ ਰੜਕਾਉਣ ਲੱਗਾ।

"ਚਲੋ ਸੰਤਾਂ ਕਿਹੜਾ ਮਾੜਾ ਬਚਨ ਕਿਹਾ ।ਬੱਕਰਾ ਈ ਮੰਗ ਲਿਆ,ਇਹ ਦਾਤਾਂ ਵੀ ਗੁਰੂ ਦੀਆਂ ਈ ਨੇ।"ਬਣਸੀ ਨੇ ਕਿੱਲੀ ਨਾਲ ਬੱਧੇ ਬੱਕਰੇ ਵੱਲ ਨਿਗਾਹ ਸੁੱਟੀ ।ਮੱਠੋ ਦੇ ਵਿਆਹ ਲਈ ਕਸ਼ਮੀਰੇ ਨੇ ਮਿੰਦੂ ਸਾਂਸੀ ਤੋਂ ਦੋ ਪਠੋਰੇ ਲੈ ਕੇ ਪਾਲ਼ੇ ਸੀ ਪਰ ਕਿਉਂਕਿ ਜੰਞ ਹਿਸਾਬ ਦੀ ਹੀ ਆਈ ਸੀ ,ਇਸ ਲਈ ਇੱਕੋ ਬੱਕਰੇ ਨਾਲ ਹੀ ਸਰ ਗਿਆ ਸੀ ਤੇ ਹੁਣ ਉਸਦੇ ਦਿਮਾਗ਼ ਵਿੱਚ ਇੱਕ ਦਿਨ ਆਈ ਸੀ ਕਿ ਬੱਕਰਾ ਵੇਚ ਕੇ ਉਹ ਕੋਈ ਚੰਗੀ ਨਸਲ ਦੀ ਸਾਲ ਕੁ ਦੀ ਕੱਟੀ ਖਰੀਦ ਲਵੇ ਤੇ ਵੱਟਾਂ ਉੱਤੇ ਚਰਾ ਕੇ ਹੋਰ ਦੋ ਸਾਲਾਂ ਤੱਕ ਇੱਕ ਵਧੀਆ ਝੋਟੀ ਤਿਆਰ ਕਰ ਲਵੇ ।ਭਾਵੇਂ ਡੰਗਰਾਂ ਦਾ ਖਲਜਲਣ ਵਾਹਵਾ ਸੀ ਪਰ ਹੰਗਾਲ਼ ਜਿਹਾ ਪੈਂਦਾ ਜਾਂਦਾ ਸੀ ਤੇ ਲੂਣ ਤੇਲ ਤੁਰਿਆ ਰਹਿੰਦਾ ਸੀ ।ਉਂਞ ਵੀ ਦੋ ਗਊਆਂ ਹੇਠਾਂ ਉੱਤੇ ਮਰਨ ਨਾਲ ਖਾਲੀ ਖੁਰਲੀ ਵੇਖ ਕੇ ਉਹਨੂੰ ਡੋਬੂ ਜਿਹੇ ਪੈਂਦੇ ਪਰ ।ਦੋ ਗਾਵਾਂ ਦਾ ਦਰਦ ਕਸ਼ਮੀਰਾ ਜਰ ਗਿਆ ਸੀ ਪਰ ਬਾਬਿਆਂ ਨੂੰ ਜਿਉਂਦਾ ਜਾਗਦਾ ਸਾਨ੍ਹ ਵਰਗਾ ਬੱਕਰਾ ਦੇਣ ਦੀ ਗੱਲ ਸੁਣ ਕੇ ਉਸ ਦੇ ਅੰਦਰਲਾ ਲਾਵਾ ਫ਼ੁੱਟ ਪਿਆ ਸੀ-

"ਸਾਲ਼ੇ ਵਿਹਲੜ,ਜਿਹੜਾ ਭੁੱਖ ਨੰਗ ਦਾ ਭੰਨਿਆ ਸਾਲ਼ਾ ਸਾਧ ਹੋ ਜਾਂਦਾ ।ਜੀਹਨੂੰ ਕੁੱਤੇ ਨਾ ਜਹਿਣ ਉਹ ਮੰਡਿਆਂ'ਤੇ ਬਹਿਣ, ਅਖੇ ਗੁਰੂ ਦੇ ਲੰਗਰਾਂ ਵਾਸਤੇ ਬੱਕਰਾ ਦੇ ਜਾ,ਲੰਡਿਉ ਸਾਧੋ,ਗੁਰੂ ਦਾ ਤਾਂ ਤੁਸੀਂ ਡਰਾਵਾ ਦਿੰਦੇ ਓ ਤਾਂ ਕਿ ਧਾਡਾ ਤੋਰੀ ਫ਼ੁਲਕਾ ਤੁਰਿਆ ਰਵ੍ਹੇ,ਨਈਂ ਤਾਂ ਗੁਰੂ ਤਾਂ ਧਾਡਾ ਸਾਲਿਓ ਤੁਹਾਡੀਆਂ ਕਰਤੂਤਾਂ ਵੇਖ ਕੇ ਪਛਤਾਉਂਦਾ ਹੋਊ ਭੀ ਮੈਂ ਇਹ ਕਿਹੜਾ ਦੀਨ ਬਣਾ'ਤਾ ।ਲੋਕ ਵੀ ਕੁੜੀ ਜਾਵ੍ਹੇ ਡਰਦੇ ਈ ਤੁਹਾਨੂੰ ਮੱਥੇ ਟੇਕੀ ਜਾਂਦੇ ਆ ।ਨਈਂ ਤਾਂ ।ਤੁਹਾਡੇ ਵਰਗਿਆਂ ਨੂੰ ਤਾਂ ਕੋਈ ਬਰੂਹਾਂ ਨਾ ਟੱਪਣ ਦੇਵੇ।"ਬੁੜ ਬੁੜ ਕਰਦਾ ਉਹ ਝੋਟੇ ਵਰਗੇ ਬੱਕਰੇ ਦੇ ਪਿੰਡੇ ਉੱਤੇ ਹੱਥ ਫ਼ੇਰਨ ਲੱਗਾ ਸੀ।



"ਤੇ ਆਹ ਜਿਹੜੀ ਸੰਡ ਆ ਮੇਰੇ ਆਲ਼ੀ,ਇਹਦੀ ਤਾਂ ਉਹ ਗੱਲ ਆ ਅਖੇ,'ਬੀਬੀ ਗੋਦਲੀ ਜਿਹਨੇ ਫ਼ੜਲੀ ਚੋਦਲੀ',ਇਸ ਲੁੰਡਰ ਚੁਗਲੋ ਉੱਤੇ ਲੰਡਿਆਂ ਸਾਧਾਂ ਨੇ ਪਤਾ ਨਈਂ ਕੀ ਧੂੜਿਆ,ਚਵਲ਼ ਕਿਹੇ ਥਾਂ ਦੀ,ਅਖੇ ਫ਼ੇਅ ਕੀ ਹੋਇਆ ਮੰਗ ਲਿਆ ਬੱਕਰਾ, ਖੱਚ ਬੁੱਢੀ,ਹੁੰਦੇ ਮੇਰੇ ਵੀ ਚਾਰ ਖੱਤੇ ਤਾਂ ਮੈਂ ਇਹੋ ਜਿਹੀ ਨੂੰ ਛਿੱਤਰ ਵੀ ਨਹੀਂ ਸਾਂ ਮਾਰਦਾ ।ਲਿਆਉਣੀ ਪਈ ਕਾਲ਼ੀ ਸੰਡ 'ਅਖੇ ਬਚਨ ਆ ਸੰਤਾਂ ਦਾ ।ਜੇ ਏਡੇ ਈ ਸੰਤ ਨੇ ਤਾਂ ਹੱਥੀਂ ਕਿਰਤ ਕਰਨ ਜਿੱਦਾਂ ਬਾਬੇ ਨਾਨਕ ਨੇ ਕੀਤੀ ਸੀ,ਇਹ ਸਾਧ ਕਿਹੜੇ ਗੁਰੁ ਦੀ ਵੰਸ਼'ਚੋਂ ਨੇ ਜਿਹੜੇ ਗਰੀਬਾਂ ਦੀ ਕਮਾਈ ਨੂੰ ਗੁਰੁ ਦੇ ਲੰਗਰ'ਚ ਰਿੰਨ੍ਹਦੇ ਨੇ ।ਸੁੱਖਾ ਪੀਣੇ ਸਾਧ।"ਉਹ ਅੰਦਰ ਅੰਦਰ ਕੁੜ੍ਹੀ ਜਾ ਰਿਹਾ ਸੀ ।ਬਣਸੀ ਬੁੜ ਬੁੜ ਕਰਦੀ ਡੰਗਰਾਂ ਨੂੰ ਪਾਣੀ ਡਾਹੀ ਜਾ ਰਹੀ ਸੀ ।ਸਾੜ ਸੁੱਟਦਾ ਕਸ਼ਮੀਰਾ ਦਾਤੀ ਪੱਲੀ ਲੈ ਕੇ ਵੱਟਾਂ ਤੋਂ ਘਾਹ ਖੁਰਚਣ ਤੁਰ ਪਿਆ।

******************

ਖਜੂਰ ਦੀ ਪੱਖੀ ਨਾਲ ਆਪਣੇ ਆਪ ਨੂੰ ਹਵਾ ਝੱਲਦਾ ਉਹ ਕਦੀ ਬਾਹਰਲੇ ਬੂਹੇ ਨੂੰ ਹੋ ਜਾਂਦਾ ਤੇ ਕਦੀ ਪੈਲ਼ੀਆਂ ਨੂੰ ।ਮੱਛਰ ਵੀ ਉਹੋ ਜਿਹੀ ਥਾਂ'ਤੇ ਲੜਦਾ ਜਿੱਥੇ ਹੱਥ ਨਾ ਪਹੁੰਚਦਾ ।ਉਹ ਗੁੱਸੇ ਵਿੱਚ ਆ ਕੇ ਖਜੂਰ ਦੀ ਪੱਖੀ ਦੀ ਡੰਡੀ ਨਾਲ ਮੌਰਾਂ ਵਿੱਚ ਖੁਰਕਦਾ ਤੇ ਕਈ ਵਾਰ ਪੱਖੀ ਨਾਲ ਮੱਛਰ ਨੂੰ ਮਾਰ ਦੇਣ ਦਾ ਯਤਨ ਵੀ ਕਰਦਾ ਪਰ ਸੱਟ ਉਸਨੂੰ ਆਪ ਨੂੰ ਹੀ ਲੱਗਦੀ।

ਲੰਮੇ ਪਏ ਦੇ ਗਿੱਟਿਆਂ ਨੂੰ ਮੱਛਰ ਤੋੜ ਤੋੜ ਖਾ ਰਿਹਾ ਸੀ ।ਪੈਂਦ ਨਾਲ ਰਗੜ ਰਗੜ ਕੇ ਗਿੱਟੇ ਛਿੱਲੇ ਗਏ ਸਨ ।ਉਸਨੇ ਉੱਠ ਕੇ ਇੱਕ ਵਾਰ ਫ਼ੇਰ ਪਿੰਡੇ'ਤੇ ਪਾਣੀ ਸੁੱਟਿਆ ਤੇ ਮੰਜੇ ਉੱਤੇ ਆਣ ਡਿੱਗਾ ।ਬਣਸੀ ਆਪਣੇ ਆਪ ਨੂੰ ਪੱਖੀ ਝੱਲਦੀ ਵਿਹੜੇ ਵਿੱਚ ਤੁਰੀ ਫ਼ਿਰਦੀ ਸੀ ।ਡੰਗਰਾਂ ਥੱਲੇ ਧੁਖਾਏ ਗੁੱਗਲ ਦੀ ਧੂਣੀ ਵੀ ਬੁਝਦੀ ਬੁਝਦੀ ਬੁਝ ਗਈ ਸੀ ਤੇ ਮੱਛਰ ਨੇ ਫ਼ਿਰ ਡੰਗਰਾਂ ਉੱਤੇ ਹਮਲਾ ਕਰ ਦਿੱਤਾ ਸੀ ।ਛੜਾਂ ਮਾਰ ਮਾਰ ਕੇ ਮੱਝਾਂ ਭੁੜਕੀ ਜਾਂਦੀਆਂ ।ਦੂਰ ਰੋਹੀ ਵਾਲੇ ਪਾਸੇ ਕੁੱਤੇ ਭੌਂਕੀ ਜਾ ਰਹੇ ਸਨ ।ਕੁੱਤਿਆਂ ਦੇ ਨਾਲ ਟਟੀਹਰੀ ਦੀ ਟਰੈਂ ਟਰੈਂ ਵੀ ਹੌਲ਼ੀ ਹੌਲ਼ੀ ਨੇੜੇ ਆ ਰਹੀ ਸੀ ।ਅਜੇ ਅੱਖ ਲੱਗਣ ਹੀ ਲੱਗੀ ਸੀ ਕਿ ਪੱਲਾ ਜਿਹਾ ਹਟਾ ਕੇ ਦੋ ਜਣੇ ਦਗੜ ਦਗੜ ਕਰਦੇ ਅੰਦਰ ਆ ਗਏ।

'ਉੱਠੋ ਜਹੇਦਾਰੋ,ਕੌਮ ਖਤਰੇ'ਚ ਆ ਤੇ ਤੁਹੀਂ ਲੇਟਣੀਆਂ ਮਾਰਨ ਡਹੇ ਓ,ਪਰਸ਼ਾਦੇ ਛਕਾਉ ਸਿੰਘਾਂ ਨੂੰ।'ਇੱਕ ਸਿੰਘ ਨੇ ਆਪਣਾ ਮੂੰਹ ਸਾਫ਼ੇ ਨਾਲ ਢੱਕਦਿਆਂ ਕਿਹਾ ਤੇ ਨਾਲ ਹੀ ਪੈਂਦ ਵਾਲੇ ਪਾਸਿਉਂ ਮੰਜੀ ਨੂੰ ਠਕੋਰ ਦਿੱਤਾ।

'ਹਾਇ ਹਾਇ ਵੇ ਵੀਰਾ,ਭਾਊ ਆਗੇ ।ਭਾਊ ਆਗੇ,ਬਸ਼ਖੀਂ ।ਬਸ਼ਖੀਂ,ਵਾਖਰੂ ਬਸ਼ਖੀਂ।"ਬਣਸੀ ਪੈਰਾਂ ਵੱਲ ਮੂੰਹ ਢੱਕੀ ਖੜੋਤੇ ਬੰਦੇ ਵੱਲ ਵੇਖ ਕੇ ਛਾਲ ਮਾਰ ਕੇ ਮੰਜੇ ਤੋਂ ਉੱਠ ਪਈ।

'ਓ ਬੀਬੀ ਕੋਈ ਨ੍ਹੀਂ ਹੌਸਲੇ ਨਾਲ ਉੱਠ,ਭਾਊ ਈ ਆਂ,ਕੋਈ ਭੂਤਨੇ ਤੇ ਨਹੀਂ।"ਇੱਕ ਨੇ ਬੜੇ ਠਰੰਮੇ ਨਾਲ ਕਿਹਾ ਸੀ।

ਬਣਸੀ ਦਾ ਦਿਲ ਵੱਸ ਵਿੱਚ ਨਹੀਂ ਸੀ ਆ ਰਿਹਾ ।ਕੁਝ ਚਿਰ ਪਾ ਕੇ ਉਹ ਜ਼ਰਾ ਸਹਿਜ ਹੋਈ ।ਚੁੱਲ੍ਹਾ ਤਪਾ ਕੇ ਉਸ ਪਰਸ਼ਾਦੇ ਪਕਾਉਣੇ ਸ਼ੁਰੂ ਕੀਤੇ ਤੇ ਕਸ਼ਮੀਰਾ ਅੰਬ ਦੇ ਅਚਾਰ ਵਾਲਾ ਮਰਤਬਾਨ ਕੱਢ ਲਿਆਇਆ ਤੇ ਦੋ ਗੰਢੇ ਲਿਆ ਕੇ ਉਸ ਮੰਜੇ ਦੇ ਪਾਵੇ ਉੱਤੇ ਰੱਖ ਕੇ ਭੰਨ ਸੁੱਟੇ।

ਪਰਸ਼ਾਦੇ ਛਕ ਕੇ ਸਿੰਘ ਨਿਹਾਲ ਹੋ ਗਏ ਤੇ ਲੰਮੇ ਪੈਂਦਿਆਂ ਹੀ ਉਹ ਘੁਰਾੜੇ ਮਾਰਨ ਲੱਗੇ ।ਸਵੇਰੇ ਮੂੰਹ ਹਨੇਰੇ ਉੱਠਦਿਆਂ ਉਨ੍ਹਾਂ ਚਾਲੇ ਪਾ ਲਏ।

"ਭਾਊ ਜੀ ਜ਼ਰਾ ਰੋਹੀ ਟਪਾ ਆਇਓ"ਇੱਕ ਸਿੰਘ ਨੇ ਕਿਹਾ ।ਰੋਹੀ ਤੱਕ ਅੱਗੇ ਅੱਗੇ ਤੁਰਦਾ ਕਸ਼ਮੀਰਾ ਸਿੰਘਾਂ ਨਾਲ ਸਲਾਹੀਂ ਪੈ ਗਿਆ-

"ਕਾਹਨੂੰ ਕਰਦੇ ਓ ਭਾਊ ਜੀ ਇਹ ਖਤਰਨਾਕ ਕੰਮ ।"

"ਤੇਰੀ ਕੀ ਮਾਰਦੇ ਆਂ।"ਇੱਕ ਬੋਲਿਆ।

'ਬਾਬਾ ਤੂੰ ਹੋਏਂਗਾ ਉਮਰ ਵਿੱਚ ਮੇਰੇ ਨਾਲੋਂ ਦਸ ਬਾਰਾਂ ਸਾਲ ਵੱਡਾ ਪਰ ਗੱਲ ਤੇਰੀ ਕੋਈ ਬਾਹਲ਼ੀ ਸਾਊ ਨਹੀਂਉਂ,"

ਉਹ ਚੁੱਪ ਕਰ ਗਿਆ।

'ਗੱਲ ਖਤਰੇ ਦੀ ਨਹੀਂ ਗੱਲ ਅਣਖ ਦੀ ਵੀ ਹੈ,ਤੂੰ ਸਾਰਾ ਦਿਨ ਮਿੱਟੀ ਨਾਲ ਮਿੱਟੀ ਹੁੰਨਾਂ,ਹੁੰਨੈ ਕਿ ਨਹੀਂ?'

ਉਹ ਕਸ਼ਮੀਰੇ ਵੱਲ ਨੂੰ ਮੁੜਿਆ।

'ਹਾਂ ਜੀ ਬਾਬਾ ਜੀ,ਹੁੰਨਾਂ'

'ਤੇ ਫ਼ਿਰ ਵੀ ਤੇੜ ਤੇਰੇ ਇੱਕ ਡੱਬੀਆਂ ਵਾਲ਼ਾ ਸਾਫ਼ਾ ਆ।ਕਮਰਿਆਂ ਦੇ ਬੂਹਿਆਂ ਦੀ ਥਾਂ ਪੱਲੀਆਂ ਈ ਅੜਾਈ ਫ਼ਿਰਦੈਂ,ਤੇ ਜਿਹੜੇ ਤੇਰੀ ਕਮਾਈ ਖਾਣ ਡਹੇ ਨੇ ਉਹ ਕਾਰਾਂ ਗੱਡੀਆਂ ਉੱਤੇ ਚੜ੍ਹੇ ਫ਼ਿਰਦੇ ਨੇ,ਤੂੰ ਕਦੀ ਆਪਣਾ ਪਿੰਡਾ ਨਹੀਂ ਢੱਕਿਆ ਤੇ ਉਹ ਸਾਲ਼ੇ ਰੇਸ਼ਮੀ ਕੱਪੜੇ ਹੰਢਾਉਂਦੇ ਨੇ।ਤੂੰ ਕਾਹਦਾ ਬੰਦਾ?ਫ਼ਸਲ ਤੇਰੀ ਮੰਡੀਆਂ ਵਿੱਚ ਰੁਲ਼ਦੀ ਆ ਤੇ ਭਾਅ ਵੀ ਉਹ ਗਿੱਡਲ਼ ਜਿਹੇ ਵਪਾਰੀ ਆ ਕੇ ਲਾਉਂਦੇ ਆ।ਸਾਡੀਆਂ ਖੁਰਲੀਆਂ'ਤੇ ਉਹੋ ਜਿਹੇ ਪੱਠੇ ਪਾਉਂਦੇ ਆ ਤੇ ਅਸੀਂ ਲੱਖਾਂ ਦੀ ਧਰਤੀ ਦੇ ਮਾਲਕ ਉਨ੍ਹਾਂ ਦੇ ਮੂੰਹ ਵੱਲ ਵੇਖਦੇ ਹੱਥ ਬੰਨ੍ਹੀ ਖੜ੍ਹੇ ਸੋਚ ਰਹੇ ਹੁੰਨੇ ਆਂ ਭੀ ਦੋ ਚਾਰ ਰੁਪੱਈਏ ਰੇਟ ਹੋਰ ਵਧਾ ਦੇਵੇ ਤਾਂ ਫ਼ੇਰ ਆ।ਤੇ ਫ਼ਿਰ ਵਪਾਰੀ ਦੀ ਮਰਜ਼ੀ ਹੋਵੇ ਤਾਂ ਤੇਰੀ ਫ਼ਸਲ ਚੁੱਕੇ ਤੇ ਮਰਜ਼ੀ ਹੋਵੇ ਤੇ ਨਾ ਚੁੱਕੇ।ਇਹੋ ਆ ਨਾ ਆਪਣੀ ਕਹਾਣੀ।?'

ਗੱਲ ਤਾਂ ਉਸ ਸੋਚਿਆ,ਸੱਚੀ ਸੀ-"ਪਰ ਇਸਦਾ ਹੱਲ ਵੀ ਤਾਂ ਕੋਈ ਨਹੀਂ,ਕੀ ਕਰ ਸਕਦੇ ਆਂ,ਪੈਲ਼ੀਆਂ ਜੁ ਉਨੀਆਂ ਕੁ ਆ।"

'ਤੇਰੀ ਪੈਲ਼ੀ ਐਸ ਵੇਲ਼ੇ ਲੱਖਾਂ ਦੀ ਆ ਪਰ ਸਿਰਫ਼ ਤੂੰ ਸੁੱਤਾ ਏਂ ਇਸ ਲਈ ਤੈਨੂੰ ਪਤਾ ਨਹੀਂ, ਜਿੱਦਣ ਤੂੰ ਜਾਗੇਂਗਾ ਤੇਰੇ ਹੱਥ ਵਿੱਚ ਕਹੀ ਨਹੀਂ ਸੰਤਾਲ਼ੀ ਹੋਊਗੀ ਸੰਤਾਲ਼ੀ।ਪਰ ਅਜੇ ਤੈਨੂੰ ਸੱਟ ਨਹੀਂ ਲੱਗੀ,ਐਵੇਂ ਨਹੀਂ ਆਂਹਦੇ 'ਜਬੈ ਬਾਣ ਲਾਗਿਓ ਤਬੈ ਰੋਸ ਜਾਗਿਓ' ਤੇ ਜਿਉਣ ਲਈ ਜੱਟਾ ਇਹ ਬਾਣ ਖਾਣਾ ਬੜਾ ਜ਼ਰੂਰੀ ਊ।' ਕਸ਼ਮੀਰਾ ਚੁੱਪ ਚਾਪ ਸੁਣੀ ਗਿਆ।

'...ਸੰਤ ਕਹਿੰਦੇ ਹੁੰਦੇ ਸੀ ਭੀ ਸਰੀਰਕ ਮੌਤ,ਮੌਤ ਨਹੀਂ ਹੁੰਦੀ ਪਰ ਜ਼ਮੀਰ ਦਾ ਮਰ ਜਾਣਾ ਸਭ ਤੋਂ ਮਾੜਾ ਹੁੰਦਾ,ਮੈਨੂੰ ਤਾਂ ਤੇਰੀ ਜ਼ਮੀਰ ਈ ਮਰ ਗਈ ਜਾਪਦੀ ਆ ਜੱਟਾ।"ਉਹ ਚੜ੍ਹਦਾ ਈ ਆਉਂਦਾ ਸੀ।

"ਜਦੋਂ ਦੁਖੀ ਹੁੰਨੇ ਓਂ ਤਾਂ ਆਪਣੇ ਗਲ਼ੀਂ ਸਾਫ਼ੇ ਪਾਉਨੇ ਓਂ,ਕਾਹਤੋਂ? ਉਨ੍ਹਾਂ ਦੇ ਗਲ਼ੀਂ ਪਾਉ ਜਿਹੜੇ ਤੁਹਾਡੇ ਸਰੀਰ ਤੋਂ ਮਾਸ ਦੀ ਆਖਰੀ ਬੋਟੀ ਤੱਕ ਵੀ ਨਹੀਂ ਛੱਡਦੇ,ਜਿਹੜੇ ਤੁਹਾਡੇ ਸਰੀਰ ਦੇ ਸੱਕ ਲਾਹ ਲਾਹ ਕੇ ਖਾਈ ਜਾਂਦੇ ਆ।ਜਿਹਨਾਂ ਵਾਸਤੇ ਤੁਸੀਂ ਮਿੱਟੀ ਨਾਲ ਮਿੱਟੀ ਹੁੰਦੇ ਓਂ ਤੇ ਉਹ ਆ ਕੇ ਉੱਤੋਂ ਉਤੋਂ ਰੁਪੱਈਏ ਰੋਲ਼ ਕੇ ਲੈ ਜਾਂਦੇ ਆ ਤੇ ਮਿੱਟੀ ਦੀ ਢੇਰੀ ਧਾਡੇ ਵਾਸਤੇ ਛੱਡ ਜਾਂਦੇ ਆ ਭੀ ਪਾ ਲਉ ਹੁਣ ਇਹ ਆਵਦੇ ਸਿਰਾਂ ਵਿੱਚ।ਐਵੇਂ ਨਹੀਂ ਆਂਹਦੇ-ਅਖੇ ਦਾਨਾ ਫ਼ੱਕਾ ਜੱਟ ਲੈ ਗਿਆ ਚੂਹੜਾ ਚਿੱਤੜ ਵਜਾਉਂਦਾ ਆਵੇ।ਤੁਸੀਂ ਤਾਂ ਮਰੇ ਹੋਏ ਲੋਕ ਓ, ਛੇਤੀ ਘੋੜੀਆਂ ਬਣ ਜਾਂਦੇ ਓ,ਜਿਉਂਦੇ ਲੋਕ ਹੋਰ ਤਰ੍ਹਾਂ ਦੇ ਹੁੰਦੇ ਨੇ ਜੱਟਾ।ਜਿਉਂਦੇ ਲੋਕ ਘੋੜੀਆਂ ਨਹੀਂ ਬਣਦੇ,ਘੋੜੀਆਂ ਦੀ ਸਵਾਰੀ ਕਰਦੇ ਆ ਸਵਾਰੀ।ਰੋਜ਼ ਰੋਜ਼ ਮਰਨ ਨਾਲੋਂ ਇੱਕੋ ਵਾਰ ਮਰੋ ।ਪਰ ਮਰਨ ਤੋਂ ਪਹਿਲਾਂ ਸਾਰੇ ਕੰਡੇ ਕੱਢ ਦਿਉ।ਇਹ ਹਿਸਾਬ ਤੁਹੀਂ ਲਾਉਣਾ ਭੀ ਮਰੇ ਨੇ ਜਿਉਣਾ ਜਾਂ ਮਾਰ ਕੇ ਜਿਉਣਾ ਜਾਂ ਜਿਊਂ ਕੇ ਮਰਨਾ।"

ਪਿੱਛੇ ਤੁਰੇ ਆਉਂਦੇ ਸਿੰਘ ਦਾ ਜੋਸ਼ ਥੰਮਣ ਦਾ ਨਾਂ ਨਹੀਂ ਸੀ ਲੈ ਰਿਹਾ।ਉਹ ਭਿਊਂ ਭਿਊਂ ਕੇ ਮਾਰ ਰਿਹਾ ਸੀ ਪਰ ਕਸ਼ਮੀਰੇ ਦੀਆਂ ਅੱਖਾਂ ਅੱਗੇ ਧੰਨਵੰਤੇ ਸ਼ਾਹ ਤੇ ਉਹਦੇ ਜਵਾਈ ਢਿੱਲੋਂ ਆੜਤੀਏ ਦੇ ਚਿਹਰੇ ਘੁੰਮ ਰਹੇ ਸਨ।

'ਤੇ ਨਾਲੇ ਜੱਟਾ ਜੇ ਤੇਰੀ ਸੜੀ ਹੁੰਦੀ ਨਾ ਮਾਂ ਤੇ ਤੇਰੀ ਸੜੀ ਹੁੰਦੀ ਨਾ ਭੈਣ ਤੇ ਤੇਰਾ ਸੜਿਆ ਹੁੰਦਾ



ਘਰ ਤਾਂ ਤੈਨੂੰ ਇਹ ਸਵਾਲ ਪੁੱਛਣ ਦੀ ਲੋੜ ਨਾ ਪੈਂਦੀ।ਅਖੇ ਕਾਹਨੂੰ ਕਰਦੇ ਓ ਇਹ ਖਤਰਨਾਕ ਕੰਮ।"

ਅੱਗੇ ਤੁਰਿਆ ਜਾਂਦਾ ਕਸ਼ਮੀਰਾ ਪਿਛਾਂਹ ਮੁੜਿਆ ਤੇ ਗੁਸੈਲ਼ ਸਿੰਘ ਦੇ ਚਿਹਰੇ ਤੋਂ ਕੁਝ ਪੜ੍ਹਨ ਲੱਗਾ-ਕੁਝ ਚਿਰ ਪੜ੍ਹ ਕੇ ਉਹ ਬੋਲਿਆ-'ਹਿੰਦਾ।?'ਤੇ ਉਹਨਾਂ ਘੁੱਟ ਕੇ ਜੱਫ਼ੀ ਪਾ ਲਈ ਤੇ ਫ਼ਿਰ ਹਿੰਦਾ ਅਕਸਰ ਕਸ਼ਮੀਰੇ ਘਰ ਆਉਣ ਲੱਗਾ।

***************

ਢਿੱਲੋਂ ਦੀ ਲਾਲ ਵਹੀ ਉੱਤੇ ਦੋ ਚਾਰ ਅੰਗੂਠੇ ਹੋਰ ਲਾ ਕੇ ਉਸ ਨੇ ਮੱਤੋ ਦੇ ਵਿਆਹ ਦਾ ਕਰਜ਼ਾ ਵੀ ਲਾਹ ਦਿੱਤਾ ਤੇ ਧਰਮੇ ਨੂੰ ਵੀ ਬਾਹਰਲੇ ਮੁਲਕ ਘੱਲ ਦਿੱਤਾ ਸੀ।

'ਧਰਮੇ ਦੀ ਕਮਾਈ ਆਉਣ ਲੱਗ ਪਈ ਤਾਂ ਅੰਗੂਠਿਆਂ ਦੇ ਨੀਲ ਵੀ ਧੁਪ ਜਾਣਗੇ'ਉਹ ਨੀਲੇ ਹੋਏ ਅੰਗੂਠੇ ਵੱਲ ਵੇਖ ਕੇ ਸੋਚਦਾ ਰਹਿੰਦਾ।

ਹਿੰਦੇ ਦਾ ਕਸ਼ਮੀਰੇ ਦੀ ਬਹਿਕ'ਤੇ ਪੈੜਾ ਵਧ ਗਿਆ ਸੀ।ਤੇ ਲੋਕ ਵੀ ਬਿੜਕਾਂ ਲੈਂਦੇ ਰਹਿੰਦੇ।

'ਰਾਤੀਂ ਕੌਣ ਫ਼ਿਰਦਾ ਸੀ ਪਿੰਡ'ਚ,ਬੜੇ ਕੁੱਤੇ ਭੌਂਕਣ ਡਹੇ ਸੀ।"

'ਤੁਹਾਡੇ ਘਰਾਂ ਵਾਲੇ ਪਾਸੇ ਟਟੀਹਰੀਆਂ ਬੜਾ ਖੌਰੂ ਪਾਉਣ ਡਹੀਆਂ ਸੀ।'

'ਕੀ ਪਤਾ ਭਾਊ ਆਪਾਂ ਨੂੰ?ਜਾਗਦੇ ਲੋਕ ਈ ਤੁਰੇ ਫ਼ਿਰਦੇ ਹੋਣਗੇ ਭਾਊ,ਸੁੱਤੇ ਲੋਕ ਥੋੜ੍ਹਾ ਤੁਰ ਸਕਦੇ ਆ? ਨਾਲੇ ਅੱਧੀ ਰਾਤੀਂ ਕੋਈ ਐਵੇਂ ਤੇ ਨਹੀਂ ਨਾ ਤੁਰਿਆ ਫ਼ਿਰਦਾ।ਜਿਹਨਾਂ ਬਾਣ ਖਾਧੇ ਉਹੀ ਹੋਣਗੇ।'ਉਹ ਆਪ ਮੁਹਾਰੇ ਕਹਿ ਜਾਂਦਾ।

ਹੁਣ ਭਾਵੇਂ ਹਿੰਦਾ ਘਰੇ ਆਉਂਦਾ ਵੀ ਪਰ ਧਰਮੇ ਵੱਲੋਂ ਚਿੰਤਾ ਮੁਕਤ ਹੋ ਗਿਆ ਸੀ।ਹਿੰਦੇ ਦੀ ਸੰਗਤ ਵਿੱਚ ਧਰਮਾ ਵੀ ਏ.ਕੇ.ਸੰਤਾਲੀ ਤੇ ਕਾਰਤੂਸਾਂ ਵਾਲੀ ਝੋਲ਼ੀ ਪਾ ਪਾ ਕੇ ਵੇਖਣ ਲੱਗਾ ਸੀ।ਧਰਮਾ ਬੜੇ ਚਾਅ ਨਾਲ ਮੈਗਜ਼ੀਨ ਭਰ ਭਰ ਦਿੰਦਾ ਤੇ ਕਈ ਵਾਰ ਉਹ ਉਨ੍ਹਾਂ ਦੇ ਨਾਲ ਹਿੱਕ ਉੱਤੇ ਝੋਲ਼ੀ ਪਾ ਕੇ ਰੋਹੀ ਵੱਲ ਨੂੰ ਜੰਗਲ਼ ਬਹਿਣ ਜਾਂਦਾ।ਸਾਰਾ ਦਿਨ ਉਹ ਕਰਾਂਤੀ ਤੇ ਆਜ਼ਾਦੀ ਦੀਆਂ ਗੱਲਾਂ ਕਰਦੇ ਰਹਿੰਦੇ।ਭਗਤ ਸਿੰਘ ਤੇ ਸੰਤ.... ਦੀਆਂ।ਕਦੀ ਉਹ ਮਾਰਕਸਵਾਦ ਦੀ ਗੱਲ ਕਰਦੇ ਤੇ ਕਦੀ ਧਰਮ ਦੀ ਚਾਸ਼ਨੀ'ਚ ਲਿਬੜੇ ਲੋਕ ਸੰਘਰਸ਼ ਦੀ।ਕਦੇ ਸੋਨੇ ਨਾਲ ਪੱਥੇ ਗੁਰੂ ਘਰਾਂ ਦੀ ਤੇ ਕਦੇ ਰੋਟੀ ਖਾਤਰ ਧਰਮ ਬਦਲ ਰਹੇ ਲੋਕਾਂ ਦੀ।

ਧਰਮਾ ਉਨ੍ਹਾਂ ਦੇ ਚਿਹਰੇ ਉੱਤੇ ਫ਼ੈਲੀ ਲਾਲੀ ਨੂੰ ਵੇਖ ਵੇਖ ਹੈਰਾਨ ਹੁੰਦਾ ਰਹਿੰਦਾ।

ਕਈ ਵਾਰ ਧਰਮੇ ਤੋਂ ਹਿੰਦਾ ਲੈਟਰ ਪੈਡ ਉੱਤੇ ਜ਼ੁੰਮੇਵਾਰੀਆਂ ਵੀ ਲਿਖਵਾਉਂਦਾ ਤੇ ਕਈ ਵਾਰ ਉਹ ਉਸਨੂੰ ਸ਼ਹਿਰੋਂ ਅਖ਼ਬਾਰਾਂ ਲਿਆਉਣ ਨੂੰ ਕਹਿੰਦਾ ਤੇ ਢੇਰਾਂ ਰੁਪਈਏ ਦੇ ਦਿੰਦਾ।ਧਰਮਾ ਵੀ ਹਿੰਦੇ ਨੂੰ ਉਡੀਕਦਾ ਰਹਿੰਦਾ।ਇਕੱਲੀ ਟਿੰਗ ਹੋਣ ਕਰਕੇ ਹੀ ਉਸ ਨੇ ਉਸਨੂੰ ਪੁਲਿਸ ਵਿੱਚ ਨਹੀਂ ਸੀ ਕਰਵਾਇਆ।ਉਂਝ ਮੁੰਡਿਆਂ ਨੇ ਵੀ ਧਮਕੀ ਦਿੱਤੀ ਹੋਈ ਸੀ ਕਿ ਪੁਲਿਸ ਵਾਲੇ ਨੌਕਰੀਆਂ ਛੱਡ ਦਿਉ ਨਹੀਂ ਤਾਂ ਸਾਰਾ ਟੱਬਰ ਮਾਰ ਕੇ ਘਰ ਬਾਰ ਸਾੜ ਦਿਆਂਗੇ।ਹੁਣ ਕਹਿਣ ਨੂੰ ਤਾਂ ਉਸਦੀ ਭੌਂ ਦਾ ਇੱਕ ਟੋਟਾ ਹੀ ਘਟਿਆ ਸੀ ਪਰ ਜੇ ਹਿਸਾਬ ਲਾਇਆ ਜਾਵੇ ਤਾਂ ਉਸਨੇ ਧਰਮੇ ਦੇ ਰੂਪ ਵਿੱਚ ਪੂਰੀਆਂ ਦੁਨੀਆਂ ਬਚਾ ਲਈ ਸੀ।ਜਦੋਂ ਧਨਵੰਤੇ ਸ਼ਾਹਾਂ ਦੇ ਦਿਹਾੜੀਏ ਨੇ ਲਾਲ ਟਰੈਕਟਰ ਪੈਲ਼ੀ ਵਿੱਚ ਲਿਆ ਖਲ੍ਹਾਰਿਆ ਤਾਂ ਉਸਨੂੰ ਜਿਵੇਂ ਹੌਲ਼ ਪੈ ਗਿਆ।ਉਸਨੂੰ ਲੱਗਾ ਜਿਵੇਂ ਉਸ ਉੱਤੋਂ ਉੱਗੂ ਲੰਘ ਗਿਆ ਹੋਵੇ।ਉਹ ਪਿਛਲੇ ਪੈਰੀਂ ਮੁੜ ਆਇਆ।

'ਪਰ ਭੋਇੰ ਦਾ ਨਿੱਕਾ ਜਿਹਾ ਟੋਟਾ ਵੀ ਕਿੰਨਾ ਕੁ ਚਿਰ ਢਿੱਡ ਭਰੀ ਜਾਂਦਾ।ਅਕਸਰ ਮਿੱਟੀ ਵੀ ਆਪਣੀਆਂ ਆਂਦਰਾਂ ਵੱਢ ਵੱਢ ਕੇ ਕਿੰਨਾ ਕੁ ਚਿਰ ਖੁਆਈ ਜਾਊਗੀ'ਉਹ ਆਪਣੇ ਆਪ ਨੂੰ ਸੱਚਾ ਜਿਹਾ ਸਾਬਤ ਕਰਨ ਲਈ ਆਪਣੇ ਆਪ ਨਾਲ ਦਲੀਲੀਂ ਪਿਆ ਰਹਿੰਦਾ।

'ਉੱਤੋਂ ਪਾਣੀ ਵੀ ਥੱਲੇ ਜਾਈ ਜਾ ਰਹੇ ਨੇ।ਪਹਿਲਾਂ ਤਾਂ ਰੋਹੀ ਦਾ ਲਾਗਾ ਹੋਣ ਕਰਕੇ ਪਾਣੀ ਉੱਤੇ

ਉੱਤੇ ਹੀ ਸਨ ਪਰ ਹੁਣ ਇੱਧਰ ਵੀ ਵੀਹ ਵੀਹ ਫ਼ੁੱਟ ਡੂੰਘੀਆਂ ਖੂਹੀਆਂ ਪੁੱਟ ਕੇ ਮੋਟਰਾਂ ਪਾਣੀ ਚੁੱਕਦੀਆਂ ਨੇ ।ਘੰਟਾ ਘੰਟਾ ਇੱਕ ਬੰਦਾ ਖੂਹੀ ਵਿੱਚ ਲਮਕਿਆ ਮੋਟਰ ਦੀ ਹਵਾ ਕੱਢਦਾ ਤੇ ਸਟਾਰਟਰ ਉੱਤੇ ਉਂਗਲ਼ ਰੱਖੀ ਖੜ੍ਹੇ ਦੂਜੇ ਬੰਦੇ ਨੂੰ ਆਵਾਜ਼ ਦਿੰਦਾ 'ਚੱਲ ਛੱਡ' ਤੇ ਫ਼ਿਰ 'ਕਰ ਬੰਦ' ਤੇ ਫ਼ਿਰ ਜਾ ਕੇ ਲੂਬੀ ਪਾਣੀ ਚੁੱਕਦੀ ।ਨਵਾਂ ਬੋਰ ਚਾਲ਼ੀ ਪੰਜਾਹ ਹਜ਼ਾਰ ਤੋਂ ਘੱਟ ਹੋਣਾ ਨਹੀਂ,ਚੰਗਾ ਪਾਣੀ ਉੱਤੇ ਰਿਹਾ ਨਹੀਂ ।ਕੱਲਰ ਖਿੱਲਰੀ ਜਾ ਰਿਹਾ ।ਕੈਵਟੀ ਦਾ ਬੋਰ ਕਰਾਉਣ ਜੋਗੀ ਪੁੱਜਤ ਨਹੀਂ ।ਪੈਲ਼ੀਆਂ ਬੰਜਰ ਹੋਈ ਜਾ ਰਹੀਆਂ ਨੇ ।ਘਰ ਖੰਡਰ ਹੋਈ ਜਾ ਰਹੇ ਨੇ ।ਡੰਗਰ ਫ਼ੰਡਰ ਹੋਈ ਜਾ ਰਹੇ ਨੇ ।ਪੈਲ਼ੀਆਂ ਘਟਣ ਕਰਕੇ ਮੁੰਡਿਆਂ ਨੂੰ ਢੰਗ ਦੇ ਸਾਕ ਨਹੀਂ ਜੁੜ ਰਹੇ।'ਉਹ ਸੋਚਦਾ।

ਭਾਵੇਂ ਧਰਮੇ ਦੀ ਉਮਰ ਅਜੇ ਬਾਹਲ਼ੀ ਨਹੀਂ ਸੀ ਹੋਈ ਪਰ ਜੇ ਪੈਲ਼ੀ ਬੰਨਾ ਹੋਵੇ ਤਾਂ ਇਸ ਉਮਰੇ ਸਾਕ ਕਰਾਉਣ ਵਾਲੀਆਂ ਝੋਲ਼ਾ ਕੱਛੇ ਮਾਰ ਕੇ ਨਿਕਲ ਤੁਰਦੀਆਂ ਨੇ ਸੁੰਧਕਾਂ ਲੈਣ ਪਰ ਕਸ਼ਮੀਰੇ ਦੀਆਂ ਬਰੂਹਾਂ ਅਜੇ ਕਿਸੇ ਨੇ ਨਹੀਂ ਸਨ ਟੱਪੀਆਂ।

'ਅਜੇ ਮੁੰਡਾ ਮੇਰਾ ਰਹਿ ਤਾਂ ਨਹੀਂ ਗਿਆ ।ਪਰ ਜਿੱਦਾਂ ਕਾਬੀ ਬੋਹੜਵਾਲ਼ੀਏ ਨੇ ਕੱਲ੍ਹ ਦੇਸੂ ਨੂੰ ਨੂੰਹ ਕਾਲੀ ਮਿੱਟੀਉਂ ਲਿਆਉਣ ਦੀ ਸਲਾਹ ਦਿੱਤੀ ਕਿਤੇ ਇੰਝ ਕੱਲ੍ਹ ਨੂੰ ਇਹ।' ਇਸੇ ਵਹੁ ਵਿੱਚ ਈ ਉਹਨੇ ਜ਼ਮੀਨ ਦੀ ਪਰਵਾਹ ਨਾ ਕੀਤੀ ਤੇ ਧਰਮੇ ਨੂੰ ਬਾਹਰ ਘੱਲਣ ਦਾ ਫ਼ੈਸਲਾ ਕਰ ਲਿਆ-" ਜਦੋਂ ਮੁੰਡਾ ਬਾਹਰੋਂ ਆਊ,ਇਹੋ ਜਗੀਰਾ ਰਿਸ਼ਤੇ ਕਰਾਉਣ ਨੂੰ ਲੂਰ੍ਹੀਆਂ ਲੈਂਦਾ ਫ਼ਿਰੂ।ਹੇਖੀਂ।"ਉਹ ਇਹ ਸੋਚਦਾ ਭੁੱਲ ਜਾਂਦਾ ਸੀ ਕਿ ਜੱਟਾਂ ਨੂੰ ਇਹ ਬਿਮਾਰੀ ਸ਼ੁਰੂ ਤੋਂ ਹੀ ਹੈ ਕਿ ਮੁੰਡਾ ਭਾਵੇਂ ਕਿੱਡੀ ਵੀ ਵੱਡੀ ਨੌਕਰੀ ਕਿਉਂ ਨਾ ਕਰਦਾ ਹੋਵੇ,ਪੈਲ਼ੀ ਜ਼ਰੂਰ ਵੇਖਦੇ ਆ ਤੇ ਇਹੀਉ ਕਾਰਣ ਸੀ ਕਿ ਕਸ਼ਮੀਰੇ ਨੇ ਮੁੰਡੇ ਨੂੰ ਬਾਹਰ ਭੇਜਣ ਨਾਲ ਦੋ ਮੋਰਚੇ ਮਾਰ ਲਏ ਸਨ ।ਇੱਕ ਤਾਂ ਮੁੰਡੇ ਨੂੰ ਰਿਸ਼ਤਾ ਕਿਸੇ ਖਾਨਦਾਨੀ ਕੁੜੀ ਦਾ ਆ ਜਾਉ ਤੇ ਦੂਜਾ ਉਹ ਹਿੰਦੇ ਦੀ ਸੰਗਤ ਤੋਂ ਥੋੜ੍ਹਾ ਦੂਰ ਰਹੂ।

'ਖੜ੍ਹ ਤੇਰੀ ਵੱਡੇ ਦੀ ।ਤੇਰੀ ਹਿੰਮਤ ਕਿੱਦਾਂ ਪਈ ਓਇ ਇਹ ਗੱਲ ਕਰਨ ਦੀ,ਤੇਰੀ ਨਿੱਕੀ ਨਾ ਲਿਆਉਂ ਮੈਂ ਮੁੰਡੇ ਆਪਣੇ ਵਾਸਤੇ।' ਦੇਸੂ ਨੇ ਕਾਬੀ ਦੀ ਧੀ ਭੈਣ ਪੁਣ ਦਿੱਤੀ ਤੇ ਉਹ ਸ਼ਰਮਿੰਦਾ ਹੋਇਆ ਪਰ੍ਹਾਂ ਨੂੰ ਖਿਸਕ ਗਿਆ ਸੀ।

ਪਿੰਡ ਵਿੱਚ ਆਈਆਂ ਨੇ ਦੋ ਤਿੰਨ ਕਾਲੀ ਮਿੱਟੀਉਂ ਵੀ ।ਇੱਕ ਸ਼ੇਰੂ ਦੀ ਨੂੰਹ ਜਿਹਦੀ ਸਾਰੀ ਪੈਲ਼ੀ ਭਿਆਲ਼ਾਂ ਨੇ ਆਪਣੇ ਨਾਂ ਕਰਵਾ ਲਈ ਸੀ ਤੇ ਦੂਜੀ ਕ੍ਹੱਤਰ ਦੀ ਵਹੁਟੀ ਜਿਸਦਾ ਸੌਦਾ ਕਾਬੀ ਬੋਹੜਵਾਲ਼ੀਏ ਨੇ ਕਰਵਾਇਆ ਸੀ ।ਉਹ ਜਦੋਂ ਕ੍ਹੱਤਰ ਨਾਲ ਲੜ ਪੈਂਦੀ ਤਾਂ ਕਾਬੀ ਕਈ ਕਈ ਦਿਨ ਉਹਨੂੰ ਆਪਣੀ ਹਵੇਲੀ ਵਿੱਚ ਰੱਖ ਲੈਂਦਾ ।ਉਹ ਤਰਕ ਦਿੰਦਾ ਕਿ ਇਹ ਵਿਚਾਰੀ ਹੁਣ ਕਿੱਥੇ ਜਾਵੇ,ਕ੍ਹੱਤਰ ਦਾ ਆਸਰਾ ਤੱਕ ਕੇ ਆਈ ਸੀ ਤੇ ਮੈਂ ਤਾਂ ਭਈ ਵਿਚੋਲਾ ਜੁ ਆਂ,ਮੈਂ ਨ੍ਹੀ ਖਿਆਲ ਰੱਖਣਾ ਇਹਦਾ ਤਾਂ ਕੀਹਨੇ ਰੱਖਣਾ' ਇਹ ਕਹਿੰਦਿਆਂ ਕਾਬੀ ਮੁਸ਼ਕੜੀਏ ਹੱਸ ਪੈਂਦਾ ।ਕਾਲੀ ਮਿੱਟੀ ਵਾਲੀਆਂ ਦੇ ਅਗਾਂਹ ਨਿਆਣਿਆਂ ਨੂੰ ਵੀ ਰਿਸ਼ਤੇ ਨਹੀਂ ਹੁੰਦੇ ।ਸਰਾਂਵਾਂ ਵਾਲੇ ਸੁਲੱਖਣ ਦੀ ਮਾਂ ਵੀ ਤਾਂ ਕਾਲੀ ਮਿੱਟੀ ਦੀ ਸੀ ਤੇ ਮੁੰਡੇ ਨੂੰ ਵੀ ਛੱਡੀ ਛਪੱਡੀ ਦਾ ਹੀ ਸਾਕ ਹੋਇਆ।

ਫ਼ਸਲਾਂ ਉੱਤੇ ਖਰਚੇ ਵਧੀ ਜਾ ਰਹੇ ਨੇ ।ਪਹਿਲਾਂ ਕਦੀ ਝੋਨੇ ਕਣਕ ਨੂੰ ਸਪਰੇਅ ਨਹੀਂ ਸੀ ਹੁੰਦੀ ਪਰ ਹੁਣ ਕਈ ਕਈ ਸਪਰੇਆਂ ਹੋਣ ਲੱਗ ਪਈਆਂ ਨੇ ਅਖੇ ਦਾਣਾ ਦਾਗ਼ੀ ਨਹੀਂ ਹੁੰਦਾ ।ਪਰ ਜਦੋਂ ਕਿਸਮਤ ਦਾਗ਼ੀ ਹੋਵੇ ਤਾਂ ਦਾਣਾ ਕਿੱਦਾਂ ਨਾ ਦਾਗ਼ੀ ਹੋਵੇਗਾ?

'ਢਿੱਲੋਂ ਹੁਰਾਂ ਦਾ ਤਾਂ ਕਦੀ ਦਾਣਾ ਦਾਗ਼ੀ ਨਹੀਂ ਹੁੰਦਾ ।ਉਨ੍ਹਾਂ ਦੀ ਤਾਂ ਕਮਾਈ ਵਿੱਚ ਤਾਂ ਅੱਤਵਾਦੀਆਂ ਦੀ ਕਮਾਈ ਵੀ ਰਲ਼ੀ ਏ ਤੇ ਉਹ ਤਾਂ ਕਰਨ ਵੀ ਐਸ਼ ਡਹੇ ਨੇ ।ਉਹ ਰੱਬ ਨੂੰ ਪਤਾ ਨਹੀਂ ਕੀ ਦੇ ਕੇ ਆਏ ਨੇ?'ਉਹ ਕਦੀ ਕਦੀ ਸੋਚਦਾ-'ਐਂਵੇਂ ਕਹਿੰਦੇ ਨੇ ਕਿ ਰੱਬ ਵੇਖਦਾ ਏ,ਸਭ ਗੱਪਾਂ ਨੇ,ਰੱਬ ਕਿਤੇ ਵੀ ਨਹੀਂ ਵੇਂਹਦਾ,ਜੇ ਰੱਬ ਵੇਂਹਦਾ ਹੁੰਦਾ ਤਾਂ ਉਸਨੂੰ ਸਿਰਫ਼ ਮੈਂ ਹੀ ਦਿੱਸਦਾਂ ਸਾਂ ਮ੍ਹਾਤੜ,ਢਿੱਲੋਂ ਨ੍ਹੀ ਦਿੱਸਦਾ ਜਿਹਨੇ



ਸੰਘੇ ਅੱਤਵਾਦੀ ਦੀ ਸੂਹ ਦੇ ਕੇ ਪੁਲਿਸ ਹੱਥੋਂ ਮਰਵਾ'ਤਾ ਤੇ ਉਸਦੀ ਰੁਪਈਆਂ ਨਾਲ ਭਰੀ ਬੋਰੀ ਨਾਲ ਆੜ੍ਹਤ ਖੋਲ੍ਹ ਲਈ ।ਧਨਵੰਤਾ ਸ਼ਾਹ ਨ੍ਹੀਂ ਦੀਹਦਾ,ਢਿੱਲੋਂ ਆੜਤੀਆ ਨ੍ਹੀਂ ਦੀਹਦਾ ਪਰ ਇਹ ਰੱਬ ਵੀ ਕੰਜਰ ਦਾ,ਇਹੋ ਜਿਹਿਆਂ ਨਾਲ ਈ ਰਲ਼ਿਆ ।ਸਾਲ਼ੇ ਹਰ ਸਾਲ ਮੇਲੇ ਉੱਤੇ ਤਿੰਨ ਤਿੰਨ ਚਾਰ ਚਾਰ 'ਖੰਡ ਪਾਠ ਰਖਾਉਂਦੇ ਆ ਗੁਰਦੁਆਰੇ ਤੇ ਰੱਬ ਨੇ ਇਨ੍ਹਾਂ ਨੂੰ ਕੀ ਵੇਖਣਾ।'ਉਹ ਖ਼ੁਦ ਨੂੰ ਤਸੱਲੀ ਦੇ ਲੈਂਦਾ ਤੇ ਸਿਰ ਤੋਂ ਸਾਫ਼ਾ ਚੁੱਕ ਕੇ ਮੱਥੇ ਤੋਂ ਸਿੱਕਰੀ ਰੜਕਾਉਣ ਲੱਗਦਾ।

***ਕਾਂਡ ਚੌਥਾ***

ਲੋਕੀਂ ਭਾਵੇਂ ਕਹਿੰਦੇ ਸਨ ਭੀ ਕਾਲੀਆਂ ਐਨਕਾਂ ਵਾਲੇ ਨੇਤਾ ਨੇ ਕੁੰਢੀਆਂ ਮੁੱਛਾਂ ਵਾਲੇ ਵੱਡੇ ਅਫ਼ਸਰ ਨਾਲ ਰਲ਼ ਕੇ ਅੱਤਵਾਦ ਉੱਤੇ ਕਾਬੂ ਪਾ ਲਿਆ ਹੈ ਪਰ ਫ਼ਿਰ ਵੀ ਕਦੀ ਕਦੀ ਤੜ ਤੜ ਦੀ ਆਵਾਜ਼ ਸੁਣ ਜਾਂਦੀ ।ਬਹੁਤੇ ਖਾੜਕੂ ਯੂ.ਪੀ. ਨੂੰ ਨਿਕਲ ਗਏ ਸਨ ਪਰ ਕਈ ਅਜੇ ਵੀ ਇੱਧਰ ਹੀ ਫ਼ਿਰਦੇ ਜਿਹੜੇ ਆਪਣਾ ਸਭ ਕੁਝ ਗਵਾ ਚੁੱਕੇ ਸਨ ਤੇ ਜਿਨ੍ਹਾਂ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਜੇ ਬਚ ਵੀ ਗਏ ਤਾਂ ਕੀ ਕਰਨਗੇ ।ਬਹੁਤੇ ਖਾੜਕੂ ਸੋਚਦੇ ਕਿ ਸੀ.ਆਰ.ਪੀ.ਵਾਲੇ ਜਦੋਂ ਉਨ੍ਹਾਂ ਉੱਤੇ ਜ਼ੁਲਮ ਕਰਦੇ ਨੇ ਤਾਂ ਸਮਝ ਆਉਂਦਾ ਸੀ ਪਰ ਜਦੋਂ ਪੰਜਾਬ ਪੁਲਿਸ ਵਾਲੇ ਆਪਣੇ ਭਰਾ,ਉਨ੍ਹਾਂ ਉੱਤੇ ਤਸ਼ੱਦਦ ਕਰਦੇ ਨੇ ਤਾਂ ਦੁੱਖ ਵੀ ਹੁੰਦਾ ਤੇ ਗੁੱਸਾ ਵੀ ਆਉਂਦਾ ।ਇੱਕੋ ਪਿੰਡ ਦੇ ਮੁੰਡੇ ਪੁਲਿਸ ਵਿੱਚ ਵੀ ਹੁੰਦੇ ਤੇ ਖਾੜਕੂ ਵੀ ।ਪਰ ਜਦੋਂ ਕੋਈ ਮਰਦਾ ਤਾਂ ਵੈਣ ਤਾਂ ਪਿੰਡ ਵਿੱਚ ਹੀ ਪੈਂਦੇ ।ਸੱਥਰ ਤਾਂ ਪਿੰਡ ਵਿੱਚ ਹੀ ਵਿਛਦੇ,ਮਕਾਣਾਂ ਤਾਂ ਪਿੰਡ ਵਿੱਚ ਹੀ ਆਉਂਦੀਆਂ,ਚੁੱਲ੍ਹੇ ਤਾਂ ਪਿੰਡ ਦੇ ਹੀ ਠੰਢੇ ਰਹਿੰਦੇ।

ਹਾਰੀ ਹੋਈ ਲੜਾਈ ਲੜਦਿਆਂ ਹਿੰਦਾ ਵੀ ਉਸ ਦਿਨ ਇੰਝ ਹੀ ਭੰਗ ਦੇ ਭਾੜੇ ਗਿਆ ।ਭੈਣੀ ਪਿੰਡ ਦੀਆਂ ਪੈਲ਼ੀਆਂ ਦੇ ਵਿੱਚ ਦੀ ਲੰਘਦਿਆਂ ਉਨ੍ਹਾਂ ਨੂੰ ਘੁਰਾੜਿਆਂ ਦੀ ਬਿੜਕ ਪਈ ਤਾਂ ਉਹ ਠਠੰਬਰ ਗਏ ।ਜਦੋਂ ਉਹ ਬਿਲਕੁਲ ਹੀ ਘੁਰਾੜੇ ਮਾਰਨ ਵਾਲਿਆਂ ਦੇ ਕੰਧੇੜੇ ਹੀ ਆਣ ਚੜ੍ਹੇ ਤਾਂ ਉਨ੍ਹਾਂ ਇੱਕ ਦਮ ਪੁਜੀਸ਼ਨਾਂ ਲੈ ਲਈਆਂ ।ਕਮਾਦ ਵਿੱਚ ਪੁਲਿਸ ਵਾਲੇ ਆਡ ਵਿੱਚ ਲੰਮੇ ਪੈ ਸਨ ।ਸਾਰੀ ਰਾਤ ਖਾੜਕੂਆਂ ਨੂੰ ਲੱਭਦੇ ਲੱਭਦੇ ਥਕੇਵੇਂ ਦੇ ਮਾਰੇ ਉਹ ਨੀਂਦ ਹੱਥੋਂ ਹਾਰ ਗਏ ਸਨ ।ਪੰਜ ਜਣੇ ਇੱਕੋ ਲਾਈਨ ਵਿੱਚ ਪਏ ਜਿਵੇਂ ਵਿਛਾਏ ਹੋਣ ।ਅਸਾਲਟਾਂ ਉਨ੍ਹਾਂ ਲਾਹ ਕੇ ਪਾਸੇ ਰੱਖੀਆਂ ਸਨ ਤੇ ਸਿਰਾਂ ਉੱਤੇ ਮੜਾਸੇ ਲਪੇਟ ਕੇ ਲਾਲ ਨੀਲੀਆਂ ਫ਼ੀਤੀਆਂ ਵਾਲੀਆਂ ਪੱਗਾਂ ਉਨ੍ਹਾਂ ਢਿੱਡਾਂ ਉੱਤੇ ਰੱਖੀਆਂ ਸਨ ।ਹਿੰਦੇ ਦਾ ਜੀਅ ਕੀਤਾ ਕਿ ਉਹ ਇੰਝ ਹੀ ਸਭ ਨੂੰ ਵਿਛਾ ਦੇਵੇ ।ਪਰ ਗੁਰੂ ਦੇ ਸਿੰਘ ਹੋਣ ਕਰਕੇ ਉਨ੍ਹਾਂ ਸੁੱਤੇ ਬੰਦੇ ਅਤੇ ਪਿੱਠ ਉੱਤੇ ਵਾਰ ਕਰਨਾ ਨਹੀਂ ਸੀ ਸਿੱਖਿਆ ।ਗੁਰੂ ਨੇ ਹਮੇਸ਼ਾ ਪਹਿਲਾ ਵਾਰ ਦੁਸ਼ਮਣ ਨੂੰ ਕਰਨ ਦਿੱਤਾ ਸੀ ।ਹਿੰਦੇ ਦੇ ਨਾਲਦਿਆਂ ਨੇ ਮੌਕਾ ਹੱਥੋਂ ਨਾ ਗਵਾਉਣ ਲਈ ਜ਼ਿੱਦ ਕੀਤੀ ਪਰ ਹਿੰਦਾ ਆਪਣੇ ਗੁਰੂ ਸਾਹਵੇਂ ਛਿੱਥਿਆਂ ਨਹੀਂ ਸੀ ਪੈਣਾ ਚਾਹੁੰਦਾ। ਉਨ੍ਹਾਂ ਨੇ ਹਲੂਣ ਕੇ ਪੁਲਿਸ ਵਾਲਿਆਂ ਨੂੰ ਜਗਾਇਆ ।ਪੁਲਿਸ ਵਾਲੇ ਅੱਭੜਵਾਹੇ ਉੱਠ ਕੇ ਅੱਖਾਂ ਮਲਣ ਲੱਗੇ।

ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਹ ਤਾਂ ਬੱਸ ਹੁਣ ਆਖਰੀ ਸਾਹ ਲੈ ਰਹੇ ਹਨ ਤਾਂ ਉਨ੍ਹਾਂ ਵਿੱਚੋਂ ਇੱਕ ਉਨ੍ਹਾਂ ਦੇ ਪੈਰੀਂ ਡਿੱਗ ਪਿਆ।

"ਨਾ ਭਾਊ ਜੀ ਨਾ ਮਾਰਿਉ,ਮੇਰੀ ਮਾਂ ਦੇ ਤਾਂ ਅਜੇ ਚਾਅ ਵੀ ਪੂਰੇ ਨਹੀਂ ਹੋਏ,ਮੈਂ ਤਾਂ ਤੰਗੀਆਂ ਤੁਰਸ਼ੀਆਂ ਦਾ ਮਾਰਿਆਂ ਪੁਲਿਸ ਵਿੱਚ ਹੋਇਆਂ ਆਂ ਜੀ ।ਤੁਸੀਂ ਵੀ ਕਿਸੇ ਦੇ ਪੁੱਤਰ ਉ।"ਉਹ ਲਿਲਕੜੀਆਂ ਕੱਢਣ ਦੇ ਨਾਲ ਨਾਲ ਹੌਕੇ ਵੀ ਲੈਣ ਲੱਗ ਪਿਆ ।ਹਿੰਦੇ ਨੇ ਉਹਨੂੰ ਚੰਗੀ ਤਰ੍ਹਾਂ ਵੇਖਿਆ ਤੇ ਫ਼ਿਰ ਪਛਾਣਦਿਆਂ ਪੁੱਛਿਆ-

"ਓਇ ਤੂੰ ਬਾਕੀਪੁਰੋਂ ਨ੍ਹੀਂ?"ਬਾਕੀਪੁਰ ਹਿੰਦੇ ਦਾ ਪਿਛਲਾ ਪਿੰਡ ਸੀ ।ਤੇ ਸੱਤਾਂ ਅੱਠਾਂ ਸਾਲਾਂ ਦਾ ਹੀ ਸੀ ਹਿੰਦਾ ਜਦੋਂ ਉਸਦੇ ਪਿਉ ਨੇ ਪੈਲ਼ੀ ਬੰਨਾ ਵੇਚ ਕੇ ਇੱਕ ਗੱਡੀ ਪਾ ਲਈ ਤੇ ਫ਼ਿਰ ਸਣੇ ਟੱਬਰ ਕਲਕੱਤੇ

ਚਲਾ ਗਿਆ ਸੀ।

"ਹਾਂ ਜੀ ਬਾਬਾ ਜੀ,ਮੈਂ ਬਾਬੇਕਿਆਂ'ਚੋਂ ਹਾਂ ਜੀ ਭਗਵੰਤ,ਮੇਰੇ ਤਾਂ ਪਿਉ ਨੇ ਅਜੇ ਕਰਜ਼ਾ ਵੀ ਨਹੀਂ ਲਾਹਿਆ।ਮੈਨੂੰ ਭਰਤੀ ਕਰਵਾਉਣ ਲਈ ਚੁੱਕਿਆ ਸੀ ਜਿਹੜਾ।ਮਾਂ ਮੇਰੀ ਤਾਂ ਊਂ ਈ ਮਰਜੂ ਜੀ।"ਉਹ ਰੋ ਰਿਹਾ ਸੀ ਤੇ ਹਿੰਦਾ ਬਾਕੀਪੁਰ ਦੀਆਂ ਗਲ਼ੀਆਂ ਵਿੱਚ ਜਾ ਪਹੁੰਚ ਗਿਆ ਸੀ।ਦਾਣੇ ਝੋਲ਼ੀ ਵਿੱਚ ਪਾ ਕੇ ਮਾਂ ਤੋਂ ਚੋਰੀ ਮਲੂਕੇ ਦੀ ਹੱਟੀ ਤੋਂ ਬਰਫ਼ ਦੇ ਗੋਲ਼ੇ ਚੂਪਣੇ ਤੇ ਫ਼ਿਰ ਬਾਕੀ ਬਚੇ ਪੈਸਿਆਂ ਦੇ ਗੱਟੇ ਤੇ ਚੂਸਣ ਵਾਲੀਆਂ ਸੰਤਰੇ ਦੀਆਂ ਮੱਛੀਆਂ ਲੈ ਲੈਣੀਆਂ।

"ਚੱਲ ਛੱਡ ਹੁਣ।ਕੀ ਵੇਖੀ ਜਾਨੈਂ ਹਿੰਦਿਆ,ਇਹਨੂੰ ਨਾਲ ਹੀ ਲੈ ਜਾ ਤੇ ਪ੍ਰਾਹੁਣਾ ਬਣਾ ਲੈ ਆਪਣਾ।ਸੋਚੀਂ ਪੈ ਗਿਐਂ ਸਾਲਿਆ।?"

"ਓਇ ਭੌਂਕ ਨਾ ਓਇ,ਇਹਦੇ ਵਿੱਚ ਵੀ ਜਾਨ ਆ।ਬੰਦੇ ਨੇ ਜੇ ਖਾਕੀ ਲੀੜੇ ਪਾਏ ਆ ਤਾਂ ਇਸਦਾ ਮਤਲਬ ਇਹ ਨਹੀਂ ਕਿ ਉਸ ਵਿੱਚ ਜਾਨ ਨਹੀਂ।ਜੱਟਾ"ਉਹ ਸਾਥੀਆਂ ਤੋਂ ਇਹ ਛੁਪਾ ਗਿਆ ਸੀ ਕਿ ਸਾਹਮਣੇ ਖੜ੍ਹਾ ਪੁਲਿਸ ਵਾਲਾ ਉਸਦਾ ਦੁਸ਼ਮਣ ਨਹੀਂ ਸੀ,ਤਾਏ ਦਾ ਪੁੱਤ ਭਰਾ ਸੀ ।

"ਅੱਹਾ?ਸਾਨੂੰ ਤਾਂ ਪਤਾ ਹੀ ਨਹੀਂ ਸੀ ਓਇ,ਹਾ ਹਾ ਹਾ।"ਹਿੰਦਾ ਕੱਚਾ ਜਿਹਾ ਹੋ ਗਿਆ।

"ਤੇਰਾ ਗਰਾਂਈਂ ਆ?"

"ਨਹੀਂ ਮੇਰੇ ਗੁਆਂਢੋਂ ਆ।"

"ਭਾਊ ਜੀ ਕਿਹੜਾ ਪਿੰਡ ਆ ਜੀ ਤੁਹਾਡਾ।?"ਪੁਲਿਸ ਵਾਲੇ ਨੇ ਹਿੰਮਤ ਕਰਕੇ ਪੁੱਛਿਆ।

"ਤੂੰ ਟੋਕਰਾ ਲੈ ਕੇ ਆਉਣਾ?"

"ਪਿੰਡ ਨਹੀਂ ਦੱਸਦੇ ਹੁੰਦੇ ਅਹੀਂ"ਹਿੰਦੇ ਨੇ ਧੋਲੇ ਜਿਹੇ ਕਿਹਾ।

ਇੰਨੇ ਨੂੰ ਦੂਜੇ ਪੁਲਿਸ ਵਾਲੇ ਰੁਖ ਸਿਰ ਹੋ ਗਏ।ਹਿੰਦੇ ਦਾ ਸਾਥੀ ਸੁੱਗੇ ਵਾਲਾ ਭਿੰਦਰ ਜ਼ਿਆਦਾ ਹੀ ਕਾਹਲ਼ਾ ਪੈ ਰਿਹਾ ਸੀ ਜਿਹੜਾ ਅਜੇ ਥੋੜ੍ਹੇ ਦਿਨ ਪਹਿਲਾਂ ਕਮਾਂਡੋ ਫ਼ੋਰਸ ਵਿੱਚ ਭਰਤੀ ਹੋਇਆ ਸੀ।ਉਸਨੂੰ ਕੱਲ੍ਹ ਕੁੱਤਾ ਮਾਰਨ ਲਈ ਕਿਹਾ ਸੀ ਤਾਂ ਉਸਨੂੰ ਲੰਗੜਾ ਕਰਕੇ ਬੜਾ ਸ਼ਰਮਿੰਦਾ ਹੋ ਰਿਹਾ ਸੀ।ਵੱਡੇ ਬਾਬੇ ਨੇ ਚੰਗੀ ਤੋਏ ਤੋਏ ਕੀਤੀ ਸੀ-"ਸਾਲਿਆ ਇੱਕ ਕੁੱਤਾ ਤੇ ਮਰਿਆ ਨਹੀਂ ਤੈਥੋਂ ਬੰਦਾ ਕਿੱਦਾਂ ਮਾਰੇਂਗਾ।ਜਿੰਨੇ ਪੁਲਸੀਏ ਮਾਰੋਗੇ ਉੰਨਾ ਹੀ ਇਨਾਮ ਵੱਡਾ ਮਿਲੂਗਾ।ਸਿਪਾਹੀ ਤੋਂ ਏਰੀਆ ਕਮਾਂਡਰ ਤੇ ਫ਼ਿਰ ਲੈਫ਼ਟੀਨੈਂਟ ਤੇ ਫ਼ਿਰ ਜਨਰਲ।"

"ਲੈਫ਼ਟੀਨੈਂਟ।"ਸੁੱਗੇ ਵਾਲੇ ਭਿੰਦਰ ਨੇ ਮੂੰਹ ਵਿੱਚ ਕਿਹਾ ਤੇ ਹਿੰਦੇ ਨੂੰ ਹੁੱਝ ਮਾਰ ਕੇ ਕੜਕਿਆ-"ਚੱਲ ਜਾਰ ਬਾਬਾ,ਕਰ ਪਾਸੇ ਇਹਨਾਂ ਨੂੰ।ਕਿ ਰਾਤ ਇੱਥੇ ਰਹਿਣਾ ਈ?"ਉਸ ਸੰਗਲ਼ੀ ਨੂੰ ਜ਼ੋਰ ਨਾਲ ਬੱਟ'ਤੇ ਮਾਰਿਆ।ਨਾਲ਼ੀ ਸਿੱਧੀ ਕਰਕੇ ਲਾੱਕ ਖੋਲ੍ਹਿਆ ਤੇ ਮੈਗਜ਼ੀਨ'ਚੋਂ ਗੋਲੀ ਚੈਂਬਰ'ਚ ਚੜ੍ਹਾ ਲਈ।

ਅਜੇ ਉਸ ਗੰਨ ਦੀ ਨਾਲੀ ਪੁਲਸੀਆਂ ਵੱਲ ਕੀਤੀ ਹੀ ਸੀ ਕਿ ਹਿੰਦੇ ਨੇ ਭਿੰਦਰ ਦੇ ਚਪੇੜ ਕੱਢ ਮਾਰੀ।ਹਿੰਦੇ ਦੀ ਚਪੇੜ ਖਾ ਕੇ ਭਿੰਦਰ ਝੇਂਪ ਜਿਹਾ ਗਿਆ।ਪੁਲਿਸ ਦੇ ਸਾਹਵੇਂ ਕਹਿੰਦਾ ਕਹਾਉਂਦਾ,ਖ਼ੁਦ ਨੂੰ ਲੈਫ਼ਟੀਨੈਂਟ ਸਮਝਣ ਵਾਲਾ ਭਿੰਦਰ ਹੇਠੀ ਮਨਾ ਗਿਆ।ਉਸਨੇ ਆਅ ਵੇਖਿਆ ਨਾ ਤਾਅ ਨਾਲੀ ਹਿੰਦੇ ਵੱਲ ਨੂੰ ਕਰਕੇ ਘੋੜਾ ਨੱਪ ਦਿੱਤਾ ਤੇ ਮੈਗਜ਼ੀਨ ਖਾਲੀ ਕਰ ਦਿੱਤਾ।ਸਾਹਮਣੇ ਛਾਨਣੀ ਬਣਿਆ ਹਿੰਦਾ ਜਿਵੇਂ ਪੁੱਛ ਰਿਹਾ ਸੀ-'ਕਿੰਨੇ ਕੁ ਭਿੰਦਰਾਂ ਨੂੰ ਬਖਸ਼ੇਂਗਾ,ਜੱਟਾ?ਦੁਨੀਆਂ ਭਿੰਦਰਾਂ ਨਾਲ ਭਰੀ ਪਈ ਊ ਜੇ ਤੂੰ ਨਾ ਮਾਰਿਆ ਤਾਂ ਇਹ ਤੈਨੂੰ ਮਾਰ ਦੇਣਗੇ।ਤੂੰ ਮਰ ਕੇ ਜੀਣਾ ਜਾਂ ਮਾਰ ਕੇ ਜੀਣਾ ਜਾਂ ਜੀਊਂ ਕੇ ਮਰਨਾ।'ਅੱਖ ਦੇ ਝਮੱਕੇ ਨਾਲ ਭੰਤੇ ਨੇ ਏ.ਕੇ ਛਪੰਜਾ ਸਾਂਭੀ ਤੇ ਭਿੰਦਰ ਦੇ ਵਿੱਚੋਂ ਦੀ ਪੰਦਰਾਂ ਵੀਹ ਗੋਲ਼ੀਆਂ ਲੰਘਾ ਦਿੱਤੀਆਂ।ਭੰਤੇ ਨੇ ਵਾਕੀ ਟਾਕੀ ਉੱਤੇ ਕੰਟਰੋਲ ਰੂਮ ਸੂਚਨਾ ਦਿੱਤੀ ਤੇ ਹੋਰ ਫ਼ੋਰਸ ਆ ਗਈ।ਉਹ ਨਹੀਂ ਸੀ ਚਾਹੁੰਦਾ ਕਿ ਇਸ ਨੂੰ ਮੁਕਾਬਲਾ ਦੱਸਿਆ ਜਾਵੇ।ਪਰ ਅਸਲੀਅਤ ਦੱਸ ਕੇ ਉਹ ਆਪਣੇ ਅੱਤਵਾਦੀਆਂ ਨਾਲ ਸੰਬੰਧ ਹੋਣ ਦਾ ਸ਼ੱਕ ਵੀ ਨਹੀਂ ਸੀ ਪਵਾਉਣਾ ਚਾਹੁੰਦਾ।



ਹਿੰਦੇ ਦੇ ਭੋਗ ਉੱਤੇ ਭਗਵੰਤ ਵੀ ਪਹੁੰਚਿਆ ਸੀ।ਜੇ ਉਸ ਦਿਨ ਹਿੰਦਾ ਨਾ ਹੁੰਦਾ ਤਾਂ ਅੱਜ ਭੋਗ ਉਸਦਾ ਪੈ ਰਿਹਾ ਹੋਣਾ ਸੀ।ਉਹ ਅੰਦਰੋਂ ਹਿੰਦੇ ਦਾ ਦੇਣ ਸਾਰੀ ਉਮਰ ਨਹੀਂ ਸੀ ਦੇ ਸਕਦਾ।ਪਰ ਸਰਕਾਰੀ ਨੀਤੀਆਂ ਦਾ ਗੇੜ ਕਿ ਭਰਾ ਭਰਾ ਨੂੰ ਮਾਰ ਰਿਹਾ ਸੀ।ਹਿੰਦੇ ਵਰਗੇ ਪਤਾ ਨਹੀਂ ਕਿੰਨੇ ਐਂਵੇਂ ਭੰਗ ਦੇ ਭਾੜੇ ਗਏ।ਉਸ ਦੀਆਂ ਅੱਖਾਂ ਸਾਹਵੇਂ ਅਜੇ ਵੀ ਹਿੰਦੇ ਦੀ ਛਾਨਣੀ ਹੋਈ ਦੇਹ ਘੁੰਮ ਜਾਂਦੀ- 'ਬੰਦੇ ਨੇ ਜੇ ਖਾਕੀ ਲੀੜੇ ਪਾਏ ਆ ਤਾਂ ਇਸਦਾ ਮਤਲਬ ਇਹ ਨਹੀਂ ਕਿ ਉਸ ਵਿੱਚ ਜਾਨ ਨਹੀਂ।ਜੱਟਾ।'

****************

ਹਿੰਦਾ ਕਸ਼ਮੀਰੇ ਦੀ ਕਲਕੱਤੇ ਵਾਲੀ ਮਾਸੀ ਦਾ ਮੁੰਡਾ ਸੀ।ਉਸਨੂੰ ਬੜੇ ਸਾਲਾਂ ਤੋਂ ਕਦੇ ਕਸ਼ਮੀਰੇ ਹੁਰਾਂ ਨੇ ਵੇਖਿਆ ਹੀ ਨਹੀਂ ਸੀ।ਨਿੱਕੇ ਹੁੰਦਿਆਂ ਇੱਕ ਵਾਰ ਨਾਨਕੇ ਮਾਮੇ ਦੇ ਵਿਆਹ ਜਦੋਂ ਉਹ ਆਏ ਸਨ ਤਾਂ ਜਾਗੋ ਕੱਢਦਿਆਂ ਬੜਾ ਖੌਰੂ ਪਾਇਆ ਸੀ।ਉਦੋਂ ਉਹ ਵੀ ਨਿੱਕਾ ਜਿਹਾ ਸੀ ਤੇ ਬੜਾ ਅੜਬ ਜਿਹੇ ਸੁਭਾਅ ਦਾ ਸੀ।ਕਸ਼ਮੀਰਾ ਭਾਵੇਂ ਉਸਤੋਂ ਵਾਹਵਾ ਵੱਡਾ ਸੀ ਪਰ ਉਹ ਇਕੱਠੇ ਖੇਡਦੇ ਰਹੇ ਸਨ।ਕਈ ਵਾਰ ਖੇਡਦਾ ਰੋਂਦ ਮਾਰਦਾ ਲੜ ਪੈਂਦਾ ਤੇ ਰੁੱਸ ਜਾਂਦਾ।ਪਰ ਨਿੱਕਾ ਹੋਣ ਕਰਕੇ ਕਸ਼ਮੀਰਾ ਫ਼ਿਰ ਉਸਨੂੰ ਮਨਾ ਲੈਂਦਾ ਤੇ ਉਸ ਨਾਲ ਖੇਡਣ ਲੱਗ ਪੈਂਦਾ।

ਉਂਝ ਤਾਂ ਹਿੰਦੇ ਦੇ ਪਿਉ ਦਲਬੀਰੇ ਨੇ ਪੈਲ਼ੀ ਬੰਨਾ ਵੇਚ ਕੇ ਗੱਡੀ ਪਾ ਲਈ ਤੇ ਬਾਕੀਪੁਰੋਂ ਟੱਬਰ ਟੀਰ ਲੈ ਕੇ ਕਲਕੱਤੇ ਚਲਾ ਗਿਆ।ਉੱਥੇ ਦਲਬੀਰੇ ਦੀ ਭੂਆ ਦੇ ਪੁੱਤ ਭਰਾ ਦੇ ਟਰੱਕ ਚੱਲਦੇ ਸਨ ਤੇ ਦੋ ਪੰਜਾਬੀ ਢਾਬੇ ਸਨ।ਦਲਬੀਰੇ ਨੇ ਉਨ੍ਹਾਂ ਦਾ ਚੰਗਾ ਕਾਰੋਬਾਰ ਵੇਖ ਕੇ ਇਹ ਕਦਮ ਚੁੱਕਿਆ ਸੀ।ਪਿਉ ਨਾਲ ਲੜ ਕੇ ਉਸ ਭਰਾਵਾਂ ਤੋਂ ਹਿੱਸਾ ਵੱਖ ਕਰ ਲਿਆ ਤੇ ਸਾਰਿਆਂ ਨਾਲੋਂ ਮੋਹ ਤੋੜ ਕੇ ਕਲਕੱਤੇ ਜਾ ਵੱਸਿਆ ਸੀ।ਓਧਰੇ ਹੀ ਉਸਦੇ ਨਿਆਣੇ ਹੋਏ ਤੇ ਫ਼ਿਰ ਵੱਡੇ ਵੀ ਓਧਰੇ ਹੀ ਹੋ ਗਏ।ਬੱਸ ਨਾਨਕੀਂ ਮਾਮੇ ਦੇ ਵਿਆਹ ਮਾਪਿਆਂ ਨਾਲ ਹਿੰਦਾ ਹੀ ਆਇਆ ਸੀ ਤੇ ਹਿੰਦਿਉਂ ਨਿੱਕੀ ਕੰਤੀ ਉਦੋਂ ਅਜੇ ਨਹੀਂ ਸੀ ਹੋਈ।

ਹਿੰਦਾ ਉਦੋਂ ਸਤਾਰਾਂ ਅਠਾਰਾਂ ਵਰ੍ਹਿਆਂ ਦਾ ਹੀ ਸੀ ਤੇ ਪਿਉ ਨਾਲ ਸਟੇਅਰਿੰਗ'ਤੇ ਬਹਿਣਾ ਸਿੱਖ ਰਿਹਾ ਸੀ ਜਦੋਂ ਦੇਸ਼ ਦੀ ਪ੍ਰਧਾਨ ਮੰਤਰੀ ਨੂੰ ਉਸੇ ਦੇ ਬਾਡੀ ਗਾਰਡਾਂ ਨੇ ਮਾਰ ਦਿੱਤਾ।ਸਾਰੇ ਦੇਸ਼ ਦੇ ਨਾਲ ਨਾਲ ਕਲਕੱਤੇ ਵਿੱਚ ਵੀ ਪੱਗਾਂ ਤੇ ਜੂੜਿਆਂ ਵਾਲਿਆਂ ਨੂੰ ਲੱਭ ਲੱਭ ਕੇ ਮਾਰਨ ਲੱਗ ਪਏ।ਹਿੰਦਾ ਉਦੋਂ ਗੱਡੀ'ਤੇ ਆਪਣੇ ਪਿਉ ਨਾਲ ਦੂਜੀ ਸਟੇਟ ਵਿੱਚ ਗੇੜਾ ਲਾਉਣ ਗਿਆ ਸੀ।ਜਦੋਂ ਉਹ ਪਰਤੇ ਤਾਂ ਘਰ ਦੀ ਥਾਂ'ਤੇ ਉੱਥੇ ਸਿਰਫ਼ ਵੱਡਾ ਸਾਰਾ ਮਲਬੇ ਦਾ ਢੇਰ ਸੀ।ਧੂੰਆਂ ਉਸ ਵਿੱਚੋਂ ਉੱਠ ਰਿਹਾ ਸੀ ਤੇ ਅੰਦਰ ਕੰਧ ਨਾਲ ਢੋਅ ਲਾਈ ਉਸਦੀ ਭੈਣ ਕੰਤੀ ਦੀ ਲਾਸ਼ ਪਈ ਸੀ।ਅੱਗ ਨੇ ਉਸਨੂੰ ਸਾੜਕੇ ਸਵਾਹ ਕਰ ਦਿੱਤਾ ਸੀ।ਉਸਦੇ ਸਰੀਰ ਦਾ ਕੇਵਲ ਭੁਰਭੁਰਾ ਜਿਹਾ ਪਿੰਜਰ ਹੀ ਬਚਿਆ ਸੀ।ਕਿਰਪਾਨ ਜਿਹੜੀ ਉਸਨੇ ਪਾਪੀਆਂ ਨੂੰ ਮਾਰਨ ਵਾਸਤੇ ਮਿਆਨ'ਚੋਂ ਕੱਢੀ ਹੋਵੇਗੀ ਉਸਦੇ ਪੱਟਾਂ ਉੱਤੇ ਪਈ ਕਾਲੀ ਹੋ ਚੁੱਕੀ ਸੀ।ਅੰਦਰ ਕਮਰੇ ਵਿੱਚ ਉਸਦੀ ਮਾਂ ਦਾ ਪਿੰਜਰ ਪਿਆ ਸੀ।ਪੇਟੀਆਂ ਦੇ ਢੱਕਣ ਖੁੱਲ੍ਹੇ ਸਨ ਤੇ ਸਾਰਾ ਸਮਾਨ ਸਵਾਹ ਬਣ ਚੁੱਕਾ ਸੀ।ਹੇਠਲੇ ਬੁੱਲ੍ਹ ਨੂੰ ਦੰਦਾਂ ਨਾਲ ਨੱਪਣ ਦੀ ਕੋਸ਼ਿਸ਼ ਕਰਦਾ ਹਿੰਦਾ ਅੱਥਰੂਆਂ ਨੂੰ ਅੱਖਾਂ ਵਿੱਚ ਹੀ ਡੱਕੀ ਰੱਖਣ ਦਾ ਯਤਨ ਕਰ ਰਿਹਾ ਸੀ ਪਰ ਪਿਉ ਨੂੰ ਡੱਡੋਲ਼ਿਕਾ ਜਿਹਾ ਹੋਇਆ ਵੇਖ ਕੇ ਸਬਰ ਦਾ ਬੰਨ੍ਹ ਟੁੱਟ ਗਿਆ।ਤੇ ਫ਼ਿਰ ਉਹ ਇੱਕ ਦੂਜੇ ਨੂੰ ਬਾਹਾਂ ਵਿੱਚ ਘੁੱਟੀ ਧਾਹੀਂ ਮਾਰ ਕੇ ਰੋ ਉੱਠੇ।ਆਂਢ ਗੁਆਂਢ ਵਿੱਚੋਂ ਕਿਸੇ ਮਾਈ ਨੇ ਉਨ੍ਹਾਂ ਨੂੰ ਪਾਣੀ ਪਿਆਇਆ ਤੇ ਫ਼ਿਰ ਕੋਈ ਲਾਗੇ ਨਾ ਆਇਆ।ਤੇ ਉਹ ਸਭ ਕੁਝ ਸਾਂਭ ਸਮੇਟ ਕੇ ਪੰਜਾਬ ਨੂੰ ਤੁਰ ਪਏ।।

ਪਿੰਡ ਹੁਣ ਕੋਈ ਜ਼ਮੀਨ ਜਾਇਦਾਦ ਨਾ ਹੋਣ ਕਰਕੇ ਉਨ੍ਹਾਂ ਕਿਸੇ ਉੱਤੇ ਬੋਝ ਬਣਨ ਦੀ ਥਾਂਵੇਂ ਨਿੱਕੇ ਜਿਹੇ ਸ਼ਹਿਰ ਵਿੱਚ ਇੱਕ ਮਕਾਨ ਕਿਰਾਏ ਉੱਤੇ ਲੈ ਲਿਆ ਸੀ।ਪਿਉ ਤਾਂ ਹਿੰਦੇ ਦਾ ਹੁਣ ਕੁਝ ਵੀ ਨਾ ਕਰਦਾ,ਸਾਰਾ ਦਿਨ ਸੜਕਾਂ ਉੱਤੇ ਫ਼ਿਰਦਾ ਜਿਵੇਂ ਕੁਝ ਲੱਭਦਾ ਰਹਿੰਦਾ।ਕਦੀ ਸ਼ਹਿਰ ਦੇ ਚੌਂਕ ਵਿੱਚ ਖਲੋ ਕੇ ਮੂੰਹ ਵਿੱਚ ਸੀਟੀ ਪਾਈ ਟਰੈਫ਼ਿਕ ਨੂੰ ਹੱਥ ਦਿੰਦਾ ਤੇ ਕਦੀ ਗੱਡੀਆਂ ਦੇ ਨੰਬਰ ਬੋਲਦਾ ਰਹਿੰਦਾ-'ਚੱਲ ਭੀ

ਚੱਲ ਤੇਰਾਂ ਚਤਾਲ਼ੀ,ਤੂੰ ਲੱਦ ਮਾਲ,ਸ਼ਾਹ ਆ ਗਿਆ ਈ,ਪੈਂਤੀ ਉਣਾਹਠ ਤੂੰ ਲਾ ਲਿਆ ਗੇੜਾ।?’ਦਲਬੀਰੇ ਦੀ ਇੱਕ ਅੱਖ ਵਿੱਚ ਪੱਥਰ ਦਾ ਡੇਲਾ ਸੀ।ਬੰਗਾਲ ਦੇ ਜੰਗਲ਼ਾਂ ਵਿੱਚੋਂ ਗੱਡੀ ਲੈ ਕੇ ਲੰਘਦਿਆਂ ਇੱਕ ਵਾਰ ਉਸਨੂੰ ਡਾਕੂ ਪੈ ਗਏ ਤੇ ਗੱਡੀ ਲੁੱਟਣ ਲਈ ਅਹੁਲ਼ੇ।ਪਰ ਦਲਬੀਰਾ ਉਨ੍ਹਾਂ ਨਾਲ਼ ਉਲ਼ਝ ਗਿਆ ਪਰ ਉਨ੍ਹਾਂ ਨੇ ਤੀਰ ਮਾਰ ਕੇ ਉਸਦੀ ਅੱਖ ਕੱਢ ਦਿੱਤੀ।ਦਲਬੀਰਾ ਜਿੱਥੇ ਰਾਤ ਪੈਂਦੀ ਪੈ ਜਾਂਦਾ।ਪਰ ਹਿੰਦਾ ਕੰਮ ਦੀ ਭਾਲ ਵਿੱਚ ਸਾਰਾ ਸਾਰਾ ਦਿਨ ਫ਼ਿਰਦਾ ਰਹਿੰਦਾ।ਕਈ ਵਾਰ ਕਈ ਕਈ ਦਿਨ ਘਰੇ ਨਾ ਵੜਦਾ ਤੇ ਦਲਬੀਰਾ ਗੁਰਦੁਆਰਾ ਸਾਹਿਬ ਤੋਂ ਲੰਗਰ ਛਕ ਕੇ ਉੱਥੇ ਹੀ ਪਿਆ ਰਹਿੰਦਾ।

ਕਈ ਵਾਰ ਕਸ਼ਮੀਰਾ ਤੇ ਬਣਸੀ ਜਾ ਕੇ ਉਨ੍ਹਾਂ ਦਾ ਪਤਾ ਲੈ ਆਉਂਦੇ ਪਰ ਆ ਕੇ ਕਈ ਕਈ ਦਿਨ ਬੇਚੈਨ ਜਿਹੇ ਰਹਿੰਦੇ।ਫ਼ਿਰ ਉਹ ਜਦੋਂ ਕਿਤੇ ਵੀ ਸ਼ਹਿਰ ਗਏ ਨਾ ਤਾਂ ਉਹਨਾਂ ਨੂੰ ਹਿੰਦਾ ਮਿਲਿਆ ਤੇ ਨਾ ਸ਼ਹਿਰ ਵਿੱਚ ਕਿਤੇ ਦਲਬੀਰਾ ਹੀ ਦਿੱਸਿਆ।ਤੇ ਫ਼ਿਰ ਇੱਕ ਦਿਨ ਦਲਬੀਰੇ ਦੀ ਲਾਸ਼ ਸ਼ਹਿਰ ਦੇ ਚੌਂਕ’ਚੋਂ ਮਿਲੀ ਸੀ।ਰਾਤ ਕਿਤੇ ਕਿਸੇ ਗੱਡੀ ਨੇ ਉਸਨੂੰ ਦਰੜ ਦਿੱਤਾ ਸੀ।ਹਸਪਤਾਲ ਪਈ ਲਾਸ਼ ਦਾ ਦੋ ਤਿੰਨ ਦਿਨ ਤੱਕ ਜਦੋਂ ਕੋਈ ਵਾਲੀ ਵਾਰਿਸ ਨਾ ਆਇਆ ਤਾਂ ਪੁਲਿਸ ਨੇ ਧਾਰਾ ੧੭੪ ਦੀ ਕਾਰਵਾਈ ਪਾ ਕੇ ਪੋਸਟ ਮਾਰਟਮ ਕਰਵਾ ਕੇ ਲਾਸ਼ ਕਮੇਟੀ ਘਰ ਵਾਲਿਆਂ ਦੇ ਹਵਾਲੇ ਕਰ ਦਿੱਤੀ ਤੇ ਉਨ੍ਹਾਂ ਫ਼ਤਿਹਚੱਕ ਦੀਆਂ ਮੜ੍ਹੀਆਂ’ਚ ਲਿਜਾ ਕੇ ਸਸਕਾਰ ਕਰ ਦਿੱਤਾ।ਹੁਣ ਹਿੰਦੇ ਦਾ ਭੋਗ ਕਸ਼ਮੀਰੇ ਨੇ ਆਪਣੇ ਘਰੇ ਹੀ ਪਾਇਆ ਸੀ।ਹੋਰ ਕੌਣ ਸੀ ਹਿੰਦੇ ਦਾ ਇਸ ਦੁਨੀਆਂ’ਤੇ।ਅਕਸਰ ਹਿੰਦਾ ਮਾਸੀ ਪੁੱਤਰ ਸੀ ਤੇ ਉਹ ਇੰਨਾ ਵੀ ਨਹੀਂ ਸੀ ਕਰ ਸਕਦਾ।ਲੋਕਾਂ ਨੂੰ ਸ਼ੱਕ ਹੋਰ ਪੱਕਾ ਹੋ ਗਿਆ ਕਿ ਰਾਤ ਨੂੰ ਭੌਂਕਦੇ ਕੁੱਤੇ ਤੇ ਬੋਲਦੀਆਂ ਟਟੀਹਰੀਆਂ ਹਿੰਦੇ ਦਾ ਹੀ ਪਤਾ ਦੱਸਦੀਆਂ ਸਨ।ਭੋਗ ਵਾਲੇ ਦਿਨ ਤੋਂ ਹੀ ਕਸ਼ਮੀਰੇ ਦਾ ਘਰ ਅੱਤਵਾਦੀਆਂ ਦਾ ਘਰ ਵੱਜਣ ਲੱਗ ਪਿਆ ਤੇ ਸ਼ਾਹਾਂ ਦੀ ਨਿਗਾਹ ਉਨ੍ਹਾਂ ਦੇ ਬੂਹੇ ਉੱਤੇ ਹੋਰ ਵੀ ਪੱਕੀ ਹੋ ਗਈ।ਸ਼ਾਹਾਂ ਦਾ ਜਵਾਈ ਢਿੱਲੋਂ ਲਾਲ ਵਹੀ ਉੱਤੇ ਹੱਥ ਫ਼ੇਰਦਿਆਂ ਇੱਕ ਪੈੱਗ ਹੋਰ ਪਾਉਣ ਨੂੰ ਕਹਿ ਕੇ ਧਨਵੰਤੇ ਸ਼ਾਹ ਵੱਲ ਵੇਖ ਕੇ ਮੁਸਕਰਾਇਆ ਸੀ।

***ਕਾਂਡ ਪੰਜਵਾਂ***

ਦਿੱਲੀਉਂ ਜਹਾਜੇ ਬਿਠਾ ਕੇ ਕਸ਼ਮੀਰੇ ਨੂੰ ਏਜੰਟ ਨੇ ਪੰਜਾਬ ਨੂੰ ਤੋਰ ਦਿੱਤਾ ਤੇ ਆਪ ਕੁਝ ਦਿਨ ਬਾਦ ਆਉਣ ਕਹਿ ਕੇ ਉੱਥੇ ਈ ਰੁਕ ਗਿਆ।ਏਜੰਟ ਨੇ ਉਸਨੂੰ ਦੱਸਿਆ ਸੀ ਕਿ ਦੋ ਦਿਨ ਦਾ ਸਫ਼ਰ ਹੈ ਤੇ ਉੱਥੇ ਪਹੁੰਚ ਕੇ ਧਰਮੇ ਨੂੰ ਨੂਰਦੀ ਚੌਂਕ ਵਾਲੇ ਰਾਜੂ ਪੀ.ਸੀ.ਉ.’ਤੇ ਟੈਲਫ਼ੋਨ ਕਰਨ ਦੀ ਹਦਾਇਤ ਕੀਤੀ ਸੀ।ਤੀਜੇ ਦਿਨ ਕਸ਼ਮੀਰਾ ਤਿਆਰ ਹੋ ਕੇ ਬਣਸੀ ਨੂੰ ਨਾਲ ਲੈ ਕੇ ਏਜੰਟ ਵੱਲੋਂ ਦੱਸੇ ਟਾਈਮ ਉੱਤੇ ਰਾਜੂ ਪੀ.ਸੀ.ਉ. ਪਹੁੰਚ ਗਿਆ।ਘੰਟਾ ਦੋ ਘੰਟੇ ਉਡੀਕਿਆ ਪਰ ਧਰਮੇ ਦਾ ਫ਼ੋਨ ਨਾ ਆਇਆ-‘ਕੀ ਪਤਾ ਥੱਕਾ ਟੁੱਟਿਆ,ਜਾਂਦਾ ਈ ਸੌਂ ਗਿਆ ਹੋਵੇ ਜਾਂ ਖੌਰਿਆ ਚੇਤਾ ਈ ਭੁੱਲ ਗਿਆ ਹੋਵੇ ਤੇ ਜਾਂ ਖੌਰਿਆ ਏਜੰਟ ਨੂੰ ਭੁਲੇਖਾ ਲੱਗਾ ਹੋਵੇ ਤੇ ਸਫ਼ਰ ਦੋ ਦਿਨ ਦਾ ਨਹੀਂ,ਤਿੰਨ ਦਿਨ ਦਾ ਹੋਵੇ’ਉਹ ਸੋਚਦਾ ਰਿਹਾ ਤੇ ਫ਼ਿਰ ਉਹ ਹਾਰ ਕੇ ਅੱਡੇ’ਤੇ ਆ ਗਏ ਕਿਉਂਕਿ ਗੱਗੋਬੂਹੇ ਨੂੰ ਜਾਣ ਵਾਲੀ ਆਖਰੀ ਬੱਸ ਦਾ ਟਾਈਮ ਹੋ ਗਿਆ ਤੇ ਬਣਸੀ ਨੇ ਜਾ ਕੇ ਅਜੇ ਧਾਰਾਂ ਵੀ ਕੱਢਣੀਆਂ ਸਨ ਤੇ ਅੰਨ ਪਾਣੀ ਦਾ ਆਹਰ ਵੀ ਕਰਨਾ ਸੀ।ਅਗਲੇ ਦਿਨ ਕਸ਼ਮੀਰਾ ਇਕੱਲਾ ਹੀ ਪੀ.ਸੀ.ਉ.’ਤੇ ਆਇਆ ਪਰ ਫ਼ੋਨ ਫ਼ਿਰ ਨਾ ਆਇਆ।ਕਈ ਦਿਨ ਉਹ ਸ਼ਹਿਰ ਵਾਲੇ ਪੀ.ਸੀ.ਉ.’ਤੇ ਜਾਂਦਾ ਰਿਹਾ ਤੇ ਫ਼ਿਰ ਉਸ ਜਾਣਾ ਬੰਦ ਕਰ ਦਿੱਤਾ।

ਉਸਦਾ ਨਾ ਕੋਈ ਫ਼ੋਨ ਆਇਆ ਤੇ ਨਾ ਹੀ ਚਿੱਠੀ।ਕਈ ਵਾਰ ਕਸ਼ਮੀਰੇ ਨੇ ਉਸਦੇ ਏਜੰਟ ਨੂੰ ਪੁੱਛਿਆ ਤਾਂ ਉਸਨੇ ਪੱਲਾ ਨਾ ਫ਼ੜਾਇਆ।ਧਰਮੇ ਨੂੰ ਤਾਂ ਉਹ ਆਪ ਜਹਾਜਾਂ ਵਾਲੇ ਅੱਡੇ’ਤੇ ਚੜ੍ਹਾ ਕੇ ਆਇਆ ਸੀ।ਏਜੰਟ ਵੀ ਨਾਲ ਹੀ ਸੀ ਤੇ ਉਸ ਨੇ ਵੀ ਕਿਹਾ ਸੀ ਕਿ ਜਾਂਦਿਆਂ ਜਹਾਜ਼ ਦੀ ਫ਼ੋਟੋ ਵਾਲੇ ਲਿਫ਼ਾਫ਼ੇ ਉੱਤੇ ਚਿੱਠੀ ਪਾ ਦੇਵੀਂ ਪਰ ਅਜੇ ਤੱਕ ਉਸਦੀ ਕੋਈ ਚਿੱਠੀ ਨਹੀਂ ਸੀ ਮਿਲੀ।ਉਹ ਵਾਰ ਵਾਰ ਸ਼ਹਿਰ ਜਾਂਦਾ ਤੇ ਰਟਿਆ ਰਟਾਇਆ ਜਵਾਬ ਏਜੰਟ ਤੋਂ ਸੁਣ ਕੇ ਆ ਜਾਂਦਾ- “ਭਾਊ ਜੀ ਮੈਂ



ਤੁਹਾਡੇ ਨਾਲ ਹੀ ਗਿਆਂ ਸਾਂ ਨਾ ਮੁੰਡਿਆਂ ਨੂੰ ਜਹਾਜੇ ਬਿਠਾਉਣ,ਗਿਆਂ ਸਾਂ ਕਿ ਨਹੀਂ?ਮੁੰਡੇ ਬੈਠੇ ਸੀ ਨਾ ਜਹਾਜੇ,ਬੈਠੇ ਸੀ ਕਿ ਨਹੀਂ?,ਛੇਈਏ ਦੇ ਛੇਈਏ ਮੁੰਡੇ ਬੈਠੇ ਸੀ ਨਾ।ਬੈਠੇ ਸੀ ਕਿ ਨਹੀਂ?ਫ਼ਿਰ ਮੇਰਾ ਕੰਮ ਤਾਂ ਇੰਨਾ ਹੀ ਸੀ ਨਾ ਭਾਊ ਜੀ,ਕਿ ਨਹੀਂ ।” ਤੇ ਏਜੰਟ ਡੈੱਕ ਉੱਤੇ ਚੱਲਦੇ ਸੁਖਮਨੀ ਸਾਹਿਬ ਦੇ ਪਾਠ ਦੀ ਆਵਾਜ਼ ਉੱਚੀ ਕਰ ਦਿੰਦਾ।ਉਹ ਆਪਣੀ ਥਾਂ ਸੱਚਾ ਸੀ।ਕਸ਼ਮੀਰਾ ਉਸ’ਤੇ ਯਕੀਨ ਕਰ ਲੈਂਦਾ ਪਰ ਫ਼ਿਰ ਕੁਝ ਦਿਨਾਂ ਬਾਦ ਉਸਦੇ ਅੰਦਰੋਂ ਧੂਹ ਜਿਹੀ ਪੈਂਦੀ ਤੇ ਉਹ ਫ਼ਿਰ ਜਾ ਕੇ ਏਜੰਟ ਦੇ ਪੈਰ ਫ਼ੜ ਲੈਂਦਾ-“ਕਰ ਖਾਂ ਮੇਰੇ ਪੁੱਤ ਦਾ ਕੋਈ ਪਤਾ ਸੁਰ।ਮੇਰਾ ਹੀਰਾ ਕਿੱਥੇ ਹੋਊਗਾ ਐਸ ਵੇਲ਼ੇ,ਪੁੱਛ ਖਾਂ ਉਸਨੂੰ ਜੀਅ ਲੱਗ ਗਿਆ ਕਿ ਨਹੀਂ।ਕਹਿ ਖਾਂ ਉਸਨੂੰ ਜੇ ਨਹੀਂ ਜੀਅ ਲੱਗਾ ਤਾਂ ਮੁੜ ਆਵੇ।”ਕਈ ਵਾਰ ਉਹ ਜੀਅ ਭਿਆਣਾ ਉੱਥੇ ਪੀ.ਸੀ.ਉ.ਦੇ ਲਾਗੇ ਸੜਕ ਉੱਤੇ ਘੁੰਮਦਾ ਰਹਿੰਦਾ ਮਤਾਂ ਪਿੱਛੋਂ ਉਹਦਾ ਫ਼ੋਨ ਆ ਜਾਵੇ ਤੇ ਉਹ ਵਿਚਾਰਾ ਪਿਉ ਨਾਲ ਗੱਲ ਵੀ ਨਾ ਕਰ ਸਕੇ।ਕਈ ਵਾਰ ਉਹ ਗੁਰਦੁਆਰੇ ਦੀ ਪਰਿਕਰਮਾ ਵਿੱਚ ਪਿਆ ਰਹਿੰਦਾ ਤੇ ਆਖਰੀ ਬੱਸੇ ਚੜ੍ਹ ਕੇ ਘਰ ਆ ਜਾਂਦਾ।ਕਈ ਦਿਨ ਸ਼ਹਿਰ ਦੇ ਗੇੜੇ ਮਾਰਨ ਨਾਲ ਤੇ ਕੁਝ ਚਿੰਤਾ ਨਾਲ ਉਸਦਾ ਰੰਗ ਸਵਾਹ ਵਰਗਾ ਹੋ ਗਿਆ ਤੇ ਬਣਸੀ ਵੀ ਮਰਨੇ ਪੈ ਗਈ ਸੀ।

ਸਾਰਾ ਦਿਨ ਉਹ ਵੱਟਾਂ ਉੱਤੇ ਫ਼ਿਰਦਾ ਰਹਿੰਦਾ।ਕਦੀ ਉਨ੍ਹਾਂ ਨਾਲ ਗੱਲਾਂ ਕਰਦਾ ਤੇ ਕਦੀ ਸੁਬਕਣ ਲੱਗ ਪੈਂਦਾ।ਨੱਕ’ਚੋਂ ਵਗਦੇ ਪਾਣੀ ਨੂੰ ਉਹ ਸਿਰ ਤੋਂ ਸਾਫ਼ੇ ਦਾ ਲੜ ਲਾਹ ਕੇ ਪੂੰਜਦਾ,ਨੱਕ ਸੁਣਕਦਾ ਤੇ ਫ਼ਿਰ ਆਲ਼ਾ ਦੁਆਲ਼ਾ ਵੇਖਦਿਆਂ ਅੱਖਾਂ ਪੂੰਝਣ ਲੱਗ ਪੈਂਦਾ।ਘਰ ਆ ਕੇ ਚੁੱਪ ਚਾਪ ਖੁਰਲੀ ਉੱਤੇ ਬੈਠਾ ਰਹਿੰਦਾ।ਮੱਝਾਂ,ਕੱਟੀਆਂ ਦੇ ਪਿੰਡਿਆਂ ਉੱਤੇ ਹੱਥ ਫ਼ੇਰਦਾ ਰਹਿੰਦਾ।ਬੰਤੇ ਦੇ ਪੋਤਰੇ ਨੂੰ ਸੱਦ ਲੈਂਦਾ ਤੇ ਉਸ ਤੋਂ ਜਹਾਜ਼ ਦੀ ਫ਼ੋਟੋ ਵਾਲੇ ਲਿਫ਼ਾਫ਼ੇ ਉੱਤੇ ਧਰਮੇ ਨੂੰ ਚਿੱਠੀ ਲਿਖਾਉਂਦਾ ਤੇ ਫ਼ਿਰ ਐਡਰੈੱਸ ਨਾ ਹੋਣ ਕਰਕੇ ਉਹ ਡਾਕਖਾਨੇ ਵਿੱਚ ਪਾਉਣ ਦੀ ਥਾਂ ਉਸਨੂੰ ਟਰੰਕ ਵਿੱਚ ਸਾਂਭਣ ਲਈ ਬਣਸੀ ਨੂੰ ਫ਼ੜਾ ਦਿੰਦਾ।

ਮੱਰੋ ਵੀ ਕਈ ਵਾਰ ਪ੍ਰਾਹੁਣੇ ਨਾਲ ਹੋ ਗਈ ਪਰ ਧਰਮੇ ਦੀ ਕੋਈ ਵਾਈ ਸਵਾਈ ਨਾ ਮਿਲੀ।ਧਰਮੇ ਦੀ ਸ਼ਕਲ ਸਾਰਾ ਦਿਨ ਤੇ ਸਾਰੀ ਰਾਤ ਅੱਖਾਂ ਮੂਹਰਿਉਂ ਇੱਕ ਘੜੀ ਲਈ ਵੀ ਪਰ੍ਹੇ ਨਾ ਹੁੰਦੀ।ਇੱਕ ਦਿਨ ਡਾਕੀਏ ਨੇ ਬੂਹੇ ਆ ਘੰਟੀ ਵਜਾਈ।ਉਹ ਜਹਾਜ਼ ਦੀ ਫ਼ੋਟੋ ਵਾਲੇ ਲਿਫ਼ਾਫ਼ੇ ਵਾਲੀ ਚਿੱਠੀ ਦੇ ਗਿਆ।ਕਸ਼ਮੀਰੇ ਨੇ ਝੱਟ ਬੰਤੇ ਦੇ ਪੋਤਰੇ ਨੂੰ ਅਵਾਜ਼ ਮਾਰੀ।ਨਿੱਕੀ ਜਿਹੀ ਕੰਧ ਟੱਪ ਕੇ ਉਹ ਝੱਟ ਆ ਗਿਆ ਤੇ ਕਸ਼ਮੀਰੇ ਨੇ ਉਸਨੂੰ ਚਿੱਠੀ ਫ਼ੜਾਉਂਦਿਆਂ ਬਣਸੀ ਨੂੰ ਵੀ ਅਵਾਜ਼ ਮਾਰ ਲਈ।ਆਪ ਉਹ ਹੀਅ ਦੇ ਉੱਤੇ ਰੁਖ ਸਿਰ ਹੋ ਕੇ ਬਹਿ ਗਿਆ ਤੇ ਸਿਰ ਦਾ ਸਾਫ਼ਾ ਲਾਹ ਕੇ ਪੋਚ ਸੰਵਾਰ ਕੇ ਬੰਨ੍ਹ ਲਿਆ ਤੇ ਬੜੇ ਦਿਨਾਂ ਦੀਆਂ ਬੁੱਲ੍ਹਾਂ ਉੱਤੇ ਪੈਂਦੀਆਂ ਮੁੱਛਾਂ ਨੂੰ ਉਸਨੇ ਥੋੜ੍ਹਾ ਜਿਹਾ ਉੱਤਾਂਹ ਚੁੱਕ ਕੇ ਵੱਟ ਜਿਹਾ ਦੇ ਲਿਆ।ਮੁੰਡਾ ਉੱਚੀ ਸਾਰੀ ਚਿੱਠੀ ਪੜ੍ਹਨ ਲੱਗਾ।

“ਲਿਖਤੁਮ ਧਰਮ ਸਿਹੁੰ ਅੱਗੇ ਮਿਲੇ ਮੇਰੇ ਸਤਿਕਾਰਯੋਗ ਭਾਊ ਜੀ ਤੇ ਬੀਬੀ ਜੀ,ਮੈਂ ਇਸ ਜਗ੍ਹਾ ਪਰ ਰਾਜ਼ੀ ਖੁਸ਼ ਹਾਂ।ਆਪਜੀ ਦੀ ਰਾਜੀ ਖੁਸ਼ੀ ਪਰਮਾਤਮਾ ਪਾਸੋਂ ਹਰ ਵੇਲ਼ੇ ਨੇਕ ਮੰਗਦਾ ਹਾਂ।ਅੱਗੇ ਸਮਾਚਾਰ ਇਹ ਹੈ ਕਿ।”ਉਹ ਪੜ੍ਹਦਾ ਜਾ ਰਿਹਾ ਸੀ ਤੇ ਕਸ਼ਮੀਰੇ ਤੇ ਬਣਸੀ ਦੀਆਂ ਅੱਖਾਂ ਅੱਗੇ ਉਸਦੀ ਸ਼ਕਲ ਘੁੰਮ ਰਹੀ ਸੀ।

“ਮੈਂ ਜਿਸ ਦਿਨ ਹੱਈਥੋਂ ਤੁਰਿਆਂ ਸਾਂ ਬੜਾ ਖੁਸ਼ ਸਾਂ ਕਿ ਹੁਣ ਸਭ ਧੋਣੇ ਧੋ ਦੇਵਾਂਗਾ,ਸਭ ਕਰਜ਼ੇ ਲਾਹ ਦੇਵਾਂਗਾ, ਮੈਂ ਵੀ ਕਦੇ ਆਪਣੇ ਪਿਉ ਨੂੰ ਹੱਸਦਿਆਂ ਵੇਖਾਂਗਾ,ਮੈਂ ਵੀ ਆਪਣੀ ਮਾਂ ਨੂੰ ਗੁਣਗੁਣਾਉਂਦਿਆਂ ਸੁਣਾਂਗਾ।ਮੱਰੋ ਵਾਸਤੇ ਸੋਨੇ ਦੀ ਘੜੀ ਘੱਲਾਂਗਾ।ਉਹਨੂੰ ਘੜੀ ਬੰਨ੍ਹਣ ਦਾ ਕਿੰਨਾ ਸ਼ੌਂਕ ਸੀ ਨਿੱਕੀ ਹੁੰਦੀ ਨੂੰ,ਭਾਊ ਵਾਸਤੇ ਨਵੀਂ ਜੁੱਤੀ ਘੱਲਾਂਗਾ।ਬਾਹਰ ਦੀ ਜੁੱਤੀ ਪਾ ਕੇ ਮੇਰਾ ਪਿਉ ਜਦੋਂ ਸੱਥ ਵਿੱਚ ਜਾਏਗਾ ਤਾਂ ਲੋਕ ਖੜੇ ਹੋ ਕੇ ਪੈਰੀਂ ਪਈ ਜੁੱਤੀ ਨੂੰ ਹੱਥ ਲਾ ਲਾ ਕੇ ਵੇਖਣਗੇ।ਮਾਂ ਵਾਸਤੇ ਨਵਾਂ ਸ਼ਾਲ ਲਵਾਂਗਾ।ਸਾਰੀ ਉਮਰ ਉਸਨੇ ਇੱਕੋ ਸ਼ਾਲ ਵਿੱਚ ਕੱਢ ਦਿੱਤੀ ਏ,ਹਾੜ ਸਿਆਲ ਇਹੀ ਮੋਰੀਆਂ ਵਾਲਾ ਉਨਾਭੀ ਸ਼ਾਲ ਉਸਦੇ ਸਿਰ ਉੱਤੇ ਹੁੰਦਾ ਹੈ।ਹੁਣ ਤਾਂ ਦੂਰੋਂ ਮਾਂ ਨੂੰ ਉਸਦੇ ਸ਼ਾਲ ਕਰਕੇ ਪਛਾਣ ਲਈਦਾ ਹੈ।ਤੇ ਨਾਲੇ ਦੋ ਤਿੰਨ

ਮੁੱਰਾ ਨਸਲ ਦੀਆਂ ਮੱਝਾਂ ਲਿਆਵਾਂਗੇ ਰੋਹਤਕ ਤੋਂ ਸਿੱਧੀਆਂ ਤੇ ਨਾਲੇ ਇੱਕ ਲਾਲ ਰੰਗ ਦਾ ਟਰੈਕਟਰ ਵੀ।ਇਹ ਸਾਲੇ ਮਾਹਨੇ ਹੋਰੀਂ ਸਾਡੀ ਪੈਲ਼ੀ ਵਾਹੁਣ ਲੱਗਿਆਂ ਸੌ ਨਖਰੇ ਕਰਦੇ ਆ ਨਾ, ਕਦੀ ਸਾਡਾ ਵੱਤਰ ਸੁੱਕ ਗਿਆ ਤੇ ਕਦੀ ਉਹ ਨਹੀਂ ਵੇਹਲੇ।ਸਾਡੀ ਪੈਲ਼ੀ ਥੋੜ੍ਹੀ ਹੋਣ ਕਰਕੇ ਹੀ ਕੋਈ ਸਾਡੀ ਵਹਾਈ ਕਰਨ ਨੂੰ ਤਿਆਰ ਨਹੀਂ ਹੁੰਦਾ।ਕੋਈ ਸਾਡੀ ਫ਼ਸਲ ਮੰਡੀ ਖੜਨ ਨੂੰ ਤਿਆਰ ਨਹੀਂ ਹੁੰਦਾ ਪਰ ਆਪਣਾ ਟਰੈਕਟਰ ਤੇ ਆਪਣੇ ਸਾਰੇ ਸੰਦ ਲੈ ਕੇ ਵਾਹੀ ਵੀ ਕਰਾਂਗੇ ਤੇ ਵਹਾਈ ਵੀ।ਫ਼ਿਰ ਆਪਾਂ ਸਾਰੇ ਕਰਜ਼ੇ ਲਾਹ ਸੁੱਟਾਂਗੇ,ਫ਼ਿਰ ਆਪਾਂ ਵੀ ਸੰਗਰਾਂਦ ਉੱਤੇ ਟਰਾਲੀ ਬਾਬੇ ਬੁੱਢੇ ਖੜਾਂਗੇ।ਪਰ ।ਇਹ ਸਭ ਕੁਝ ਸੋਚਿਆ ਹੀ ਰਹਿ ਗਿਆ।ਭਾਊ।ਰੀਝਾਂ ਸਾਰੀਆਂ ਮਨ'ਚ ਈ ਰਹਿ ਗਈਆਂ,ਭਾਊ।ਡੇਢ ਮਹੀਨਾ ਹੋ ਗਿਆ ਜਹਾਜੋਂ ਉੱਤਰਿਆਂ ਨੂੰ ਉੱਤਰਦਿਆਂ ਹੀ ਮੇਰਾ ਪਾਸਪੋਰਟ ਖੋਹ ਲਿਆ ਇਨ੍ਹਾਂ।ਭਾਊ ਤੂੰ ਇਹ ਨਾ ਈ ਪੁੱਛੀਂ ਭੀ ਮੈਂ ਆਹ ਚਿੱਠੀ ਤੈਨੂੰ ਕਿੱਦਾਂ ਘੱਲ ਰਿਹਾਂ। ਬੜੇ ਜੱਫ਼ਰ ਜਾਲ਼ੇ ਈ ਤੇ ਇਹ ਵੀ ਨਹੀਂ ਪਤਾ ਭੀ।ਤੈਨੂੰ ਮਿਲਣੀ ਵੀ ਆ ਕਿ ਨਹੀਂ ।ਮੇਰਾ ਜੀਅ ਤਾਂ ਨਹੀਂ ਕਰਦਾ ਭੀ ਤੈਨੂੰ ਹੋਰ ਦੁਖੀ ਕਰਾਂ ਪਰ ਕੀਹਨੂੰ ਦੱਸਾਂ ਜੇ ਤੈਨੂੰ ਨਾ ਦੱਸਾਂ ਤਾਂ।ਤੇਰੀ ਬੜੀ ਯਾਦ ਆਉਂਦੀ ਆ ਭਾਊ ਤੇ ਮਾਂ ਦਾ ਤਾਂ ਚਿਹਰਾ ਅੱਖਾਂ ਗਾੜੀਓਂ ਪਰ੍ਹੇ ਈ ਨਹੀਂ ਹੁੰਦਾ।ਉਹਨੇ ਤਾਂ 'ਖੰਡ ਪਾਠ ਵੀ ਸੁੱਖ ਲਿਆ ਹੋਣੈਂ ਮੇਰੀ ਪਹਿਲੀ ਤਨਖਾਹ'ਚੋਂ ।ਵੀਹ ਪੰਝੀ ਮੁੰਡੇ ਪੰਜਾਬੀ ਮੇਰੇ ਵਰਗੇ ਹੋਰ ਵੀ ਆ ਇੱਥੇ।ਸਾਨੂੰ ਦਿਨੇ ਇਹ ਇੱਕ ਨਿੱਕੇ ਜਿਹੇ ਕਮਰੇ ਵਿੱਚ ਡੱਕ ਦਿੰਦੇ ਜਦੋਂ ਰਾਤ ਪੈਂਦੀ ਤਾਂ ਤਿੰਨ ਚਾਰ ਧੱਕੜ ਜਿਹੇ ਕਾਲ਼ੇ ਕਾਲ਼ੇ ਹਬਸ਼ੀ ਡੌਂਕਰ ਪਿੱਛੇ ਪਿੱਛੇ ਹੱਥ ਵਿੱਚ ਸੋਟੇ ਤੇ ਪਿਸਤੌਲਾਂ ਫ਼ੜੀ ਸਾਨੂੰ ਡੰਗਰਾਂ ਵਾਂਗ ਹਿੱਕੀ ਜਾਂਦੇ।ਉਨ੍ਹਾਂ ਦੀ ਬੋਲੀ ਸਾਡੀ ਸਮਝ ਨਹੀਂ ਸੀ ਆਉਂਦੀ ਤੇ ਨਾ ਉਨ੍ਹਾਂ ਨੂੰ ਸਾਡੀ।ਹੱਥਾਂ ਵਿੱਚ ਸੋਟੇ ਫ਼ੜੀ ਬੱਸ ਤੋਰੀ ਜਾਂਦੇ ।ਤੋਰੀ ਜਾਂਦੇ ਆ,ਜਿੱਦਾਂ ਡੰਗਰਾਂ ਨੂੰ ਹਿੱਕੀਦਾ ਆ।ਫ਼ਿਰ ਕਦੀ ਜੰਗਲ਼ ਆ ਜਾਂਦੇ ਤੇ ਕਿੰਨੇ ਦਿਨ ਹਨੇਰੇ ਜਿਹੇ ਵਿੱਚ ਈ ਤੁਰੇ ਜਾਂਦੇ ਤੇ ਕਦੀ ਬਰਫ਼ ਆ ਜਾਂਦੀ ਆ।ਇੱਕ ਦਿਨ ਮੇਰੇ ਪੈਰਾਂ'ਚ ਕੋਈ ਚੀਜ਼ ਅੜ ਗਈ ਜਦੋਂ ਹੱਥ'ਚ ਫ਼ੜ ਕੇ ਵੇਖੀ ਤਾਂ ਬੰਦੇ ਦੀ ਹੱਡੀ ਸੀ ਭਾਊ ।ਠੰਢ ਤੇ ਡਰ ਨਾਲ ਮੇਰਾ ਸਰੀਰ ਸੁੰਨ ਹੁੰਦਾ ਜਾਂਦਾ ।ਪੈਰ ਤੁਰਦਿਆਂ ਤੁਰਦਿਆਂ ਸੁੰਨ ਹੋ ਜਾਂਦੇ।ਨਾਲੇ ਨੀਲੇ ਹੋ ਜਾਂਦੇ ਆ। ਜਦੋਂ ਤੁਰਿਆ ਨ੍ਹੀ ਜਾਂਦਾ ਤਾਂ ਭਾਊ ਤੂੰ ਬੜਾ ਯਾਦ ਆਉਨੈਂ,ਤੂੰ ਮੈਨੂੰ ਕੰਧਾੜੇ ਚੁੱਕ ਲੈਨਾਂ ਹੁੰਨਾ ਸੈਂ,ਜੀਅ ਕਰਦਾ ਤੂੰ ਮੈਨੂੰ ਕੰਧਾੜੇ ਚੁੱਕ ਕੇ ਬਾਰਡਰ ਪਾਰ ਕਰਾ ਦੇਵੇਂ,ਤੂੰ ਕਰਾ ਸਕਦੈਂ ਭਾਊ।ਤੂੰ ਸਭ ਕੁਝ ਕਰ ਸਕਦੈਂ।ਤੂੰ ਤਾਂ ਏਡੀ ਵੱਡੀ ਰੋਹੀ ਪਾਰ ਕਰਾ ਦੇਨਾਂ ਸੈਂ,ਪਿਉ ਕੀ ਨਹੀਂ ਕਰ ਸਕਦੇ ਭਾਊ।ਮੇਰੀਆਂ ਤਾਂ ਲੱਤਾਂ ਵੀ ਸੁੱਜ ਗਈਆਂ ਤੇ ਪੈਰਾਂ ਵਿੱਚ ਛਾਲੇ ਵੀ ਪੈ ਪੈ ਕੇ ਫ਼ਿੱਸ ਗਏ ਨੇ,ਗਲ਼ ਕੇ ਮੋਰੇ ਬਣ ਗਏ ਨੇ।।ਭੁੱਖ ਨਾਲ ਤੁਰਿਆ ਵੀ ਕਿੱਥੇ ਜਾਂਦਾ।ਘਰ ਹੁੰਨਾ ਸਾਂ ਤਾਂ ਘੜੀ ਮੁੜੀ ਮਾਂ ਤੋਂ ਰੋਟੀ ਮੰਗੀ ਜਾਨਾਂ ਸਾਂ।ਮਾਂ ਨੇ 'ਸਦਕੇ ਜਾਵਾਂ ਵਾਰੀ ਜਾਵਾਂ' ਕਹਿੰਦਿਆਂ ਦੇਸੀ ਘਿਉ ਦੀ ਚੂਰੀ ਕੁੱਟ ਕੇ ਦੇਣੀ।ਮੇਰਾ ਚੂਰੀ ਖਾਣ ਨੂੰ ਬੜਾ ਜੀਅ ਕਰਦਾ ਭਾਊ। ਪਰ ਮੈਂ ਅੱਗੇ ਨਹੀਂਓਂ ਜਾਣਾ ਭਾਊ।ਮੈਂ ਪਿੰਡ ਈ ਆਉਣਾ,ਆਪਣੇ ਪਿੰਡ, ਮੈਂ ਨਹੀਂਓਂ ਹੁਣ ਮੈਂ ਨਹੀਂਓਂ ਜਾਣਾ ਅੱਗੇ।ਆਪਾਂ ਰੁੱਖੀ ਮਿੱਸੀ ਖਾਲਾਂਗੇ,ਗੰਢੇ'ਚਾਰ ਨਾ'ਖਾਲਾਂਗੇ ਪਰ ਮੈਨੂੰ ਇੱਥੋਂ ਕੱਢ'ਲਾ ਮੇਰਾ ਭਾਊ ਬਣਕੇ ।ਮੇਰਾ ਭਾਊ ਨ੍ਹੀਂ ਫ਼ਿਰ ਤੂੰ? ਮੇਰੀਆਂ ਗੱਲਾਂ ਤੂੰ ਮਾਂ ਨੂੰ ਨਾ ਦੱਸੀ।ਵੇਖੀਂ ਕਿਤੇ,ਉਹ ਹੌਕਾ ਲੈ ਜੂਗੀ।ਮਾਂਵਾਂ ਦਾ ਦਿਲ ਹੋਰ ਹੁੰਦਾ।ਮਾਂਵਾਂ ਤੋਂ ਨ੍ਹੀਂ ਜਰਿਆ ਜਾਂਦਾ ਪੁੱਤਾਂ ਦਾ ਦੁੱਖ।ਤੂੰ ਤਾਂ ਪਿਉ ਏਂ, ਜਰ ਲਏਂਗਾ।"

"ਓਇ ਮੈਂ ਕਿੱਦਾਂ ਜਰ ਲਵਾਂਗਾ ਮੇਰਿਆ ਹੀਰਿਆ ਪੁੱਤਰਾ।ਪਿਉ ਹਾਂ ਤਾਂ ਕੀ ਹੋਇਆ,ਪੱਥਰ'ਤੇ ਨਹੀਂ ਆਂ ਨਾ।ਓਇ ਮੇਰੇ ਬੱਚਿਆ।"ਕਸ਼ਮੀਰੇ ਦੀ ਭੁੱਬ ਨਿਕਲ ਗਈ।ਅੱਖਾਂ ਅੱਡੀ ਡੌਰ ਭੌਰਿਆਂ ਵਾਂਗ ਤੱਕੀ ਜਾ ਰਹੀ ਬਣਸੀ ਅੱਧਵਰੀਤੀ ਜਿਹੀ ਹੋਈ ਉਸਨੂੰ ਚੁੱਪ ਕਰਾਉਣ ਲੱਗੀ..ਇੱਕ ਦੂਜੇ ਨੂੰ ਰੋਂਦਿਆਂ ਤੇ ਚੁੱਪ ਕਰਾਉਂਦਿਆਂ ਵੇਖ ਬੰਤੇ ਦਾ ਪੋਤਰਾ ਡੈਂਬਰਾ ਜਿਹਾ ਹੋਈ ਵੇਖੀ ਜਾ ਰਿਹਾ ਸੀ।ਪਰ ਉਸਨੂੰ ਸਮਝ ਕੋਈ ਨਹੀਂ ਸੀ ਆ ਰਹੀ।ਬਣਸੀ ਨੇ ਚਿੱਠੀ ਉਸਤੋਂ ਫ਼ੜ ਲਈ ਤੇ ਟਰੰਕ ਵਿੱਚ ਸਾਂਭ ਲਈ।ਗਲ਼ ਵਿੱਚ ਪੱਲਾ ਪਾ ਕੇ ਬਾਬਾ ਬੁੱਢਾ ਸਾਹਿਬ ਦੀ ਫ਼ੋਟੋ ਅੱਗੇ ਖੜੋ ਕੇ ਅਰਦਾਸਾਂ ਕਰਨ ਲੱਗੀ।ਕਸ਼ਮੀਰਾ ਉੱਠ ਕੇ ਬਾਹਰ ਨੂੰ ਤੁਰ



ਪਿਆ।

***************

ਸਵੇਰੇ ਅੱਠ ਵਾਲੀ ਬੱਸੇ ਬਹਿ ਕੇ ਉਹ ਤਰਨ ਤਾਰਨ ਆ ਗਿਆ।ਦਫ਼ਤਰ ਭਾਵੇਂ ਅਜੇ ਦਸ ਵਜੇ ਖੁੱਲ੍ਹਣਾ ਸੀ ਪਰ ਉਹ ਰਹਿੰਦੇ ਟਾਈਮ ਗੁਰੂ ਅਰਜਨ ਦੇਵ ਦੇ ਅੱਗੇ ਮਿੰਨਤ ਕਰਨ ਲਈ ਗੁਰਦੁਆਰੇ ਵੱਲ ਨੂੰ ਹੋ ਤੁਰਿਆ।ਜਦੋਂ ਵਾਪਸ ਆਇਆ ਤਾਂ ਏਜੰਟ ਧੂਫ਼ ਬੱਤੀ ਕਰ ਰਿਹਾ ਸੀ।ਕਸ਼ਮੀਰੇ ਦੇ ਗੱਲ ਕਰਨ ਤੋਂ ਪਹਿਲਾਂ ਹੀ ਉਹ ਬੋਲ ਪਿਆ-'ਗੱਲ ਇਹ ਆ ਭਾਊ ਜੀ ਭੀ ਬੰਦੇ ਆਪਣੇ ਫ਼ਸ ਗਏ ਆ,ਫ਼ਸ ਗਏ ਆ ਕਿ ਨਹੀਂ?'ਉਹ ਕਸ਼ਮੀਰੇ ਦੀ ਘੂਰੀ ਵੇਖ ਕੇ ਥੋੜ੍ਹਾ ਜਰਕ ਵੀ ਗਿਆ ਸੀ।

'ਪਰ ਆਪਾਂ ਨੂੰ ਹੁਣ ਕੋਈ ਨਾ ਕੋਈ ਚਾਰਾ ਤਾਂ ਕਰਨਾ ਪੈਣਾ, ਬਾਰਡਰ ਟਪਾਉਣ ਲਈ ਰਕਮ ਹੋਰ ਤਾਰਨੀ ਪੈਣੀ ਆ।ਜੇ ਪੈਸਾ ਵੇਖਿਆ ਤਾਂ ਐਂਵੇਂ ਬੰਦਾ ਗਵਾਵਾਂਗੇ,ਤੇ ਪੈਸਾ ਤਾਂ ਹੱਥ ਦੀ ਮੈਲ਼ ਆ,ਮੈਲ਼ ਆ ਕਿ ਨਹੀਂ?'ਕਸ਼ਮੀਰੇ ਦੀ ਚੁੱਪ ਨੇ ਸ਼ਾਹਦੀ ਭਰੀ।

'ਤੇ ਫ਼ਿਰ ਮੁੱਕਦੀ ਗੱਲ ਇਹ ਆ ਭਾਊ ਜੀ,ਭਈ ਲੱਖ ਕੁ ਰੁਪਈਆ ਲੈ ਕੇ ਹਫ਼ਤੇ ਦੇ ਵਿੱਚ ਆ ਜੋ ਤੁਹੀਂ,ਜਿੰਨੀ ਲੇਟ ਕਰਾਂਗੇ,ਉਹ ਲੇਟ ਆਪਣੇ ਬੰਦੇ'ਚੋਂ ਈ ਕੱਢਣਗੇ।ਇਹ ਵੇਰ੍ਹਨ ਵਾਲੇ ਬੰਦੇ ਨੂੰ ਗੋਲ਼ੀ ਵੀ ਮਾਰ ਦਿੰਦੇ ਹੁੰਦੇ ਆ ਤੇ ਜਾਂ ਫ਼ਿਰ ਨਹਿਰ ਵਿੱਚ ਸੁੱਟ ਦਿੰਦੇ ਆ।ਆਪਾਂ ਤਾਂ ਪਹਿਲਾਂ ਆਪਣਾ ਬੰਦਾ ਬਚਾਉਣਾ,ਬਚਾਉਣਾ ਕਿ ਨਹੀਂ?'ਕਸ਼ਮੀਰੇ ਨੂੰ ਧਰਮੇ ਦੀ ਗੱਲ ਚੇਤੇ ਆ ਗਈ ਕਿ ਉੱਥੇ ਬਰਫ਼ ਵਿੱਚ ਉਸਨੇ ਬੰਦਿਆਂ ਦੀਆਂ ਹੱਡੀਆਂ ਵੀ ਵੇਖੀਆਂ ਸਨ।ਉਸਦੀ ਨਿਗਾਹ ਏਜੰਟ ਦੇ ਕਮਰੇ ਵਿੱਚ ਲੱਗੀ ਗੁਰੂ ਅਰਜਨ ਦੇਵ ਦੀ ਫ਼ੋਟੋ ਉੱਤੇ ਗਈ ਜਿਸ ਵਿੱਚ ਗੁਰੂ ਜੀ ਤੱਤੀ ਤਵੀ ਉੱਤੇ ਬੈਠੇ ਨੇ ਤੇ ਜੱਲਾਦ ਉਨ੍ਹਾਂ ਦੇ ਸੀਸ ਉੱਤੇ ਤੱਤੀ ਰੇਤ ਪਾ ਰਹੇ ਨੇ ਤੇ ਲੋਹ ਹੇਠਾਂ ਬਾਲਣ ਡਾਹ ਰਹੇ ਨੇ।ਉਹਨੇ ਇੱਕ ਠੰਢਾ ਹਉਕਾ ਧੁਰ ਅੰਦਰੋਂ ਲਿਆ ਤੇ ਮੋਢੇ ਤੋਂ ਸਾਫ਼ਾ ਝਾੜ ਕੇ ਉੱਠ ਪਿਆ।ਏਜੰਟ ਨੇ ਡੈੱਕ ਉੱਤੇ ਸੁਖਮਨੀ ਸਾਹਿਬ ਦੇ ਪਾਠ ਦੀ ਰੀਲ੍ਹ ਲਾ ਦਿੱਤੀ ਸੀ।

*****************

ਪਟਵਾਰੀ ਦਾ ਦਫ਼ਤਰ ਪੁੱਛਦਾ ਪੁੱਛਦਾ ਉਹ ਨੰਗੇ ਪੈਰਾਂ ਵਾਲੇ ਚੌਂਕ ਵਿੱਚ ਆ ਗਿਆ।ਢਾਉਵਾੜੇ ਜਿਹੇ ਵਿੱਚ ਬਣੇ ਦਫ਼ਤਰ ਵਿੱਚ ਪਟਵਾਰੀ ਹਨੇਰੀ ਜਿਹੀ ਨੁੱਕਰ ਵਿੱਚ ਬੈਠਾ ਸੀ।

"ਹਾਂ,ਕਿਧਰ ਮੂੰਹ ਚੁੱਕੀ ਤੁਰਿਆ ਆਉਨੈਂ ਭਾਊ।ਗੱਲ ਨੀਂ ਬਾਤ ਨੀਂ?"ਪਟਵਾਰੀ ਮਜ਼ਬੀ ਸੀ ਤੇ ਹਰ ਜੱਟ ਨੂੰ ਇਸੇ ਲਹਿਜੇ ਵਿੱਚ ਬੋਲਦਾ।ਇਸ ਪਿੱਛੇ ਉਸਦੀ ਦਲੀਲ ਇਹ ਸੀ ਕਿ ਜੱਟਾਂ ਨੇ ਉਨ੍ਹਾਂ ਦੇ ਵੱਡਿਆਂ ਦੀਆਂ ਬਥੇਰੀਆਂ ਘੀਸੀਆਂ ਕਰਵਾਈਆਂ ਨੇ ਤੇ ਇਹੋ ਵੇਲ਼ਾ ਹੈ ਜੱਟਾਂ ਤੋਂ ਬਦਲਾ ਲੈਣ ਦਾ।ਜੱਟਾਂ ਨੂੰ ਹੱਥ ਬੰਨ੍ਹੀ ਸਾਹਮਣੇ ਖੜਾ ਵੇਖ ਕੇ ਪਟਵਾਰੀ ਨੂੰ ਜਿਵੇਂ ਨਸ਼ਾ ਜਿਹਾ ਚੜ੍ਹ ਜਾਂਦਾ।

"ਪਟਵਾਰੀ ਸਾਹਿਬ ਹਾਅ ਨੰਬਰ ਜਿਹੇ ਲੈਣੇ ਸੀ।"

"ਕਿਹੜੇ ਨੰਬਰ ਭਾਊ?ਏਦਾਂ ਮਿਲਦੇ ਆ ਨੰਬਰ,ਗੱਲ ਨੀਂ ਬਾਤ ਨੀਂ?"

ਕਸ਼ਮੀਰੇ ਨੇ ਖੀਸੇ ਵਿੱਚ ਹੱਥ ਮਾਰਿਆ ਤੇ ਪੰਜਾਹ ਦਾ ਨੋਟ ਕੱਢਿਆ।

"ਬੜਾ ਸਿਆਣਾ ਤੂੰ ਤੇ ਭਾਊ। ਹਾਂ ਬੋਲ ਕਿਹੜਾ ਪਿੰਡ ਆ ਤੇਰਾ?"

"211" ਉਹ ਮੂੰਹ ਵਿੱਚ ਬੁੜਬੁੜਾਇਆ।

"ਹਾਂ ਬਈ ਦਾਨਿਆ,ਕੱਢੀਂ ਹਈਥੋਂ ਹਦਬਸਤ ਨੰਬਰ 211 ਦੀ ਜਮ੍ਹਾਂਬੰਦੀ, ਗਿੰਦਾ ਗੂੰਹ ਈ ਏ ਨਾ ਤੁਹਾਡੇ ਪਿੰਡ ਦਾ ਸਰਪੰਚ?"

"ਹਾਹੋ ਜੀ"

"ਅੱਹਾ,ਕੀ ਕਰਨੇ ਈ ਭਾਊ ਨੰਬਰ,ਕੀਹਨਾਂ ਦਾ ਖਾਤਾ ਈ?"ਪਟਵਾਰੀ ਨੇ ਸੂਤ ਹੋ ਕੇ ਬਹਿੰਦਿਆਂ ਪੁੱਛਿਆ।

"ਲਿਮਟ ਬਣਾਉਣੀ ਸੀ ਪਟਵਾਰੀ ਸਾਬ੍ਹ,ਖਾਤਾ ਕਸ਼ਮੀਰਾ ਸਿਹੁੰ ਵਲਦ ਚੜ੍ਹਤ ਸਿਹੁੰ ਕਾ"

"ਅੱਛਾ ਤੂੰ ਮਹਿਲੀਆਂ ਚੋਂ ਨ੍ਹੀਂ ਕਿਤੇ।?"

"ਹਾਹੋ ਹਾਹੋ"

"ਜਿਹੜੇ ਬਿਆਜੜੀਆਂ ਦੇ ਭਿਆਲ਼ ਹੁੰਦੇ ਸੀ।"

"ਹਾਹੋ ਜੀ"

ਮੋਟੇ ਸ਼ੀਸ਼ਿਆਂ ਵਾਲੀਆਂ ਐਨਕਾਂ ਨੱਕ ਉੱਤੇ ਟਿਕਾਈ ਪਟਵਾਰੀ ਫ਼ਰਦ ਹਕੀਅਤ ਵਾਲਾ ਫ਼ਾਰਮ ਕੱਢਣ ਲਈ ਮੇਜ਼ ਦੀ ਦਰਾਜ ਖੋਲ੍ਹਣ ਲੱਗਾ।ਦਰਾਜ ਖੋਲ੍ਹਣ ਲਈ ਜ਼ੋਰ ਲਾਉਣ ਨਾਲ ਕਰਕੇ ਮੇਜ਼ ਦੀ ਸੱਜੀ ਲੱਤ ਥੱਲੇ ਦਿੱਤੀਆਂ ਇੱਟਾਂ ਥੱਲੇ ਜਾ ਪਈਆਂ।ਕਸ਼ਮੀਰੇ ਦੀ ਮਦਦ ਨਾਲ ਫ਼ਿਰ ਸੂਤ ਕਰਕੇ ਘੋੜੀ ਬਣਾਈ ਤੇ ਡੰਗ ਸਾਰੂ ਮੇਜ਼ ਲਾ ਕੇ ਉੱਤੇ ਫ਼ੁੱਲਾਂ ਵਾਲੀ ਚਾਦਰ ਪਾ ਕੇ ਢੱਕਣਾ ਢੱਕ ਦਿੱਤਾ।

ਪਟਵਾਰੀ ਭੁਰ ਭੁਰ ਜਾਂਦੇ ਵਰਕਿਆਂ ਵਾਲੀ ਜਮ੍ਹਾਂਬੰਦੀ ਫ਼ਰੋਲਣ ਲੱਗਾ ਪਰ ਕਸ਼ਮੀਰਾ ਐਂਉਂ ਬੈਠਾ ਵੇਖ ਰਿਹਾ ਸੀ ਜਿਵੇਂ ਕੋਈ ਆਪਣੀ ਫ਼ਾਂਸੀ ਵਾਸਤੇ ਰੱਸਾ ਬੁਣੀਂਦਾ ਵੇਖ ਰਿਹਾ ਹੋਵੇ।

"ਤੇਰਾ ਖੇਵਟ ਨੰਬਰ ਆ 110 ਤੇ ਖਤੌਨੀ ਨੰਬਰ 292,ਚੜ੍ਹਤ ਸਿਹੁੰ ਵਲ਼ਦ ਝੰਡਾ ਸਿਹੁੰ ਵਲਦ ਕਿੱਕਰ ਸਿਹੁੰ ਦਾ ਸਾਂਝਾ ਖਾਤਾ।ਤਿੰਨਾਂ ਦੀ ਬਰਾਬਰ ਹਿੱਸੇਦਾਰੀ।'ਉਹ ਨਾਲ ਨਾਲ ਪੜ੍ਹਦਾ ਜਾ ਰਿਹਾ ਸੀ ਤੇ ਨਾਲ ਨਾਲ ਬੋਲੀ ਜਾ ਰਿਹਾ ਸੀ'ਤੇ ਭਾਊ ਗੱਲ ਸੁਣ,ਸਾਡੇ ਨਾ' ਘਤਿੱਤਾਂ ਕਰਦੈਂ? ਅਸੀਂ ਤੇ ਸਮਝਿਆ ਅਸੀਂ ਖ਼ਲਕਤ ਚਾਰੀ ਆ ਤੂੰ ਤੇ ਸਾਨੂੰ ਚਾਰਨ ਲੱਗਾ ਉਇ।ਗੱਲ ਨੀਂ ਬਾਤ ਨੀਂ"ਉਹਨੇ ਐਨਕਾਂ ਦੇ ਉੱਤੋਂ ਦੀ ਘੂਰਦਿਆਂ ਕਸ਼ਮੀਰੇ ਵੱਲ ਭੈੜਾ ਜਿਹਾ ਵੇਖਿਆ।

"ਕੀ ਗੱਲ ਹੋਗੀ ਮਾਹਾਰਾਜ।"

"ਭਾਊ,ਖੱਤੇ ਤੇਰਿਆਂ ਤੇ ਤਾਂ ਲਾਲ ਲਕੀਰਾਂ ਵੱਜੀਆਂ ਈ।ਇਹ ਤਾਂ ਕੰਮ ਤੇਰਾ ਪਹਿਲਾਂ ਈ ਕਿਸੇ ਨੇ ਕੀਤਾ ਈ।" ਕਾਲੇ ਪੈੱਨ ਦਾ ਖੋਖਾ ਪਿੱਛੋਂ ਲਾਹ ਕੇ ਪੈੱਨ ਬੰਦ ਕਰ ਕੇ ਉਸ ਜੇਬ ਨੂੰ ਲਾ ਲਿਆ।

ਕਸ਼ਮੀਰੇ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ।

"ਕੀ ਮਤਲਬ ਪਟਵਾਰੀ ਸਾਬ੍ਹ?

"ਗੱਲ ਇਹ ਵਾ ਭੀ ਤੇਰੀ ਪੈਲ਼ੀ ਤਾਂ ਬੈਂਕ ਕੋਲ ਗਹਿਣੇ ਆ ਭਾਊ।"

"ਏਦਾਂ ਕਿੱਦਾਂ ਹੋ ਸਕਦਾ?ਪਟਵਾਰੀ ਸਾਬ੍ਹ?"

"ਨਾ,ਹੋ ਸਕਦਾ ਆ,ਤਾਂ ਈ ਹੋਇਆ।ਗੱਲ ਨੀਂ ਬਾਤ ਨੀਂ"

"ਹੁਣ ਫ਼ਿਰ।?"ਕਸ਼ਮੀਰੇ  ਨੇ ਖਾਲੀ ਨਿਗਾਹ ਐਨਕਾਂ ਦੇ ਉੱਤੋਂ ਦੀ ਪਟਵਾਰੀ ਦੀਆਂ ਘੂਰਦੀਆਂ ਅੱਖਾਂ ਉੱਤੇ ਸੁੱਟੀ।

"ਇਹ ਤਾਂ ਬਹੁਤ ਸਾਲ ਪਹਿਲਾਂ ਦੀ ਗਹਿਣੇ ਆ,ਕਦੀ ਕੋਈ ਬੈਂਕ ਵਾਲਾ ਨ੍ਹੀ ਆਇਆ?"

"ਨਹੀਂ ਤਾਂ।"

"ਚੱਲ ਫ਼ਿਰ ਆਇਆ ਲੈ।ਹੁਣ ਤਾਂ ਤਿਆਰ ਹੋ ਜਾਂ ਸਾਰੀ ਉਮਰ ਕਰਜ਼ਾ ਲਾਹੁਣ ਲਈ ਜਿਹੜਾ ਤੂੰ ਲਿਆ ਵੀ ਨਹੀਂ, ਗੱਲ ਨੀਂ ਬਾਤ ਨੀਂ"ਪਟਵਾਰੀ ਨੇ ਗੱਲ ਨਿਬੇੜ ਦਿੱਤੀ ਤੇ ਜਮ੍ਹਾਂਬੰਦੀ ਵਾਲਾ ਰਜਿਸਟਰ ਠਾਹ ਕਰਕੇ ਬੰਦ ਕਰ ਦਿੱਤਾ।ਰਜਿਸਟਰ'ਚੋਂ ਉੱਡਿਆ ਘੱਟਾ ਕਸ਼ਮੀਰੇ ਦੀਆਂ ਨਾਸਾਂ ਨੂੰ ਚੜ੍ਹ ਗਿਆ।

ਕਸ਼ਮੀਰੇ ਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ।

"ਕਰਜ਼ਾ ਮੈਂ ਲਿਆ ਕੋਈ ਨਹੀਂ ਪਰ ਫ਼ਿਰ ਵੀ ਮੈਂ ਬੈਂਕਾਂ ਦਾ ਕਰਜ਼ਾ ਦੇਣਾ ਹੈ।ਢਿਲੋਂ ਆੜ੍ਹਤੀ ਦਾ ਕਰਜ਼ਾ ਹਜੇ ਲੱਥਾ ਨਹੀਂ ਇਹ ਬੈਂਕ ਦਾ ਵੀ ਜੁੜ ਗਿਆ।"ਕਸ਼ਮੀਰਾ ਗੁੰਮ ਜਿਹਾ ਹੋ ਗਿਆ।

"ਵੇਖਿਓ ਪਟਵਾਰੀ ਸਾਬ੍ਹ ਕਿਸ ਬੈਂਕ ਕੋਲ ਗਹਿਣੇ ਆ ਪੈਲ਼ੀ ਮੇਰੀ।?"

"ਆਹ ਵੇਹ ਸਾਫ਼ ਸਾਫ਼ ਲਿਖਿਆ ਭੀ ਤੇਰੀ ਪੈਲ਼ੀ ਆਹ ਆਹ ਨੰਬਰ ਜਿਹੜੇ ਸਾਰੇ ਲਾਲ ਸ਼ਾਹੀ



ਨਾ'ਲਿਖੇ ਆ,ਦੀਹਦੇ ਈ? ਭਿੱਖੀਵਿੰਡ ਦੀ ਕੋ'ਪਰੇਟਿਵ ਬੈਂਕ ਕੋਲ ਆੜ ਰਹਿਣ ਕੀਤੇ ਆ। ਹੋਗੀ ਤਸੱਲੀ?ਗੱਲ ਨੀਂ ਬਾਤ ਨੀਂ"ਕਸ਼ਮੀਰੇ ਦੇ ਕੰਨ ਵਿੱਚ ਪਟਵਾਰੀ ਨੇ ਕੁਝ ਦੱਸਿਆ ਤਾਂ ਕਸ਼ਮੀਰਾ ਡਿੱਗਦਿਆਂ ਡਿੱਗਦਿਆਂ ਮਸਾਂ ਸੰਭਲ਼ਿਆ।ਪਟਵਾਰੀ ਨੇ ਮੂੰਹ ਵਿਚਲੇ ਤੰਬਾਕੂ ਨੂੰ ਪਰ੍ਹਾਂ ਥੁੱਕਿਆ।

ਕਸ਼ਮੀਰਾ ਜੀਅ ਭਿਆਣਾ ਪਟਵਾਰੀ ਦੇ ਦਫ਼ਤਰ'ਚੋਂ ਬਾਹਰ ਆ ਗਿਆ।ਪਿੰਡ ਵਾਲੀ ਬੱਸ ਆਉਣ ਵਿੱਚ ਅਜੇ ਦੋ ਘੰਟੇ ਪੈ ਸਨ।ਉਹ ਦਰਬਾਰ ਸਾਹਿਬ ਨੂੰ ਹੋ ਤੁਰਿਆ।ਕਿੰਨਾ ਚਿਰ ਉਹ ਸਰੋਵਰ ਵਿੱਚ ਤੈਰਦੀਆਂ ਮੱਛੀਆਂ ਨੂੰ ਵੇਂਹਦਾ ਰਿਹਾ।ਰੰਗ ਬਿਰੰਗੀਆਂ ਵੱਡੀਆਂ ਵੱਡੀਆਂ।ਇੱਥੇ ਕੋਈ ਨਿੱਕੀ ਮੱਛੀ ਨਹੀਂ ਸੀ ਸਾਰੀਆਂ ਵੱਡੀਆਂ ਹੀ ਸਨ ਤੇ ਸਾਰੇ ਸਰੋਵਰ ਉੱਤੇ ਇਨ੍ਹਾਂ ਦਾ ਹੀ ਰਾਜ ਚੱਲਦਾ ਸੀ।ਉਸਨੂੰ ਜਾਪਿਆ ਜਿਵੇਂ ਹਿੰਦਾ ਉਸਦੇ ਪਿੱਛੇ ਪਿੱਛੇ ਆਉਂਦਾ ਉਸਨੂੰ ਹੱਲਾਸ਼ੇਰੀ ਦੇ ਰਿਹਾ ਹੋਵੇ-'ਅਜੇ ਵੀ ਮਰੇ ਨੇ ਜੀਵੀ ਜਾਣੈਂ,ਜੱਟਾ ਜਾਂ ਮਰ ਕੇ ਜੀਣਾ ਜਾਂ ਮਾਰ ਕੇ ਜੀਣਾ ਜਾਂ ਜੀਉਂ ਕੇ ਮਰਨਾ।' ਉਸ ਸਾਫ਼ੇ ਨੂੰ ਸਿਰ'ਤੇ ਦੋਹਰਾ ਕਰਕੇ ਲਪੇਟਿਆ ਤੇ ਮੂੰਹ ਢੱਕ ਕੇ ਉਹ ਅੱਡੇ ਨੂੰ ਹੋ ਤੁਰਿਆ।

ਅਜੇ ਉਹ ਘਰ ਵੜਿਆ ਹੀ ਸੀ ਕਿ ਉਸ ਨੂੰ ਉਡੀਕ ਰਹੀ ਪੁਲਿਸ ਗੱਡੀ ਵਿੱਚ ਸੁੱਟ ਝਬਾਲ਼ ਵੱਲ ਨੂੰ ਹੋ ਤੁਰੀ ਸੀ।

***ਆਖ਼ਰੀ ਕਾਂਡ***

ਡੇਰੇ ਦਾ ਮੇਲਾ ਪੂਰੀ ਤਰ੍ਹਾਂ ਭਰਿਆ ਸੀ।ਭਰਵੀਂ ਧੁੰਦ ਤੇ ਆਖਰਾਂ ਦਾ ਕੱਕਰ ਪੈਣ ਦੇ ਬਾਵਜੂਦ ਵੀ ਸੜਕ ਉੱਤੇ ਤਿਲ਼ ਸੁੱਟਣ ਜੋਗੀ ਥਾਂ ਨਹੀਂ ਸੀ।ਬਾਬਾ ਜੀ ਦੀ ਮੰਨਤਾ ਹੀ ਇੰਨੀ ਸੀ ਕਿ ਲੋਕਾਂ ਦੀਆਂ ਸੁੱਖਣਾਂ ਇੱਥੋਂ ਹੀ ਪੂਰੀਆਂ ਹੁੰਦੀਆਂ।ਉੱਤੋਂ ਅੱਤ ਦੀ ਭੀੜ।ਕੋਈ ਕੋਈ ਸਿੰਘ ਡੱਬੀਆਂ ਵਾਲ਼ੇ ਸਾਫ਼ੇ ਤੋਂ ਪਛਾਣਿਆ ਜਾਂਦਾ।ਵਾਰ ਵਾਰ ਸਪੀਕਰ ਉੱਤੇ ਸਿੰਘਾਂ ਦੀਆਂ ਵਾਰਾਂ ਗਾਈਆਂ ਜਾ ਰਹੀਆਂ ਸਨ।ਜਸਵਿੰਦਰ ਸਿੰਘ ਮਨਿਹਾਲ਼ਾ,ਸਤਨਾਮ ਸਿੰਘ ਚੂਸਲੇਵੜ,ਜੱਸਾ ਸਿੰਘ ਘੁੱਕ ਮਾਹਣੇ ਮੱਲੀਆਂ,ਸੁਖਵਿੰਦਰ ਸਿੰਘ ਸੰਘਾ,ਗੁਰਬਚਨ ਸਿੰਘ ਮਾਣੋਚਾਹਲ,ਲਾਭ ਸਿੰਘ ਬੱਬਰ,ਪਰਮਜੀਤ ਸਿੰਘ ਪੰਜਵੜ ਦੇ ਨਾਮ ਉੱਤੇ ਲੋਕ ਕਵੀਸ਼ਰਾਂ ਦੇ ਉੱਤੋਂ ਦੀ ਸਿਰਵਾਰਨੇ ਕਰ ਰਹੇ ਸਨ।ਤੇ ਕਵੀਸ਼ਰ ਵੀ ਪੂਰੇ ਜੋਸ਼ ਵਿੱਚ ਸ਼ਹੀਦਾਂ ਦੀਆਂ ਗਾਥਾਵਾਂ ਸੁਣਾ ਰਹੇ ਸਨ।ਇੰਦਰਾ ਨੂੰ ਸੋਧਣ ਦੇ ਪ੍ਰਸੰਗ ਵੀ ਬਹੁਤ ਜ਼ਿਆਦਾ ਪਸੰਦ ਕੀਤੇ ਜਾ ਰਹੇ ਸਨ।'ਜਾਗੋ' ਦੀ ਮੰਗ ਜ਼ਿਆਦਾ ਸੀ।ਸੰਤਾਂ ਦੇ ਭਾਸ਼ਣਾਂ ਵਾਲੀਆਂ ਰੀਲ੍ਹਾਂ ਤੇ ਭਾਈ ਜੁਗਰਾਜ ਸਿੰਘ ਤੂਫ਼ਾਨ ਤੇ ਸੰਤਾਂ ਦੀਆਂ ਤਸਵੀਰਾਂ ਦੂਹੋ ਦੂਹ ਵਿੱਕ ਰਹੀਆਂ ਸਨ।ਬੇਸ਼ੱਕ ਅੱਤਵਾਦ ਖਤਮ ਹੋ ਚੁੱਕਾ ਸੀ ਪਰ ਸਿੰਘਾਂ ਦੇ ਪ੍ਰਸੰਗ ਅਜੇ ਵੀ ਉਤਸ਼ਾਹ ਨਾਲ ਸੁਣੇ ਜਾਂਦੇ।

ਚਿੱਟੇ ਕੱਪੜਿਆਂ ਵਿੱਚ ਖੁਫ਼ੀਆ ਪੁਲਿਸ ਦੇ ਬੰਦੇ ਵੀ ਪ੍ਰਸੰਗ ਸੁਣ ਕੇ ਅਸ਼ ਅਸ਼ ਕਰ ਰਹੇ ਸਨ ਤਾਂ ਕਿ ਕਿਸੇ ਨੂੰ ਉਨ੍ਹਾਂ ਉੱਤੇ ਸ਼ੱਕ ਨਾ ਹੋਵੇ।ਸਰਕਾਰੀ ਸੂਹੀਏ ਮੇਲੇ ਵਿੱਚ ਵਿਚਰ ਕੇ ਇਹ ਧਿਆਨ ਰੱਖਦੇ ਕਿ ਕਿਹੜੇ ਬੰਦੇ ਅਜੇ ਵੀ ਅੱਤਵਾਦੀ ਸੰਗਠਨਾਂ ਨਾਲ ਜੁੜੇ ਹੋਏ ਹਨ ਜਾਂ ਉਨ੍ਹਾਂ ਦੀਆਂ ਸਿਫ਼ਤਾਂ ਕਰਦੇ ਉਦਰੇਵਾਂ ਮਹਿਸੂਸ ਕਰ ਰਹੇ ਹਨ।ਸੰਤਾਂ ਦੀਆਂ ਤਸਵੀਰਾਂ ਖਰੀਦਣ ਵਾਲਿਆਂ ਦੀ ਪੈੜ ਨੱਪਦਿਆਂ ਉਹ ਪਤਾ ਲਾ ਰਹੇ ਸਨ ਕਿ ਇਹ ਕਿਹੜੇ ਕਿਹੜੇ ਪਿੰਡ ਦੇ ਹਨ।ਪੁਲਿਸ ਦਾ ਧਿਆਨ ਉਂਝ ਤਾਂ ਬਾਬੇ ਨੰਦ ਉੱਤੇ ਵੀ ਸੀ ਪਰ ਉਹ ਤਾਂ ਆਪਣੇ ਕਰਮਾਂ ਦਾ ਮਾਰਿਆ ਸੀ।ਲੋਕੀਂ ਕਹਿੰਦੇ ਕਿ ਉਹ 'ਹਿੱਲਿਆ' ਹੋਇਆ ਹੈ।ਬੜੇ ਸਾਲ ਪਹਿਲਾਂ ਉਹ ਜ਼ਖ਼ਮੀ ਹਾਲਤ ਵਿੱਚ ਡੇਰੇ ਆ ਗਿਆ ਤੇ ਫ਼ਿਰ ਉਹ ਇੱਥੋਂ ਦਾ ਹੀ ਹੋ ਕੇ ਰਹਿ ਗਿਆ।ਉਸਨੇ ਰੱਬ ਨਾਲ ਲਿਵ ਲਾ ਲਈ ਤੇ ਬਾਬਾ ਜੀ ਦਾ ਚਰਨ ਸੇਵਕ ਬਣ ਗਿਆ।ਡੇਰੇ ਆਉਣ ਵਾਲੇ ਸਿੰਘ ਉਸਨੂੰ ਵੀ ਸਤਿਕਾਰ ਦੇਣ ਲੱਗ ਪਏ ਤੇ ਉਸਦੇ ਕੀਰਤਨ ਦੀ ਤਾਰੀਫ਼ ਕਰਦੇ।ਉਹ ਹੋਰ ਉਤਸ਼ਾਹ ਨਾਲ ਸਿੰਘਾਂ ਨੂੰ ਸ਼ਬਦ ਸੁਣਾਉਂਦਾ-ਸੰਤਾਂ ਨਾਲ ਵੈਰ ਕਮਾਂਵਦੇ ਦੁਸ਼ਟਾਂ ਨਾਲ ਮੋਹ ਪਿਆਰ।ਸਿੰਘ ਸੁਣਦੇ ਤੇ ਉਸਨੂੰ ਉਸ ਬਾਰੇ ਪੁੱਛਣ ਦੀ ਕੋਸ਼ਿਸ਼ ਕਰਦੇ ਪਰ ਬਾਬਾ ਨੰਦ ਇਸ ਸ਼ਬਦ ਤੋਂ ਇਲਾਵਾ ਕੁਝ ਵੀ ਨਾ ਬੋਲਦਾ ਤੇ ਨਾ ਹੀ ਕੋਈ ਹੁੰਗਾਰਾ ਦਿੰਦਾ।ਬੱਸ ਉਹ ਸੁਣਦਾ ਰਹਿੰਦਾ।ਉਸਦੇ ਚਿਹਰੇ ਉੱਤੋਂ ਕੋਈ ਹਾਵ ਭਾਵ ਸਪੱਸ਼ਟ ਨਾ

ਹੁੰਦਾ।ਕਈ ਵਾਰ ਤਾਂ ਲੋਕ ਉਸਨੂੰ ਬੋਲ਼ਾ ਵੀ ਸਮਝਦੇ ਪਰ ਜਦੋਂ ਉਹ ਇਸ ਨੂੰ ਸ਼ਬਦ ਸੁਣਨ ਦੀ ਸਿਫ਼ਾਰਸ਼ ਕਰਦੇ ਤਾਂ ਯਕੀਨ ਹੁੰਦਾ ਕਿ ਉਹ ਬੋਲ਼ਾ ਨਹੀਂ ਹੈ।

ਠੰਢ ਉੱਤਰ ਆਈ ਸੀ।ਅਸਮਾਨ ਸਾਫ਼ ਸੀ ਤੇ ਯਕੀਨ ਸੀ ਕਿ ਸਵੇਰੇ ਕੋਹਰਾ ਵਾਹਵਾ ਪਏਗਾ।ਠੱਕਾ ਵੀ ਵਗਣਾ ਸ਼ੁਰੂ ਹੋ ਗਿਆ ਸੀ।ਮੇਲਾ ਉੱਜੜ ਚੁੱਕਾ ਸੀ।ਲੋਕੀਂ ਘਰੋ ਘਰ ਚਲੇ ਗਏ ਸਨ।ਦੂਰੋਂ ਆਏ ਲੋਕ ਡੇਰੇ ਵਿੱਚ ਹੀ ਰਹਿ ਪਏ ਸਨ ਤੇ ਹੱਟੀਆਂ ਵਾਲੇ ਤੰਬੂ ਉਖਾੜ ਕੇ ਸਾਈਕਲਾਂ ਉੱਤੇ ਲੱਦ ਰਹੇ ਸਨ।

ਡੇਰੇ ਦੇ ਗਰੰਥੀ ਸਿੰਘ ਨੇ ਸਪੀਕਰ ਲਾ ਕੇ ਰਹਿਰਾਸ ਸਾਹਿਬ ਦਾ ਪਾਠ ਸੰਪੂਰਨ ਕਰ ਦਿੱਤਾ ਸੀ ਪਰ ਨਿੱਤ ਵਾਂਗ ਅੱਜ ਪਾਠ ਤੋਂ ਬਾਦ ਬਾਬੇ ਨੰਦ ਨੇ ਸ਼ਬਦ ਨਹੀਂ ਸੀ ਗਾਇਆ।ਉਂਝ ਤਾਂ ਉਹਦੇ ਸ਼ਬਦ ਗਾਉਣ ਦਾ ਕੋਈ ਬੱਝਵਾਂ ਵੇਲ਼ਾ ਨਹੀਂ ਸੀ ਪਰ ਫ਼ਿਰ ਵੀ ਰਹਿਰਾਸ ਸਾਹਿਬ ਦੇ ਪਾਠ ਦੀ ਸੰਪੂਰਨਤਾ ਤੋਂ ਬਾਦ ਉਹ ਸ਼ੁਰੂ ਹੋ ਈ ਜਾਂਦਾ ਹੁੰਦਾ ਸੀ।ਕੁਝ ਚਿਰ ਬਾਦ ਉਸਦੀ ਫ਼ਿਕਰ ਹੋਣੀ ਸ਼ੁਰੂ ਹੋ ਗਈ ਤਾਂ ਉਸਨੂੰ ਲੱਭਣਾ ਸ਼ੁਰੂ ਕੀਤਾ ਗਿਆ।ਪਹਿਲਾਂ ਸਾਰੇ ਡੇਰੇ ਵਿੱਚ ਲੱਭਿਆ,ਫ਼ਿਰ ਡੰਗਰਾਂ ਵਾਲੇ ਢਾਰਿਆਂ ਵਿੱਚ,ਲੰਗਰ ਹਾਲ ਵਿੱਚ,ਗੁਰੁ ਮਾਹਰਾਜ ਦੇ ਸੁਖ ਆਸਣ ਵਾਲੇ ਕਮਰੇ ਵਿੱਚ,ਸਰੋਵਰ ਕੰਢੇ,ਫ਼ਿਰ ਸਾਰੇ ਪਿੰਡ ਵਿੱਚ ਤੇ ਫ਼ਿਰ ਅਨਾਊਂਸਮੈਂਟ ਵੀ ਕੀਤੀ ਪਰ ਬਾਬੇ ਨੰਦ ਦਾ ਕੋਈ ਥਹੁ ਪਤਾ ਨਾ ਲੱਗਾ।ਬਾਦ ਵਿੱਚ ਚਿੰਤਾ ਹੋਈ ਕਿ ਕਿਤੇ ਉਸਨੂੰ ਪੁਲਿਸ ਤਾਂ ਨਹੀਂ ਚੁੱਕ ਕੇ ਲੈ ਗਈ? ਪਰ ਚੌਂਕੀ ਵਾਲਿਆਂ ਨੂੰ ਵੀ ਕੁਝ ਨਹੀਂ ਸੀ ਪਤਾ।

"ਬਾਬਾ ਨੰਦ ਤਾਂ ਸਾਧ ਸੀ ਕਿਧਰੇ ਹੋਰ ਡੇਰੇ ਚਲਾ ਗਿਆ ਹੋਵੇਗਾ ਰੱਬ ਰੱਬ ਕਰਦਾ।"ਇੰਝ ਪਹਿਲੀ ਵਾਰ ਹੋਇਆ ਸੀ ਤੇ ਪੱਕਾ ਯਕੀਨ ਨਹੀਂ ਸੀ ਕਿ ਬਾਬਾ ਨੰਦ ਕਿੱਥੇ ਚਲਾ ਗਿਆ ਹੈ।

****************

ਤਰਨ ਤਾਰਨ ਤੋਂ ਗੱਗੋਬੂਹੇ ਨੂੰ ਜਾਣ ਵਾਲੀ ਇੱਕੋ ਇੱਕ ਰੋਡਵੇਜ਼ ਦੀ ਬੱਸ ਆਪਣੇ ਆਖਰੀ ਗੇੜੇ ਹਾਰਨ ਮਾਰਦੀ ਪੁਲ਼ ਉੱਤਰ ਆਈ ਸੀ।ਸਿਆਲ਼ੀ ਦਿਨ ਹੋਣ ਕਰਕੇ ਤੇ ਆਖਰਾਂ ਦਾ ਕੱਕਰ ਪੈਂਦਾ ਹੋਣ ਕਰਕੇ ਲੋਕੀਂ ਵੱਗ ਵੇਲ਼ੇ ਨਾਲ ਖੁਰਲੀਆਂ ਉੱਤੇ ਬੰਨ੍ਹ ਕੇ ਫ਼ਾਰਗ ਹੋ ਗਏ ਸਨ।ਸੜਕ ਉੱਤੇ ਰੌਣਕ ਨਹੀਂ ਸੀ ਹਾਲਾਂਕਿ ਅੱਜ ਦਿਨ ਵੀ ਚੰਗਾ ਲੱਗਾ ਸੀ ਤੇ ਧੁੰਦ ਵੀ ਨਹੀਂ ਸੀ ਪਈ ਪਰ ਫ਼ਿਰ ਵੀ ਕੱਕਰ ਪੈਂਦਾ ਹੋਣ ਕਰਕੇ ਲੋਕੀਂ ਵੇਲੇ ਸਿਰ ਹੀ ਰਜਾਈਆਂ ਵਿੱਚ ਦੁਬਕ ਜਾਂਦੇ ਤੇ ਡੰਗਰਾਂ ਨੂੰ ਪੱਠਾ ਦੱਥਾ ਪਾ ਕੇ ਵੇਲੇ ਸਿਰ ਢਾਰਿਆਂ ਵਿੱਚ ਕਰ ਦਿੰਦੇ।ਦੋ ਸਵਾਰੀਆਂ ਨੂੰ ਲਾਗੇ ਈ ਉੱਤਾਰ ਕੇ ਤੇ ਕੰਡਕਟਰ ਨੂੰ ਉਹਦੇ ਪਿੰਡ ਉੱਤਾਰ ਕੇ ਫ਼ੌਜੀ ਨੇ ਇਕੱਲਿਆਂ ਬੱਸ ਗੱਗੋਬੂਹੇ ਤੱਕ ਲਿਜਾਣੀ ਸੀ।ਸਵਾਰੀਆਂ ਦੇ ਉੱਤਰਨ ਲਈ ਫ਼ੌਜੀ ਨੇ ਬੱਸ ਰੋਕੀ।ਧਨਵੰਤ ਸਿਹੁੰ ਸ਼ਾਹ ਤੇ ਉਸਦੇ ਜਵਾਈ ਢਿੱਲੋਂ ਆੜਤੀਏ ਨੇ ਅਜੇ ਭੋਇੰ'ਤੇ ਪੈਰ ਹੀ ਲਾਇਆ ਸੀ ਕਿ ਖੇਸੀ ਵਾਲੇ ਬੰਦੇ ਨੇ ਖੱਬੀ ਬਾਂਹ ਨਾਲ ਟੰਗੀ ਐਸ. ਐਲ. ਆਰ. ਸਿੱਧੀ ਕੀਤੀ ਤੇ ਆਟੋ'ਤੇ ਕਰਕੇ ਘੋੜਾ ਨੱਪ ਦਿੱਤਾ।ਤਾੜ ਤਾੜ ਤਾੜ ਕਰਕੇ ਪੰਦਰਾਂ ਦੀਆਂ ਪੰਦਰਾਂ ਹੀ ਗੋਲ਼ੀਆਂ ਦੋਹਾਂ ਵਿਚੋਂ ਦੀ ਪਾਰ ਹੋ ਗਈਆਂ।ਵੇਂਹਦਿਆਂ ਵੇਂਹਦਿਆਂ ਸ਼ਾਹ ਤੇ ਆੜਤੀਆ ਢੇਰੀ ਹੋ ਕੇ ਉਹਦੇ ਪੈਰਾਂ ਵਿੱਚ ਡਿੱਗ ਪਏ।

ਫ਼ੌਜੀ ਨੇ ਕਿੱਲੀ ਉੱਤੇ ਪੈਰ ਰੱਖ ਕੇ ਜਿੰਨਾ ਦੱਬ ਸਕਦਾ ਸੀ ਦੱਬ ਦਿੱਤਾ।ਲੋਕਾਂ ਨੇ ਅਵਾਜ਼ ਇੰਨੀ ਕਦੇ ਲਾਗੇ ਨਹੀਂ ਸੀ ਸੁਣੀ।ਅੱਜ ਧੁੰਦ ਨਾ ਪਈ ਹੋਣ ਕਰਕੇ ਗੋਲ਼ੀ ਦੀ ਆਵਾਜ਼ ਹੋਰ ਵੀ ਤਿੱਖੀ ਸੁਣੀ ਸੀ।ਅਸਮਾਨ ਸਾਫ਼ ਸੀ ਪਰ ਲੋਕੀਂ ਘਰਾਂ ਵਿੱਚ ਦੁਬਕੇ ਹੀ ਰਹੇ।ਸਿਰਫ਼ ਦੋਧੀ ਸਨ ਜੋ ਘਰਾਂ ਵਿੱਚੋਂ ਦੁੱਧ ਇਕੱਠਾ ਕਰ ਰਹੇ ਸਨ ਤੇ ਫ਼ਿਰ ਸੜਕਾਂ'ਤੇ ਉਹ ਵੀ ਨਹੀਂ ਸਨ।ਦੋ ਕੁ ਕੁੱਤੇ ਆਸਮਾਨ ਵੱਲ ਮੂੰਹ ਕਰਕੇ ਰੋ ਰਹੇ ਸਨ।ਲਾਸ਼ਾਂ ਉੱਥੇ ਹੀ ਸਾਰੀ ਰਾਤ ਪਈਆਂ ਰਹੀਆਂ।ਠੰਢ ਨਾਲ ਸੁੱਕ ਕੇ ਖੱਟਾ ਹੋਇਆ ਘਾਹ ਰੱਤ ਨਾਲ ਲਾਲ ਹੋ ਗਿਆ ਸੀ ਤੇ ਲਹੂ ਜੰਮ ਕੇ ਪੇਪੜੀਆਂ ਬਣ ਗਈਆਂ ਸਨ।ਇੱਡੇ ਵੱਡੇ ਵੱਡੇ ਸਰੀਰ ਮੂਧੇ ਮੂੰਹ ਨਿਮਾਣੇ ਜਿਹੇ ਹੋਈ ਪਏ ਸਨ।

************

ਪਿਛਲੇ ਚਹੁੰ ਪੰਜਾਂ ਦਿਨਾਂ ਤੋਂ ਗਹਿਰ ਜਿਹੀ ਚੜ੍ਹੀ ਸੀ ਤੇ ਹਨੇਰੀ ਝੱਖੜ ਆਉਣ ਦਾ ਖਦਸ਼ਾ ਸੀ।ਧੁੰਦਲ਼ਕੇ



ਜਿਹੇ ਕਰਕੇ ਜ਼ਿਆਦਾ ਦੂਰ ਤੱਕ ਨਿਗਾਹ ਨਹੀਂ ਸੀ ਜਾਂਦੀ।

ਪਿੰਡ ਵਿੱਚ ਨਵਿਆਂ ਨੇ ਬਾਬਿਆਂ ਦੇ ਚਰਨ ਪੁਆਏ ਸਨ।ਬਾਬਿਆਂ ਦੇ ਘੋੜੇ ਹਿਣਕਦੇ ਤੇ ਮੱਛਰਦੇ ਕਣਕ ਦੇ ਕੁਝ ਬੂਟੇ ਚਰਦੇ ਜਾ ਰਹੇ ਸਨ ਤੇ ਕੁਝ ਖੁਰਾਂ ਨਾਲ ਮਿੱਧੀ ਜਾ ਰਹੇ ਸਨ।ਜਿਉਂ ਜਿਉਂ ਘੋੜੇ ਬੁਰਕ ਭਰਦੇ ਤੇ ਬੂਟੇ ਮਿੱਧਦੇ,ਨਵਿਆਂ ਦੀ ਬੁੱਢੜੀ ਵਾਖਰੂ ਵਾਖਰੂ ਕਰਦੀ ਅੱਖਾਂ ਬੰਦ ਕਰੀ ਮਨ ਹੀ ਮਨ ਗੁਰੁ ਦਾ ਸ਼ੁਕਰਾਨਾ ਕਰਦੀ-'ਬਾਬਾ ਬੁੱਢਿਆ ਤੇਰੀਆਂ ਦਾਤਾਂ ਈ,ਤੂੰ ਬਰਕਤਾਂ ਪਾ' ਦਲ ਦੇ ਚਰਨ ਪਵਾਉਣ ਦਾ ਉਸਦਾ ਜਿਵੇਂ ਸੁਪਨਾ ਪੂਰਾ ਹੋਇਆ ਸੀ।

ਜਥੇ ਦੇ ਸਿੰਘ ਤੁਰਦੇ ਫ਼ਿਰਦੇ,ਕਸ਼ਮੀਰੇ ਕੀਆਂ ਪੈਲ਼ੀਆਂ ਨੂੰ ਨਿਕਲ ਆਏ।ਦੂਰੋਂ ਕਿਸੇ ਦੇ ਉੱਚੀ ਉੱਚੀ ਗਾਉਣ ਦੀ ਆਵਾਜ਼ ਆ ਰਹੀ ਸੀ-ਆਵਾਜ਼ ਸੁਣ ਕੇ ਇੱਕ ਸਿੰਘ ਦੇ ਪੈਰ ਗੱਡੇ ਗਏ-"ਓਇ ਬਾਬਾ ਨੰਦ ਈ।"

"ਕਿੱਥੇ ਆ ਜਹੇਦਾਰਾ।"

"ਆਹ ਵੇਹ ਗਾਉਂਦਾ।"

"ਮੈਨੂੰ ਤਾਂ ਨ੍ਹੀ ਸੁਣਦਾ,ਕੰਨ ਤੇ ਨਹੀਂ ਵੱਜਦੇ ਤੇਰੇ?ਐਵੇਂ ਭਰਮ ਹੋਊ ਤੇਰਾ।"

"ਨਹੀਂ ਮੈਂ ਆਪ ਸੁਣਿਆ।ਆਹ ਸੁਣ।ਤੂੰ ਵੀ ਸੁਣ।"ਜਹੇਦਾਰ ਨੇ ਆਪਣੇ ਕੰਨ ਨੂੰ ਦੂਜੇ ਦੇ ਕੰਨ ਦੇ ਲਾਗੇ ਕਰਦਿਆਂ ਦੂਰ ਗਰਦ ਗੁਬਾਰ ਦੇ ਪਾਰ ਵੇਖਦਿਆਂ ਕਿਹਾ।

"ਤੂੰ ਵੀ ਉਹਦੇ ਵਾਂਗੂ ਹਿੱਲ ਤਾਂ ਨਹੀਂ ਗਿਆ ਕਿਤੇ।?"

ਦੂਜੇ ਨੇ ਝੇਡ ਕੀਤੀ ਪਰ ਫ਼ਿਰ ਉਹ ਵੀ ਧਿਆਨ ਨਾਲ ਸੁਣਨ ਲੱਗਾ। ਦੂਰ ਘੁਸਮੁਸੇ ਜਿਹੇ ਵਿੱਚ ਇੱਕ ਪਰਛਾਵਾਂ ਜਿਹਾ ਮੋਢੇ 'ਤੇ ਕਹੀ ਰੱਖੀ ਖੱਬੀ ਬਾਂਹ ਉੱਚੀ ਚੁੱਕੀ ਗਾਉਂਦਾ ਤੁਰਿਆ ਜਾ ਰਿਹਾ ਸੀ। ਸਿੰਘ ਦੂਰ ਖੜੇ ਉਸ ਪਰਛਾਵੇਂ ਜਿਹੇ ਵੱਲ ਤੱਕੀ ਜਾ ਰਹੇ ਸਨ। ਉਹ ਸ਼ਬਦ ਗਾਉਂਦਾ ਪੂਰੇ ਵਜਦ ਵਿੱਚ ਆ ਗਿਆ ਸੀ ਭਾਵੇਂ ਸੂਰਜ ਹਾਲੇ ਅਸਤ ਨਹੀਂ ਸੀ ਹੋਇਆ। ਤੇ ਨਾ ਹੀ ਕਿਸੇ ਨੇ ਅਜੇ ਰਹਿਰਾਸ ਸਾਹਿਬ ਦਾ ਪਾਠ ਕੀਤਾ ਸੀ ਪਰ ਕਸ਼ਮੀਰਾ ਆਪਣੇ ਰੌਂਅ ਵਿੱਚ ਆਇਆ ਉੱਚੀ ਉੱਚੀ ਗਾਉਂਦਾ ਆ ਰਿਹਾ ਸੀ-'ਸੰਤਾਂ ਨਾਲ ਵੈਰ ਕਮਾਂਵਦੇ ਦੁਸ਼ਟਾਂ ਨਾਲ ਮੋਹ ਪਿਆਰ।ਲੜ ਜਾਏ ਸੱਪ ਖੜੱਪਾ ਇੰਦਰਾ... ਨੂੰ। ਸੰਤਾਂ ਨਾਲ ਵੈਰ ਕਮਾਇਆ ਜੀਹਨੇ । ਜਾ ਢਾਹਿਆ ਸਿੰਘਾਂ ਨੇ,ਹਰਿਮੰਦਰ ਢਾਹਿਆ ਜੀਹਨੇ।"

ਸਿੰਘ ਵਾਹੋ ਦਾਹੀ ਉਧਰ ਨੂੰ ਹੋ ਤੁਰੇ।ਬਾਬੇ ਨੰਦ ਦੇ ਲੱਭਣ ਦੀ ਖੁਸ਼ੀ ਵਿੱਚ ਉਹ ਜੈਕਾਰੇ ਬੁਲਾਉਂਦੇ ਭੱਜ ਪਏ-'ਖੁਸ਼ੀਆਂ ਦੇ ਜੈਕਾਰੇ ਬੁਲਾਵੇ,ਨਿਹਾਲ ਹੋ ਜਾਵੇ,ਕਲਗੀਆਂ ਵਾਲੇ ਦੇ ਮਨ ਨੂੰ ਭਾਵੇ ਸਾਸਰੀਆ ਘਾਲੋ।'

ਗੱਗੋ ਬੂਹੇ ਨੂੰ ਜਾਣ ਵਾਲੀ ਆਖਰੀ ਬੱਸ ਲੰਮੇ ਹਾਰਨ ਦਿੰਦੀ ਧੂੜ ਉਡਾਉਂਦੀ ਪੁਲੋਂ ਉੱਤਰ ਆਈ ਸੀ।

**(ਸੰਪਰਕ-95920-91048)**

**ਪਾਠਕਾਂ ਦੇ ਧਿਆਨ ਹਿੱਤ**

'ਕਹਾਣੀ ਧਾਰਾ' ਉਨ੍ਹਾਂ ਹੀ ਪਾਠਕਾਂ ਨੂੰ ਡਾਕ ਰਾਹੀਂ ਭੇਜਿਆ ਜਾਂਦਾ ਹੈ, ਜਿਨ੍ਹਾਂ ਦੇ ਸਾਨੂੰ ਚੰਦੇ ਪ੍ਰਾਪਤ ਹੁੰਦੇ ਹਨ। ਪਰਚੇ ਦਾ ਡਾਕ ਖਰਚ ਕਾਫੀ ਵੱਧ ਗਿਆ ਹੈ। ਪਾਠਕ ਜਦੋਂ ਚੰਦਾ ਖਤਮ ਹੋ ਜਾਵੇ, ਆਪਣੇ ਆਪ ਹੀ ਚੰਦਾ ਭੇਜ ਦਿਆ ਕਰਨ, ਅਸੀਂ ਕੇਵਲ ਇਕ ਅੱਧੀ ਵਾਰ ਹੀ ਸੂਚਿਤ ਕਰ ਸਕਦੇ ਹਾਂ।

-ਸੰਪਾਦਕ



## ਕਹਾਣੀ / ਕੰਧ 'ਤੇ ਲੱਗੀ ਬਿੰਦੀ /-ਇੰਦਰਜੀਤ ਪਾਲ ਕੌਰ

ਬਸੰਤੀ ਨੇ ਸਵੇਰੇ ਦੇ ਕਈ ਕੰਮ ਨਿਬੇੜ ਲਏ ਸਨ। ਚੌਂਕਾ ਚੁੱਲ੍ਹਾ ਹੂੰਝ ਕੇ ਲਿੱਪ ਦਿੱਤਾ ਸੀ। ਮੇਮਨਾ, ਜਿਹੜਾ ਉਸ ਨੇ ਜਿੱਦ ਕਰਕੇ ਰਾਏਕੋਟ ਦੇ ਪਸ਼ੂ ਮੇਲੇ ਤੋਂ ਖ਼ਰੀਦਿਆ ਸੀ, ਉਸ ਨੂੰ ਵੀ ਚਾਰਾ ਪਾਣੀ ਪਾ ਕੇ ਧਰੇਕ ਦੇ ਸੰਘਣੇ ਦਰੱਖਤ ਥੱਲੇ ਕਿੱਲੀ ਨਾਲ ਬੰਨ੍ਹ ਦਿੱਤਾ ਸੀ।

ਮੇਮਨਾ ਮੁੜ ਮੁੜ ਕੇ ਕਮਰੇ ਦੇ ਬੂਹੇ ਵੱਲ ਮੂੰਹ ਚੁੱਕ ਕੇ ਮਿਮਿਆ ਰਿਹਾ ਸੀ। ਜਿਵੇਂ ਬੁੱਧੂਆ ਨੂੰ ਬੁਲਾ ਰਿਹਾ ਹੋਵੇ। ਬੁੱਧੂਆ ਰੋਜ਼ ਸਵੱਖਤੇ ਉੱਠ ਕੇ ਕੁਝ ਚਿਰ ਮੇਮਨੇ ਨਾਲ ਖੇਡਣ ਦੇ ਬਾਅਦ ਹੀ ਦੂਜਾ ਕੰਮ ਕਰਦਾ ਸੀ।

ਬਸੰਤੀ ਦੋ ਵਾਰ ਕਮਰੇ ਵਿਚ ਜਾ ਕੇ ਬੁੱਧੂਆ ਨੂੰ ਜਗਾ ਚੁੱਕੀ ਸੀ। 'ਆਜ ਖੇਤ ਨਾ ਜਈਓ? ਉੱਠ ਜਾਉ। ਅਬ ਤੋਂ ਸੂਰਜ ਭਗਵਾਨ ਮੰਡਵਾ ਕੀ ਛੱਤ ਤਕ ਪਹੁੰਚ ਰਹੇ ਹੈ। ਚਾਹੇ ਕਾ ਗਿਲਾਸ ਦੋ ਬਾਰ ਗਰਮ ਕਰ ਚੁਕੇ ਹੈਂ ਹਮ।'

ਇਸ ਤੇ ਵੀ ਬੁੱਧਵਾ ਨਾ ਉੱਠਿਆ ਤਾਂ ਬਸੰਤੀ ਨੇ ਸ਼ਰਾਰਤ ਨਾਲ ਆਖਿਆ, 'ਕਿਆ ਆਲਸ ਕਾ ਅਵਤਾਰ ਹੋ ਰਹੇ ਹੋ। ਠੰਡੇ ਪਾਨੀ ਕਾ ਲੋਟਾ ਉਡੇਲ ਦੇਂਗੇ ਸਿਰ ਪਰ ਅਬ ਨਾ ਉਠਿਹੋਂ ਤੋ।'

ਬਸੰਤੀ ਨੂੰ ਅਜੇ ਸੋਲਵਾਂ ਲੱਗਿਆ ਸੀ। ਬਚਪਨ ਤੇ ਜਵਾਨੀ ਦੇ ਦਮੇਲ ਤੇ ਖੜ੍ਹੀ, ਗੱਲ-ਗੱਲ ਤੇ ਹੱਸਦੀ। ਅਭੋਲ।

ਬੁੱਧਵਾ ਛੇ ਮਹੀਨੇ ਪਹਿਲਾਂ ਮੁਕਲਾਵਾ ਲੈ ਕੇ ਆਇਆ ਸੀ। ਸ਼ੁਰੂ ਸ਼ੁਰੂ ਵਿਚ ਕੁਝ ਦਿਨ ਤਾਂ ਬਸੰਤੀ ਰੋਂਦੀ ਹੀ ਰਹਿੰਦੀ ਸੀ। ਪਤੀ ਦਾ ਪਿਆਰ ਵੀ ਉਸ ਨੂੰ ਪੇਕਿਆਂ ਦੀ ਯਾਦ ਭੁਲਾਉਣ ਵਿਚ ਕਾਮਯਾਬ ਨਾ ਹੁੰਦਾ।

ਬੁੱਧਵਾ ਦੋ ਸਾਲ ਪਹਿਲਾਂ ਕੰਮ ਦੀ ਤਲਾਸ਼ ਵਿਚ ਰੁਦਰਪੁਰ ਤੋਂ ਪੰਜਾਬ ਆਇਆ ਸੀ। ਆਮ ਭਈਆਂ ਤੋਂ ਵੱਖਰਾ। ਉੱਚਾ ਲੰਮਾ ਜਵਾਨ। ਗਠੀਲੀ ਦੇਹ।

ਸਰਦਾਰ ਕਰਮਬੀਰ ਸਿੰਘ ਜੀ ਹੀਰੇ ਪਰਖਣ ਵਿਚ ਮਾਹਰ ਸਨ। ਉਦੋਂ ਤੋਂ ਹੀ ਬੁੱਧਵਾ ਉਹਨਾਂ ਦੇ ਨਾਲ ਕੰਮ ਕਰਦਾ ਹੈ। ਸਰਦਾਰ ਜੀ ਨੇ ਉਸ ਨੂੰ ਬੰਬੀ ਤੇ ਦੋ ਕਮਰੇ ਪਾ ਦਿੱਤੇ ਸਨ। ਉਹਨਾਂ ਦੀ ਆਪਣੀ ਰਿਹਾਇਸ਼ ਉਥੋਂ ਛੇ ਸੱਤ ਕਿਲੋਮੀਟਰ ਦੂਰ ਸਤਲੁਜ ਦਰਿਆ ਦੇ ਉਰਲੇ ਪਾਸੇ ਸੀ।

ਬਸੰਤੀ ਤੀਜੀ ਵਾਰ ਚਾਹ ਦਾ ਗਲਾਸ ਲੈ ਕੇ ਬੁੱਧਵਾ ਨੂੰ ਉਠਾਉਣ ਲਈ ਆਈ ਸੀ। ਬੁੱਧਵਾ ਨੇ ਸਵੇਰ ਦਾ ਪਾਸਾ ਵੀ ਨਹੀਂ ਸੀ ਪਰਤਿਆ।

'ਖੇਤ ਪਰ ਜਾਏ ਕਾ ਟੈਮ ਹੁਈ ਗਵਾ। ਉਠੋ ਨਹੀਂ ਤੋ ਸਰਦਾਰ ਜੀ ਨਾਰਾਜ਼ ਹੁਈ ਜਈ ਹੈਂ।'

ਬੜੀ ਮੁਸ਼ਕਿਲ ਨਾਲ ਬੁੱਧਵਾ ਨੇ ਧੌਣ ਘੁਮਾ ਕੇ ਪਤਨੀ ਵੱਲ ਦੇਖਿਆ।

'ਸਾਰਾ ਅੰਗ ਪਿਰਾਏ ਰਹਾ ਹੈ ਬਸੰਤੀ। ਉਠਨੇ ਕੀ ਹਿੰਮਤ ਨਹੀਂ ਸਰੀਰ ਮੇ।'



'ਅਰੇ! ਕੈਸਾ ਹਿੰਮਤ ਨਹੀਂ ਹੈ? ਜਵਾਨ ਮਰਦ ਹੋ। ਆਠ ਘੰਟਾ ਟੀਰੈਕਟਰ ਚਲਾ ਕਰ ਹੀ ਟੈਂ ਟੈਂ ਫਿਸ ਹੋ ਗਈ। ਉਹਾਂ ਗਾਉਂ ਮੇਂ ਹਮਰਾ ਭਾਈ ਬਾਰਾਂ ਬਾਰਾਂ ਘੰਟਾ ਚਲਾਵਤ ਹੈ ਟੀਰੈਕਟਰ। ਪਰ ਥਕਾਨ ਕਾ ਕੋਨੋਂ ਨਾਮ ਨਿਸਾਨ ਨਹੀਂ।'

ਬਸੰਤੀ ਨੇ ਹੱਸਦਿਆਂ ਹੋਇਆਂ ਤਿਰਛੀਆਂ ਨਜ਼ਰਾਂ ਨਾਲ ਪਤੀ ਵੱਲ ਦੇਖ ਕੇ ਗਰਮ ਚਾਹ ਦਾ ਗਲਾਸ ਉਸ ਵੱਲ ਵਧਾਇਆ।

ਬੁੱਧਵਾ ਨੇ ਬੜੀ ਕੋਸ਼ਿਸ਼ ਕੀਤੀ ਪਰ ਗਲਾਸ ਫੜਨ ਲਈ ਉਸ ਦਾ ਹੱਥ ਨਾ ਉੱਠਿਆ। ਉਸ ਦੇ ਹੱਥ ਪੈਰ ਜਿਵੇਂ ਨਿਰਜੀਵ ਹੋ ਗਏ ਸਨ।

ਬੁੱਧਵਾ ਨੂੰ ਕੁਝ ਦਿਨਾਂ ਤੋਂ ਲੱਗ ਰਿਹਾ ਸੀ ਜਿਵੇਂ ਲੱਤਾਂ ਵਿਚੋਂ ਜਾਨ ਨਿਕਲ ਰਹੀ ਹੋਵੇ। ਕੱਲ੍ਹ ਸਵੇਰ ਤੋਂ ਬਾਹਾਂ ਵਿਚ ਵੀ ਕਮਜ਼ੋਰੀ ਮਹਿਸੂਸ ਹੋ ਰਹੀ ਸੀ। ਉਹ ਬਸ ਸਿਰੜ ਕਰਕੇ ਹੀ ਟਰੈਕਟਰ ਚਲਾ ਰਿਹਾ ਸੀ। ਪਰ ਅੱਜ ਤਾਂ ਉਸ ਤੋਂ ਹਿਲਿਆ ਨਹੀਂ ਸੀ ਜਾ ਰਿਹਾ।

ਲੱਤਾਂ ਵਿਚ ਪੀੜ ਦੀ ਸ਼ਿਕਾਇਤ ਉਹ ਕੁਝ ਦਿਨਾਂ ਤੋਂ ਕਰ ਰਿਹਾ ਸੀ। ਬਸੰਤੀ ਰਾਤ ਨੂੰ ਸੌਣ ਤੋਂ ਪਹਿਲਾਂ ਘੰਟਾ ਘੰਟਾ ਉਸ ਨੂੰ ਘੁੱਟਦੀ ਤਾਂ ਕਿਤੇ ਜਾ ਕੇ ਉਸ ਨੂੰ ਨੀਂਦਾ ਆਉਂਦੀ।

ਰਾਤੀਂ ਬਾਹਰ ਜਾਣ ਲਈ ਉੱਠਣ ਲੱਗਾ ਤਾਂ ਉਸ ਕੋਲੋਂ ਖੜ੍ਹਾ ਨਾ ਹੋਇਆ ਗਿਆ। ਕਿਸੇ ਤਰ੍ਹਾਂ ਲੱਤਾਂ ਘਸੀਟਦਾ ਉਹ ਮਸਾਂ ਦਰਵਾਜੇ ਤੋਂ ਬਾਹਰ ਨਿਕਲਿਆ।

ਧੁੱਪ ਹੁਣ ਚੁੱਲੇ ਤੋਂ ਵੀ ਅਗਾਂਹ ਲੰਘ ਗਈ ਸੀ। ਕੁਵੇਲ ਹੁੰਦੀ ਦੇਖ ਕੇ ਸਰਦਾਰ ਜੀ ਆਪ ਬੁੱਧਵਾ ਨੂੰ ਲੈਣ ਆ ਗਏ। ਸਰਦਾਰ ਜੀ ਨੂੰ ਬੁੱਧਵਾ ਦੀ ਤਬੀਅਤ ਬਾਰੇ ਕੁਝ ਸ਼ੰਕਾ ਤਾਂ ਹੋ ਰਹੀ ਸੀ। ਕੱਲ੍ਹ ਸਵੇਰ ਤੋਂ ਹੀ ਉਹ ਹੌਲੀ ਹੌਲੀ ਤੁਰ ਰਿਹਾ ਸੀ। ਉਹਨਾਂ ਸੋਚਿਆ 'ਥਕਾਣ ਹੋਣੀ ਏਂ।'

'ਸ਼ਾਬਾਸ਼ ਪੁੱਤਰਾ। ਕੱਢ ਦੇ ਕੱਢ ਦੇ ਅੱਜ ਸਾਰੀ ਪੈਲੀ। ਰਾਤ ਨੂੰ ਪਹਿਲੇ ਤੋੜ ਦੀ ਪੀ ਲਵੀਂ।'

ਸਰਦਾਰ ਜੀ ਨੂੰ ਕਾਹਲੀ ਇਸ ਕਰਕੇ ਵੀ ਸੀ ਕਿਉਂਕਿ ਦੋ ਦਿਨ ਬਾਅਦ ਉਹਨਾਂ ਰਾਮਪੁਰ ਆਪਣੀ ਜ਼ਮੀਨ ਤੇ ਜਾਣਾ ਸੀ।

ਬਸੰਤੀ ਬੰਬੀ ਤੋਂ ਪਾਣੀ ਦੀ ਗਾਗਰ ਢਾਕੇ ਲਾਈ ਤੁਰੀ ਆ ਰਹੀ ਸੀ। ਭੂਰੇ ਕਾਲੇ ਡਬ ਖੜੱਬੇ ਰੰਗ ਦਾ ਮੇਮਨਾ ਉਸ ਦੇ ਪਿੱਛੇ ਪਿੱਛੇ ਦੜੰਗੇ ਮਾਰ ਰਿਹਾ ਸੀ। ਸਰਦਾਰ ਜੀ ਨੂੰ ਆਇਆਂ ਦੇਖ ਕੇ ਉਹ ਸਾੜ੍ਹੀ ਦਾ ਪੱਲਾ ਸਿਰ ਤੇ ਲੈਂਦੀ। ਨਮਸਤੇ ਕਹਿ ਕੇ ਇਕ ਪਾਸੇ ਖਲੋਅ ਗਈ। ਮੇਮਨਾ ਟਰਾਲੀ ਵਿਚੋਂ ਲਮਕਦਾ ਚਰੀ ਦਾ ਟਾਂਡਾ ਚੱਬਣ ਲੱਗ ਪਿਆ।

'ਬੁੱਧਵਾ ਕਿੱਥੇ ਹੈ ਬੇਟੀ? ਸਰਦਾਰ ਜੀ ਨੇ ਟਰੈਕਟਰ ਤੋਂ ਉਤਰਦਿਆਂ ਪੁੱਛਿਆ।'

'ਸੋਏ ਹੈ ਅਬੀ ਤਕ। ਬਹੁਤ ਉਠਾਏ ਹੈਂ ਹਮ। ਉਠਤੇ ਹੀ ਨਹੀਂ।' ਬਸੰਤੀ ਨੇ ਗਾਗਰ ਚੌਂਕੇ ਦੀ ਨਿੱਕੀ ਕੰਧ ਤੇ ਪਏ ਇੰਨੂੰ 'ਤੇ ਰੱਖਦਿਆਂ ਕਿਹਾ।

'ਸੂਰਜ ਸਿਰ ਤੇ ਹੈ। ਅਜੇ ਤਕ ਨਹੀਂ ਉਠਿਆ!' ਹੈਰਾਨੀ ਨਾਲ ਕਹਿੰਦੇ ਸਰਦਾਰ ਜੀ ਤੇਜ਼ੀ ਨਾਲ ਕਮਰੇ ਵੱਲ ਵਧੇ। ਉਹਨਾਂ ਦਾ ਮਨ ਕਿਸੇ ਅਣਹੋਣੀ ਦੀ ਸ਼ੰਕਾ ਨਾਲ ਭਰ ਗਿਆ।

ਬੁੱਧਵਾ ਦਰਵਾਜ਼ੇ ਵੱਲ ਪਿੱਠ ਕਰੀ ਖੱਬੀ ਵੱਖੀ ਭਾਰ ਲੇਟਿਆ ਹੋਇਆ ਸੀ। ਪਹਿਲੇ ਤੋੜ ਦੀ ਬੋਤਲ ਮੰਜੀ ਦੇ ਪਾਵੇ ਕੋਲ ਅਣਛੂਹੀ ਪਈ ਸੀ।

'ਹੁਣ ਤਕ ਸੌਂ ਰਿਹਾ ਏਂ ਬੁੱਧਵਾ?' ਤਬੀਅਤ ਤਾਂ ਠੀਕ ਏ ਨਾ ਤੇਰੀ?

ਬਹੁਤ ਉਠਾ ਰਹੇ ਹੈਂ। ਉੱਠ ਹੀ ਨਹੀਂ ਰਹੇ। ਬਸੰਤੀ ਵੀ ਸਰਦਾਰ ਜੀ ਦੇ ਪਿੱਛੇ ਪਿੱਛੇ ਕਮਰੇ ਵਿਚ ਆ ਗਈ। ਸਰਦਾਰ ਜੀ ਦੀ ਗੱਲ ਸੁਣ ਕੇ ਵੀ ਬੁੱਧਵਾ ਨੇ ਪਾਸਾ ਨਾ ਪਰਤਿਆ। ਦਰਅਸਲ ਉਸ ਕੋਲੋਂ ਪਾਸਾ ਪਰਤਿਆ ਹੀ ਨਹੀਂ ਸੀ ਜਾ ਰਿਹਾ।

'ਹਾਏ ਮਹਾਤਾਰੀ। ਬਚੂੰਗਾ ਨਹੀਂ ਸਰਦਾਰ ਜੀ। ਸਰੀਰ ਪੱਥਰ ਹੋ ਗਿਆ ਹੈ।'

'ਫ਼ਜ਼ੂਲ ਗੱਲ ਨਾ ਕਰ। ਕੀ ਹੋਇਆ ਹੈ ਤੈਨੂੰ?' ਸਰਦਾਰ ਜੀ ਨੇ ਮੰਜੀ ਦੇ ਦੂਜੇ ਪਾਸੇ ਜਾ ਕੇ ਕਿਹਾ।

ਬੁੱਧਵਾ ਕਟੀ ਹੋਈ ਗੇਲੀ ਵਾਂਗ ਡਿੱਗਿਆ ਲੱਗ ਰਿਹਾ ਸੀ। ਉਸ ਦਾ ਚਿਹਰਾ ਦੇਖ ਕੇ ਸਰਦਾਰ ਜੀ ਦਾ ਮਨ ਹੋਰ ਚਿੰਤਤ ਹੋ ਗਿਆ।

'ਹਾਥ ਪੈਰ ਨਹੀਂ ਹਿਲ ਰਹਾ ਸਰਦਾਰ ਜੀ।' ਬੁੱਧਵਾ ਨੇ ਇੰਝ ਰੁਕ ਰੁਕ ਕੇ ਕਿਹਾ ਕਿ ਜਿਵੇਂ ਬੋਲ ਗਲੇ ਵਿਚੋਂ ਫਸ ਕੇ ਨਿਕਲ ਰਹੇ ਹੋਣ। ਉਸ ਦੀਆਂ ਅੱਖਾਂ ਦਾ ਭਾਵ ਦੇਖ ਕੇ ਸਰਦਾਰ ਜੀ ਨੂੰ ਉਹ ਜਾਨਵਰ ਯਾਦ ਆ ਗਿਆ ਜਿਹੜਾ ਪਿਛਲੇ ਸਾਲ ਰੁਦਰਪੁਰ ਦੇ ਜੰਗਲ ਵਿਚ ਉਨ੍ਹਾਂ ਨੇ ਆਪਣੇ ਦੋਸਤਾਂ ਨਾਲ ਸ਼ਿਕਾਰ ਖੇਡਦਿਆਂ ਮਾਰਿਆ ਸੀ।

ਸਰਦਾਰ ਕਰਮਬੀਰ ਸਿੰਘ ਜੀ ਨੇ ਟਰਾਲੀ ਟਰੈਕਟਰ ਨਾਲੋਂ ਉਤਾਰ ਦਿੱਤੀ। ਪਹਿਲੀ ਵਾਰ ਉਹਨਾਂ ਨੇ ਟਰੈਕਟਰ ਨੂੰ ਜੀਪ ਦੀ ਤਰ੍ਹਾਂ ਦੁੜਾਉਣ ਦੀ ਕੋਸ਼ਿਸ਼ ਕੀਤੀ। ਜਦੋਂ ਤਕ ਉਹ ਕੋਠੀ ਤੋਂ ਜੀਪ ਲੈ ਕੇ ਸ਼ਹਿਰੋਂ ਡਾਕਟਰ ਦੇ ਨਾਲ ਦੁਬਾਰਾ ਬੁੱਧਵਾ ਦੇ ਕਮਰੇ ਤੇ ਪੁੱਜੇ ਦੁਪਹਿਰ ਢਲਣ ਤੇ ਸੀ। ਬਸੰਤੀ ਧਰੇਕ ਥੱਲੇ ਖੜ੍ਹੀ ਉਹਨਾਂ ਦਾ ਰਾਹ ਦੇਖ ਰਹੀ ਸੀ। ਮੇਮਨਾ ਚੁਪਚਾਪ ਉਸ ਦੇ ਪੈਰਾਂ ਕੋਲ ਬੈਠਾ ਸੀ ਜਿਵੇਂ ਉਸ ਨੂੰ ਵੀ ਹਾਲਾਤ ਦੀ ਗੰਭੀਰਤਾ ਦਾ ਅਹਿਸਾਸ ਹੋ ਗਿਆ ਹੋਵੇ।

'ਸਰਦਾਰ ਜੀ ਭੋਰ ਸੇ ਪਾਨੀ ਕਾ ਘੂਟ ਤਕ ਨਹੀਂ ਭਰਾ। ਦੂਧ ਕੇ ਚਾਰ ਚਮਚ ਮੂੰਹ ਮੇ ਡਾਲੇ ਰਹੇ ਹਮ। ਵੇ ਭੀ ਆਧਾ ਧਰਤੀ ਪਰ ਬਹਿ ਗਿਆ।'

ਬਸੰਤੀ ਦੀ ਗੱਲ ਸੁਣ ਕੇ ਦਵਾਈਆਂ ਦੇ ਬਕਸੇ ਵਿਚੋਂ ਸਟੈਥੋਸਕੋਪ ਕੱਢਦੇ ਡਾਕਟਰ ਦੇ ਮੱਥੇ ਤੇ ਵੱਲ ਉਭਰ ਆਏ। ਬੁੱਧਵਾ ਦੀ ਜਾਂਚ ਵਿਚ ਡਾਕਟਰ ਨੇ ਬਹੁਤਾ ਸਮਾਂ ਨਾ ਲਗਾਇਆ। ਕਮਰੇ ਵਿਚੋਂ ਬਾਹਰ ਨਿਕਲਦਿਆਂ ਉਸ ਨੇ ਸਰਦਾਰ ਜੀ ਨੂੰ ਪਿੱਛੇ ਆਉਣ ਦਾ ਇਸ਼ਾਰਾ ਕੀਤਾ।

'ਸਰਦਾਰ ਸਾਹਿਬ ਜਿੰਨੀ ਛੇਤੀ ਹੋ ਸਕੇ ਇਸ ਨੂੰ ਸ਼ਹਿਰ ਦੇ ਵੱਡੇ ਹਸਪਤਾਲ ਲੈ ਜਾਉ।'

'ਪਰ ਡਾਕਟਰ ਸਾਹਿਬ ਇਸ ਨੂੰ ਹੋਇਆ ਕੀ ਹੈ?'

ਡਾਕਟਰ ਨੇ ਕੋਈ ਉਤਰ ਨਾ ਦਿੱਤਾ। ਦਵਾਈਆਂ ਦਾ ਬਕਸਾ ਬੰਦ ਕਰਦਿਆਂ ਉਸ ਨੇ ਬਸੰਤੀ ਨੂੰ ਕਿਹਾ, 'ਜੀਪ ਮੇਂ ਬਿਛਾਨੇ ਕੇ ਲੀਏ ਕੋਈ ਕਪੜਾ ਲਾਓ।'

ਜਦੋਂ ਤੱਕ ਦੋਨਾਂ ਬੰਦਿਆਂ ਨੇ ਲੱਤਾਂ ਬਾਹਾਂ ਤੋਂ ਫੜ ਕੇ ਬੁੱਧਵਾਂ ਨੂੰ ਦਰਵਾਜ਼ੇ ਵਿਚੋਂ ਬਾਹਰ ਕੱਢਿਆ, ਬਸੰਤੀ ਸਰਦਾਰਨੀ ਦਾ ਦਿੱਤਾ ਡੱਬੀਆਂ ਵਾਲਾ ਖੇਸ ਜੀਪ ਵਿਚ ਵਿਛਾ ਚੁੱਕੀ ਸੀ।

ਬਸੰਤੀ ਹੱਥ ਵਿਚ ਕੌਲੀ ਚਮਚਾ ਪਕੜੀ ਜਦੋਂ ਰਸੋਈ ਵਿਚੋਂ ਬਾਹਰ ਨਿਕਲੀ ਜੀਪ ਕੁਝ ਦੂਰ ਨਿਕਲ ਗਈ ਸੀ।

'ਅਰੇ ਸਾਹਬ ਰੁਕ ਜਾਉ। ਕਹਾਂ ਲੀਏ ਜਾਤ ਹੋ ਹਮਰੇ ਬੁੱਧਵਾ ਕੋ? ਹਮਹੂੰ ਕਾ ਲੇ ਲੀਉ। ਹਮ ਨਾ ਰਹੀਬ ਬੁੱਧਵਾ ਕਾ ਬਿਨ।'

ਕੱਚੇ ਰਾਹ ਤੇ ਧੂੜ ਉਡਾਉਂਦੀ ਜੀਪ ਦੇ ਪਿੱਛੇ ਬਸੰਤੀ ਭੱਜੀ ਆ ਰਹੀ ਸੀ। ਉਸ ਦੀਆਂ ਅੱਖਾਂ ਵਿਚੋਂ ਅੱਥਰੂ ਵਗ ਤੁਰੇ ਸਨ। ਉਸ ਦੀ ਭਾਰੀ ਪੰਜੇਬ ਵੀ ਦੰਡ ਪਾ ਰਹੀ ਸੀ। ਸਾਈਡ ਵਿਊ ਸ਼ੀਸ਼ੇ ਵਿਚੋਂ ਡਾਕਟਰ ਦੀ ਨਜ਼ਰ ਬਸੰਤੀ ਤੇ ਪਈ।

'ਜੀਪ ਰੋਕੋ ਸਰਦਾਰ ਜੀ।' ਡਾਕਟਰ ਨੇ ਕਿਹਾ।

ਜੀਪ ਵਿਚ ਬੈਠਣ ਤੋਂ ਪਹਿਲਾਂ ਬਸੰਤੀ ਨੇ ਮੁੜ ਕੇ ਮੇਮਨੇ ਵੱਲ ਵੇਖਦਿਆਂ ਉੱਚੀ ਆਵਾਜ਼ ਵਿਚ ਕਿਹਾ, 'ਅਰੇ ਚੰਦੂ ਘਰ ਕਾ ਧਿਆਨ ਰੱਖੀਹੋ। ਹਮ ਆਉਬ ਥੋੜੀ ਦੇਰ ਮਾ।'

ਚੰਦੂ ਮਿਮਆਂਦਾ ਕਿੱਲੀ ਤੁੜਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

ਕਲੀਨਕ ਪਹੁੰਚ ਕੇ ਡਾਕਟਰ ਰਾਮ ਸਰੂਪ ਜੀ ਨੇ ਵੱਡੇ ਹਸਪਤਾਲ ਟੈਲੀਫ਼ੋਨ ਕਰਕੇ ਦੱਸਿਆ - 'ਜੀ.ਬੀ. ਸਿੰਡਰੋਮ ਦਾ ਮਰੀਜ਼ ਘੰਟੇ ਡੇਢ ਘੰਟੇ ਤੱਕ ਪਹੁੰਚ ਰਿਹਾ ਹੈ।'



* * * *

ਜਦੋਂ ਤੋਂ ਸੰਦੀਪ ਸਕੂਲ ਦੇ ਟੂਰ ਤੋਂ ਪਰਤਿਆ ਹੈ। ਬੁਝਿਆ ਬੁਝਿਆ ਹੈ।

'ਥਕਾਣ ਹੋਣੀ ਏ।' ਮਾਂ ਸੋਚਦੀ ਹੈ। ਪਰ ਚੌਦਾਂ ਪੰਦਰਾਂ ਸਾਲ ਦੇ ਬੱਚੇ ਨੂੰ ਥਕਾਣ? ਇਸ ਉਮਰ ਵਿਚ ਤਾਂ ਸ਼ਰੀਰ ਤੇ ਮਨ ਦੋਨਾਂ ਵਿਚ ਸ਼ਕਤੀ ਪੂਰੀ ਉਠਾਣ ਤੇ ਹੁੰਦੀ ਹੈ। ਡੁਲ ਡੁਲ ਪੈਂਦੀ। ਛਲਕਣ ਨੂੰ ਤਿਆਰ।

'ਕੀ ਗੱਲ ਏ ਬੇਟਾ। ਕੁਝ ਥੱਕਿਆ ਥੱਕਿਆ ਲੱਗ ਰਿਹਾ ਹੈਂ?'

ਸੰਦੀਪ ਨੇ ਕੋਈ ਜਵਾਬ ਨਾ ਦਿੱਤਾ। ਉਹ ਮਾਂ ਦਾ ਸੁਭਾਅ ਜਾਣਦਾ ਸੀ। ਨਿੱਕੀ ਨਿੱਕੀ ਗੱਲ ਉਸ ਨੂੰ ਚਿੰਤਤ ਕਰ ਦਿੰਦੀ ਸੀ। ਇਸ ਲਈ ਉਹ ਆਪਣੀ ਤਕਲੀਫ਼ ਨਹੀਂ ਸੀ ਦੱਸਣਾ ਚਾਹੁੰਦਾ।

ਪਰ ਬੇਟੇ ਦਾ ਮੁਰਝਾਇਆ ਚੇਹਰਾ ਦੇਖ ਕੇ ਉਹ ਤਾਂ ਪਹਿਲਾਂ ਹੀ ਚਿੰਤਿਤ ਹੋ ਗਈ ਸੀ।

'ਐਨੀ ਪ੍ਰਾਬਲਮ ਸੋਨੂੰ?' ਮਾਂ ਨੇ ਫਿਰ ਪਿਆਰ ਨਾਲ ਪੁੱਛਿਆ।'

'ਕੁਛ ਨਹੀਂ ਮਾਮਾ ਬਸ ਇਕ ਦੋ ਦਿਨਾਂ ਤੋਂ ਲੱਤਾਂ ਪੀੜ ਕਰ ਰਹੀਆਂ ਨੇ। ਅੱਜ ਤਾਂ ਮੈਥੋਂ ਖਲੋਤਾ ਵੀ ਨਹੀਂ ਜਾ ਰਿਹਾ।'

ਲੱਤਾਂ ਲਮਕਾ ਕੇ ਮੰਜੀ ਤੇ ਬੈਠੇ ਸੰਦੀਪ ਨੇ ਸਿਰ ਤੇ ਫਿਰਦਾ ਮਾਂ ਦਾ ਹੱਥ ਆਪਣੇ ਦੋਨਾਂ ਹੱਥਾਂ ਵਿਚ ਫੜ ਕੇ ਆਪਣੇ ਮੱਥੇ ਨਾਲ ਲਗਾ ਲਿਆ।

ਦੋਹਾਂ ਭੈਣ ਭਰਾਵਾਂ ਤੋਂ ਛੋਟਾ ਹੋਣ ਕਰਕੇ ਉਹ ਮਾਤਾ ਪਿਤਾ ਦਾ ਲਾਡਲਾ ਸੀ। ਉਸ ਦਾ ਕੱਦ ਆਪਣੇ ਛੇ ਫੁੱਟੇ ਪਿਤਾ ਤੋਂ ਕੁਝ ਹੀ ਥੱਲੇ ਰਹਿ ਗਿਆ ਸੀ। ਪਰ ਅਜੇ ਉਮਰ ਹੀ ਕੀ ਸੀ ਉਸ ਦੀ ਪੰਦਰਾਂ ਸਾਲ ਪੰਜ ਮਹੀਨੇ। ਕਈ ਵਾਰ ਉਹ ਆਪਣੀ ਵੱਧਦੀ ਸਰੀਰਕ ਸ਼ਕਤੀ ਦਿਖਾਉਣ ਲਈ ਮਾਂ ਨੂੰ ਲੱਕ ਤੋਂ ਫੜ ਕੇ ਚੁੱਕ ਲੈਂਦਾ।

ਸੰਤੋਸ਼ ਜੀ ਦਾ ਮਨ ਗਰਵ ਨਾਲ ਭਰ ਜਾਂਦਾ। ਪਰ ਬਨਾਵਟੀ ਗੁੱਸਾ ਦਿਖਾਉਂਦੇ ਉਹ ਕਹਿੰਦੇ - 'ਕੀ ਕਰਦਾ ਹੈਂ ਬੇਵਕੂਫ਼ ਕਿਤੋਂ ਦਾ ਥੱਲੇ ਲਾਹ ਮੈਨੂੰ।'

ਸੰਤੋਸ਼ ਜੀ ਨੂੰ ਬੇਟੇ ਦਾ ਮੱਥਾ ਤਪਦਾ ਲੱਗਿਆ। 'ਕਿਤੇ ਬੁਖ਼ਾਰ ਤਾਂ ਨਹੀਂ?' ਉਹਨਾਂ ਦਾ ਮਨ ਹੋਰ ਚਿੰਤਿਤ ਹੋ ਉੱਠਿਆ।

'ਨਹੀਂ ਮਾਂ ਬੁਖ਼ਾਰ ਨਹੀਂ।' ਕਹਿੰਦਿਆਂ ਮੰਜੀ ਦੀ ਹੀਅ ਤੇ ਬੈਠੇ ਸੰਦੀਪ ਨੇ ਕੋਲ ਖੜ੍ਹੀ ਮਾਂ ਨੂੰ ਆਪਣੀਆਂ ਲੰਮੀਆਂ ਬਾਹਾਂ ਦੇ ਘੇਰੇ ਵਿਚ ਲੈ ਲਿਆ।

'ਚੱਲ ਉਠ ਥਰਮਾਮੀਟਰ ਲਗਾ ਕੇ ਦੇਖਦੇ ਹਾਂ।' ਸੰਦੀਪ ਉੱਠਣ ਲੱਗਿਆ ਤਾਂ ਉਸ ਕੋਲੋਂ ਉੱਠਿਆ ਨਾ ਗਿਆ। ਜਿਵੇਂ ਲੱਤਾਂ ਰਬੜ ਦੀਆਂ ਬਣੀਆਂ ਹੋਣ ਤੇ ਉਸ ਦਾ ਭਾਰ ਚੁੱਕਣ ਵਿਚ ਅਸਮਰੱਥ ਹੋਣ।

'ਮਾਮਾ ਮੇਰੇ ਤੋਂ ਉਠਿਆ ਨਹੀਂ ਜਾਂਦਾ।' ਸੰਦੀਪ ਦੀ ਆਵਾਜ਼ ਕੰਬ ਰਹੀ ਸੀ।

'ਕੀ ਆਖਦਾ ਹੈਂ ਬੇਟਾ?' ਸੰਤੋਸ਼ ਜੀ ਦੇ ਕਲੇਜੇ ਦਾ ਰੁੱਗ ਭਰਿਆ ਗਿਆ। ਸੰਦੀਪ ਨੇ ਫਿਰ ਇਕ ਵਾਰ ਉੱਠਣ ਦੀ ਨਾਕਾਮ ਕੋਸ਼ਿਸ਼ ਕੀਤੀ।

ਸੰਤੋਸ਼ ਜੀ ਨੇ ਘਬਰਾ ਕੇ ਆਪਣੀ ਸਹੇਲੀ ਡਾਕਟਰ ਸੁਮਨ ਨੂੰ ਫ਼ੋਨ ਕੀਤਾ। ਉਸ ਸਮੇਂ ਡਾਕਟਰ ਦੰਪਤੀ ਕਲੀਨਿਕ ਜਾਣ ਲਈ ਤਿਆਰ ਹੋ ਕੇ ਨਾਸ਼ਤਾ ਕਰ ਰਹੇ ਸਨ। ਡਾਕਟਰ ਸਰਲਾ ਨੇ ਸੰਦੀਪ ਦੇ ਲੱਛਣ ਆਪਣੇ ਪਤੀ ਡਾਕਟਰ ਗੌੜ ਨੂੰ ਦੱਸੇ ਤਾਂ ਉਹਨਾਂ ਨੇ ਨਾਸ਼ਤਾ ਵਿਚੇ ਛੱਡ ਕੇ ਕੇਵਲ ਦੋ ਸ਼ਬਦ ਕਹੇ-'ਜੀ.ਬੀ.ਸਿੰਡਰੋਮ।'

ਘਰ ਤੋਂ ਚੱਲਣ ਤੋਂ ਪਹਿਲਾਂ ਡਾਕਟਰ ਗੌੜ ਨੇ ਹਸਪਤਾਲ ਆਪਣੇ ਦੋਸਤ ਡਾਕਟਰ ਰਵੀ ਚੋਪੜਾ ਨੂੰ ਆਪਣੇ ਲੈਂਡਲਾਈਨ ਤੋਂ ਸੂਚਿਤ ਕਰ ਦਿੱਤਾ ਅਤੇ ਨਾਲ ਹੀ ਪਤਾ ਦੱਸ ਕੇ ਐਂਬੂਲੈਂਸ ਭੇਜਣ ਲਈ ਵੀ ਕਹਿ ਦਿੱਤਾ। ਮੋਬਾਈਲ ਫ਼ੋਨ ਦਾ ਅਜੇ ਚਲਣ ਨਹੀਂ ਸੀ ਹੋਇਆ।

ਸੰਦੀਪ ਨੂੰ ਦੇਖਦਿਆਂ ਹੀ ਡਾਕਟਰ ਗੌੜ ਨੇ ਕਿਹਾ, 'ਬਿਨਾਂ ਦੇਰ ਕੀਤਿਆਂ ਇਸਨੂੰ ਹਸਪਤਾਲ ਲੈ ਜਾਣਾ ਚਾਹੀਦਾ ਹੈ।

ਉਹਨਾਂ ਆਪਣੀ ਘੜੀ ਤੇ ਨਜ਼ਰ ਮਾਰੀ। ਐਂਬੂਲੈਂਸ ਨੂੰ ਫ਼ੋਨ ਕੀਤਿਆਂ ਵੀਹ ਮਿੰਟ ਤੋਂ ਉਪਰ ਹੋ ਚੁੱਕੇ ਸਨ।

'ਸੁਮਨ ਤੁਸੀਂ ਕਾਰ ਖੋਲ੍ਹੋ।' ਕਹਿੰਦਿਆਂ ਡਾਕਟਰ ਗੌੜ ਨੇ ਸੰਦੀਪ ਨੂੰ ਨਿੱਕੇ ਬੱਚੇ ਵਾਂਗ ਆਪਣੀਆਂ ਮਜਬੂਤ ਬਾਹਾਂ ਵਿਚ ਚੁੱਕ ਲਿਆ।

ਡਾਕਟਰ ਗੌੜ ਦੇ ਨਾਲ ਅਗਲੀ ਸੀਟ ਤੇ ਬੈਠਦਿਆਂ ਖੰਨਾ ਸਾਹਿਬ ਨੇ ਘਬਰਾਈ ਆਵਾਜ਼ ਵਿਚ ਪੁੱਛਿਆ-'ਪ੍ਰਦੀਪ ਕੋਈ ਡਰ ਵਾਲੀ ਗੱਲ ਤਾਂ ਨਹੀਂ?'

'ਚਿੰਤਾ ਨਾ ਕਰੋ। ਸਭ ਠੀਕ ਹੋ ਜਾਵੇਗਾ।'

ਡਾਕਟਰ ਗੌੜ ਦੀ ਐਂਬੂਲੈਂਸ ਅਜੇ ਕੁਝ ਦੂਰ ਹੀ ਨਿਕਲੀ ਸੀ ਤਾਂਹੀਉਂ ਹੂਟਰ ਵਜਾਉਂਦੀ ਐਂਬੂਲੈਂਸ ਪਹੁੰਚ ਗਈ।

ਤੇਜ਼ੀ ਨਾਲ ਐਂਬੂਲੈਂਸ ਵੱਲ ਜਾ ਕੇ ਡਾਕਟਰ ਸਰਲਾ ਨੇ ਡਰਾਇਵਰ ਨੂੰ ਹਦਾਇਤ ਦਿੱਤੀ। 'ਗੁਰਦੀਪ ਐਂਬੂਲੈਂਸ ਨੂੰ ਤੇਜ਼ ਕੱਢ ਕੇ ਡਾਕਟਰ ਸਾਹਿਬ ਦੀ ਕਾਰ ਦੇ ਅੱਗੇ ਲਗਾ ਲੈ।'

ਆਪਣਾ ਕਲੀਨਿਕ ਖੋਲ੍ਹਣ ਤੋਂ ਪਹਿਲਾਂ ਗੌੜ ਦੰਪਤੀ ਉਸੇ ਹਸਪਤਾਲ ਵਿਚ ਕੰਮ ਕਰਦੇ ਸਨ ਜਿਥੋਂ ਐਂਬੂਲੈਂਸ ਆਈ ਸੀ। ਡਾਕਟਰ ਸੁਮਨ ਦੇ ਨਾਲ ਐਂਬੂਲੈਂਸ ਵਿਚ ਬੈਠੀ ਸੰਤੋਸ਼ ਦੇ ਹੱਥ ਕੰਬ ਰਹੇ ਸਨ। ਡਾਕਟਰ ਸਰਲਾ ਨੇ ਆਪਣਾ ਹੱਥ ਉਹਨਾਂ ਦੇ ਮੋਢੇ 'ਤੇ ਰੱਖ ਦਿੱਤਾ। ਉਸ ਸਮੇਂ ਅਜੇ ਸੜਕਾਂ ਤੇ ਵਾਹਨਾਂ ਦੀ ਐਨੀ ਭੀੜ ਨਹੀਂ ਸੀ। ਫੇਰ ਵੀ ਐਂਬੂਲੈਂਸ ਦੇ ਡਰਾਇਵਰ ਨੂੰ ਦੂਜੇ ਵਾਹਨਾਂ ਤੋਂ ਅੱਗੇ ਲੰਘਣ ਲਈ ਲੂਬੜ ਪੇਚੇ ਮਾਰਨੇ ਪੈ ਰਹੇ ਸਨ।

ਡਾਕਟਰ ਸੁਮਨ ਨੂੰ ਯਾਦ ਆਇਆ ਜਦੋਂ ਉਹ ਤੇ ਡਾਕਟਰ ਗੌੜ ਐਫ.ਆਰ.ਸੀ.ਐਸ. ਕਰ ਰਹੇ ਸਨ ਤਾਂ ਐਂਬੂਲੈਂਸ ਦਾ ਹੂਟਰ ਸੁਣਦਿਆਂ ਹੀ ਲੰਡਨ ਦੀਆਂ ਸੜਕਾਂ ਤੋਂ ਵਾਹਨ ਇਕ ਪਾਸੇ ਹੋ ਜਾਂਦੇ ਸਨ।

ਘਰ ਤੋਂ ਵੱਡੇ ਹਸਪਤਾਲ ਐਮਰਜੈਂਸੀ ਪਹੁੰਚਣ ਤੱਕ ਡਾਕਟਰ ਗੌੜ ਨੂੰ ਸਿਰਫ਼ ਅਠਾਰਾਂ ਮਿੰਟ ਲੱਗੇ। ਡਾਕਟਰਾਂ ਦੀ ਇਕ ਟੀਮ ਉਹਨਾਂ ਦਾ ਇੰਤਜ਼ਾਰ ਕਰ ਰਹੀ ਸੀ। ਖੰਨਾ ਸਾਹਿਬ ਨੂੰ ਦੇਖ ਕੇ ਹਲਚਲ ਹੋਰ ਵੱਧ ਗਈ। ਵਿਧਾਇਕ ਹੋਣ ਦਾ ਪ੍ਰਭਾਵ ਖ਼ਾਸ ਸੀ।

* * * * *

ਬੁੱਧਵਾ ਨੂੰ ਸ਼ਹਿਰ ਦੇ ਹਸਪਤਾਲ ਪਹੁੰਚਦਿਆਂ ਡੇਢ ਘੰਟਾ ਲੱਗ ਗਿਆ। ਜਦੋਂ ਤੱਕ ਉਸ ਨੂੰ ਚੈੱਕ ਕਰਕੇ ਭਰਤੀ ਕੀਤੀ ਗਿਆ ਇੱਕ ਘੰਟਾ ਹੋਰ ਬੀਤ ਗਿਆ।

ਇੱਕ ਡਾਕਟਰ ਤੇ ਦੋ ਨਰਸਾਂ ਬੁੱਧਵਾ ਨੂੰ ਵੈਂਟੀਲੇਟਰ ਲਗਾ ਕੇ ਜਾ ਚੁੱਕੇ ਸਨ। ਇਕੱਲਾ ਜੂਨੀਅਰ ਡਾਕਟਰ ਹੀ ਆਈ.ਸੀ.ਯੂ. ਵਿਚ ਰਹਿ ਗਿਆ ਸੀ।

'ਤੁਮ ਬੁੱਧਵਾ ਕੀ ਪਤਨੀ ਹੋ?' ਡ੍ਰਿਪ ਵਾਲੀ ਟਿਊਬ ਠੀਕ ਕਰਦਿਆਂ ਜੂਨੀਅਰ ਡਾਕਟਰ ਨੇ ਬਸੰਤੀ ਤੋਂ ਪੁੱਛਿਆ।

'ਜੀ ਸਾਹਿਬ ਹਮੀਂ ਹੈਂ।' ਹਾਂ ਵਿਚ ਸਿਰ ਹਿਲਾਉਂਦਿਆਂ ਬਸੰਤੀ ਨੇ ਕਿਹਾ। ਉਸ ਦੀ ਗੱਲ ਦੀ ਹਾਮੀ ਭਰਦੇ ਕੰਨਾਂ ਵਿਚ ਪਾਏ ਚਾਂਦੀ ਦੇ ਭਾਰੀ ਝੁਮਕੇ ਹਿਲਣ ਲੱਗ ਪਏ।

'ਘਰ ਮੇਂ ਕੌਣ ਕੌਣ ਹੈਂ?'

'ਸਬੀ ਹੈਂ ਅੰਮਾ ਬਾਬਾ, ਦਾਦੀ ਦਾਦਾ, ਭਈਆ ਭਾਬੀ, ਮੁੰਨੀਆ, ਚੁੰਨੂੰ, ਰਮੀਆਂ।

'ਨਹੀਂ ਤੁਮਾਰੇ ਪਤੀ ਕੇ ਘਰ ਮੇਂ ਕੌਣ ਕੌਣ ਹੈ?' - ਹੁਣ ਡਾਕਟਰ ਬੁੱਧਵਾ ਦੀ ਨਬਜ਼ ਦੇਖ ਰਿਹਾ ਸੀ।

'ਅੰਮਾ ਬਾਬੂ ਜੀ, ਬੜੇ ਭਈਆ ਭਉਜੀ ਔਰ ਉਨਕੇ ਬੱਚਵਾ।'

ਇਸ ਵਾਰ ਵੀ ਬਸੰਤੀ ਨੇ ਇਕੋ ਸਾਹੇ ਸਾਰੇ ਜੀਅ ਦੱਸ ਦਿੱਤੇ ਜਿਨ੍ਹਾਂ ਨੂੰ ਯਾਦ ਕਰਦਿਆਂ ਉਸ ਦੀਆਂ ਅੱਖਾਂ ਚਮਕ ਉੱਠੀਆਂ। ਭਰੇ ਭਰੇ ਸਾਂਵਲੇ ਬੁੱਲ੍ਹਾਂ ਤੇ ਮੁਸਕਾਨ ਫੈਲ ਗਈ।

'ਘਰ ਮੇਂ ਖਬਰ ਕਰ ਦੀ?' ਡਾਕਟਰ ਨੇ ਪੁੱਛਿਆ।

'ਕਾਹੇ ਕੀ ਖਬਰ ਡਾਕਡਰ ਸਾਹਿਬ?'



'ਬੁੱਧਵਾ ਕੇ ਬਿਮਾਰ ਹੋਣੇ ਕੀ।'

'ਠੀਕ ਹੋ ਜਈ। ਤਬ ਕਰ ਦੇਈਬ ਨਾ ਖਬਰ। ਨਾਹਕ ਚਿੰਤਾ ਕੇ ਮਾਰੇ ਮਰ ਜਈਬ ਯਾ ਕੀ ਮਹਿਤਾਰੀ।'

ਬਸੰਤੀ ਨੇ ਬੜੇ ਧਿਆਨ ਨਾਲ ਬੁੱਧਵਾ ਵੱਲ ਦੇਖਿਆ। ਫਿਰ ਆਪਣੀ ਨਿੱਕੀ ਗੋਲ ਨੱਕ ਚੜ੍ਹਾ ਕੇ ਵੈਂਟੀਲੇਟਰ ਵੱਲ ਇਸ਼ਾਰਾ ਕਰਕੇ ਪੁੱਛਿਆ, 'ਈ ਕਾ ਲਗਾ ਦੀਏ ਹੋ ਬੁੱਧਵਾ ਕੇ ਮੂੰਹ ਪਰ?' ਉਸ ਦੀਆਂ ਕਜਲੇ ਨਾਲ ਭਰੀਆਂ ਉਤਸੁਕ ਅੱਖਾਂ ਡਾਕਟਰ ਦੇ ਚਿਹਰੇ ਤੇ ਠਹਿਰ ਗਈਆਂ।

ਕੋਈ ਝਿਜਕ ਨਹੀਂ। ਨਾ ਹੀ ਕੋਈ ਡਰ। ਪਿੰਡ ਦੇ ਖੁੱਲ੍ਹੇ ਵਾਤਾਵਰਣ ਵਿਚ ਪਲੀ ਆਜ਼ਾਦ ਰੂਹ।

'ਯਹ ਵੈਂਟੀਲੇਟਰ ਹੈ।' ਡਾਕਟਰ ਨੇ ਦਸਿਆ। ਫੇਰ ਕੁਝ ਸੋਚ ਉਸ ਨੇ ਕਿਹਾ, 'ਯਹ ਮਸ਼ੀਨ ਹੈ। ਇਸੀ ਸੇ ਬੁੱਧਵਾ ਸਾਂਸ ਲੇ ਪਾਏਗਾ।'

'ਮਸ਼ੀਨ ਸੇ ਸਾਂਸ ਲੇ ਪਈ ਹੈ?' ਹੈਰਾਨੀ ਫੈਲ ਗਈ ਬਸੰਤੀ ਦੇ ਭੋਲੇ ਮੂੰਹ ਤੇ।

'ਹਾਂ ਅਗਰ ਯਹ ਮਸ਼ੀਨ ਉਤਾਰ ਦੀ ਤੋਂ ਯਹ ਜੀਅ ਨਹੀਂ ਪਾਏਗਾ।'

'ਮਰ. . .।' ਬਸੰਤੀ ਕਹਿੰਦੀ ਕਹਿੰਦੀ ਰੁਕ ਗਈ।

'ਦਈਆ ਰੇ ਦਈਆ। ਉਹਨੇ ਦੋਵੇਂ ਹੱਥ ਗੱਲਾਂ ਤੇ ਰੱਖ ਲਏ।

ਬੁੱਧਵਾ ਦੀ ਬਾਂਹ ਬੈੱਡ ਤੇ ਰੱਖ ਕੇ ਡਾਕਟਰ ਨੇ ਬਸੰਤੀ ਵੱਲ ਧਿਆਨ ਨਾਲ ਦੇਖਿਆ। ਮਸਾਂ ਸੋਲਾਂ ਸਤਾਰਾਂ ਸਾਲਾਂ ਦੀ ਹੋਵੇਗੀ।

ਡਾਕਟਰ ਦੇ ਮਨ ਵਿਚ ਇਕ ਅਣਸੁਖਾਵਾਂ ਜਿਹਾ ਖਿਆਲ ਆਇਆ। ਫੇਰ ਬੁੱਧਵਾ ਨੂੰ ਇਕ ਵਾਰ ਧਿਆਨ ਨਾਲ ਵੇਖ ਕੇ ਉਹ ਆਈ.ਸੀ.ਯੂ. ਵਿਚੋਂ ਬਾਹਰ ਚਲਾ ਗਿਆ।

ਬੁੱਧਵਾ ਦੇ ਸਰੀਰ ਵਿਚ ਜੇ ਕੁਝ ਜਿਉਂਦਾ ਜਾਪਦਾ ਸੀ ਤਾਂ ਉਹ ਸਨ ਉਸ ਦੀਆਂ ਪੀੜ ਨਾਲ ਭਰੀਆਂ ਉਦਾਸ ਅੱਖਾਂ। ਜਿਹੜੀਆਂ ਬਸੰਤੀ ਦੇ ਚੇਹਰੇ ਉਤੇ ਚਿਪਕੀਆਂ ਹੋਈਆਂ ਸਨ। ਜੇ ਉਹ ਬੋਲ ਸਕਦੀਆਂ ਤਾਂ ਪੁੱਛਦੀਆਂ, 'ਕੀ ਹੋਇਆ ਏ ਬੁੱਧਵਾ ਨੂੰ ਇਸ ਦੇ ਹੱਥ ਪੈਰ ਕਿਉਂ ਨਹੀਂ ਚਲ ਰਹੇ?'

ਸਰਦਾਰ ਜੀ ਨੇ ਜ਼ਮੀਨ ਤੇ ਜਾ ਕੇ ਹੋਰ ਪੈਸੇ ਧੇਲੇ ਦਾ ਇੰਤਜਾਮ ਕਰਨਾ ਸੀ। ਉਹਨਾਂ ਸੋਚਿਆ ਬਸੰਤੀ ਨੂੰ ਵੀ ਨਾਲ ਲੈ ਚਲਣ ਆਪਣੇ ਕੱਪੜੇ ਲੱਤੇ ਲੈ ਆਵੇਗੀ। ਪਰ ਬਸੰਤੀ ਕਿਸੇ ਹਾਲ ਵਿਚ ਵੀ ਪਤੀ ਨੂੰ ਛੱਡ ਕੇ ਜਾਣ ਲਈ ਨਾ ਮੰਨੀ। ਸਰਦਾਰ ਜੀ ਨੇ ਬੜੀ ਮੁਸ਼ਕਿਲ ਨਾਲ ਉਸ ਨੂੰ ਚਾਹ ਦਾ ਕੱਪ ਪਿਲਾਇਆ। ਫੇਰ ਕੁਝ ਪੈਸੇ ਫੜਾਉਂਦਿਆਂ ਕਿਹਾ, 'ਬੇਟੀ ਕੁਝ ਖਾਹ ਲਵੀਂ, ਭੁੱਖੀ ਨਾ ਰਹੀਂ, ਮੈਂ ਪਿੰਡੋਂ ਛੇਤੀ ਵਾਪਸ ਆਉਂਦਾ ਹਾਂ। ਤੂੰ ਚਿੰਤਾ ਨਾ ਕਰੀਂ।'

* * * * *

ਦੁਧੀਆ ਐਪਰਨ ਪਹਿਨੇ ਮਧਰੇ ਕੱਦ ਦੇ ਭਾਰੀ ਭਰਕਮ ਡਾਕਟਰ ਨੇ ਆਈ.ਸੀ.ਯੂ. ਵਿਚ ਪਰਵੇਸ਼ ਕੀਤਾ। ਉਸ ਦੇ ਪਿੱਛੇ ਪਿੱਛੇ ਤਿੰਨ ਜੂਨੀਅਰ ਡਾਕਟਰ ਇੰਝ ਚੱਲ ਰਹੇ ਸਨ ਜਿਵੇਂ ਬੱਤਖ ਦੇ ਪਿੱਛੇ ਪਿੱਛੇ ਚੂਚੇ ਤੁਰਦੇ ਹਨ।

ਵੱਡੇ ਡਾਕਟਰ ਨੇ ਇਕ ਉਡਦੀ ਨਜ਼ਰ ਬਸੰਤੀ ਤੇ ਪਾਈ। ਜੋ ਉਹਨਾ ਨੂੰ ਦੇਖ ਕੇ ਇੱਕ ਪਾਸੇ ਹੋ ਗਈ ਸੀ।

ਡਾਕਟਰ ਨੇ ਬੁੱਧਵਾ ਦੇ ਕੋਲ ਜਾ ਕੇ ਰੁਬੀਲੀ ਆਵਾਜ਼ ਵਿਚ ਕਹਿਣਾ ਸ਼ੁਰੂ ਕੀਤਾ-'ਟਿਪੀਕਲ ਕੇਸ ਆਫ ਗਿਲਾਨ ਬਾਰੀ ਸਿੰਡਰੋਮ।'

ਤਿੰਨੇ ਜੂਨੀਅਰ ਡਾਕਟਰ ਬੁੱਧਵਾ ਦੀ ਬੈੱਡ ਦੇ ਦੂਜੇ ਪਾਸੇ ਖੜ੍ਹੋ ਕੇ ਬੜੇ ਧਿਆਨ ਨਾਲ ਵੱਡੇ ਡਾਕਟਰ ਦੀ ਗੱਲ ਸੁਣਨ ਲੱਗ ਪਏ।

'ਇਸ ਬਿਮਾਰੀ ਦਾ ਸੁਨਿਸ਼ਚਿਤ ਕਾਰਨ ਨਹੀਂ ਦੱਸਿਆ ਜਾ ਸਕਦਾ। ਪਰ ਦੋ ਤਿਹਾਈ ਇਹ ਬਿਮਾਰੀ ਉਹਨਾਂ ਲੋਕਾਂ ਨੂੰ ਹੁੰਦੀ ਹੈ ਜਿਨ੍ਹਾਂ ਨੂੰ ਦਸਤ ਜਾਂ ਸਾਹ ਦੀ ਨਲੀ ਦਾ ਸੰਕਰਮਣ ਹੋਵੇ। ਇਹ ਵਾਇਰਲ ਇੰਫੈਕਸ਼ਨ ਹੈ।'

ਵੱਡੇ ਡਾਕਟਰ ਨੇ ਇਕ ਵਾਰ ਧਿਆਨ ਨਾਲ ਨਿਸ਼ਚਲ ਪਏ ਬੁੱਧਵਾ ਵੱਲ ਦੇਖ ਕੇ ਫਿਰ ਕਹਿਣਾ ਸ਼ੁਰੂ ਕੀਤਾ, 'ਇਸ ਬਿਮਾਰੀ ਦੇ ਲੱਛਣ. . .ਐਨਕਾਂ ਲੱਗਾ ਲੰਮੇ ਕੱਦ ਦਾ ਡਾਕਟਰ ਬੁੱਧਵਾ ਦੇ ਬੈੱਡ ਦੇ ਹੋਰ ਨੇੜੇ ਹੋ ਗਿਆ। ਜਿਵੇਂ ਇੰਝ ਕਰਨ ਨਾਲ ਉਸ ਨੂੰ 'ਲੱਛਣ' ਹੋਰ ਚੰਗੀ ਤਰ੍ਹਾਂ ਦਿੱਖ ਜਾਣਗੇ।

'ਸਟੇ ਬੀਹਾਈਂਡ ਡਾਕਟਰ' ਵੱਡੇ ਡਾਕਟਰ ਦੀ ਕੜਕਦੀ ਆਵਾਜ਼ ਸੁਣ ਕੇ ਉਹ ਮਾੜਚੂ ਜਿਹਾ ਡਾਕਟਰ ਪਿਛਾਂਹ ਹੋ ਕੇ ਸਿੱਧਾ ਖੜ੍ਹਾ ਹੋ ਗਿਆ।

ਵੱਡੇ ਡਾਕਟਰ ਨੇ ਲੰਮਾ ਸਾਹ ਲੈ ਕੇ ਫਿਰ ਕਹਿਣਾ ਸ਼ੁਰੂ ਕੀਤਾ . . .'ਇਸ ਬਿਮਾਰੀ ਦੇ ਮੁੱਖ ਲੱਛਣ ਹਨ ਪੈਰਾਂ ਤੇ ਲੱਤਾਂ ਵਿਚ ਝੁਨਝਨਾਹਟ ਤੇ ਕਮਜ਼ੋਰੀ ਜੋ ਧੜ ਤੇ ਬਾਹਾਂ ਵੱਲ ਫੈਲਦੀ ਹੈ। ਮਾਸ ਪੇਸ਼ੀਆਂ ਦੀ ਕਮਜ਼ੋਰੀ ਪੈਰਾਲਿਸਿਸ ਦਾ ਕਾਰਨ ਬਣ ਸਕਦੀ ਹੈ। ਇਸ ਵੇਲੇ ਇਹ ਮਰੀਜ਼ ਵੈਂਟੀਲੇਟਰ ਤੇ ਹੈ। ਕਿਉਂਕਿ ਇਸ ਦੀ ਛਾਤੀ ਦੇ ਮਸਲਜ਼ ਪੈਰਾਲਾਈਸ ਹੋ ਚੁੱਕੇ ਹਨ। ਇਹ ਵੈਂਟੀਲੇਟਰ ਤੋਂ ਬਿਨਾਂ ਸਾਹ ਨਹੀਂ ਲੈ ਸਕਦਾ।' ਕਹਿੰਦਾ ਹੋਇਆ ਵੱਡਾ ਡਾਕਟਰ ਇੰਝ ਆਈ.ਸੀ.ਯੂ. ਵਿਚੋਂ ਬਾਹਰ ਨਿਕਲ ਗਿਆ ਜਿਵੇਂ ਉਹ ਕਿਸੇ ਗੰਭੀਰ ਰੂਪ ਵਿਚ ਬਿਮਾਰ ਮਰੀਜ ਬਾਰੇ ਨਹੀਂ ਬਲਕਿ ਮੌਸਮ ਬਾਰੇ ਗੱਲ ਕਰ ਰਿਹਾ ਹੋਵੇ।

ਸੰਦੀਪ ਦਾ ਵੀ ਉਹੀ ਹਾਲ ਸੀ। ਅੱਖਾਂ ਤੋਂ ਸਿਵਾ ਸਾਰਾ ਸਰੀਰ ਨਿਰਜੀਵ ਜਿਹਾ ਹੋ ਗਿਆ ਸੀ। ਅੱਖਾਂ ਡਰੀਆਂ ਡਰੀਆਂ ਫੈਲੀਆਂ ਹੋਈਆਂ। ਮਾਂ ਦੇ ਚਿਹਰੇ ਤੋਂ ਹਟਦੀਆਂ ਤਾਂ ਪਿਤਾ ਦੇ ਮੂੰਹ ਤੇ ਠਹਿਰ ਜਾਂਦੀਆਂ। ਕੋਈ ਅੰਦਰ ਆਉਂਦਾ ਤਾਂ ਜਿਵੇਂ ਪੁੱਛਣ ਲੱਗ ਜਾਂਦੀਆਂ, 'ਕੀ ਸੰਦੀਪ ਠੀਕ ਹੋ ਜਾਵੇਗਾ?' ਉਸ ਦੀ ਆਤਮਾ ਦੀ, ਸਰੀਰ ਦੀ ਸਾਰੀ ਸ਼ਕਤੀ ਸਿਮਟ ਕੇ ਅੱਖਾਂ ਵਿਚ ਉਤਰ ਆਈ ਸੀ। ਕੇਵਲ ਉਹ ਹੀ ਮੁਕਤ ਸਨ ਉਸ ਨਾਮੁਰਾਦ ਬਿਮਾਰੀ ਦੇ ਜਕੜਨ ਵਾਲਿਆਂ ਪੰਜਿਆਂ ਦੀ ਗ੍ਰਿਫਤ ਤੋਂ। ਬਾਕੀ ਗਰਦਨ ਤੋਂ ਥੱਲੜਾ ਧੜ ਉਸ ਮਨਹੂਸ ਬਿਮਾਰੀ ਦੇ ਸ਼ਿਕੰਜੇ ਵਿਚ ਸੀ।

* * * * *

ਸਰਦਾਰ ਜੀ ਸਵੇਰੇ ਪੰਜ ਵਜੇ ਪਿੰਡੋਂ ਹਸਪਤਾਲ ਪਹੁੰਚ ਗਏ ਸਨ। ਬਸੰਤੀ ਆਈ.ਸੀ.ਯੂ. ਦੇ ਬਾਹਰ ਦੀਵਾਰ ਦੀ ਢੋਹ ਲਗਾ ਕੇ ਬੈਠੀ ਊਂਘ ਰਹੀ ਸੀ। ਨਰਸਾਂ ਦੇ ਬੜਾ ਸਮਝਾਉਣ ਤੇ ਵੀ ਉਹ ਉਥੋਂ ਹਿੱਲੀ ਨਹੀਂ ਸੀ। ਬਸ ਇਕੋ ਗੱਲ ਕਹਿ ਰਹੀ ਸੀ ਬਸੰਤੀ, 'ਹਮ ਨਾ ਜਾਈਬ ਊ ਕਾ ਛੋੜ ਕਰ।'

ਸਰਦਾਰ ਜੀ ਨੇ ਉਸ ਦੇ ਸਿਰ ਤੇ ਹੱਥ ਰੱਖਦਿਆਂ ਕਿਹਾ, 'ਬਸੰਤੀ ਬੇਟਾ ਉੱਠ।'

ਬਸੰਤੀ ਨੇ ਤ੍ਰਬਕ ਕੇ ਅੱਖਾਂ ਖੋਲ੍ਹੀਆਂ। ਜਿਹੜੀਆਂ ਕੁਝ ਉਨੀਂਦਰੇ ਕਰਕੇ ਤੇ ਕੁਝ ਰੋਣ ਕਰਕੇ ਸੁਰਖ਼ ਹੋ ਰਹੀਆਂ ਸਨ। ਸਰਦਾਰ ਜੀ ਬਸੰਤੀ ਨੂੰ ਇੱਕ ਝੋਲਾ ਫੜਾ ਕੇ ਜਬਰਦਸਤੀ ਨਾਸ਼ਤਾ ਕਰਵਾਉਣ ਲਈ ਕੰਟੀਨ ਲੈ ਗਏ। ਉਹ ਜਾਣਦੇ ਸਨ ਕਿ ਉਸ ਨੇ ਕੁਝ ਨਹੀਂ ਖਾਧਾ ਹੋਣਾ।

'ਹਮ ਨਹਾਏ ਬਿਨ ਨਾਸਤਾ ਨਾ ਕਰਿਬ।' ਬੜਾ ਕਹਿਣ ਤੇ ਉਸ ਚਾਹ ਦਾ ਕੱਪ ਪੀਤਾ।

'ਐਹ ਕੁਝ ਹੋਰ ਪੈਸੇ ਰੱਖ ਲੈ ਬਸੰਤੀ। ਮੈਂ ਜਾ ਰਿਹਾ ਹਾਂ ਬੈਂਕ ਖੁੱਲਦਿਆਂ ਹੀ ਵਾਪਸ ਆ ਜਾਵਾਂਗਾ।'

'ਹਮ ਔਰ ਪੈਸੇ ਕਾ ਕਿਆ ਕਰਿਬ ਸਾਹਬ।' ਬਸੰਤੀ ਨੇ ਬੈਂਚ ਤੋਂ ਝੋਲਾ ਚੁੱਕਦਿਆਂ ਕਿਹਾ।

'ਨਹਾ ਕੇ ਕੁਝ ਖਾਹ ਲਵੀਂ। ਭੁੱਖੀ ਨਾ ਰਹੀ। ਨਹੀਂ ਤਾਂ ਬੁੱਧਵਾ ਉੱਠ ਕੇ ਗੁੱਸਾ ਕਰੇਗਾ।'

ਸਰਦਾਰ ਜੀ ਅਜੇ ਥੋੜ੍ਹੀ ਦੂਰ ਹੀ ਗਏ ਸਨ ਕਿ ਬਸੰਤੀ ਦੌੜਦੀ ਹੋਈ ਉਨ੍ਹਾਂ ਦੇ ਪਿੱਛੇ ਪਿੱਛੇ ਆ ਗਈ।

'ਸਾਹਬ ਹਮਰਾ ਚੰਦੂ ਕੈਸਨ ਹੈ। ਕੋਨੂੰ ਊਕਾ ਚਾਰਾ ਡਾਲਾ ਕੇ ਨਾਹੀ,'

'ਫਿਕਰ ਨਾ ਕਰ ਤੇਰਾ ਮੇਮਨਾ ਬਿਲਕੁਲ ਠੀਕ ਏ। ਉਸ ਨੂੰ ਕੋਠੀ ਛੱਡ ਆਇਆਂ। ਉਥੇ ਤੇਰੀ ਬੀਬੀ ਜੀ ਉਸ ਦਾ ਪੂਰਾ ਖਿਆਲ ਰੱਖੇਗੀ।'

'ਅੱਛਾ! ਚੰਦੂ ਹਮੇ ਯਾਦ ਕੀਏ ਰਹਾ?'

ਭੋਲੀ ਬਸੰਤੀ ਦੇ ਮਾਸੂਮ ਪ੍ਰਸ਼ਨ ਤੇ ਸਰਦਾਰ ਜੀ ਦੀਆਂ ਅੱਖਾਂ ਛਲਕ ਆਈਆਂ। ਕੁਝ ਚਿਰ ਪਹਿਲਾਂ ਹੀ ਡਾਕਟਰ ਨੇ ਉਨ੍ਹਾਂ ਨੂੰ ਬੁੱਧਵਾ ਦੀ ਗੰਭੀਰ ਹਾਲਤ ਬਾਰੇ ਦੱਸਿਆ ਸੀ।



ਬਸੰਤੀ ਨੇ ਝੋਲੇ ਵਿਚੋਂ ਸਾੜ੍ਹੀ ਬਲਾਊਜ਼, ਤੌਲੀਆ ਕੱਢ ਕੇ ਮੋਢੇ ਤੇ ਰੱਖ ਲਿਆ। ਫਿਰ ਕੁਝ ਸੋਚਦੀ ਹੋਈ ਆਈ.ਸੀ.ਯੂ. ਵੱਲ ਚੱਲ ਪਈ। ਆਈ.ਸੀ.ਯੂ. ਵਿਚ ਲਾਈਫ ਸੇਵਰ ਮਸ਼ੀਨਾਂ ਦੀ ਧੀਮੀ ਘੂਕਰ ਦੇ ਸਿਵਾ ਡਰਾਵਣੀ ਸ਼ਾਂਤੀ ਸੀ। ਬਸੰਤੀ ਬੁੱਧਵਾ ਦੇ ਬੈੱਡ ਦੇ ਕੋਲ ਖੜ੍ਹੀ ਕੁਝ ਚਿਰ ਧਿਆਨ ਨਾਲ ਉਸ ਵੱਲ ਵੇਖਦੀ ਰਹੀ। ਬੁੱਧਵਾ ਨੂੰ ਜਿਵੇਂ ਬਸੰਤੀ ਦੇ ਆਉਣ ਦਾ ਅਹਿਸਾਸ ਹੋ ਗਿਆ। ਉਸ ਦੀਆਂ ਅੱਖਾਂ ਖੁੱਲ੍ਹੀਆਂ ਤੇ ਬਸੰਤੀ ਦੇ ਚਿਹਰੇ ਤੇ ਠਹਿਰ ਗਈਆਂ।

'ਦਈਆ ਰੀ. . .ਈ ਕਾ ਕਰ ਡਾਲਾ ਡਾਕਡਾਰੋ ਨੇ ਤੁਮਕੋ।' ਕਹਿੰਦਿਆਂ ਬਸੰਤੀ ਨੇ ਆਪਣਾ ਹੱਥ ਬੁੱਧਵਾ ਦੀ ਨਿਰਜੀਵ ਪਈ ਬਾਂਹ ਤੇ ਰੱਖ ਦਿੱਤਾ। ਜਿਸ ਵਿਚ ਇੰਟਰਾਵੀਨਸ ਟਿਊਬ ਰਾਹੀਂ ਗੁਲੂਕੋਸ ਲੱਗਿਆ ਹੋਇਆ ਸੀ। ਬੁੱਧਵਾ ਦੀਆਂ ਅੱਖਾਂ ਵਿਚੋਂ ਦੋ ਅੱਥਰੂ ਵਗ ਪਏ।

'ਅਰੇ ਮਹਿਤਾਰੀ ਕਹਾਂ ਹੋ ਤੁਮ।' ਕਹਿ ਕੇ ਬਸੰਤੀ ਫਰਸ਼ ਤੇ ਬੈਠ ਕੇ ਫੁੱਟ ਫੁੱਟ ਕੇ ਰੋਣ ਲੱਗ ਪਈ। ਪਰ ਉਥੇ ਉਸ ਨੂੰ ਚੁਪ ਕਰਾਉਣ ਵਾਲਾ ਕੋਈ ਨਹੀਂ ਸੀ।

ਮਨ ਕੁਝ ਹਲਕਾ ਹੋਣ ਤੇ ਉਹ ਹੌਂਕੇ ਲੈਂਦੀ ਉੱਠੀ। ਫਿਰ ਸਾੜ੍ਹੀ ਦੇ ਪੱਲੇ ਨਾਲ ਅੱਖਾਂ ਪੂੰਝਦੀ ਮੁੜ ਮੁੜ ਕੇ ਬੁੱਧਵਾ ਵੱਲ ਦੇਖਦੀ ਆਈ. ਸੀ. ਯੂ. ਵਿਚੋਂ ਬਾਹਰ ਚਲੀ ਗਈ।

ਕਲ੍ਹ ਤੋਂ ਬਸੰਤੀ ਨੇ ਕੁਝ ਨਹੀਂ ਸੀ ਖਾਇਆ। ਨਹਾ ਕੇ ਉਸ ਨੂੰ ਭੁੱਖ ਲੱਗ ਰਹੀ ਸੀ। ਕੱਪੜੇ ਸੁਕਣੇ ਪਾ ਕੇ ਉਸ ਨੇ ਝੋਲੇ ਵਿਚੋਂ ਮੱਠੀਆਂ ਦਾ ਲਿਫ਼ਾਫ਼ਾ ਕੱਢਿਆ ਫਿਰ ਬੈਂਚ ਤੇ ਬੈਠ ਕੇ ਮੱਠੀਆਂ ਖਾਣ ਲੱਗ ਪਈ। ਭਰ ਪੇਟ ਖਾਣ ਦੇ ਬਾਅਦ ਉਸ ਨੇ ਆਈ. ਸੀ. ਯੂ. ਤੋਂ ਕੁਝ ਹੀ ਦੂਰ ਨਰਸਿੰਗ ਸਟੇਸ਼ਨ ਦੇ ਕੋਲ ਲੱਗੇ ਵਾਟਰ ਕੂਲਰ ਵਿਚੋਂ ਬੁੱਕ ਭਰ ਭਰ ਕੇ ਠੰਡਾ ਪਾਣੀ ਪੀਤਾ।

ਸਵੇਰ ਦੇ ਸੱਤ ਵੱਜਣ ਵਾਲੇ ਸਨ। ਜੂਨੀਅਰ ਡਾਕਟਰ ਨਰਸਿੰਗ ਸਟੇਸ਼ਨ ਤੇ ਸੀਨੀਅਰ ਸਿਸਟਰ ਦੇ ਨਾਲ ਬੈਠਾ ਚਾਹ ਪੀ ਰਿਹਾ ਸੀ। ਬਸੰਤੀ ਨੇ ਲਿਫ਼ਾਫ਼ੇ ਵਿਚੋਂ ਮੱਠੀਆਂ ਕੱਢੀਆਂ ਫਿਰ ਉਨ੍ਹਾਂ ਕੋਲ ਜਾ ਕੇ ਬੜੇ ਭੋਲੇ ਅੰਦਾਜ਼ ਵਿਚ ਕਿਹਾ, 'ਈ ਲਉ ਡਾਕਡਾਰ ਸਾਹਿਬ ਤੁਮ ਭੀ ਮੱਠਰੀ ਖਾਉ।'

'ਨਹੀਂ ਨਹੀਂ ਮੈਂ ਅਭੀ ਨਾਸ਼ਤਾ ਕਰ ਕੇ ਆਇਆ ਹੂੰ।' ਪਰ ਬਸੰਤੀ ਨੇ ਇੱਕ ਇੱਕ ਮੱਠੀ ਉਨ੍ਹਾਂ ਦੋਨਾਂ ਨੂੰ ਫੜਾ ਦਿੱਤੀ।

ਪੰਜਾਂ ਮਿੰਟਾਂ ਬਾਅਦ ਹੀ ਬਸੰਤੀ ਆਈ.ਸੀ.ਯੂ. ਵੱਲੋਂ ਭੱਜੀ ਆ ਰਹੀ ਸੀ। ਉਸ ਦੀ ਭਾਰੀ ਪੰਜੇਬ ਦਾ ਸ਼ੋਰ ਉਸ ਦੀ ਉੱਚੀ ਆਵਾਜ਼ ਵਿਚ ਦਬ ਰਿਹਾ ਸੀ। ਡਾਕਡਾਰ ਸਾਹਿਬ, ਓ ਡਾਕਡਾਰ ਸਾਹਿਬ ਜਲਦੀ ਚਲ ਕੇ ਦੇਖੋ। ਕੋਨੂੰ ਬੁੱਧਵਾ ਕੀ ਮਸੀਨ ਉਤਾਰ ਦੀਈਏ ਹੈਂ। ਤੁਮ ਤੋ ਕਹਿਤ ਰਹੇ ਮਸੀਨ ਕੇ ਬਿਨ ਉਹ ਮਰ ਜਾਈ। ਸਾਂਸ ਨਹੀਂ ਲੇ ਪਾਈ। ਜਲਦੀ ਚਲੋ। ਚਲ ਕੇ ਦੇਖੋ। ਮਰ ਜਾਈਬ ਹਮਾਰ ਬੁੱਧਵਾ।

ਬਸੰਤੀ ਦੀ ਸਾੜ੍ਹੀ ਦਾ ਪੱਲੂ ਡਿੱਗ ਪਿਆ। ਉਹ ਹਫਦੀ ਹੋਈ ਕਾਊਂਟਰ ਦਾ ਸਹਾਰਾ ਲੈ ਕੇ ਖੜ੍ਹੀ ਹੋ ਗਈ। ਉਸ ਦੀਆਂ ਅੱਖਾਂ ਤੋਂ ਲਗਾਤਾਰ ਅੱਥਰੂ ਵਗਣ ਲੱਗ ਪਏ।

ਬਸੰਤੀ ਦੀ ਗਲ ਸੁਣ ਕੇ ਜੂਨੀਅਰ ਡਾਕਟਰ ਨੇ ਹੱਥ ਵਿਚ ਫੜੀ ਫਾਈਲ ਕਾਊਂਟਰ ਤੇ ਸੁੱਟੀ ਤੇ ਭੱਜਦਾ ਹੋਇਆ ਆਈ.ਸੀ.ਯੂ. ਵੱਲ ਗਿਆ।

ਸੀਨੀਅਰ ਸਿਸਟਰ ਦੇ ਚੇਹਰੇ ਤੋਂ ਇਕ ਕਾਲਾ ਜਿਹਾ ਪਰਛਾਵਾ ਨਿਕਲ ਗਿਆ। 'ਓ ਗੌਡ।' ਕਹਿ ਕੇ ਉਸ ਨੇ ਅੱਖਾਂ ਬੰਦ ਕਰਕੇ ਦੋਵੇਂ ਹੱਥ ਭੀਚ ਲਏ। ਉਹਦਾ ਸਿਰ ਝੁਕ ਗਿਆ।

ਅਗਲੇ ਦਿਨ ਜੂਨੀਅਰ ਡਾਕਟਰ ਉਸ ਹਸਪਤਾਲ ਤੋਂ ਅਸਤੀਫ਼ਾ ਦੇ ਕੇ ਚਲਾ ਗਿਆ।

ਨਹਾਉਣ ਤੋਂ ਪਹਿਲਾਂ ਮੱਥੇ ਤੋਂ ਲਾਹ ਕੇ ਹਸਪਤਾਲ ਦੇ ਬਾਥਰੂਮ ਦੀ ਦੀਵਾਰ ਤੇ ਲਗਾਈ ਬਿੰਦੀ ਕਈ ਦਿਨਾਂ ਤੱਕ ਬਸੰਤੀ ਦੀ ਰਾਹ ਦੇਖਦੀ ਰਹੀ। ਪਰ ਉਸ ਨੂੰ ਹੁਣ ਬਿੰਦੀ ਦੀ ਜ਼ਰੂਰਤ ਨਹੀਂ ਸੀ।

ਵਿਧਾਇਕ ਦਾ ਬੇਟਾ ਸੰਦੀਪ ਹੁਣ ਵੈਂਟੀਲੇਟਰ ਦੇ ਸਹਾਰੇ ਠੀਕ ਤਰ੍ਹਾਂ ਸਾਹ ਲੈ ਰਿਹਾ ਸੀ।

**(ਸੰਪਰਕ-99152-92229)**



## ਕਹਾਣੀ / **ਲਾਲ ਸਵੈਟਰ** / - ਗੁਰਮੇਲ ਬੀਰੋਕੇ

"ਕਦੇ ਵੀ ਸਮੇਂ ਸਿਰ ਤਿਆਰ ਨ੍ਹੀਂ ਹੋਏ, ਐਸੇ ਰੱਬ ਦੇ ਬੰਦੇ ਓ ਤੁਸੀਂ।" ਹਰਮੀਤ ਉੱਚੀ ਉੱਚੀ ਬੋਲ ਰਹੀ ਸੀ।

…ਅੱਜ ਉਹਨਾਂ ਦੇ ਪੁੱਤ ਰਵੀ ਦੀ ਬਰਾਤ ਚੜ੍ਹਨੀ ਸੀ। ਬਾਜੇ ਵਾਲੇ ਬਾਜੇ ਵਜਾ ਰਹੇ ਸਨ। ਘਰ ਵਿੱਚ ਖੁਸ਼ੀਆਂ ਨੱਚ ਰਹੀਆਂ ਸਨ। ਸਾਰੇ ਬਰਾਤੀ ਤਿਆਰ ਹੋ ਗਏ ਸਨ। ਰਵੀ ਵੀ ਪੂਰੀ ਤਰ੍ਹਾਂ ਤਿਆਰ ਸੀ। ਉਹ ਬੈਠਾ ਡਾਕਟਰ ਸ਼ਰਮਾ ਅਤੇ ਪੁਸ਼ਪਾ ਸ਼ਰਮਾਂ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਕਰ ਰਿਹਾ ਸੀ। ਉਹਦੇ ਮਾਮੇ ਦਾ ਪੁੱਤ ਸਰਵਾਲ੍ਹਾ ਵੀ ਕੋਲ ਬੈਠਾ ਹੱਸ ਰਿਹਾ ਸੀ। ਪਰ ਲਾੜੇ ਦੇ ਪਿਤਾ ਗੁਰਜੰਟ ਸਿਉਂ ਦੀ ਤਿਆਰੀ ਹਾਲੇ ਨਹੀਂ ਹੋਈ ਸੀ।

ਗੁਰਜੰਟ ਸਿੰਘ ਆਪਣੀ ਘਰਵਾਲੀ ਹਰਮੀਤ ਕੋਲੋਂ ਲਾਲ ਸਵੈਟਰ ਮੰਗ ਰਿਹਾ ਸੀ।

"ਕਿਉਂ ਜਲੂਸ ਕੱਢਦੇ ਓ ਭਲਾ, ਹੈਂਯ ਸਾਰੇ ਦੇਖਣ ਆਲੇ ਆਖਣਗੇ, ਬੁੜੇ ਨੇ ਦੇਖੋ ਕਿਵੇਂ ਲਾਲ ਸਵੈਟਰ ਪਾਇਐ… ਬੁੱਢੀ ਘੋੜੀ ਲਾਲ ਲਗਾਮ…।" ਹਰਮੀਤ ਕਹਿ ਰਹੀ ਸੀ।

"ਉਏ ਰੱਬ ਦੀਏ ਬੰਦੀਏ। ਹਾਲੇ ਮੈਂ ਬੁੜਾ ਨ੍ਹੀਂ ਹੋਇਆ।" ਗੁਰਜੰਟ ਸਿੰਘ ਨੇ ਜਵਾਬ ਦਿੱਤਾ। ਤੇ ਉਹਦੀ ਸੁਰਤੀ ਪਿੱਛੇ ਜਾ ਕੇ ਕਾਲਜ ਦੇ ਦਿਨਾਂ ਨਾਲ ਜੁੜ ਗਈ। ਉਂਝ ਤਾਂ ਜਦੋਂ ਦਾ ਰਵੀ ਦਾ ਵਿਆਹ ਧਰਿਆ ਸੀ, ਉਦੋਂ ਤੋਂ ਹੀ ਉਹ ਕਾਲਜ ਵਾਲੇ ਦਿਨਾਂ ਵਿੱਚ ਜਿਉਂਦਾ ਆ ਰਿਹਾ ਸੀ।

…ਉਹ ਗਿਆਰਵੀਂ ਜਮਾਤ ਸ਼ਹਿਰ ਵਿੱਚ ਜਾ ਕੇ ਮੈਡੀਕਲ ਸਾਇੰਸ ਪੜ੍ਹਨ ਲੱਗਿਆ ਸੀ। ਉਹਦਾ ਪਿੰਡ ਸ਼ਹਿਰ ਤੋਂ ਦੂਰ ਸੀ। ਆਉਣ ਜਾਣ ਵਾਸਤੇ ਕੋਈ ਸਾਧਨ ਹੈ ਨਹੀਂ ਸੀ। ਉਹਨੇ ਕਾਲਜ ਦੇ ਨੇੜੇ ਇਕ ਕਮਰਾ ਕਿਰਾਏ ਉੱਤੇ ਲੈ ਲਿਆ। ਕੁਝ ਦਿਨਾਂ ਮਗਰੋਂ ਅਲਾਲ਼ ਵਾਲਾ ਅਮਰ



ਵੀ ਉਹਦੇ ਨਾਲ ਰਹਿਣ ਲੱਗ ਪਿਆ। ਅਮਰ ਉਹਦਾ ਜਮਾਤੀ ਸੀ। ਉਨ੍ਹਾਂ ਦੇ ਸੁਭਾਅ ਪੂਰੇ ਮਿਲਦੇ ਸਨ। ਦੋਹੇਂ ਪੂਰੇ ਪੜ੍ਹਾਕੂ, ਸਾਊ ਤੇ ਸ਼ਰੀਫ ਮੁੰਡੇ।

ਰੋਟੀ ਉਹ ਟਰੱਕ ਯੂਨੀਅਨ ਦੇ ਸਾਹਮਣੇ ਕੋਹਲੀ ਦੇ ਢਾਬੇ ਤੋਂ ਖਾ ਲੈਂਦੇ। ਚਾਹ ਸਟੋਵ ਉੱਤੇ ਕਮਰੇ ਵਿੱਚ ਹੀ ਬਣਾਉਂਦੇ। ਸਟੋਵ ਬਾਲਣ ਲਈ ਮਿੱਟੀ ਦਾ ਤੇਲ ਚਾਹੀਦਾ ਸੀ। ਪਹਿਲਾਂ ਪਹਿਲਾਂ ਇੱਕ ਦੋ ਵਾਰੀ ਉਹ ਪਿੰਡੋਂ ਘਰ ਤੋਂ ਤੇਲ ਦੀ ਪੀਪੀ ਭਰ ਕੇ ਲਿਆਏ। ਫਿਰ ਉਨ੍ਹਾਂ ਨੂੰ ਸ਼ਹਿਰ ਵਿੱਚ ਹੀ ਸਭ ਕੁਛ ਘਰ ਵਰਗਾ ਲੱਭ ਗਿਆ। ਉਹ ਵੀ ਕੁਝ ਵੱਖਰ ਤਰੀਕੇ ਨਾਲ…

…ਉਹ ਸਵੇਰੇ ਉੱਠ ਕੇ ਜਦੋਂ ਤਿਆਰ ਹੋ ਕੇ ਕਾਲਜ ਜਾਣ ਲੱਗਦੇ ਤਾਂ ਹਰ ਰੋਜ਼ ਹੀ ਭੱਜਕੇ ਜਾ ਕੇ ਪਹਿਲੀ ਕਲਾਸ ਲਾਉਂਦੇ। ਇਸੇ ਕਾਹਲ ਵਿੱਚ ਇੱਕ ਅਮਰ ਨੇ ਇੱਕ ਪੈਰ ਵਿੱਚ ਬੂਟ ਪਾ ਲਿਆ ਅਤੇ ਦੂਜੇ ਵਿੱਚ ਘਰ ਵਾਲੀ ਚੱਪਲ, ਅਤੇ ਕਲਾਸ ਵਿੱਚ ਪਹੁੰਚ ਗਿਆ। ਕਲਾਸ ਦੇ ਮੁੰਡਿਆਂ ਵਿੱਚੋਂ ਤਾਂ ਕਿਸੇ ਨੇ ਧਿਆਨ ਨਾ ਦਿੱਤਾ ਪਰ ਕੁੜੀਆਂ ਵਿੱਚ ਪਹਿਲਾਂ ਘੁਸਰ ਮੁਸਰ ਹੋਈ ਫਿਰ ਹਾਸੜ ਮੱਚ ਗਿਆ। ਅਮਰ ਕੱਚਾ ਜਿਹਾ ਹੋ ਕੇ ਕਲਾਸ ਵਿੱਚ ਬਹਿ ਗਿਆ।

ਦੂਜੀ ਕਲਾਸ ਸ਼ੁਰੂ ਹੋਣ ਤੋਂ ਪਹਿਲਾਂ ਉਹਨੇ ਕਮਰੇ ਵਿੱਚ ਜਾ ਕੇ ਬੂਟ ਪਾਉਣ ਲਈ ਮਨ ਬਣਾਇਆ। ਉਹਦੇ ਕੋਲ ਦਸ ਕੁ ਮਿੰਟ ਦਾ ਸਮਾਂ ਹੈਗਾ ਸੀ। ਉਂਝ ਭਾਵੇਂ ਉਹਨਾਂ ਦਾ ਕਮਰਾ ਕਾਲਜ ਤੋਂ ਬਹੁਤੀ ਦੂਰ ਨਹੀਂ ਸੀ, ਪਰ ਫਿਰ ਵੀ ਸਮਾਂ ਬਚਾਉਣ ਲਈ ਉਹਨੇ ਇੱਕ ਮੁੰਡੇ ਤੋਂ ਸਾਇਕਲ ਮੰਗਿਆ, ਮੁੰਡੇ ਨੇ ਨਾਂਹ ਕਰ ਦਿੱਤੀ। ਉਸੇ ਵੇਲੇ ਕੁਲਵਿੰਦਰ ਨੇ ਕੁੜੀਆਂ ਵਿੱਚੋਂ ਉੱਠਕੇ ਆਪਣੇ ਸਾਇਕਲ ਦੀ ਚਾਬੀ ਅਮਰ ਨੂੰ ਦੇ ਦਿੱਤੀ।

ਬੂਟ ਪਾ ਕੇ ਮੁੜ ਕੇ ਆਉਂਦਿਆਂ ਅਮਰ ਨੇ ਕੁਲਵਿੰਦਰ ਦਾ ਧੰਨਵਾਦ ਕਰਦਿਆਂ ਕਿਹਾ, "ਕੁਲਵਿੰਦਰ ਭੈਣੇ ਬਹੁਤ ਬਹੁਤ ਸ਼ੁਕਰੀਆ।"

ਉਸੇ ਦਿਨ ਕੁਲਵਿੰਦਰ ਦੇ ਮਨ ਵਿੱਚ ਅਮਰ ਪ੍ਰਤੀ ਬਹੁਤ ਹੀ ਸਤਿਕਾਰ ਭਰ ਗਿਆ। ਤੇ ਨਾਲ ਨਾਲ ਉਹ ਗੁਰਜੰਟ ਨੂੰ ਵੀ ਚੰਗਾ ਮੁੰਡਾ ਸਮਝਣ ਲੱਗੀ। ਉਹ ਲੰਘਦੇ ਟੱਪਦੇ ਉਨ੍ਹਾਂ ਨੂੰ ਬੁਲਾ ਲੈਂਦੀ ਤੇ ਗੱਲਾਂ ਬਾਤਾਂ ਕਰ ਲੈਂਦੀ।

ਕੁਲਵਿੰਦਰ ਦੀ ਮਾਂ ਰਣਬੀਰ ਕੌਰ ਰਾਸ਼ਨ ਦਾ ਡਿੱਪੂ ਚਲਾਉਂਦੀ ਸੀ। ਉਹਦਾ ਇੱਕ ਛੋਟਾ ਭਾਈ ਸੀ, ਰਾਮਾਂ, ਜਿਹੜਾ ਇੰਜਨੀਅਰ ਬਣਨਾ ਚਾਹੁੰਦਾ ਸੀ। ਪਰ ਹਾਲੇ ਉਹ ਦੱਸਵੀਂ ਜਮਾਤ 'ਚ ਪੜ੍ਹਦਾ ਸੀ। ਕੁਲਵਿੰਦਰ ਹੋਰਾਂ ਦਾ ਪਿਤਾ ਇੱਕ ਫੌਜੀ ਸੀ। ਉਹ ਦੇਸ਼ ਦੀ ਸਰਹੱਦ ਉੱਤੇ ਖਤਮ ਹੋ ਗਿਆ ਸੀ। ਪਰਿਵਾਰ ਨੂੰ 'ਸ਼ਹੀਦ ਦਾ ਪਰਿਵਾਰ' ਦਾ ਦਰਜਾ ਮਿਲ ਗਿਆ ਸੀ। ਸ਼ਹੀਦ ਦੀ ਵਿਧਵਾ ਨੂੰ ਦੇ ਦਿੱਤਾ ਗਿਆ ਸੀ ਰਾਸ਼ਨ ਦਾ ਡਿੱਪੂ… ਤੇ ਬੱਸ।

ਆਮ ਲੋਕ ਘਰ ਦਾ ਰਾਸ਼ਨ ਚਲਾਉਣ ਲਈ ਹੀ ਨੌਕਰੀ ਕਰਦੇ ਹਨ। ਢਿੱਡ ਬਹੁਤ ਵੱਡੀ ਵਿਪਤਾ ਹੈ ਆਮ ਇਨਸਾਨ ਲਈ, ਜਿਸਨੂੰ ਭਰਦਾ ਭਰਦਾ ਇਨਸਾਨ ਇਸ ਜਹਾਨ ਤੋਂ ਦੂਰ ਜਾਂਦਾ ਹੈ।

ਕੁਲਵਿੰਦਰ ਦਾ ਘਰ ਗੁਰਜੰਟ ਹੁਰਾਂ ਦੇ ਕਮਰੇ ਦੇ ਨੇੜੇ ਹੀ ਸੀ, ਬੱਸ ਨਾਲ ਲੱਗਵੀਂ ਗਲੀ ਵਿੱਚ। ਘਰ ਦੀ ਮੂਹਰਲੀ ਬੈਠਕ ਵਿੱਚ ਡਿੱਪੂ ਦਾ ਸਮਾਨ ਹੁੰਦਾ ਤੇ ਪਿਛਲੇ ਦੋ ਕਮਰੇ, ਵਰਾਂਡਾਂ ਤੇ ਰਸੋਈ ਉਹ ਆਪ ਵਰਤਦੇ ਸੀ। ਨਿੱਕਾ ਜਿਹਾ ਵਿਹੜਾ ਸੀ, ਵਿਚਕਾਰ ਇੱਕ ਡੇਕ ਸੀ, ਹਰੀ ਕਚੂਰ, ਜਿਹੜੀ ਕੁਲਵਿੰਦਰ ਨੇ ਨਿੱਕੀ ਹੁੰਦੀ ਨੇ ਲਾਈ ਸੀ। ਹੁਣ ਉਹ ਉਹਦੇ ਹੇਠਾਂ ਬਹਿ ਕੇ ਪੜ੍ਹਦੀ ਹੁੰਦੀ ਸੀ।

ਗੁਰਜੰਟ ਤੇ ਅਮਰ ਨੂੰ ਜਦ ਕਿਸੇ ਚੀਜ਼ ਵਸਤ ਦੀ ਲੋੜ ਹੁੰਦੀ ਤਾਂ ਉਹ ਕੁਲਵਿੰਦਰ ਦੀ ਮਾਂ ਕੋਲੋਂ ਲੈ ਆਉਂਦੇ। ਰਣਬੀਰ ਕੌਰ ਇੱਕ ਸਤਯੁੱਗੀ ਔਰਤ ਸੀ। ਉਹਨੂੰ ਮੁੰਡਿਆਂ ਦੀ ਸਹਾਇਤਾ ਕਰਕੇ ਖੁਸ਼ੀ ਹੁੰਦੀ। ਤੇ ਮੁੰਡੇ ਵੀ ਉਹਨੂੰ ਬੀਬੀ ਜੀ, ਬੀਬੀ ਜੀ ਕਹਿੰਦੇ ਨਹੀਂ ਥੱਕਦੇ ਸਨ।

ਉਹਨੀ ਦਿਨੀਂ ਪੰਜਾਬ ਦੇ ਕਾਲੇ ਦਿਨ ਚੱਲਦੇ ਸਨ। "ਪੰਜਾਬ ਬੰਦ" ਦੇ ਸੱਦਿਆਂ ਉੱਤੇ ਨਿੱਤ ਹੀ ਹੜਤਾਲਾਂ ਹੁੰਦੀਆਂ। ਜਿਸ ਦਿਨ 'ਪੰਜਾਬ ਬੰਦ' ਹੁੰਦਾ, ਉਸ ਦਿਨ ਢਾਬੇ ਵੀ ਬੰਦ ਹੁੰਦੇ। ਓਸ ਦਿਨ ਗੁਰਜੰਟ ਤੇ ਅਮਰ ਦੀ ਰੋਟੀ ਕੁਲਵਿੰਦਰ ਦੀ ਮਾਂ ਪਕਾਉਂਦੀ। ਕਈ ਵਾਰੀਂ ਉਹਦਾ ਭਰਾ ਆ ਕੇ ਰੋਟੀ ਫੜਾ ਜਾਂਦਾ। ਬਹੁਤੀ ਵਾਰੀਂ ਤਾਂ ਇਹ ਹਦਾਇਤ ਹੁੰਦੀ ਕਿ ਭਾਈ ਮੁੰਡਿਓ ਘਰੇਂ ਆ ਕੇ ਰੋਟੀ ਖਾ ਜਾਓ।

... ਸ਼ਹਿਰ ਵਿੱਚ ਰਹਿੰਦਿਆਂ ਉਹਨਾਂ ਨੂੰ ਪਹਿਲਾਂ ਸਿਆਲ ਉਤਰ ਆਇਆ। ਗੁਰਜੰਟ ਨੇ ਛੋਟੀ ਚੌਂਕ ਵਿੱਚੋਂ ਲਾਲ ਰੰਗ ਦਾ ਸਵੈਟਰ ਖਰੀਦਿਆਂ, ਜਿਸਦੇ ਬਾਡਰ ਅਤੇ ਮੋਢਿਆ 'ਤੇ ਚਿੱਟੇ ਰੰਗ ਦੀਆਂ ਧਾਰੀਆ ਸਨ। ਉਹਦੇ ਕਈ ਜਾਣੂਆਂ ਨੂੰ ਸਵੈਟਰ ਬਹੁਤ ਹੀ ਪਸੰਦ ਆਇਆ।

ਇੱਕ ਵਾਰੀ ਗੁਰਜੰਟ ਕਾਲਜ ਤੋਂ ਕਮਰੇ ਵੱਲ ਨੂੰ ਤੁਰਿਆ ਆ ਰਿਹਾ ਸੀ। ਉਹਦੇ ਕੋਲ ਦੀ ਕੁੜੀਆਂ ਸਾਇਕਲਾਂ ਉੱਤੇ ਲੰਘੀਆਂ, ਉਨ੍ਹਾਂ ਵਿੱਚ ਕੁਲਵਿੰਦਰ ਵੀ ਸੀ। ਗੁਰਜੰਟ ਦੇ ਕੰਨੀਂ ਕਈ ਅਵਾਜ਼ਾਂ ਪਈਆਂ।

"ਕਿੰਨ੍ਹਾਂ ਸੋਹਣੈ...।"

"ਸਿਆਣਾ ਵੀ ਬਹੁਤ ਐ।"

"ਹਾਏ! ਐਹੋ ਜ੍ਹਾ ਜੇ ਕਿਤੇ ਮੈਨੂੰ ਮਿਲਜੇ ਜ਼ਿੰਦਗੀ ਕੱਟਣ ਨੂੰ...।"

"ਚੁੱਪ ਕਰੋ....।" ਇਹ ਕੁਲਵਿੰਦਰ ਦੀ ਅਵਾਜ਼ ਸੀ।

... ਇਕ ਦਿਨ ਫੇਰ, ਗੁਰਜੰਟ ਸੜਕ ਉੱਤੇ ਲੰਘਿਆ ਜਾ ਰਿਹਾ ਸੀ ਤਾਂ ਉਹਨੇ ਦੇਖਿਆ, ਕੁਲਵਿੰਦਰ ਦੀ ਚੁੰਨੀ ਸਾਇਕਲ ਦੀ ਚੈਨ 'ਚ ਫਸੀ ਹੋਈ ਸੀ। ਉਹ ਕੱਢਣ ਦੀ ਕੋਸ਼ਿਸ਼ ਕਰ ਰਹੀ ਸੀ। ਉਹਦੀ ਇੱਕ ਸਹੇਲੀ ਵੀ ਉਹਦੇ ਨਾਲ ਲੱਗੀ ਹੋਈ ਸੀ।

ਗੁਰਜੰਟ ਕੋਲ ਆ ਕੇ ਉਹਦੀ ਚੁੰਨੀ ਕੱਢਣ ਲੱਗ ਪਿਆ ਸੀ। ਕੁਲਵਿੰਦਰ ਢਾਕਾਂ ਉੱਤੇ ਹੱਥ ਧਰਕੇ ਖੜ੍ਹ ਗਈ। ਗੋਰੀ ਚਿੱਟੀ ਲੰਮ ਸਲੰਮੀ, ਲਗਰ ਵਰਗੀ, ਫੁੱਲਾਂ ਵਰਗੀ ਕੁਲਵਿੰਦਰ ਗੁਰਜੰਟ ਨੂੰ ਇੰਝ ਖੜ੍ਹੀ ਬਹੁਤ ਹੀ ਸੋਹਣੀ ਲੱਗੀ। ਗੁਰਜੰਟ ਚੁੰਨੀ ਨੂੰ ਪਾਟਣ ਤੋਂ ਬਚਾਉਣ ਲਈ ਸਹਿਜੇ ਸਹਿਜੇ ਚੈਨ ਵਿੱਚੋਂ ਕੱਢ ਰਿਹਾ ਸੀ।

ਕੁਲਵਿੰਦਰ ਗੁਰਜੰਟ ਦੇ ਉਪਰ ਝੁਕ ਗਈ। ਤੇ ਉਹਦੇ ਸਵੈਟਰ ਨੂੰ ਹੱਥ ਲਾਉਂਦੀ ਬੋਲੀ, "ਤੇਰਾ ਸਵੈਟਰ ਬਹੁਤ ਸੋਹਣੈ, ਗੁਰਜੰਟ।" ਕੁੜੀ ਦੀ ਗੁੱਤ ਥੱਲੇ ਲਮਕ ਕੇ ਮੁੰਡੇ ਦੀ ਗਰਦਨ ਨਾਲ ਸੱਪ ਵਾਂਗ ਲਿਪਟ ਗਈ।

"ਤੈਂ ਚੁੰਨੀ ਕਢਵਾਉਣੀਆਂ ਕਿ ਸਵੈਟਰ ਦੇਖਣੈ?" ਗੁਰਜੰਟ ਨੇ ਕੁਲਵਿੰਦਰ ਵੱਲ ਉਤਾਂਹ ਨੂੰ ਦੇਖਦਿਆਂ ਪੁੱਛਿਆ। ਕੁੜੀ ਦੇ ਸਰੀਰ ਦੀ ਮਹਿਕ ਮੁੰਡੇ ਦੇ ਦਿਮਾਗ ਨੂੰ ਚੜ੍ਹ ਗਈ।

"ਦੋਨੋ ਕੰਮ ਈ ਕਰਨੇ ਨੇ।" ਕੁੜੀ ਨੇ ਹੱਸਦਿਆਂ ਅੱਖਾਂ ਨਾਲ ਮੋੜਵਾਂ ਜੁਵਾਬ ਦਿੱਤਾ। ਨਾਲ ਖੜ੍ਹੀ ਉਹਦੀ ਸਹੇਲੀ ਹੱਸਣ ਲੱਗ ਪਈ।

"ਤੂੰ ਤੁਰ ਕੇ ਕਾਲਜ ਕਿਉਂ ਨ੍ਹੀਂ ਆਉਂਦੀ ਹੁੰਦੀ? ਆਹ ਚਾਰ ਕਿੱਲਿਆਂ ਦੀ ਵਾਟ 'ਤੇ ਤਾਂ ਥੋਡਾ ਘਰ ਐ।" ਗੁਰਜੰਟ ਨੂੰ ਕੁੜੀਆਂ ਹੱਸਦੀਆਂ ਦੇਖਕੇ ਕੋਈ ਚੰਗੀ ਗੱਲ ਨਾ ਸੁੱਝੀ।

"ਤੁਸੀਂ ਨਾ ਪਿੰਡਾਂ ਆਲੇ ਵਾਟ ਨੂੰ ਵੀ ਖੇਤੀ ਆਲੀ ਜ਼ਮੀਨ ਦੀ ਮਿਣਤੀ ਨਾਲ ਮੇਲ ਦਿੰਨੇ ਓ।" ਕੁਲਵਿੰਦਰ ਨੇ ਉਹਨੂੰ ਫਿਰ ਚੱਕਰਾਂ ਵਿੱਚ ਪਾ ਦਿੱਤਾ।

"ਹਾਂ ਸਾਡੇ ਜੱਟਾਂ ਕੋਲੇ ਤਾਂ ਮਿਣਤੀ ਕਰਨ ਦਾ ਇਹੀ ਪੈਮਾਨਾ ਹੁੰਦੈ।"

"ਪਰ ਮੈਂ ਜੱਟੀ ਨ੍ਹੀਂ ਹੈਗੀ...।" ਕੁੜੀ ਦੇ ਮੂੰਹੋਂ ਇਹ ਸ਼ਬਦ ਸੁਤੇ ਸਿੱਧ ਹੀ ਨਿਕਲ ਗਏ ਤੇ ਨਾਲ ਦੀ ਨਾਲ ਉਹਦੀਆਂ ਗੱਲ੍ਹਾਂ ਦਾ ਰੰਗ ਲਾਲ ਹੋ ਗਿਆ। ਜਿਵੇਂ ਸੰਗ ਗਈ ਹੋਵੇ। ਤੇ ਉਹਨੇ



ਆਪਣੀ ਗੁੱਤ ਦੇ ਸੱਪ ਨੂੰ ਮੁੰਡੇ ਦੇ ਗਲ਼ ਨਾਲੋਂ ਮਸਾਂ ਹੀ ਲਾਹਿਆ। ਚੁੰਨੀ ਕਢਾਕੇ ਕੁੜੀਆਂ ਭੱਜ ਗਈਆਂ। ਮੁੰਡਾ ਲਿੱਬੜੇ ਹੋਏ ਹੱਥਾਂ ਨਾਲ ਕਮਰੇ ਵੱਲ ਨੂੰ ਤੁਰ ਪਿਆ।

"ਮੈਂ ਜੱਟੀ ਨ੍ਹੀਂ ਹੈਗੀ।" ਇਹ ਸ਼ਬਦ ਉਹਦੇ ਮਨ ਦੀ ਚੈਨ ਵਿੱਚ ਉਲਝ ਕੇ ਫਸ ਗਏ ਪਰ ਅਜੀਬ ਜਿਹੀ ਖੁਸ਼ਬੋ ਹੁਣ ਉਹਨੂੰ ਹਵਾ ਵਿੱਚੋਂ ਵੀ ਆ ਰਹੀ ਸੀ।

ਕੁਝ ਦਿਨਾਂ ਮਗਰੋਂ ਗੁਰਜੰਟ ਨੇ ਅਮਰ ਨਾਲ ਗੱਲ ਕਰੀ ਕਿ ਕੁਲਵਿੰਦਰ ਕਹਿੰਦੀ ਸੀ ਕਿ ਮੈਂ ਜੱਟੀ ਨ੍ਹੀਂ ਹੈਗੀ। ਇਹ ਕੀ ਗੱਲ ਬਣੀ।

"ਤੈਂ ਕੀ ਲੈਣੈ ਯਾਰ! ਗੱਲ ਬਣਾ ਕੇ। ਨਾਲੇ ਤੈਨੂੰ ਕੀ ਉਹ ਜੋ ਮਰਜ਼ੀ ਹੋਵੇ। ਤੈਂ ਕੀ ਉਹਦੇ ਨਾਲ ਵਿਆਹ ਰਚਾਉਣੈ?" ਅਮਰ ਬੇਧਿਆਨੇ ਜਿਹੀ ਹੀ ਕਾਫੀ ਕੁਛ ਬੋਲ ਗਿਆ।

"ਜੇ ਰਚਾਉਣਾ ਹੋਵੇ ਫੇਰ?"

ਅਮਰ ਕਿਤਾਬ ਪਰ੍ਹਾਂ ਰੱਖ ਕੇ, ਗੁਰਜੰਟ ਵੱਲ ਦੇਖ ਕੇ ਬੋਲਿਆ, "ਐਵੇਂ ਐਹੀਆਂ ਜੀਆਂ ਗੱਲਾਂ ਨਾ ਸੋਚਿਆ ਕਰ। ਪੜ੍ਹ ਲਿਆ ਕਰ। ਤੇਰੇ ਵਿਆਹ ਆਲ਼ੇ ਦਿਨ ਹਾਲੇ ਕੋਹਾਂ ਦੂਰ ਨੇ।"

"ਚੱਲ ਵਿਆਹ ਵੂਹ ਨੂੰ ਛੱਡ। ਤੂੰ ਇਹ ਤਾਂ ਦੱਸਦੇ ਕਿ ਇਹ ਕੌਣ ਨੇ, ਜੇ ਤੈਨੂੰ ਪਤੈ?" ਗੁਰਜੰਟ ਪਿਆਰਾ ਜਿਹਾ ਬਣ ਕੇ ਬੋਲਿਆ।

"ਹੈਗੇ ਤਾਂ ਬੰਦੇ ਈ ਨੇ, ਪਰ ਐਨ੍ਹਾ ਕੁ ਮੈਂ ਬੀਬੀ ਜੀ ਦੇ ਮੂੰਹੋਂ ਸੁਣਿਆ ਸੀ ਕਿ ਇਹਨਾਂ ਦੇ ਪਹਿਲੇ ਬਜ਼ੁਰਗ, ਲੋਕਾਂ ਦੇ ਘਰਾਂ 'ਚ ਸ਼ਾਦੀਆਂ ਗਮੀਆਂ ਵੇਲੇ ਭਾਂਢੇ ਮਾਜਣ ਦਾ ਕੰਮ ਕਰਦੇ ਹੁੰਦੇ।"

"ਠੀਕ ਐ।" ਕਹਿ ਕੇ ਗੁਰਜੰਟ ਕਿਤਾਬਾਂ ਵਿੱਚ ਗੁਆਚਣ ਦਾ ਜਤਨ ਕਰਨ ਲੱਗਿਆ।

..."ਅਮਰ ਵੀਰੇ, ਮੈਨੂੰ ਆਹ ਇੱਕ ਚੈਪਟਰ ਸਮਝਾ ਦੇ ਪਲੀਜ਼।" ਕੁਲਵਿੰਦਰ ਇੰਝ ਬੋਲਦੀ ਬੋਲਦੀ ਆਮ ਹੀ ਉਹਨਾਂ ਦੇ ਕਮਰੇ ਵਿੱਚ ਆ ਬੈਠਦੀ। ਅਮਰ ਕੁੜੀ ਨੂੰ ਸਮਝਾਉਂਦਾ ਰਹਿੰਦਾ। ਗੁਰਜੰਟ ਨੂੰ ਮਹਿਸੂਸ ਹੁੰਦਾ ਕਿ ਇਹ ਮੈਨੂੰ ਮਿਲਣ ਦੇ ਬਹਾਨੇ ਆਉਂਦੀ ਹੈ। ਇਸੇ ਭੁਲੇਖੇ ਵਿੱਚ ਬੈਠਾ ਉਹ ਸਭ ਕੁਝ ਭੁੱਲਕੇ ਕਿਧਰੇ ਹੋਰ ਪਹੁੰਚ ਜਾਂਦਾ...।

ਦੋਹਾਂ ਨੇ ਮੂੰਹੋਂ ਇੱਕ ਦੂਜੇ ਨੂੰ ਕੋਈ ਵੀ ਗੱਲ ਕਦੇ ਨਹੀਂ ਕਹੀ ਸੀ ਪਰ ਦੋਹਾਂ ਦੀਆਂ ਅੱਖਾਂ ਆਪਸ ਵਿੱਚ ਬਹੁਤ ਗੱਲਾਂ ਕਰਦੀਆਂ ਸਨ।

... ਪਤਾ ਹੀ ਨਹੀਂ ਲੱਗਿਆ ਕਦ ਦੋ ਸਾਲ ਲੰਘ ਗਏ ਸਨ। ਬਾਰ੍ਹਵੀਂ ਜਮਾਤ ਦੇ ਪੇਪਰ ਖਤਮ ਹੋ ਗਏ। ਸਾਰੀਆਂ ਯੂਨੀਵਰਸਿਟੀਆਂ ਅਤੇ ਮੈਡੀਕਲ ਕਾਲਜਾਂ ਦੇ ਦਾਖਲਾ ਇਮਤਿਹਾਨ ਵੀ ਮੁੱਕ ਗਏ। ਅਮਰ ਆਪਣਾ ਸਮਾਨ ਚੁੱਕ ਕੇ ਆਪਣੇ ਪਿੰਡ ਅਲਾਲ਼ ਨੂੰ ਪਹਿਲਾਂ ਹੀ ਲੈ ਗਿਆ ਸੀ। ਅੱਜ ਗੁਰਜੰਟ ਸਮਾਨ ਚੁੱਕਣ ਆਇਆ ਸੀ।

ਉਹ ਨਿੱਕ ਸੁੱਕ ਇਕੱਠਾ ਕਰਨ ਵਿੱਚ ਰੁੱਝਿਆ ਹੋਇਆ ਸੀ। ਉਹਨੂੰ ਪਤਾ ਹੀ ਨਾ ਲੱਗਾ, ਕਦੋਂ ਕੁਲਵਿੰਦਰ ਉਹਦੇ ਪਿੱਛੇ ਆ ਕੇ ਖੜ੍ਹ ਗਈ। ਉਹਨੇ ਜਦ ਮਗਰ ਮੂੰਹ ਭੁਮਾਇਆ ਤਾਂ ਕੁੜੀ ਖੜ੍ਹੀ ਮੁਸ਼ਕਰਾ ਰਹੀ ਸੀ। ਉਹਨਾਂ ਇੱਕ ਦੂਜੇ ਦਾ ਹਾਲ ਪੁੱਛਿਆ ਤੇ ਚੁੱਪ ਹੋ ਗਏ।

ਗਰਮੀ ਦੇ ਦਿਨ ਸਨ। ਦੁਪਹਿਰ ਦਾ ਸਮਾਂ ਸੀ। ਚਹੁੰ ਪਾਸੀਂ ਚੁੱਪ ਵਰਤੀ ਹੋਈ ਸੀ। ਏਸ ਇਕੱਲਤਾ ਵਿੱਚ ਦੋ ਜਵਾਨ ਦਿਲ ਪੂਰੀ ਤੇਜ਼ੀ ਨਾਲ ਧੜਕ ਰਹੇ ਸਨ। ਬੋਲਣ ਨੂੰ ਬਹੁਤ ਕੁਝ ਸੀ ਪਰ ਸ਼ਬਦ ਬਣ ਕੇ ਬੁੱਲ੍ਹਾਂ ਉੱਤੇ ਨਹੀਂ ਆ ਰਹੇ ਸਨ। ਬਾਹਰ ਫਲ਼ ਨਾਲ ਲੱਦੀ ਜਾਮਣ ਉੱਤੇ ਦੋ ਤੋਤੇ ਬੋਲਦੇ ਸੁਣਦੇ ਸਨ।

ਹਿੰਮਤ ਕਰਕੇ ਗੁਰਜੰਟ ਨੇ ਬੋਲਣਾ ਚਾਹਿਆ ਪਰ ਜ਼ੁਬਾਨ ਨੇ ਸਾਥ ਨਾ ਦਿੱਤਾ। ਸ਼ਬਦ ਹੋਰ ਤੋਂ ਹੋਰ ਬਣ ਗਏ, "ਬਹਿ ਜਾਹ, ਕੁਲਵਿੰਦਰ।"

"ਬੈਠਾਂ ਕਿਥੇ? ਤੂੰ ਤਾਂ ਸਮਾਨ ਬੰਨ੍ਹ ਰੱਖਿਐ।"

"…….।" ਗੁਰਜੰਟ ਫਿਰ ਚੁੱਪ ਹੋ ਗਿਆ।

"ਹੁਣ ਕਦੋਂ ਮੁੜਕੇ ਆਵੇਂਗਾ" ਕੁਝ ਪਲਾਂ ਬਾਅਦ ਕੁਲਵਿੰਦਰ ਫਿਰ ਬੋਲ ਪਈ।

"ਜਦ ਤੂੰ ਕਹੇਂਗੀ।"

"ਮੈਂ ਤਾਂ ਕਹਿੰਨੀ ਆਂ, ਤੂੰ ਜਾਹ ਈ ਨਾਹ।"

"ਜਾਣਾ ਤਾਂ ਪੈਣਾ ਈ ਐ।"

"ਫਿਰ ਬੀਬੀ ਜੀ ਨੂੰ ਮਿਲ ਕੇ ਨ੍ਹੀਂ ਜਾਣਾ?"

"ਮਿਲਕੇ ਜਾਊਂਗਾ। ਪਹਿਲਾਂ ਆਹ ਜਿਹੜਾ ਸਮਾਨ ਰਹਿ ਗਿਆ, ਇਹਨੂੰ ਬੰਨ੍ਹਲਾਂ।"

"…..।"

ਥੋੜ੍ਹੇ ਚਿਰ ਬਾਅਦ ਉਹ ਫਿਰ ਬੋਲਿਆ, "ਕੁਲਵਿੰਦਰ ਮੈਂ ਤੇਰੇ ਨਾਲ ਵੀ ਗੱਲ ਕਰਨੀ ਐ।"

"ਕੀ ਗੱਲ ਕਰਨੀ ਐਂ, ਤੈਂ?"

"ਉਹੀ, ਬਈ…।" ਅਗਾਂਹ ਗੁਰਜੰਟ ਦੀ ਜੀਭ ਅੜ ਗਈ।

"ਉਹੀ ਬਈ… ਕੀ?" ਕੁੜੀ ਨੇ ਹੁਣ ਹੱਸਕੇ ਪੁੱਛਿਆ। ਉਂਝ ਉਹਦਾ ਦਿਲ ਵੀ ਪਤਾ ਨਹੀਂ ਕਿਹੜੀ ਗੱਲੋਂ ਡਰ ਰਿਹਾ ਸੀ।

"ਕੁਝ ਨ੍ਹੀਂ।" ਕਹਿ ਕੇ ਮੁੰਡਾ ਫਿਰ ਸਮਾਨ ਇਕੱਠਾ ਕਰਕੇ ਬਾਲਟੀ ਵਿੱਚ ਰੱਖਣ ਲੱਗ ਪਿਆ।

"ਚੰਗਾ ਫਿਰ ਮੈਂ ਜਾਵਾਂ।" ਕੁੜੀ ਨੇ ਉੱਤਲੇ ਮਨੋ ਪੁੱਛਿਆ,

"ਕਿੱਥੇ?"

"ਤੂੰ ਗੱਲ ਤਾਂ ਕੋਈ ਕਰਦਾ ਨ੍ਹੀਂ।" ਦੋਹਾਂ ਦੇ ਦਿਲਾਂ ਵਿੱਚ ਕੋਈ ਗੱਲ ਹੈਗੀ ਜ਼ਰੂਰ ਸੀ ਪਰ ਦੋਨੋਂ ਮੂੰਹੋਂ ਕਹਿਣੋ ਝਿਜਕ ਰਹੇ ਸਨ। ਕੁੜੀ ਚਾਹੁੰਦੀ ਸੀ ਕਿ ਮੁੰਡਾ ਪਹਿਲ ਕਰੇ ਤੇ ਮੁੰਡਾ ਚਾਹੁੰਦਾ ਸੀ ਕਿ ਕੁੜੀ…।

"ਤੂੰ ਕਰਲੈ।" ਮੁੰਡੇ ਨੇ ਖੁਸ਼ਕ ਜਿਹੇ ਗਲ਼ੇ ਨਾਲ ਕਿਤਾਬਾਂ ਝਾੜਦਿਆਂ ਕਿਹਾ।

"ਮੈਂ ਵੀ ਨ੍ਹੀਂ ਕਰਦੀ।" ਕਹਿ ਕੇ ਕੁੜੀ ਬਾਹਰ ਨੂੰ ਤੁਰਨ ਲੱਗੀ।

"ਇਕ ਮਿੰਟ, ਕੁਲਵਿੰਦਰ, ਇੱਕ ਮਿੰਟ…।" ਮੁੰਡੇ ਨੇ ਬਹੁਤ ਹੀ ਨੀਵੀਂ ਸੁਰ ਵਿੱਚ ਅਵਾਜ਼ ਕੱਢੀ, ਜਿਹੜੀ ਕਮਰੇ ਦੇ ਅੰਦਰ ਹੀ ਮਸਾਂ ਸੁਣਾਈ ਦਿੱਤੀ। ਉਹਨੂੰ ਡਰ ਲੱਗ ਰਿਹਾ ਸੀ, ਕਿਤੇ ਕੋਈ ਸੁਣ ਨਾ ਰਿਹਾ ਹੋਵੇ, ਕੋਈ ਦੇਖ ਨਾ ਰਿਹਾ ਹੋਵੇ? ਕਿਤੇ ਕੁਲਵਿੰਦਰ ਮੇਰੇ ਕਹਿਣ ਦਾ ਬੁਰਾ ਨਾ ਮੰਨ ਜਾਵੇ…?

ਕੁਲਵਿੰਦਰ ਮੁੜ ਕੇ ਫਿਰ ਉਹਦੇ ਵੱਲ ਮੂੰਹ ਕਰਕੇ ਖੜ੍ਹ ਗਈ।

"ਕੁਲਵਿੰਦਰ , ਮੈਂ ਤੇਰੇ ਨਾਲ ਸਾਰੀ ਜ਼ਿੰਦਗੀ ਲੰਘਾਉਣਾ ਚਾਹੁੰਨਾ।" ਗੁਰਜੰਟ ਨੇ ਇਹ ਗੱਲ ਆਪਣੀ ਪੂਰੀ ਸ਼ਕਤੀ ਲਾ ਕੇ ਬੁੱਲ੍ਹਾਂ ਉੱਤੇ ਲਿਆਂਦੀ। ਉਹਨੂੰ ਲੱਗ ਰਿਹਾ ਸੀ, ਉਹਦੀ ਛਾਤੀ ਪਾਟ ਕੇ ਉਹਦੇ ਦਿਲ ਭੁੰਜੇ ਡਿੱਗ ਪਵੇਗਾ।

"………..।" ਕੁੜੀ ਕੁਝ ਬੋਲਣ ਲੱਗੀ ਸੀ ਪਰ ਬੋਲ ਨਾ ਸਕੀ। ਸੁੰਨ ਹੋ ਗਈ। ਸਰੀਰ ਕੰਬਣ ਲੱਗਿਆ। ਉਹਨੂੰ ਖੜ੍ਹਨਾ ਔਖਾ ਹੋ ਗਿਆ। ਚਿਹਰੇ ਉੱਤੇ ਕਈ ਰੰਗ ਆਏ ਤੇ ਗਏ। ਉਹ ਧਰਤੀ 'ਤੇ ਪੈਰਾਂ ਭਾਰ ਬਹਿ ਗਈ। ਚਿਹਰਾ ਗੋਡਿਆਂ ਵਿੱਚ ਲੁਕੋ ਲਿਆ।

ਗੁਰਜੰਟ ਨੂੰ ਜਾਪਿਆ, ਉਹਨੇ ਬਹੁਤ ਵੱਡੀ ਗਲਤੀ ਕਰ ਦਿੱਤੀ ਹੈ। ਮੈਂ ਕਿਧਰ ਨੂੰ ਜਾਵਾਂਗਾ? ਕੀ ਕਰਾਂਗਾ? ਜੇ ਕਿਤੇ ਕੁਲਵਿੰਦਰ ਨੂੰ ਕੁਝ ਹੋ ਗਿਆ ਤਾਂ…?

ਕੁਝ ਪਲਾਂ ਮਗਰੋਂ ਕੁੜੀ ਸੰਭਲ ਗਈ। ਹੌਲੀ ਹੌਲੀ ਖੜ੍ਹੀ ਹੋ ਗਈ। ਉਹਦੇ ਚਿਹਰੇ ਉੱਤੇ



ਪਸੀਨੇ ਦੀਆਂ ਬੂੰਦਾਂ ਚਮਕ ਰਹੀਆਂ ਸਨ।

"ਗੁਰਜੰਟ, ਮੈਂ ਤੇਰੀਆਂ ਭਾਵਨਾਵਾਂ ਦੀ ਬਹੁਤ ਕਦਰ ਕਰਦੀ ਆ। ਪਰ ਹਾਲੇ ਆਪਾਂ ਬਹੁਤ ਨਿਆਣੇ ਆਂ। ਆਪਾਂ ਪਹਿਲਾਂ ਇਹ ਸੋਚੀਏ ਬਈ ਆਪਾਂ ਕੁਛ ਬਣੀਏ ਫਿਰ ਆਪਾਂ ਸੋਚਾਂਗੇ 'ਕੱਠੇ ਜ਼ਿੰਦਗੀ ਜਿਉਣ ਲਈ, ਠੀਕ ਐ?" ਕੁੜੀ ਹੁਣ ਦਾਨੀਆਂ ਔਰਤਾਂ ਵਾਂਗ ਗੱਲਾਂ ਕਰਨ ਲੱਗ ਪਈ ਸੀ, ਉਹ ਹੁਣ ਮੁੰਡੇ ਤੋਂ ਸਿਆਣਪ ਵਿੱਚ ਵੀ ਵੱਡੀ ਦਿਸਦੀ ਸੀ।

ਗੁਰਜੰਟ ਚੁਪਚਾਪ ਖੜ੍ਹਾ ਸੁਣਦਾ ਰਿਹਾ।

"ਮੈਨੂੰ ਇਹ ਵੀ ਪਤੈ, ਗੁਰਜੰਟ, ਆਪਾਂ ਨੂੰ ਕਈ ਸਾਲ ਉਡੀਕਣਾ ਪਊਗਾ। ਮੈਂ ਤੇਰੀ ਉਡੀਕ ਕਰ ਸਕਦੀ ਆਂ। ਪਰ ਤੇਰਾ ਮੈਨੂੰ ਪਤਾ ਨ੍ਹੀਂ।"

"ਕੁਲਵਿੰਦਰ , ਮੈਂ ਵੀ ਉਡੀਕ ਕਰੂੰਗਾ। ਮੈਂ ਕੁਝ ਬਣ ਕੇ ਈ ਤੈਨੂੰ ਅੱਜ ਆਲੀ ਗੱਲ ਦੁਬਾਰੇ ਆਖੂੰਗਾ।" ਉਹ ਦੋਨੋਂ ਹੀ ਸੁਰਤ ਸਿਰ ਹੋ ਗਏ ਸਨ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਝੱਖੜ ਲੰਘ ਗਿਆ ਸੀ।

"ਗੁਰਜੰਟ ਅੱਜ ਕੱਲ ਲੋਕ ਆਵਦੀਆਂ ਚਾਹਤਾਂ, ਉਮੀਦਾਂ ਦੋਸਤ, ਮਿੱਤਰ, ਸਭ ਕੁਝ ਈ ਕੱਪੜਿਆਂ ਵਾਂਗੂੰ ਬਦਲ ਲੈਂਦੇ ਨੇ…।"

"ਮੈਂ ਨ੍ਹੀਂ ਬਦਲਦਾ। ਮੈਨੂੰ ਜੋ ਮਰਜ਼ੀ ਸੌਂਹ ਖਵਾ ਲੈ।" ਮੁੰਡਾ ਕੁੜੀ ਦੀ ਗੱਲ ਕੱਟ ਦਾ ਬੋਲਿਆ।

"ਇੱਕ ਗੱਲ ਮੈਂ ਦੇਖੂੰਗੀ।"

"ਕਿਹੜੀ?"

"ਤੂੰ ਲਾਲ ਸਵੈਟਰ ਕਿੰਨ੍ਹਾਂ ਕੁ ਚਿਰ ਪਹਿਨਦਾ ਰਹੇਂਗਾ?" ਕੁੜੀ ਹੱਸਕੇ ਤੁਰ ਪਈ।

"ਉਦੋਂ ਤੱਕ ਪਾਊਂਗਾ ਕੁਲਵਿੰਦਰ, ਜਦ ਤੱਕ ਰਹੂਗਾ।" ਉਹ ਪੂਰਾ ਜ਼ੋਰ ਲਾ ਕੇ ਇਹਨਾਂ ਸ਼ਬਦਾਂ ਨੂੰ ਬੋਲ ਰਿਹਾ ਸੀ ਤਾਂ ਕਿ ਸਾਰੀ ਗੱਲ ਤੁਰੀ ਜਾਂਦੀ ਕੁੜੀ ਨੂੰ ਸੁਣ ਜਾਵੇ। ਦੇਖੀਂ ਕਿਤੇ ਤੂੰ ਨਾ ਬਦਲਜੀਂ…।"

"ਮੈਂ ਕਦੇ ਵੀ ਨ੍ਹੀਂ ਬਦਲਦੀ। ਮੈਂ ਤੈਨੂੰ ਉਡੀਕੂੰਗੀ…।" ਕੁੜੀ ਮਗਰ ਮੁੜ ਕੇ ਰੁਕ ਕੇ ਕਹਿ ਗਈ।

..ਰੁੱਤਾਂ ਬਦਲਦੀਆਂ ਰਹੀਆਂ। ਦਿਨ, ਮਹੀਨੇ ਤੇ ਸਾਲ ਬੀਤਦੇ ਗਏ। ਗੁਰਜੰਟ ਸਿੰਘ ਐਮ. ਐਸ. ਸੀ. ਐਗ੍ਰੀਕਲਚਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਪਾਸ ਕਰਕੇ, ਖੇਤੀਬਾੜੀ ਮਹਿਕਮੇ ਵਿਚ ਅਫ਼ਸਰ ਲੱਗ ਗਿਆ। ਅਮਰ ਵੀ ਹੁਣ ਡਾਕਟਰ ਅਮਰ ਚੰਦ ਗੁਪਤਾ ਬਣ ਕੇ ਹਸਪਤਾਲ ਵਿੱਚ ਸੇਵਾਵਾਂ ਨਿਭਾਅ ਰਿਹਾ ਸੀ।

ਯੂਨੀਵਰਸਿਟੀ ਵਿੱਚ ਲੁਧਿਆਣੇ ਪੜ੍ਹਦਿਆਂ ਬਹੁਤ ਕੁਝ ਵਾਪਰਿਆ। ਇੱਕ ਬਹੁਤ ਹੀ ਸੋਹਣੀ ਕੁੜੀ ਹਰਮੀਤ, ਗੁਰਜੰਟ ਵੱਲ ਖਿੱਚੀ ਗਈ ਸੀ। ਗੁਰਜੰਟ ਬਹੁਤ ਹੀ ਤਰੀਕੇ ਨਾਲ ਓਸ ਕੁੜੀ ਕੋਲੋਂ ਇੱਕ ਵਿੱਥ ਬਣਾ ਕੇ ਚਲਦਾ ਰਿਹਾ। ਉਹ ਕੁੜੀ ਉਹਦੇ ਇੱਕ ਅਧਿਆਪਕ ਦੇ ਪਰਿਵਾਰ ਨਾਲ ਸਬੰਧ ਰੱਖਦੀ ਸੀ।

ਖੇਤੀਬਾੜੀ ਯੂਨੀਵਰਸਿਟੀ ਵਿੱਚ ਪੜ੍ਹਨ ਵੇਲੇ ਇੱਕ ਵਾਰੀ ਗੁਰਜੰਟ ਆਪਣਾ ਲਾਲ ਸਵੈਟਰ ਪਾ ਕੇ ਆਪਣੀ ਮਾਸੀ ਨੂੰ ਮਿਲਣ ਚਲਾ ਗਿਆ। ਉਹ ਮਾਸੀ ਦੇ ਪਿੰਡ ਮਹਾਨ ਸਿੰਘ ਵਾਲੇ ਬਹੁਤੀ ਵਾਰੀ ਨਹੀਂ ਗਿਆ ਸੀ। ਪਿੰਡ ਕੋਈ ਬਹੁਤਾ ਵੱਡਾ ਨਹੀਂ ਸੀ, ਪਰ ਫਿਰ ਵੀ ਉਹਨੂੰ ਘਰ ਲੱਭਣਾ ਹੀ ਪੈਣਾ ਸੀ। ਉਹਨੂੰ ਬੱਸ ਅੱਡੇ ਤੇ ਉਤਰਦਿਆਂ ਹੀ ਇੱਕ ਬਜ਼ੁਰਗ ਮਿਲ ਗਿਆ, ਜਿਹੜਾ ਮਹਾਨ ਸਿੰਘ ਵਾਲੇ ਦਾ ਹੀ ਸੀ। ਉਹਨੇ ਆਪਣੇ ਮਾਸੜ ਦਾ ਨਾਉਂ ਲੈ ਕੇ ਓਸ ਬਜ਼ੁਰਗ ਤੋਂ ਘਰ ਪੁੱਛਿਆ।

"ਮੈਂ ਤੈਨੂੰ ਆਪ ਈ ਛੱਡ ਆਉਨਾਂ।" ਇਹ ਕਹਿੰਦਾ ਉਹ ਬਜ਼ੁਰਗ ਉਹਦੇ ਨਾਲ ਹੀ ਗੱਲਾਂ ਕਰਦਾ ਕਰਦਾ ਤੁਰ ਪਿਆ।

ਗੁਰਜੰਟ ਉੱਥੇ ਦੋ ਦਿਨ ਰਿਹਾ। ਬਜ਼ੁਰਗ ਦੋਨੋਂ ਦਿਨ ਹੀ ਉਹਨੂੰ ਮਿਲਣ ਆਉਂਦਾ ਰਿਹਾ। ਨਾਲੇ ਪਿੰਡ 'ਚ ਲੋਕਾਂ ਨੂੰ ਦੱਸਦਾ ਫਿਰੇ, "ਓ ਭਾਈ, ਗੱਜਣ ਸਿਉਂ ਦੇ ਬਹੁਤ ਈ ਦਰਸ਼ਨੀ ਨੌਜਵਾਨ ਆਇਆ ਹੋਇਐ। ਬੱਸ, ਭੁੱਖ ਲਹਿੰਦੀ ਐ ਦੇਖ ਕੇ।"

ਸਾਲ ਕੁ ਮਗਰੋਂ ਗੁਰਜੰਟ ਦੀ ਮਾਸੀ ਉਹਦੇ ਪਿੰਡ ਆਈ ਤਾਂ ਉਹ ਓਸ ਬਜ਼ੁਰਗ ਦੀਆਂ ਗੱਲਾਂ ਸੁਣਾਉਂਦੀ ਰਹੀ ਤੇ ਹੱਸਦੀ ਰਹੀ,

"ਗੁਰਜੰਟ ਭਾਈ, ਸਾਡੇ ਪਿੰਡ ਆਲ਼ਾ ਕੈਲਾ ਬੁੜਾ ਤਾਂ ਤੇਰੇ ਤੇ ਆਸ਼ਕ ਹੋ ਗਿਆ। ਉਹਨੇ ਤੇਰੇ ਵਰਗਾ ਲਾਲ ਸਵੈਟਰ ਖਰੀਦ ਲਿਆ ਤੇ ਤੇਰੇ ਵਰਗਾ ਬੈਗ ਵੀ। ਹੁਣ ਉਹ ਸਵੈਟਰ ਪਾ ਕੇ ਤੇ ਬੈਗ ਮੋਢੇ ਲਮਕਾ ਕੇ ਲੋਕਾਂ ਨੂੰ ਪੁੱਛਦਾ ਫਿਰੂ, "ਉਏ ਭਾਈ, ਦੇਖੋ, ਭਲਾਂ, ਮੈਂ ਓ ਮੁੰਡੇ ਵਰਗਾ ਲਗਦੈਂ? ਜਿਹੜਾ ਗੱਜਣ ਸਿਉਂ ਕੇ ਘਰੇ ਲੁਧਿਆਣੇ ਤੋਂ ਆਇਆ ਤੀ।" ਸਾਰੇ ਬਹੁਤ ਹੱਸਦੇ ਨੇ ਕੈਲੇ ਦੀਆਂ ਗੱਲਾਂ ਤੇ...।"

ਸੁਣ ਕੇ ਗੁਰਜੰਟ ਵੀ ਹੱਸਣ ਲੱਗਿਆ ਸੀ।

...ਸਿਆਲ ਦੇ ਦਿਨ ਸਨ। ਗੁਰਜੰਟ ਸਿੰਘ ਲੁਧਿਆਣੇ ਯੂਨੀਵਰਸਿਟੀ ਦੇ ਤਿੰਨ ਨੰਬਰ ਗੇਟ 'ਤੇ ਬਾਬਿਆਂ ਦੇ ਢਾਬੇ ਉੱਤੇ ਖੜ੍ਹਾ ਸੀ। ਉਥੇ ਉਹਨੂੰ ਉਹਦਾ ਅਧਿਆਪਕ ਡਾਕਟਰ ਸ਼ਰਮਾਂ ਤੇ ਉਹਦੀ ਘਰਵਾਲੀ ਪੁਸ਼ਪਾ ਸ਼ਰਮਾਂ ਮਿਲ ਗਏ। ਡਾਕਟਰ ਸ਼ਰਮਾਂ ਨੇ ਮਿਲਣ ਸਾਰ ਪਹਿਲਾ ਸਵਾਲ ਕੀਤਾ, "ਓ ਬਈ ਜਵਾਨਾ, ਹੁਣ ਵਿਆਹ ਕਦੋਂ ਦਿਖਾਵੇਂਗਾ ਸਾਨੂੰ?"

"ਬਹੁਤ ਛੇਤੀ ਡਾਕਟਰ ਸਾਹਿਬ ਥੋਨੂੰ ਬਰਾਤ ਲੈ ਕੇ ਚੱਲੂੰਗਾ।" ਉਹਨੇ ਪੁਸ਼ਪਾ ਸ਼ਰਮਾਂ ਦੇ ਪੈਰੀਂ ਹੱਥ ਲਾਉਂਦਿਆਂ ਹੱਸਕੇ ਕਿਹਾ।

"ਕੁੜੀ ਲੱਭਲੀ ਕੋਈ?" ਡਾਕਟਰ ਸ਼ਰਮਾਂ ਗੁਰਜੰਟ ਦੀ ਰਗ਼ ਰਗ਼ ਦਾ ਵਾਕਫ਼ ਸੀ। ਉਹਨੂੰ ਉਹਦੇ ਪਿਆਰ ਦਾ ਪਤਾ ਸੀ ਪਰ ਫਿਰ ਵੀ ਡਾਕਟਰ ਉਹਨੂੰ ਛੇੜਨ ਦਾ ਮਾਰਾ ਪੁੱਛ ਰਿਹਾ ਸੀ।

"ਡਾਕਟਰ ਸਾਹਿਬ, ਥੌਨੂੰ ਕੁੜੀ ਬਾਰੇ ਪਤਾ ਤਾਂ ਹੈਗਾ।" ਉਹਨੇ ਸੰਗ ਕੇ ਕਿਹਾ।

"ਦੇਖ ਲੈ ਪੁਸ਼ਪਾ, ਮੁੰਡਾ ਪਿਆਰ ਕਰਦੈ ਕੁੜੀ ਨੂੰ, ਪਰ ਪਿਛਲੇ ਸੱਤ ਸਾਲਾਂ ਤੋਂ ਮਿਲਿਆ ਉਹਨੂੰ ਹੈਨੀਂ।" ਡਾਕਟਰ ਸ਼ਰਮਾਂ ਨੇ ਆਪਣੀ ਘਰਵਾਲੀ ਨੂੰ ਦੱਸਿਆ।

"ਉਏ ਗੁਰਜੰਟ, ਜਾਹ ਛੇਤੀ ਜਾ ਕੇ ਮਿਲ। ਐਨੇ ਸਾਲ ਕੁੜੀਆਂ ਨ੍ਹੀਂ ਉਡੀਕਦੀਆਂ ਹੁੰਦੀਆਂ। ਕੁੜੀਆਂ ਜੇ ਉਡੀਕਣ ਫਿਰ ਉਨ੍ਹਾਂ ਦੇ ਮਾਪੇ ਨ੍ਹੀਂ ਉਡੀਕਦੇ ਹੁੰਦੇ।" ਪੁਸ਼ਪਾ ਸ਼ਰਮਾਂ ਨੇ ਨੀਵੀਂ ਪਾਈਂ ਖੜ੍ਹੇ ਗੁਰਜੰਟ ਦੇ ਮੋਢੇ ਤੇ ਹੱਥ ਰੱਖਦਿਆਂ ਉਹਨੂੰ ਸਾਵਧਾਨ ਕੀਤਾ।

"ਹਾਂ ਜੀ, ਕੱਲ ਨੂੰ ਈ ਜਾਉਂਗਾ।" ਉਹ ਬੋਲਿਆ ਸੀ।

"ਜੋ ਵੀ ਬਣਿਆ ਮੈਨੂੰ ਦੱਸੀਂ। ਜੇ ਕਿਸੇ ਕਿਸਮ ਦੀ ਮੇਰੀ ਸਹਾਇਤਾ ਦੀ ਲੋੜ ਹੋਵੇ ਤਾਂ ਵੀ ਦੱਸੀਂ...।" ਡਾਕਟਰ ਸ਼ਰਮਾਂ ਕਹਿ ਕੇ ਤੁਰ ਪਿਆ।

ਐਹੋ ਜੇ੍ਹ ਕੰਮ ਛੇਤੀ ਕਰੀਂਦੇ ਹੁੰਦੇ ਨੇ, ਗੁਰਜੰਟ।" ਕਹਿੰਦੀ ਕਹਿੰਦੀ ਪੁਸ਼ਪਾ ਸ਼ਰਮਾਂ ਵੀ ਡਾਕਟਰ ਸ਼ਰਮਾਂ ਦੇ ਨਾਲ ਰਲ਼ ਗਈ।

ਦੂਜੇ ਦਿਨ ਸਵੇਰੇ ਹੀ ਗੁਰਜੰਟ ਸਿੰਘ ਨੇ ਆਪਣਾ ਲਾਲ ਸਵੈਟਰ ਪਾਇਆ ਤੇ ਆਪਣੇ ਪੁਰਾਣੇ ਸ਼ਹਿਰ ਨੂੰ ਜਾਣ ਵਾਸਤੇ ਬੱਸ ਵਿੱਚ ਬਹਿ ਗਿਆ। ਦੁਪਹਿਰ ਨੂੰ ਉਹ ਉਸੇ ਥਾਂ ਉੱਤੇ ਜਾ ਖੜ੍ਹਿਆ ਜਿਥੇ ਉਹ ਅਤੇ ਅਮਰ ਗਿਆਰਵੀਂ ਬਾਰਵੀਂ ਜਮਾਤ 'ਚ ਪੜ੍ਹਨ ਵੇਲੇ ਰਹਿੰਦੇ ਹੁੰਦੇ। ਉਹਨੇ ਦੇਖਿਆ ਕਿ ਬਹੁਤ ਕੁਝ ਬਦਲ ਗਿਆ ਸੀ। ਬਹੁਤ ਸਾਰੇ ਮਕਾਨ ਨਵੇਂ ਬਣ ਗਏ ਸਨ।



ਕਾਲਜ ਨੂੰ ਜਾਣ ਵਾਲੀ ਸੜਕ ਟੁੱਟੀ ਹੋਈ ਸੀ, ਜਿਹੜੀ ਉੱਤੇ ਕੁਲਵਿੰਦਰ ਸਾਇਕਲ ਚਲਾ ਕੇ ਲੰਘੀ ਜਾਂਦੀ ਉਹਦੇ ਕੋਲੇ ਆ ਕੇ ਟੱਲੀ ਵਜਾਉਂਦੀ ਹੁੰਦੀ ਸੀ।

ਗੁਰਜੰਟ ਸਿੰਘ ਗਲੀਆਂ ਵਿੱਚ ਘੁੰਮਦਾ ਘੁੰਮਦਾ ਕੁਲਵਿੰਦਰ ਦੇ ਘਰ ਮੂਹਰੇ ਜਾ ਖੜ੍ਹਿਆ। ਘਰ ਦੀ ਦਿੱਖ ਬਦਲੀ ਜਾਪਦੀ ਸੀ। ਕੁਝ ਕੰਧਾਂ ਦੀ ਤੇ ਤਖ਼ਤਿਆ ਦੀ ਮੁਰੰਮਤ ਕੀਤੀ ਲੱਗਦੀ ਸੀ। ਉਂਝ ਘਰ ਪਹਿਲਾਂ ਵਾਲਾ ਹੀ ਪੁਰਾਣਾ ਘਰ ਸੀ। ਨਾਲ ਲਗਵੇਂ ਕਈ ਮਕਾਨਾਂ ਦਾ ਵੀ ਇਹੀ ਹਾਲ ਸੀ।

ਉਹ ਘਰ ਦੇ ਦਰਵਾਜੇ 'ਤੇ ਖੜ੍ਹ ਗਿਆ। ਬੂਹਾ ਖੁੱਲ੍ਹਾ ਹੀ ਸੀ, ਪਰ ਅੰਦਰ ਕੋਈ ਦਿਸ ਨਹੀਂ ਰਿਹਾ ਸੀ। ਘਰ ਦੇ ਵਿਹੜੇ ਤੱਕ ਉਹਦੀ ਨਿਗਾਹ ਜਾਂਦੀ ਸੀ। ਵਿਹੜੇ ਵਿੱਚਲੀ ਡੇਕ ਵੀ ਉਹਨੂੰ ਨਾ ਦਿਖੀ। ਰਾਸ਼ਨ ਡਿੱਪੂ ਵਾਲੀ ਬੈਠਕ ਵੀ ਖੁੱਲ੍ਹੀ ਹੀ ਪਈ ਸੀ। ਉਹਨੇ ਸੋਚਿਆ, ਉਹ ਸਿੱਧਾ ਹੀ ਅੰਦਰ ਚਲਾ ਜਾਵੇ ਜਿਵੇਂ ਪਹਿਲਾਂ ਉਹ ਜਾਂਦਾ ਹੁੰਦਾ ਸੀ, ਪਰ ਉਹਨੇ ਇੰਝ ਨਾ ਕੀਤਾ। ਜਾਂ ਉਹਨੂੰ ਇੰਝ ਕਰਨਾ ਚੰਗਾ ਨਾ ਲੱਗਿਆ। ਉਹਨੇ ਦਰਵਾਜ਼ੇ ਦਾ ਕੁੰਡਾ ਖੜਕਾਅ ਦਿੱਤਾ।

ਥੋੜ੍ਹੇ ਕੁ ਚਿਰ ਬਾਅਦ ਅੰਦਰੋਂ ਅਵਾਜ਼ ਆਈ, "ਆਜੋ ਭਾਈ, ਆਜੋ।" ਬੀਬੀ ਜੀ ਬੋਲੇ ਸਨ ਪਰ ਉਨ੍ਹਾਂ ਦੀ ਅਵਾਜ਼ ਕਿੰਨ੍ਹੀਂ ਭਾਰੀ ਹੋ ਗਈ ਸੀ।

ਗੁਰਜੰਟ ਸਿੰਘ ਅੰਦਰ ਲੰਘ ਗਿਆ। ਰਣਬੀਰ ਕੌਰ ਰਸੋਈ ਵਿੱਚ ਕੁਝ ਕਰ ਰਹੀ ਸੀ। ਉਹ ਉਸਨੂੰ ਦੇਖਕੇ ਛੇਤੀ ਛੇਤੀ ਬਾਹਰ ਨੂੰ ਆਈ, ਪਰ ਹੁਣ ਉਹਦਾ ਸਰੀਰ ਓਨਾ ਫਰਤੀਲਾ ਨਹੀਂ ਸੀ। ਉਹਨੇ ਜਦ ਬੀਬੀ ਜੀ ਕਹਿ ਕੇ ਰਣਬੀਰ ਕੌਰ ਦੇ ਪੈਰੀਂ ਹੱਥ ਲਾਏ ਤਾਂ ਉਹਨੇ ਗੁਰਜੰਟ ਨੂੰ ਬੁੱਕਲ, ਵਿੱਚ ਲੈ ਲਿਆ ਤੇ ਕਿੰਨ੍ਹਾ ਹੀ ਚਿਰ ਅਸੀਸਾਂ ਦਿੰਦੀ ਰਹੀ, "ਵੇ ਪੁੱਤ ਜਿਉਂਦਾ ਰਹਿ ਵੇ, ਜਵਾਨੀਆਂ ਮਾਣੇ। ਅੱਜ ਤਾਂ ਬਹੁਤ ਈ ਸੋਹਣਾ ਦਿਨ ਚੜ੍ਹਿਐ...।"

ਚਾਹ ਬਣਾਉਂਦੀ ਬਣਾਉਂਦੀ ਉਹ ਗੁਰਜੰਟ ਨਾਲ ਗੱਲੀਂ ਲੱਗ ਗਈ, "ਤੂੰ ਤਾਂ ਚੰਦਰਿਆ ਕਦੇ ਮੁੜਕੇ ਆਇਆ ਨਾ, ਹੈਂ? ਕਿੰਨ੍ਹੇ ਈ ਸਾਲ ਹੋਗੇ।"

"ਬੱਸ ਬੀਬੀ ਜੀ, ਪੜ੍ਹਾਈ 'ਚ ਲੱਗਿਆ ਰਿਹਾ।" ਗੁਰਜੰਟ ਸਿੰਘ ਨੂੰ ਕੋਈ ਚੰਗਾ ਉੱਤਰ ਵੀ ਨਾ ਲੱਭਾ।

"ਆਹੋ ਤੈਨੂੰ ਪੜ੍ਹਾਈ ਪਿਆਰੀ ਹੋਗੀ। ਬੀਬੀ ਨ੍ਹੀਂ ਯਾਦ ਆਈ?"

ਉਹ ਗੱਲਾਂ ਕਰਦੇ ਕਰਦੇ ਚਾਹ ਪੀ ਹਟੇ। ਚਾਹ ਵਾਲੇ ਬਰਤਨ ਚੁੱਕ ਕੇ ਬੀਬੀ ਉਹਦੇ ਕੋਲੇ ਆ ਬੈਠੀ। ਤੇ ਪੁੱਛਣ ਲੱਗੀ, "ਚੰਗਾ ਹੁਣ ਆਏਂ ਦੱਸ ਤੈਨੂੰ ਕੋਈ ਨੌਕਰੀ ਮਿਲਗੀ ਕਿ ਨਹੀਂ?"

"ਹਾਂ ਬੀਬੀ ਜੀ, ਮੈਂ ਖੇਤੀਬਾੜੀ ਮਹਿਕਮੇ 'ਚ ਖੇਤੀਬਾੜੀ ਵਿਕਾਸ ਅਫ਼ਸਰ ਲੱਗ ਗਿਆ।"

"ਚੱਲ ਭਾਈ, ਸ਼ੁਕਰ ਐ! ਪੜ੍ਹਾਈ ਕੰਮ ਆਗੀ। ਨਹੀਂ ਤਾਂ ਅੱਜ ਕੱਲ ਨੌਕਰੀਆਂ ਕਿੱਥੇ ਮਿਲਦੀਆਂ ਨੇ।"

"....।" ਗੁਰਜੰਟ ਸਿੰਘ ਕੁਝ ਬੋਲਣ ਦੀ ਥਾਂ ਆਲਾ ਦੁਆਲਾ ਦੇਖਣ ਲੱਗ ਪਿਆ। ਬਹੁਤ ਕੁਛ ਬਦਲਿਆਂ ਹੋਇਆ ਸੀ। ਲਗਦਾ ਸੀ ਜਿਵੇਂ ਘਰ ਦੀ ਮੁਰੰਮਤ ਕਰਵਾਈ ਹੋਵੇ।

"ਕੀ ਦੇਖਦੈਂ ਭਾਈ ਗੁਰਜੰਟ...?" ਰਣਬੀਰ ਕੌਰ ਪੁੱਛਣ ਲੱਗੀ। "ਤੈਨੂੰ ਘਰ ਬਹੁਤ ਬਦਲਿਆ ਲਗਦਾ ਹੋਊ?"

"ਹਾਂ ਬੀਬੀ ਜੀ...। ਦੂਜੀ ਗੱਲ ਤੁਸੀਂ 'ਕੱਲੇ ਈ ਘਰੇ ਓ?" ਕੁਲਵਿੰਦਰ ਤੇ ਰਾਮਾਂ ਨ੍ਹੀਂ ਦੀਹਦੇ"

"ਪੁੱਤ, ਰਾਮਾਂ ਤਾਂ ਪਟਿਆਲੇ ਇੰਜਨੀਅਰਿੰਗ ਕਾਲਜ 'ਚ ਪੜ੍ਹਦੈਂ। ਬਾਕੀ ਭਾਈ ਕੁਲਵਿੰਦਰ ....।" ਏਨਾ ਕਹਿ ਕੇ ਰਣਬੀਰ ਕੌਰ ਰੋ ਪਈ।

ਗੁਰਜੰਟ ਨੂੰ ਕੁਝ ਵੀ ਸਮਝ ਨਾ ਲੱਗੀ ਕਿ ਬੀਬੀ ਜੀ ਕੁਲਵਿੰਦਰ ਦਾ ਨਾਂ ਲੈ ਕੇ ਰੋਣ ਕਿਉਂ ਲੱਗ ਪਏ। "ਕੀ ਗੱਲ ਬੀਬੀ ਜੀ ਤੁਸੀਂ ਰੋਣ ਕਿਉਂ ਲੱਗ ਪੇ?" ਉਹ ਪੁੱਛਣ ਲੱਗਿਆ।

"ਭਾਈ, ਕੀ ਦੱਸਾਂ ਤੈਨੂੰ? ਕੁਲਵਿੰਦਰ ਤਾਂ ਸਾਨੂੰ ਛੱਡਕੇ ਤੁਰਗੀ।" ਉਹ ਆਪਣੇ ਆਪ ਨੂੰ ਸੰਭਾਲਦੀ ਹੋਈ ਦੱਸਣ ਲੱਗੀ।

ਹੁਣ ਗੁਰਜੰਟ ਦੀਆਂ ਅੱਖਾਂ ਭਰ ਆਈਆਂ ਤੇ ਉਹਦੇ ਮਨ ਵਿੱਚ ਲੱਖਾਂ ਹੀ ਸਵਾਲ ਉੱਠੇ। ਰਣਬੀਰ ਕੌਰ ਗੁਰਜੰਟ ਦੇ ਮੋਢੇ ਉੱਤੇ ਹੱਥ ਰੱਖਕੇ ਕਹਿਣ ਲੱਗੀ, "ਆਪਣੇ ਨਾਲ ਓਸ ਚੰਦਰੀ ਦਾ ਏਨ੍ਹਾ ਈ ਸਾਥ ਸੀ। ਬੱਸ ਪੁੱਤ, ਹੌਸਲਾ ਰੱਖ, ਰੋ ਕੇ ਕੁਛ ਨ੍ਹੀਂ ਬਣਦਾ।" ਫਿਰ ਉਹ ਦੁੱਖਾਂ ਭਰੀ ਦਾਸਤਾਨ ਦੱਸਣ ਲੱਗੀ,

...ਸ਼ਹਿਰ ਦੇ ਨੇੜਲੇ ਇੱਕ ਪਿੰਡ ਵਿੱਚ ਇੱਕ ਫੈਕਟਰੀ ਸੀ। ਉਥੇ ਯੂ ਪੀ ਤੇ ਬਿਹਾਰ ਤੋਂ ਆਏ ਕਾਮਿਆਂ ਨੂੰ ਰਾਤ ਨੂੰ ਲਾਇਨ 'ਚ ਖੜ੍ਹਾ ਕੇ ਗੋਲੀਆਂ ਨਾਲ ਭੁਨ ਦਿੱਤਾ ਸੀ, ਦੂਜੇ ਦਿਨ ਇੱਕ ਖਾੜਕੂ ਜਥੇਬੰਦੀ ਨੇ ਜਿੰਮੇਵਾਰੀ ਲੈ ਲਈ ਸੀ।

ਸਰਕਾਰੀ ਤੰਤਰ ਨੇ ਫਿਰ ਖਾੜਕੂ ਵੀ ਮਾਰਨੇ ਸਨ, ਇਨਾਮ ਪਾਉਣੇ ਸਨ। ਇਹੋ ਹੀ ਹੋਇਆ ਕੁਝ ਦਿਨਾਂ ਬਾਅਦ ਇਕ ਰਾਤ ਨੂੰ ।

"ਸ਼ਨੀਵਾਰ ਦਾ ਆਥਣ ਸੀ। ਕੁਲਵਿੰਦਰ ਯੂਨੀਵਰਸਿਟੀ ਤੋਂ ਘਰੇ ਆਈ ਹੋਈ ਸੀ। ਉਹ ਯੂਨੀਵਰਸਿਟੀ 'ਚ ਪਟਿਆਲੇ ਐਮ. ਐਸ. ਸੀ. ਜ਼ੂਆਲੋਜੀ ਦੀ ਵਿਦਿਆਰਥਣ ਸੀ। ਉਹਦਾ ਛੋਟਾ ਭਰਾ ਰਾਮਾਂ ਵੀ ਕਾਲਜ ਤੋਂ ਆਥਣੇ ਜਿਹੇ ਘਰ ਆਇਆ ਆਮ ਦਿਨਾਂ ਦੀ ਤਰ੍ਹਾਂ ਹੀ ਉਨ੍ਹਾਂ ਨੇ ਰੋਟੀ ਖਾਧੀ। ਫਿਰ ਉਹ ਦੋਨੋਂ ਭੈਣ ਭਾਈ ਆਪਣੀ ਮਾਂ ਨਾਲ ਗੱਲਾਂ ਕਰਨ ਲੱਗੇ। ਉਨ੍ਹਾਂ ਦੇ ਗੁਆਂਢ ਵਿਚ ਕਿਰਾਏ 'ਤੇ ਇਕ ਪੰਜਾਬੀ ਮੁੰਡਾ ਰਹਿੰਦਾ ਹੁੰਦਾ ਸੀ। ਉਹ ਫੈਕਟਰੀ 'ਚ ਕੰਮ ਕਰਦਾ ਸੀ, ਪਰ ਹੁਣ ਉਹ ਕਈ ਦਿਨਾਂ ਦਾ ਗਾਇਬ ਸੀ। ਉਹਦੇ ਮਾਪੇ ਵੀ ਉਹਨੂੰ ਲੱਭਕੇ ਮੁੜ ਗਏ ਸਨ। ਕੋਈ ਥਹੁ ਪਤਾ ਨਹੀਂ ਸੀ। ਉਂਝ ਉਹ ਮੁੰਡਾ ਸ਼ਰੀਫ ਸੀ, ਐਨਾ ਕੁ ਹੀ ਲੋਕ ਜਾਣਦੇ ਸਨ। ਹੁਣ ਗੱਲਾਂ ਹੋ ਰਹੀਆਂ ਸਨ ਬੱਸ। ਮਾਂ ਬਾਪ ਮੁੰਡੇ ਦੇ ਗਰੀਬ ਸਨ। ਪੁਲਿਸ ਉਨ੍ਹਾਂ ਦੀ ਗੱਲ ਨਹੀਂ ਸੁਣ ਰਹੀ ਸੀ। ਉਹ ਵੀ ਤਿੰਨੇ ਇਹੋ ਗੱਲਾਂ ਕਰਕੇ ਸੌਂ ਗਏ।

ਅੱਧੀ ਕੁ ਰਾਤ ਰਣਬੀਰ ਕੌਰ ਨੂੰ ਮਹਿਸੂਸ ਹੋਇਆ ਜਿਵੇਂ ਵਿਹੜੇ ਵਿੱਚ ਕੋਈ ਤੁਰਿਆ ਫਿਰਦਾ ਹੋਵੇ। ਉਨ੍ਹੇ ਜਦ ਬੱਤੀ ਜਗਾ ਕੇ ਦੇਖਿਆ ਤਾਂ ਕਈ ਬੰਦੇ ਹਥਿਆਰਾਂ ਨਾਲ ਲੈਸ ਖੜ੍ਹੇ ਸਨ। ਕੁਝ ਬੰਦੇ ਪੁਲਿਸ ਦੀ ਵਰਦੀ ਵਿੱਚ ਸਨ ਤੇ ਕੁਝ ਸਾਦੇ ਕੱਪੜਿਆ ਵਿੱਚ।

ਇਸ ਤੋਂ ਪਹਿਲਾਂ ਕਿ ਰਣਬੀਰ ਕੌਰ ਕੁਛ ਬੋਲਦੀ, ਉਨ੍ਹਾਂ ਹਥਿਆਰਾਂ ਵਾਲਿਆਂ ਨੇ ਉਹਨੂੰ ਘੇਰ ਲਿਆ। ਤੇ ਪੁੱਛਣ ਲੱਗੇ, "ਕੌਣ ਕੌਣ ਓ ਘਰੇ ਤੁਸੀਂ?"

"ਮੈਂ ਤੇ ਮੇਰੇ ਦੋ ਬੱਚੇ ਨੇ ਜੀ।" ਰਣਬੀਰ ਕੌਰ ਕੇ ਗਲੇ ਵਿੱਚੋਂ ਮਸਾਂ ਹੀ ਬੋਲ ਨਿਕਲਿਆ। ਦੇਸ਼ ਦੇ ਰਖਵਾਲੇ ਦੀ ਵਿਧਵਾ ਪਤਨੀ ਦੋਨੋਂ ਹੱਥ ਜੋੜੀਂ ਖੜ੍ਹੀ ਸੀ।

"ਉਨ੍ਹਾਂ ਨੂੰ ਜਗਾ ਕੇ ਬਾਹਰ ਕੱਢ।" ਇਕ ਗੰਨ ਵਾਲਾ ਗਰਜਿਆ।

ਨਾਲ ਨਾਲ ਲੱਗਵੇਂ ਤਿੰਨ ਘਰਾਂ ਦੇ ਪਰਿਵਾਰਕ ਮੈਂਬਰ ਇੱਕ ਘਰ ਵਿੱਚ ਇਕੱਠੇ ਕਰ ਲਏ। ਆਦਮੀ ਵੱਖ ਕਰ ਲਏ। ਔਰਤਾਂ ਤੇ ਬੱਚੇ ਇੱਕ ਕਮਰੇ ਵਿਚ ਬੰਦ ਕਰ ਦਿੱਤੇ। ਪੁਲਿਸ ਵਾਲੇ ਉਨ੍ਹਾਂ ਨੂੰ ਐਹੋ ਜਿਹੇ ਸਵਾਲ ਪੁੱਛਦੇ ਰਹੇ, ਜਿੰਨ੍ਹਾਂ ਦੀ ਕਿਸੇ ਨੂੰ ਵੀ ਕੋਈ ਸਮਝ ਨਹੀਂ ਸੀ। ਥੋੜ੍ਹੇ ਚਿਰ ਬਾਅਦ ਇੱਕ ਪੁਲਿਸ ਦੀ ਗੱਡੀ ਸਾਰੇ ਮਰਦਾਂ ਨੂੰ ਥਾਣੇ ਲੈ ਗਈ।

ਫਿਰ ਇੰਝ ਜਾਪਿਆ ਜਿਵੇਂ ਪੁਲਿਸ ਵਾਲਿਆਂ ਨੇ ਕੋਈ ਮਰਿਆ ਹੋਇਆ ਬੰਦਾ ਨਾਲ ਲਗਵੇਂ ਘਰੇ ਲਿਆ ਕੇ ਸੁੱਟਿਆ ਹੋਵੇ। ਉਹ ਉਸਦਾ, 'ਮੁਕਾਬਲਾ' ਕਰਨ ਆਏ ਹੋਣ।



ਕਮਰੇ ਵਿੱਚ ਔਰਤਾਂ ਤੇ ਬੱਚੇ ਸਹਿਮੇ ਬੈਠੇ ਸਨ। ਵੱਡਾ ਪੁਲਿਸ ਦਾ ਅਫਸਰ ਕਮਰੇ ਵਿੱਚ ਆ ਗਿਆ। ਉਹ ਔਰਤਾਂ ਵੱਲ ਬਹੁਤ ਹੀ ਭੈੜੀਆਂ ਨਜ਼ਰਾ ਨਾਲ ਦੇਖਣ ਲੱਗਾ। ਪੁੱਠੇ ਸਿੱਧੇ ਸਵਾਲ ਕਰਨ ਲੱਗਾ। ਉਹ ਕੁਲਵਿੰਦਰ ਵੱਲ ਵਾਰ ਵਾਰ ਦੇਖ ਰਿਹਾ ਸੀ। ਕੁਲਵਿੰਦਰ ਨੀਵੀਂ ਪਾਈਂ ਬੈਠੀ ਸੀ। ਉਹਨੇ ਕੁਲਵਿੰਦਰ ਦੀ ਬਾਂਹ ਫੜ ਲਈ ਤੇ ਬਾਹਰ ਨੂੰ ਲਿਜਾਣ ਲੱਗਾ। ਰਣਬੀਰ ਕੌਰ ਮਿੰਨਤਾਂ ਕਰਨ ਲੱਗੀ। ਇੱਕ ਹੋਰ ਗੁਆਂਢਣ ਔਰਤ ਵੀ ਹਾੜੇ ਕੱਢਣ ਲੱਗੀ ਕਿ ਕੁਲਵਿੰਦਰ ਨੂੰ ਨਾ ਲੈ ਕੇ ਜਾਓ। ਉਹ ਪੁਲਿਸ ਵਾਲਾ ਕੁਝ ਨਹੀਂ ਸੁਣ ਰਿਹਾ ਸੀ। ਰਣਬੀਰ ਕੌਰ ਰੌਲਾ ਪਾਉਣ ਲੱਗੀ। ਤੇ ਖੜ੍ਹੀ ਹੋ ਕੇ ਪੁਲਿਸ ਅਫਸਰ ਨੂੰ ਚੁੰਬੜ ਗਈ। ਅਫ਼ਸਰ ਦੇ ਸਿਪਾਹੀ ਕੁੱਤਿਆਂ ਵਾਂਗਰ ਰਣਬੀਰ ਕੌਰ ਨੂੰ ਟੁੱਟ ਕੇ ਪੈ ਗਏ। ਕਮਰੇ ਅੰਦਰ ਘਸਮਾਣ ਦਾ ਯੁੱਧ ਛਿੜ ਪਿਆ। ਬੱਚੇ ਚੀਕਾਂ ਮਾਰਕੇ ਰੋਣ ਲੱਗੇ। ਹੱਥੋਪਾਈ ਵਿੱਚ ਅਫਸਰ ਦੇ 'ਸਟਾਰ ਤੇ ਫੀਤੀਆ' ਪੁੱਟੀਆਂ ਗਈਆਂ ਤੇ ਪੈਰਾਂ ਹੇਠ ਮਿੱਧੇ ਗਏ।

"ਤੂੰ ਸਰਕਾਰੀ ਵਰਦੀ' ਨੂੰ ਹੱਥ ਪਾਇਐ...।" ਕਹਿ ਕੇ ਸਿਪਾਹੀ ਰਣਬੀਰ ਕੌਰ ਨੂੰ ਕੁੱਟਣ ਲੱਗ ਪਏ। ਧੱਕਾ ਮੁੱਕੀ ਵਿੱਚ ਰਣਬੀਰ ਕੌਰ ਦਾ ਹੱਥ ਇੱਕ ਪੁਲਿਸ ਵਾਲੇ ਦੀ ਗੰਨ ਨੂੰ ਲੱਗ ਗਿਆ। ਇਸਦੇ ਨਾਲ ਹੀ ਪੁਲਿਸੀਏ ਇਹ ਵੀ ਕਹਿਣ ਲੱਗੇ, "ਤੂੰ ਸਰਕਾਰੀ ਹਥਿਆਰ ਖੋਹਣ ਦੀ ਕੋਸ਼ਿਸ਼ ਕਰ ਰਹੀ ਐਂ।"

ਕੁੱਟ ਮਾਰ ਕਰਕੇ ਬੇਹੋਸ਼ ਹੋਈ ਰਣਬੀਰ ਕੌਰ ਨੂੰ ਸਰਕਾਰੀ ਸਿਪਾਹੀਆਂ ਨੇ ਬਰਾਂਡੇ ਦੀ ਬੁਰਜੀ ਨਾਲ ਬੰਨ੍ਹ ਦਿੱਤਾ। ਨਾਲ ਦੇ ਕਮਰੇ ਵਿੱਚ ਲਿਜਾ ਕੇ ਕੁਲਵਿੰਦਰ ਨੂੰ ਪੁਲਿਸੀਏ ਵਾਰੀ ਵਾਰੀ ਚੂੰਡਣ ਲੱਗੇ। ਕੁੜੀ ਦੀਆਂ ਚੀਕਾਂ ਗੋਲੀਆਂ ਅਤੇ ਬੰਬਾਂ ਦੀ ਅਵਾਜ਼ ਵਿੱਚ ਗੁਆਚ ਗਈਆਂ।

'ਮੁਕਾਬਲਾ' ਖਤਮ ਕਰਕੇ, ਜਿੱਤ ਪ੍ਰਾਪਤ ਕਰਕੇ ਕੁਲਵਿੰਦਰ ਨੂੰ ਸਰਕਾਰੀ ਹਥਿਆਰਾਂ ਨੇ ਗੋਲੀਆਂ ਨਾਲ ਭੁੰਨ ਦਿੱਤਾ। ਸਰਕਾਰੀ ਵਰਦੀਆਂ ਵਾਲੇ ਉਹਦੀ ਲੋਥ ਨੂੰ ਨਾਲ ਹੀ ਲੈ ਗਏ। ਉਹਨੂੰ ਵੀ ਖਾੜਕੂ ਦੀ ਸਾਥਣ ਬਣਾ ਦਿੱਤਾ।

... ਦੱਸਦੀ ਦੱਸਦੀ ਰਣਬੀਰ ਕੌਰ ਰੋਣ ਲੱਗ ਪਈ। ਗੁਰਜੰਟ ਵੀ ਭੁੱਬਾਂ ਮਾਰ ਮਾਰ ਕੇ ਰੋਣ ਲੱਗ ਪਿਆ। ਉਹਨੂੰ ਆਪਣਾ ਲਾਲ ਸਵੈਟਰ ਕਾਲੇ ਰੰਗ ਦਾ ਦਿਸਣ ਲੱਗਿਆ।

ਰਣਬੀਰ ਕੌਰ ਨੇ ਗੁਰਜੰਟ ਨੂੰ ਦੱਸਿਆ ਕਿ ਲੋਕਾਂ ਨੂੰ ਪਤਾ ਲੱਗਿਆ ਸੀ ਕਿ ਫੈਕਟਰੀ ਵਿੱਚ ਕਾਮਿਆਂ ਦੇ ਕਤਲ ਕਿਸਨੇ ਅਤੇ ਕਿਉਂ ਕੀਤੇ ਸਨ। ਇਲਾਕੇ ਦਾ ਇਕ ਰਾਜਨੀਤਿਕ ਨੇਤਾ ਹੈ। ਉਹ ਚਾਹੁੰਦਾ ਸੀ ਕਿ ਫੈਕਟਰੀ ਵਿੱਚ ਉਸਦਾ ਪ੍ਰਤਿਸ਼ਤ ਹਿੱਸਾ ਹੋਵੇ, ਬਿਨ੍ਹਾਂ ਕੋਈ ਪੈਸੇ ਖਰਚੇ ਤੋਂ ਹੀ ਤੇ ਉਹਦੇ ਇੱਕ ਮੁੰਡੇ ਨੂੰ ਪ੍ਰਬੰਧਕੀ ਕਮੇਟੀ ਵਿੱਚ ਇੱਕ ਉੱਚਾ ਅਹੁਦਾ ਹੋਵੇ। ਫੈਕਟਰੀ ਵਾਲੇ ਇਹ ਗੱਲ ਮੰਨਣ ਲਈ ਤਿਆਰ ਨਹੀਂ ਸਨ ਤਾਂ ਕਰਕੇ ਉਸ ਨੇਤਾ ਨੇ ਇਹ ਕਾਰਾ ਕੀਤਾ ਸੀ।

ਗੁਰਜੰਟ ਨੇ ਜਦ ਪੁੱਛਿਆ ਸੀ ਕਿ ਵਿਹੜੇ ਵਿਚਲੀ ਵੱਡੀ ਡੇਕ ਕਿਧਰ ਗਈ ਤੇ ਹੁਣ ਆਹ ਨਿੱਕੀ ਜਿਹੀ ਡੇਕ ਉਸ ਥਾਂ ਤੇ ਖੜ੍ਹੀ ਹੈ? ਰਣਬੀਰ ਕੌਰ ਨੇ ਦੱਸਿਆ ਕਿ ਮੁਕਾਬਲੇ ਵੇਲੇ ਪੁਲਿਸ ਵਾਲਿਆਂ ਨੇ ਕੋਈ ਬੁਲਟ ਪਰੂਫ਼ ਵਾਹਨ ਆਪਣੇ ਅੰਦਰ ਵਾੜ ਲਿਆ। ਵਿਹੜਾ ਭੀੜਾ ਹੋਣ ਕਰਕੇ ਉਹ ਡੇਕ ਵਿਚ ਫਸ ਗਿਆ। ਉਨ੍ਹਾਂ ਨੇ ਡੇਕ ਨੂੰ ਵੱਢ ਦਿੱਤਾ। ਜੋ ਹੁਣ ਨਿੱਕੀ ਡੇਕ ਹੈ, ਇਹ ਉਸੇ ਦੀ ਜੜ੍ਹ ਤੋਂ ਹਰੀ ਹੋਈ ਹੈ। ਰਣਬੀਰ ਕੌਰ ਨੇ ਗੁਰਜੰਟ ਨੂੰ ਘਰ ਦੀਆਂ ਕੰਧਾਂ ਤੇ ਤਖਤੇ ਵੀ ਦਿਖਾਏ ਜੋ ਸਰਕਾਰੀ ਗੋਲੀਆ ਨਾਲ ਨੁਕਸਾਨੇ ਗਏ ਸਨ, ਪਰ ਹੁਣ ਉਹ ਉਹਨਾਂ ਨੇ ਠੀਕ ਕਰਵਾ ਲਏ ਸਨ।

ਰਣਬੀਰ ਕੌਰ ਨੇ ਦੱਸਿਆ ਕਿ ਤਿੰਨਾਂ ਘਰਾਂ ਦੇ ਆਦਮੀਆਂ ਨੂੰ ਦੋ ਮਹੀਨਿਆਂ ਬਾਅਦ ਛੱਡਿਆ ਗਿਆ। ਕੁਲਵਿੰਦਰ ਦੀ ਲੋਥ ਉਨ੍ਹਾਂ ਨੂੰ ਨਾ ਦਿੱਤੀ ਗਈ। ਜੋ ਖਾੜਕੂ ਮਰਿਆ ਦਿਖਾਇਆ ਗਿਆ ਉਹ ਉਹੀ ਫੈਕਟਰੀ ਦਾ ਗਰੀਬ ਕਾਮਾ ਸੀ ਜਿਹੜਾ ਉਨ੍ਹਾਂ ਦੇ ਗੁਆਂਢ 'ਚ ਕਿਰਾਏ ਉੱਤੇ

ਰਹਿੰਦਾ ਸੀ ਤੇ ਕਾਫੀ ਦਿਨ ਪਹਿਲਾਂ ਹੀ ਗਾਇਬ ਹੋ ਗਿਆ ਸੀ।

ਆਥਣੇ ਗੁਰਜੰਟ ਸਿੰਘ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਿੱਚ ਡਾਕਟਰ ਸ਼ਰਮਾਂ ਦੇ ਘਰੇ ਬੈਠਾ ਰੋ ਰਿਹਾ ਸੀ। ਡਾਕਟਰ ਸ਼ਰਮਾਂ ਤੇ ਪੁਸ਼ਪਾ ਉਹਨੂੰ ਦਿਲਾਸੇ ਦੇ ਦੇ ਕੇ ਚੁੱਪ ਕਰਾ ਰਹੇ ਸਨ। ਡਾਕਟਰ ਦੀਆਂ ਦੋਵੇਂ ਬੇਟੀਆਂ ਬਿਟਰ-ਬਿਟਰ ਦੇਖ ਰਹੀਆਂ ਸਨ ਕਿ ਇਹ ਵੀਰਾ ਤਾਂ ਜਦੋਂ ਵੀ ਆਉਂਦਾ ਹੈ ਤਾਂ ਹੱਸਦਾ ਹੀ ਆਉਂਦਾ ਹੈ ਤੇ ਸਾਡੇ ਨਾਲ ਆ ਕੇ ਖੇਡਣ ਲੱਗ ਜਾਂਦਾ ਹੈ, ਪਰ ਅੱਜ ਇਹਨੂੰ ਕੀ ਹੋ ਗਿਆ?

ਵੱਡੀ ਬੇਟੀ ਜਿਹੜੀ ਦਸਵੀਂ 'ਚ ਪੜ੍ਹਦੀ ਸੀ, ਰਸੋਈ ਵਿੱਚ ਅੱਖਾਂ ਭਰੀਂ ਖੜ੍ਹੀ ਆਪਣੀ ਮੰਮੀ ਨੂੰ ਪੁੱਛਣ ਲੱਗੀ, "ਮੰਮੀ ਜੀ, ਗੁਰਜੰਟ ਵੀਰਾ ਕਿਉਂ ਰੋਂਦੈ?"

"ਬੇਟੇ, ਇਹਨਾਂ ਦੇ ਕਿਸੇ ਦੀ ਡੈੱਥ ਹੋਗੀ।" ਪੁਸ਼ਪਾ ਸ਼ਰਮਾਂ ਨੇ ਕੁੜੀ ਨੂੰ ਕਹਿ ਦਿੱਤਾ।

ਹੁਣ ਕੁੜੀਆਂ ਵੀ ਗੁਰਜੰਟ ਦੇ ਕੋਲ ਸੋਫੇ ਉੱਤੇ ਅੱਖਾਂ ਭਰੀਂ ਬੈਠੀਆਂ ਸਨ।

ਡਾਕਟਰ ਸ਼ਰਮਾਂ ਪਿਛਲੇ ਸੱਤ ਸਾਲਾਂ ਤੋਂ ਗੁਰਜੰਟ ਸਿੰਘ ਨੂੰ ਜਾਣਦਾ ਸੀ। ਉਹ ਉਹਦਾ ਬੀ. ਐਸਸੀ ਵੇਲੇ ਸਲਾਹਕਾਰ ਰਿਹਾ ਸੀ। ਉਹਨੇ ਇੱਕ ਬਹੁਤ ਹੀ ਲਾਇਕ ਸਾਊ, ਅਣਭੋਲ ਤੇ ਸਾਦੇ ਜਿਹੇ ਪੇਂਡੂ ਮੁੰਡੇ ਨੂੰ ਬਹੁਤ ਕੁਝ ਸਿਖਾਇਆ ਸੀ। ਐਮ. ਐਸਸੀ ਵੀ ਗੁਰਜੰਟ ਨੇ ਡਾਕਟਰ ਸ਼ਰਮਾਂ ਕੋਲੋ ਹੀ ਕੀਤੀ ਸੀ। ਉਹਨਾਂ ਦਾ ਰਿਸ਼ਤਾ ਬਹੁਤ ਹੀ ਗੂੜ੍ਹਾ ਸੀ। ਦੋਵੇਂ ਕਈ ਵਾਰੀ ਭਰਾ ਬਣ ਕੇ ਮਿਲਦੇ ਸਨ ਤੇ ਕਈ ਵਾਰੀ ਪਿਓ ਪੁੱਤ ਬਣ ਕੇ।

...ਗੁਰਜੰਟ ਅੱਗ ਨੂੰ ਹੱਥ 'ਚ ਫੜਕੇ ਭੱਜਣ ਲਈ ਤਿਆਰ ਹੋ ਗਿਆ ਸੀ। ਡਾਕਟਰ ਸ਼ਰਮਾਂ ਨੇ ਬੜੀ ਮੁਸ਼ਕਿਲ ਨਾਲ ਉਸਨੂੰ ਇਸ ਰਸਤੇ 'ਤੇ ਤੁਰਨ ਤੋਂ ਰੋਕਿਆ।

ਡਾਕਟਰ ਸ਼ਰਮਾਂ ਗੁਰਜੰਟ ਨੂੰ ਕੁਝ ਸਮੇਂ ਬਾਅਦ ਹਰਮੀਤ ਕੌਰ ਦੇ ਰਿਸ਼ਤੇ ਲਈ ਮਨਾਉਣ 'ਚ ਸਫ਼ਲ ਹੋ ਗਿਆ। ਹਰਮੀਤ ਉਹੀ ਕੁੜੀ ਸੀ ਜਿਹੜੀ ਗੁਰਜੰਟ ਦੀ ਜਮਾਤਣ ਹੁੰਦੀ ਸੀ। ਉਹ ਡਾਕਟਰ ਸ਼ਰਮਾਂ ਦੇ ਇੱਕ ਮਿੱਤਰ ਦੀ ਛੋਟੀ ਭੈਣ ਸੀ। ਉਹ ਵੀ ਐਮ. ਐਸਸੀ ਪਾਸ ਸੀ।

ਬਹੁਤੀਆਂ ਗੱਲਾਂ ਗੁਰਜੰਟ ਬਾਰੇ ਡਾਕਟਰ ਸ਼ਰਮਾਂ ਤੇ ਪਸ਼ਪਾ ਸ਼ਰਮਾਂ ਨੇ ਹਰਮੀਤ ਨੂੰ ਦੱਸ ਦਿੱਤੀਆਂ ਤਾਂ ਕਿ ਭਵਿੱਖ ਵਿੱਚ ਕੋਈ ਮੁਸ਼ਕਿਲ ਨਾ ਖੜ੍ਹੀ ਹੋਵੇ। ਹਰਮੀਤ ਬਹੁਤ ਹੀ ਸਿਆਣੀ ਸੀ। ਉਹਨੇ ਗੁਰਜੰਟ ਨੂੰ ਜ਼ਿੰਦਗੀ ਦੀ ਲਾਇਨ ਉੱਤੇ ਬਹੁਤ ਹੀ ਵਧੀਆ ਢੰਗ ਨਾਲ ਤੋਰ ਲਿਆ।

...ਆਪਣੇ ਵਿਆਹ ਤੋਂ ਬਾਅਦ ਵੀ ਗੁਰਜੰਟ ਸਿੰਘ ਕਦੇ ਕਦਾਈਂ ਲਾਲ ਸਵੈਟਰ ਪਾ ਲੈਂਦਾ ਸੀ। ਸਵੈਟਰ ਪਾ ਕੇ ਉਹ ਹੁਣ ਆਪਣੇ ਬੇਟੇ ਨੂੰ ਦੱਸਦਾ ਕਿ ਇਹ ਸਵੈਟਰ ਉਹਨੇ ਗਿਆਰਵੀਂ ਜਮਾਤ 'ਚ ਪੜ੍ਹਦੇ ਨੇ ਖਰੀਦਿਆਂ ਸੀ। ਉਹਦਾ ਬੇਟਾ ਅੱਗੋਂ ਬੋਲਦਾ, "ਡੈਡੀ ਜੀ ਕਮਾਲ ਦੀ ਗੱਲ ਐ, ਇਹ ਤਾਂ ਹਾਲੇ ਵੀ ਥੋਡੇ ਪੂਰਾ ਫਿੱਟ ਐ...।"

ਗੁਰਜੰਟ ਹੱਸ ਪੈਂਦਾ।

ਹਰਮੀਤ ਕੌਰ ਨੇ ਕਈ ਵਾਰੀਂ ਸਵੈਟਰ ਸੁਟਣਾ ਚਾਹਿਆ। ਕਿਸੇ ਲੋੜਵੰਦ ਨੂੰ ਦੇਣ ਦੀ ਗੱਲ ਕੀਤੀ। ਪਰ ਗੁਰਜੰਟ ਕਹਿ ਦਿੰਦਾ ਸੀ, "ਸਵੈਟਰ ਈ ਐ। ਤੈਨੂੰ ਕਿਉਂ ਬੁਰਾ ਲਗਦੈ?"

"ਇਹ ਬਹੁਤ ਪੁਰਾਣੈ, ਹੁਣ ਇਹਦਾ ਪਾ ਕੇ ਕੀ ਕਰਨੈ?" ਹਰਮੀਤ ਬੋਲਦੀ।

ਉਏ, ਭਲੀਏ ਲੋਕੇ! ਮੈਨੂੰ ਏਸ ਸਵੈਟਰ ਨਾਲ ਤੇਰੇ ਵਾਂਗੂੰ ਪਿਆਰ ਐ...।" ਗੁਰਜੰਟ ਹੱਸ ਕੇ ਕਹਿ ਦਿੰਦਾ। ਹਰਮੀਤ ਚੁੱਪ ਹੋ ਜਾਂਦੀ।

...ਡਾਕਟਰ ਅਮਰ ਚੰਦ ਗੁਪਤਾ ਕੰਨ, ਨੱਕ ਅਤੇ ਗਲ੍ਹੇ ਦਾ ਮਾਹਰ ਡਾਕਟਰ ਬਣ ਗਿਆ ਸੀ। ਉਹਨੇ ਨੌਕਰੀ ਕਰਦਿਆਂ ਹੀ ਪੋਸਟ ਗਰੇਜੂਏਸ਼ਨ ਈ. ਐਨ. ਟੀ. ਦੇ ਵਿੱਚ ਕਰ ਲਈ ਸੀ। ਉਹ ਆਪਣੇ ਪੁਰਾਣੇ ਸ਼ਹਿਰ ਦੇ ਹਸਪਤਾਲ ਵਿੱਚ ਸੇਵਾ ਨਿਭਾਅ ਰਿਹਾ ਸੀ। ਇੱਕ ਦਿਨ ਗੁਰਜੰਟ ਨੂੰ ਡਾਕਟਰ ਅਮਰ ਦਾ ਸੁਨੇਹਾ ਮਿਲਿਆ ਕਿ ਉਹ ਉਸਨੂੰ ਮਿਲ ਕੇ ਜਾਵੇ।



ਦੋਨੇ ਮਿੱਤਰ ਆਪਣੇ ਪੁਰਾਣੇ ਸ਼ਹਿਰ ਵਿੱਚ ਇਕੱਠੇ ਹੋ ਗਏ। ਦੁਪਹਿਰਾ ਢਲ਼ਿਆ, ਉਨ੍ਹਾਂ ਨੇ ਸਕੀਮ ਬਣਾਈ ਕਿ ਕਾਲਜ ਦੇ ਮੂਹਰਲੀਆਂ ਗਲੀਆਂ 'ਚ ਗੇੜਾ ਲਾ ਕੇ ਆਈਏ। ਆਪਣੇ ਰਹਿਣ ਵਾਲਾ ਕਮਰਾ ਤੇ ਹੋਰ ਥਾਵਾਂ ਦੇਖੀਏ।

ਘੁੰਮਦੇ ਘੁੰਮਦੇ ਉਹ ਕੁਲਵਿੰਦਰ ਦੀ ਗਲੀ ਦਾ ਮੋੜ ਮੁੜੇ ਤਾਂ ਸਾਹਮਣੇ ਕੁਲਵਿੰਦਰ ਦੀ ਬੀਬੀ ਰਣਬੀਰ ਕੌਰ ਖੂੰਡੀ ਲਈ ਖੜ੍ਹੀ ਸੀ। ਉਨ੍ਹਾਂ ਕਾਰ ਰੋਕ ਲਈ ਤੇ ਜਾ ਕੇ ਉਹਦੇ ਪੈਰੀਂ ਹੱਥ ਲਾਏ ਤੇ ਹਾਲ ਚਾਲ ਪੁੱਛਿਆ। ਕੁਝ ਗੱਲਾਂ ਬਾਤਾਂ ਬਾਅਦ ਰਣਬੀਰ ਕੌਰ ਨੂੰ ਉਹਨਾਂ ਦੀ ਪਹਿਚਾਣ ਆਈ।

ਉਹ ਖੁਸ਼ ਹੋ ਕੇ ਉਨ੍ਹਾਂ ਨੂੰ ਅਸੀਸਾਂ ਦੇਣ ਲੱਗੀ, "ਵੇ ਪੁੱਤ! ਮੈਂ ਸਦਕੇ ਜਾਵਾਂ ਵੇ! ਆਹ ਤਾਂ ਤੁਸੀਂ ਰੰਗ ਈ ਲਾ ਤੇ। ਤੁਸੀਂ ਆਗੇ। ਮੈਂ ਵੀ ਕਹਾਂ, ਐਡੀ ਸੋਹਣੀ ਕਾਰ ਕਿਸੇ ਵੱਡੇ ਅਫ਼ਸਰ ਦੀ ਈ ਹੋਊ। ਮੈਨੂੰ ਕੀ ਪਤਾ, ਬਈ ਮੇਰੇ ਦੋ ਅਫਸਰ ਨਿਕਲਣਗੇ ਵਿਚੋਂ। ਅੱਜ ਤੜਕੇ ਈ ਕਾਂ ਬੋਲੇ, ਮੈਂ ਵੀ ਸੋਚਾਂ ਕੌਣ ਆਊ? ਹਾਏ ਹਾਏ ਵੇ ਪੁੱਤੋਂ! ਮੈਂ ਥੋਨੂੰ ਕਿਥੇ ਬਹਾਵਾਂ? ਵੇ ਥੋਨੂੰ ਕੀ ਖਵਾਵਾਂ, ਪਿਆਵਾਂ? ਵੇ ਮੈਨੂੰ ਤਾਂ ਕੁਛ ਸਮਝ ਈ ਨ੍ਹੀਂ ਲੱਗਦੀ।" ਖੂੰਡੀ ਨਾਲ ਤੁਰਨ ਵਾਲੀ ਰਣਬੀਰ ਕੌਰ ਹੁਣ ਖੂੰਡੀ ਕੱਛ ਵਿਚ ਦੇ ਕੇ ਮਟਿਆਰ ਕੁੜੀਆਂ ਵਾਂਗ ਉਹਨਾਂ ਨੂੰ ਨਾਲ ਲੈ ਕੇ ਘਰੇ ਪਹੁੰਚ ਗਈ ਸੀ।

ਘਰ ਦੇ ਵਿਹੜੇ ਵਿੱਚ ਡੇਕ ਹੁਣ ਫਿਰ ਜਵਾਨ ਹੋਈ ਖੜ੍ਹੀ ਸੀ ਹਰੀ ਕਚੂਰ। ਘਰ ਹੁਣ ਬਹੁਤ ਹੀ ਸਲੀਕੇ ਨਾਲ ਸੰਵਾਰਿਆ ਜਾਪਦਾ ਸੀ। ਘਰ ਦੇ ਹਰ ਕੋਨੇ ਵਿੱਚ ਖੁਸ਼ੀਆਂ ਦਾ ਵਾਸਾ ਨਜ਼ਰ ਆ ਰਿਹਾ ਸੀ। ਉਹ ਵਿਹੜੇ ਵਿੱਚ ਬਹਿ ਕੇ ਗੱਲਾਂ ਕਰਨ ਗੱਲੇ।

"ਬੀਬੀ ਜੀ ਰਾਮਾਂ ਅੱਜ ਕੱਲ ਕਿੱਥੇ ਹੁੰਦੈ?" ਗੁਰਜੰਟ ਨੇ ਪੁੱਛਿਆ।

"ਉਹ ਤਾਂ ਪੁੱਤ, ਯੂ. ਪੀ. 'ਚ ਇੰਜੀਨੀਅਰਿੰਗ ਦੀ ਯੂਨੀਵਰਸਿਟੀ 'ਚ ਪ੍ਰੋਫੈਸਰ ਐ। ਉਹਦੀ ਵਹੁਟੀ ਆਹ ਨਾਲ ਲੱਗਵੇ ਪਿੰਡ ਦੇ ਸਕੂਲ 'ਚ ਪੜ੍ਹਾਉਂਦੀ ਐ। ਰਾਮਾਂ ਆਉਂਦਾ ਹੁੰਦੈ ਹਰੇਕ ਵਾਰ ਐਤਵਾਰ ਨੂੰ...।" ਰਣਬੀਰ ਕੌਰ ਦੱਸਣ ਲੱਗੀ।

"ਬਹੁਤ ਵਧੀਆ, ਬੀਬੀ ਜੀ," ਅਮਰ ਬਹੁਤ ਖੁਸ਼ ਹੋਇਆ।

"ਉਹਦੇ ਕਿੰਨ੍ਹੇ ਬੱਚੇ ਨੇ, ਬੀਬੀ ਜੀ?" ਗੁਰਜੰਟ ਨੇ ਸਵਾਲ ਕੀਤਾ।

"ਦੋ ਨੇ, ਪੁੱਤ ਗੁਰਜੰਟ। ਸੁੱਖ ਨਾਲ, ਇਕ ਬੇਟਾ ਤੇ ਇਕ ਬੇਟੀ। ਪੁੱਤਾਂ ਦਾ ਤਾਂ ਠੀਕ ਐ, ਪਰ ਧੀਆਂ ਤਾਂ ਮਾਪਿਆਂ ਤੇ ਭਾਰ ਈ ਹੁੰਦੀਆਂ ਨੇ।" ਕਹਿੰਦੀ ਕਹਿੰਦੀ ਰਣਬੀਰ ਕੌਰ ਉਦਾਸ ਹੋ ਗਈ।

"ਬੱਚੇ ਪੜ੍ਹਦੇ ਨੇ ਰਾਮੇ ਦੇ, ਬੀਬੀ ਜੀ?" ਗੁਰਜੰਟ ਨੇ ਹੋਰ ਸਵਾਲ ਕਰ ਦਿੱਤਾ।

"ਹਾਂ ਪੁੱਤ ਸੁੱਖ ਨਾਲ ਬੇਟੀ ਤਾਂ ਐਮ. ਐਸ. ਸੀ. ਜੁਆਲੋਜੀ ਕਰਦੀ ਐ, ਯੂਨੀਵਰਸਿਟੀ 'ਚ। ਪੁੱਤ ਉਹਦਾ ਮੈਡੀਕਲ ਕਾਲਜ ਪੜਦੈ।"

"ਬੀਬੀ ਜੀ ਧੀ ਨੂੰ ਮਾਪਿਆਂ ਤੇ ਭਾਰ ਨਾ ਕਹੋ।" ਅਮਰ ਬੋਲਿਆ।

ਰਣਬੀਰ ਕੌਰ ਉਹਦੀ ਗੱਲ ਕੱਟਦੀ ਬੋਲੀ, "ਵੇ ਪੁੱਤ, ਥੋਨੂੰ ਤਾਂ ਪਤਾ ਈ ਐ। ਅੱਜ ਕੱਲ ਕੀ ਹੋ ਰਿਹੈ ਸਮਾਜ 'ਚ ਦੇਸ਼ 'ਚ। ਹਰ ਪਾਸੇ ਕੁੜੀਆਂ ਤੇ ਈ ਮਾਰਾਂ ਪੈਂਦੀਆਂ ਨੇ। ਪਹਿਲਾਂ ਕੁਲਵਿੰਦਰ ਦਾ ਦੇਖਲੋ।" ਰਣਬੀਰ ਕੌਰ ਬੋਲਦੀ ਬੋਲਦੀ ਚੁੱਪ ਕਰ ਗਈ ਤੇ ਅੱਖਾਂ ਭਰ ਆਈ।

ਥੋੜ੍ਹੇ ਚਿਰ ਲਈ ਉਹ ਸਾਰੇ ਹੀ ਚੁੱਪ ਹੋ ਗਏ। ਫਿਰ ਰਣਬੀਰ ਕੌਰ ਉਹਨਾਂ ਨੂੰ ਪੁੱਛਣ ਲੱਗੀ, "ਪੁੱਤ ਥੋਡੇ ਬੱਚੇ ਕਿੰਨ੍ਹੇ ਕਿੰਨੇ ਨੇ? ਕੀ ਕੀ ਕਰਦੇ ਨੇ?"

ਅਮਰ ਦੱਸਣ ਲੱਗਿਆ, "ਬੀਬੀ ਜੀ, ਗੁਰਜੰਟ ਦੇ ਇੱਕ ਬੇਟਾ ਐ। ਉਹ ਯੂਨੀਵਰਸਿਟੀ 'ਚ ਸਹਾਇਕ ਪ੍ਰੋਫੈਸਰ ਲੱਗ ਗਿਆ। ਮੇਰਾ ਵੀ ਇਕੋ ਪੁੱਤ 'ਐ। ਉਹ ਡਾਕਟਰ ਬਣ ਗਿਆ।"

"ਬਹੁਤ ਖ਼ੁਸ਼ੀ ਦੀ ਗੱਲ ਐ, ਪੁੱਤਰੋਂ !" ਰਣਬੀਰ ਕੌਰ ਖ਼ੁਸ਼ ਹੋ ਕੇ ਬੋਲੀ।

ਹੋਰ ਗੱਲਾਂ ਹੁੰਦੀਆਂ ਰਹੀਆਂ। ਪੁਰਾਣੀਆਂ ਪੁਰਾਣੇ ਸਮੇਂ ਦੀਆਂ।

ਅਮਰ ਤੇ ਗੁਰਜੰਟ ਨੇ ਬੀਬੀ ਜੀ ਕੋਲੋਂ ਜਾਣ ਦੀ ਆਗਿਆ ਮੰਗੀ। ਪਰ ਬੀਬੀ ਜੀ ਉਹਨਾਂ ਨੂੰ ਰਹਿਣ ਲਈ ਕਹਿੰਦੇ ਰਹੇ। ਉਹਨਾਂ ਨੇ ਅਗਲੇ ਮਹੀਨੇ ਪਰਿਵਾਰਾਂ ਸਮੇਤ ਮਿਲਣ ਦਾ ਸਮਾਂ ਤੇ ਦਿਨ ਨਿਸਚਿਤ ਕੀਤਾ ਤਾਂ ਕਿ ਪਰਿਵਾਰਾਂ ਦੇ ਸਾਰੇ ਮੈਂਬਰ ਆਪਸ ਵਿੱਚ ਮਿਲ ਸਕਣ ਤੇ ਇੱਕ ਦੂਜੇ ਨੂੰ ਜਾਣ ਸਕਣ।

"ਲਓ ਫੜੋ ਨੌਜਵਾਨ ਜੀ ਲਾਲ ਸਵੈਟਰ।" ਹਰਮੀਤ ਨੇ ਸਵੈਟਰ ਫੜਾਉਂਦਿਆਂ ਕਿਹਾ। ਗੁਰਜੰਟ ਸਿੰਘ ਦੀ ਹੁਣ ਸੁਰਤੀ ਟੁੱਟੀ। ਉਹਨੇ ਸਵੈਟਰ ਕੋਟ ਦੇ ਹੇਠਾਂ ਪਾ ਲਿਆ। ਇੰਝ ਪਾ ਕੇ ਉਹਨੂੰ ਲੱਗਿਆ ਕਿ ਪੁਰਾਣਾ ਸਵੈਟਰ ਹੈ, ਬੁਰਾ ਲੱਗੇਗਾ। ਉਹਨੇ ਕਮੀਜ਼ ਦੇ ਥੱਲੇ ਦੀ ਪਾਉਣ ਲਈ ਕੋਟ ਫੇਰ ਲਾਹ ਲਿਆ। ਐਨੇ ਨੂੰ ਹਰਮੀਤ ਫਿਰ ਆ ਗਈ ਤੇ ਬੋਲੀ, "ਹੁਣ ਕੀ ਹੋ ਗਿਆ? ਦੁਬਾਰਾ ਕੋਟ ਲਾਹ ਲਿਆ??"

"ਕੁਛ ਨ੍ਹੀਂ ਕੁਛ ਨ੍ਹੀਂ।" ਕਹਿੰਦਿਆਂ ਉਹਨੇ ਕੋਟ ਦੁਬਾਰਾ ਪਾ ਲਿਆ। ਟਾਈ ਠੀਕ ਕੀਤੀ। ਉਹਨੂੰ ਇਹ ਸਮਝ ਨਹੀਂ ਲੱਗ ਰਹੀ ਸੀ ਕਿ ਵਿਆਹ ਕਿਸਦਾ ਹੈ? ਉਹਦਾ ਆਪਣਾ? ਨਹੀਂ ਬੇਟੇ ਰਵੀ ਦਾ?

ਇਸ ਸੋਚ ਨੂੰ ਦਰੁਸ਼ਤ ਕਰਨ ਲਈ ਉਹਨੇ ਅੱਖਾਂ ਮਲੀਆਂ ਤੇ ਆਸਾ ਪਾਸਾ ਦੇਖਿਆ। ...ਸੋਚ ਮਨ 'ਚ ਪਤਾ ਨਹੀਂ ਕਿਥੇ ਅਟਕੀ ਸੀ? ਨਿਕਲ ਨਹੀਂ ਰਹੀ ਸੀ। ਇਹੋ ਵਾਰ ਵਾਰ ਖਿਆਲ ਆ ਰਿਹਾ ਸੀ ਕਿ ਮੇਰਾ ਵਿਆਹ ਹੈ...।

ਉਹ ਸ਼ੀਸ਼ੇ ਮੂਹਰੇ ਜਾ ਖੜ੍ਹਿਆ । ਉਹਨੂੰ ਆਪਣਾ ਆਪ ਅੰਤਾਂ ਦਾ ਸੋਹਣਾ ਲੱਗਿਆ। ਉਹਨੇ ਮੁੱਛਾਂ ਨੂੰ ਤਾਅ ਦਿੱਤਾ। ਉਹ ਕੁਝ ਆਪ ਵਿੱਚ ਪਰਤਿਆ।

ਜਦ ਉਹ ਸ਼ੀਸ਼ੇ ਮੂਹਰੋਂ ਪਰ੍ਹਾਂ ਹੋਇਆ ਤਾਂ ਫਿਰ ਉਹੀ ਖਿਆਲ ਕਿ ਮੇਰਾ ਵਿਆਹ ਹੈ। ਇਸ ਸੋਚਾਂ ਦੀ ਤਾਣੀ 'ਚ ਉਲਝਿਆ ਉਹ ਕਮਰੇ ਵਿੱਚੋਂ ਬਾਹਰ ਆ ਗਿਆ। ਉਹ ਤਿਆਰ ਹੋਏ ਬਰਾਤੀਆਂ ਵਿੱਚ ਦੀ ਲੰਘ ਤੁਰਿਆ। ਮੇਲਣਾ ਦੇ ਗੀਤ ਉਹਦੇ ਮਨ ਨੂੰ ਸਕੂਨ ਦੇ ਰਹੇ ਸਨ।

ਨਸ਼ੇ ਜਿਹੇ ਵਿੱਚ ਉਹ ਸੋਚਦਾ ਸੋਚਦਾ ਵਿਚੋਲੇ ਡਾਕਟਰ ਅਮਰ ਦੇ ਨਾਲ ਕਾਰ ਵਿੱਚ ਜਾ ਬੈਠਿਆ। ਉਹਨੇ ਆਪਣੇ ਮਨ ਨੂੰ ਕਿਹਾ, ਵਿਆਹ ਜੀਹਦਾ ਮਰਜ਼ੀ ਹੋਵੇ ਪਰ...।

ਉਹਦਾ ਜੀਅ ਕੀਤਾ ਕਿ ਉਹ ਲਲਕਾਰਾ ਮਾਰੇ, ਫਿਰ ਉਹਨੇ ਆਸੇ ਪਾਸੇ ਗਰਦਨ ਘੁੰਮਾਈ। ਨਾਲ ਬੈਠੇ ਡਾਕਟਰ ਅਮਰ ਨੂੰ ਹੱਸਕੇ ਕਹਿਣ ਲੱਗਾ, "ਬੜਾ ਖ਼ੁਸ਼ ਐਂ ਉਏ, ਅੱਜ ਤੂੰ ਡਾਕਟਰਾ...।"

ਡਾਕਟਰ ਅਮਰ ਅੱਗੋਂ ਬੋਲਿਆ, "ਮੈਂ ਤਾਂ ਹੈਗਾ ਈ ਆ। ਤੈਨੂੰ ਖ਼ੁਸ਼ੀ ਸਾਰੇ ਜੱਗ ਜਹਾਨ ਤੋਂ ਵੱਧ ਹੋਣੀ ਚਾਹੀਂਦੀ ਐ, ਮੇਰਿਆ ਯਾਰਾ! ਅੱਜ ਤੂੰ ਕੁਲਵਿੰਦਰ ਦੀ ਭਤੀਜੀ ਨੂੰ ਆਵਦੇ ਪੁੱਤ ਵਾਸਤੇ ਵਿਆਹੁਣ ਚੱਲਿਐਂ।"

ਇਹ ਸੁਣਕੇ ਉਹ ਡਾਕਟਰ ਅਮਰ ਵੱਲ ਦੇਖਕੇ ਮੁਸ਼ਕਰਾਇਆ ਤੇ ਕੋਟ ਦੇ ਹੇਠਾਂ ਲਾਲ ਸਵੈਟਰ 'ਤੇ ਹੱਥ ਫੇਰਨ ਲੱਗ ਪਿਆ। ਉਹਨੂੰ ਸਵੈਟਰ ਅੱਜ ਵੀ ਨਵਾਂ ਨਕੋਰ ਲੱਗਦਾ ਸੀ।

ਬਰਾਤ ਵਾਲੀਆਂ ਕਾਰਾਂ ਦਾ ਕਾਫਲਾ ਸੜਕ ਉੱਤੇ ਤੁਰ ਪਿਆ ਸੀ।

Add.Gurmail Biroke, Í0-15155@-62-A, Avenue, SURREY, BC, V Í S 8A6, Ph:+1 604-825-805Í,e-mail:gurmailbiroke@gmail.com



## ਵਿਚਾਰ ਚਰਚਾ

# ਸਮਕਾਲੀ ਕਹਾਣੀ ਨੂੰ ਪੜ੍ਹਦਿਆਂ ਤੇ ਸਮਝਦਿਆਂ

***ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਐਮ. ਫਿਲ, ਪੀਐਚ. ਡੀ . ਦੇ ਕੁੱਝ ਵਿਦਿਆਰਥੀ ਮੇਰੇ ਸੰਪਰਕ ਵਿਚ ਸਨ। ਜਿਹੜੇ ਕਿ ਸਾਹਿਤ ਨਾਲ ਜੁੜੇ ਹੋਏ ਸਨ। ਜਦੋਂ ਮੈਂ ਕ'ਹਾਣੀ ਧਾਰਾ' ਦਾ ਕਹਾਣੀ ਅੰਕ ਤਿਆਰ ਕਰ ਰਿਹਾ ਸੀ ਕਿ ਤਾਂ ਸੋਚਿਆ ਕਿ ਇਨ੍ਹਾਂ ਵਿਦਿਆਰਥੀਆਂ ਤੋਂ ਸਮਕਾਲੀ ਪੰਜਾਬੀ ਕਹਾਣੀ ਤੇ ਵਿਚਾਰ ਚਰਚਾ ਕਰਵਾ ਕੇ ਅੰਕ ਵਿਚ ਛਾਪੀ ਜਾਵੇ। ਸੋ ਉਨ੍ਹਾਂ ਨੂੰ ਕਹਿ ਦਿੱਤਾ। ਉਨ੍ਹਾਂ ਨੂੰ ਇਹ ਹੀ ਕਿਹਾ ਗਿਆ ਕਿ ਤੁਸੀਂ ਨਵੀਂ ਕਹਾਣੀ ਦੇ ਗੱਲ ਬਾਤ ਰਿਕਾਰਡ ਕਰਕੇ ਅਤੇ ਉਸ ਦੀ ਸਕਰਿਪਟ ਤਿਆਰ ਕਰਕੇ ਭੇਜਣੀ ਹੈ। ਸੋ ਉਨ੍ਹਾਂ ਨੇ ਆਪਣੇ ਪੱਧਰ ਤੇ ਵਿਚਾਰ ਚਰਚਾ ਤਿਆਰ ਕਰਕੇ ਭੇਜੀ ਹੈ। ਵਿਚਾਰ ਚਰਚਾ ਦੀ ਵਿਧੀ, ਵਿਧਾਨ ਅਤੇ ਕਹਾਣੀਆਂ ਦੀ ਚੋਣ ਉਨ੍ਹਾਂ ਦੀ ਨਿੱਜੀ ਹੈ। ਭਵਿੱਖ ਵਿਚ ਅਸੀਂ ਹੋਰ ਸਾਹਿਤ ਦੇ ਰੂਪਾਂ ਬਾਰੇ ਵੀ ਵਿਚਾਰ ਚਰਚਾ ਕਰਵਾ ਕੇ ਪ੍ਰਕਾਸ਼ਿਤ ਕਰਿਆ ਕਰਾਂਗੇ। ਹੋਰ ਯੂਨੀਵਰਸਿਟੀਆਂ ਦੇ ਖੋਜ ਵਿਦਿਆਰਥੀ ਵੀ ਸਾਨੂੰ ਇਸ ਤਰ੍ਹਾਂ ਦੀਆਂ ਵਿਚਾਰ ਚਰਚਾ ਕਰਕੇ ਭੇਜ ਸਕਦੇ ਹਨ। ਇਸ ਸਬੰਧੀ ਮੇਰੇ ਨਾਲ ਸੰਪਰਕ ਹੋਰ ਵਿਦਿਆਰਥੀ ਵੀ ਕਰ ਸਕਦੇ ਹਨ। ਇਸ ਕਿਸਮ ਦਾ ਪਹਿਲਾਂ ਤੇ ਨਿਵੇਕਲਾ ਯਤਨ ਹੈ ਉਮੀਦ ਹੈ ਪਾਠਕਾਂ ਨੂੰ ਪਸੰਦ ਆਵੇਗਾ। ਇਸ ਗਰੁਪ ਨੇ ਆਪਣਾ ਨਾਂ 'ਡਾ. ਰਵੀ ਖੋਜ ਸਕੂਲ' ਦਿੱਤੇ ਹੈ।-ਸੰਪਾਦਕ***

ਸਮਕਾਲੀ ਪੰਜਾਬੀ ਸਾਹਿਤ ਵਿਚ ਕਹਾਣੀ ਗਿਣਤੀ ਪੱਖੋਂ ਵਧੇਰੇ ਛਪਣ ਵਾਲੀਆਂ ਵਿਧਾਵਾਂ ਵਿਚੋਂ ਇੱਕ ਹੈ। ਕਹਾਣੀ ਸੰਗ੍ਰਹਿਆਂ ਤੋਂ ਇਲਾਵਾ ਸਾਹਿਤਕ-ਰਸਾਲਿਆਂ ਦੇ ਹਰੇਕ ਅੰਕ ਵਿਚ ਕਹਾਣੀਆਂ ਪ੍ਰਕਾਸ਼ਿਤ ਹੁੰਦੀਆਂ ਹਨ। ਸਾਡੇ ਸਾਹਮਣੇ ਮੁੱਖ ਸਵਾਲ ਇਹ ਹੈ ਕਿ ਕੋਈ ਕਹਾਣੀ ਪਾਠਕ ਨੂੰ ਕਿਵੇਂ ਪ੍ਰਵਾਭਿਤ ਕਰਦੀ ਹੈ? ਕਹਾਣੀ ਦਾ ਵਿਸ਼ਾ ਪਾਠਕ ਨੂੰ ਪ੍ਰਭਾਵਿਤ ਕਰਦਾ ਹੈ ਜਾਂ ਉਸਦੀ ਬਿਰਤਾਂਤਕਾਰੀ ਪਾਠਕ ਨੂੰ ਟੁੰਬਦੀ ਹੈ। ਇਨ੍ਹਾਂ ਸਵਾਲਾਂ ਨੂੰ ਮੁਖ਼ਾਤਿਬ ਹੋਣ ਲਈ ਅਸੀਂ ਕੁੱਝ ਕਹਾਣੀਆਂ 'ਤੇ ਪਾਠਕੀ ਚਰਚਾ ਕੀਤੀ ਹੈ। ਇਹ ਕਹਾਣੀਆਂ 2017 ਵਿਚ ਪ੍ਰਕਾਸ਼ਿਤ ਹੋਈਆਂ ਹਨ। (ਵੱਲੋਂ-ਡਾ. ਰਵੀ ਖੋਜ ਸਕੂਲ ਪਟਿਆਲਾ)

### ਸਿੰਗਲ ਮਾਲਟ ਏਨੀ ਸੁਰਖ਼ ਨਹੀਂ ਹੁੰਦੀ- ਸੁਖਜੀਤ (ਹੁਣ, ਜਨਵਰੀ-ਅਗਸਤ 2017)

**ਗੁਰਦੇਵ:** ਸੁਖਜੀਤ ਦੀ ਕਹਾਣੀ 'ਸਿੰਗਲ ਮਾਲਟ ਇੰਨੀ ਸੁਰਖ ਨਹੀਂ ਹੁੰਦੀ' ਨੂੰ ਜਦੋਂ ਮੈਂ ਇੱਕ ਪਾਠਕ ਵਜੋਂ ਪੜ੍ਹਿਆ ਤਾਂ ਮੈਨੂੰ ਇਹ ਕਹਾਣੀ ਕਾਫ਼ੀ ਰੌਚਕ ਲੱਗੀ। ਇਸ ਰਚਨਾ ਵਿਚ ਕਸ਼ਮੀਰ ਬਾਰੇ ਅਨੇਕਾਂ ਵਿਸ਼ਿਆਂ ਅਤੇ ਪੱਖਾਂ ਦੀ ਕਲਾਤਮਕ ਪੇਸ਼ਕਾਰੀ ਕੀਤੀ ਗਈ ਹੈ। ਕਹਾਣੀਕਾਰ ਨੇ ਕਹਾਣੀ ਵਿਚ ਸਦੀਵੀਂ ਤੇ ਸਮਕਾਲੀ ਮਸਲਿਆਂ ਨੂੰ ਵਿਲੱਖਣ ਨੁਕਤਾ-ਨਿਗਾਹ ਤੋਂ ਪੇਸ਼ ਕੀਤਾ ਹੈ, ਜਿਵੇਂ ਕਿ ਮਨੁੱਖ ਦੀ ਹੋਣੀ ਤੇ ਪਛਾਣ, ਕਸ਼ਮੀਰ ਦਾ ਮੁੱਦਾ, ਕਸ਼ਮੀਰੀ ਲੋਕਾਂ ਦੀ ਸਥਿਤੀ, ਆਰਮੀ ਅਫ਼ਸਰਾਂ ਦਾ ਕਿਰਦਾਰ, ਹਿੰਦੂ-ਰਾਸ਼ਟਰਵਾਦ ਦਾ ਏਜੰਡਾ ਆਦਿ। ਕਹਾਣੀਕਾਰ ਇੰਨੇ ਸੰਜੀਦਾ ਢੰਗ ਨਾਲ ਇਨ੍ਹਾਂ ਸਾਰੇ ਮੁੱਦਿਆਂ ਨੂੰ ਪੇਸ਼ ਕਰਦਾ ਹੈ ਕਿ ਕਥਾ ਤੇ ਕਲਾਤਮਕਤਾ ਕੁਸ਼ਲ ਜੋਗ ਵਾਂਗ ਸਹਿਜ ਤੁਰਦੇ ਹਨ। ਕਸ਼ਮੀਰ ਦਾ ਮੁੱਦਾ ਪਿਛਲੇ ਲੰਮੇ ਅਰਸੇ ਤੋਂ ਸੁਰਖੀਆਂ ਦੇ ਵਿੱਚ ਚਲਿਆ ਆ ਰਿਹਾ ਹੈ। ਇਸ ਪ੍ਰਤੀ ਮੀਡੀਆ ਤੋਂ ਪ੍ਰਭਾਵਿਤ

ਲੋਕਾਂ ਵਿਚ ਕਈ ਤਰ੍ਹਾਂ ਦੀਆਂ ਰਾਵਾਂ ਬਣੀਆਂ ਹੋਈਆਂ ਹਨ ਲੇਕਿਨ ਇਸ ਦਰਮਿਆਨ ਕਸ਼ਮੀਰ ਦੀ ਵਾਸਤਵਿਕ ਸਥਿਤੀ ਵੱਲ ਕਿਸੇ ਦਾ ਧਿਆਨ ਨਹੀਂ ਜਾਂਦਾ। ਇਹ ਕਹਾਣੀ ਕਸ਼ਮੀਰੀ ਮੁਸਲਮਾਨਾਂ, ਕਸ਼ਮੀਰੀ ਹਿੰਦੂ ਤੇ ਸਿੱਖਾਂ, ਆਰਮੀ, ਵੱਖਵਾਦੀਆਂ, ਰਾਸ਼ਟਰਵਾਦੀਆਂ ਤੇ ਹਿੰਦੂ ਰਾਸ਼ਟਰਵਾਦੀਆਂ ਦੇ ਕਿਰਦਾਰ ਤੇ ਭੂਮਿਕਾ ਵੱਲ ਧਿਆਨ ਦਵਾਉਂਦੀ ਹੈ। ਇਸ ਸਮੁੱਚੇ ਪ੍ਰਸੰਗ ਵਿਚ ਕਹਾਣੀ ਕਸ਼ਮੀਰ ਬਾਰੇ ਬਹੁਤ ਸਾਰੇ ਧੁੰਦਲੇ ਪੱਖਾਂ ਨੂੰ ਕਲਾਤਮਕ ਤਰੀਕੇ ਨਾਲ ਪੇਸ਼ ਕਰਦੀ ਹੈ।

ਕਹਾਣੀ ਵਿਚ ਇਕ ਲੜਕੀ ਦਾ ਕਾਰ ਨਾਲ ਟਕਰਾਉਣਾ, ਉਸਦਾ ਗੌੜ ਬ੍ਰਾਹਮਣ ਜਾਤੀ ਨਾਲ ਸੰਬੰਧਿਤ ਹੋਣ ਬਾਰੇ ਝੂਠ ਬੋਲਣਾ, ਪ੍ਰੋਫੈਸਰ ਦੇ ਘਰ ਪਹੁੰਚਣਾ, ਪ੍ਰੋਫੈਸਰ ਦੇ ਘਰਦਿਆਂ ਨਾਲ ਬਹੁਤ ਜਲਦੀ ਘੁਲ-ਮਿਲ ਜਾਣਾ ਆਦਿ ਤੱਕ ਕਹਾਣੀ ਬਹੁਤ ਸਹਿਜ ਤੁਰਦੀ ਹੈ। ਕਹਾਣੀ ਵਿਚ ਜਦੋਂ ਨਲਿਨੀ ਬ੍ਰਾਹਮਣ ਹੋਣ ਕਾਰਨ ਵਾਪਰੇ ਤਸ਼ੱਦਦ ਬਾਰੇ ਦੱਸਦੀ ਹੈ ਤਾਂ ਇਹ ਘੱਟ ਗਿਣਤੀਆਂ ਦੇ ਮਸਲੇ ਤੇ ਸਥਿਤੀ ਦੀ ਨਾਜ਼ੁਕਤਾ ਬਾਰੇ ਇਸ਼ਾਰਾ ਕਰਦਾ ਮਹਿਸੂਸ ਹੁੰਦਾ ਹੈ। ਇਹ ਇਸ਼ਾਰਾ ਦੱਸਦਾ ਹੈ ਕਿ ਘੱਟ ਗਿਣਤੀਆਂ ਦਾ ਮਸਲਾ ਬਹੁਤ ਸੰਵੇਦਨਸ਼ੀਲ ਤੇ ਗੰਭੀਰ ਹੈ। ਇਸਦਾ ਕਾਰਨ ਹੈ ਕਿ ਕਸ਼ਮੀਰ ਵਿਚ ਪੰਡਤਾਂ ਦੀ ਸਥਿਤੀ ਤੇ ਭਾਰਤ ਵਿਚ ਮੁਸਲਮਾਨਾਂ ਦੀ ਸਥਿਤੀ ਵਿਚ ਕਾਫ਼ੀ ਸਮਾਨਤਾਵਾਂ ਹਨ। ਇਸ ਸੰਬੰਧ ਵਿਚ ਕਹਾਣੀ ਦਾ ਦੂਜਾ ਪੱਖ ਹੈ ਕਿ ਰਾਜਨੀਤਿਕ ਦਖਲਅੰਦਾਜ਼ੀ ਕਾਰਨ ਇਹ ਮਸਲਾ ਪ੍ਰਚੰਡ ਬਣਿਆ ਹੋਇਆ ਹੈ।

ਕਹਾਣੀ ਸਪਸ਼ਟ ਸੰਕੇਤ ਕਰਦੀ ਹੈ ਕਿ ਰਾਜਨੀਤਿਕ ਪੈਤੜੇਬਾਜ਼ ਇਸ ਮਸਲੇ ਨੂੰ ਕਿਸ ਤਰ੍ਹਾਂ ਆਪਣੇ ਹਿੱਤਾਂ ਲਈ ਵਰਤ ਰਹੇ ਹਨ। ਕਹਾਣੀ ਇਸ਼ਾਰਾ ਕਰਦੀ ਹੈ ਜਿਵੇਂ ਬ੍ਰਾਹਮਣ ਜਾਂ ਹਿੰਦੂ ਧਰਮ ਨਾਲ ਸੰਬੰਧਿਤ ਗਭਰੇਟਾਂ ਨੂੰ ਮੁਸਲਮਾਨਾ ਖ਼ਿਲਾਫ਼ ਵਰਤੇ ਜਾਣ ਦੀ ਤਿਆਰੀ ਹੈ, ਉਵੇਂ ਹੀ ਮੁਸਲਮਾਨ ਲੜਕੇ/ਲੜਕੀਆਂ ਨੂੰ ਹਿੰਦੂ ਬਣਾ ਕੇ ਵਰਤਿਆ ਜਾ ਰਿਹਾ ਹੈ। ਇਥੇ ਅਪ੍ਰਤੱਖ ਰੂਪ ਵਿਚ ਕਹਾਣੀਕਾਰ ਇਸ਼ਾਰਾ ਕਰਦਾ ਲੱਗਦਾ ਹੈ ਕਿ ਮਨੁੱਖ ਧਰਮ ਸਿਰਜਤ ਨਹੀਂ ਹੈ ਸਗੋਂ ਧਰਮ ਮਨੁੱਖ ਸਿਰਜਿਤ ਹੈ। ਹਿੰਦੂ ਰਾਸ਼ਟਰਵਾਦੀ ਵਿਚਾਰਧਾਰਾ ਨਾਲ ਸੰਬੰਧਿਤ ਪਾਤਰ ਇਕ ਥਾਂ ਦੱਸਦਾ ਹੈ ਕਿ ਪੂਰੀ ਦੁਨੀਆਂ ਵਿਚ ਵੱਖ-ਵੱਖ ਧਰਮਾਂ ਨਾਲ ਸੰਬੰਧਿਤ ਬਹੁਤ ਸਾਰੇ ਦੇਸ਼ ਹਨ ਪਰੰਤੂ ਹਿੰਦੂ ਧਰਮ ਜੋ ਦੁਨੀਆਂ ਵਿਚ ਸਭ ਧਰਮਾਂ ਤੋਂ ਪੁਰਾਤਨ ਤੇ ਸਨਾਤਨ ਧਰਮ ਹੈ। ਉਸਦਾ ਕੋਈ ਸੰਪੂਰਨ ਹਿੰਦੂ ਦੇਸ਼ ਨਹੀਂ ਹੈ। ਇਸ ਗੱਲ ਵਿਚ ਕਹਾਣੀ ਦਾ 'ਕੇਂਦਰ' ਵੀ ਨਜ਼ਰ ਆਉਂਦਾ ਹੈ ਜਿਸ ਲਈ ਇਹ ਕਹਾਣੀ ਸਿਰਜਤ ਹੈ ਕਿ ਕਿਵੇਂ ਇਕ ਵਿਲੱਖਣਤਾਵਾਂ ਵਾਲੇ ਦੇਸ਼ ਨੂੰ ਇਕੋ ਰੰਗਤ ਦੇਣ ਦੀਆਂ ਕੋਸ਼ਿਸ਼ ਸੁਚੇਤ ਰੂਪ ਦੇ ਵਿਚ ਕੀਤੀਆਂ ਜਾ ਰਹੀਆਂ ਹਨ। ਕਹਾਣੀ ਵਿਚ ਮਿਸ਼ਨ 'ਤੇ ਭੇਜੇ ਜਾਣ ਵਾਲੇ ਬੱਚਿਆਂ ਨੂੰ ਤਿਆਰੀ ਵੀ ਇਸ ਢੰਗ ਨਾਲ ਕਰਵਾਈ ਜਾਂਦੀ ਹੈ ਕਿ ਉਹਨਾਂ ਲਈ 'ਬੀਫ' ਖਾਣਾ ਵੀ ਧਰਮ-ਹਿਤ ਕਾਰਜ ਬਣਾ ਦਿੱਤਾ ਜਾਂਦਾ ਹੈ ਜਦੋਂ ਕਿ ਦੇਸ਼ ਦੇ ਹਾਲਾਤ ਇਹ ਹਨ ਕਿ ਇਥੇ ਇੱਕ ਅਫਵਾਹ ਕਾਰਨ ਹੀ ਕਿਸੇ ਵੀ ਮੁਸਲਮਾਨ ਨੂੰ 'ਬੀਫ' ਦੇ ਨਾਂ ਤੇ ਪਰਿਵਾਰ ਸਮੇਤ ਕਤਲ ਕਰ ਦਿੱਤਾ ਜਾਂਦਾ ਹੈ। ਕਹਾਣੀ ਵਿਚ ਇਸ ਤਰ੍ਹਾਂ ਦੀਆਂ ਗੁੱਝੀਆਂ ਰਮਜਾਂ ਥਾਂ-ਥਾਂ ਨਜ਼ਰ ਆਉਂਦੀਆ ਹਨ। ਕਹਾਣੀ ਵਿਚ ਇਕ ਥਾਂ ਇਹ ਵੀ ਇਸ਼ਾਰਾ ਕੀਤਾ ਗਿਆ ਹੈ ਕਿ 'ਭੁੱਖ' ਬੰਦੇ ਤੋਂ ਕੁਝ ਵੀ ਕਰਵਾ ਸਕਦੀ ਹੈ ਤੇ ਭੁੱਖ ਹਰ ਧਰਮ ਤੋਂ ਵੱਡੀ ਹੈ। ਕਹਾਣੀ ਬਾਖੂਬੀ ਇਸ ਤੱਥ ਨੂੰ ਪੇਸ਼ ਕਰਦੀ ਹੈ ਕਿ ਆਮ ਲੋਕਾਈ ਇਸ ਸੰਕੀਰਨਤਾ ਵਾਲੀ ਸਥਿਤੀ ਵਿਚ ਚੱਕੀ ਦੇ ਪੁੜਾਂ ਵਿਚਕਾਰ ਪਿਸ ਰਹੀ ਹੁੰਦੀ ਹੈ। ਪਰੰਤੂ ਇਸ ਤਰ੍ਹਾਂ ਦੇ ਮਾਹੌਲ ਵਿਚ ਵੀ ਇਨਸਾਨੀਅਤ ਜਿਉਂਦੀ ਰਹਿੰਦੀ ਹੈ। ਕਹਾਣੀ ਇਸ ਤੱਥ ਵੱਲ ਵਿਸ਼ੇਸ਼ ਇਸ਼ਾਰਾ ਕਰਦੀ ਹੈ ਕਿ ਰਾਜਨੀਤੀ ਵੱਲੋਂ ਚਾਹੇ ਲੱਖ ਸੁਚੇਤ ਕੋਸ਼ਿਸ਼ਾਂ ਕੀਤੀਆਂ ਜਾਣ ਪਰ ਲੋਕਾਂ ਅੰਦਰ ਬੈਠੀ 'ਸਾਂਝ' ਤੇ ਭਾਈਚਾਰੇ ਦੀ ਭਾਵਨਾ ਨੂੰ ਖ਼ਤਮ ਕਰਨਾ ਆਸਾਨ ਨਹੀਂ ਹੈ। ਕਹਾਣੀ ਦਾ ਅੰਤ ਇਸ ਬਾਬਤ ਪ੍ਰਮਾਣ ਬਣਦਾ ਹੈ ਜਦੋਂ ਜ਼ੁਬੈਦਾਂ ਉਰਫ ਨੀਲੂ ਉਰਫ ਨਲਨੀ ਪ੍ਰੋਫੈਸਰ ਦੇ ਅਗਵਾ ਕੀਤੇ ਪਰਿਵਾਰ ਨੂੰ ਸਹੀ ਸਲਾਮਤ ਵਾਪਿਸ ਭੇਜਣ ਵਿਚ ਮਦਦਗਾਰ ਬਣਦੀ ਹੈ। ਜ਼ੁਬੈਦਾਂ



ਅੰਦਰਲੀ ਔਰਤ ਇਸ ਗੱਲ ਦੀ ਗਵਾਹ ਬਣਦੀ ਹੈ ਕਿ ਲੋਕਾਈ ਅੰਦਰ ਇਨਸਾਨੀਅਤ ਦੇ ਅੰਸ਼ ਮੌਜੂਦ ਹਨ ਤੇ ਇਹ ਇਸ਼ਾਰਾ ਵੀ ਹੈ ਕਿ ਸਧਾਰਨ ਲੋਕਾਂ ਅੰਦਰ ਉਸ ਕਿਸਮ ਦੀ ਕੱਟੜਤਾ ਨਹੀਂ ਜਿਸ ਤਰ੍ਹਾਂ ਦੀ ਕੱਟੜਤਾ ਰਾਜਨੀਤਿਕ ਧਿਰਾਂ ਸੱਤਾ ਹਥਿਆਉਣ ਲਈ ਸੁਚੇਤ ਰੂਪ ਵਿਚ ਬੀਜਣਾ ਚਾਹੁੰਦੀਆਂ ਹਨ, ਮੇਰੀ ਸਮਝ ਮੁਤਾਬਿਕ ਇਹ ਕਹਾਣੀ ਸਮਕਾਲ 'ਚ ਪੈਦਾ ਹੋ ਰਹੇ ਰਾਸ਼ਟਰਵਾਦ, ਧਰਮ, ਜਾਤ ਆਦਿ ਦੇ ਵੱਖ-ਵੱਖ ਮਸਲਿਆਂ ਬਾਰੇ ਸਮਝ ਵਿਕਸਤ ਕਰਨ ਲਈ ਨਿੱਗਰ ਸਾਹਿਤਕ ਕਿਰਤ ਹੈ।

**ਪ੍ਰਭਜੋਤ**: ਮੈਂ ਇਸ ਕਹਾਣੀ ਨੂੰ ਪੜ੍ਹਦੇ ਹੋਏ ਇਸ ਸਿੱਟੇ ਤੇ ਪਹੁੰਚੀ ਕਿ ਇਸ ਕਹਾਣੀ ਵਿੱਚ ਮਨੁੱਖ ਦੇ ਅੰਦਰ ਰਹਿੰਦੀ ਮਨੁੱਖਤਾ ਦੀ ਪੇਸ਼ਕਾਰੀ ਕੀਤੀ ਹੈ, ਜੋ ਕਿ ਬਦਤਰ ਤੋਂ ਬਦਤਰ ਹਾਲਾਤ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਕਾਇਮ ਰਹਿੰਦੀ ਹੈ। ਜਿਵੇਂ ਕਿ ਇਸ ਕਹਾਣੀ ਦੀ ਪਾਤਰ ਨਲਿਨੀ ਜਾਂ ਜ਼ੁਬੇਦਾ ਜਿਸ ਬਾਰੇ ਕਹਾਣੀ ਦੇ ਮੱਧ ਵਿੱਚ ਕਈ ਸੰਕਾਵਾਂ ਉੱਠਦੀਆਂ ਹਨ। ਬੇਸ਼ਕ ਉਹ ਆਪ ਵੀ ਕੂਟਨੀਤਕ ਗ੍ਰਿਫਤ ਵਿੱਚ ਹੈ ਪਰ ਕਹਾਣੀ ਦੇ ਅੰਤ ਵਿੱਚ ਉਸ ਦੁਵਾਰਾ ਨਿਭਾਈ ਹਾਂ ਮੁੱਖੀ ਭੂਮਿਕਾ ਮਨੁੱਖ ਦੇ ਉਸ ਸੁਭਾਅ ਵੱਲ ਸੰਕੇਤ ਕਰਦੀ ਹੈ ਜਿਸ ਵਿੱਚ ਉਸ ਦੀ ਬੰਦਿਆਈ ਹਰ ਹਾਲ ਵਿੱਚ ਕਾਇਮ ਰਹਿੰਦੀ ਹੈ। ਦੂਜੀ ਗੱਲ ਮੈਂ ਜੋ ਇੱਥੇ ਕਰਨੀ ਹੈ ਉਹ ਪਰਿਵਾਰਿਕ ਮੋਹ ਦੀ ਹੈ। ਨਲਿਨੀ ਦਾ ਗੱਡੀ ਨਾਲ ਟਕਰਾਨਾ ਤੇ ਫਿਰ ਪ੍ਰੋਫੈਸਰ ਦੇ ਘਰ ਰਹਿਣਾ ਤੇ ਪਰਿਵਾਰ ਨਾਲ ਮੋਹ ਪਾਉਣਾ ਭਾਵੇਂ ਇਤਫ਼ਾਕ ਵੱਸ ਨਾ ਹੋ ਕੇ ਸੋਚਿਆ ਸਮਝਿਆ ਵਰਤਾਰਾ ਹੈ ਪਰ ਪਰਿਵਾਰ ਨੂੰ ਇਸ ਕਹਾਣੀ ਵਿੱਚ ਬਹੁਤ ਮਹੱਤਤਾ ਦਿੱਤੀ ਗਈ ਹੈ। ਨਲਿਨੀ ਵੀ ਆਪਣੇ ਪਰਿਵਾਰ ਦੇ ਮੋਹ ਕਾਰਨ ਪ੍ਰੋਫੈਸਰ ਨਾਲ ਘੁਲਦੀ ਮਿਲਦੀ ਹੈ ਪਰਿਵਾਰ ਦੇ ਗਾਇਬ ਹੋਣ ਦੀ ਘਟਨਾ ਤੋਂ ਬਾਅਦ ਫਿਰ ਉਹ ਹੀ ਸਾਰੇ ਪਰਿਵਾਰਿਕ ਮੈਂਬਰਾਂ ਨੂੰ ਆਪਣੇ ਪਰਿਵਾਰ ਵਾਂਗ ਬਚਾਉਂਦੀ ਹੈ । ਪ੍ਰੋਫੈਸਰ ਲਈ ਵੀ ਆਪਣਾ ਪਰਿਵਾਰ ਇੰਨੀ ਮਹੱਤਤਾ ਰੱਖਦਾ ਹੈ ਕਿ ਉਹ ਪਰਿਵਾਰ ਦੀ ਇਕ ਪਲ ਦੀ ਖ਼ਬਰ ਨਾ ਆਉਣ ਤੇ ਇੰਨਾ ਬੈਚੇਨ ਹੋ ਜਾਂਦਾ ਹੈ ਕਿ ਉਹ ਉਹਨਾਂ ਬੱਚਿਆਂ ਦੀ ਸਿਖਲਾਈ ਵੱਲ ਧਿਆਨ ਨਹੀਂ ਦੇ ਸਕਦਾ ਜਿਨਾਂ ਨੂੰ ਦੂਸਰੇ ਦੇਸ਼ ਵਿੱਚ ਤਿਆਰ ਕਰ ਕੇ ਭੇਜਣ ਵਿੱਚ ਪੂਰਾ ਜ਼ੋਰ ਲੱਗਾ ਹੋਇਆ ਸੀ। ਇਸ ਤੋਂ ਇਲਾਵਾ ਕਰਨਲ ਬਰਾੜ ਤੇ ਰਜਿੰਦਰ ਦੀ ਪਰਿਵਾਰ ਨਾਲ ਜੁੜੀ ਭਾਵੁਕਤਾ ਦੀ ਪੇਸ਼ਕਾਰੀ ਕੀਤੀ ਗਈ ਹੈ । ਕੁੱਲ ਮਿਲਾ ਕੇ ਮੇਰੀ ਸਮਝ ਅਨੁਸਾਰ ਕਹਾਣੀ ਵਿੱਚ ਇਕ ਪਾਸੇ ਮਨੱਖ ਦੇ ਜੀਵਨ ਵਿੱਚ ਪਰਿਵਾਰ ਦੀ ਅਹਿਮੀਅਤ ਨੂੰ ਦਿਖਾਇਆ ਹੈ ਦੂਜੇ ਪਾਸੇ ਫੌਜੀ ਜੀਵਨ ਦੀ ਤ੍ਰਾਸਦੀ ਨੂੰ ਪੇਸ਼ ਕੀਤਾ ਹੈ ਜਿਨ੍ਹਾ ਨੂੰ ਆਪਣੇ ਪਰਿਵਾਰ ਦੀ ਸਲਾਮਤੀ ਦੀ ਕੋਈ ਤਸੱਲੀ ਨਹੀਂ ਹੁੰਦੀ। ਇਸ ਤੋਂ ਇਲਾਵਾ ਕਸ਼ਮੀਰ ਦੀ ਰਾਜਨੀਤਿਕ ਹਾਲਾਤ ਵਿੱਚ ਸੰਤਾਪ ਹੰਢਾ ਰਹੀ ਆਮ ਲੋਕਾਈ ਦੀ ਸਥਿਤੀ ਤੇ ਉੱਥੇ ਫੈਲੀ ਅਰਾਜਕਤਾ ਬਾਰੇ ਗੁਰਦੇਵ ਜੀ ਨੇ ਵਿਚਾਰ ਪ੍ਰਗਟਾ ਦਿੱਤੇ ਹਨ।

**ਸਰਬਜੀਤ**: 'ਸਿੰਗਲ ਮਾਲਟ ਏਨੀ ਸੁਰਖ਼ ਨਹੀਂ ਹੁੰਦੀ' ਕਹਾਣੀ ਮੈਨੂੰ ਮੁੱਖ ਰੂਪ ਵਿਚ ਸੱਤਾ ਤੇ ਸ਼ਕਤੀ ਦੇ ਪ੍ਰਵਚਨਾਂ ਦੀ ਪ੍ਰਕਿਰਤੀ ਅਤੇ ਕਾਰਜ-ਢੰਗਾਂ ਬਾਰੇ ਚਰਚਾ ਕਰਦੀ ਪ੍ਰਤੀਤ ਹੋਈ। ਇਸ ਕਹਾਣੀ ਵਿਚ ਜਿਵੇਂ ਕਿ ਗੁਰਦੇਵ ਨੇ ਕਿਹਾ ਬਹੁਤ ਸਾਰੇ ਮੁੱਦੇ ਹਨ, ਜਿਨ੍ਹਾਂ ਨਾਲ ਕਹਾਣੀਕਾਰ, ਪਾਠਕ ਨੂੰ ਨਿਰੰਤਰ ਸੰਵਾਦ ਵਿਚ ਰਹਿਣ ਲਈ ਮਾਨਸਿਕ ਤੌਰ 'ਤੇ ਤਿਆਰ ਕਰਦਾ ਹੈ। ਹਾਲਾਂਕਿ ਮੁੱਖ ਰੂਪ ਵਿਚ ਇਹ ਕਹਾਣੀ 'ਅੱਤਵਾਦ' ਬਾਰੇ ਹੈ ਤੇ ਉਸ ਵਿਚੋਂ ਵੀ ਖ਼ਾਸ ਕਰ ਕਸ਼ਮੀਰ ਵਿਚਲੇ ਅੱਤਵਾਦ ਨੂੰ ਵਿਸ਼ਾ ਬਣਾਉਂਦੀ ਹੈ ਲੇਕਿਨ ਵਡੇਰੇ ਅਰਥਾਂ ਵਿਚ ਇਹ ਅੱਤਵਾਦ ਦੇ ਪ੍ਰਚੱਲਿਤ ਅਰਥਾਂ ਨੂੰ ਚਣੌਤੀ ਦਿੰਦੀ, ਤੋੜਦੀ ਤੇ ਇਨ੍ਹਾਂ ਅਰਥਾਂ ਦਾ ਵਿਸਤਾਰ ਕਰਦੀ ਨਜ਼ਰ ਆਉਂਦੀ ਹੈ। ਇਸ ਕਹਾਣੀ ਵਿਚ ਕੇਵਲ ਮੂਲਵਾਦੀਆਂ ਨੂੰ ਅੱਤਵਾਦੀ ਨਹੀਂ ਦਿਖਾਇਆ ਗਿਆ ਸਗੋਂ ਫੌਜ, ਰਾਜਨੇਤਾ, ਪ੍ਰੋਫੈਸਰ ਆਦਿ ਸਾਰਿਆਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਅੱਤਵਾਦ ਦਾ ਹਥਿਆਰ ਬਣਦੇ ਦਿਖਾਇਆ ਗਿਆ ਹੈ। ਇਹ ਕਹਾਣੀ ਦੱਸਦੀ ਹੈ ਕਿ ਕਿਸ ਤਰ੍ਹਾਂ ਅੱਤਵਾਦ ਮਨੁੱਖੀ ਹੋਂਦ ਦੇ ਅਰਥਾਂ ਨਾਲ ਜੁੜ ਕੇ ਘਰਾਂ ਤੇ ਮਨੁੱਖ ਦੇ ਨਿੱਜੀ ਰਿਸ਼ਤਿਆਂ ਅੰਦਰ ਘੁਸਪੈਠ ਕਰਦਾ ਹੈ। ਇਸ ਤਰ੍ਹਾਂ ਅੱਤਵਾਦ ਦਾ ਕੋਈ ਇਕ ਰੂਪ ਨਹੀਂ ਹੈ। ਹਰ ਉਹ

ਵਰਤਾਰਾ ਜੋ ਛੋਟੇ ਜਾਂ ਵੱਡੇ ਪੱਧਰ ਉੱਪਰ ਮਨੁੱਖਤਾ ਤੇ ਮਾਨਵਤਾ ਦਾ ਘਾਣ ਕਰਦਾ ਹੈ, ਉਸਨੂੰ ਅੱਤਵਾਦ ਕਿਹਾ ਜਾ ਸਕਦਾ ਹੈ। ਇਸਦੇ ਉਲਟ ਜਦੋਂ ਕੋਈ ਅੱਤਵਾਦੀ ਵੀ ਮਾਨਵਤਾ ਜਾਂ ਇਨਸਾਨੀਅਤ ਨੂੰ ਬਚਾਉਣ ਲਈ ਕਿਸੇ ਤਰ੍ਹਾਂ ਦਾ ਜੋਖ਼ਿਮ ਉਠਾਉਂਦਾ ਹੈ ਤਾਂ ਉਹ ਅੱਤਵਾਦ ਨੂੰ ਵੰਗਾਰ ਰਿਹਾ ਹੁੰਦਾ ਹੈ। ਇਸ ਕਹਾਣੀ ਦਾ ਹਰ ਪਾਤਰ ਦਰਪੇਸ਼ ਪਰਿਸਥਿਤੀਆਂ ਦੇ ਪ੍ਰਸੰਗ ਵਿਚ ਦੋਹਰੇ ਕਿਰਦਾਰ ਨੂੰ ਨਿਭਾਉਂਦਾ ਪ੍ਰਤੀਤ ਹੁੰਦਾ ਹੈ। ਹਰ ਪਾਤਰ ਇਕ ਫਰੰਟ 'ਤੇ ਅੱਤਵਾਦ ਦੇ ਖ਼ਿਲਾਫ਼ ਲੜ ਰਿਹਾ ਹੈ ਤੇ ਦੂਜੇ ਫਰੰਟ ਉੱਪਰ ਉਹੀ ਪਾਤਰ ਅੱਤਵਾਦ ਦਾ ਹਿੱਸਾ ਬਣ ਕੇ ਲੜ ਰਿਹਾ ਹੈ। ਇਸ ਤਰ੍ਹਾਂ ਇਹ ਕਹਾਣੀ ਧਰਮ, ਰਾਜਨੀਤੀ, ਪਛਾਣ, ਦੇਸ਼ ਭਗਤੀ ਆਦਿ ਦੇ ਪ੍ਰਵਾਨਿਤ ਅਰਥਾਂ ਨੂੰ ਵੰਗਾਰਦੀ ਪ੍ਰਤੀਤ ਹੁੰਦੀ ਹੈ।

**ਚੇਤਨ**: ਇਸ ਕਹਾਣੀ ਵਿਚ ਕਹਾਣੀਕਾਰ ਨੇ ਰਾਸ਼ਟਰਵਾਦ ਤੇ ਅੱਤਵਾਦ ਦੇ ਭਖਦੇ ਮਸਲੇ ਨੂੰ ਪੇਸ਼ ਕੀਤਾ ਹੈ। ਇਹ ਕਹਾਣੀ ਦੱਸਦੀ ਹੈ ਕਿ ਰਾਸ਼ਟਰਵਾਦ ਵੀ ਆਪਣੀ ਕਿਸਮ ਦਾ ਅੱਤਵਾਦ ਹੀ ਹੈ ਜਿਸ ਵਿਚ ਇਕ ਰਾਸ਼ਟਰ, ਇਕ ਕੌਮ, ਇਕ ਨਸਲ ਨੂੰ ਪ੍ਰਮੁੱਖ ਤੌਰ 'ਤੇ ਕਿਸੇ ਭੂ-ਭਾਗ ਦਾ ਅਧਿਕਾਰੀ ਮੰਨਿਆ ਜਾਂਦਾ ਹੈ। ਕਹਾਣੀ ਵਿਚ ਭਾਰਤ ਅਤੇ ਪਾਕਿਸਤਾਨ ਦੇ ਅੱਤਵਾਦੀਆਂ ਦੀਆਂ ਗਤੀਵਿਧੀਆਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਵਿਚ ਵਿਰੋਧੀ ਦੇਸ਼ ਵਿਚ ਅਰਾਜਕਤਾ ਫੈਲਾਉਣ ਲਈ ਸੁਚੇਤ ਯਤਨ ਕੀਤੇ ਜਾਂਦੇ ਹਨ। ਇਸ ਲਈ ਬਹੁਤ ਸਾਰੇ ਢੰਗਾਂ/ਤਰੀਕਿਆਂ ਦੀ ਵਰਤੋਂ ਹੁੰਦੀ ਹੈ ਜਿਵੇਂ ਦੰਗੇ-ਫਸਾਦ, ਲੁੱਟ-ਮਾਰ, ਬੰਬਾਂ ਦਾ ਹਮਲਾਂ, ਸਲੀਪਰ ਸੈੱਲ ਆਦਿ। ਇਨ੍ਹਾਂ ਕਾਰਵਾਈਆਂ ਦਾ ਮੁੱਖ ਮੰਤਵ ਸਰਕਾਰ ਦੀਆਂ ਲੋਕ ਵਿਰੋਧੀ ਗਤੀਵਿਧੀਆਂ ਤੋਂ ਲੋਕਾਂ ਦਾ ਧਿਆਨ ਹਟਾਉਣਾ ਹੁੰਦਾ ਹੈ। ਮੀਡੀਆ ਇਸ ਵਿਚ ਮੁੱਖ ਭੂਮਿਕਾ ਨਿਭਾਉਂਦਾ ਹੈ।

**ਪਰਮਜੀਤ**: ਇਹ ਕਹਾਣੀ ਸਮਕਾਲ ਦੇ ਸਭ ਤੋਂ ਅਹਿਮ ਅਤੇ ਵਿਵਾਦਿਤ ਮੁੱਦੇ ਰਾਸਟਰਵਾਦ ਅਤੇ ਅੱਤਵਾਦ ਨੂੰ ਪੇਸ਼ ਕਰਦੀ ਹੈ। ਮੈਨੂੰ ਲਗਦਾ ਕਿ ਇਹ ਰਾਸਟਰਵਾਦ ਦੇ ਅੱਤਵਾਦ ਨਾਲ ਸੰਬੰਧਾਂ ਨੂੰ ਉਜਾਗਰ ਕਰਨ ਨੂੰ ਸਾਹਮਣੇ ਲਿਆਉਂਦੀ ਹੈ। ਜਦੋਂ ਕਿਸੇ ਦੇਸ ਵਿਚ ਇਕ ਰਾਸਟਰ ਦੇ ਨਾਮ ਤੇ ਘੱਟ ਗਿਣਤੀਆਂ ਅਤੇ ਵੱਖਰੀਆਂ ਪਛਾਣਾਂ ਨੂੰ ਬਹੁ-ਗਿਣਤੀ ਵਿਚ ਸ਼ਾਮਿਲ ਕਰਨ ਦੇ ਯਤਨ ਹੋਣ ਲਗਦੇ ਹਨ ਤਾਂ ਅਜਿਹੇ ਸਮੇਂ ਸਰੀਰਕ ਅਤੇ ਮਾਨਸਿਕ ਹਿੰਸਾ ਸਭ ਤੋਂ ਵੱਡਾ ਹਥਿਆਰ ਬਣਦੀ ਹੈ। ਭਾਰਤ ਵਿਚ, ਖਾਸ ਕਰਕੇ ਕਸ਼ਮੀਰ ਵਿਚ ਅਜਿਹਾ ਕੁੱਝ ਹੀ ਵਾਪਰ ਰਿਹਾ ਹੈ। ਕਹਾਣੀ ਦਾ ਸਿਰਲੇਖ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ। ਸਿੰਗਲ ਮਾਲਟ ਸਕਾਚ ਦੀ ਇੱਕ ਅਜਿਹੀ ਕਿਸਮ ਹੈ ਜਿਸਨੂੰ ਸ਼ਰਾਬ ਦੀ ਪਿਓਰ ਕਿਸਮ ਮੰਨਿਆ ਜਾਂਦਾ ਹੈ ਕਿਉਂਕਿ ਇਸਦੇ ਬਣਨ ਦੀ ਪ੍ਰਕਿਰਿਆ ਬਹੁਤ ਲੰਮੀ ਹੈ। ਕਹਾਣੀ ਵਿਚ ਆਏ ਵੇਰਵੇ ਅਨੁਸਾਰ ਹਿੰਦੂ ਧਰਮ ਸਭ ਤੋਂ ਪੁਰਾਣਾ ਅਤੇ ਆਦਿ ਧਰਮ ਹੋਣ ਕਰਕੇ ਪਿਓਰ ਧਰਮ ਹੈ। ਕਹਾਣੀ ਦੇ ਅੰਤ ਵਿਚ ਪ੍ਰੋਫ਼ੈਸਰ ਦਾ ਇਹ ਕਹਿਣਾ ਕਿ ਸਿੰਗਲ ਮਾਲਟ ਤਾਂ ਏਨੀ ਸੁਰਖ਼ ਨਹੀਂ ਹੁੰਦੀ ਤਾਂ ਕਰਨਲ ਬਰਾੜ ਕਹਿੰਦਾ ਹੈ ਇਸ ਵਿਚ ਪਤਾ ਨਹੀ ਕਿਸ ਕਿਸ ਦਾ ਖ਼ੂਨ ਮਿਲਿਆ ਹੋਇਆ ਹੈ। ਇਹ ਵਾਕ ਸਿੰਗਲ ਮਾਲਟ ਵੱਲ ਨਹੀਂ ਸਗੋਂ ਹਿੰਦੂ ਧਰਮ ਦੀ ਪਿਓਰਟੀ ਤੇ ਸਵਾਲ ਉਠਾਉਂਦਾ ਹੈ। ਜਿਸ ਨੂੰ ਪਿਓਰ ਬਣਾ ਕੇ ਰੱਖਣ ਲਈ ਪਤਾ ਨਹੀਂ ਕਿੰਨੀਆ ਹੀ ਛੋਟੀਆਂ ਅਤੇ ਵੱਖਰੀਆਂ ਪਛਾਣਾਂ ਨੂੰ ਖ਼ਤਮ ਕੀਤਾ ਗਿਆ ਹੈ ਅਤੇ ਇਹ ਕਾਰਜ ਅੱਜ ਵੀ ਨਿਰੰਤਰ ਜਾਰੀ ਹੈ। ਹਿੰਦੂ ਰਾਸਟਰਵਾਦ ਦੇ ਇਸ ਹਿੰਸਕ ਖੇਡ ਵਿਚ ਤਿੰਨ ਧਿਰਾਂ ਸ਼ਾਮਿਲ ਨੇ; ਕਹਾਣੀ ਵਿਚ ਜਿਸ ਦਾ ਇਸ਼ਾਰਾ ਪਾਕਿਸਤਾਨ ਭੇਜਣ ਲਈ ਮੁੰਡਿਆਂ (ਕੂੰਜਾਂ) ਨੂੰ ਤਿਆਰ ਕਰਨ ਵਾਲੇ ਦੇ ਤਿੰਨ ਪਾਤਰ (ਕਰਨਲ ਬਰਾੜ, ਸੁਆਮੀ ਜੀ ਅਤੇ ਪ੍ਰੋਫ਼ੈਸਰ) ਕਰਦੇ ਹਨ। ਇਹ ਤਿੰਨੇ ਪਾਤਰ ਸਟੇਟ, ਧਰਮ ਅਤੇ ਚਿੰਤਨ ਦੀ ਤਿੜਕੀ ਦਾ ਪ੍ਰਤੀਕ ਹਨ। ਇਹ ਤਿਕੜੀ ਤਾਕਤ, ਅੰਧ-ਵਿਸ਼ਵਾਸ਼ ਅਤੇ ਚਿੰਤਨ ਦੇ ਸੁਮੇਲ ਰਾਹੀਂ ਰਾਸਟਰਵਾਦ ਦੇ ਪ੍ਰਵਚਨ ਨੂੰ ਫੈਲਾਅ ਰਹੀਂ ਹੈ। ਕਹਾਣੀ ਵਿਚ ਇਸ ਸੁਮੇਲ ਦੇ ਬਹੁਤ ਸਾਰੇ ਵੇਰਵੇ ਆਉਂਦੇ ਹਨ। ਇਹ ਕਹਾਣੀ ਕਸ਼ਮੀਰ ਸੰਬੰਧੀ ਇਕ ਹੋਰ ਮੁੱਦੇ ਨੂੰ ਉਭਾਰਦੀ ਹੈ ਕਿ ਜਿਸ ਪੱਧਰ ਦੀ ਹਿੰਸਾ ਮੁਸਲਿਮ ਵੱਖਵਾਦੀਆਂ ਦੁਆਰਾ ਕੀਤੀ ਜਾਂਦੀ ਹੈ ਉਸੇ



ਪੱਧਰ ਦੀ ਹਿੰਸਾ ਹਿੰਦੂ ਰਾਸਟਰਵਾਦੀਆਂ ਦੁਆਰਾ ਕੀਤੀ ਜਾਂਦੀ ਹੈ। ਦੋਵੇਂ ਧਿਰਾਂ ਧਰਮ ਦੇ ਨਾਮ ਦੇ ਇਸ ਆਮ ਲੋਕਾਈ ਨੂੰ ਇਸ ਹਿੰਸਕ ਅੱਗ ਵਿਚ ਝੋਕਦੀਆਂ ਰਹਿੰਦੀਆਂ ਹਨ। ਕਹਾਣੀ ਵਿਚ ਰਾਸਟਰਵਾਦੀ ਸਧਾਰਨ ਬ੍ਰਾਹਮਣਾ ਦੇ ਮੁੰਡਿਆਂ ਨੂੰ 'ਤਿਆਰ' ਕਰਕੇ ਪਾਕਿਸਤਾਨ ਵਿਚ ਭੇਜਦੇ ਹਨ ਅਤੇ ਦੂਜੇ ਪਾਸੇ ਮੁਸਲਿਮ ਵੱਖਵਾਦੀ ਜੁਬੈਦਾਂ ਜਿਹੀ ਬੇਕਸੂਰ ਔਰਤ ਨੂੰ ਨਾਲਿਨੀ ਬਣਾ ਕੇ ਭਾਰਤੀ ਸੈਨਾ ਦੇ ਖ਼ਿਲਾਫ਼ ਵਰਤਦੇ ਹਨ। ਦੋਵੇਂ ਪਾਸੇ ਸਭ ਤੋਂ ਵੱਧ ਸੰਕਟ ਵਿਚ ਆਮ ਲੋਕਾਈ ਹੈ ਜੋ ਇਸ ਪਿਓਰਟੀ ਦੀ ਜੰਗ ਵਿਚ ਪਿਸ ਰਹੀ ਹੈ।

## ਬਦਨਾਮ ਬਸਤੀ- ਦੀਪਤੀ ਬਬੂਟਾ (ਕਹਾਣੀ ਧਾਰਾ, ਜੁਲਾਈ-ਸਤੰਬਰ 2017)

**ਵਿਪਨ**: ਬਦਨਾਮ ਬਸਤੀ ਕਹਾਣੀ ਦੀ ਕੇਂਦਰੀ ਪਾਤਰ ਪੁਸ਼ਪਿੰਦਰ ਕੌਰ ਉਰਫ ਪੱਪੋ ਹੈ। ਇਹ ਕੁੜੀ ਬਦਨਾਮ ਬਸਤੀ ਵਿਚ ਰਹਿੰਦੀ ਹੈ। ਸਾਰਿਆਂ ਨੂੰ ਪਤਾ ਹੀ ਹੈ ਕਿ ਕਹਾਣੀ ਵਿਚ ਬਦਨਾਮ ਬਸਤੀ ਤੋਂ ਕੀ ਮਤਲਬ ਹੈ। ਇਸ ਕਹਾਣੀ ਵਿਚ ਵੇਸਵਾਵਾਂ ਦੀ ਬਸਤੀ ਨੂੰ ਅਗਰਭੂਮਣ ਵਿਚ ਲਿਆਂਦਾ ਗਿਆ ਆ। ਬਸਤੀ ਵਿਚ ਜੋ ਕੁਝ ਵੀ ਵਾਪਰਦਾ ਹੈ, ਇਹ ਕਹਾਣੀ ਸਾਰੀ ਉਸੇ ਵਿਸ਼ੇ ਉੱਤੇ ਆਧਾਰਿਤ ਆ। ਕਹਾਣੀ ਵਿਚ ਪੱਪੋ ਦਾ ਪਿਤਾ ਇਕ ਮਿਸਤਰੀ ਆ ਤੇ ਜਦੋਂ ਪੱਪੋ ਦਾ ਜਨਮ ਹੁੰਦਾ ਤਾਂ ਉਹਦੀ ਮਾਂ ਸ਼ਿਲੇ ਵਿਚ ਹਵਾ ਲੱਗ ਜਾਣ ਕਰਕੇ ਗਠੀਏ ਦੀ ਮਰੀਜ਼ ਹੋ ਜਾਂਦੀ ਆ ਤੇ ਜਿਸ ਕਰਕੇ ਇਹਦੇ ਪਿਉ ਨੂੰ ਸਰੀਰਕ ਸੁੱਖ ਨਹੀਂ ਮਿਲਦਾ ਜਿਸ ਕਰਕੇ ਉਹ ਇਸ ਬਸਤੀ ਵਿਚ ਆ ਜਾਂਦਾ ਆ। ਇੱਥੇ ਇਹਦਾ ਸੰਬੰਧ ਕਰਮੋ ਨਾਮ ਦੀ ਵੇਸਵਾ ਨਾਲ ਹੁੰਦਾ ਤੇ ਜਦੋਂ ਪੱਪੋ ਦੀ ਮਾਂ ਮਰ ਜਾਂਦੀ ਆ ਤਾਂ ਉਹਦਾ ਪਿਉ ਪੱਪੋ ਤੇ ਉਹਦੇ ਭਰਾ ਚਾਨਣ ਨੂੰ ਲੈ ਕੇ ਇਸ ਬਸਤੀ ਵਿਚ ਆ ਜਾਂਦਾ। ਇਕ ਟਾਇਮ ਤੇ ਜਦੋਂ ਕਰਮੋ ਆਪਣੇ ਪਿਉ ਨੂੰ ਪੁੱਛਦੀ ਆ ਕਿ ਕਰਮੋ ਕੀ ਵੇਚਦੀ ਆ ਤਾਂ ਪੱਪੋ ਦਾ ਪਿਉ ਉਹਨੂੰ ਕਹਿੰਦਾ ਕਿ ਉਹ ਇਹ ਕੰਮ ਛੱਡ ਦੇਵੇ ਤੇ ਉਹ ਆਪ ਉਹਨੂੰ ਕਮਾ ਕੇ ਖਵਾਊਗਾ। ਜਦ ਉਹ ਨਹੀਂ ਮੰਨਦੀ ਤਾਂ ਉਹ ਉਹਦੇ ਉੱਤੇ ਹੱਥ ਚੁੱਕਣ ਲੱਗਦਾ ਪਰ ਉਹਦਾ ਪੁੱਤ ਚਾਨਣ ਅੱਗੋਂ ਪਿਉ ਦੇ ਨਾਲ ਹੱਥੋਪਾਈ ਹੋ ਜਾਂਦਾ ਕਿਉਂਕਿ ਕਰਮੋ ਦੇ ਉਹਦੇ ਨਾਲ ਵੀ ਸੰਬੰਧ ਹੁੰਦੇ ਆ। ਇੱਥੇ ਇਕ ਪਾਸੇ ਤਾਂ ਕਰਮੋ ਚਾਨਣ ਦੀ ਮਾਂ ਵੀ ਲੱਗਦੀ ਆ ਪਰ ਉਹਦੀ ਪਤਨੀ ਵੀ ਆ। ਇਹ ਵਰਜਿਤ ਰਿਸ਼ਤਿਆਂ ਦੀ ਮਿੱਥ ਨੂੰ ਤੋੜਦੀ ਕਹਾਣੀ ਇੱਥੇ ਆ ਕੇ ਬਣ ਜਾਂਦੀ ਆ। ਦੂਜਾ ਜਦ ਕਰਮੋ ਚਾਨਣ ਵੱਲੋਂ ਗਰਭਵਤੀ ਹੋ ਜਾਂਦੀ ਆ ਤਾਂ ਉਹ ਚਾਨਣ ਨੂੰ ਕਹਿੰਦੀ ਆ ਕਿ ਹੁਣ ਉਹਦੇ ਕੋਲੋਂ ਇਹ ਕੰਮ ਨਹੀਂ ਹੋਣਾ, ਹੁਣ ਪੱਪੋ ਨੂੰ ਇਸ ਪਾਸੇ ਲਾ ਤੇ ਚਾਨਣ ਆਪਣੀ ਭੈਣ ਨੂੰ ਆਪ ਇਕ ਦੁਕਾਨਦਾਰ ਬੁੱਢੇ ਕੋਲ ਲੈ ਕੇ ਜਾਂਦਾ ਜਿਹਦਾ ਖੁਲਾਸਾ ਕਹਾਣੀ ਦੇ ਵਿਚਕਾਰ ਜਾ ਕੇ ਹੁੰਦਾ ਕੇ ਕਰਮੋ ਨੇ ਸ਼ਰਾਬ ਪੀਤੀ ਵਿਚ ਚਾਨਣ ਤੇ ਪੱਪੋ ਦੀ ਵੀਡਿਓ ਬਣਾ ਲਈ ਸੀ। ਉਹਦੇ ਭਰਾ ਨੂੰ ਇਸ ਕੰਮ ਬਦਲੇ ਪੱਚੀ ਹਜਾਰ ਰੁਪਏ ਮਿਲਦੇ ਆ। ਤੇ ਫਿਰ ਉਹ ਲਗਾਤਾਰ ਵਿਕਦੀ ਆ ਤੇ ਇਸ ਤਰ੍ਹਾਂ ਬਸਤੀ ਦੀ ਅੰਗ ਬਣ ਜਾਂਦੀ ਆ। ਕਹਾਣੀ ਵਿਚ ਪੱਪੋ ਆਪਣੀ ਗੱਲ ਕਰਦੀ-ਕਰਦੀ ਮਾਸੀ ਨਸੀਬੋ, ਪਿਆਰੀ ਮਤਲਬ ਬਸਤੀ ਵਿਚ ਵਸਦੀਆਂ ਉਹਨਾਂ ਸਾਰੀਆਂ ਔਰਤਾਂ ਬਾਰੇ, ਉਹਨਾਂ ਦੇ ਕੰਮਾ-ਧੰਦਿਆਂ ਬਾਰੇ ਦੱਸਦੀ ਆ। ਜਿਵੇਂ ਮਾਸੀ ਤਾਰੀ ਨੇ ਕੱਚੇ ਗਰਭ ਸਾਫ ਕਰਨੇ ਆ, ਤਾਈ ਵਜੀਰਾ ਨੇ ਵੀਡਿਓ ਬਣਾਉਣੀਆਂ ਆ, ਤੇ ਬੀਬੀ ਦਾਨੀ ਪੁਲਸ ਵਾਲਿਆਂ ਨਾਲ ਨਿਜੱਠਦੀ ਆ ਤੇ ਜਦੋਂ ਧੰਦਾ ਕਰਨ ਵਾਲੀ ਕੋਈ ਵੇਸਵਾ ਜਦ ਬਜੁਰਗ ਹੋ ਜਾਂਦੀ ਆ ਤਾਂ ਉਹ ਲਾਲ ਚੋਲਾ ਪਾ ਕੇ ਦੀਸ਼ਾ ਤੋਂ ਮਾਤਾ ਜਗਦੀਸ਼ਾ ਬਣ ਜਾਂਦੀ ਆ। ਜਦੋਂ ਮੈਂ ਇਹ ਕਹਾਣੀ ਪੜ ਰਿਹਾ ਸੀ ਤੇ ਮੈਨੂੰ ਇਹ ਕਾਫੀ ਵਧੀਆ ਲੱਗੀ ਕਿਉਂਕਿ ਉਹਦੇ ਵਿਚ ਕਾਫੀ ਮਸਲਿਆਂ ਨੂੰ ਛੂਹਿਆ ਗਿਆ ਸੀ ਜਿਵੇਂ ਧਰਮ ਉੱਤੇ, ਰਾਜਨੀਤੀ, ਸਿਹਤ ਵਿਭਾਗ, ਪੁਲਸ ਵਿਭਾਗ , ਸਮਾਜ ਸੇਵੀ ਸੰਸਥਾਵਾਂ ਉੱਤੇ । ਇਹਨਾਂ ਵਿਚਲੇ ਮਰਦ ਇਹਨਾਂ ਕੋਲ ਆਉਂਦੇ ਆ ਤੇ ਉਹਨਾਂ ਨੂੰ ਮੁੱਖ ਧਾਰਾ ਵਿਚ

ਸ਼ਾਮਲ ਹੋਣ ਲਈ ਕਹਿਦੇ ਆ ਪਰ ਪੱਪੋ ਦੱਸਦੀ ਆ ਕਿ ਜਦੋਂ ਹੀ ਰਾਤ ਪੈਂਦੀ ਆ ਤਾਂ ਆਮ ਮਰਦਾਂ ਤੇ ਇਹਨਾਂ ਵਿਚ ਨਿਖੇੜਾ ਕਰਨਾ ਮੁਸ਼ਕਿਲ ਹੋ ਜਾਂਦਾ ਹੈਗਾ । ਇਹਦੇ ਵਿਚ ਡੇਰਿਆਂ ਤੇ ਵੀ ਵਿਅੰਗ ਕੀਤਾ ਗਿਆ। ਜਦੋਂ ਉਹ ਪਹਿਲੀ ਵਾਰੀ ਮਾਸੀ ਨਸੀਬੋ ਉਹਨੂੰ ਮੇਲੇ ਲੈ ਕੇ ਜਾਂਦੀ ਆ ਤਾਂ ਉਹਦਾ ਜੀਅ ਕਰਦਾ ਕਿ "ਇਕ ਦੁਕਾਨ ਤੇ ਘਰ ਘਰ ਵਾਲਾ ਸੈੱਟ ਲੈਣ ਨੂੰ ਅੱਖਾਂ ਜਿੱਦ ਕਰਨ, ਲਾੜਾ ਲਾੜੀ ਬਣੇ ਗੁੱਡੇ-ਗੁੱਡੀਆਂ ਵੇਖ ਕੇ ਦਿਲ ਤਾੜੀਆਂ ਮਾਰੇ" ਪਰ ਮਾਸੀ ਸਾਨੂੰ ਮਨਿਆਰੀ ਵਾਲੀ ਦੁਕਾਨ ਵੱਲ ਲੈ ਗਈ । ਮਤਲਬ ਕਿ ਇਕ ਪਾਸੇ ਤਾਂ ਪੱਪੋ ਦੇ ਮਨ ਵਿਚ ਘਰ ਘਰ ਵਾਲੀ ਖੇਡ ਜਾਂ ਕਹਿ ਲਊ ਕਿ ਘਰ ਦਾ ਸੰਕਲਪ ਆ ਪਰ ਦੂਜੇ ਪਾਸੇ ਮਾਸੀ ਨਸੀਬੋ ਉਹਨੂੰ ਖ਼ੂਬਸੂਰਤ ਦਿਖਣ ਵਾਲਾ ਸਮਾਨ ਲੈ ਕੇ ਦਿੰਦੀ ਆ ਕਿਉਂਕਿ ਵੇਸਵਾ ਨੂੰ ਸੋਹਣਾ ਹੀ ਦਿਖਣਾ ਚਾਹੀਦਾ ਕਿਉਂਕਿ ਵੇਸਵਾ ਦੇ ਘਰ ਨਹੀਂ ਹੁੰਦੇ ਜਾਂ ਉਹ ਘਰਾਂ ਵਿਚ ਨਹੀਂ ਵਸਦੀਆਂ। ਕਿਉਂਕਿ ਉਹਨਾਂ ਨੇ ਆਪਣਾ ਸਰੀਰ ਵੇਚਣਾ ਹੁੰਦਾ ਆ। ਜਦੋਂ ਉਹ ਡੇਰੇ ਵਿਚ ਮੱਥਾ ਟੇਕਣ ਜਾਂਦੀ ਆ ਤਾਂ ਉਹਦੇ ਮਾਸੀ ਨਸੀਬੋ ਨੂੰ ਡੇਰੇ ਵਾਲਾ ਪੱਪੋ ਬਾਰੇ ਉਹਨੂੰ ਪੁਰਜਾ ਜਾਂ ਮਾਲ ਕਹਿ ਕੇ ਪੁੱਛਦਾ ਤਾਂ ਮਾਸੀ ਉਹਨੂੰ ਬੜਾ ਬੇਬਾਕ ਜਵਾਬ ਦਿੰਦੀ ਆ ਕਿ ਜਿੱਦਾਂ ਕੱਲ੍ਹ ਨਿਵੇਦਿਤਾ ਮੈਡਮ ਨੇ ਵੀ ਕਿਹਾ ਸੀ ਕਿ ਵੇਸਵਾ ਨੂੰ ਇਹ ਨਹੀਂ ਕਿਹਾ ਜਾਣਾ ਚਾਹੀਦਾ ਕਿ ਉਹ ਕੰਮ ਛੱਡਣ ਬਲਕਿ ਉਹਨਾਂ ਨੂੰ ਰਿਸਪੈਕਟ ਨਾਲ ਦੇਖਣਾ ਚਾਹੀਦਾ ਆ। ਉਹਨਾਂ ਨੇ ਕਿਹਾ ਸੀ ਕਿ ਵੇਸਵਾਵਾਂ ਕਿਸੇ ਦੇ ਘਰ ਟੋਆਲਿਟ ਸਾਫ ਕਰਨਾ, ਜਾਂ ਪੋਚੇ ਲਾਉਣੇ ਜਾਂ ਹੋਰ ਕੰਮ ਜਾਂ ਗੁਲਾਮ ਬਣ ਕੇ ਕੰਮ ਕਰਨ ਨਾਲੋਂ ਸਰੀਰ ਵੇਚਣਾ ਜਿਆਦਾ ਪਸੰਦ ਕਰਦੀਆਂ, ਕਿਉਂਕਿ ਉਹਨਾਂ ਨੂੰ ਇਹ ਆਤਮ-ਸਨਮਾਣ ਵਾਲੀ ਗੱਲ ਲੱਗਦੀ ਆ। ਇਸੇ ਕਰਕੇ ਜਦ ਡੇਰੇ ਵਾਲਾ ਨਸੀਬੋ ਨੂੰ ਕਹਿੰਦਾ ਕਿ ਕਿੱਥੋਂ ਲਿਆਈ ਮਾਲ ਤੇ ਕਿੱਥੇ ਲੈ ਕੇ ਚੱਲੀ ਆ ਤੇ ਉਹ ਬੜਾ ਬੇਬਾਕ ਜਵਾਬ ਦਿੰਦੀ ਆ ਤੇ ਕਹਿੰਦੀ ਆ ਲੈ ਚੱਲੀ ਆ ਸੰਦ ਰਵਾਂ ਕਰਾਉਣ, ਤੂੰ ਦੱਸ ਕਰਵਾਉਣੈ, ਚੱਲ ਦੱਸ ਇੱਥੇ ਕਰਵਾਉਣੈ ਕਿ ਮੇਰੇ ਡੇਰੇ ਚਲਣੈ। ਉਞ ਤੇਰੇ ਤੇ ਮੇਰੇ ਡੇਰੇ ਵਿਚ ਫਰਕ ਤਾਂ ਕੋਈ ਨਹੀਂ ਹੈਗਾ। ਇਹ ਧਰਮ ਤੇ ਜਾਂ ਡੇਰੇ ਤੇ ਵਿਅੰਗ ਆ ਕਿ ਕੰਮ ਤਾਂ ਇੱਥੇ ਵੀ ਇਹੀ ਕੁਝ ਚਲਦੈ ਜੋ ਉੱਥੇ ਮੇਰੀ ਬਸਤੀ ਵਿਚ ਚਲਦਾ। ਦੂਜੀ ਗੱਲ ਜਦੋਂ ਉਹ ਰਾਜਨੀਤੀ ਤੇ ਵਿਅੰਗ ਕਰਦੀ ਆ ਚੋਟ ਕਰਦੀ ਆ ਕਿ ਮੇਰੀ ਬਸਤੀ ਤੇ ਰਾਜਨੀਤੀ ਦਾ ਰਿਸ਼ਤਾ ਤਾਂ ਇੰਝ ਏ ਜਿਵੇਂ ਪਜਾਮੇ ਨਾਲ ਨਾਲੇ ਦਾ, ਨੌਂਹ ਦਾ ਮਾਸ ਨਾਲ। ਉਹ ਆਮ ਲੋਕਾਈ ਦਾ ਇਹਨਾਂ ਪ੍ਰਤੀ ਕੀ ਨਜ਼ਰੀਆ ਤਾਂ ਉਹਦਾ ਜਿਕਰ ਕਰਦੀ ਉਹ ਦੱਸਦੀ ਆ ਕਿ ਲੋਕ ਇਹਨਾਂ ਨੂੰ ਗੰਦੀਆਂ ਜਨਾਨੀਆਂ ਕਹਿੰਦੇ ਆ। ਪਰ ਨਾਲ ਇਹ ਮੁੱਖ ਪਾਤਰ ਪੱਪੋ ਕਹਿੰਦੀ ਆ ਕਿ ਅਸੀਂ ਕਿੱਦਾਂ ਗੰਦੀਆਂ ਜਨਾਨੀਆਂ ਹੋਈਆਂ, ਅਸੀਂ ਕਿਹੜਾ ਇਹਨਾਂ ਨੂੰ ਸੱਦਣ ਜਾਂਦੀਆਂ ਇਹ ਆਪ ਹੀ ਆਉਂਦੇ ਆ ਤਾਂ ਉਹ ਸਵਾਲ ਕਰਦੀ ਆ ਕਿ ਜੇ ਤਾੜੀ ਦੋਹਾਂ ਹੱਥਾਂ ਨਾਲ ਵੱਜਦੀ ਆ ਤਾਂ ਦੋਸ਼ ਇਕ ਨੂੰ ਕਿਉਂ। ਰਾਜਨੀਤੀ ਕਿਸ ਤਰ੍ਹਾਂ ਇਹਨਾਂ ਬਸਤੀਆਂ ਨੂੰ ਆਪਣੇ ਹਿੱਤਾਂ ਲਈ ਵਰਤਦੀ ਆ ਇਹਦਾ ਵੀ ਜਿਕਰ ਕਹਾਣੀ ਵਿਚ ਆਉਂਦਾ ਕਿ ਜਦੋਂ ਇੱਥੇ ਆਉਣ ਵਾਲੇ ਮੰਤਰੀ ਸੰਤਰੀ ਦੀ ਵੀਡਿਓ ਬਣਦੀ ਆ ਤਾਂ ਕਿਹਦੀ ਜਨਤਕ ਕਰਨੀ ਆ ਤੇ ਕਿਹਦੀ ਲੁਕਾ ਕੇ ਰੱਖਣੀ ਆ ਇਹ ਸਭ ਰਾਜਨੀਤੀ ਤੈਅ ਕਰਦੀ ਆ ਕਿਉਂਕਿ ਕਹਾਣੀ ਵਿਚ ਜਿਕਰ ਆਉਂਦਾ ਕਿ ਜਦੋਂ ਤੱਕ ਤਾਂ ਕੋਈ ਸੰਤਰੀ ਹੁੰਦਾ ਤਾਂ ਉਹ ਬਸਤੀ ਵਿਚ ਆਉਂਦਾ ਤੇ ਜਦੋਂ ਉਹ ਮੰਤਰੀ ਬਣ ਜਾਂਦਾ ਤਾਂ ਬਸਤੀ ਉਸ ਕੋਲ ਚਲ ਕੇ ਜਾਂਦੀ ਆ। ਫਿਰ ਉਹ ਥਾਣਿਆਂ ਬਾਰੇ ਗੱਲ ਕਰਦੀ ਆ ਕਿ ਥਾਣੇ ਤੇ ਚਕਲੇ ਆਪਸੀ ਨਿਰਭਰਤਾ ਨਾਲ ਹੀ ਚਲਦੇ ਆ ਕਿਉਂਕਿ ਥਾਣੇ ਦੇ ਕਰਮਚਾਰੀ ਕਈ ਤਰੀਕਿਆਂ ਨਾਲ ਬਸਤੀ ਦਾ ਇਸਤੇਮਾਲ ਕਰਦੇ ਆ। ਇਹ ਚਕਲੇ ਪੁਲਸ ਵਾਲਿਆਂ ਦੀ ਮਿਲੀਭੁਗਤ ਨਾਲ ਹੀ ਚਲਦੇ ਆ ਉਲਟਾ ਪੁਲਸ ਵਾਲੇ ਆਪਣੇ ਡੰਡੇ ਦਾ ਨਾਜਾਇਜ ਇਸਤੇਮਾਲ ਕਰਦੇ ਆ। ਕਹਾਣੀਕਾਰਾ ਨਿਆਂ ਪ੍ਰਬੰਧਾਂ ਤੇ ਵੀ ਚੋਟ ਕਰਦੀ ਆ ਕਿ ਜਦੋਂ ਤਾਂ ਕੋਈ ਮੰਤਰੀ ਦੀ ਵੀਡਿਓ ਜਨਤਕ ਹੁੰਦੀ ਆ ਤਾਂ ਉਹ ਤਾਂ ਛੇਤੀ ਛੁੱਟ ਜਾਂਦਾ ਪਰ ਜਦੋਂ ਕੋਈ ਆਮ ਬੰਦਾ ਫਸਦਾ ਤਾਂ ਉਹਦਾ ਨਿਕਲਣਾ ਮੁਸ਼ਕਿਲ ਹੁੰਦਾ ਕਿਉਂਕਿ ਉਹ ਕਹਿੰਦੀ



ਆ ਕਿ ਬੜੇ ਰਾਹ ਨੇ ਸਾਡੇ ਕਾਨੂੰਨ ਕੋਲ ਫਸਾਉਣ ਨਾਲੋਂ ਬਚਾਉਣ ਦੇ। ਕਹਾਣੀ ਦੇ ਅੰਤ ਵਿਚ ਜਦੋਂ ਕਰਮੋ ਦੋ ਕੁੜੀਆਂ ਨੂੰ ਜਨਮ ਦੇ ਕੇ ਮਰ ਜਾਂਦੀ ਆ ਤਾਂ ਪੱਪੋ ਉਹਨਾਂ ਨੂੰ ਪਾਲਣ ਦੀ ਜਿੰਮੇਵਾਰੀ ਲੈਂਦੀ ਆ। ਉਹ ਪਹਿਲਾਂ ਤਾਂ ਉਹਨੂੰ ਮਾਸੀ, ਭੂਆ ਕਹਿੰਦੀਆਂ ਆ ਪਰ ਬਾਅਦ ਵਿਚ ਉਹ ਉਹਨਾਂ ਨੂੰ ਮੰਮੀ ਕਹਿਣ ਨੂੰ ਕਹਿੰਦੀ ਆ ਤੇ ਉਹ ਉਹਨੂੰ ਮੰਮੀ ਕਹਿਣ ਲੱਗ ਪੈਂਦੀਆਂ। ਇਸ ਵਿਚ ਜੇ ਕਰਮ ਦੇ ਰਿਸ਼ਤੇ ਵਜੋਂ ਦੇਖਿਆ ਜਾਵੇ ਤਾਂ ਉਹ ਉਹਨਾਂ ਦੀ ਮਾਸੀ ਆ ਤੇ ਜੇ ਪਰਿਵਾਰਕ ਰਿਸ਼ਤੇ ਵਜੋਂ ਦੇਖਿਆ ਜਾਵੇ ਤਾਂ ਉਹ ਉਹਨਾਂ ਦੀ ਭੂਆ ਆ ਪਰ ਉਹ ਉਹਨਾਂ ਨੂੰ ਮੰਮੀ ਕਹਿਣ ਨੂੰ ਕਹਿੰਦੀ ਆ ਤੇ ਮੰਨ ਵੀ ਜਾਂਦੀਆਂ। ਤੇ ਨਾਲ ਹੀ ਜੋ ਉਹ ਆਪ ਆ ਆਪਣੀਆਂ ਧੀਆਂ ਤੋਂ ਇਹ ਕੰਮ ਨਹੀਂ ਕਰਵਾਉਣਾ ਚਾਹੁੰਦੀ ਜਦ ਕਿ ਕਹਾਣੀ ਦੇ ਅੰਤ ਵਿਚ ਚਾਨਣ ਉਹਨੂੰ ਕਹਿੰਦਾ ਕਿ ਕਰਮੋ ਦੀ ਆਤਮਾ ਨੂੰ ਸ਼ਾਤੀ ਨਾ ਮਿਲੇ ਇਸ ਲਈ ਉਹ ਉਹਦੀਆਂ ਧੀਆਂ ਨੂੰ ਵੀ ਧੰਦੇ ਤੇ ਲਾਊਗਾ। ਕਿਉਂਕਿ ਉਹਨੇ ਉਹਦੇ ਕੋਲੋਂ ਉਹਦੀ ਭੈਣ ਨੂੰ ਧੰਦੇ ਤੇ ਲਗਵਾਇਆ ਸੀ। ਹਾਲਾਂਕਿ ਉਹ ਉਹਨਾਂ ਦਾ ਪਿਤਾ ਆ ਪਰ ਇੱਥੇ ਉਹ ਬਦਲਾ ਲੈਣ ਬਾਰੇ ਸੋਚਦਾ ਆ ਨਾ ਕਿ ਪਿਤਾ ਦਾ ਧਰਮ ਨਿਭਾਉਣ ਬਾਰੇ। ਕਹਾਣੀ ਵਿਚ ਇਕ ਪੱਖ ਇਹ ਵੀ ਆ ਕਿ ਹੁਣ ਯੂਨੀਵਰਸਿਟੀਆਂ ਵਿਚ ਵੀ ਉਹਦੀ ਬਸਤੀ ਤੇ ਖੋਜਾਂ ਹੋਣ ਲੱਗ ਪਈਆਂ ਤੇ ਸਕਾਲਰ ਆ ਕੇ ਉਹਦੇ ਕੋਲੋਂ ਸਵਾਲ ਪੁੱਛਦਾ ਕਿ ਕਦੀ ਉਹਦਾ ਦਿਲ ਨਹੀਂ ਕਰਦਾ ਕਿ ਇਥੋਂ ਭੱਜ ਜਾਣ ਨੂੰ ਪਰ ਉਹ ਦੱਸਦੀ ਆ ਕਿ ਉਹ ਇਕ ਵਾਰ ਭੱਜ ਗਈ ਸੀ ਤੇ ਕਿਸੇ ਅੰਕਲ ਦੇ ਘਰ ਜਾ ਕੇ ਕੰਮ ਕਰਨ ਲੱਗ ਪਈ ਸੀ। ਪਰ ਜਦੋਂ ਅੰਟੀ ਘਰੋਂ ਬਾਹਰ ਜਾਂਦੀ ਤਾਂ ਅੰਕਲ ਕੋਲ ਕੋਈ ਹੋਰ ਅੰਟੀ ਆ ਜਾਂਦੀ ਤੇ ਇਕ ਵਾਰ ਤਾਂ ਅੰਕਲ ਨੇ ਉਹਦੇ ਨਾਲ ਵੀ ਜਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ। ਇਸ ਲਈ ਉਹ ਵਾਪਸ ਆ ਗਈ ਕਿ ਜੋ ਕੁਝ ਸਾਡੀ ਬਸਤੀ ਵਿਚ ਹੁੰਦਾ ਉਹੀ ਕੁਝ ਸਾਰੀ ਦੁਨੀਆਂ ਵਿਚ ਹੁੰਦਾ ਆ। ਫਰਕ ਸਿਰਫ ਇੰਨਾ ਆ ਕਿ ਸਾਡੇ ਇੱਥੇ ਸਭ ਕੁਝ ਨੰਗਾ ਆ ਤੇ ਦੁਨੀਆਂ ਵਿਚ ਪਰਦੇ ਨਾਲ ਹੁੰਦਾ। ਸੋ ਜੇ ਸਾਰੀ ਦੁਨੀਆਂ ਹੀ ਗੰਦੀ ਆ ਤਾਂ ਮੈਂ ਜਿੱਥੇ ਮਰਜੀ ਭੱਜ ਲਾ ਬਸਤੀ ਤਾਂ ਉੱਥੇ ਹੀ ਆ। ਅਸਲ 'ਚ ਇਹ ਸਾਰੀ ਦੁਨੀਆਂ ਹੈ ਹੀ ਬਦਨਾਮ ਬਸਤੀ। ਦੋ ਸਵਾਲ ਜਿਹੜੇ ਮੇਰੇ ਮਨ ਵਿਚ ਕਹਾਣੀ ਪੜ੍ਹਦਿਆਂ ਉੱਠੇ ਉਹ ਇਹ ਕਿ ਇਕ ਪਾਸੇ ਤਾਂ ਕਹਾਣੀਕਾਰ ਕਹਿੰਦੀ ਆ ਕਿ ਚਾਨਣ ਕੰਨਾਂ ਵਿਚ ਮੁੰਦਰਾਂ ਪਾ ਕੇ ਪਾਗਲ ਹੋ ਕੇ ਕਰਮੋ ਨੂੰ ਦਰ ਦਰ ਲੱਭਦਾ ਫਿਰਦਾ ਮਤਲਭ ਉਹ ਪਾਗਲ ਹੋ ਗਿਆ ਤੇ ਦੂਜੇ ਪਾਸੇ ਉਹ ਕਹਿੰਦੀ ਆ ਕਿ ਉਹ ਵਾਰ ਵਾਰ ਆ ਕੇ ਉਹਦੀਆਂ ਧੀਆਂ ਨੂੰ ਲੈ ਕੇ ਜਾਣ ਤੇ ਧੰਦੇ ਤੇ ਲਗਾਉਣ ਬਾਰੇ ਕਹਿੰਦਾ ਆ। ਤੇ ਇਹਦੇ ਨਾਲ ਹੀ ਉਹ ਆਪਣੀਆਂ ਧੀਆਂ ਤੋਂ ਇਹ ਕੰਮ ਨਹੀਂ ਕਰਾਉਣਾ ਚਾਹੁੰਦੀ ਪਰ ਉਹ ਉਹਨਾਂ ਦੇ ਭਵਿੱਖ ਲਈ ਕੀ ਕਰੂਗੀ , ਬਸਤੀ ਛੱਡੂਗੀ ਜਾਂ ਫਿਰ ਕੀ ਰਾਹ ਚਣੂਗੀ ਇਹਦਾ ਜਿਕਰ ਉਹ ਕਿਤੇ ਨਹੀਂ ਕਰਦੀ।

ਇਹਦੇ ਨਾਲ ਹੀ ਜਦੋਂ ਯੂਨੀਵਰਸਿਟੀ ਵਾਲਾ ਵਿਦਿਆਰਥੀ ਉਹਨੂੰ ਪੁੱਛਦਾ ਆ ਕਿ ਕਦੀ ਉਹਨੂੰ ਕਿਸੇ ਨਾਲ ਪਿਆਰ ਨਹੀਂ ਹੋਇਆ ਤਾਂ ਉਹ ਪੱਪੋ ਦੱਸਦੀ ਆ ਕਿ ਉਹਨੇ ਜਿਸ ਨਾਲ ਪਿਆਰ ਕੀਤਾ ਉਹ ਵੀ ਉਹਦੇ ਜਿਸਮ ਦਾ ਭੁੱਖਾ ਨਿਕਲਿਆ ਮਤਲਬ ਉਹਨੇ ਵੀ ਉਹਨੂੰ ਭੋਗਣਾ ਹੀ ਚਾਹਿਆ ਨਾ ਕਿ ਉਹਨੂੰ ਪਿਆਰ ਕਰਕੇ ਜਾਂ ਉਹਦੇ ਨਾਲ ਘਰ ਵਸਾਉਣ ਬਾਰੇ ਕੋਈ ਵਾਅਦਾ ਕੀਤਾ। ਜਦ ਪੱਪੋ ਉਹਨੂੰ ਕਹਿੰਦੀ ਕਿ ਜੇ ਮੈਂ ਤੇਰੇ ਨਾਲ ਇਹ ਕੰਮ ਨਾ ਕਰਾਂ ਤਾਂ ਉਹ ਅੱਗੋਂ ਕਹਿੰਦਾ ਕਿ ਫੇ ਪਿਆਰ ਕਾਹਦਾ।

**ਗੁਰਦੇਵ**: ਬਦਨਾਮ ਬਸਤੀ ਕਹਾਣੀ ਨੂੰ ਪੜ੍ਹਨ ਤੋਂ ਬਾਅਦ ਮੇਰੇ ਮਨ ਵਿਚ ਇਹ ਸਵਾਲ ਆਉਦਾ ਹੈ ਕਿ ਕੀ ਇਹ ਥਾਂ ਜਾਂ ਇਹ ਬਸਤੀ ਕੇਵਲ ਇੱਥੇ ਕੰਮ ਕਰਦੀਆਂ ਔਰਤਾਂ ਦੇ ਲਈ ਹੈ ਜਾਂ ਸਮਾਜ ਨੂੰ ਵੀ ਇਸਦੀ ਕੋਈ ਜ਼ਰੂਰਤ ਹੈ? ਕਹਾਣੀ ਵਿਚ ਇਕ ਥਾਂ 'ਤੇ ਇਕ ਪਾਤਰ ਇਹ ਕਹਿੰਦੀ ਹੈ ਕਿ ਜ਼ਿੰਦਗੀ ਤੋਂ ਤੰਗ ਆਏ ਲੋਕ ਸਾਡੀ ਬਸਤੀ ਵਿਚ ਆਉਂਦੇ ਹਨ। ਇਸ ਤਰ੍ਹਾਂ ਮੈਨੂੰ ਲੱਗਦਾ ਹੈ ਕਿ ਸਮਾਜ ਵਿਚ ਇਨ੍ਹਾਂ ਦੀ ਹੋਂਦ ਦੇ ਬਹੁਤ ਸਾਰੇ ਕਾਰਨ ਪਏ ਹਨ। ਕਹਾਣੀਕਾਰ ਇਸ਼ਾਰਾ ਕਰਦੀ ਹੈ ਕਿ ਇਹ ਸਭ ਰਾਜਨੀਤੀ ਦੇ ਰਹਿਮੋ-ਕਰਮ 'ਤੇ ਚਲਦਾ ਹੈ। ਰਾਜਨੀਤੀ ਤੇ ਅਜਿਹੀਆਂ ਥਾਂਵਾਂ ਅੰਤਰ-ਸੰਬੰਧਿਤ ਹਨ।

**ਪ੍ਰਭਜੋਤ**: ਇਸ ਕਹਾਣੀ ਵਿੱਚ ਮੈਨੂੰ ਲੱਗਾ ਕਿ ਕਹਾਣੀਕਾਰ ਨੇ ਕਹਾਣੀ ਦੀ ਪਾਤਰ ਪੱਪੋ ਰਾਹੀਂ ਵੇਸ਼ਵਾਵਾਂ ਦੇ ਸਮਾਜ ਤੇ 'ਸੱਭਿਅਕ ਸਮਾਜ' ਦੀ ਤੁਲਨਾ ਕਰ ਕੇ ਉਨ੍ਹਾਂ ਦੇ ਜੀਵਨ ਦੇ ਮੁਕਾਬਲੇ ਇਸ ਸੱਭਿਅਕ ਸਮਾਜ ਨੂੰ ਛੁਟਿਆਇਆ ਹੈ ਤੇ ਬਾਹਰੀ ਪੱਧਰ ਤੇ ਸੱਭਿਅਕ ਨਜ਼ਰ ਆਉਣ ਵਾਲੇ ਸਮਾਜ ਦੀਆਂ ਅੰਦਰਲੀਆਂ ਬੁਰਾਈਆਂ ਦੇ ਪਾਜ ਚੰਗੀ ਤਰ੍ਹਾਂ ਉਧੇੜੇ ਹਨ। ਕਹਾਣੀ ਦੀ ਸੁਰ ਵਿਅੰਗਮਈ ਹੈ। ਸਮਾਜ ਦੇ ਇਕ ਇਕ ਤਬਕੇ 'ਤੇ ਭਾਰੀ ਵਿਅੰਗ ਹੈ ਰਾਜਨੀਤੀ ਤੋਂ ਲੈ ਕੇ ਧਰਮ ਤੱਕ ਸਮਾਜ ਸੁਧਾਰਕ, ਵਿਦਿਅਕ ਅਦਾਰੇ ਵਿੱਚ ਹੋ ਰਹੀ ਉਸ ਤੇ ਖੋਜ ਤੱਕ ਨੂੰ ਆਪਣੇ ਵਿਅੰਗ ਦੇ ਘੇਰੇ ਵਿੱਚ ਲਿਆਂਦਾ ਹੈ। ਕਹਾਣੀ ਵਿੱਚ ਉਹ ਉਹਨਾਂ ਸੁਧਾਰਕਾਂ ਤੇ ਵਿਅੰਗ ਕਰਦੀ ਹੈ ਜੋ ਇਕ ਸਮੇਂ ਓਹਨਾਂ ਦੀ ਜੀਵਨ ਦੀ ਭਲਾਈ ਦੀ ਗੱਲ ਕਰਦੇ ਹਨ ਤੇ ਦੂਜੇ ਸਮੇਂ ਉਹੀ ਆਪਣੀ ਥਕਾਵਟ ਤੇ ਦਿਨ ਭਰ ਦੀ ਚਿੰਤਾ ਦਾ ਬੋਝ ਉਹਨਾਂ ਕੋਲ ਜਾ ਕੇ ਉਤਾਰਦੇ ਹਨ।

**ਸਰਬਜੀਤ**: ਮੈਂ ਇਸ ਕਹਾਣੀ ਨਾਲ ਇਕ-ਸੁਰ ਨਹੀਂ ਹੋਈ। ਸ਼ਾਇਦ ਇਹ ਮੇਰੀ ਕਮੀ ਹੋਵੇ ਲੇਕਿਨ ਕਹਾਣੀ ਵਜੋਂ ਰਚਨਾ ਨੇ ਮੈਨੂੰ ਬਹੁਤਾ ਨਹੀਂ ਟੁੰਬਿਆ। ਇਸਦਾ ਕਾਰਨ ਸੀ ਕਿ ਇੰਨੇ ਸੰਵੇਦਨਸ਼ੀਲ ਵਿਸ਼ੇ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਕਹਾਣੀ ਕਿਸੇ ਵੇਦਨਾ ਨੂੰ ਨਹੀਂ ਜਗਾਉਂਦੀ। ਇਹ ਟੀ.ਵੀ. ਦੀਆਂ ਖ਼ਬਰਾਂ ਵਾਂਗ ਵਿਵਰਨਾਤਮਕ ਹੈ। ਮੈਨੂੰ ਇਹ ਲੱਗਿਆ ਕਿ ਸ਼ਾਇਦ ਕਹਾਣੀਕਾਰ ਬਹੁਤ ਕੁਝ ਕਹਿਣਾ ਚਾਹੁੰਦੀ ਸੀ। ਇਸ ਲਈ ਉਹ ਵੱਧ ਤੋਂ ਵੱਧ ਘਟਨਾਵਾਂ ਜਾਂ ਪੱਖਾਂ ਨੂੰ ਕਹਾਣੀ ਵਿਚ ਸ਼ਾਮਿਲ ਕਰਦੀ ਹੈ ਲੇਕਿਨ ਪਾਠਕ ਵਜੋਂ ਮੈਂ ਇਕ ਤੋਂ ਦੂਜੇ ਤੱਕ ਸਾਰੀਆਂ ਘਟਨਾਵਾਂ ਨਾਲ ਬਿਨਾਂ ਕਿਸੇ ਅਹਿਸਾਸ ਦੇ ਕਹਾਣੀ ਨਾਲ ਅੱਗੇ ਵਧਦੀ ਹਾਂ। ਮੈਨੂੰ ਲੱਗਦਾ ਹੈ ਕਿ ਜਿਹੜੇ ਵੇਰਵਿਆਂ ਜਾਂ ਘਟਨਾਵਾਂ ਨੂੰ ਜਿਸ ਮਾਰਮਿਕਤਾ ਤੇ ਸ਼ਿੱਦਤੀ ਅਹਿਸਾਸ ਨਾਲ ਸ਼ਾਮਿਲ ਕਰਨਾ ਚਾਹੀਦਾ ਸੀ, ਉਸਦੀ ਘਾਟ ਰਹੀ ਹੈ।

ਲੇਕਿਨ ਫਿਰ ਵੀ ਕਹਾਣੀ ਦੇ ਵਿਸ਼ੇ ਦੀ ਮਹੱਤਤਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਵੇਸਵਾਗਮਨੀ ਬਾਰੇ ਇਹ ਕਹਾਣੀ ਬਹੁਤ ਸਾਰੇ ਵਿਚਾਰਾਂ ਨੂੰ ਪੇਸ਼ ਕਰਦੀ ਹੈ। ਅਜਿਹੇ ਵਿਚਾਰਾਂ ਵਿਚੋਂ ਹੀ ਇਕ ਵਿਚਾਰ ਮੈਨੂੰ ਬਹੁਤ ਮਹੱਤਵਪੂਰਨ ਲੱਗਾ ਕਿ ਹਰ ਮਰਦ ਦੇ ਅੰਦਰ ਜ਼ਿੰਮੇਵਾਰੀ ਤੋਂ ਰਹਿਤ ਹੋ ਕੇ ਔਰਤ ਨੂੰ ਭੋਗਣ ਦੀ ਲਾਲਸਾ ਪਈ ਹੈ। ਮਰਦ ਇਕ ਤੋਂ ਵਧੇਰੇ ਔਰਤਾਂ ਨੂੰ ਭੋਗਣਾ ਚਾਹੁੰਦਾ ਹੈ ਲੇਕਿਨ ਉਹ ਇਨ੍ਹਾਂ ਸਾਰੀਆਂ ਔਰਤਾਂ ਦੀ ਸਮਾਜਿਕ ਤੌਰ 'ਤੇ ਜ਼ਿੰਮੇਵਾਰੀ ਨਹੀਂ ਚੁੱਕ ਸਕਦਾ। ਇਸ ਲਈ ਉਸਨੇ ਅਜਿਹੇ ਰਸਤੇ ਬਣਾਏ ਜਿੱਥੇ ਉਹ ਆਪਣੀ ਇਸ ਇੱਛਾ ਨੂੰ ਪੂਰੀ ਕਰ ਸਕੇ। ਹਾਲਾਂਕਿ ਇਹ ਵਿਵਸਥਾਵਾਂ ਮਰਦ ਨੇ ਆਪਣੀ ਇੱਛਾ ਦੀ ਪੂਰਤੀ ਲਈ ਹੋਂਦ ਵਿਚ ਲਿਆਂਦੀਆਂ ਲੇਕਿਨ ਪਿਤਰਕੀ ਸਮਾਜ ਨੇ ਮਰਦ ਦੇ ਬਚਾਅ ਲਈ ਕਸੂਰਵਾਰ ਔਰਤਾਂ ਨੂੰ ਠਹਿਰਾਇਆ। ਕਹਾਣੀਕਾਰ ਨੇ ਇਸ ਪ੍ਰਸੰਗ 'ਚ ਗੁਰਦੁਆਰੇ ਦੇ ਭਾਈ, ਪੀਐਚ.ਡੀ ਖੋਜ ਕਰਤਾ, ਪੁਲੀਸ, ਸ਼ੋਸਲ ਵਰਕਰ, ਰਾਜਨੀਤੀਵਾਨ ਆਦਿ ਦੇ ਰੂਪ ਵਿਚ ਕਿਸੇ ਰੁਤਬੇ ਤੇ ਰੂਪ ਵਾਲਾ ਮਰਦ ਨਹੀਂ ਛੱਡਿਆ ਜਿਹੜਾ ਇਨ੍ਹਾਂ ਔਰਤਾਂ ਕੋਲ ਨਹੀਂ ਜਾਂਦਾ।

ਇਹ ਕਹਾਣੀ ਦੀ ਖ਼ੂਬਸੂਰਤੀ ਵੱਖ-ਵੱਖ ਪ੍ਰਕਾਰ ਦੇ ਅਵੈਧ 'ਲਿੰਗਕ ਸੰਬੰਧਾਂ' ਉੱਪਰ ਚਾਨਣਾ ਪਾਉਂਦੀ ਹੋਈ ਇਨ੍ਹਾਂ ਨੂੰ ਵੇਸਵਾਗਿਰੀ ਦਾ ਹੀ ਇਕ ਰੂਪ ਬਿਆਨ ਕਰਦੀ ਹੈ। ਕਹਾਣੀ ਸੁਝਾਉਂਦੀ ਹੈ ਕਿ ਅੱਜ ਔਰਤ ਨੂੰ ਸਮਝਣਾ ਚਾਹੀਦਾ ਹੈ ਕਿ ਔਰਤ ਸਿਰਫ਼ ਇਕ ਰੋਲ (ਵੇਸਵਾ) ਦੇ ਵਿਚ ਲਿੰਗਕ ਹਿੰਸਾ ਦਾ ਸ਼ਿਕਾਰ ਨਹੀਂ ਹੁੰਦੀ ਸਗੋਂ ਇਸ ਹਿੰਸਾ ਦੇ ਬਹੁਤ ਸਾਰੇ ਰੂਪ ਹਨ। ਇਸ ਲਈ ਸਾਰੀਆਂ ਔਰਤਾਂ ਨੂੰ ਸਮਝਣਾ ਚਾਹੀਦਾ ਹੈ ਕਿ ਉਹ ਹਮੇਸ਼ਾ ਲਈ ਸੁਰੱਖਿਅਤ ਨਹੀਂ ਹਨ। ਇਸਦਾ ਕਾਰਨ ਹੈ ਕਿ ਮਰਦ ਦੀ ਔਰਤ ਨੂੰ ਭੋਗਣ ਦੀ ਇੱਛਾ ਔਰਤ ਦੇ ਕਿਸੇ ਇਕ ਰੂਪ ਜਾਂ ਇਕ ਪ੍ਰਕਾਰ ਤੱਕ ਸੀਮਤ ਨਹੀਂ ਹੈ। ਇਸ ਲਈ ਔਰਤ ਦਾ ਵੇਸਵਾ ਦਾ ਰੂਪ ਵੀ ਸਥਿਰ ਤੇ ਪੱਕਾ ਨਹੀਂ ਹੈ। ਕਿਸੇ ਵੀ ਔਰਤ ਨਾਲ ਇਹ ਵਾਪਰ ਸਕਦਾ ਹੈ। ਕਹਾਣੀ ਦਰਸਾਉਂਦੀ ਹੈ ਕਿ ਵੇਸਵਾਗਮਨੀ ਵਿਚ ਸ਼ਾਮਿਲ ਔਰਤਾਂ ਵਿਚੋਂ ਬਹੁਤ ਸਾਰੀਆਂ ਇਸ ਧੰਦੇ ਵਿਚ ਆਉਣ ਤੋਂ ਪਹਿਲਾ ਹੋਰ ਕਈ ਤਰ੍ਹਾਂ ਦੇ ਕੰਮ ਕਰਦੀਆਂ ਹਨ। ਸੋ ਕਿਸੇ ਵੀ ਔਰਤ ਦੇ ਹਾਲਾਤ



ਉਸਨੂੰ ਇਸ ਧੰਦੇ ਵਿਚ ਪਹੁੰਚਾ ਸਕਦੇ ਹਨ। ਇਹ ਠੀਕ ਐ ਕਿ ਬਹੁ-ਗਿਣਤੀ ਔਰਤਾਂ ਕਦੇ ਸਿੱਧੇ ਰੂਪ ਵਿਚ ਇਸ ਧੰਦੇ ਨੂੰ ਨਹੀਂ ਅਪਣਾਉਣਗੀਆਂ ਲੇਕਿਨ ਜਦੋਂ ਰਾਜਨੀਤੀ, ਬੈਂਕਿੰਗ, ਯੂਨੀਵਰਸਿਟੀਆਂ, ਫਿਲਮਾਂ, ਗੀਤ-ਸੰਗੀਤ, ਫੈਸ਼ਨ ਆਦਿ ਖੇਤਰਾਂ ਦੇ ਨਾਲ-ਨਾਲ ਤਕਰੀਬਨ ਹਰ ਖੇਤਰ ਜਿੱਥੇ ਔਰਤਾਂ ਕੰਮ ਕਰਦੀਆਂ ਹਨ ਵਿਚ ਔਰਤਾਂ ਖਿਲਾਫ਼ ਅਜਿਹੇ ਇਲਜ਼ਾਮ ਸੁਣਨ ਨੂੰ ਮਿਲਣ ਤਾਂ ਕੁਝ ਵੀ ਨਾ-ਮੁਮਕਿਨ ਨਹੀਂ ਲੱਗਦਾ। ਵੈਸੇ ਵੀ ਸਾਡੇ ਸਮਾਜ ਵਿਚ ਪੇਸ਼ਾਵਰ ਔਰਤਾਂ ਬਾਬਤ ਮਿਲਦੀਆਂ ਰਾਵਾਂ ਤੇ ਵੇਸਵਾਵਾਂ ਬਾਬਤ ਮਿਲਦੀਆਂ ਰਾਵਾਂ ਵਿਚਕਾਰ ਬਹੁਤਾ ਫ਼ਰਕ ਨਹੀਂ ਹੈ। ਇੱਥੋਂ ਤੱਕ ਕਿ ਸਾਧਾਰਨ ਔਰਤਾਂ ਵੀ ਵੇਸਵਾਵਾਂ ਨੂੰ ਬੁਰੀਆਂ ਮੰਨਦੀਆਂ ਹਨ। ਸਮਾਜ ਅਜਿਹੀਆਂ ਔਰਤਾਂ ਨਾਲ ਬੜਾ ਵਿਤਕਰੇ ਭਰਿਆ ਸਲੂਕ ਕਰਦਾ ਹੈ ਜਦੋਂ ਕਿ ਇਹ ਤੈਅ ਹੈ ਕਿ ਜੇ ਕੋਈ ਕੁੜੀ ਅਜਿਹੇ ਸਰੀਰਕ ਰਿਸ਼ਤੇ ਬਣਾਉਂਦੀ ਹੈ ਤਾਂ ਉਸ ਵਿਚ ਮਰਦ ਦੀ ਭੂਮਿਕਾ ਵੀ ਬਰਾਬਰ ਦੀ ਹੈ। ਲੇਕਿਨ ਸ਼ਕਤੀ ਦੇ ਪ੍ਰਤੀਕ ਮਰਦ ਨੂੰ ਅਜਿਹੇ ਕਿਸੇ ਵਿਤਕਰੇ ਦਾ ਸਾਹਮਣਾ ਨਹੀਂ ਕਰਨਾ ਪੈਂਦਾ।

ਇਹ ਕਹਾਣੀ ਸਾਨੂੰ ਦੱਸਦੀ ਹੈ ਕਿ ਕਿਸੇ ਮਨੁੱਖ ਦੀ ਹੈਸੀਅਤ ਦੀ ਨਿਰਮਾਣਕਾਰੀ ਵਿਚ ਕਿੰਨ੍ਹਾਂ ਆਧਾਰਾਂ ਦੀ ਭੂਮਿਕਾ ਹੁੰਦੀ ਹੈ। ਇਹ ਕਹਾਣੀ ਦੱਸਦੀ ਹੈ ਕਿ ਸਾਡਾ ਸਮਾਜ/ਮਰਦ ਔਰਤ ਨੂੰ ਕਿਸ ਤਰ੍ਹਾਂ ਦੇਖਦਾ ਹੈ। ਇਹ ਕਹਾਣੀ ਅਜਿਹਾ ਇਸ਼ਾਰਾ ਕਰਦੀ ਜਾਪਦੀ ਹੈ ਕਿ ਕੀ ਸਾਨੂੰ ਇਹ ਹੱਕ ਹੈ ਕਿ ਕਿਸੇ ਵਿਅਕਤੀ ਦੇ ਨਿੱਜੀ ਫੈਸਲਿਆਂ ਜਾਂ ਨਿੱਜੀ ਜ਼ਿੰਦਗੀ ਦੇ ਆਧਾਰ 'ਤੇ ਉਸਨੂੰ ਸਮਾਜ ਤੋਂ ਅਲਹਿਦਾ ਕਰ ਦਈਏ? ਹਰ ਤਰ੍ਹਾਂ ਦੀਆਂ ਸੀਮਾਵਾਂ ਦੇ ਬਾਵਜੂਦ ਇਸ ਕਹਾਣੀ ਦੇ ਪ੍ਰਸੰਗ ਵਿਚ ਮੇਰੀ ਦਲੀਲ ਹੈ ਕਿ ਇਕੱਲੀਆਂ ਔਰਤਾਂ ਇਸ ਸੰਦਰਭ ਵਿਚ ਕੁਝ ਨਹੀਂ ਕਰ ਸਕਦੀਆਂ। ਉਨ੍ਹਾਂ ਨੂੰ ਮਰਦਾਂ ਦਾ ਪੂਰਨ ਸਾਥ ਮਿਲਦਾ ਹੈ। ਇਸ ਲਈ ਜੇ ਜਿੰਮੇਵਾਰੀ ਦੇਣੀ ਹੈ ਤਾਂ ਦੋਵਾਂ ਧਿਰਾਂ ਨੂੰ ਦਿਉ। ਜੇ ਦੋਵਾਂ ਨੂੰ ਜ਼ਿੰਮੇਵਾਰੀ ਨਹੀ ਦਿੱਤੀ ਜਾ ਸਕਦੀ ਤਾਂ ਕਿਸੇ ਨੂੰ ਕੋਈ ਹੱਕ ਨਹੀਂ ਬਣਦਾ ਕਿ ਉਹ ਇਸ ਖੇਤਰ ਵਿਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਇਸ ਲਈ ਜ਼ਿੰਮੇਵਾਰ ਕਹੇ। ਇਸ ਕਰਕੇ ਉਹ ਜਿੱਥੇ ਵੀ ਅਜਿਹੀਆਂ ਔਰਤਾਂ ਮਿਲਦੀਆਂ ਹਨ ਅਸੀਂ ਉਨ੍ਹਾਂ ਨੂੰ ਘੱਟੋ-ਘੱਟ ਘ੍ਰਿਣਤ ਨਜ਼ਰ ਨਾਲ ਨਾ ਦੇਖੀਏ। ਇਸਦਾ ਕਾਰਨ ਸਪੱਸ਼ਟ ਹੈ ਕਿ ਇਸ ਮਾਮਲੇ ਦੀ ਜਿੰਮੇਵਾਰ ਕੇਵਲ ਔਰਤ ਨਹੀਂ ਹੈ। ਜੇ ਜਿੰਮੇਵਾਰੀ ਦੇਣੀ ਐ ਤਾਂ ਦੋਵਾਂ ਨੂੰ ਦਿਓ ਜੇ ਦੋਵਾਂ ਨੂੰ ਜਿੰਮੇਵਾਰੀ ਨਹੀਂ ਦੇ ਸਕਦੇ ਤਾਂ ਇਕ ਨੂੰ ਨਾ ਦਿਓ। ਇਹ ਕਹਾਣੀ ਮੈਨੂੰ ਇਹੀ ਸੁਨੇਹਾ ਦਿੰਦੀ ਲੱਗੀ।

**ਦਲਜੀਤ**: ਮੇਰੇ ਖ਼ਿਆਲ ਅਨੁਸਾਰ ਦੀਪਤੀ ਬਬੂਟਾ ਦੀ ਕਹਾਣੀ 'ਬਦਨਾਮ ਬਸਤੀ' ਮਨੁੱਖੀ ਦੇਹ ਦੇ ਕੁਦਰਤੀ, ਪ੍ਰਾਕ੍ਰਿਤਕ ਵਿਹਾਰ ਅਤੇ ਸਭਿਆਚਾਰ ਦੁਆਰਾ ਮਨੁੱਖ ਦੇ ਦੈਹਿਕ ਵਿਹਾਰ ਲਈ ਘੜੇ ਪ੍ਰਤਿਮਾਨਾਂ, ਨਿਯਮਾਂ, ਪੈਮਾਨਿਆਂ ਵਿੱਚ ਇੱਕ ਤਣਾਅ ਅਤੇ ਕਸ਼ਮਕਸ਼ ਨੂੰ ਸਿਰਜਦੀ ਹੋਈ ਸਭਿਆਚਾਰਕ ਪ੍ਰਤੀਮਾਨਾਂ ਦੇ ਹੱਕ ਵਿੱਚ ਭੁਗਤਦੀ ਹੈ। ਮੈਂ ਜਗਮੀਤ ਦੀ ਗੱਲ ਨਾਲ ਸਹਿਮਤ ਹਾਂ ਕਿ ਇਹ ਕਹਾਣੀ ਵੇਸ਼ਵਾਵਾਂ ਦੀ ਬਸਤੀ ਨੂੰ ਸਭਿਆਚਾਰ ਦੀ ਲੋੜ ਵਿੱਚੋਂ ਉਪਜੀ ਹੋਈ ਦੱਸਦੀ ਹੈ। ਮਸਲਨ ਅਸੀਂ ਕਹਾਣੀ ਵਿੱਚੋਂ ਇੱਕ ਹਵਾਲਾ ਲੈਂਦੇ ਹਾਂ:

ਕੱਚੀ ਬਸਤੀ ਲੰਘ ਕੇ ਪੱਕੀਆਂ ਕਾਲੋਨੀਆਂ ਨੂੰ ਜਾਂਦੇ ਰਾਹ ਰੌਸ਼ਨ ਕਰਨ ਲਈ ਲੱਗੀਆਂ ਸਟ੍ਰੀਟ ਲਾਈਟਾਂ ਜਗਾਉਣ ਤੋਂ ਲੈ ਕੇ ਰਿਸ਼ਤਿਆਂ ਦੀਆਂ ਗੰਢਾਂ 'ਚ ਬੱਝੇ ਪੱਕੀਆਂ ਰਜਿਸਟਰੀਆਂ ਵਾਲੇ ਘਰ ਰੁਸ਼ਨਾਉਣ ਲਈ ਰੇਲਵੇ ਲਾਈਨ ਦੇ ਲਾਗਿਓਂ ਲੰਘਦੀ ਹਾਈ-ਵੋਲਟੇਜ ਤਾਰ ਨੂੰ ਕੁੰਡੀਆਂ ਪਾ ਕੇ ਬਸਤੀ ਦੇ ਘਰਾਂ ਦੀਆਂ ਇਨ੍ਹਾਂ ਛੱਤਾਂ ਹੇਠ ਲਾਟੂ ਜਗਦੇ ਹਨ। ਵਾਟਰ ਸਪਲਾਈ ਮੇਨ ਪਾਈਪ ਲਾਈਨ 'ਚ ਪਾਈਪ ਜੋੜ ਕੇ ਬਸਤੀ ਦੀ ਨੁੱਕਰ 'ਤੇ ਲੱਗੀ ਟੂਟੀ ਬੇਮੁਹਾਰਾ ਚੱਲਦੀ, ਬਸਤੀ ਵਾਸੀਆਂ ਦੀ ਤ੍ਰੇਹ ਮਿਟਾਉਣ ਦੇ ਨਾਲ-ਨਾਲ ਧੰਦੇ ਦੀ ਨਿਸ਼ਾਨਦੇਹੀ ਬਣ ਕੇ ਪੈਦਾ ਹੋਏ ਬਾਲਾਂ ਦੇ ਪਾਣੀ ਨਾਲ ਚੱਲਦੇ ਨੰਗ-ਧੜੰਗ ਛੜੱਪਿਆਂ 'ਚੋ ਜ਼ਿੰਦਗੀ ਦੀ ਸੁਰਤਾਲ ਛੇੜਦੀ ਹੈ।(ਪੰਨਾ-48)

ਇਸ ਉਪਰੋਕਤ ਬਿਆਨ ਵਿੱਚ 'ਕੱਚੀ ਬਸਤੀ' ਕੁਦਰਤੀ ਅਤੇ ਪ੍ਰਾਕ੍ਰਿਤਕ ਵਿਹਾਰ ਦੀ ਪ੍ਰਤੀਨਿਧਤਾ ਕਰਦੀ ਹੈ। 'ਕੱਚਾ' ਆਪਣੇ ਆਪ ਵਿੱਚ ਕੁਦਰਤ ਨਾਲ ਜੁੜਿਆ ਹੋਇਆ ਵਰਤਾਰਾ ਹੈ। ਇਸੇ ਤਰ੍ਹਾਂ 'ਪੱਕੀਆਂ ਕਾਲੋਨੀਆਂ', 'ਰਿਸ਼ਤਿਆਂ ਦੀਆਂ ਗੰਢਾਂ 'ਚ ਬੱਝੇ ਪੱਕੀਆਂ ਰਜਿਸਟਰੀਆਂ ਵਾਲੇ ਘਰ' ਸਭਿਆਚਾਰਕ ਨਿਯਮਾਂ, ਮਨਾਹੀਆਂ ਵਿੱਚ ਬੱਝੀ ਹੋਈ ਜ਼ਿੰਦਗੀ ਦਾ ਪ੍ਰਤੀਕ ਹੁੰਦੇ ਹਨ। 'ਕੱਚੇ' ਦੇ ਉਲਟ 'ਪੱਕਾ' ਵੀ ਕੁਦਰਤ ਤੋਂ ਸਮਾਜ-ਸੱਭਿਆਚਾਰ ਵੱਲ ਪ੍ਰਵਾਹ ਨੂੰ ਰੂਪਮਾਨ ਕਰਦਾ ਹੈ। 'ਰਿਸ਼ਤਿਆਂ ਦੀਆਂ ਗੰਢਾਂ' ਵਿੱਚ ਘਰ ਉਦੋਂ ਹੀ ਵਜੂਦ ਧਾਰਦਾ ਹੈ ਜਦੋਂ ਸਗੋਤਰ ਸੰਭੋਗ ਦੀ ਮਨਾਹੀ ਦੀ ਪਾਲਣਾ ਹੁੰਦੀ ਹੈ। ਇਸ ਵਿੱਚ 'ਹਾਈ-ਵੋਲਟੇਜ ਤਾਰ' ਅਤੇ 'ਮੇਨ ਪਾਈਪ ਲਾਈਨ' ਸਭਿਆਚਾਰਕ ਕਦਰਾਂ-ਕੀਮਤਾਂ ਵਿੱਚ ਬੱਝੇ ਮਨੁੱਖੀ ਦੇਹ ਦੇ ਕਾਮੁਕ ਵਿਹਾਰ ਵੱਲ ਇਸ਼ਾਰਾ ਕਰਦੇ ਹਨ। 'ਹਾਈ ਵੋਲਟੇਜ ਤਾਰ' ਅਤੇ 'ਮੇਨ ਪਾਈਪ ਲਾਈਨ' ਨਾਲ ਇੱਕ ਪਾਸੇ 'ਰਿਸ਼ਤਿਆਂ ਵਿੱਚ ਬੱਝੇ ਪੱਕੇ ਘਰ' ਰੌਸ਼ਨ ਹੁੰਦੇ ਹਨ ਤਾਂ ਦੂਜੇ ਪਾਸੇ ਇਸੇ 'ਹਾਈ ਵੋਲਟੇਜ' ਵਿੱਚ ਕੁੰਡੀਆਂ ਲੱਗ ਕੇ ਅਤੇ 'ਮੇਨ ਪਾਈਪ ਲਾਈਨ' ਨੂੰ ਤੋੜ ਕੇ ਪਾਣੀ ਦਾ ਨਿਕਾਸ ਬਸਤੀ ਵੱਲ ਹੁੰਦਾ ਹੈ ਭਾਵ ਸੱਭਿਅਕ ਵਿਹਾਰ ਤੇ ਨੈਤਿਕਤਾ ਵਿੱਚ ਬੱਝਿਆ ਮਨੁੱਖੀ ਕਾਮੁਕ ਵਿਹਾਰ ਜਿੱਥੇ ਸਾਡੀ ਰਿਸ਼ਤਾ-ਨਾਤਾ ਪ੍ਰਣਾਲੀ ਦਾ ਆਧਾਰ ਹੈ, ਉੱਥੇ ਇਸ ਵਿਹਾਰ ਵਿਚਲੀ ਦੇਹ ਦੀ ਆਦਿਮ ਅਰਾਜਕਤਾ ਦੀ ਲੋੜ ਵਿੱਚੋਂ ਬਸਤੀ ਪੈਦਾ ਹੁੰਦੀ ਹੈ। ਇਹ ਹਵਾਲਾ ਸਾਬਿਤ ਕਰਦਾ ਹੈ ਕਿ ਜਿੱਥੇ ਬਸਤੀ ਮਨੁੱਖੀ ਸਭਿਆਚਾਰ ਦੀ ਲੋੜ ਵਿੱਚੋਂ ਪੈਦਾ ਹੋਈ ਹੈ, ਉੱਥੇ ਇਹ ਸਮਾਜ ਤੇ ਸਭਿਆਚਾਰ ਦੇ ਰਿਸ਼ਤਿਆਂ ਦੀ ਹੋਂਦ ਨੂੰ ਵੀ ਬਚਾਈ ਰੱਖਦੀ ਹੈ। ਜੇ ਇਹ ਵੇਸ਼ਵਾਵਾਂ ਦੀ ਬਸਤੀ ਨਾ ਹੋਵੇ ਤਾਂ ਮਨੁੱਖੀ ਕਾਮੁਕਤਾ ਦੀ ਇਹ 'ਹਾਈ ਵੋਲਟੇਜ' ਤੇ 'ਪ੍ਰੈਸ਼ਰ' ਸੱਭਿਆਚਾਰਕ ਸਾਕਾਚਾਰੀ ਪ੍ਰਬੰਧ ਨੂੰ ਖ਼ਤਮ ਕਰਨ ਵੱਲ ਵੀ ਵੱਧ ਸਕਦੀ ਹੈ।

ਭਾਵੇਂ ਇਸ ਸਾਰੀ ਕਹਾਣੀ ਵਿੱਚ ਮਨੁੱਖੀ ਸੱਭਿਅਕ ਵਿਹਾਰ ਅਤੇ ਨੈਤਿਕਤਾ 'ਤੇ ਪ੍ਰਸ਼ਨ ਚਿੰਨ੍ਹ ਲਗਾਉਂਦਿਆਂ ਇਸ ਨੂੰ ਵਿਅੰਗ ਦਾ ਨਿਸ਼ਾਨਾ ਬਣਾਇਆ ਗਿਆ ਹੈ, ਪਰ ਮੈਨੂੰ ਇਹ ਕਹਾਣੀ ਅੰਤਿਮ ਰੂਪ ਵਿੱਚ ਸੱਭਿਅਕ ਵਿਹਾਰ, ਰਿਸ਼ਤੇ-ਨਾਤਿਆਂ ਤੇ ਪ੍ਰਤੀਮਾਨਾਂ ਦੇ ਹੱਕ ਵਿੱਚ ਭੁਗਤਦੀ ਪ੍ਰਤੀਤ ਹੁੰਦੀ ਹੈ। ਜੇਕਰ ਦੇਖਿਆ ਜਾਵੇ ਤਾਂ ਘਰ ਨੂੰ ਅਤੇ ਰਿਸ਼ਤੇ-ਨਾਤਿਆਂ ਨੂੰ ਸਿਰਜਣ ਵਿੱਚ 'ਸਗੋਤਰ ਸੰਭੋਗ ਦੀ ਮਨਾਹੀ' ਵਾਲਾ ਟੈਬੂ ਕਾਰਜਸ਼ੀਲ ਹੁੰਦਾ ਹੈ । ਇਸ ਕਹਾਣੀ ਵਿੱਚ ਇਸ ਟੈਬੂ ਦੀ ਉਲੰਘਣਾ ਰਾਹੀਂ 'ਘਰ ਦਾ ਸੰਕਲਪ' ਟੁੱਟਿਆ ਹੈ, ਜਿਸ ਦੀ ਮਿਸਾਲ ਕਰਮੋਂ ਦੇ, ਪੱਪੋ ਦੇ ਪਿਓ ਅਤੇ ਭਰਾ ਚਾਨਣ ਦੋਵਾਂ ਨਾਲ ਸਰੀਰਕ ਸੰਬੰਧਾਂ ਤੋਂ ਮਿਲਦੀ ਹੈ, ਇਸੇ ਤਰ੍ਹਾਂ ਚਾਨਣ ਦੇ ਆਪਣੀ ਭੈਣ ਪੱਪੋ ਨਾਲ ਸਰੀਰਕ ਸੰਬੰਧ ਹੋਣ ਦਾ ਕਹਾਣੀ ਵਿੱਚ ਇਸ਼ਾਰਾ ਮਿਲਦਾ ਹੈ। ਇੱਥੇ ਮਾਂ (ਜੋ ਜਨਮ ਦੇਣ ਵਾਲੀ ਨਹੀਂ) ਅਤੇ ਪੁੱਤ ਦੇ ਨਾਲ-ਨਾਲ ਭੈਣ ਅਤੇ ਭਰਾ ਦਾ ਰਿਸ਼ਤਾ ਸ਼ੰਕਾ ਦੇ ਘੇਰੇ ਵਿੱਚ ਹੈ। ਇੱਕ ਪਾਸੇ ਸੱਭਿਅਕ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਬਿਆਨਦੀ ਇਹ ਕਹਾਣੀ ਦੂਜੇ ਪਾਸੇ ਇਨ੍ਹਾਂ ਸੱਭਿਅਕ ਰਿਸ਼ਤਿਆਂ ਦਾ ਪੱਖ ਪੂਰਦੀ ਵੀ ਪ੍ਰਤੀਤ ਹੁੰਦੀ ਹੈ। ਇਸ ਦੀ ਉਦਾਹਰਣ ਪੱਪੋ ਦੁਆਰਾ ਕਰਮੋਂ ਅਤੇ ਆਪਣੀ ਮਾਂ ਦੀ ਕੀਤੀ ਤੁਲਨਾ ਵਿੱਚੋਂ ਦੇਖੀ ਜਾ ਸਕਦੀ ਹੈ:

ਕੀ ਵੇਖਿਆ ਸੀ, ਕਰਮੋਂ 'ਚ ਪਿਉ ਮੇਰੇ ਨੇ। ਮੇਰੀ ਮਾਂ ਦੇ ਤਾਂ ਪੈਰ ਦੇ ਅੰਗੂਠੇ ਦੀ ਮੈਲ ਬਰਾਬਰ ਵੀ ਨਹੀਂ ਸੀ। (ਪੰਨਾ-50)

ਕਰਮੋਂ ਸਭਿਆਚਾਰ ਦੁਆਰਾ ਪ੍ਰਵਾਨਿਤ ਵਿਹਾਰ ਨੂੰ ਨਾ ਮੰਨਣ ਵਾਲੀ ਵੇਸ਼ਵਾ ਹੈ, ਪੱਪੋ ਦੀ ਮਾਂ ਸੱਭਿਅਕ ਰਿਸ਼ਤਿਆਂ ਤੇ ਨਿਯਮਾਂ ਵਿੱਚ ਬੰਨ੍ਹੀ ਹੋਂਦ/ਵਜੂਦ ਹੈ। ਕਰਮੋਂ ਦੇ ਮੁਕਾਬਲੇ ਮਾਂ ਦਾ ਪੱਖ ਲੈਣਾ ਸਭਿਆਚਾਰਕ ਨੈਤਿਕਤਾ ਦੁਆਰਾ ਸਥਾਪਿਤ ਵਿਹਾਰ ਦਾ ਪੱਖ ਪੂਰਨਾ ਹੈ। ਇਸੇ ਤਰ੍ਹਾਂ ਸੇਠ ਦੀ ਜਬਰਦਸਤੀ ਦਾ ਸ਼ਿਕਾਰ ਹੁੰਦਿਆਂ ਪੱਪੋ ਦਾ ਆਪਣੇ ਭਰਾ ਤੋਂ 'ਸੁਣਵਾਈ' ਦੀ, 'ਬਚਾਅ' ਦੀ ਉਮੀਦ ਰੱਖਣਾ ਵੀ ਕਿਤੇ ਨਾ ਕਿਤੇ ਉਸ ਦੇ ਇਨ੍ਹਾਂ ਰਿਸ਼ਤਿਆਂ ਪ੍ਰਤੀ ਵਿਸ਼ਵਾਸ ਨੂੰ ਪ੍ਰਗਟਾਉਂਦਾ ਹੈ।



ਇਸੇ ਤਰ੍ਹਾਂ ਮੇਲੇ ਵਿੱਚੋਂ ਘਰ-ਘਰ ਦੀ ਖੇਡ ਵਾਲਾ ਸੈੱਟ ਅਤੇ ਲਾੜਾ-ਲਾੜੀ ਬਣੇ ਗੁੱਡਾ-ਗੁੱਡੀ ਲੈਣ ਦੀ ਉਸਦੀ ਲਾਲਸਾ ਉਸ ਦੇ ਮਨ ਵਿੱਚ ਵਸੇ 'ਘਰ' ਦੇ ਸੰਕਲਪ ਅਤੇ ਸਭਿਆਚਾਰਕ ਪ੍ਰਵਾਨਗੀ ਸਹਿਤ ਵਿਆਹ ਦੇ ਬੰਧਨ ਵਿੱਚ ਬੱਝਣ ਦੀ ਰੀਝ ਨੂੰ ਦਰਸਾਉਂਦੀ ਹੈ। ਕਹਾਣੀ ਵਿੱਚ ਦੋ ਵਾਰ ਗੱਡੀ ਅਤੇ ਰੇਲਵੇ ਸਟੇਸ਼ਨ ਦਾ ਜ਼ਿਕਰ ਆਇਆ ਹੈ, ਇਸ ਬਿਆਨ ਦੀ ਖ਼ੂਬਸੂਰਤੀ ਇਹ ਹੈ ਕਿ ਰੇਲਵੇ ਸਟੇਸ਼ਨ 'ਸਭਿਆਚਾਰ' ਦਾ ਅਤੇ ਗੱਡੀ 'ਸਮਾਜ-ਸਭਿਆਚਾਰਕ ਮਨਾਹੀ/ਟੈਬੂ' ਦਾ ਪ੍ਰਤੀਕ ਬਣ ਜਾਂਦੀ ਹੈ:

ਗੱਡੀਆਂ ਰੇਲਵੇ ਸਟੇਸ਼ਨਾਂ 'ਤੇ ਹੀ ਰੁਕਦੀਆਂ ਨੇ...ਰਾਹ ਵਿੱਚ ਪੈਂਦੀਆਂ ਬਸਤੀਆਂ 'ਚ ਰੁਕਣਾ ਗੱਡੀਆਂ ਦਾ ਨੇਮ ਨਹੀਂ। ਨੰਗ-ਮੁਨੰਗ ਜਿਹੇ ਬਾਲ ਛੁਕ-ਛੁਕ ਕਰਦੀਆਂ ਗੱਡੀਆਂ ਦੇ ਨਾਲ-ਨਾਲ ਭੱਜਦੇ, ਤੇ ਫਿਰ ਹਾਰ ਕੇ ਬਸਤੀ ਵੱਲ ਨੂੰ ਮੁੜ ਪੈਂਦੇ ਨੇ। ਕਦੀ ਮੈਂ ਵੀ ਭੱਜਿਆ ਕਰਦੀ ਸਾਂ ਗੱਡੀ ਦੀ ਸਪੀਡ ਨਾਲ, ਦਿਲ ਕਰਿਆ ਕਰੇ ਕੋਈ ਬਾਂਹ ਫੜ ਕੇ ਗੱਡੀ ਚੜ੍ਹਾ ਲਵੇ, ਜਾਂ ਭੱਜ ਕੇ ਆਪ ਹੀ ਚੜ੍ਹ ਜਾਵਾਂ। (ਪੰਨਾ-44)

ਜਾਂ

ਲਾਈਨਾਂ ਤੋਂ ਗੱਡੀ ਲੰਘਦੀ ਤਾਂ ਮੈਂ ਨਾਲ-ਨਾਲ ਭੱਜਣ ਲੱਗਦੀ, ਪਰ ਬਾਂਹ ਫੜਨ ਲਈ ਕੋਈ ਹੱਥ ਅੱਗੇ ਨਾ ਵਧਿਆ। ਮੇਰੀ ਬਸਤੀ ਕੋਈ ਸਟੇਸ਼ਨ ਨਹੀਂ, ਕਿ ਗੱਡੀ ਰੁਕ ਕੇ ਜਾਂਦੀ। ਮੇਰੀ ਬਸਤੀ ਗੱਡੀ ਦੀ ਚੀਕ ਹੈ, ਜੋ ਸਟੇਸ਼ਨ ਆਉਣ ਤੋਂ ਪਹਿਲਾਂ ਸਵਾਰੀਆਂ ਨੂੰ ਭਾਜੜ ਪਾ ਦਿੰਦੀ ਹੈ। (ਓਹੀ, ਪੰਨਾ-57)

ਇਸ ਤਰ੍ਹਾਂ ਮੇਰੇ ਅਨੁਸਾਰ ਪੱਪੋ ਦੀ 'ਗੱਡੀ' ਚੜ੍ਹਨ ਦੀ ਰੀਝ ਸਭਿਆਚਾਰਕ ਮਾਨ-ਮਰਿਆਦਾ ਅਤੇ ਕਦਰਾਂ-ਕੀਮਤਾਂ ਵਿੱਚ ਬੱਝ ਕੇ 'ਰੇਲਵੇ ਸਟੇਸ਼ਨ' ਰੂਪੀ ਸਭਿਆਚਾਰ ਉੱਤੇ ਅਪੜਨ ਦੀ ਹੈ। ਮੇਰੇ ਵਿਸ਼ਲੇਸ਼ਣ ਅਨੁਸਾਰ ਇਸ ਕਹਾਣੀ ਵਿੱਚ 'ਕੱਚੀ ਬਸਤੀ', 'ਨੰਗੇ ਜਿਸਮ' ਆਦਿ ਕੁਦਰਤ ਦੇ ਪ੍ਰਤੀਕ ਹਨ ਅਤੇ 'ਪੱਕੀ ਕਾਲੋਨੀ', 'ਰਿਸ਼ਤਿਆਂ ਦੀਆਂ ਗੰਢਾਂ ਵਿੱਚ ਬੱਝੇ ਘਰ', 'ਘਰ-ਘਰ ਦਾ ਸੈੱਟ', 'ਗੁੱਡਾ-ਗੁੱਡੀ' 'ਤੇ 'ਰੇਲਵੇ ਸਟੇਸ਼ਨ' ਸਭਿਆਚਾਰ ਦੀ ਪ੍ਰਤੀਨਿਧਤਾ ਕਰਦੇ ਹਨ। ਕਹਾਣੀ ਵਿੱਚ ਬੇਸ਼ੱਕ ਮਨੁੱਖ ਦੇ ਕੁਦਰਤੀ ਕਾਮੁਕ ਵਿਹਾਰ ਅਤੇ ਸੱਭਿਅਕ ਵਿਹਾਰ ਨੂੰ ਪੇਸ਼ ਕਰਦਿਆਂ ਸੱਭਿਅਕ ਪ੍ਰਤੀਮਾਨਾਂ ਅਤੇ ਵਿਹਾਰ ਨੂੰ ਸਵਾਲਾਂ ਦੇ ਘੇਰੇ ਵਿੱਚ ਰੱਖਿਆ ਗਿਆ ਹੈ, ਪਰ ਕਹਾਣੀ ਦੀ ਮੁੱਖ ਪਾਤਰ ਪੱਪੋ ਦਾ ਵਾਰ-ਵਾਰ ਸਭਿਆਚਾਰ ਦੁਆਰਾ ਨਿਰਧਾਰਿਤ ਮਾਪਦੰਡਾਂ, ਰਿਸ਼ਤਿਆਂ ਵੱਲ ਅਹੁਲਣਾ ਉਸ ਦੀ ਸਭਿਆਚਾਰ ਤੋਂ ਪ੍ਰਵਾਨਗੀ ਦੀ 'ਤੇ ਸ਼ਨਾਖਤ ਦੀ ਰੀਝ ਨੂੰ ਦਰਸਾਉਂਦਾ ਹੈ। ਇਸ ਤਰ੍ਹਾਂ ਕਹਾਣੀ ਸਤੱਹੀ ਪੱਧਰ ਉੱਤੇ ਭਾਵੇਂ ਸਮਾਜਿਕ-ਸਭਿਆਚਾਰਕ ਕੀਮਤਾਂ ਦਾ ਵਿਰੋਧ ਕਰਦੀ ਪ੍ਰਤੀਤ ਹੁੰਦੀ ਹੈ ਪਰ ਅੰਤ ਇਹ ਇਸ ਵਿਹਾਰ ਦੇ ਹੱਕ ਵਿੱਚ ਭੁਗਤਦੀ ਨਜ਼ਰ ਆਉਂਦੀ ਹੈ।

**ਪਰਮਜੀਤ**: ਇਸ ਕਹਾਣੀ ਵਿਚ ਸਭ ਤੋਂ ਪਹਿਲਾਂ ਮੇਰਾ ਧਿਆਨ ਇਸ ਗੱਲ ਨੇ ਖਿੱਚਿਆ ਕਿ ਕਹਾਣੀ ਦੇ ਬਿਰਤਾਂਤਕਾਰ/ਮੁੱਖ-ਪਾਤਰ ਦਾ ਨਾਮ ਅੱਧੀ ਕਹਾਣੀ ਲੰਘ ਜਾਣ ਤੋਂ ਬਾਅਦ ਪਾਠਕ ਨੂੰ ਪਤਾ ਲਗਦਾ ਹੈ। ਕਹਾਣੀ ਵਿਚ ਉਸ ਦਾ ਨਾਮ ਵੀ ਪੁਸ਼ਪਿੰਦਰ ਕੌਰ ਦੀ ਥਾਂ ਪੱਪੋ ਹੀ ਵਾਰ-ਵਾਰ ਆਉਂਦਾ ਹੈ। ਮੈਨੂੰ ਇਸ ਜੁਗਤ ਨੇ ਬਹੁਤ ਪ੍ਰਭਾਵਿਤ ਕੀਤਾ ਹੈ। ਇਸ ਤਰ੍ਹਾਂ ਇੱਕ ਵੇਸਵਾ ਦੀ ਸਮਾਜਿਕ ਪਛਾਣ ਉਸਦਾ ਨਾਮ ਬਿਲਕੁੱਲ ਬੇਮਾਅਨੇ ਹੋ ਜਾਂਦਾ ਹੈ ਭਾਵ ਉਸ ਦੀ ਪਛਾਣ ਬਿਲਕੁੱਲ ਖ਼ਤਮ ਹੋ ਜਾਂਦੀ ਹੈ। ਹਰ ਇੱਕ ਕਿੱਤੇ ਵਿਚ ਬੰਦੇ ਦੀ ਨਾਮ ਵਾਲੀ ਪਛਾਣ ਕਾਇਮ ਰਹਿੰਦੀ ਹੈ। ਇਹੀ ਪਛਾਣ ਬੰਦੇ ਦੀ ਹੋਂਦ ਨਾਲ ਜੁੜੀ ਹੋਈ ਹੈ। ਲੇਕਿਨ ਵੇਸ਼ਵਾਵਾਂ ਦਾ ਕਿੱਤਾ ਉਨ੍ਹਾਂ ਦੇ ਨਾਮ ਦੀ ਪਛਾਣ ਨੂੰ ਖ਼ਤਮ ਕਰ ਦਿੰਦਾ ਹੈ। ਇਹ ਇਸ ਗੱਲ ਵੱਲ ਵੀ ਸੰਕੇਤ ਕਰਦਾ ਹੈ ਕਿ ਵੇਸ਼ਵਾ ਦਾ ਸਾਡੇ ਸਮਾਜ ਵਿਚ ਕੋਈ ਪਛਾਣ ਜਾਂ ਸਥਾਨ ਨਹੀਂ ਹੈ।

ਕਹਾਣੀ ਵਿਚ ਹੋਰ ਗੱਲ ਮਹੱਤਵਪੂਰਨ ਆ ਕਿ ਇਹ ਬਦਨਾਮ ਬਸਤੀ ਕਿਥੇ ਆ? ਕਹਾਣੀ

ਦੇ ਅੰਤ ਵਿਚ ਪੱਪੋ ਇੱਕ ਖੋਜਾਰਥੀ ਨਾਲ ਆਪਣੀ ਗੱਲਬਾਤ ਵਿਚ ਦੱਸਦੀ ਹੈ ਕਿ ਉਸਨੇ ਇਹ ਕੰਮ ਛੱਡਣ ਦੀ ਕੋਸ਼ਿਸ਼ ਕੀਤੀ, ਇੱਕ ਘਰ ਵਿਚ ਪੋਚਾ ਲਾਉਣ ਦਾ ਕੰਮ ਕਰਨ ਲੱਗੀ। ਉਥੇ ਉਹ ਦੇਖਦੀ ਹੈ ਕਿ ਘਰ ਦੀ ਮਾਲਕਣ ਆਪਣੇ ਪਤੀ ਦੀ ਗ਼ੈਰ-ਹਾਜ਼ਰੀ ਵਿਚ ਕਿਸੇ ਓਪਰੇ ਮਰਦ ਨਾਲ ਸਰੀਰਕ ਸੰਬੰਧ ਬਣਾਉਂਦੀ ਹੈ ਅਤੇ ਘਰ ਦਾ ਮਾਲਕ ਉਸਦੇ ਨਾਲ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕਰਦਾ ਹੈ। ਪੱਪੋ ਦੇ ਪਿਤਾ ਅਤੇ ਭਾਈ ਦਾ ਵਿਹਾਰ ਅਤੇ ਕਹਾਣੀ ਦਾ ਇਹ ਵੇਰਵਾ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਬਦਨਾਮ ਬਸਤੀ ਕਿਸੇ ਵਿਸ਼ੇਸ਼ ਥਾਂ ਤੇ ਮੌਜੂਦ ਨਹੀਂ ਸਗੋਂ ਇਹ ਤਾਂ ਬੰਦੇ ਦੇ ਮਨ ਅੰਦਰ ਮੌਜੂਦ ਹੈ। ਇਹ ਹਰ ਇੱਕ ਬੰਦੇ ਦੇ ਬੇਮੁਹਾਰਾ ਕਾਮੁਕ-ਵਿਹਾਰ ਉਸ ਅੰਦਰਲੀ ਬਦਨਾਮ ਬਸਤੀ ਦਾ ਪ੍ਰਤੀਕ ਹੈ। ਇਸ ਬਦਨਾਮ ਬਸਤੀ ਨੂੰ ਬਾਹਰੋਂ ਭਾਲਣ ਦੀ ਥਾਂ ਆਪਣੇ ਅੰਦਰੋਂ ਤਲਾਸ਼ਣਾ ਚਾਹੀਦੈ।

ਇਸ ਕਹਾਣੀ ਦੇ ਬਿਰਤਾਂਤਕ ਬਣਤਰ ਵਿਚ ਮੈਨੂੰ ਕੁੱਝ ਸਮੱਸਿਆਵਾਂ ਲਗਦੀਆਂ ਹਨ। ਪਹਿਲੀ, ਇਸ ਵਿਚ ਬਿਰਤਾਂਤਕਾਰ ਸਰੋਤਾਮੁੱਖੀ ਬਿਰਤੀ ਦਾ ਧਾਰਨੀ ਹੈ। ਕਹਾਣੀ ਵਿਚ ਵਾਰ-ਵਾਰ ਇਹ ਜਿਕਰ ਆਉਂਦਾ ਰਹਿੰਦਾ ਹੈ ਜਿਵੇਂ ਬਿਰਤਾਂਤਕਾਰ ਆਪਣੇ ਕੋਲ ਬੈਠੇ ਕਿਸੇ ਸਰੋਤੇ ਨੂੰ ਕਹਾਣੀ ਸੁਣਾ ਰਿਹਾ ਹੈ। ਇਸ ਪਾਠਕ ਨੂੰ ਕਹਾਣੀ ਨਾਲ ਜੋੜਨ ਦੀ ਜੁਗਤ ਵੀ ਹੋ ਸਕਦੀ ਹੈ ਪਰ ਮੈਨੂੰ ਇਹ ਜਿਗਤ ਖਟਕਦੀ ਹੈ। ਦੂਜੀ, ਕਹਾਣੀ ਵਿਚ ਬਹੁਤ ਸਾਰੀ ਜਾਣਕਾਰੀ ਸੂਚਨਾਵਾਂ ਦੇ ਰੂਪ ਵਿਚ ਮਿਲਦੀ ਹੈ ਜਿਹੜੀ ਬਿਰਤਾਂਤ ਦਾ ਸਹਿਜ ਹਿੱਸਾ ਨਹੀਂ ਬਣਦੀ ਜਾਪਦੀ, ਜਿਵੇਂ ਕਹਾਣੀ ਵਿਚ ਧਰਮ, ਨੇਤਾਵਾਂ, ਪੁਲਿਸ ਅਤੇ ਸਮਾਜ ਸੇਵਕਾਂ ਬਾਰੇ ਟਿੱਪਣੀ ਮਿਲਦੀਆਂ ਹਨ। ਤੀਜੀ, ਇਸ ਕਹਾਣੀ ਵਿਚ ਕਈ ਸੰਵੇਦਨਸ਼ੀਲ ਵੇਰਵੇ ਆਉਂਦੇ ਹਨ ਪਰ ਉਹ ਪਾਠਕ ਦੇ ਤੌਰ ਤੇ ਤੁਹਾਨੂੰ ਟੁੰਬਦੇ ਨਹੀਂ, ਜਿਸਦਾ ਕਾਰਨ ਹੈ ਕਿ ਉਹ ਸੰਵੇਦਨਸ਼ੀਲ ਦ੍ਰਿਸ਼ ਪਾਠਕ ਦੀਆਂ ਅੱਖਾਂ ਸਾਹਮਣੇ ਵਾਪਰਦਾ ਦਿਖਾਈ ਨਹੀਂ ਦਿੰਦਾ; ਜਿਵੇਂ ਪੱਪੋ ਦਾ ਭਰਾ ਉਸਨੂੰ ਪਹਿਲੀ ਵਾਰ ਕਿਸੇ ਗਾਹਕ ਕੋਲ ਛੱਡਦਾ ਹੈ ਅਤੇ ਆਪ ਦੁਕਾਨ ਦੇ ਸਟਰ ਦੇ ਬਾਹਰ ਖੜ੍ਹਦਾ ਹੈ। ਅੰਦਰ ਭੈਣ ਆਪਣੇ ਨਾਲ ਵਾਪਰ ਰਹੇ ਦੁਖਾਂਤ ਕਾਰਨ ਕੁਰਲਾ ਰਹੀ ਹੈ ਅਤੇ ਬਾਹਰ ਭਰਾ ਬਿਲਕੁੱਲ ਹੀ ਭਾਵੁਕਤਾ ਤੋਂ ਬਗੈਰ ਉਸਨੂੰ ਲੈ ਕੇ ਜਾਣ ਲਈ ਖੜਾ ਹੈ। ਭਾਵੇਂ ਉਸਦੇ ਗਿਲਾਨੀ ਨਾਲ ਦਾਰੂ ਪੀਣ ਦਾ ਵੇਰਵਾ ਆਉਂਦਾ ਹੈ ਪਰ ਇਸ ਸਭ ਕੁੱਝ ਪਾਠਕ ਦੇ ਅੰਦਰ ਨੂੰ ਹਲੂਣਦਾ ਨਜ਼ਰ ਨਹੀਂ ਆਉਂਦਾ।

## ਕੰਸ ਅਜੇ ਮਰਿਆ ਨਹੀਂ - ਪਵਨ ਪਰਿੰਦਾ (ਰਾਗ, ਸਤੰਬਰ-ਦਸੰਬਰ 2017,)

**ਪ੍ਰਭਜੋਤ**: ਬਾਕੀ ਕਹਾਣੀਆਂ ਨਾਲੋਂ ਇਸ ਕਹਾਣੀ ਦੀ ਵੱਖਰਤਾ ਹੈ ਕਿ ਇਸ ਵਿੱਚ ਛੋਟੇ ਬੱਚਿਆਂ ਦੀਆਂ ਸਮੱਸਿਆਵਾਂ ਨੂੰ ਬਹੁਤ ਹੀ ਖੂਬਸੂਰਤੀ ਨਾਲ ਬਿਆਨ ਕੀਤਾ ਹੈ। ਇਸ ਵਿੱਚ ਦੋ ਕਥਾਵਾਂ ਸਮਾਂਨਾਤਰ ਚੱਲਦੀਆਂ ਹਨ । ਬਿਰਤਾਂਤ ਇਸ ਕਹਾਣੀ ਦਾ ਮੇਰੀ ਸਮਝ ਤੋਂ ਬਾਹਰ ਹੈ ਇਸ ਬਾਰੇ ਗੱਲ ਪਰਮਜੀਤ ਸਰ ਕਰਨਗੇ। ਬਿਰਤਾਂਤਕਾਰੀ ਨੂੰ ਸਮਝਨਾ ਇੰਨਾ ਸੌਖਾ ਨਹੀਂ ਹੁੰਦਾ। ਇਸ ਦੀਆਂ ਅੰਦਰਲੀਆਂ ਬਹੁਤ ਸਾਰੀਆਂ ਪਰਤਾਂ ਹੁੰਦੀਆਂ ਹਨ। ਕਹਾਣੀ ਵਿੱਚ ਘਟਨਾ ਵਾਪਰਦੀ ਘਟ ਹੈ ਤੇ ਬਿਆਨ ਜ਼ਿਆਦਾ ਹੈ। ਅੰਦਰ ਹੀ ਅੰਦਰ ਕਥਾਵਾਂ ਦਾ ਤਾਣਾ ਬੁਣਿਆ ਹੈ। ਵਿਅੰਗ ਭਾਰੂ ਹੈ ਇਸ ਕਹਾਣੀ ਵਿੱਚ। ਇਸ ਕਹਾਣੀ ਵਿੱਚ ਪੂਰੇ ਦੇ ਪੂਰੇ ਸਿਸਟਮ ਤੇ ਵਿਅੰਗ ਕੀਤਾ ਹੈ। ਧਾਰਮਿਕਤਾ ਤੇ ਅੰਧ ਵਿਸ਼ਵਾਸ਼ ਤੇ ਵਿੱਦਿਅਕ ਸਿਸਟਮ ਤੇ ਸਰਕਾਰ ਦੇ ਸਾਰੇ ਤੰਤਰ ਤੇ ਸਮਾਜ ਤੇ ਭਾਰੂ ਵਿਅੰਗ ਕਰਦਾ ਹੈ, ਸਮਾਜ ਤੇ ਵਿਅੰਗ ਕਰਦਾ ਹੈ ਕਿ ਕਿਵੇਂ ਕਿਸੇ ਬੰਦੇ ਲਈ ਆਪਣੀ ਸਾਖ਼ ਬਣਾਉਣੀ ਵੱਧ ਜ਼ਰੂਰੀ ਹੁੰਦੀ ਹੈ ਸਕੂਲ ਦਾ ਪੂਰਾ ਜ਼ੋਰ ਆਪਣੀ ਸਾਖ਼ ਬਚਾਉਣ ਤੇ ਲੱਗ ਜਾਂਦਾ ਹੈ। ਛੋਟੇ ਬੱਚੇ ਲਈ ਉਹਨਾਂ ਨੂੰ ਕੋਈ ਹਮਦਰਦੀ ਨਹੀਂ, ਕਹਾਣੀਕਾਰ ਕਹਾਣੀ ਵਿੱਚ ਇਹ ਵੀ ਬਿਆਨ ਕਰਦਾ ਹੈ ਕਿ ਕੋਈ ਘਟਨਾ ਬਾਕੀਆ ਲਈ ਖ਼ਬਰ ਦੀ ਇਕ ਸੁਰਖ਼ੀ ਹੋ ਸਕਦੀ ਹੈ ਇਕ ਮਾਂ ਇਸ ਘਟਨਾ ਨੂੰ ਕਦੇ ਵੀ ਨਹੀਂ ਭੁੱਲਦੀ। ਕਹਾਣੀ ਵਿੱਚ ਦਰਦ ਤੇ



ਵੇਦਨਾ ਦੀ ਪੇਸ਼ਕਾਰੀ ਹੋਈ ਹੈ ਦੂਜਿਆਂ ਨੂੰ ਖ਼ਬਰ ਲੱਗਣ ਵਾਲੀ ਘਟਨਾ ਜਿਸ ਨਾਲ ਵਾਪਰਦੀ ਹੈ, ਉਸ ਲਈ ਨਿੱਜੀ ਤੌਰ ਤੇ ਬਹੁਤ ਦਰਦ ਭਰੀ ਹੁੰਦੀ ਹੈ। ਕਹਾਣੀ ਨੂੰ ਕਹਾਣੀਕਾਰ ਬੱਚੇ ਦੇ ਮੂੰਹੋਂ ਅਖਵਾ ਕੇ ਹੋਰ ਝੰਜੋੜ ਦਿੰਦਾ ਹੈ। ਬੱਚੇ ਦੁਆਰਾ ਆਪਣੀ ਮਦਦ ਲਈ ਵਾਰ-ਵਾਰ ਆਪਣੇ ਪਿਤਾ ਨੂੰ ਪੁਕਾਰਨ ਵਾਲਾ ਬਿਰਤਾਂਤ ਕਹਾਣੀ ਵਿੱਚ ਵੇਦਨਾ ਤੇ ਦਰਦ ਨੂੰ ਹੋਰ ਡੂੰਘਾ ਕਰਦਾ ਹੈ। ਵਿਅੰਗ ਨਿੱਕੀਆਂ-ਨਿੱਕੀਆਂ ਬਿਰਤਾਂਤਕ ਛੋਹਾਂ ਵਿੱਚ ਵੀ ਭਾਰੂ ਰਹਿੰਦਾ ਹੈ। ਧਰਮ ਤੇ ਕੀਤੇ ਜਾਂਦੇ ਅੰਨ੍ਹੇ ਵਿਸ਼ਵਾਸ਼ ਨੂੰ ਉਘਾੜਿਆ ਹੈ ਪੁਜਾਰੀ ਦੁਆਰਾ ਬੱਚੇ ਦੇ ਸਹੀ ਸਲਾਮਤ ਹੋਣ ਦੀ ਖ਼ਬਰ ਦੇਣਾ ਤੇ ਉਸ ਤੇ ਕੀਤਾ ਗਿਆ ਵਿਸ਼ਵਾਸ਼ ਮਨੁੱਖ ਦੀ ਉਸ ਮਾਨਸਿਕਤਾ ਤੇ ਵਿਅੰਗ ਹੈ ਜਿਸ ਨੂੰ ਸਿਸਟਮ ਨੇ ਇੰਨਾ ਜ਼ਿਆਦਾ ਉਲਝਾ ਦਿੱਤਾ ਹੈ ਕਿ ਉਸ ਕੋਲ ਜ਼ਿਆਦਾ ਸੋਚਣ ਦੀ ਸਪੇਸ ਹੀ ਨਹੀਂ ਬਚਦੀ। ਕਹਾਣੀ ਵਿੱਚ ਵਾਪਰਦੀਆਂ ਦੋਨਾਂ ਹੀ ਘਟਨਾਵਾਂ ਨੂੰ ਰੋਕਿਆ ਜਾ ਸਕਦਾ ਸੀ । ਕਹਾਣੀਕਾਰ ਦਾ ਇਕ ਜਗਾਹ ਬਿਆਨ ਆਉਂਦਾ ਹੈ ਕਿ ਕਿਵੇਂ ਘਟਨਾ ਨੂੰ ਦੁਰਘਟਨਾ ਅਣਹੋਣੀ ਨੂੰ ਹੋਣੀ ਮੰਨ ਲਿਆ ਗਿਆ ਕਿਉਂਕਿ ਉਹ ਵਕਤ ਸਿਆਣੀਆਂ ਤਰਕਪੂਰਨ ਗੱਲਾਂ ਦਾ ਨਹੀਂ ਇਹ ਮਨੁੱਖ ਦੇ ਧਾਰਮਿਕ ਸੱਤਾ ਦੇ ਗਲਬੇ ਹੇਠ ਦੱਬੇ ਹੋਣ ਦਾ ਸੰਕੇਤ ਹੈ ਜੋ ਉਸ ਦੀ ਤਰਕਪੂਰਨ ਸੋਚ ਨੂੰ ਖ਼ਤਮ ਕਰ ਦਿੰਦਾ ਹੈ। ਕਹਾਣੀ ਦੇ ਅੰਤ ਵਿੱਚ ਸਮੁੱਚੇ ਪੰਜਾਬੀ ਸਾਹਿਤ ਤੇ ਵਿਅੰਗ ਹੈ ਜਿਸ ਵਿੱਚ ਬੱਚਿਆਂ ਦੀਆਂ ਸਮੱਸਿਆਵਾਂ ਨੂੰ ਕੋਈ ਥਾਂ ਨਹੀਂ। ਜਿਵੇਂ ਪਰਮਜੀਤ ਸਰ ਨੇ ਕਿਹਾ ਸੀ ਕਿ ਅੱਜ ਦੀ ਕਹਾਣੀ ਸਰੋਤਾਮੁੱਖੀ ਜ਼ਿਆਦਾ ਹੈ ਇਹ ਕਹਾਣੀ ਵੀ ਇਸ ਤਰ੍ਹਾਂ ਸਰੋਤਾਮੁੱਖੀ ਹੈ। ਆਤਮਾ ਰਾਹੀਂ ਕਹਾਣੀ ਬਿਆਨ ਕੀਤੀ ਗਈ ਹੈ। ਕਹਾਣੀ ਦੀ ਅੰਤਲੀ ਸਤਰ ਕਿ ਬੱਚੇ ਦਾ ਪਿੰਜਰ ਸਾਹਮਣੇ ਲਟਕਾਇਆ ਜਾਵੇ ਤਾਂ ਕਿ ਮਾਵਾਂ ਨੂੰ ਵੀ ਪਤਾ ਲੱਗੇ ਕਿ 'ਸਾਡਾ ਟੈਡੀ ਕਿੰਨੇ ਸੇਫ਼ ਹੱਥਾਂ ਵਿੱਚ ਹੈ'। ਇਥੋਂ ਲੱਗਦਾ ਹੈ ਕਿ ਕਹਾਣੀ ਦਾ ਬਿਰਤਾਂਤ ਖੁੱਲਾ ਹੈ । ਕਹਾਣੀ ਬਹੁਤ ਸਾਰੇ ਖੱਪੇ ਛੱਡ ਜਾਂਦੀ ਹੈ ਪਾਠਕਾਂ ਦੇ ਸੋਚਣ ਲਈ ਤੇ ਸਮਾਜ ਲਈ। ਕਹਾਣੀ ਦੀ ਬਣਤਰ ਉਸਦੇ ਸਿਰਲੇਖ ਵਿੱਚ ਪਈ ਹੈ । ਸਿਰਲੇਖ 'ਕੰਸ ਅਜੇ ਮਰਿਆ ਨਹੀਂ' ਕਹਾਣੀ ਵਿੱਚ ਜਿਹੜੇ ਨਾਮ ਵਰਤੇ ਗਏ ਹਨ ਕੇਸ਼ਵ ਤੇ ਮਾਧਵ ਦੋਨੋਂ ਨਾਮ ਕ੍ਰਿਸ਼ਨ ਦੇ ਹਨ। ਬੇਸ਼ਕ ਮਿੱਥ ਨੂੰ ਪੂਰੀ ਦੀ ਪੂਰੀ ਤਰ੍ਹਾਂ ਉਲਟਾ ਕੇ ਪੇਸ਼ ਕੀਤਾ ਹੈ। ਕ੍ਰਿਸ਼ਨ ਵੀ ਬੱਚਾ ਸੀ ਪਰ ਉਸ ਕਹਾਣੀ ਵਿੱਚ ਕੰਸ ਮਰਦਾ ਹੈ ਇਸ ਵਿੱਚ ਬੱਚੇ ਮਰਦੇ ਹਨ। ਇਸ ਕਹਾਣੀ ਵਿੱਚ ਜਿੰਨੀਆਂ ਵੀ ਚੀਜ਼ਾਂ ਨੂੰ ਪੇਸ਼ ਕੀਤਾ ਹੈ, ਡਾਕਟਰ ਤੋਂ ਲੈ ਕੇ ਧਾਰਮਿਕ ਵਰਗ ਤੱਕ ਧਾਰਮਿਕ ਵਰਗ ਨੂੰ ਹੋਰ ਢੰਗ ਨਾਲ ਪੇਸ਼ ਕੀਤਾ ਹੈ। ਉਹ ਬੰਦੇ ਨੂੰ ਸੰਮੋਹਿਤ ਹੀ ਇੰਨਾ ਕਰ ਦਿੰਦਾ ਹੈ ਬੱਚੇ ਦੇ ਮਰਨ ਤੋਂ ਬਾਅਦ ਵੀ ਉਹਨਾਂ ਲਈ ਧਾਰਮਿਕ ਰਸਮਾਂ ਦੀ ਪੂਰਤੀ ਜ਼ਿਆਦਾ ਮੱਹਤਵਪੂਰਨ ਹਨ ਉਹ ਆਪਣੀ ਸੁਰੱਖਿਆ ਇਹਨਾਂ ਰਸਮਾਂ ਦੇ ਅੰਦਰ ਸਮਝਦਾ ਹੈ। ਇਕ ਤਰੀਕੇ ਨਾਲ ਕੰਸ ਦਾ ਨਾਮ ਵੀ ਪ੍ਰਤੀਕ ਹੈ । ਕੰਸ ਉਸ ਸਰਕਾਰੀ ਤੰਤਰ ਦੀ ਪ੍ਰਤਿਨਿਧਤਾ ਕਰਦਾ ਹੈ ਜੇ ਉਹਨਾਂ ਬੱਚਿਆਂ ਨੂੰ ਖਤਮ ਕਰਨ ਤੇ ਤੁਲਿਆ ਹੋਇਆ ਹੈ ਜੋ ਆਉਣ ਵਾਲੇ ਸਮੇਂ ਸਰਕਾਰ ਲਈ ਖਤਰਾ ਬਣ ਸਕਦੇ ਹਨ। ਮਤਲਬ ਕਿ ਬੰਦਾ ਇਸ ਸਿਸਟਮ ਦੀ ਗ੍ਰਿਫਤ ਵਿੱਚ ਇੰਨਾ ਆ ਚੁੱਕਾ ਹੈ ਕਿ ਇਸ ਦੀਆਂ ਬੁਰਾਈਆਂ ਨੂੰ ਇੰਨਾ ਸੌਖਾ ਖ਼ਤਮ ਨਹੀਂ ਕੀਤਾ ਜਾ ਸਕਦਾ।

**ਸਰਬਜੀਤ**: ਮੇਰੇ ਵਿਚਾਰ ਵੀ ਪ੍ਰਭ ਨਾਲ ਕਾਫ਼ੀ ਮਿਲਦੇ ਹਨ। ਇਹ ਕਹਾਣੀ ਅੱਜ ਦੇ ਵਿੱਦਿਅਕ ਢਾਂਚੇ ਅੰਦਰ ਬੱਚੇ ਦੇ ਸ਼ੋਸ਼ਣ ਨੂੰ ਮੁੱਖ ਮੁੱਦਾ ਬਣਾਉਂਦੀ ਹੈ। ਇਹ ਕਹਾਣੀ ਦਰਸਾਉਂਦੀ ਹੈ ਕਿ ਕਿਸ ਤਰ੍ਹਾਂ ਮੌਜੂਦਾ ਸਿਸਟਮ ਭਵਿੱਖ ਵਿਚ ਪਨਪਣ ਵਾਲੀਆਂ ਚੁਣੌਤੀ ਦੀਆਂ ਸੰਭਾਵਨਾਵਾਂ ਭਾਵ ਸਾਡੇ ਬੱਚਿਆਂ ਨੂੰ ਬਚਪਨ ਵਿਚ ਹੀ ਖ਼ਤਮ ਕਰ ਰਿਹਾ ਹੈ। ਸਾਨੂੰ ਪਤਾ ਹੈ ਕਿ ਬਚਪਨ ਵਿਚ ਖੁੱਲ੍ਹੇ ਮਾਹੌਲ ਵਿਚ ਜੀਣ ਵਾਲੇ ਬੱਚੇ ਨੂੰ ਜਦ ਵੱਡੇ ਹੋ ਕੇ ਸਮਾਜ ਤੇ ਸਿਸਟਮ ਦੇ ਦਮਨ ਦਾ ਸਾਹਮਣਾ ਕਰਨਾ ਪਵੇਗਾ ਤਾਂ ਉਹ ਉਸ ਖ਼ਿਲਾਫ਼ ਆਵਾਜ਼ ਬੁਲੰਦ ਕਰੇਗਾ। ਅਸਲ ਵਿਚ ਜ਼ਿੰਦਗੀ ਨੂੰ ਖੁੱਲ੍ਹੇ ਮਾਹੌਲ ਵਿਚ ਜੀਣ ਵਾਲੇ ਬੱਚੇ ਅੰਦਰ ਹੀ ਸੰਵੇਦਨਾ, ਸਾਦਗੀ, ਸਦਭਾਵਨਾ ਤੇ ਵਿਦਰੋਹ ਵਰਗੀਆਂ ਭਾਵਨਾਵਾਂ ਪ੍ਰਫੁੱਲਿਤ

ਹੁੰਦੀਆਂ ਹਨ। ਲੇਕਿਨ ਅੱਜਕਲ ਦੇ ਸਕੂਲ ਬੱਚੇ ਨੂੰ ਸਖ਼ਤ ਅਨੁਸ਼ਾਸ਼ਨ ਵਿਚ ਰਹਿਣਾ ਸਿਖਾਉਂਦੇ ਹਨ। ਬੱਚਿਆ ਨੂੰ ਸਿਖਾਇਆ ਜਾਂਦਾ ਹੈ ਕਿ ਕਿਸੇ ਨੂੰ ਨਾਰਾਜ਼ ਨਹੀਂ ਕਰਨਾ, ਕਿਸੇ ਅੱਗੇ ਬੋਲਣਾ ਨਹੀਂ, ਹੌਲੀ ਆਵਾਜ਼ ਵਿਚ ਗੱਲ ਕਰਨੀ ਹੈ ਜਾਂ ਅਨੁਸ਼ਾਸ਼ਨ ਲਈ ਬਣਾਏ ਕਾਨੂੰਨਾਂ ਦਾ ਉਲੰਘਣ ਨਹੀਂ ਕਰਨਾ। ਸਕੂਲਾਂ ਦਾ ਅਜਿਹਾ ਸਖ਼ਤ ਅਨੁਸ਼ਾਸ਼ਨ ਬੱਚਿਆਂ ਦੇ ਮਾਨਸਿਕ, ਬੌਧਿਕ ਤੇ ਸਰੀਰਕ ਵਿਕਾਸ ਵਿਚ ਰੁਕਾਵਟ ਬਣ ਰਿਹਾ ਹੈ। ਅਜਿਹੇ ਵਿਚ ਬੱਚੇ ਇਸ ਸਿਸਟਮ ਨਾਲ ਦਸਤਪੰਜਾ ਕਿਵੇਂ ਲੈਣਗੇ? ਪ੍ਰਤਿਰੋਧ ਦਾ ਪ੍ਰਵਚਨ ਸਿਰਜਣ ਲਈ ਜਿਸ ਤਰ੍ਹਾਂ ਦੀਆਂ ਸੰਭਵਾਨਾਵਾਂ ਬੱਚੇ ਅੰਦਰ ਪੈਦਾ ਹੋਣੀਆਂ ਚਾਹੀਦੀਆਂ ਨੇ ਉਹ ਕਿੱਥੋਂ ਪੈਦਾ ਹੋਣਗੀਆਂ? ਕਹਾਣੀ ਦਰਸਾਉਂਦੀ ਹੈ ਕਿ ਸਿਸਟਮ ਅੱਜ ਕੰਸ ਦੀ ਭੂਮਿਕਾ ਨਿਭਾ ਰਿਹਾ ਹੈ। ਕਹਾਣੀ ਦੇ ਵਿਚ ਇਹ ਵਿਚਾਰ ਪੇਸ਼ ਹੁੰਦਾ ਹੈ ਕਿ ਬੱਚਾ ਜਿਊਂਦੇ ਸਮੇਂ ਗਲਤ ਲੱਗਣ ਵਾਲੀਆਂ ਕਦਰਾਂ ਬਾਰੇ ਨਹੀ ਬੋਲ ਸਕਿਆ ਕਿ

"ਹੁਣ ਮੈਂ ਖੁਸ਼ ਵੀ ਸੀ ਤੇ ਆਜ਼ਾਦ ਵੀ ਮੌਰਚਰੀ ਚ ਪਏ ਨੂੰ ਮੈਨੂੰ ਗਿਆਨ ਹੋਣ ਲੱਗ ਪਿਆ ਸੀ। ਅਸਤਿਤਵ ਦਾ ਹਿੱਸਾ ਹੋ, ਮੈਂ ਸਭ ਦੁਨਿਆਵੀ ਝੰਜਟਾਂ ਤੋਂ ਮੁਕਤ ਸਾਂ। ਮੈਂ ਹਰ ਵੱਡੀ ਸੋਚਣ ਤੇ ਕਰਨ ਦੇ ਸਮਰੱਥ ਹੋ ਗਿਆ ਸਾਂ। ਮੈਨੂੰ ਖੁਸ਼ੀ ਇਸ ਗੱਲ ਦੀ ਵੱਧ ਸੀ ਕਿ ਜਿਹੜੀ ਚੀਜ਼ ਲੋਕਾਂ ਨੂੰ ਅੱਸੀ-ਅੱਸੀ ਸਾਲ ਦੀ ਉਮਰ ਦੇ ਬਾਅਦ ਮਿਲਦੀ ਹੈ ਮੈਨੂੰ ਉਹ ਪੌਣੇ ਤਿੰਨ ਸਾਲ ਦੀ ਉਮਰ ਦੇ ਵਿਚ ਮਿਲ ਗਈ ਸੀ

ਸਪੱਸ਼ਟ ਤੌਰ 'ਤੇ ਬੱਚਾ ਕਹਿ ਰਿਹਾ ਹੈ ਕਿ ਮੈਂ ਪੌਣੇ ਤਿੰਨ ਸਾਲ ਮਰ-ਮਰ ਕੇ ਜਿਉਂਇਆ ਹਾਂ ਤੇ ਲੋਕ ਇਹ ਚੀਜ਼ ਅੱਸੀ ਸਾਲ ਕਰਦੇ ਹਨ। ਉਹ ਅੱਗੇ ਕਹਿੰਦਾ ਹੈ ਕਿ *"ਹੁਣ ਮੈਨੂੰ ਪਹਾੜੇ ਯਾਦ ਨਹੀਂ ਸੀ ਕਰਨੇ ਪੈਣੇ। ਜ਼ੌਨੀ ਜ਼ੌਨੀ ਯੈੱਸ ਪਾਪਾ ਨਾ ਸੁਣਾਉਣ ਤੇ ਮੈਮ ਨੇ ਨਹੀ ਸੀ ਕੁੱਟਣਾ।"*

ਹੁਣ ਪਹਾੜੇ ਤੋਂ ਭਾਵ ਰੱਟਾ ਹੈ। ਇਸਦਾ ਪਹਾੜਾ ਨਾਮ ਸ਼ਾਇਦ ਰੱਖਿਆ ਹੀ ਇਸ ਲਈ ਗਿਆ ਕਿ ਇਹ ਬੱਚਿਆਂ ਨੂੰ ਪਹਾੜ ਵਰਗੀ ਚੀਜ਼ ਲੱਗਦੇ ਹਨ ਜਿਨ੍ਹਾਂ ਦਾ ਵੱਡੇ ਹੋ ਕੇ ਉਨ੍ਹਾਂ ਦੀ ਜ਼ਿੰਦਗੀ ਵਿਚ ਕੋਈ ਵਿਸ਼ੇਸ਼ ਰੋਲ ਜਾਂ ਮਹੱਤਵ ਨਹੀਂ ਰਹਿਣਾ। ਭਾਵ ਬੱਚਿਆਂ ਲਈ ਅਜਿਹੀਆਂ ਚੀਜ਼ਾਂ ਵੱਡੀਆਂ ਬਣਾ ਕੇ ਪੇਸ਼ ਕੀਤੀਆਂ ਜਾਂਦੀਆਂ ਹਨ। ਜਿਨ੍ਹਾਂ ਦਾ ਉਨ੍ਹਾਂ ਦੀ ਅਸਲ ਜ਼ਿੰਦਗੀ ਨਾਲ ਕੋਈ ਸਿੱਧਾ ਸਰੋਕਾਰ ਹੀ ਨਹੀਂ ਹੈ। ਇਸਦਾ ਇਕ ਸਿੱਧਾ ਕਾਰਨ ਬੱਚਿਆਂ ਨੂੰ ਜ਼ਿੰਦਗੀ ਨਾਲ ਸਰੋਕਾਰ ਰੱਖਣ ਵਾਲੇ ਵਿਸ਼ਿਆਂ ਤੇ ਉਨ੍ਹਾਂ ਦੀ ਸਮਝ ਤੋਂ ਦੂਰ ਰੱਖਣ ਦਾ ਮਾਧਿਅਮ ਹੋ ਸਕਦਾ ਹੈ। ਇਸੇ ਤਰ੍ਹਾਂ ਦੂਜੀ ਚੀਜ਼ 'ਜ਼ੌਨੀ ਜ਼ੌਨੀ ਯੈਸ ਪਾਪਾਂ' ਦੇ ਸੰਦਰਭ ਵਿਚ ਦੇਖੀ ਜਾ ਸਕਦੀ ਹੈ। ਇਸ ਤਰ੍ਹਾਂ ਯੈਸ-ਯੈਸ ਕਰਨਾ ਆਪਣੇ ਆਪ ਵਿਚ ਮਰ ਜਾਣ ਦਾ ਨਾਂ ਹੀ ਹੈ ਕਿਉਂਕਿ ਇੱਥੇ ਮਨੁੱਖ ਸਿਸਟਮ ਨਾਲ ਖ਼ੁਦ ਨੂੰ ਪੂਰੀ ਤਰ੍ਹਾਂ ਆਤਮਸਾਤ ਕਰ ਲੈਂਦਾ ਹੈ। ਇਸ ਤਰ੍ਹਾਂ ਮਨੁੱਖੀ ਵਿਅਕਤੀਤਵ ਉੱਪਰ ਮੌਜੂਦਾ ਵਿਦਿਅਕ ਪ੍ਰਬੰਧ ਦੇ ਪੈਣ ਵਾਲੇ ਨਾਕਾਰਾਤਮਕ ਪ੍ਰਭਾਵਾਂ ਬਾਰੇ ਅਜਿਹੀਆਂ ਬਹੁਤ ਸਾਰੀਆਂ ਅੰਤਰਦ੍ਰਿਸ਼ਟੀਆਂ ਇਸ ਕਹਾਣੀ ਵਿਚੋਂ ਪ੍ਰਾਪਤ ਹੁੰਦੀਆਂ ਹਨ। ਇਸਦੀ ਇਕ ਉਦਾਹਰਨ ਉਸ ਘਟਨਾ ਵਜੋਂ ਦੇਖੀ ਜਾ ਸਕਦੀ ਹੈ ਜਦੋਂ ਵੱਡੇ ਘਰ ਦਾ ਬੱਚਾ ਕਮਰੇ ਵਿਚ ਬੰਦ ਹੋਣ ਕਾਰਨ ਘਰਦਿਆਂ ਨੂੰ ਲੱਭਦਾ ਨਹੀਂ ਤੇ ਘਰਦੇ ਉਸਦੀ ਭਾਲ ਲਈ ਪੋਸਟਰ ਬਣਵਾਉਂਦੇ ਹਨ। ਇਸ ਘਟਨਾਕ੍ਰਮ ਵਿਚ ਧਿਆਨ ਖਿੱਚਣ ਵਾਲਾ ਵੇਰਵਾ ਹੈ ਕਿ ਪੋਸਟਰ ਲਈ ਸਭ ਤੋਂ ਸੋਹਣੀ ਫੋਟੋ ਜਾਂਦੀ ਹੈ। ਇਸਦਾ ਭਾਵ ਹੈ ਕਿ ਬੱਚੇ ਦੀ ਗੁੰਮਸੁਦਗੀ ਦੇ ਬਾਵਜੂਦ ਘਰ ਵਾਲੇ, ਸਕੂਲ ਤੇ ਪੱਤਰਕਾਰ ਸਾਰੇ ਸੁਚੇਤ ਹਨ ਕਿ ਕਿਤੇ ਸਕੂਲ ਜਾਂ ਮਾਂ-ਪਿਓ ਦੀ ਸ਼ਾਨ ਵਿਚ ਕਿਤੇ ਕੋਈ ਫ਼ਰਕ ਨਾ ਪੈ ਜਾਵੇ। ਇਸ ਘਟਨਾਕ੍ਰਮ ਵਿਚ ਸਭ ਤੋਂ ਮਹੱਤਵਪੂਰਨ ਚੀਜ਼ ਹੈ ਕਿ ਬੱਚੇ ਨੂੰ ਲੱਭਣ ਲਈ ਸਭ ਪਾਸੇ ਨਜ਼ਰ ਦੌੜਾਈ ਜਾਂਦੀ ਹੈ ਕੇਵਲ ਇਕ ਜਗ੍ਹਾ ਭਾਵ ਉਸਦੇ ਸਕੂਲ ਨੂੰ ਛੱਡਕੇ ਜਿਹੜਾ ਉਸਦੀ ਮੌਤ ਦਾ ਅਸਲ ਜ਼ਿੰਮੇਵਾਰ ਬਣਦਾ ਹੈ। ਇਹ ਵੀ ਇਸ ਗੱਲ ਵੱਲ ਇਸ਼ਾਰਾ ਹੈ ਕਿ ਅਸੀਂ ਸਿਸਟਮ ਵੱਲ ਉਂਗਲ ਨੀ ਕਰਦੇ ਜਿਹੜਾ ਅਸਲ ਵਿਚ ਮੁੱਖ ਵਜ੍ਹਾ ਹੈ। ਸਾਡੀ ਅਣਜਾਣਤਾ ਤੇ ਦੁਸ਼ਮਣ ਦੀ ਗਲਤ ਪਛਾਣ ਕਾਰਨ ਹੀ ਸਿਸਟਮ ਮੌਨ ਵਰਤ ਰੱਖ ਕੇ, ਬੱਚੇ ਦੀ ਫੋਟੋ ਸਕੂਲ ਵਿਚ ਟੰਗ ਕੇ, ਉਸਦੇ ਨਾਮ ਉੱਪਰ ਸਕੂਲ ਦਾ ਬਲਾਕ ਬਣਾ ਕੇ



ਬੱਚੇ ਦੀ ਮੌਤ ਦੇ ਗੁਨਾਹ ਤੋਂ ਸੁਰਖਰੂ ਹੋ ਜਾਂਦਾ ਹੈ। ਸੰਖੇਪ ਵਿਚ ਕਹਾਣੀਕਾਰ ਦੱਸਣਾ ਚਾਹੁੰਦਾ ਹੈ ਕਿ ਅਸੀਂ ਸਹੀ ਜਗ੍ਹਾ ਸੱਟ ਨਹੀ ਮਾਰ ਰਹੇ। ਇਸ ਤਰ੍ਹਾਂ ਕਹਾਣੀ ਵਡੇਰੇ ਪ੍ਰਸੰਗ ਵਿਚ ਵਡੇਰੇ ਅਰਥਾਂ ਦੀ ਧਾਰਨੀ ਹੈ ਕਿ ਕੰਸ ਰੂਪੀ ਸਿਸਟਮ ਕੱਲ ਦਾ ਭਵਿੱਖ ਬਣਨ ਵਾਲੇ ਸਾਡੇ ਬੱਚਿਆਂ ਨੂੰ ਉਨ੍ਹਾਂ ਦੇ ਬਚਪਨ ਵਿਚ ਹੀ ਖ਼ਤਮ ਕਰ ਰਿਹਾ ਹੈ ਤਾਂ ਕਿ ਕੱਲ੍ਹ ਨੂੰ ਉਹ ਉਸ ਲਈ ਕੋਈ ਚੁਣੌਤੀ ਨਾ ਬਣ ਜਾਣ।

**ਜਗਮੀਤ**: 'ਕੰਸ ਅਜੇ ਮਰਿਆ ਨਹੀਂ' ਪੁਰਾਤਨ ਕਥਾ ਨੂੰ ਪ੍ਰਤੀਕ ਰੂਪ ਵਿਚ ਵਰਤ ਕੇ ਰਚੀ ਕਹਾਣੀ ਹੈ। ਪੁਰਾਤਨ ਕਥਾ ਵਿਚ ਕੰਸ ਕ੍ਰਿਸ਼ਨ ਦੀ ਕਹਾਣੀ ਵਿਚ ਕੰਸ ਦੀ ਮੌਤ ਹੋ ਜਾਂਦੀ ਹੈ ਪਰ 'ਕੰਸ ਅਜੇ ਮਰਿਆ ਨਹੀਂ' ਵਿਚ ਅਜਿਹਾ ਨਹੀਂ ਵਾਪਰਦਾ। ਲੇਖਕ ਕੰਸ ਕ੍ਰਿਸ਼ਨ ਦੀ ਮਿੱਥ ਨੂੰ ਰੂਪਾਂਤਰਣ ਕਰਕੇ ਬਿਲਕੁਲ ਹੀ ਉਲਟਾ ਦਿੰਦਾ ਹੈ। ਪੁਰਾਣਕ ਕਥਾ ਦਾ ਬਿਰਤਾਂਤਕਾਰ ਜਿੱਥੇ ਮਾਧਵ, ਕੇਸ਼ਵ, ਗੁਰਕੰਵਲਮੋਹਨ ਰੂਪੀ ਕ੍ਰਿਸ਼ਨ ਨੂੰ ਸ਼ਕਤੀਆਂ ਪ੍ਰਦਾਨ ਕਰਕੇ ਕੰਸ ਉਪਰ ਜਿੱਤ ਦਵਾਉਂਦਾ ਹੈ, ਉੱਥੇ ਹੀ ਆਧੁਨਿਕ ਬਿਰਤਾਂਤਕਾਰ (ਪਵਨ ਪਰਿੰਦਾ) ਕੰਸ ਹੱਥੋਂ ਕ੍ਰਿਸ਼ਨ ਦੀ ਮੌਤ ਕਰਵਾ ਯਥਾਰਥਕ ਸਥਿਤੀ ਦਾ ਪ੍ਰਗਟਾ ਕਰਦਾ ਹੈ। ਦੋਹਾਂ ਬਿਰਤਾਂਤਕਾਰਾਂ ਵਿਚ ਅਜਿਹੀ ਦ੍ਰਿਸ਼ਟੀ ਦਾ ਅੰਤਰ ਉਹਨਾਂ ਦੀ ਅਲੱਗ-ਅਲੱਗ ਸਮੇਂ ਅਤੇ ਪ੍ਰਸਥਿਤੀ ਵਿਚ ਨਿਹਿਤ ਹੈ।

ਕੰਸ ਵਰਤਮਾਨ ਸਿਸਟਮ ਹੈ, ਜਿਸ ਨੇ ਵਿਕਰਾਲ ਰੂਪ ਧਾਰਨ ਕੇ ਹਰ ਇਕ ਚੀਜ਼ ਨੂੰ ਕੰਟਰੋਲ ਕੀਤਾ ਹੋਇਆ ਹੈ। ਪਵਨ ਪਰਿੰਦਾ ਦੀ ਮੁੱਖ ਸੁਰ ਕੰਸ ਦੇ ਸਿੱਖਿਆ ਸਿਸਟਮ ਉੱਪਰ ਪ੍ਰਭਾਵ ਨੂੰ ਪ੍ਰਗਟਾਉਂਦੀ ਹੈ। ਉਸ ਦੀ ਸਾਰੀ ਕਹਾਣੀ ਵਿਚ ਵਿਅੰਗਮਈ ਸ਼ੈਲੀ ਜਿੱਥੇ ਸਿੱਖਿਆ ਪ੍ਰਬੰਧ ਦੇ ਪਾਜ ਉਧੇੜਦੀ ਹੈ, ਉੱਥੇ ਹੀ ਧਾਰਮਿਕ, ਮੀਡੀਆ, ਰਾਜਨੀਤੀ ਤੇ ਸਾਹਿਤਕਾਰਾਂ ਨੂੰ ਵੀ ਕਲਾਵੇ ਵਿਚ ਸਮੇਟਦੀ ਹੈ। ਕਹਾਣੀਕਾਰ ਤਿੰਨ ਘਟਨਾਵਾਂ ਦੇ ਪ੍ਰਸੰਗ ਰਾਹੀਂ ਨਵੀਂ ਉਪਜਦੀ ਕ੍ਰਿਸ਼ਨ ਰੂਪੀ ਪਨੀਰੀ ਜਿਸ ਨੇ ਕਿ ਕੰਸ ਦਾ ਵਧ ਕਰਨਾ ਹੈ, ਉਸ ਦੁਆਰਾ ਕਿਸ ਤਰ੍ਹਾਂ ਕੁਚਲੀ ਜਾ ਰਹੀ ਹੈ, ਨੂੰ ਦਰਸਾਉਂਦਾ ਹੈ। ਕੰਸ ਜਿੱਥੇ ਵਿਅਕਤੀ ਨੂੰ ਸਰੀਰਕ ਤੌਰ ਤੇ ਖ਼ਤਮ ਕਰ ਰਿਹਾ ਹੈ, ਉੱਥੇ ਮਾਨਸਿਕ ਰੂਪ ਵਿਚ ਵੀ ਕੈਦੀ ਬਣਾਉਂਦਾ ਹੈ। ਇਸ ਵਿਚ ਵਿਅਕਤੀ ਜ਼ਿੰਦਗੀ ਨੂੰ ਜਿਉਂਦਾ ਨਹੀਂ ਬਲਕਿ ਰੀਂਗਦਾ ਹੈ। ਇਕ-ਧੁਨ ਵਿਚ ਜ਼ਿੰਦਗੀ ਬਤੀਤ ਕਰਦਾ ਅਲੱਗ-ਅਲੱਗ ਰਾਹਾਂ ਬਾਰੇ ਸੋਚਣਾ ਉਸਦੀ ਕਲਪਨਾ ਤੋਂ ਬਾਹਰੀ ਹੋ ਜਾਂਦਾ ਹੈ।

**ਦਲਜੀਤ**: ਮੈਂ ਇਸ ਕਹਾਣੀ ਨੂੰ ਮਿੱਥ ਦੇ ਰੂਪਾਂਤਰਣ ਦੇ ਤੌਰ 'ਤੇ ਦੇਖਿਆ ਹੈ। ਹਿੰਦੂ ਮਿਥਿਹਾਸ ਵਿੱਚ ਕੰਸ ਆਪਣੇ ਭਾਣਜੇ ਨੂੰ ਇਸ ਲਈ ਮਰਵਾਉਣਾ ਚਾਹੁੰਦਾ ਹੈ ਕਿ ਉਹ ਵੱਡਾ ਹੋ ਕੇ ਉਸ ਦੇ ਸਰਬਨਾਸ਼ ਦਾ ਕਾਰਨ ਬਣੇਗਾ, ਇਸੇ ਤਰ੍ਹਾਂ ਇਸ ਕਹਾਣੀ ਵਿਚਲੇ ਸਿਸਟਮ ਰੂਪੀ ਕੰਸ ਨੂੰ ਅੱਜ ਦੀ ਨੌਜਵਾਨ ਸੋਚ ਤੋਂ ਖ਼ਤਰਾ ਹੈ, ਜੋ ਉਸਦੇ ਰਸਤੇ ਵਿੱਚ ਰੁਕਾਵਟ ਪਾਉਂਦਿਆਂ ਉਸ ਦੀ ਹੋਂਦ ਦੇ ਖ਼ਾਤਮੇ ਲਈ ਜ਼ਿੰਮੇਵਾਰ ਹੋ ਸਕਦੀ ਹੈ। ਜਿਵੇਂ ਸਰਬਜੀਤ ਇਸ ਗੱਲ ਵੱਲ ਇਸ਼ਾਰਾ ਕਰ ਚੁੱਕੇ ਹਨ ਕਿ ਕਿਸ ਤਰ੍ਹਾਂ ਇਹ ਸਿਸਟਮ ਬੱਚਿਆਂ ਨੂੰ ਬਚਪਨ ਤੋਂ ਹੀ ਸਥਾਪਤੀ ਦੁਆਰਾ ਪ੍ਰਵਾਨਿਤ ਵਿਹਾਰ ਤੇ ਕੀਮਤਾਂ ਨਾਲ ਇੱਕਸੁਰ ਕਰ ਦਿੰਦਾ ਹੈ ਤਾਂ ਕਿ ਉਹ ਸਿਸਟਮ ਖ਼ਿਲਾਫ਼ ਉੱਠਣ ਜੋਗਾ ਹੀ ਨਾ ਰਹੇ।

ਇਸ ਕਹਾਣੀ ਵਿਚਲੇ ਪਾਤਰ ਬੱਚਿਆਂ ਦੇ ਨਾਂ ਮਾਧਵ, ਕੇਸ਼ਵ ਮਲਹੋਤਰਾ, ਗੁਰਕੰਵਲਮੋਹਨ ਬੇਦੀ ਤਿੰਨੇ ਹਿੰਦੂ ਮਿਥਿਹਾਸਕ ਪਾਤਰ ਕ੍ਰਿਸ਼ਨ ਵੱਲ ਇਸ਼ਾਰਾ ਕਰਦੇ ਹਨ। ਮੇਰੇ ਖ਼ਿਆਲ ਅਨੁਸਾਰ ਇਸ ਕਹਾਣੀ ਵਿੱਚ ਕ੍ਰਿਸ਼ਨ ਦੋ ਰੂਪਾਂ ਵਿੱਚ ਪੇਸ਼ ਹੋਇਆ ਹੈ। ਇੱਕ ਬੱਚਿਆਂ ਦੇ ਰੂਪ ਵਿੱਚ ਲੋਕਾਈ ਦੀ ਪ੍ਰਤੀਨਿਧਤਾ ਕਰਦਾ ਹੈ ਅਤੇ ਦੂਜਾ ਮੰਦਰ ਦੇ ਠਾਕੁਰ ਦੇ ਰੂਪ ਵਿੱਚ ਅਧਿਆਤਮਿਕ ਸੱਤਾ ਦਾ ਪ੍ਰਤੀਕ ਹੈ। ਕਹਾਣੀ ਵਿਚਲੀਆਂ ਵਿਅੰਗਾਤਮਕ ਟਿੱਪਣੀਆਂ ਇਸ਼ਾਰਾ ਕਰਦੀਆਂ ਹਨ ਕਿ ਅਧਿਆਤਮਿਕ ਸੱਤਾ ਅਤੇ ਭੌਤਿਕ ਸੱਤਾ ਕਿਸ ਤਰ੍ਹਾਂ ਮਿਲ ਕੇ ਸਿਸਟਮ ਨੂੰ ਭ੍ਰਿਸ਼ਟ ਬਣਾਉਂਦੀਆਂ ਹਨ। ਕਹਾਣੀ ਵਿੱਚ ਇਸ ਰਾਜਨੀਤੀ ਅਤੇ ਧਰਮ ਦੇ ਗੱਠਜੋੜ ਵਿਰੁੱਧ ਆਮ ਲੋਕਾਈ ਦੇ ਰੋਸ ਵੱਲ ਇਸ਼ਾਰਾ ਵੀ ਮਿਲਦਾ ਹੈ, ਜਦੋਂ ਸਿਸਟਮ ਤੋਂ ਨਿਰਾਸ਼ ਵਾਸਦੇਵ ਦੇ ਧਰਮ ਤੋਂ ਵੀ ਨਿਰਾਸ਼ ਹੋਣ ਵੱਲ ਸੰਕੇਤ ਕੀਤਾ ਗਿਆ ਹੈ:

ਪਾਪਾ ਵਾਸਦੇਵ ਫਿਰ ਠਾਕੁਰਾਂ ਨੂੰ ਨਵ੍ਹਾਉਣਗੇ। ਧੂਫ਼ ਬੱਤੀ ਕਰ ਮੰਦਰ ਸਜਾਉਣਗੇ। ਆਰਤੀ ਉੱਤਰੇਗੀ। ਮੈਨੂੰ ਭੁੱਲਣ ਹਿਤ ਪਾਪਾ ਮੁੜ ਪਿੰਡ ਚਮੋਲੀ, ਉਤਰਾਖੰਡ ਜਾਣ ਬਾਰੇ ਸੋਚਣਗੇ।...ਪਿੰਡ ਮੁੜ ਉਹ ਪੁਜਾਰੀ ਬਣੇ ਨਹੀਂ ਰਹਿਣਗੇ...ਇਹ ਮੇਰਾ ਵਿਸ਼ਵਾਸ ਹੈ।...ਉਹ ਮੇਰੇ ਦਾਦਾ ਜੀ ਦੇ ਬਲਦਾਂ ਦੇ ਗਲ ਟੱਲੀਆਂ ਬੰਨ੍ਹਣਗੇ। ਸੱਗੀ ਫੁੱਲਾਂ ਨਾਲ ਸਜਾਉਣਗੇ। ਹੁਣ ਮੰਦਰਾਂ ਦੀਆਂ ਨਹੀਂ ਮੇਰੇ ਪਾਪਾ ਦੇ ਬਲਦਾਂ ਦੀਆਂ ਟੱਲੀਆਂ ਪੌਣ 'ਚ ਰਸ ਘੋਲਣਗੀਆਂ...ਮੇਰੇ ਪਾਪਾ ਨਵਾਂ ਹਲ ਲੈ ਦਾਦਾ ਜੀ ਨਾਲ ਜੋਤਾ ਲਾਉਣਗੇ ਤੇ ਮੇਰੇ ਪਾਪਾ ਨੂੰ ਉਡੀਕਦੇ ਸਾਡੇ ਲੀਚੀਆਂ ਦੇ ਬੂਟੇ ਮੁੜ ਟਹਿਕ ਉੱਠਣਗੇ। ਪਾਪਾ ਦੇ ਪਸੀਨੇ ਵਿਚੋਂ ਬਦਬੋ ਨਹੀਂ ਸੁਗੰਧ ਆਉਣੀ ਸ਼ੁਰੂ ਹੋਵੇਗੀ। ਹੁਣ ਉਹਨਾਂ ਲਈ ਪੂਜਾ ਕੰਮ ਨਹੀਂ ਸਗੋਂ ਕੰਮ ਪੂਜਾ ਹੋਵੇਗਾ।...(ਪੰਨਾ-77)

ਮੈਨੂੰ ਲੱਗਦਾ ਹੈ ਕਿ ਉਪਰੋਕਤ ਹਵਾਲੇ ਵਿੱਚ 'ਮੰਦਰਾਂ ਦੀਆਂ ਟੱਲੀਆਂ' ਦੀ ਥਾਂ 'ਬਲਦਾਂ ਦੀਆਂ ਟੱਲੀਆਂ', 'ਅਰਸ਼' ਨਾਲੋਂ ਟੁੱਟ ਕੇ 'ਫਰਸ਼' ਨਾਲ ਜੁੜਨ ਅਤੇ 'ਰੱਬ' ਨਾਲੋਂ 'ਜ਼ਮੀਨ' ਨੂੰ ਪਹਿਲਤਾ ਦੇਣ ਵੱਲ ਇਸ਼ਾਰਾ ਕਰਦਾ ਹੈ। ਇਹ ਜ਼ਮੀਨ ਨਾਲ ਜੁੜਨਾ ਪੈਦਾਵਾਰ ਦੇ ਸਾਧਨਾਂ ਨਾਲ ਜੁੜਨਾ ਹੈ। ਜੇਕਰ ਮਾਰਕਸਵਾਦੀ ਨਜ਼ਰੀਏ ਤੋਂ ਦੇਖੀਏ ਤਾਂ ਪੈਦਾਵਾਰ ਦੇ ਸਾਧਨਾਂ ਉੱਤੇ ਕਾਬਜ਼ ਜਮਾਤ ਹੀ ਆਪਣੇ ਅਨੁਸਾਰੀ ਰਾਜ ਪ੍ਰਬੰਧ, ਨੈਤਿਕਤਾ, ਕਦਰਾਂ-ਕੀਮਤਾ ਅਤੇ ਵਿਚਾਰਧਾਰਾ ਦੇ ਪਰਉਸਾਰ ਨੂੰ ਸਿਰਜਦੀ ਹੈ। ਇਸ ਤਰ੍ਹਾਂ ਮੈਨੂੰ ਲੱਗਦਾ ਹੈ ਕਿ ਇਹ ਕਹਾਣੀ ਲੋਕਾਈ ਨੂੰ ਜ਼ਮੀਨ ਨਾਲ ਜੁੜ ਕੇ ਸਥਾਪਿਤ ਪ੍ਰਬੰਧ ਨੂੰ ਬਦਲਣ ਲਈ ਪ੍ਰੇਰਿਤ ਕਰਦੀ ਹੈ।

**ਵਿਪਨ**: ਇਸ ਕਹਾਣੀ ਬਾਰੇ ਮੈਂ ਸਿਰਫ ਇਹੀ ਕਹਿਣਾ ਹੈ ਕਿ ਪ੍ਰਾਈਵੇਟ ਸਕੂਲਾਂ ਵਿਚ ਬੱਚਾ ਅਮੀਰ ਜਾਂ ਗਰੀਬ, ਪੇਂਡੂ ਜਾਂ ਸ਼ਹਿਰੀ, ਪੜ੍ਹੇ ਲਿਖੇ ਜਾਂ ਅਣਪੜ੍ਹ ਭਾਵ ਚਾਹੇ ਕਿਸੇ ਦਾ ਵੀ ਪੜ੍ਹੇ, ਇਨ੍ਹਾਂ ਸਕੂਲਾਂ ਦਾ ਮੰਤਵ ਕੇਵਲ ਪੈਸਾ ਕਮਾਉਣਾ ਹੈ। ਇਨ੍ਹਾਂ ਨੂੰ ਸਿਰਫ ਆਪਣੇ ਸਕੂਲ ਦੀ ਸ਼ਾਖ ਬਣਾਉਣ ਤੇ ਉਸਨੂੰ ਬਚਾਈ ਰੱਖਣ ਤੱਕ ਮਤਲਬ ਹੁੰਦਾ ਹੈ। ਇਸ ਮੰਤਵ ਦੇ ਅੱਗੇ ਉਨ੍ਹਾਂ ਨੂੰ ਬੱਚਿਆਂ ਜਾਂ ਉਨ੍ਹਾਂ ਦੇ ਭਵਿੱਖ ਦਾ ਕੋਈ ਫਿਕਰ ਨਹੀਂ ਹੁੰਦਾ। ਅਜਿਹੇ ਸਕੂਲਾਂ ਵਿਚ ਕਿਸੇ ਸਮੱਸਿਆ ਵਿਚ ਫਸ ਕੇ ਲੱਖਾਂ ਰੁਪਏ ਖਰਚ ਕਰ ਦਿੰਦੇ ਹਨ ਤਾਂ ਕਿ ਉਨ੍ਹਾਂ ਸਕੂਲ ਦੀ ਸਾਖ਼ ਨੂੰ ਧੱਬਾ ਨਾ ਲੱਗੇ ਲੇਕਿਨ ਇਹ ਆਪਣੇ ਵਿਦਿਅਕ ਪ੍ਰਬੰਧ ਦੇ ਢਾਂਚੇ ਅੰਦਰਲੀਆਂ ਅਸਫਲਤਾਵਾਂ ਨੂੰ ਦੂਰ ਕਰਨ ਲਈ ਕੋਈ ਯਤਨ ਨਹੀਂ ਕਰਨਗੇ। ਇਸ ਵਿਚ ਪੁਲਿਸ, ਕਾਨੂੰਨ, ਰਾਜਨੀਤੀਵਾਨ ਆਦਿ ਸਾਰੇ ਹੀ ਉਨ੍ਹਾਂ ਦਾ ਸਾਥ ਦਿੰਦੇ ਹਨ।

**ਪਰਮਜੀਤ**: ਇਹ ਕਹਾਣੀ ਦਾ ਬਿਰਤਾਂਤ ਫੈਂਟਸੀ ਦੀ ਤਕਨੀਕ ਵਿਚ ਉਸਾਰਿਆ ਗਿਆ ਹੈ। ਦੋ ਮਰੇ ਹੋਏ ਬੱਚੇ ਆਪਣਾ ਬਿਰਤਾਂਤ ਸੁਣਾਉਂਦੇ ਹਨ। ਪਰ ਪੌਣੇ ਤਿੰਨ ਸਾਲ ਦੇ ਬੱਚਿਆਂ ਦੇ ਮੂੰਹੋਂ ਇੰਨ੍ਹੀਆਂ ਪ੍ਰੌੜ ਗੱਲਾਂ ਅਜੀਬ ਲਗਦੀਆਂ ਹਨ। ਇਸ ਤੋਂ ਇਹ ਅੰਦਾਜ਼ਾ ਵੀ ਲਗਾਇਆ ਜਾ ਸਕਦਾ ਕਿ ਪੌਣੇ ਤਿੰਨ ਸਾਲ ਦੇ ਬੱਚੇ ਆਪਣੀ ਨਹੀਂ ਕਹਾਣੀਕਾਰ ਦੀ ਭਾਸ਼ਾ ਬੋਲ ਰਹੇ ਹਨ ਜੋ ਕਿ ਬਿਰਤਾਂਤਕ ਖੱਪਾ ਲਗਦਾ ਹੈ। ਇਸ ਤੋਂ ਇਲਾਵਾ ਕਹਾਣੀ ਵਿਚ ਲਗਾਤਾਰ ਬਿਰਤਾਂਤਕਾਰ ਬਦਲਦੇ ਰਹਿੰਦੇ ਹਨ ਅਤੇ ਇਹ ਸਮਝਣ ਲਈ ਬਹੁਤ ਜੋਰ ਲਾਉਣਾ ਪੈਂਦਾ ਹੈ ਕਿ ਹੁਣ ਕਿਹੜਾ ਬਿਰਤਾਂਤਕਾਰ ਕਹਾਣੀ ਸੁਣਾ ਰਿਹਾ। ਬਿਰਤਾਂਤਕਾਰ ਦੇ ਪੱਖੋਂ ਮੈਨੂੰ ਇਹ ਕਹਾਣੀ ਕਾਫੀ ਉਲਝੀ ਹੋਈ ਲੱਗੀ।

ਵਿਸ਼ੇ ਪੱਖੋਂ ਇਹ ਕਹਾਣੀ ਅੱਜ ਦੇ ਸਕੂਲੀ ਢਾਂਚੇ ਦੇ ਵਪਾਰੀਕਰਨ ਤੇ ਵਿਅੰਗ ਕਰਦੀ ਹੈ। ਸਕੂਲਾਂ ਦਾ ਮੁੱਖ ਮੁੱਦਾ ਪੈਸਾ ਕਮਾਉਣਾ ਹੈ। ਭਾਵੇਂ ਅਮੀਰ ਦਾ ਬੱਚਾ ਕੇਸਵ ਹੈ ਜਾਂ ਗਰੀਬ ਦਾ ਬੱਚਾ ਮਾਧਵ, ਦੋਨੋਂ ਹੀ ਉਨ੍ਹਾਂ ਲਈ ਗਾਹਕ ਦੇ ਸਮਾਨ ਹਨ। ਸਕੂਲਾਂ ਦਾ ਅਜਿਹਾ ਬਜਾਰੂ ਢਾਂਚਾ ਬੱਚਿਆਂ ਨੂੰ ਇੰਨੇ ਕਾਬਿਲ ਨਹੀਂ ਬਣ ਸਕਦਾ ਜੋ ਕਿ ਕੰਸ ਜਿਹੀ ਬੁਰਾਈ ਨੂੰ ਮਿਟਾਉਣ ਵਾਲੇ ਕ੍ਰਿਸ਼ਨ ਬਣ ਸਕਣ, ਸਗੋਂ ਇਹ ਸਿਸਟਮ ਤਾਂ ਖੁਦ ਹੀ ਕੰਸ ਦਾ ਰੋਲ ਅਦਾ ਕਰਕੇ ਉਨ੍ਹਾਂ ਦੀ ਸਮਰੱਥਾਵਾਂ ਨੂੰ ਹੀ ਖ਼ਤਮ ਕਰ ਰਿਹਾ ਹੈ। ਕਹਾਣੀ ਵਿਚ ਮਰੇ ਹੋਏ ਮਾਧਵ ਦਾ ਆਪਣੇ ਬਾਪ ਨੂੰ ਵਾਰ-ਵਾਰ ਰਾਜ਼ੀਨਾਮੇ ਦੇ ਦਸਤਖ਼ਤ ਕਰਨ



ਲਈ ਕਹਿਣਾ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਵਿਦਿਅਕ ਪ੍ਰਬੰਧ ਦਾ ਇਹ ਬਜਾਰੂ ਢਾਂਚਾ ਸਾਡੇ ਬੱਚਿਆਂ ਵਿਚ ਸਹੀ-ਗ਼ਲਤ ਦੀ ਪਛਾਣ ਨੂੰ ਧੁੰਧਲਾ ਕਰਦਾ ਜਾ ਰਿਹਾ ਹੈ। ਸਾਡੇ ਬੱਚਿਆਂ ਲਈ ਕੰਸ ਦੀ ਪਛਾਣ ਕਰਨਾ ਹੀ ਮੁਸ਼ਕਿਲ ਹੋਇਆ ਪਿਆ, ਉਸਨੂੰ ਮਾਰਨਾ ਤਾਂ ਦੂਰ ਦੀ ਗੱਲ ਹੈ।

## ਕੁੰਭੀ ਨਰਕ-ਭਗਵੰਤ ਰਸੂਲਪੁਰੀ (ਸਿਰਜਣਾ, ਅਕਤੂਬਰ-ਦਸੰਬਰ 2017)

**ਸਰਬਜੀਤ**: ਮੈਂ ਭਗਵੰਤ ਰਸੂਲਪੁਰੀ ਦੀ ਕਹਾਣੀ 'ਕੁੰਭੀ ਨਰਕ' ਉੱਪਰ ਚਰਚਾ ਸ਼ੁਰੂ ਕਰਾਂਗੀ। ਆਪਾਂ ਸਾਰੇ ਜਾਣਦੇ ਹਾਂ ਕਿ ਭਗਵੰਤ ਰਸੂਲਪੁਰੀ ਦਲਿਤ ਮਸਲਿਆਂ ਬਾਰੇ ਲਿਖਣ ਵਾਲਾ ਕਹਾਣੀਕਾਰ ਹੈ। ਆਪਾਂ ਪਹਿਲੀਆਂ ਕਹਾਣੀਆਂ ਸੰਬੰਧੀ ਹੋਈ ਚਰਚਾ ਵਿਚ ਦੇਖਿਆ ਕਿ ਅੱਜਕੱਲ੍ਹ ਪੰਜਾਬੀ ਵਿਚ ਜਿਆਦਾਤਰ 'ਮੁੱਦਾ-ਪ੍ਰਧਾਨ' ਕਹਾਣੀ ਲਿਖੀ ਜਾ ਰਹੀ ਹੈ। ਉਸ ਪ੍ਰਸੰਗ ਵਿਚ 'ਕੁੰਭੀ ਨਰਕ' ਨੂੰ ਵੀ 'ਮੁੱਦਾ-ਪ੍ਰਧਾਨ' ਕਹਾਣੀ ਕਿਹਾ ਜਾ ਸਕਦਾ ਹੈ। ਵਿਚਾਰ-ਅਧੀਨ ਕਹਾਣੀ ਵਿਚ ਕਥਾ ਰਸ, ਕਲਾਤਮਕਤਾ ਤੇ ਬਿਰਤਾਂਤ ਆਦਿ ਬਾਰੇ ਮੈਂ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦੀ ਕਿਉਂਕਿ ਮੈਂ ਕਹਾਣੀ ਵਿਧਾ ਦੀ ਕੋਈ ਵਿਸ਼ੇਸ਼ੱਗ ਨਹੀਂ ਹਾਂ। ਮੈਂ ਇਕ ਪਾਠਕ ਵਜੋਂ ਕਹਾਣੀ ਦੇ ਕੇਵਲ ਵਿਸ਼ੇ ਪੱਖ ਬਾਰੇ ਹੀ ਗੱਲ ਕਰਾਂਗੀ।

ਇਸ ਕਹਾਣੀ ਦਾ ਵਿਸ਼ਾ ਬੜਾ ਮਹੱਤਵਪੂਰਨ ਹੈ। ਇਸਤੋਂ ਵੀ ਮਹੱਤਵਪੂਰਨ ਤੱਥ ਹੈ ਕਿ ਕਹਾਣੀ ਦੇ ਛੋਟੇ ਘੇਰੇ ਦੇ ਬਾਵਜੂਦ ਕਹਾਣੀਕਾਰ ਦਲਿਤਾਂ ਦੇ ਹਵਾਲੇ ਨਾਲ 'ਮਿਥਿਹਾਸ, ਇਤਿਹਾਸ ਤੇ ਸਮਕਾਲ' ਜਾਂ 'ਸਮਾਜ, ਸਭਿਆਚਾਰ ਤੇ ਰਾਜਨੀਤੀ' ਜਾਂ 'ਜਾਤ, ਕਿਰਤ ਦੀ ਵੰਡ ਅਤੇ ਸ਼ੋਸ਼ਣ' ਆਦਿ ਸਾਰੇ ਪੱਖਾਂ ਨੂੰ ਆਲੋਚਨਾਤਮਕ ਢੰਗ ਨਾਲ ਪੇਸ਼ ਕਰ ਰਿਹਾ ਹੈ। ਇਹ ਕਹਾਣੀ ਪੰਜਾਬੀ ਸਮਾਜ ਅੰਦਰ ਦਲਿਤ ਦੀ ਹੋਂਦ ਤੇ ਪਛਾਣ ਨੂੰ ਨਿਰਧਾਰਤ ਕਰਨ ਵਾਲੇ ਤਕਰੀਬਨ ਸਾਰੇ ਪੈਮਾਨਿਆਂ ਜਾਂ ਆਧਾਰਾਂ ਨੂੰ ਸੰਬੋਧਿਤ ਹੁੰਦੀ ਹੈ। ਇਹ ਕਹਾਣੀ ਬਹੁਤ ਵਿਵੇਚਨਮਈ ਢੰਗ ਨਾਲ ਬਿਆਨ ਕਰਦੀ ਹੈ ਕਿ 'ਹਾਸ਼ੀਆਗਤ ਹੋਣ' ਦਾ ਮਤਲਬ ਕੀ ਹੁੰਦਾ ਹੈ। ਹਾਲਾਂਕਿ ਮੈਨੂੰ ਲੱਗਦੈ ਕਿ ਕਹਾਣੀ ਬਹੁਤ ਤੇਜ਼ ਰਫ਼ਤਾਰ ਨਾਲ ਚੱਲਦੀ ਹੈ। ਇਸਤੋਂ ਕਿਤੇ ਵਧੇਰੇ ਚੰਗਾ ਹੁੰਦਾ ਕਿ ਕਹਾਣੀ ਦੀ ਗਤੀ ਧੀਮੀ ਹੁੰਦੀ ਤੇ ਪਾਠਕ ਨਾਲ-ਨਾਲ ਤੁਰ ਸਕਦਾ। ਇਸ ਕਹਾਣੀ ਵਿਚ ਮਸਲੇ ਬਹੁਤ ਜਿਆਦਾ ਹਨ। ਇਹ ਮਸਲੇ ਇਕ ਤੋਂ ਬਾਅਦ ਦੂਜਾ, ਦੂਜੇ ਤੋਂ ਬਾਅਦ ਤੀਜਾ ਲਗਾਤਾਰ ਚੱਲਦੇ ਹਨ। ਇਸ ਲਈ ਸੰਵੇਦਨਾ ਦੀ ਪੱਧਰ ਉੱਪਰ ਪਾਠਕ ਦਾ ਕਿਸੇ ਵੀ ਮਸਲੇ ਦੀ ਤਹਿ/ਗਹਿਰਾਈ ਤੱਕ ਪਹੁੰਚਣ ਤੇ ਮਹਿਸੂਸਣ ਦਾ ਅਮਲ ਇੰਨਾ ਆਸਾਨ ਨਹੀਂ ਰਹਿੰਦਾ।

ਕਹਾਣੀ ਦੇ ਸਿਰਲੇਖ ਨੂੰ ਆਧਾਰ ਬਣਾ ਕੇ ਜੇਕਰ ਅਸੀਂ ਕਹਾਣੀ ਵੱਲ ਵਧੀਏ ਤਾਂ ਇਸਦੇ ਦੋ ਅਰਥ ਸਾਡੇ ਸਾਹਮਣੇ ਆਉਂਦੇ ਹਨ। ਪਹਿਲਾ 'ਕੁੰਭ' ਦੇ ਅਰਥ 'ਘੜੇ' ਜਾਂ 'ਮਿੱਟੀ ਦੇ ਬਰਤਨ' ਵਜੋਂ ਲਏ ਜਾ ਸਕਦੇ ਹਨ। 'ਮਿੱਟੀ ਦਾ ਬਰਤਨ' ਮਿੱਟੀ, ਪਾਣੀ ਤੇ ਅੱਗ ਤਿੰਨ ਪਵਿੱਤਰ ਚੀਜ਼ਾਂ ਨੂੰ ਮਿਲ ਕੇ ਬਣਿਆ ਹੋਣ ਕਾਰਨ ਆਪਣੇ ਆਪ ਵਿਚ ਪਵਿੱਤਰ ਹੈ। ਲੇਕਿਨ ਦਲਿਤ ਲੋਕ ਅਜਿਹੇ ਬਰਤਨਾਂ ਵਿਚ ਦੂਸਰੇ ਦਾ ਗੰਦ ਸਿਰਾਂ 'ਤੇ ਢੋਂਹਦੇ ਰਹੇ ਹਨ। ਇਸ ਤਰ੍ਹਾਂ ਕਹਾਣੀ ਦਾ ਸਿਰਲੇਖ ਸਥਿਤੀ 'ਤੇ ਵਿਅੰਗ ਕਰਦਾ ਲੱਗਦਾ ਹੈ ਕਿ ਇਕ ਅਜਿਹੀ ਜ਼ਿੰਦਗੀ ਜਿਹੜੀ ਨਰਕ ਵਰਗੀ ਹੋਣ ਦੇ ਬਾਵਜੂਦ 'ਸੇਵਾ ਭਾਵਨਾ' ਤੇ 'ਪਿਛਲੇ ਜਨਮਾਂ ਦੇ ਕਰਮਾਂ ਕਾਰਨ' ਪਵਿੱਤਰ ਤੇ ਲਾਜ਼ਮੀ ਬਿਆਨ ਕੀਤੀ ਜਾਂਦੀ ਹੈ।

ਕਹਾਣੀ ਦੇ ਦੂਜੇ ਅਰਥ ਮਿਥਿਹਾਸ ਵਿਚ ਪਏ ਹਨ। ਗਰੁੜ ਪੁਰਾਣ ਵਿਚ ਨਰਕ ਬਾਰੇ ਚਰਚਾ ਕਰਦਿਆਂ ਕਈ ਪ੍ਰਕਾਰ ਦੇ ਨਰਕਾਂ ਦਾ ਹਵਾਲਾ ਆਉਂਦਾ ਹੈ। ਉਸ ਵਿਚ ਮੁੱਖ ਤੌਰ 'ਤੇ ਛੱਤੀ ਕਿਸਮ ਦੇ ਨਰਕ ਮੰਨੇ ਗਏ ਹਨ। ਇੰਨ੍ਹਾਂ 'ਚੋਂ ਇੱਕ ਨਰਕ 'ਕੁੰਭੀ ਪਾਕ' ਨਰਕ ਹੈ। ਇਹ ਮੰਨਿਆ ਜਾਂਦਾ ਹੈ ਕਿ 'ਕੁੰਭੀ ਪਾਕ ਨਰਕ' ਵਿਚ ਜ਼ਮੀਨ ਅੰਗਿਆਰਾਂ ਵਾਂਗ ਤਪਦੀ ਹੈ। ਇਸ ਨਰਕ ਵਿਚ ਸਜਾ ਯਾਫ਼ਤਾ ਬੰਦੇ ਦੋ ਤਰ੍ਹਾਂ ਦੇ ਮੰਨੇ ਜਾਂਦੇ ਹਨ। ਪਹਿਲਾ ਜਿੰਨ੍ਹਾਂ ਨੇ ਬ੍ਰਾਹਮਣ ਦੀ ਹੱਤਿਆ ਕੀਤੀ ਹੋਵੇ ਤੇ ਦੂਜੇ ਉਹ ਬੰਦੇ ਜਿਨ੍ਹਾਂ ਨੇ ਕਿਸੇ ਦੀ ਜ਼ਮੀਨ ਹੜੱਪੀ ਹੋਵੇ। ਇਸ ਤਰ੍ਹਾਂ ਜ਼ਮੀਨ ਦੇ ਹੜੱਪਣ ਨੂੰ ਜਦੋਂ ਅਸੀਂ ਦਲਿਤਾਂ ਨਾਲ ਜੋੜ ਕੇ

ਦੇਖਦੇ ਹਾਂ ਤਾਂ ਇਹ ਕਿਤੇ ਨਾ ਕਿਤੇ ਮਿਥਿਹਾਸਕ ਹਵਾਲੇ ਦੀ ਲਗਾਤਾਰਤਾ ਲੱਗਦੀ ਹੈ। 'ਕੁੰਭੀ ਨਰਕ' ਰਾਹੀਂ ਕਹਾਣੀਕਾਰ ਕਹਿਣਾ ਚਾਹੁੰਦਾ ਹੈ ਕਿ ਉਹ ਲੋਕ ਇਸ ਧਰਤੀ ਉੱਪਰ ਹੀ 'ਕੁੰਭੀ ਨਰਕ' ਵਰਗੀ ਜ਼ਿੰਦਗੀ ਜਿਉਂ ਰਹੇ ਹਨ। ਸਾਡੇ ਸਮਾਜ ਵਿਚ ਦਲਿਤ ਕੋਲ ਜ਼ਮੀਨ ਨਹੀਂ ਹੈ। ਇਹ ਆਪਣੇ ਆਪ ਵਿਚ ਸੇਕ ਲੱਗਣ ਵਾਲੀ ਗੱਲ ਹੈ ਕਿ ਦਲਿਤ ਦੀ ਕਿਤੇ ਕੋਈ ਜ਼ਮੀਨ ਨਹੀਂ ਹੈ। ਦਲਿਤ ਜਿੱਥੇ ਵੀ ਪੈਰ ਰੱਖਦਾ ਹੈ, ਉਹ ਥਾਂ ਕਿਸੇ ਹੋਰ ਦੀ ਹੈ। ਇਸ ਲਈ ਉਸਨੂੰ ਕਿਤੋਂ ਵੀ ਉਜਾੜਿਆ ਜਾ ਸਕਦਾ ਹੈ। ਇੱਥੇ ਜ਼ਮੀਨ ਦਾ ਮਤਲਬ ਸਿਰਫ਼ ਧਰਤੀ ਨਹੀਂ ਹੈ। ਇੱਥੇ ਜ਼ਮੀਨ ਦੇ ਅਰਥ 'ਥਾਂ' ਜਾਂ 'ਜਗ੍ਹਾ' ਬਣਦੇ ਹਨ। ਦਲਿਤ ਕੋਲ ਕਿਤੇ ਵੀ ਸਪੇਸ ਨਹੀਂ ਹੈ। ਇਸ ਲਈ ਜਿੱਥੇ ਵੀ ਦਲਿਤ ਸਪੇਸ ਲੈਂਦਾ ਹੈ, ਉੱਥੇ ਹੀ ਉਸ ਲਈ ਤਪਦੇ ਅੰਗਿਆਰ ਹਨ। ਦਲਿਤ ਲਈ ਮੁੱਖ ਧਾਰਾ ਦੇ ਸਮਾਜ ਅੰਦਰ ਦਲਿਤ ਪਛਾਣ ਨਾਲ ਰਹਿਣਾ ਅੰਗਿਆਰਾਂ 'ਤੇ ਚੱਲਣ ਵਰਗਾ ਹੀ ਹੈ। ਮੈਨੂੰ ਲੱਗਦਾ ਹੈ ਕਿ ਕਹਾਣੀ ਦਾ ਸਿਰਲੇਖ ਇਹ ਅਰਥ ਦਿੰਦਾ ਹੈ ਕਿ 'ਦਲਿਤ ਹੋਣ ਦਾ ਮਤਲਬ ਹਮੇਸ਼ਾ, ਹਰ ਸਮੇਂ ਤੇ ਹਰ ਸਥਿਤੀ ਵਿਚ ਤਪਦੇ ਰਹਿਣਾ ਤੇ ਅਜਿਹੇ ਨਰਕ ਨੂੰ ਮਹਿਸੂਸ ਕਰਨਾ ਹੈ ਜਿੱਥੇ ਚੈਨ, ਸਕੂਨ ਤੇ ਸ਼ਾਤੀ ਨਾਲ ਨਹੀਂ ਰਿਹਾ ਜਾ ਸਕਦਾ। ਸਿਰਲੇਖ ਦੇ ਇਹੀ ਅਰਥ ਮੈਨੂੰ ਕਹਾਣੀ ਦੀ ਦੂਜੀ ਸਤਰ ਵਿਚ ਲਗਾਤਾਰਤਾ ਗ੍ਰਹਿਣ ਕਰਦੇ ਲੱਗਦੇ ਹਨ ਜਦੋਂ ਕਿਹਾ ਜਾਂਦਾ ਹੈ ਕਿ 'ਸ਼ਾਤੀ ਪੂਰੀ ਹੋ ਗਈ' ਜਾਂ 'ਸ਼ਾਂਤੀ ਨਹੀਂ ਰਹੀ'। ਕਿ ਜਦੋਂ ਤੁਸੀਂ ਏਸ ਤਰ੍ਹਾਂ ਦੀ ਲਾਈਫ ਦੇ ਵਿੱਚ ਹੋ ਜਿੱਥੇ ਤੁਸੀ ਤਪ ਰਹੇ ਹੋ ਜਿੱਥੇ ਤੁਸੀਂ ਹਰ ਸਮੇਂ ਇੱਕ ਸੇਕ ਮਹਿਸੂਸ ਕਰਦੇ ਹੋ, ਬੀਗ ਅ ਇਨ ਸਪੈਸ਼ਲ ਨੋਰਮਸ ਆਫ ਪਰਸਨ ਜਿਹੜੀਆਂ ਸੁਸਾਇਟੀ ਨੇ ਥੋਡੇ ਤੇ ਲਾਈਆਂ ਨੇ,ਉਹਦੇ ਵਿਚ ਜਦੋਂ ਤੁਸੀਂ ਤਪਦੇ ਹੋਏ ਮਹਿਸੂਸ ਕਰਦੇ ਓ ਤਾਂ ਜਦੋਂ ਉਹਨੂੰ ਕਹਿੰਦੈ ਕਿ ਮੈਨੂੰ ਫੋਨ ਆਂਉਦੈ ਕਿ ਸ਼ਾਤੀ ਪੂਰੀ ਹੋ ਗਈ ਸ਼ਾਤੀ ਨਹੀਂ ਰਹੀ ਤਾਂ ਇਹ ਸਪੱਸ਼ਟ ਇਸ਼ਾਰਾ ਹੈ ਕਿ ਇਸ ਤਰ੍ਹਾਂ ਜ਼ਿੰਦਗੀ ਵਿਚ ਸ਼ਾਂਤ ਨਹੀਂ ਰਿਹਾ ਜਾ ਸਕਦਾ। ਇਸੇ ਕਰਕੇ ਮੁੱਖ ਪਾਤਰ ਪਹਿਲੇ ਝਟਕੇ ਸਮਝ ਨਹੀਂ ਪਾਉਂਦਾ ਕਿ ਕਿਸ ਸ਼ਾਂਤੀ ਦੀ ਗੱਲ ਹੋ ਰਹੀ ਹੈ। ਇਹ ਸ਼ਾਂਤੀ ਕਿਸੇ ਮਨੁੱਖ ਦੇ ਮਨ ਜਾਂ ਰੂਹ ਦੀ ਸ਼ਾਂਤੀ ਹੈ ਜਾਂ ਕੋਈ ਮਨੁੱਖ ਹੈ। ਇਸ ਲਈ ਇੱਥੇ 'ਸ਼ਾਂਤੀ ਪੂਰੀ ਹੋ ਗਈ' ਦੇ ਗਹਿਰੇ ਅਰਥ ਪ੍ਰਗਟ ਹੁੰਦੇ ਹਨ।

ਮੇਰੇ ਲਈ ਇਸ ਕਹਾਣੀ ਵਿਚਲੀਆਂ ਦੋ ਘਟਨਾਵਾਂ ਬਹੁਤ ਭਾਵੁਕ ਕਰ ਦੇਣ ਵਾਲੀਆਂ ਸਨ। ਪਹਿਲੀ ਜਦੋਂ ਸ਼ਾਂਤੀ ਕੁਲਚੇ-ਛੋਲੇ ਲੈਣ ਜਾਂਦੀ ਹੈ ਅਤੇ ਉਸਨੂੰ ਸਫ਼ਾਈ ਕਰਨ ਲਈ ਕਹਿ ਦਿੱਤਾ ਜਾਂਦਾ ਹੈ। ਸਪੱਸ਼ਟ ਹੈ ਕਿ ਦਲਿਤ ਲੰਗਰ ਵਿਚ ਵੀ ਬਰਾਬਰ ਦਾ ਮਨੁੱਖ ਨਹੀਂ ਹੈ। ਦੂਜੀ ਜਦੋਂ ਮੁੱਖ ਪਾਤਰ ਦਾ ਪਿਉ ਸੀਵਰੇਜ ਦੇ ਅੰਦਰ ਗੈਸ ਕਾਰਨ ਦਮ ਘੁਟ ਕੇ ਮਰ ਜਾਂਦਾ ਹੈ। ਇਹ ਦੋਵੇਂ ਘਟਨਾਵਾਂ ਬਿਆਨ ਕਰਦੀਆਂ ਹਨ ਕਿ ਕੀ ਮੁੱਖ ਧਾਰਾ ਦੇ ਲੋਕ ਦਲਿਤਾਂ ਨੂੰ ਕਦੇ ਬਰਾਬਰੀ ਦਾ ਦਰਜਾ ਦੇਣ ਬਾਰੇ ਸੋਚ ਵੀ ਸਕਦੇ ਹਨ? ਕਹਾਣੀ ਵਾਰ-ਵਾਰ ਪਾਠਕ ਨੂੰ ਅਹਿਸਾਸ ਕਰਵਾਉਂਦੀ ਹੈ ਕਿ ਕੀ ਮੁੱਖ ਧਾਰਾ ਦੇ ਲੋਕ ਅੱਜ ਵੀ ਦਲਿਤ ਤੇ ਉਨ੍ਹਾਂ ਦੇ ਕੰਮ ਨੂੰ ਨਫ਼ਰਤ ਤੇ ਤ੍ਰਿਸਕਾਰ ਨਾਲ ਨਹੀਂ ਦੇਖਦੇ? ਇਸ ਤਰ੍ਹਾਂ ਦਲਿਤ ਜੀਵਨ ਦੀ ਤੱਥਗਤ ਪੇਸ਼ਕਾਰੀ ਕਰਕੇ ਕਹਾਣੀ ਪਾਠਕ ਨੂੰ ਟੁੰਬਦੀ ਹੈ।

ਇਹ ਕਹਾਣੀ ਇਕ ਜਗ੍ਹਾ ਮੈਨੂੰ ਅੰਤਰ-ਵਿਰੋਧ ਦਾ ਸ਼ਿਕਾਰ ਵੀ ਲੱਗੀ। ਇਸਦਾ ਕਾਰਨ ਹੈ ਕਿ ਆਦਿ ਧਰਮੀਆਂ ਤੇ ਬਾਲਮੀਕੀਆਂ ਦੇ ਆਪਸੀ ਵਿਰੋਧਾਂ ਨੂੰ ਵਿਅੰਗ ਦਾ ਆਧਾਰ ਬਣਾਉਣ ਵਾਲਾ ਕਹਾਣੀਕਾਰ ਅੱਗੇ ਜਾ ਬਾਲਮੀਕੀਆਂ ਵਿਚ ਹੋਣ ਵਾਲੀ ਵੰਡ ਨੂੰ ਹੋਰ ਢੰਗ ਨਾਲ ਦੇਖਦਾ ਹੈ। ਇਸ ਸੰਦਰਭ ਵਿਚ ਮੈਂ ਕਹਾਣੀ ਦੇ ਉਨ੍ਹਾਂ ਵੇਰਵਿਆਂ ਵੱਲ ਜਾਣਾ ਚਾਹੁੰਦੀ ਹਾਂ ਜਿੱਥੇ ਇਕ ਪਾਸੇ ਉਹ ਵਾਲਮੀਕੀਆਂ ਤੇ ਆਦਿ ਧਰਮੀਆਂ ਜਾਂ ਸੰਖੇਪ ਵਿਚ ਸਾਰੇ ਦਲਿਤਾਂ ਨੂੰ ਇਕ ਹੋਣ ਦੀ ਸਲਾਹ ਦੇ ਰਿਹਾ ਹੈ, ਲੇਕਿਨ ਇਸੇ ਕਹਾਣੀ ਵਿਚ ਉਹ ਵਾਲਮੀਕੀਆਂ ਦੇ ਸਿੱਖ ਵਾਲਮੀਕੀ ਤੇ ਮਸੀਹੀ ਆਦਿ ਵੱਖ-ਵੱਖ ਹਿੱਸਿਆਂ ਵਿਚ ਟੁੱਟਣ ਨੂੰ ਗਲਤ ਮੰਨਦਾ ਹੋਇਆ ਲਿਖਦਾ ਹੈ ਕਿ

*"ਮੇਰਾ ਭਾਪਾ ਅਕਸਰ ਹੀ ਕਹਿੰਦਾ ਸੀ ਕਿ ਅਸੀਂ ਵਾਲਮੀਕੀ ਹੀ ਹਾਂ, ਸ਼ੁੱਧ ਵਾਲਮੀਕੀ। ਸਾਡਾ ਗੁਰੂ*



*ਵਾਲਮੀਕੀ ਹੀ ਹੈ।"*

ਇਸਦਾ ਮਤਲਬ ਜਿਹੜੀ ਦਰਜੇਬੰਦੀ ਦੇ ਖ਼ਿਲਾਫ਼ ਕਹਾਣੀਕਾਰ ਲਿਖ ਰਿਹਾ ਹੈ (ਖ਼ਾਸ ਕਰ ਦਲਿਤਾਂ ਦੇ ਦਰਮਿਆਨ ਜਿਹੜੀ ਦਰਜੇਬੰਦੀ ਹੈ), ਬਿਲਕੁਲ ਉਸੇ ਤਰ੍ਹਾਂ ਦੀ ਦਰਜੇਬੰਦੀ ਕਹਾਣੀਕਾਰ ਮੁੱਖ ਧਾਰਾਈ ਵਾਲਮੀਕੀਆਂ ਤੋਂ ਵੱਖ ਹੋਏ ਵਾਲਮੀਕੀਆਂ ਲਈ ਪੇਸ਼ ਕਰ ਰਿਹਾ ਹੈ। ਉਹ ਅਲੱਗ ਹੋਣ ਵਾਲੇ ਇਨ੍ਹਾਂ ਹਿੱਸਿਆਂ ਨੂੰ ਨਿਘਰੇ ਹੋਏ ਤੇ ਆਪਣੇ ਤੋਂ ਘੱਟ ਬਣਾ ਕੇ ਪੇਸ਼ ਕਰਦਾ ਹੈ। ਇਸਦੇ ਪ੍ਰਮਾਣ ਵਜੋਂ ਇਨ੍ਹਾਂ ਵਰਗਾਂ ਨਾਲ ਸੰਬੰਧਿਤ ਪਾਤਰਾਂ ਦੇ ਨਾਮਕਰਨ ਨੂੰ ਲਿਆ ਜਾ ਸਕਦਾ ਹੈ। ਇਸਦਾ ਮੁੱਖ ਆਧਾਰ ਮੁੱਖ ਪਾਤਰ ਦਾ 'ਸ਼ੁੱਧੀ' ਉੱਪਰ ਜ਼ੋਰ ਦੇਣਾ ਬਣਦਾ ਹੈ ਜਿਸਤੋਂ ਪਤਾ ਲੱਗਦਾ ਹੈ ਕਿ ਆਦਿ ਵਾਲਮੀਕੀਆਂ ਤੋਂ ਵੱਖ ਹੋਏ ਇਹ ਲੋਕ ਹੁਣ 'ਅਸ਼ੁੱਧ' ਹਨ। ਚਾਹੇ ਕਹਾਣੀਕਾਰ ਅਸ਼ੁੱਧ ਸ਼ਬਦ ਨਹੀਂ ਵਰਤਦਾ ਲੇਕਿਨ ਖ਼ੁਦ ਨੂੰ ਸ਼ੁੱਧ ਦਰਸਾਉਣਾ ਤੁਲਨਾਤਮਕ ਢੰਗ ਨਾਲ ਦੂਜੇ ਨੂੰ ਅਸ਼ੁੱਧ ਦਰਸਾਉਣ ਦਾ ਇਕ ਢੰਗ ਹੀ ਹੈ। ਅਸ਼ੁੱਧ ਹੋਣਾ ਆਪਣੇ ਆਪ ਵਿਚ ਨੀਵਾਂ ਹੋਣਾ ਹੈ। ਮੈਂ ਇੱਥੇ ਇਹ ਕਹਿਣਾ ਚਾਹੁੰਦੀ ਹਾਂ ਕਿ ਪਤਾ ਨਹੀਂ ਇਹ ਕਹਾਣੀਕਾਰ ਨੇ ਸੁਚੇਤ ਕੀਤਾ ਹੈ ਜਾਂ ਅਚੇਤ ਲੇਕਿਨ ਇੱਕੋ ਕਹਾਣੀ ਵਿਚ ਇਕ ਜਗ੍ਹਾ ਉੱਪਰ ਉਹ ਜਿਹੜੀ ਚੀਜ਼ ਨੂੰ ਤੋੜਨ ਦੀ ਕੋਸ਼ਿਸ਼ ਕਰ ਰਿਹਾ ਹੈ, ਉੱਥੇ ਹੀ ਦੂਜੀ ਜਗ੍ਹਾ ਉੱਪਰ ਉਹ ਇਸੇ ਚੀਜ਼ ਨੂੰ ਪੱਕਾ ਕਰ ਰਿਹਾ ਹੈ। ਇਸੇ ਪਕਿਆਈ ਵਿਚੋਂ ਹੀ ਅੱਗੇ ਜਾ ਕੇ ਅਸੀਂ ਦੇਖਾਂਗੇ ਕਿ ਕਹਾਣੀ ਵਿਚੋਂ ਨਵੀਂ ਦੁਵੰਡ ਤੇ ਨਵੀਂਆਂ ਸਮੱਸਿਆਵਾਂ ਪੈਦਾ ਹੋਣਗੀਆਂ। ਇਨ੍ਹਾਂ ਵਿਚ ਕਬਰਾਂ ਨੂੰ ਲੈ ਕੇ ਬਣਨ ਵਾਲਾ ਮਸਲਾ, ਲਾਸ਼ ਦਾ ਸੰਸਕਾਰ ਲੇਟ ਹੋਣਾ ਤੇ ਲੜਾਈ ਤੱਕ ਨੌਬਤ ਦਾ ਪਹੁੰਚਣਾ ਆਦਿ ਸ਼ਾਮਿਲ ਕੀਤੇ ਜਾ ਸਕਦੇ ਹਨ। ਇੱਥੇ ਧਿਆਨ ਦੇਣ ਵਾਲਾ ਮਸਲਾ ਹੈ ਕਿ ਇਹੀ ਲੜਾਈ ਤਾਂ ਮੁੱਖ ਧਾਰਾ ਨਾਲ ਜਾਂ ਆਦਿ ਧਰਮੀਆਂ ਨਾਲ ਹੈ। ਮੁੱਖ ਧਾਰਾ ਦਾ ਪ੍ਰਵਚਨ ਇਹੀ ਕਹਿੰਦਾ ਹੈ ਕਿ ਵਾਲਮੀਕੀ/ਦਲਿਤ ਸਾਡੀ ਸਪੇਸ ਨਹੀਂ ਲੈ ਸਕਦੇ। ਜੇਕਰ ਉਹ ਅਜਿਹਾ ਕਰਨਗੇ ਤਾਂ ਉਨ੍ਹਾਂ ਨੂੰ ਸਬਕ ਸਿਖਾਇਆ ਜਾਵੇਗਾ। ਇਸ ਕਹਾਣੀ ਵਿਚ ਜਦ ਮਸੀਹੀ ਭਾਈਚਾਰੇ ਦੇ ਲੋਕ ਕਬਰਾਂ ਦੀ ਜਗ੍ਹਾ ਲਈ ਲੜਾਈ ਕਰਦੇ ਹਨ ਤਾਂ ਜਿੱਤ ਉਨ੍ਹਾਂ ਦੀ ਨਹੀਂ ਹੁੰਦੀ ਕਿਉਂਕਿ ਵਿਰੋਧ ਦੇ ਬਾਵਜੂਦ ਸ਼ਾਂਤੀ ਦਾ ਸੰਸਕਾਰ ਓਸੇ ਸਮਸ਼ਾਨ ਘਾਟ ਦੇ ਵਿਚ ਕੀਤਾ ਜਾਂਦਾ ਹੈ। ਇਸ ਲੜਾਈ ਵਿਚ ਜਿੱਤ ਮੁੱਖ ਧਾਰਾ ਵਾਂਗ ਹੀ ਮੂਲਵਾਦੀਆਂ ਦੀ ਜਾਂ ਬਹੁ-ਗਿਣਤੀ ਦੀ ਹੁੰਦੀ ਹੈ। ਇਹਦਾ ਮਤਲਬ ਹੈ ਕਿ ਕਹਾਣੀ ਵਿਚ ਇਸ ਜਗ੍ਹਾ ਮੁੱਖ ਧਾਰਾ ਦਾ ਪ੍ਰਵਚਨ ਵਾਲਮੀਕੀਆਂ ਦੇ ਪ੍ਰਸੰਗ ਵਿਚ ਹੂ-ਬ-ਹੂ ਲਾਗੂ ਹੋ ਜਾਂਦਾ ਹੈ। ਕਹਾਣੀ ਦਾ ਪ੍ਰਸੰਗ ਤੇ ਘਟਨਾਕ੍ਰਮ ਇਹ ਸੁਝਾਉਂਦਾ ਹੈ ਕਿ ਸ਼ੁੱਧ ਬਾਲਮੀਕੀ/ਮੂਲਵਾਦੀ/ਬਹੁ-ਗਿਣਤੀ ਹੋਣ ਕਾਰਨ ਇਸ ਖੇਤਰ ਵਿਚ ਪਛਾਣ ਤੇ ਹੋਂਦ ਦੇ ਪ੍ਰਸੰਗ ਵਿਚ ਸਪੇਸ ਲਈ ਹੋਣ ਵਾਲੀ ਹਰ ਲੜਾਈ ਵਿਚ ਜਿੱਤ ਉਨ੍ਹਾਂ ਦੀ ਹੋਵੇਗੀ। ਇਸ ਤਰ੍ਹਾਂ ਕਹਾਣੀਕਾਰ ਦੂਜਿਆਂ ਦੇ ਪ੍ਰਸੰਗ ਵਿਚ ਜਿਹੜਾ ਪ੍ਰਵਚਨ ਉਲਟਾਉਣ ਦੀ ਗੱਲ ਕਰ ਰਿਹਾ ਹੈ, ਆਪਣੇ ਪ੍ਰਸੰਗ ਵਿਚ ਉਸੇ ਪ੍ਰਵਚਨ ਨੂੰ ਨਿਆਂਸੰਗਤ ਮੰਨ ਰਿਹਾ ਹੈ।

ਹਾਸ਼ੀਆਗਤ ਧਿਰਾਂ ਦੇ ਪ੍ਰਸੰਗ ਵਿਚ ਇਹ ਕਹਾਣੀ ਇਕ ਹੋਰ ਮਹੱਤਵਪੂਰਨ ਪੱਖ ਪੇਸ਼ ਕਰਦੀ ਹੈ। ਇਹ ਪੱਖ ਉਸ ਸਮੇਂ ਜੁੜਦਾ ਹੈ ਜਦ ਕਹਾਣੀ ਦਾ ਮੁੱਖ ਪਾਤਰ ਕਹਿੰਦਾ ਹੈ ਕਿ

*"ਇਸ ਸਮੇਂ ਦੌਰਾਨ ਮੈਂ ਵਾਲਮੀਕੀ ਚੇਤਨਾ ਸਭਾ ਦਾ ਮੈਂਬਰ ਬਣ ਗਿਆ ਤੇ ਲਓ ਜੀ ਆਪਾਂ ਸ਼ਰੇਆਮ ਨੰਗੇ ਹੋ ਗਏ।"*

ਇਸ ਕਹਾਣੀ ਵਿਚ ਇਹ 'ਸ਼ਰੇਆਮ ਨੰਗੇ ਹੋਣਾ' ਮੈਨੂੰ ਕਾਫ਼ੀ ਚੰਗਾ ਤੇ ਅਪੀਲ ਕਰਦਾ ਸ਼ਬਦ ਲੱਗਿਆ ਕਿ ਜਦੋਂ ਤੱਕ ਮਨੁੱਖ ਖ਼ੁਦ ਨੂੰ ਸਵੀਕਾਰ ਨਹੀਂ ਕਰਦਾ, ਆਪਣੀ ਹੋਂਦ ਉੱਪਰ ਮਾਣ ਮਹਿਸੂਸ ਨਹੀਂ ਕਰਦਾ ਅਤੇ ਦੂਜਿਆਂ ਤੋਂ ਮਾਨਤਾ ਲੈਣ ਦੇ ਚੱਕਰ ਵਿਚ ਖ਼ੁਦ ਦੀ ਹੋਂਦ ਦੇ ਅਸਲੇ ਨੂੰ ਅਸਵੀਕਾਰ ਕਰਨਾ ਬੰਦ ਨਹੀਂ ਕਰਦਾ, ਉਦੋਂ ਤੱਕ ਲੋਕ ਤੇ ਖ਼ਾਸ ਕਰਕੇ ਉਸ ਨਾਲੋਂ ਖ਼ੁਦ ਨੂੰ ਅਲੱਗ ਮੰਨਣ ਵਾਲੇ ਲੋਕਾਂ ਦੀ ਸਵੀਕ੍ਰਿਤੀ ਬਾਰੇ ਸੋਚਿਆ ਹੀ ਨਹੀਂ ਜਾ ਸਕਦਾ। ਇਸ ਕਹਾਣੀ ਵਿਚਲੇ 'ਮੈਂ' ਪਾਤਰ ਦੁਆਰਾ

ਆਪਣੀ ਪਛਾਣ ਨੂੰ ਸਵੀਕਾਰਨ ਤੋਂ ਬਾਅਦ ਦੂਜੇ ਉਸਨੂੰ ਇਸ ਪਛਾਣ ਲਈ ਜਲੀਲ ਨਹੀਂ ਕਰ ਸਕਦੇ। ਇਹ ਕਹਾਣੀ ਸੁਝਾਉਂਦੀ ਹੈ ਕਿ ਦੂਜੇ ਮਨੁੱਖੀ ਪਛਾਣ ਨੂੰ ਕੇਵਲ ਉਦੋਂ ਹੀ ਨਿਰਧਾਰਿਤ ਕਰ ਸਕਦੇ ਹਨ ਜਦੋਂ ਮਨੁੱਖ ਖ਼ੁਦ ਆਪਣੀ ਪਛਾਣ ਬਣਾਉਣ ਤੇ ਸਥਾਪਿਤ ਕਰਨ ਵਿਚ ਅਸਮਰੱਥ ਸਾਬਿਤ ਹੁੰਦਾ ਹੈ।

ਮੈਂ ਇਸ ਕਹਾਣੀ ਵਿਚ ਇੱਕ ਹੋਰ ਚੀਜ਼ ਦੇਖੀ ਕਿ ਦਲਿਤਾਂ ਤੇ ਬਾਕੀਆਂ ਸਾਰੀਆਂ ਹਾਸ਼ੀਆਗਤ ਧਿਰਾਂ ਦੇ ਵਿਅਕਤੀਆਂ ਆਮ ਕਰਕੇ ਇਕ ਆਪਾ ਵਿਰੋਧ ਦੀ ਸਥਿਤੀ ਦੇ ਵਿਚ ਵਿਚਰਦੇ ਹਨ। ਅਜਿਹੇ ਮੈਂਬਰ ਜਦ ਤੱਕ ਮੁੱਖ ਧਾਰਾ ਦੇ 'ਸੱਤਾ' ਤੇ 'ਸ਼ਕਤੀ' ਦੇ ਤੰਤਰ ਤੋਂ ਬਾਹਰ ਵਿਚਰਦੇ ਹਨ ਉਦੋਂ ਤੱਕ ਉਹ ਆਪਣੇ ਵਰਗ ਨਾਲ ਜੁੜੇ ਰਹਿੰਦੇ ਹਨ। ਲੇਕਿਨ ਸਿੱਖਿਆ ਜਾਂ ਨੌਕਰੀ ਆਦਿ ਕਾਰਨਾਂ ਕਰਕੇ ਜਿਵੇਂ ਹੀ ਉਨ੍ਹਾਂ ਨੂੰ ਮੁੱਖ ਧਾਰਾ ਦੀਆਂ ਸਹੂਲਤਾਂ ਪ੍ਰਾਪਤ ਹੁੰਦੀਆਂ ਹਨ, ਇਕ ਸ਼ਕਤੀਸ਼ਾਲੀ ਪੁਜੀਸ਼ਨ ਪ੍ਰਾਪਤ ਹੁੰਦੀ ਹੈ ਤਾਂ ਉਹ ਆਪਣੇ ਵਰਗ ਨਾਲੋਂ ਟੁੱਟ ਜਾਂਦੇ ਹਨ। ਕਹਾਣੀ ਵਿਚ ਵਾਰ-ਵਾਰ ਅਜਿਹੇ ਵੇਰਵੇ ਮਿਲਦੇ ਹਨ ਕਿ ਇਨ੍ਹਾਂ ਧਿਰਾਂ ਦੇ ਮੁਕਾਬਲਤਨ ਬਿਹਤਰ ਜ਼ਿੰਦਗੀ ਜਿਊਣ ਵਾਲੇ ਮੈਂਬਰ ਬਾਕੀ ਮੈਂਬਰਾਂ ਦੀ ਬਿਹਤਰੀ ਲਈ ਕੋਈ ਨੈਤਿਕ ਜ਼ਿੰਮੇਵਾਰੀ ਨਹੀਂ ਸਮਝਦੇ। ਇਹੀ ਕਾਰਨ ਹੈ ਕਿ 'ਮੁਕਤੀ ਦਾ ਪ੍ਰਵਚਨ' ਸਮੂਹਿਕ ਤੇ ਸਾਂਝਾ ਨਾ ਰਹਿ ਕੇ ਨਿੱਜੀ ਫਾਇਦਿਆਂ ਤੱਕ ਮਹਿਦੂਦ ਹੋ ਜਾਂਦਾ ਹੈ ਅਤੇ ਕੋਈ ਵਡੇਰਾ ਬਦਲ ਸਿਰਜ ਸਕਣ ਦੀ ਸੰਭਾਵਨਾ ਘੱਟ ਜਾਂਦੀ ਹੈ।

**ਗੁਰਦੇਵ**: 'ਕੁੰਭੀ ਨਰਕ' ਕਹਾਣੀ ਬਾਰੇ ਮੈਂ ਦੋ ਨੁਕਤਿਆਂ 'ਤੇ ਗੱਲ ਕਰਾਂਗਾ। ਪਹਿਲਾ ਕਿ ਭਗਵੰਤ ਰਸੂਲਪੁਰੀ ਇਕ ਅਜਿਹਾ ਕਹਾਣੀਕਾਰ ਹੈ ਜਿਸਦਾ ਮੰਤਵ ਕਿਸੇ ਘਟਨਾ ਦੀ ਕੇਵਲ ਬਿਰਤਾਂਤਕ ਤੇ ਕਲਾਤਮਕ ਪੇਸ਼ਕਾਰੀ ਕਰਨਾ ਨਹੀਂ ਹੈ, ਇਸਦੇ ਉਲਟ ਉਸਦੀ ਕਹਾਣੀ ਚਿੰਤਨ, ਮਨਨ ਤੇ ਦਲਿਤ ਮੁਕਤੀ ਨੂੰ ਨਿਸ਼ਾਨੇ ਉੱਪਰ ਰੱਖਦੀ ਹੈ। 'ਕੁੰਭੀ ਨਰਕ' ਕਹਾਣੀ ਵਿਚ ਦਲਿਤਾਂ ਤੇ ਉਨ੍ਹਾਂ ਦੇ ਰੋਜ਼ਮਰਾ ਜੀਵਨ ਨੂੰ ਜਿਸ ਤਰ੍ਹਾਂ ਪੇਸ਼ ਕੀਤਾ ਗਿਆ ਹੈ, ਉਹ ਬਹੁਤ ਮਹੱਤਵਪੂਰਨ ਹੈ। ਪਰ ਇਸਦੇ ਨਾਲ ਹੀ ਕਹਾਣੀ ਵਿਚ ਬਹੁਤ ਕੁਝ ਅਣਕਿਹਾ ਰੱਖਿਆ ਗਿਆ ਹੈ ਜਾਂ ਕਾਫ਼ੀ ਪੱਖਾਂ ਵੱਲ ਕੇਵਲ ਸੰਕੇਤ ਹੀ ਕੀਤਾ ਗਿਆ ਹੈ। ਉਦਾਹਰਨ ਲਈ ਕਹਾਣੀ ਵਿਚ ਕਈ ਥਾਂਵਾਂ 'ਤੇ ਆਉਂਦਾ ਹੈ ਕਿ 'ਚਲੋ ਛੱਡੋ' ਜਾਂ 'ਇਸ ਬਾਰੇ ਫਿਰ ਗੱਲ ਕਰਾਂਗੇ' ਆਦਿ। ਸੋ ਇਸ ਕਹਾਣੀ ਦਾ ਵੱਡਾ ਪੱਖ 'ਅਣਕਿਹਾ' ਬਣਦਾ ਹੈ। 'ਅਣਕਹੇ' ਵੱਲ ਕੀਤੇ ਅਜਿਹੇ ਸੰਕੇਤ ਪਾਠਕ ਨੂੰ ਦਲਿਤ ਜੀਵਨ ਦੇ 'ਅਪ੍ਰਤੱਖ', 'ਅਕੱਥ' ਤੇ 'ਅਸਾਧਾਰਨ' ਪੱਖਾਂ ਬਾਰੇ ਸੋਚਣ ਲਈ ਮਜ਼ਬੂਰ ਕਰਦੇ ਹਨ। ਇਸ ਤਰ੍ਹਾਂ ਇਹ ਸੰਕੇਤ ਬਹੁਤ ਹੀ ਸੰਜੀਦਾ ਸਵਾਲਾਂ ਦੇ ਸਨਮੁੱਖ ਪਾਠਕ ਨੂੰ ਖੜ੍ਹਾ ਕਰਦੇ ਪ੍ਰਤੀਤ ਹੁੰਦੇ ਹਨ।

'ਕੁੰਭੀ ਨਰਕ' ਕਹਾਣੀ ਹੋਂਦ ਤੇ ਪਛਾਣ ਦੇ ਮਸਲਿਆਂ ਦੇ ਪ੍ਰਸੰਗ ਵਿਚ ਧਰਮ ਦੀ ਦੋਹਰੀ ਭੂਮਿਕਾ ਵੱਲ ਵੀ ਸੰਕੇਤ ਕਰਦੀ ਹੈ। ਇਹ ਕਹਾਣੀ ਦੱਸਦੀ ਹੈ ਕਿ ਕਿਵੇਂ ਧਰਮ ਇਕ ਪਾਸੇ ਸੰਪੰਨ, ਸ਼ਕਤੀਸ਼ਾਲੀ ਤੇ ਵਸੀਲਿਆਂ ਤੇ ਕਾਬਜ ਧਿਰ ਦੇ ਹੱਥਾਂ ਦਾ ਖਿਡੌਣਾ ਬਣ ਜਾਂਦਾ ਹੈ ਦੂਜੇ ਪਾਸੇ ਸੱਖਣੇ, ਕਮਜ਼ੋਰ ਤੇ ਨਿਤਾਣੇ ਲੋਕਾਂ ਦੇ ਖਿਲਾਫ਼ ਭੁਗਤਦਾ ਹੈ। ਇੱਥੇ ਕਹਾਣੀ ਇਹ ਸਵਾਲ ਵੀ ਉੱਠਦਾ ਹੈ ਕਿ ਆਰਥਿਕ ਪੱਖੋਂ ਥੁੜ੍ਹੇ ਤੇ ਹਾਸ਼ੀਆਗਤ ਹੋਣੀ ਵਾਲੇ ਲੋਕ ਆਪਣੀ ਮੁਕਤੀ ਲਈ ਸੰਘਰਸ਼ ਦੀ ਥਾਂ ਧਰਮ ਦੀ ਸ਼ਰਨ ਵਿਚ ਕਿਉਂ ਜਾਂਦੇ ਹਨ? ਜੇਕਰ ਧਿਆਨ ਪੂਰਵਕ ਦੇਖਿਆ ਜਾਵੇ ਤਾਂ ਆਦਿ ਕਾਲ ਤੋਂ ਹੀ ਦਲਿਤ ਵਰਗ ਆਪਣੀ ਮੁਕਤੀ ਦੀ ਤਲਾਸ਼ ਲਈ ਤੇ ਸਮਾਜਿਕ ਬਰਾਬਰੀ ਲਈ ਧਰਮ ਦੀ ਸ਼ਰਨ ਵਿਚ ਗਿਆ ਹੈ। ਇਸ ਵਿਚ ਬੁੱਧ, ਇਸਲਾਮ, ਸਿੱਖ ਜਾਂ ਅਜੋਕੇ ਸਮੇਂ ਦੇ ਡੇਰੇ ਆਦਿ ਸਾਰੇ ਧਾਰਮਿਕ ਪ੍ਰਵਚਨ ਸ਼ਾਮਿਲ ਕੀਤੇ ਜਾ ਸਕਦੇ ਹਨ। ਇਤਿਹਾਸ ਗਵਾਹ ਹੈ ਕਿ ਕਿਸੇ ਵੀ ਧਰਮ ਨੇ ਦਲਿਤਾਂ ਨੂੰ ਬਰਾਬਰ ਦੀ ਸਥਿਤੀ ਪ੍ਰਦਾਨ ਨਹੀਂ ਕੀਤੀ ਅਤੇ ਹਰ ਧਰਮ ਸਮੇਂ ਦੇ ਬੀਤਣ ਨਾਲ ਭਾਰੂ ਧਿਰ ਤੱਕ ਸੀਮਤ ਹੋ ਗਿਆ। ਇਸ ਤਰ੍ਹਾਂ ਬ੍ਰਾਹਮਣਵਾਦੀ ਤੰਤਰ ਹਰ ਧਰਮ ਵਿਚ ਦਲਿਤਾਂ ਦੇ ਖ਼ਿਲਾਫ਼ ਭੁਗਤ ਜਾਂਦਾ ਹੈ। ਕਹਾਣੀਕਾਰ ਸੰਕੇਤ ਕਰਦਾ ਹੈ ਕਿ ਦਲਿਤਾਂ ਵਿਚ ਵੀ ਜਾਤੀ-ਤੰਤਰ ਘਰ ਕਰ ਚੁੱਕਾ ਹੈ ਤੇ ਉਹ ਆਪਸ ਵਿਚ



ਸੰਗਠਿਤ ਹੋਣ ਦੀ ਬਜਾਇ ਅਲੱਗ-ਅਲੱਗ ਹੋਏ ਪਏ ਹਨ। ਇਹ ਕਹਾਣੀ ਦਰਸਾਉਂਦੀ ਹੈ ਕਿ ਇਸ ਸਥਿਤੀ ਤੋਂ ਛੁਟਕਾਰਾ ਪਾਉਣ ਲਈ ਸਭ ਦਾ ਜਾਤੀ ਹਿਤਾਂ ਤੋਂ ਉਪਰ ਉੱਠ ਕੇ ਇਕੱਠੇ ਹੋਣਾ ਲਾਜ਼ਮੀਂ ਹੈ।

**ਜਗਮੀਤ**: ਭਗਵੰਤ ਰਸੂਲਪੁਰੀ ਦੀ ਕਹਾਣੀ 'ਕੁੰਭੀ ਨਰਕ' ਦਲਿਤ ਚੇਤਨਾ ਨਾਲ ਸੰਬੰਧਿਤ ਕਹਾਣੀ ਹੈ। ਸਮੁੱਚੀ ਕਹਾਣੀ ਦਲਿਤ ਪਹਿਚਾਣ ਵਲ ਸੇਧਿਤ ਹੈ। ਮੈਂ ਪਰਮਜੀਤ ਸਿੰਘ ਦੇ ਵਿਚਾਰ ਨਾਲ ਸਹਿਮਤ ਹਾਂ ਕਿ ਸਮੁੱਚੀ ਕਹਾਣੀ ਵਿਚ ਦਲਿਤ ਵਰਗ ਆਪਣੀ ਪਹਿਚਾਣ ਲਈ ਧਾਰਮਿਕ ਦਾਇਰੇ ਵੱਲ ਰੁਖ਼ਸਤ ਹੁੰਦਾ ਹੈ। ਉਹ ਆਪਣੀ ਪਹਿਚਾਣ ਧਾਰਮਿਕ ਦਾਇਰਿਆਂ ਵਿਚੋਂ ਲੱਭਦਾ ਨਜ਼ਰੀਂ ਆਉਂਦਾ ਹੈ। ਉੱਥੇ ਵੀ ਉਸ ਨੂੰ ਨਿਰਾਸ਼ਾ ਹੀ ਪੱਲੇ ਪੈਂਦੀ ਹੈ। ਅਸਲ ਵਿਚ ਜਿਸ ਵਰਗ ਦਾ ਉਤਪਾਦਨ ਸਾਧਨਾਂ ਉੱਪਰ ਕਬਜ਼ਾ ਹੁੰਦਾ ਹੈ, ਉਸ ਦਾ ਜੀਵਨ ਦੇ ਸਮੁੱਚੇ ਅੰਗਾਂ (ਸਮਾਜਿਕ, ਰਾਜਨੀਤਿਕ, ਧਾਰਮਿਕ ਤੇ ਸਭਿਆਚਾਰਕ) ਉੱਪਰ ਵੀ ਪ੍ਰਭੂਸੱਤਾ ਹੁੰਦੀ ਹੈ। ਦਲਿਤ ਵਰਗ ਦੀ ਸਾਧਨ ਵਿਹੂਣੀ ਸਥਿਤੀ ਅਤੇ ਉਸ ਵਿਚੋਂ ਅਸਿੱਧੇ ਤੌਰ ਤੇ ਉਪਜੀ ਸਮਾਜਿਕ ਦਰਜੇਬੰਦੀ (ਭਾਰਤੀ ਪ੍ਰਸੰਗ ਵਿਚ ਜਾਤੀ ਅਧਾਰਿਤ ਸਮਾਜ ਵੀ) ਦਲਿਤ ਵਰਗ ਦੀ ਪਹਿਚਾਣ ਹਨੇਰੇ ਵਿਚ ਸੁੱਟਦੀ ਹੈ। ਦਲਿਤ ਵਰਗ ਦੀ ਉਤਪਾਦਨ ਸਾਧਨਾਂ ਉੱਪਰ ਅਸਥਿਰਤਾ ਤੋਂ ਉਪਜੀ ਚੇਤਨਾ ਉਸ ਨੂੰ ਅਧਿਆਤਮਕ ਖੇਤਰ ਵਲ ਤੋਰਦੀ ਹੈ। ਭਾਰਤੀ ਸਮਾਜ ਵਿਚਲੀ ਕੰਮ ਤੇ ਰੰਗ ਅਧਾਰਿਤ ਜਾਤੀ ਪ੍ਰਥਾ ਸਮੁੱਚੀ ਦਲਿਤ ਪਹਿਚਾਣ ਸਮਾਜਿਕ ਵਾਸਤਵਿਕਤਾ ਵਿਚ ਗੁੰਮ ਕਰਦੀ ਹੈ। ਸ਼ਾਂਤੀ ਦੇ ਪੁੱਤਰ ਦੁਆਰਾ ਉਸ ਨੂੰ ਉਸ ਦੇ ਨਾਂ ਨਾਲ ਮੁਖਾਤਿਬ ਹੋਣਾ, ਲੰਗਰ ਵਰਗੀ ਸਮਾਨਤਾ ਵਾਲੀ ਥਾਂ ਉੱਪਰ ਵੀ ਕੰਮ ਤੇ ਜਾਤ ਅਧਾਰਿਤ ਵਤੀਰਾ ਆਦਿ ਪ੍ਰਸੰਗ ਸਮਾਜਿਕ ਪਹਿਚਾਣ ਤੇ ਸਵਾਲ ਉਠਾਉਂਦੇ ਹਨ। ਕਹਾਣੀ ਵਿਚ ਰਾਮ ਦਾ ਰਾਮ ਸਿੰਘ ਭੱਟੀ ਬਣਨਾ, ਰਾਜਨ ਦਾ ਰਾਜਨ ਮਸੀਹ ਬਣਨਾ, ਅਸਲ ਵਿਚ ਆਪਣੀ ਹੋਂਦ ਨਾਲ ਜ਼ਿਆਦਾ ਜੁੜਿਆ ਮਸਲਾ ਹੈ, ਨਾ ਕਿ ਕਿਸੇ ਧਰਮ ਜਾਂ ਉਸ ਧਰਮ ਦੇ ਵਿਚਾਰਧਾਰਕ ਪੱਖ ਨਾਲ। ਕਹਾਣੀ ਵਿਚ ਬਿਆਨ ਹੈ:

"ਹੁਣ ਅਸੀਂ ਚਰਚ ਜਾਣ ਲੱਗ ਪਏ ਆ... ਟੌਰ ਕੱਢ ਕੇ ਜਾਈਦਾ... ਕੁਰਸੀਆਂ ਤੇ ਬੈਠੀਦਾ... ਬਾਈਬਲ ਪੜ੍ਹੀ ਦੀ ਆ... ਉਹਨੂੰ ਚਾਹੇ ਝੋਲੇ ਵਿਚ ਪਾ ਕੇ ਕੰਮ ਤੇ ਲੈ ਜਾਉ... ਚਾਹੇ ਥੱਲੇ ਰੱਖ ਦਿਉ... ਯਾਰ ਚਰਚ ਦਾ ਪਾਦਰੀ ਹਰ ਬੰਦੇ ਦੀ ਕਦਰ ਕਰਦਾ।"

ਜਾਤੀ ਅਧਾਰਿਤ ਸਮਾਜ ਵਿਚਲੀ ਸਮਾਜਿਕ ਸਥਿਤੀ ਹੀ ਧਰਮ ਵਿਚਲੀ ਸਥਿਤੀ ਨੂੰ ਨਿਰਧਾਰਿਤ ਕਰਦੀ ਹੈ। ਧਰਮ ਵਿਚਲੀ ਸਥਿਤੀ ਆਰਥਿਕ ਸਾਧਨਾਂ ਉੱਪਰ ਅਧਿਕਾਰਾਂ ਉੱਪਰ ਹੀ ਨਿਰਭਰ ਕਰਦੀ ਹੈ। ਕਹਾਣੀ ਵਿਚ ਵੀ ਧਰਮ ਪਰਿਵਰਤਨ ਦਲਿਤ ਹੋਂਦ ਨੂੰ ਸੰਤੁਸ਼ਟ ਨਹੀਂ ਕਰਦਾ ਬਲਕਿ ਰਾਮ ਸਿੰਘ ਭੱਟੀ ਹੁਰਾਂ ਦਾ ਅਲੱਗ ਗੁਰਦੁਆਰਾ ਬਣਾਉਣਾ, ਉੱਚ ਧਾਰਮਿਕ ਜਮਾਤਾਂ ਦਾ ਧਾਰਮਿਕ ਦਾਇਰੇ ਵਿਚ ਨੀਵੀਆਂ ਜਾਤਾਂ ਨਾਲ ਅਸੱਭਿਅਕ ਵਰਤਾਓ ਦਾ ਬਿਆਨ, ਅਜਿਹੀ ਸਥਿਤੀ ਨੂੰ ਪ੍ਰਗਟਾਉਂਦਾ ਹੈ।

ਸਮਾਜਿਕ ਜਾਤੀ ਸਿਸਟਮ ਨੂੰ ਦਲਿਤ ਵਰਗ ਵੀ ਆਪਣੇ ਵਿਚ ਹੂ-ਬ-ਹੂ ਸਮਾਈ ਬੈਠਾ ਹੈ। ਇਹ ਵੀ ਅਲੱਗ-ਅਲੱਗ ਜਾਤਾਂ ਵਿਚ ਵੰਡਿਆ ਹੋਇਆ ਹੈ। ਇਹ ਵੀ ਇਕ-ਦੂਜੇ ਪ੍ਰਤੀ ਉਹੀ ਵਤੀਰਾ ਪ੍ਰਗਟਾਉਂਦੇ ਹਨ ਜੋ ਉੱਚ ਜਾਤਾਂ ਇਹਨਾਂ ਪ੍ਰਤੀ ਪ੍ਰਗਟ ਕਰਦੀਆਂ ਹਨ। ਰਾਜ ਬਾਲਮੀਕੀ ਦੇ ਵੱਡੇ ਅਫ਼ਸਰ ਰਾਮ ਲਾਲ ਜੋ ਆਦਿ ਧਰਮੀ ਹੈ, ਉਸਦਾ ਆਪਣੇ ਆਪ ਨੂੰ ਉਹਨਾਂ ਨਾਲੋਂ ਉੱਚੇ ਮੰਨਣਾ, ਹੋਰਾਂ ਜਾਤਾਂ ਦੇ ਰੋਟੀ ਤੇ ਬੇਟੀ ਸਾਂਝਾ ਨਾ ਕਰਨ ਦੇ ਵੇਰਵੇ ਇਹਨਾਂ ਵਿਚਲੀ ਜਾਤੀ ਵਿਭਿੰਨਤਾ ਨੂੰ ਪ੍ਰਗਟਾਉਂਦੇ ਹਨ।

ਰਾਮ ਲਾਲ ਤੇ ਮੈਂ ਰੂਪੀ ਬਿਰਤਾਂਤਕਾਰ ਦੁਆਰਾ ਉਚਾਰੀ ਇਹ ਵਾਰਤਾਲਾਪ ਦੂਜੇ ਦਲਿਤਾਂ ਨਾਲੋਂ ਆਪਣੇ-ਆਪ ਨੂੰ ਸ਼੍ਰੇਸ਼ਟ ਸਾਬਿਤ ਕਰਦੇ ਹਨ। ਲੇਖਕ ਦਾ ਆਪਣੇ-ਆਪ ਨੂੰ ਸ਼ੁੱਧ ਵਾਲਮੀਕੀ ਪ੍ਰਗਟਾਉਣਾ

ਵੀ ਦੂਸਰੇ ਦਲਿਤਾਂ ਤੋਂ ਵਿੱਥ ਸਥਾਪਿਤ ਕਰਦਾ ਹੈ। ਕਹਾਣੀਕਾਰ ਅੰਤ ਉੱਪਰ ਕਹਾਣੀ ਨੂੰ ਖੁੱਲ੍ਹਾ ਨਾ ਛੱਡਦਾ ਹੋਇਆ ਦਲਿਤ ਪਹਿਚਾਨ ਲਈ ਹੱਲ ਪੇਸ਼ ਕਰਦਾ ਹੈ। ਉਹ ਇਸ ਦਾ ਹੱਲ ਦਲਿਤਾਂ ਦਾ ਆਪਣੀ ਜਾਤ ਉੱਪਰ ਮਾਣ ਮਹਿਸੂਸ ਕਰਨ ਵਿਚ ਦੇਖਦਾ ਹੈ। ਕਹਾਣੀ ਵਿਚ ਰਾਜ ਵਾਲਮੀਕੀ ਦਾ ਆਪਣੀ ਜਾਤੀ ਪਹਿਚਾਣ ਦਾ ਬੇਝਿਜਕ ਪ੍ਰਗਟਾਵਾ ਜਿੱਥੇ ਉਸ ਨੂੰ ਜਾਤੀ ਨੀਚਤਾ ਦੇ ਅਹਿਸਾਸ ਵਿਚੋਂ ਬਾਹਰ ਕੱਢਦਾ ਹੈ, ਉੱਥੇ ਹੀ ਉਹ ਉਸਦੀ ਪਹਿਚਾਣ ਸਥਾਪਿਤ ਕਰਨ ਵਿਚ ਸਹਾਇਕ ਸਾਬਤ ਹੁੰਦਾ ਹੈ।

ਕਹਾਣੀਕਾਰ ਨੇ ਉੱਤਮ ਪੁਰਖੀ, ਮੱਧਮ ਪੁਰਖੀ ਤੇ ਅਨਯ ਪੁਰਖੀ ਬਿਰਤਾਂਤ ਰਾਹੀਂ ਕਹਾਣੀ ਦੇ ਬਿਰਤਾਂਤ ਨੂੰ ਘੜਿਆ ਹੈ। ਕਹਾਣੀਕਾਰ ਨੇ ਪ੍ਰਤੀਕਾਂ ਰਾਹੀਂ ਜਿੱਥੇ ਬਿਰਤਾਂਤ ਨੂੰ ਸੰਕੇਤਮਈ ਬਣਾਉਣ ਦੀ ਕੋਸ਼ਿਸ਼ ਕੀਤੀ ਹੈ, ਉੱਥੇ ਪਾਠਕ ਦੀ ਚੇਤਨਾ ਨੂੰ ਵੀ ਟੁੰਬਿਆ ਹੈ। ਸ਼ਾਂਤੀ, ਕਹਾਣੀ ਦਾ ਸਿਰਲੇਖ ਕੁੰਭੀ ਨਰਕ, ਸਹਿਮ ਕੁਲੀਆ ਸਭ ਪ੍ਰਤੀਕਮਈ ਹਨ। ਪਾਤਰ ਦਾ ਨਾਂ ਸ਼ਾਂਤੀ ਹੈ ਪਰ ਜ਼ਿੰਦਗੀ ਦੀ ਯਥਾਰਥਕ ਸਥਿਤੀ ਵਿਚ ਸਮੁੱਚੀ ਕਹਾਣੀ ਵਿਚ ਅਸ਼ਾਂਤੀ ਹੈ। ਕਹਾਣੀਕਾਰ ਵਿਅੰਗਮਈ ਸ਼ੈਲੀ ਰਾਹੀਂ ਜਿੱਥੇ ਸਮਾਜਿਕ ਕੁਰੀਤੀਆਂ ਉੱਤੇ ਕਰਾਰਾ ਪ੍ਰਹਾਰ ਕਰਦਾ ਹੈ, ਉੱਥੇ ਉਸ ਦੀ ਜਾਣਕਾਰੀ ਭਰਪੂਰ ਬਿਆਨਬਾਜ਼ੀ ਕਹਾਣੀ ਦੇ ਬਿਰਤਾਂਤ ਨੂੰ ਪੇਤਲਾ ਕਰਦੀ ਹੈ। ਉਸਦੀ ਭਾਸ਼ਣਬਾਜ਼ੀ ਕਹਾਣੀ ਬਿਰਤਾਂਤ ਵਿਚੋਂ ਵਾਸਤਵਿਕਤਾ ਨੂੰ ਡੂੰਘੇਰਾ ਨਹੀਂ ਹੋਣ ਦਿੰਦੀ।

**ਦਲਜੀਤ**: ਮੈਨੂੰ ਲੱਗਦਾ ਹੈ ਕਿ ਇਹ ਕਹਾਣੀ ਦਲਿਤਾਂ ਵਿੱਚ ਪੈਦਾ ਹੋਈ ਦਰਜੇਬੰਦੀ ਨੂੰ ਪੇਸ਼ ਕਰਦੀ ਹੈ। ਇਹ ਕਹਾਣੀ ਤਥਾਕਥਿਤ ਦਲਿਤ ਕਹੀਆਂ ਜਾਣ ਵਾਲੀਆਂ ਜਾਤਾਂ ਵਿਚਲੀ ਊਚ-ਨੀਚ ਨੂੰ ਦਰਸਾ ਕੇ ਹਾਸ਼ੀਆਗਤ ਦੇ ਪ੍ਰਸ਼ਨ ਨੂੰ ਮੁਖ਼ਾਤਿਬ ਹੁੰਦੀ ਹੈ। ਜਿਵੇਂ ਕਿ ਗਾਇਤਰੀ ਚਕਰਵਰਤੀ ਸਪੀਵਾਕ ਦਾ ਮੰਨਣਾ ਹੈ ਕਿ ਹਾਸ਼ੀਆਗਤ ਹੋਣਾ ਸੰਦਰਭ ਵਿਸ਼ੇਸ਼ ਨਾਲ ਜੁੜਿਆ ਹੋਇਆ ਵਰਤਾਰਾ ਹੈ। ਇਵੇਂ ਹੀ ਇਹ ਕਹਾਣੀ ਪੜ੍ਹਦਿਆਂ ਪ੍ਰਤੀਤ ਹੁੰਦਾ ਹੈ ਕਿ ਕਿਸੇ ਪੂਰੇ ਦੇ ਪੂਰੇ ਸਮੂਹ, ਵਰਗ, ਨਸਲ, ਲਿੰਗ ਨੂੰ ਦਲਿਤ ਜਾਂ ਹਾਸ਼ੀਆਗਤ ਦਾ ਸਿਰਲੇਖ ਨਹੀਂ ਦਿੱਤਾ ਜਾ ਸਕਦਾ। ਕੋਈ ਵਰਗ ਕਿਸੇ ਇੱਕ ਵਰਗ ਦੇ ਸੰਦਰਭ ਵਿੱਚ 'ਭਾਰੂ'/'ਉੱਚ' ਹੋ ਸਕਦਾ ਹੈ ਜਦਕਿ ਇਹੀ ਵਰਗ ਕਿਸੇ ਦੂਜੇ ਸਮੂਹ ਦੇ ਸੰਦਰਭ ਵਿੱਚ ਹਾਸ਼ੀਆਗਤ ਹੋ ਸਕਦਾ ਹੈ। ਦਲਿਤ ਅੰਦਰ ਦਲਿਤ ਦੇ ਗੁੰਝਲਦਾਰ ਮਸਲੇ ਨੂੰ ਵੀ ਇਹ ਕਹਾਣੀ ਪੇਸ਼ ਕਰਦੀ ਹੈ।

ਕਹਾਣੀ ਵਿੱਚ ਸ਼ਮਸ਼ਾਨਘਾਟ ਦੀ ਵੰਡ ਵਿੱਚੋਂ ਮਜ਼ਹਬੀ ਸਿੱਖਾਂ ਦਾ ਅਲੱਗ ਸ਼ਮਸ਼ਾਨਘਾਟ ਬਣਨਾ ਅਤੇ ਈਸਾਈਆਂ ਦੇ ਕਬਰਸਤਾਨ ਵਿੱਚ ਹਿੰਦੂ ਬਾਲਮੀਕੀ ਸ਼ਾਂਤੀ ਦਾ ਸਾੜਨਾ ਕਿਤੇ ਨਾ ਕਿਤੇ ਇਹ ਸੰਕੇਤ ਕਰਦਾ ਪ੍ਰਤੀਤ ਹੁੰਦਾ ਹੈ ਕਿ ਹਿੰਦੂ ਧਰਮ ਅਤੇ ਈਸਾਈ ਧਰਮ ਦਾ ਸਰੂਪ ਮੁਕਾਬਲਤਨ ਅੱਜ ਦੇ ਸਿੱਖ ਧਰਮ ਦੇ ਵਧੇਰੇ ਉਦਾਰ ਹੈ, ਸਿੱਖ ਧਰਮ ਜਿਸਨੇ ਸੰਵਾਦ ਦੀ ਪਰੰਪਰਾ ਵਿੱਚੋਂ ਹੋਂਦ ਗ੍ਰਹਿਣ ਕੀਤੀ ਸੀ, ਅੱਜ ਇਸੇ ਧਰਮ ਵਿੱਚ ਸੰਵਾਦ ਦੀ ਸਪੇਸ ਨਹੀਂ ਰਹੀ।

ਅੱਜ ਦੀ ਕਹਾਣੀ ਵਿੱਚ ਜਿਹੜੀ ਬਿਰਤਾਂਤਕਾਰ ਦੇ ਪਾਠਕ ਨੂੰ ਵਾਰ-ਵਾਰ ਸੰਬੋਧਨ ਦੀ ਤਕਨੀਕ ਵਰਤੀ ਜਾ ਰਹੀ ਹੈ, ਉਸ ਬਾਰੇ ਮੇਰੀ ਰਾਇ ਹੈ ਕਿ ਇਹ ਸੰਬੋਧਨ ਪਾਠਕ ਦੀ ਕਹਾਣੀ ਨਾਲੋਂ ਇੱਕਸੁਰਤਾ ਨੂੰ ਤੋੜਦਾ ਹੈ। ਕਹਾਣੀ ਵਿਚਲੇ ਭਾਵਾਂ ਦਾ ਜਿਹੜਾ ਸਾਧਾਰਨੀਕਰਨ ਪਾਠਕ ਤੱਕ ਹੋ ਰਿਹਾ ਹੁੰਦਾ ਹੈ, ਜਿਸ ਰਾਹੀਂ ਪਾਠਕ ਕਹਾਣੀ ਨੂੰ ਆਪਣੇ ਜੀਵਨ ਵਿੱਚ ਵਾਪਰ ਰਹੀ ਮਹਿਸੂਸ ਕਰਦਾ ਹੈ ਅਤੇ ਕਹਾਣੀ ਦੇ ਪਾਤਰ ਵਿੱਚ ਉਹ ਆਪਣੇ ਆਪ ਨੂੰ ਕਲਪ ਰਿਹਾ ਹੁੰਦਾ ਹੈ, ਮੈਨੂੰ ਪ੍ਰਤੀਤ ਹੁੰਦਾ ਹੈ ਕਿ ਇਹ ਤਕਨੀਕ ਇਸ ਇੱਕਸੁਰਤਾ ਨੂੰ ਭੰਗ ਕਰਦੀ ਹੈ।

**ਪ੍ਰਭਜੋਤ**: ਇਸ ਕਹਾਣੀ ਵਿੱਚ ਮੈਂ ਤਕਨੀਕ ਦੀ ਗੱਲ ਕਰਨ ਦੀ ਗੱਲ ਕਰਨ ਵਾਲੀ ਸੀ ਜਿਵੇਂ ਦਲਜੀਤ ਨੇ ਕੀਤੀ ਏ ਕਿ ਕਿਵੇਂ ਉਹ ਵਾਰ- ਵਾਰ ਕਹਾਣੀਕਾਰ ਗੱਲ ਕਰਦਾ ਫਿਰ ਰੁੱਕ ਜਾਂਦਾ ਹੈ ਫਿਰ ਅਗਲੀ ਗੱਲ ਛੇੜ ਲੈਂਦਾ ਹੈ ਪਰ ਮੈਨੂੰ ਨਹੀਂ ਲੱਗਦਾ ਕਿ ਉਹ ਪਾਠਕ ਨੂੰ ਤੋੜਨ ਦੀ ਕੋਸ਼ਿਸ਼ ਕਰਦਾ ਹੈ।



ਇਹ ਉਸਦੀ ਤਕਨੀਕ ਹੋ ਸਕਦੀ ਹੈ। ਮੈਂ ਬਹੁਤ ਸਾਰੀਆਂ ਕਹਾਣੀਆਂ ਵਿੱਚ ਇਹ ਤਕਨੀਕ ਦੇਖੀ ਹੈ ਜਿਸ ਵਿੱਚ ਕਹਾਣੀਕਾਰ ਕਹਿੰਦਾ ਹੈ ਕਿ ਹੁਣ ਮੈਂ ਇਹ ਗੱਲ ਕਰਨ ਵਾਲਾ ਸੀ ਰੁਕੋ ਪਹਿਲਾਂ ਇਹ ਗੱਲ ਕਰਦੇ ਹਾਂ। ਪਾਠਕ ਇੱਥੇ ਸੋਚਦਾ ਜ਼ਿਆਦਾ ਹੈ ਕਿ ਅੱਛਾ ਇਸ ਗੱਲ ਪਿੱਛੇ ਵੀ ਕੋਈ ਲੁਕਵਾਂ ਬਿਆਨ ਹੋਵੇਗਾ। ਮੈਂ ਤੋੜਨ ਦੇ ਪੱਧਰ ਤੇ ਇਸ ਨੂੰ ਨਹੀਂ ਸਮਝਿਆ ਸਗੋਂ ਪਾਠਕਾਂ ਨੂੰ ਜ਼ੋਰ ਜ਼ਿਆਦਾ ਲਾਉਣਾ ਪੈਂਦਾ ਹੈ। ਕਹਾਣੀਕਾਰ ਨੂੰ ਲੱਗਦਾ ਹੈ ਕਿ ਪਾਠਕ ਅੱਗੇ ਸੋਚ ਸਕਦਾ ਹੈ ਇਸ ਲਈ ਉਹ ਆਪ ਗੱਲ ਵਿਚਾਲੇ ਛੱਡ ਦਿੰਦਾ ਹੈ। ਮੈਨੂੰ ਇਹ ਤਕਨੀਕ ਜੋੜਦੀ ਲੱਗਦੀ ਹੈ। ਕਹਾਣੀ ਦੀ ਇਕ ਤਕਨੀਕ ਮੈਨੂੰ ਟੁੰਬਦੀ ਲੱਗੀ ਮੇਰੀ ਸਮਝ ਮੁਤਾਬਿਕ ਜਿਵੇਂ ਸੰਤ ਸਿੰਘ ਸੇਖੋਂ ਕਹਿੰਦਾ ਹੈ ਕਿ ਕਹਾਣੀ ਵਿੱਚ ਇਕਹਿਰਾਪਨ ਹੋਣਾ ਬਹੁਤ ਜ਼ਰੂਰੀ ਹੈ ਇਹ ਕਹਾਣੀ ਬਹੁਤ ਪਾਸਾਰ ਫੈਲਾਉਂਦੀ ਹੋਈ ਆਪਣੀ ਇਕਹਿਰਤਾ ਕਾਇਮ ਰੱਖਦੀ ਹੈ ਜਿਵੇਂ ਸ਼ਾਂਤੀ ਦੇ ਦੁਆਲੇ ਜ਼ਿਆਦਾ ਕੇਂਦਰਿਤ ਰਹਿੰਦੀ ਹੈ। ਜਿਵੇਂ ਕਿ ਆਪਾਂ ਸਾਰਿਆਂ ਨੇ ਗੱਲ ਕੀਤੀ ਕਿ ਸਾਂਤੀ ਨਾਮ ਕਹਾਣੀ ਵਿੱਚ ਬਹੁਤ ਮੱਹਤਵਪੂਰਨ ਹੈ। ਜਿਵੇਂ ਸਰਬਜੀਤ ਜੀ ਨੇ ਸਮਝਿਆ ਇਸ ਗੱਲ ਨੂੰ ਵੀ ਐਵੇਂ ਸਮਝਿਆ ਕਿ ਹੁਣ ਸ਼ਾਂਤੀ ਨਹੀਂ ਰਹਿ ਸਕਦੀ ਸ਼ਾਂਤੀ ਦਾ ਪੂਰਾ ਹੋਣਾ ਇਸ ਵੱਲ ਹੀ ਸੰਕੇਤ ਕਰਦਾ ਹੈ। ਉਹਨਾਂ ਦੀ ਅੰਦਰੂਨੀ ਜ਼ਿੰਦਗੀ ਵਿੱਚ ਕਿਵੇਂ ਅਸ਼ਾਂਤੀ ਫੈਲੀ ਹੋਈ ਹੈ ਭਾਵੇਂ ਉਹ ਰਾਖਵੇਂਕਰਨ ਨੂੰ ਲੈ ਕੇ ਹੋਵੇ ਭਾਵੇਂ ਧਾਰਮਿਕ ਵਾਦ ਵਿਵਾਦ, ਇਸ ਤੋਂ ਬਿਨਾਂ ਸਮਸ਼ਾਨ ਘਾਟ ਵਾਲੀ ਸਮੱਸਿਆ ਤੱਕ ਇਹ ਸਾਰੀਆਂ ਅੰਦਰੂਨੀ ਗੜਬੜਾਂ ਤੋਂ ਉਸ ਸ਼ਾਂਤੀ ਦੀ ਗੱਲ ਕੀਤੀ ਹੈ ਜੋ ਹੁਣ ਨਹੀਂ ਰਹੀ। ਇਕ ਮੈਨੂੰ ਇਹ ਗੱਲ ਲੱਗੀ ਜਿਹੜੇ ਇਸ ਕਹਾਣੀ ਵਿੱਚ ਲਫ਼ਜ਼ ਵਰਤੇ ਗਏ ਨੇ ਜਿਵੇਂ ਕੋਠੀ ਝਾੜ ਸ਼ਬਦ ਵਰਤ ਲਿਆ ਤੇ ਫਿਰ ਕਹਿੰਦਾ ਸਰਕਾਰ ਨੇ ਪਹਿਲਾਂ ਹੀ ਸਰਕਾਰੀ ਦਸਤਾਵੇਜ਼ਾਂ ਵਿੱਚ 'ਮੈਲ ਢੋਣਾ ਸ਼ਬਦ ਵਰਤਿਆ ਹੈ । ਕਿਤੇ ਮੈਨੂੰ ਲੱਗਾ ਕਹਾਣੀਕਾਰ ਇਸ ਗੱਲ ਵੱਲ ਵੀ ਸੰਕੇਤ ਕਰਦਾ ਪਿਆ ਕਿ ਆਪਾਂ ਇਹਨਾਂ ਲਈ ਸੱਭਿਅਕ ਸ਼ਬਦ ਦੀ ਵਰਤੋਂ ਕਰਦੇ ਹਾਂ ਉਹਨਾਂ ਨੂੰ ਅਹਿਸਾਸ ਕਰਾਉਣ ਲਈ ਕਿ ਅਸੀਂ ਤਹਾਨੂੰ ਬਹੁਤ ਸਤਿਕਾਰ ਦਿੰਦੇ ਹਾਂ। ਸਿਸਟਮ ਇਹ ਅਹਿਸਾਸ ਕਰਾਉਂਦਾ ਹੈ ਕਿ ਅਸੀਂ ਤਹਾਨੂੰ ਸਪੇਸ ਦਿੰਦੇ ਹਾਂ ਪਰ ਅਸਲੀਅਤ ਕੁਝ ਹੋਰ ਹੀ ਹੁੰਦੀ ਹੈ। ਸਰਕਾਰੀ ਪੱਧਰ ਤੇ ਉਹਨਾਂ ਨੂੰ ਰਾਖਵਾਂਕਰਨ ਦਿੱਤਾ ਹੋਇਆ ਪਰ ਜਦ ਉਹ ਕਿਸੇ ਉੱਚੇ ਪੱਧਰ ਪਹੁੰਚ ਵੀ ਜਾਂਦੇ ਹਨ ਸਮਾਜਿਕ ਪੱਧਰ ਤੇ ਓਹਨਾਂ ਨਾਲ ਹੁੰਦਾ ਵਿਉਹਾਰ ਨਹੀਂ ਬਦਲਦਾ। ਕਹਾਣੀਕਾਰ ਇੰਨਾਂ ਨਾਂਵਾਂ ਰਾਹੀਂ ਇਹ ਹੀ ਸੰਕੇਤ ਕਰਦਾ ਹੈ ਕਿ ਇਹ ਸੱਭਿਅਕ ਸ਼ਬਦ ਸਿਰਫ਼ ਵਰਤੇ ਜਾਂਦੇ ਨੇ ਪਰ ਅਮਲੀ ਵਿਹਾਰ ਕੁਝ ਹੋਰ ਹੀ ਹੁੰਦਾ ਹੈ। ਬੰਸੋ ਕੱਬੀ ਦੀ ਗੱਲ ਹੋ ਹੀ ਚੁੱਕੀ ਹੈ ਕਿ ਉਹ ਬਿਨਾਂ ਕਿਸੇ ਜਾਤ ਦੇ ਭੇਦ ਦੇ ਇਸ ਸੱਭਿਅਕ ਸਮਾਜ ਦੀਆਂ ਮਾਨਸਿਕ ਲੋੜਾਂ ਨੂੰ ਪੂਰਾ ਕਰਦੀ ਹੈ ਤੇ ਉਦੋਂ ਸਮਾਜ ਨੂੰ ਭਿੱਟ ਦਾ ਸੰਕਲਪ ਯਾਦ ਨਹੀਂ ਰਹਿੰਦਾ ਤੇ ਜਦ ਉਹ ਇਸ ਸਮਾਜ ਵਿੱਚ ਆਪਣੀ ਢਿੱਡ ਦੀ ਭੁੱਖ ਪੂਰੀ ਕਰਨ ਲਈ ਆਉਂਦੀ ਹੈ ਉਦੋਂ ਸਮਾਜ ਨੂੰ ਭਿੱਟ ਹੋ ਜਾਣ ਦਾ ਡਰ ਸਤਾਉਣ ਲੱਗ ਜਾਂਦਾ ਹੈ। ਅੰਦਰੂਨੀ ਰਾਖਵੇਂਕਰਨ ਤੇ ਫੁੱਟ ਬਾਰੇ ਬਹੁਤ ਸਾਰੀਆਂ ਗੱਲਾਂ ਹੋ ਚੁਕੀਆਂ ਹਨ। ਮੈਨੂੰ ਵੀ ਐਵੇਂ ਲੱਗਾ ਜਿਵੇਂ ਦਲਜੀਤ ਕਹਿੰਦੀ ਸੀ ਮੈਂ ਵੀ ਰੌਣਕੀ ਰਾਮ ਦਾ ਲੇਖ ਪੜਿਆ ਤੇ ਮੈਨੂੰ ਪਹਿਲੀ ਵਾਰ ਪਤਾ ਲੱਗਾ ਕਿ ਇਹਨਾਂ ਵਿੱਚ ਆਪਸੀ ਫੁੱਟ ਇੰਨੀ ਜ਼ਿਆਦਾ ਹੈ। ਧਾਰਮਿਕ ਸੱਤਾ ਤੇ ਰਾਜਨੀਤਿਕ ਸੱਤਾ ਹੀ ਆਪਸੀ ਜਾਤਾਂ ਵਿੱਚ ਫੁੱਟ ਦਾ ਮੁੱਖ ਕਾਰਨ ਹੈ। ਕਹਾਣੀ ਵਿੱਚ ਇਹ ਜ਼ਿਕਰ ਆਉਣਾ ਕਿ ਜਦ ਸ਼ਾਂਤੀ ਦਾ ਸੰਸਕਾਰ ਹੋਇਆ ਸਭ ਨੇ ਸੁੱਖ ਦਾ ਸਾਹ ਲਿਆ ਕਿਤੇ ਨਾ ਕਿਤੇ ਇਹ ਸੰਕੇਤ ਹੈ ਕਿ ਆਮ ਲੋਕਾਈ ਸੁਖਾਵਾਂ ਮਾਹੌਲ ਚਾਹੁੰਦੀ ਹੈ,ਬੇਸ਼ਕ ਰਾਜਨੀਤੀ ਪਾੜ ਪਾਉਣ ਦੀ ਕੋਸ਼ਿਸ਼ ਕਰਦੀ ਹੈ।

**ਚੇਤਨ**: 'ਕੁੰਭੀ ਨਰਕ' ਕਹਾਣੀ ਦੇ ਜੇਕਰ ਸਿਰਲੇਖ ਨੂੰ ਦੇਖੀਏ ਤਾਂ ਇਸ ਕਹਾਣੀ ਦੇ ਅਰਥ ਭਲੀ ਭਾਂਤ ਸਪੱਸ਼ਟ ਹੋ ਜਾਂਦੇ ਹਨ। ਇਹਦੇ 'ਚੋਂ ਟੋਬਿਆਂ ਵਿਚ ਪੈਦਾ ਹੋਣ ਵਾਲੀ ਜਲ-ਕੁੰਭੀ ਨੂੰ ਕਹਾਣੀਕਾਰ ਵਲੋਂ ਸੁਚੇਤ ਤੌਰ ਤੇ 'ਕੁੰਭੀ ਨਰਕ' ਵਜੋਂ ਵਰਤਿਆ ਗਿਆ, ਨਰਕ ਵੀ ਇਹਾ ਜਾ ਜੋ ਕਦੇ

ਖ਼ਤਮ ਨਹੀਂ ਹੁੰਦਾ, ਪਿੰਡਾਂ ਵਿਚਲੇ ਟੋਬਿਆਂ ਅਤੇ ਸ਼ਹਿਰਾਂ ਵਿਚਲੇ ਗੰਦੇ ਨਾਲਿਆਂ ਵਿਚ ਉੱਗੀ/ਪੈਦਾ ਹੋਈ ਜਲ ਕੁੰਭੀ ਦੀ ਕਹਾਣੀ ਵੀ ਇਸੇ ਤਰ੍ਹਾਂ ਹੈ। ਉਹ ਆਪਣੀਆਂ ਜੜ੍ਹਾਂ ਵਿਚੋਂ ਜੰਮਦੀ ਤੇ ਫੈਲਦੀ ਟੋਬਿਆ ਨਾਲਿਆਂ ਦੇ ਗੰਦ ਨੂੰ ਢੱਕ ਲੈਂਦੀ ਹੈ ਸਰਕਾਰਾਂ ਦੀ ਅਨੇਕਾਂ ਸਕੀਮਾਂ ਦੇ ਤਹਿਤ ਪਿੰਡਾਂ ਦੇ ਛੱਪੜ ਇਸ ਤੋਂ ਮੁਕਤ ਕਰਨ ਤੇ ਵੀ ਜਲ ਕੁੰਭੀ ਦਾ ਖਾਤਮਾ ਨਹੀਂ ਹੋ ਰਿਹਾ, ਨਰੇਗਾ ਮਜਦੂਰ ਵੀ ਇਸ ਦੀ ਸਫ਼ਾਈ ਤੇ ਲੱਗੇ ਹਨ ਪਰ ਇਹ ਖਤਮ ਨਹੀਂ ਹੁੰਦੀ।

ਇਸੇ ਤਰ੍ਹਾਂ ਹੀ ਇਸ ਕਹਾਣੀ ਵਿਚ ਦਲਿਤਾਂ ਦੀ ਜਿੱਲਤ ਭਰੀ ਜ਼ਿੰਦਗੀ ਨੂੰ ਕਹਾਣੀਕਾਰ ਵੱਲੋਂ ਰੂਪਮਾਨ ਕੀਤਾ ਗਿਆ ਹੈ। ਜਿਵੇਂ ਜਲ ਕੁੰਭੀ ਆਪਣੀਆਂ ਜੜ੍ਹਾਂ ਤੋਂ ਪੈਦਾ ਹੋ ਕੇ ਛੱਪੜਾਂ ਟੋਬਿਆਂ ਦੇ ਗੰਦ ਨੂੰ ਢੱਕਦੀ ਐ। ਉਸੇ ਤਰ੍ਹਾਂ ਬਾਲਮੀਕੀ ਪਰਿਵਾਰ ਪੀੜ੍ਹੀ ਦਰ ਪੀੜ੍ਹੀ ਪਿੰਡ, ਸ਼ਹਿਰਾਂ ਮਹਾਂਨਗਰਾਂ ਦੇ ਗੰਦ ਨੂੰ ਢੱਕਣ ਤੇ ਲੱਗੇ ਹੋਏ ਹਨ। ਲੱਖ ਯਤਨ ਕਰਨ ਤੇ ਵੀ ਜਲ ਕੁੰਭੀ ਖ਼ਤਮ ਨਹੀਂ ਹੋ ਰਹੀ। ਉਸੇ ਤਰ੍ਹਾਂ ਹੀ ਸਰਕਾਰਾਂ ਲੱਖਾਂ ਦਾਵੇ ਕਰਨ ਤੇ ਵੀ ਇਸ ਕੌਮ ਨੂੰ ਇਸ ਨਰਕੀ ਜੀਵਨ ਤੋਂ ਮੁਕਤ ਨਹੀਂ ਕਰਵਾ ਸਕੀ।

ਵਰਣ ਵਿਵਸਥਾ ਬਣਨ ਦੇ ਸਮੇਂ ਤੋਂ ਹੀ ਸ਼ੂਦਰਾਂ ਦੇ ਹਿੱਸੇ ਬਾਕੀ ਤਿੰਨ ਵਰਣਾਂ ਦੀ ਸੇਵਾ ਆਈ। ਸ਼ੂਦਰਾਂ ਵਿਚ ਵਰਣ ਵਿਵਸਥਾ ਦੇ ਅਨੁਸਾਰ ਹੋਰ ਵੀ ਕਿਰਤੀ ਜਾਤਾਂ ਸ਼ਾਮਲ ਹਨ। ਰਾਖਵਾਂ ਕਰਨ ਦੇ ਕੋਟੇ ਵਿਚ ਅਨੇਕਾਂ ਜਾਤਾਂ ਸ਼ਾਮਲ ਹਨ ਪਰ ਫਿਰ ਵੀ ਲੋਕਾਂ ਦਾ ਗੰਦ ਮੰਦ ਚੁੱਕਣ ਦਾ ਕੰਮ ਆਧੁਨਿਕ ਸਮਾਜ ਇਹ ਵੀ ਇਸ ਜਾਤੀ ਦੇ ਹਿੱਸੇ ਹੀ ਆਈ ਹੈ। ਸਫ਼ਾਈ ਕਰਮੀਆਂ ਨੂੰ ਅਖੌਤੀ ਉੱਚ ਜਾਤੀਆਂ ਤਾਂ ਘ੍ਰਿਣਤ ਨਜ਼ਰਾਂ ਨਾਲ ਦੇਖਦੇ ਹੀ ਸਨ ਹੁਣ ਤਾਂ ਅਖੌਤੀ ਨੀਵੀਆਂ ਜਾਤਾਂ ਵੀ ਉਹਨਾਂ ਨੂੰ ਆਪਣੇ ਤੋਂ ਨੀਵਾਂ ਕਰਕੇ ਦੇਖਦੀਆਂ ਨੇ।

ਕਹਾਣੀ ਵਿਚ ਕਹਾਣੀਕਾਰ ਬਿਰਤਾਂਤ ਸਿਰਜਦਾ ਹੋਇਆ ਟੁੱਟ ਰਹੇ ਜਾਤੀ ਸੰਗਠਨ ਦੀ ਗੱਲ ਕਰਦੈ।ਉਹ ਟੁੱਟ ਰਹੇ ਜਾਤੀ ਸੰਗਠਨ/ਟੁੱਟ ਰਹੀ ਜਾਤੀ ਦੇ ਕਾਰਨ ਧਾਰਮਿਕ, ਆਰਥਿਕ, ਰਾਜਨੀਤਿਕ ਆਪਣੀ ਕਹਾਣੀ ਵਿਚ ਪੇਸ਼ ਕਰਦੈ। ਧਾਰਮਿਕ ਦ੍ਰਿਸ਼ਟੀ ਤੋਂ ਜਦੋਂ ਗੁਰੂ ਗੋਬਿੰਦ ਸਿੰਘ ਨੇ ਅਮ੍ਰਿਤ ਛਕਾ ਕੇ ਸਭ ਮਨੁੱਖਾਂ ਨੂੰ ਇਕ ਕਰਨ ਦਾ ਉਪਰਾਲਾ ਕੀਤਾ। ਭਾਈ ਜੈਤਾ ਵੱਲੀ ਗੁਰੂ ਦਾ ਸ਼ੀਸ਼ ਲਿਆਉਣ ਤੇ 'ਰੰਗਰੇਟੇ ਗੁਰੂ ਕੇ ਬੇਟੇ' ਆਖਿਆ ਤਾਂ ਉਸੇ ਸਮੇਂ ਬਾਲਮੀਕੀ ਸਮਾਜ ਦੋਫਾੜ ਹੋ ਗਿਆ ਸੀ। ਕਹਾਣੀਕਾਰ ਕਹਾਣੀ ਵਿਚ ਸਿੱਖ ਸੰਪਦਾਏ 'ਤੇ ਵਿਅੰਗ ਕਰਦੈ 'ਤੇ ਇਹ ਹੈ ਵੀ ਜੱਗ ਜਾਹਰ ਕਿ ਅਖੌਤੀ ਨੀਵੀਆਂ ਜਾਤੀਆਂ ਨੂੰ ਅੱਜ ਵੀ ਗੁਰ ਘਰਾਂ ਵੀ ਨੀਵੀਆਂ ਹੀ ਸਮਝਿਆ ਜਾਂਦੈ। ਅਜੋਕੇ ਸਮੇਂ ਵਿਚ ਵੀ ਅਸੀਂ ਦਲਿਤਾਂ ਨਾਲ ਵਾਪਰ ਦੀਆਂ ਅਨੇਕਾਂ ਘਟਨਾਵਾਂ ਨੂੰ ਅਖ਼ਬਾਰਾਂ ਦੀਆਂ ਸੁਰਖੀਆਂ, ਸੋਸ਼ਲ ਮੀਡੀਆ ਆਦਿ ਤੇ ਦੇਖਦੇ ਹਾਂ। ਕਹਾਣੀ ਵਿਚ ਕਹਾਣੀਕਾਰ ਮਜ਼ਬੀ ਸਿੱਖ ਰਾਮ ਸਿੰਘ ਭੱਟੀ ਹੋਰਾਂ ਵੱਲੋਂ ਵੱਖ ਗੁਰਦੁਆਰਾ ਬਣਾਉਣ ਦਾ ਜਿਕਰ ਕਰਦੈ। ਜੋ ਸਿੱਖ ਧਰਮ ਵਿਚ ਪੈਦਾ ਹੋਈ ਛੂਆਛਾਤ ਦੀ ਪਰਿਵਿਰਤੀ ਤੇ ਵਿਅੰਗ ਐ। ਮਜ਼ਬੀ ਸਿੰਘਾਂ ਦਾ ਕਿੱਤਾ ਵੀ ਬਾਲਮੀਕੀਆਂ ਤੋਂ ਵੱਖਰਾ ਹੋ ਜਾਂਦੈ। ਉਹ ਜੱਟਾਂ ਜ਼ਿਮੀਦਾਰਾਂ ਦੇ ਖੇਤਾਂ ਵਿਚ ਕੰਮ ਕਰਦੇ ਨੇ ਪਰ ਰਹਿੰਦੇ ਅਛੂਤ ਈ ਨੇ।

ਆਰਥਿਕ ਲੋੜਾਂ ਵਲੋਂ ਥੁੜੇ ਲੋਕ ਹੀ ਉਮੀਦ ਦੀ ਕਿਰਨ ਲਈ ਵੱਖ-ਵੱਖ ਡੇਰਿਆਂ ਅਤੇ ਧਰਮਾਂ 'ਚ ਇਹ ਪ੍ਰਵੇਸ਼ ਕਰਦੇ ਨੇ। ਸ਼ੂਦਰਾਂ ਨੂੰ ਹਿੰਦੂ ਧਰਮ ਵਿਚ ਅਤੇ ਹਿੰਦੂ ਧਾਰਮਿਕ ਗ੍ਰੰਥਾਂ ਵਿਚ ਸ਼ੁਰੂ ਤੋਂ ਹੀ ਨੀਚ ਸਮਝਿਆ ਜਾਂਦਾ ਰਿਹੈ। ਪੰਜਾਬ ਵਿਚ ਹਿੰਦੂ ਧਰਮ ਤੋਂ ਬਾਅਦ ਖਾਲਸਾ ਪੰਥ ਦੀ ਸਾਧਨਾ ਆਸ ਦੀ ਕਿਰਨ ਵਜੋਂ ਨਜ਼ਰ ਆਈ, ਪਰ ਹਿੰਦੂਆਂ ਵਾਲਾ ਵਿਵਹਾਰ ਹੀ ਸਿੱਖਾਂ ਨੇ ਦਲਿਤਾਂ ਨਾਲ ਕੀਤਾ। ਅੰਗਰੇਜ਼ੀ ਸਾਮਰਾਜ ਦੇ ਸਮੇਂ ਵੱਧ ਤੋਂ ਵੱਧ ਦਲਿਤ ਈਸਾਈ ਬਣਨ ਲੱਗੇ। ਈਸਾਈ ਧਰਮ ਤੋਂ ਬਾਅਦ ਥੁੜੇ ਟੁੱਟੇ ਲੋਕਾਂ ਦਾ ਰੁਝਾਨ ਡੇਰਿਆਂ ਵੱਲ ਹੋ ਗਿਆ ਸ਼ਾਇਦ ਉੱਥੇ ਇਜ਼ਤ ਦੀ ਜਿੰਦਗੀ ਨਸੀਬ ਹੋਵੇ।

ਇਹ ਕਹਾਣੀ 'ਚੋਂ ਕਹਾਣੀਕਾਰ ਇੱਕ ਧੱਕਾ ਕਲੋਨੀ ਦਾ ਜਿਕਰ ਕਰਦੈ ਧੱਕੇ ਦਾ ਸਿੱਧਾ



ਸਿੱਧਾ ਮਤਲਬ ਜ਼ਬਰਦਸਤੀ ਐ। ਕਹਾਣੀ ਦੇ ਸ਼ੁਰੂ ਵਿਚ ਕਹਾਣੀਕਾਰ ਕੌਮ ਦੇ ਚੇਲੇ ਦੀ ਗੱਲ ਕਰਦਾ ਹੈ ਤੇ ਸਰਕਾਰ ਦੇ ਨਾਂ ਚਾਹੁਣ ਤੇ ਵੀ ਆਪਣੇ ਏਕੇ ਕਰਦੇ ਉੱਥੇ ਵਸੇ ਹੋਏ ਨੇ। ਇਹ ਧੱਕਾ ਕਲੋਨੀ ਵੀ ਦਲਿਤ ਪਰਿਵਾਰਾਂ ਨੇ ਸਮੂਹਿਕ ਰੂਪ ਵਿਚ ਇਕੱਲੇ ਹੋ ਕੇ ਸਰਕਾਰ ਦੀ ਜਗ੍ਹਾ ਰੋਕੀ ਹੋਈ ਐ। ਆਪਾਂ ਕਈ ਸ਼ਹਿਰਾਂ ਜਾਂ ਮਹਾਂਨਗਰਾਂ ਵਿਚ ਐਵੇਂ ਦੀਆਂ ਬਸਤੀਆਂ ਦੇਖ ਸਕਦੇ ਹਾਂ ਜਿਨ੍ਹਾਂ ਦਾ ਨਾਂ ਈ ਧੱਕਾ ਕਲੋਨੀ ਜਾਂ ਬਸਤੀ ਹੁੰਦੈ ਸਿਸਟਮ ਵਜੋਂ ਉਹਨਾਂ ਨੂੰ ਉਡਾਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ ਪਰ ਇਹ ਨਰਕ ਭਰੀਆ ਬਸਤੀਆਂ ਦੇ ਲੋਕ ਆਪਣੀ ਨਿੱਜੀ ਜਾਇਦਾਦ ਨਾ ਹੋਣ ਕਰਕੇ ਇਹ ਉੱਥੋਂ ਉੱਠ ਹੀ ਨਹੀਂ ਸਕਦੇ।

ਬੰਸੋ ਕੱਬੀ ਦੇ ਸੰਕੇਤ ਮਾਤਰ ਪਾਤਰ ਰਾਹੀਂ ਕਹਾਣੀਕਾਰ ਦਲਿਤ ਔਰਤਾਂ ਦੇ ਵੇਸ਼ਵਾਵਾਂ ਦੇ ਧੰਦੇ ਵੱਲ ਜਾਣ ਦਾ ਵੀ ਇਸ਼ਾਰਾ ਮਾਤਰ ਕਰਦੈ ਪਰ ਲੰਗਰ ਦੀ ਲਾਇਨ ਸਮੇਂ ਜਿਸ ਸਮਾਜ ਨੇ ਬੰਸੋ ਨੂੰ ਭੋਗ ਕੇ ਆਪਦੀ ਮਾਨਸਿਕ ਅਤੇ ਸਰੀਰਕ ਹਵਸ਼ ਨੂੰ ਪੂਰਿਆ ਸੀ ਉਹੀ ਸਮਾਜ ਉਹਨੂੰ ਥਾਣੇ ਤੱਕ ਪਹੁੰਚਣ ਦਾ ਵੀ ਮੌਕਾ ਨਹੀਂ ਦੇ ਰਿਹਾ ਕਿ ਉਹ ਆਪਣੇ ਢਿੱਢ ਦੀ ਭੁੱਖ ਮਿਟਾ ਸਕੇ। ਬੰਸੋ ਕੱਬੀ ਕੁਆਰ ਜੂਠੇ ਡੂਨਿਆਂ ਵਿਚ ਸਬਜੀ ਚੁੱਕ ਕੇ ਆਪਣੇ ਲਿਫ਼ਾਫ਼ੇ ਵਿਚ ਪਾਉਣਾ ਸੰਕੇਤ ਐ ਕਿ ਉਹ ਲੋਕ ਦੁਆਰਾ ਪਾਏ ਗੰਦ ਦੀ ਸਫ਼ਾਈ ਕਰ ਰਹੀ ਐ ਵੇਸ਼ਵਾ ਜੀਵਨ ਸਮੇਂ ਬੰਸੋ ਲੋਕਾਂ ਦੇ ਮਾਨਸਿਕ ਗੰਦ ਨੂੰ ਸਾਫ਼ ਕਰਦੀ ਰਹੀ ਆਪਣੇ ਪਿੰਡੇ ਤੇ ਹੰਢਾਉਂਦੀ ਰਹੀ। ਹੁਣ ਉਹਨਾਂ ਲੋਕਾਂ ਵੱਲੋਂ ਨਫ਼ਰਤ ਤੇ ਗੰਦ ਨੂੰ ਸਹਿਣ ਕਰ ਰਹੀ ਐ।

ਕਹਾਣੀ ਦੇ ਸ਼ੁਰੂ ਵਿਚ ਹੀ ਲੰਗਰ ਦਾ ਲੱਗਣਾ ਤੇ ਬੰਸੋਂ ਦਲਿਤ ਪਾਤਰ ਦਾ ਲਾਇਨ ਵਿਚ ਲੱਗਣ ਦੀ ਕੋਸ਼ਿਸ਼ ਤੇ ਲਾਇਨ 'ਚ ਬਾਹਰ ਕਰਨ ਦੀ ਘਟਨਾ ਕੋਈ ਸਧਾਰਨ ਜਾਂ ਆਮ ਘਟਨਾ ਨਹੀਂ ਹੈ, ਦਲਿਤ ਜੀਵਨ ਦੀ ਸਮੁੱਚੀ ਪ੍ਰਕਿਰਿਆ ਇਸ ਘਟਨਾ ਵਿਚ ਐ। ਮਸਲਾ ਇਥੇ ਲੰਗਰ ਤੱਕ ਪਹੁੰਚਾਣਾ ਨਹੀਂ ਕਿਸੇ ਧਰਮ ਤੱਕ ਪਹੁੰਚਣਾ, ਪਰ ਦਲਿਤਾਂ ਨੂੰ ਉਸ ਧਰਮ ਦੇ ਨੇੜੇ ਨਹੀਂ ਲੱਗਣ ਦਿੱਤਾ ਜਾ ਰਿਹਾ ਸਿੱਖ ਧਰਮ ਵਿਚ ਵੀ ਇਹੀ ਵਿਤਕਰਾ ਦਲਿਤਾਂ ਨੂੰ ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਤੋਂ ਰੋਕਦਾ ਰਿਹਾ ਹੈ ਲੰਗਰ ਥੁੜਿਆਂ ਟੁੱਟਿਆਂ ਲਈ ਲਾਇਆ ਜਾਂਦੈ....ਇਥੇ ਲੰਗਰ ਲਾਉਣ ਵਾਲਿਆਂ ਦੀ ਭਾਵਨਾ ਐ ਅਤੇ ਆਮ ਲੋਕਾਈ ਦਲਿਤ ਵਰਗ ਉਹਨਾਂ ਲਈ ਨੀਵਾਂ ਦਰਜਾ ਰੱਖਦਾ ਹੈ।

ਕਹਾਣੀਕਾਰ ਕਹਾਣੀ ਵਿਚ ਵਾਲਮੀਕੀ ਉਪ ਜਾਤੀ ਦੇ ਇਸ ਨਰਕ ਵਿਚੋਂ ਨਿਕਲਣ ਦੇ ਸੰਕੇਤ ਵੀ ਕਰਦਾ ਹੈ ਅਤੇ ਇਹ ਵੀ ਸਪੱਸ਼ਟ ਕਰਦਾ ਹੈ ਇਸ ਕੌਮ ਤੋਂ ਸਿੱਖਿਆ ਹਾਲੇ ਵੀ ਦੂਰ ਹੈ ਨੌਜਵਾਨ ਪੀੜ੍ਹੀ ਨਸ਼ਿਆ ਅਤੇ ਮਾਰ ਧਾੜਾਂ ਵਿਚ ਗਰਿਫਤ ਐ। ਇਹ ਵੀ ਕਹਾਣੀਕਾਰ ਸਪੱਸ਼ਟ ਰੂਪ ਵਿਚ ਪੇਸ਼ ਕਰਦਾ ਹੈ ਵਾਲਮੀਕਿਆਂ ਦੀ ਭਰਤੀ ਦੀਆਂ ਸੀਟਾਂ ਖਾਲੀ ਰਹਿ ਜਾਂਦੀਆਂ ਨੇ। ਨਗਰ ਪਾਲਿਕਾਵਾਂ ਅਤੇ ਕਾਰਪੋਰੇਸ਼ਨਾਂ ਸੰਬੰਧੀ ਵਿਅੰਗ ਈ ਹੈ ਕਿ ਉੱਥੇ ਵਾਲਮੀਕੀ ਜਮਾਤ ਤੋਂ ਬਿਨ੍ਹਾਂ ਹੋਰ ਕਿਸੇ ਜਾਤੀ ਸਮੂਹ ਦਾ ਵਿਅਕਤੀ ਭਰਤੀ ਹੀ ਨਹੀਂ ਹੁੰਦਾ ਤੇ ਨਾ ਹੀ ਭਰਤੀ ਲਈ ਜਾਂਦਾ ਹੈ ਨਾਲ ਹੀ ਨਾਲ ਕਹਾਣੀ ਵਿਚ ਕਹਾਣੀਕਾਰ ਮੁਖ ਪਾਤਰ ਨੂੰ ਉੱਚ ਅਹੁਦੇ ਤੇ ਪਹੁੰਚਿਆ ਦਿਖਾਉਂਦਾ ਹੈ। ਜਾਤੀ ਦਾ ਹੀ ਇਕ ਲੜਕਾ ਬਿੱਟੂ ਪਿੱਤਰੀ ਕੰਮਾਂ ਨੂੰ ਛੱਡ ਕੇ ਕੁਲਚਿਆਂ ਦਾ ਕੰਮ ਕਰਦਾ ਹੇ। ਬਿੱਟੂ ਕੁਲਚਿਆਂ ਵਾਲੇ ਪਾਤਰ ਨੂੰ ਪੇਸ਼ ਕਰਕੇ ਕਹਾਣੀਕਾਰ ਛੂਆ-ਛਾਤ ਦੀ ਅਲਾਮਤ ਤੇ ਕਰਾਰੀ ਸੱਟ ਮਾਰਦਾ ਹੈ ਕਿ ਬਿੱਟੂ ਦੀ ਰੇਹੜੀ ਤੇ ਅਖੌਤੀ ਉਚੀਆਂ ਜਾਤਾਂ ਦੇ ਲੋਕ ਵੀ ਆ ਕੇ ਕੁੱਚਲੇ ਖਾਂਦੇ ਨੇ; ਜਿਸ ਤੋਂ ਸਪਸ਼ਟ ਜਿਥੇ ਬਾਜਾਰ ਆ ਜਾਂਦਾ ਹੈ ਉਥੇ ਭਿੱਟ ਦਾ ਸੰਕਲਪ ਟੁੱਟ ਰਿਹਾ ਹੈ ਬਿੱਟੂ ਦੀ ਪਹਿਚਾਣ ਬਿੱਟੂ ਬਾਲਮੀਕੀ ਕਰਕੇ ਨਹੀਂ ਬਿੱਟੂ ਕੁਲਚਿਆ ਵਾਲੇ ਕਰਕੇ ਹੈ। ਕਹਾਣੀ ਵਿੱਚ ਹੀ ਕਹਾਣੀਕਾਰ ਬਾਲਮੀਕੀ ਸਮਾਜ ਦੀ ਮੁਕਤੀ ਦਾ ਰਾਹ ਸੁਝਾਉਂਦਾ ਨਜ਼ਰ ਆਂਦੈ ਉਹ ਕਿੱਤਾ ਪਰਿਵਰਤਨ ਅਤੇ ਆਪਣੀ ਵੱਖਰੀ ਪਛਾਣ ਬਣਾਉਣ ਦੇ ਨਾਲ ਨਾਲ ਆਪਣੇ ਜਾਤੀਗਤ ਅਤੀਤ ਨੂੰ ਨਾ ਛੁਪਾਉਣ ਵਲ ਸੰਕੇਤ ਕਰਦਾ ਐ........ਤੁਸੀਂ ਜੋ ਹੋ ਸੋ ਹੋ....ਬੰਦ। ਆਪਣੀ ਜਾਤੀ ਨੂੰ ਲੈ ਕੇ ਸਵੈ-ਘ੍ਰਿਣਤ ਨਾ ਹੋਵੈ......ਉਹ ਦੂਜੀਆਂ ਜਾਤੀਆਂ ਦੇ ਲੋਕਾਂ

ਵਾਂਗ ਆਪਣੇ ਨਾ ਵਿਚ ਆਪਣੀ ਜਾਤ ਦਾ ਨਾਂ ਲਿਖ ਕੇ ਆਪਣੀ ਅਤੇ ਆਪਣੀ ਜਾਤ ਦੀ ਹੋਂਦ ਨੂੰ ਦਰਸਾਉਂਦੈ ਅਤੇ ਮਾਣ ਮਹਿਸੂਸ ਕਰਦੈ।

**ਪਰਮਜੀਤ:** ਮੈਂ ਇਸ ਕਹਾਣੀ ਵਿਚ ਸਾਂਤੀ ਨਾਮ ਦੇ ਵਾਰ-ਵਾਰ ਉਚਾਰਣ ਨੂੰ ਬਾਕੀ ਦੋਸਤਾਂ ਤੋਂ ਵੱਖਰੇ ਅਰਥਾਂ ਵਿਚ ਸਮਝਿਆ ਹੈ। ਉੱਤਮ ਪੁਰਖੀ ਬਿਰਤਾਂਤਕਾਰ/ਮੁੱਖ-ਪਾਤਰ ਵਾਰ-ਵਾਰ ਆਪਣੀ ਮਾਂ ਨੂੰ ਸ਼ਾਂਤੀ ਕਹਿ ਕੇ ਬਲਾਉਂਦਾ ਹੈ, ਜਦੋਂ ਉਹ ਆਪਣੀ ਮਾਂ ਬਾਰੇ ਦੂਜਿਆਂ ਨੂੰ ਦੱਸ ਰਿਹਾ ਹੁੰਦੈ ਉਦੋਂ ਵੀ ਉਸਦਾ ਨਾਮ ਹੀ ਲੈਂਦਾ ਹੈ। ਹੈਰਾਨੀਜਨਕ ਗੱਲ ਹੈ ਕਿ ਉਸਨੂੰ ਪਾਠਕ ਨੂੰ ਸੁਚੇਤ ਹੋ ਕੇ ਦੱਸਣਾ ਪੈਂਦਾ ਹੈ ਕਿ ਸਾਂਤੀ ਮੇਰੀ ਮਾਂ ਹੈ। ਇਸ ਤੋਂ ਇਹ ਅੰਦਾਜ਼ਾ ਲਗਦਾ ਹੈ ਕਿ ਇੱਕ ਦਲਿਤ ਔਰਤ ਦੀ ਪਛਾਣ ਸਿਰਫ ਸ਼ਾਂਤੀ ਨਾਮ ਦੇ ਰੂਪ ਵਿਚ ਹੈ, ਇੱਕ ਸਫ਼ਾਈ ਕਰਨ ਵਾਲੀ ਸ਼ਾਂਤੀ। ਮਾਂ, ਭੈਣ, ਚਾਚੀ, ਤਾਈ ਕੋਈ ਵੀ ਸਮਾਜਿਕ ਰਿਸਤਾ ਉਸ ਲਈ ਨਹੀਂ ਉਚਾਰਿਆ ਜਾਂਦਾ, ਉਸਦੇ ਲਈ ਕੋਈ ਸਨਮਾਨ ਵਾਲਾ ਰਿਸਤਾ ਜਾਂ ਉਚਾਰਨ ਨਹੀਂ ਹੈ, ਭਾਵੇਂ ਕੋਈ ਵੱਡਾ ਐ ਭਾਵੇਂ ਛੋਟਾ, ਆਪਣਾ ਜਾਂ ਬੇਗਾਨਾ ਸਾਰਿਆਂ ਲਈ ਉਸ ਸਿਰਫ ਸ਼ਾਂਤੀ ਹੀ ਐ। ਇਸ ਤਰ੍ਹਾਂ ਉਸ ਦਲਿਤ ਔਰਤ ਦੀ ਮਨੁੱਖੀ ਅਤੇ ਸਮਾਜਿਕ ਪਛਾਣ ਮਨਫੀ ਹੋ ਜਾਂਦੀ ਹੈ ਅਤੇ ਉਸਦੇ ਕੰਮ ਦੀ ਭਿੱਟੀ ਤੇ ਹੀਣੀ ਪਛਾਣ ਉਸ ਦੇ ਨਾਲ ਰਹਿੰਦੀ ਹੈ। ਇਹੀ ਪਛਾਣ ਦਲਿਤ ਬੰਦੇ ਦਾ ਕੁੰਭੀ ਨਰਕ ਹੈ। ਜਿਸ ਤੋਂ ਨਿਕਲਣ ਲਈ ਦਲਿਤ ਹਮੇਸ਼ਾਂ ਯਤਨ ਕਰਦਾ ਰਹਿੰਦੈ। ਕਹਾਣੀ ਵਿਚ ਇਸ ਕੁੰਭੀ ਨਰਕ ਚੋਂ ਨਿਕਲਣ ਦਾ ਇੱਕ ਸਹਾਰਾ ਧਰਮ ਬਣਦਾ ਦਿਖਾਇਆ ਗਿਐ। ਪਰ ਵਿਸ਼ਿਸ਼ਟ ਧਰਮ ਦਲਿਤ ਪਛਾਣ ਨੂੰ ਸਨਮਾਨ ਦੇਣ ਦੀ ਬਜਾਇ ਉਨ੍ਹਾਂ ਦੀ ਪਛਾਣ ਨੂੰ ਖਤਮ ਕਰਦਾ ਹੈ। ਮਸਲਾ ਦਲਿਤ ਨੂੰ ਨਵੀਂ ਪਛਾਣ ਮਿਲਣ ਦਾ ਨਹੀਂ ਸਗੋਂ ਉਸਦੀ ਮੌਜੂਦਾ ਪਛਾਣ ਨੂੰ ਸਨਮਾਨ ਮਿਲਣ ਦਾ ਹੈ। ਵਿਸ਼ਿਸ਼ਟ ਧਰਮ ਉਨ੍ਹਾਂ ਦੀ ਦਲਿਤ ਪਛਾਣ ਨੂੰ ਹੀਣਾ ਮੰਨ ਕੇ ਖਤਮ ਕਰ ਦਿੰਦੇ ਹਨ। ਵਿਸ਼ਿਸ਼ਟ ਧਰਮ ਉਨ੍ਹਾਂ ਦੀ ਪਛਾਣ ਹੀ ਨਹੀਂ ਖ਼ਤਮ ਕਰਦੇ ਸਗੋਂ ਜਿਸ ਕਰਕੇ ਦਲਿਤ ਆਪਣੀਆਂ ਪਿਛਲੀਆਂ ਪੀੜੀਆਂ ਅਤੇ ਪੁਰਖਿਆਂ ਨਾਲ ਨਾਤਾ ਵੀ ਤੋੜਨ ਲਈ ਮਜਬੂਰ ਹੋ ਜਾਂਦੇ ਹਨ, ਕਿਉਂਕਿ ਉਨ੍ਹਾਂ ਦੀ ਵਿਸ਼ਿਸ਼ਟ ਧਰਮ ਦੀ ਨਵੀਂ ਪਛਾਣ ਦਲਿਤ ਪੁਰਖਿਆਂ ਨਾਲ ਸਾਂਝ ਰੱਖਣ ਨੂੰ ਹੀਣਾ ਸਮਝਦੀ ਹੈ।

ਮੈਨੂੰ ਬਿਰਤਾਂਤਕਾਰੀ ਦੇ ਪੱਖੋਂ ਇਸ ਕਹਾਣੀ ਵਿਚ ਕਈ ਸਮੱਸਿਆਵਾਂ ਨਜਰ ਆਉਂਦੀਆਂ ਹਨ। ਪਹਿਲੀ, ਇਸਦਾ ਬਿਰਤਾਂਤਕਾਰ ਸਰੋਤਾ ਮੁੱਖ ਬਿਰਤੀ ਦਾ ਧਾਰਨੀ ਹੈ, ਕਹਾਣੀ ਵਿਚ ਵਾਰ-ਵਾਰ ਸਰੋਤੇ ਨੂੰ ਸੰਬੋਧਨ ਹੋ ਟਿੱਪਣੀਆਂ ਕੀਤੀਆਂ ਗਈਆਂ ਨੇ। ਇਹ ਸਰੋਤਾਮੁੱਖੀ ਬਿਰਤੀ 1920 ਤੋਂ ਪਹਿਲਾਂ ਲਿਖੀ ਗਈ ਕਹਾਣੀ ਵਿਚ ਮਿਲਦੀ ਐ, ਉਦੋਂ ਕਹਾਣੀਕਾਰ ਪਾਠਕ ਨੂੰ ਆਪਣੀ ਗੱਲ ਦਿਖਾਉਣ ਦੀ ਥਾਂ ਸਮਝਾਉਣ ਵਿਚ ਵਿਸ਼ਵਾਸ਼ ਰੱਖਦਾ ਸੀ। ਦੂਜੀ, ਇਸ ਦੀ ਪਾਤਰ ਬਣਤਰ ਵਿਚ ਕਹਾਣੀਕਾਰ ਦਾ ਸੁਚੇਤ ਦਖ਼ਲ ਨਜਰ ਆਉਂਦਾ ਹੈ। ਮੁੱਖ-ਪਾਤਰ ਦਾ ਸਾਰਾ ਬਿਰਤਾਂਤ ਇਸ ਦਿਸਾ ਵੱਲ ਜਾਂਦਾ ਹੈ ਕਿ ਉਹ ਚੰਡੀਗੜ੍ਹ ਨੌਕਰੀ ਕਰਕੇ ਆਪਣੀ ਦਲਿਤ ਪਛਾਣ ਨੂੰ ਲਕੋਵੇਗਾ; ਪਰ ਕਹਾਣੀ ਵਾਪਰਦਾ ਬਿਲਕੁੱਲ ਉੱਲਟ ਹੈ। ਉਹ ਦਲਿਤ ਸਭਾ ਦਾ ਮੈਂਬਰ ਬਣਕੇ ਆਪਣੇ ਨਾਮ ਨਾਲ ਬਾਲਮੀਕੀ ਲਾਉਣ ਵਿਚ ਮਾਣ ਸਮਝਣ ਲੱਗ ਪੈਂਦਾ ਹੈ। ਜਦੋਂ ਇਸ ਤਰ੍ਹਾਂ ਵਾਪਰਦਾ ਹੈ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਪਾਤਰ ਦੀ ਥਾਂ ਕਹਾਣੀਕਾਰ ਦਾ ਫੈਸਲਾ ਹੈ ਕਿ ਮੁੱਖ-ਪਾਤਰ ਆਪਣੀ ਦਲਿਤ ਪਛਾਣ ਤੇ ਮਾਣ ਕਰੇ। ਇਸ ਤਰ੍ਹਾਂ ਮੱਖ-ਪਾਤਰ ਕਹਾਣੀਕਾਰ ਦੀ ਭਾਸ਼ਾ ਬੋਲਣ ਲੱਗ ਪੈਂਦਾ ਹੈ। ਜਿਸ ਨਾਲ ਕਹਾਣੀ ਸਹਿਜ ਨਾ ਰਹਿ ਕੇ ਕਹਾਣੀਕਾਰ ਦਾ ਸੁਚੇਤ ਯਤਨ ਲੱਗਣ ਲੱਗਦੀ ਹੈ।

***(ਵਿਚਾਰ ਚਰਚਾ ਦੀ ਸਾਰੀ ਸਕਰਿਪਟ ਚਰਚਾ ਵਿਚ ਭਾਰ ਲੈਣ ਵਿਦਿਆਰਥੀਆਂ ਵੱਲੋਂ ਤਿਆਰ ਕੀਤੀ ਗਈ।)***

***( ਵਿਚਾਰ ਚਰਚਾ ਵਿਚ ਭਾਰ ਲੈਣ ਵਾਲੇ-***

***ਸੰਪਰਕ-ਪਰਮਜੀਤ:*** *94631-12208,* ***ਗੁਰਦੇਵ:*** *94630-08380,* ***ਸਰਬਜੀਤ:*** *94787-42476,* ***ਚੇਤਨ:*** *98140-04211,* ***ਦਲਜੀਤ:*** *97817-47656,* ***ਪ੍ਰੋਭਜੋਤ:*** *81461-67282,* ***ਵਿਪਨ:*** *94636-13986,* ***ਜਗਮੀਤ:*** *75087-24783)*



# ਸਮਕਾਲੀ ਕਹਾਣੀ ਆਲੋਚਨਾ

## ਸਮਕਾਲੀ ਪੰਜਾਬੀ ਕਹਾਣੀ: ਸਮਾਜਿਕ ਯਥਾਰਥ ਦਾ ਪ੍ਰਸਤੁਤੀਕਰਨ

- **ਪਰਮਜੀਤ ਕੌਰ** (ਰੀਸਰਚ ਸਕਾਲਰ) ਅਤੇ
- **ਡਾ. ਬਲਵੰਤ ਸਿੰਘ ਸੰਧੂ** (ਐਸੋਸੀਏਟ ਪ੍ਰੋਫੈਸਰ)

ਸਮਕਾਲੀ ਪੰਜਾਬੀ ਕਹਾਣੀ ਅਜੋਕੇ ਸਮਾਜਿਕ ਯਥਾਰਥ ਨੂੰ ਬਹੁਤ ਸ਼ਕਤੀਸ਼ਾਲੀ ਢੰਗ ਨਾਲ ਪ੍ਰਗਟਾਉਣ ਵਾਲੀ ਪਰਪੱਕ ਸਾਹਿਤਕ ਵਿਧਾ ਹੈ। ਪੰਜਾਬੀ ਕਹਾਣੀ ਵਿਚ ਸਮਾਜਿਕ ਯਥਾਰਥ ਦੇ ਬਦਲਦੇ ਪੈਟਰਨ ਨਾਲੋ ਨਾਲ ਉੱਭਰਦੇ ਹਨ। ਵਿਭਿੰਨ ਮਸਲਿਆਂ ਦੇ ਨਕਸ਼ ਉਲੀਕਦੀ ਇਹ ਕਹਾਣੀ ਮਨੁੱਖੀ ਸਮਾਜ ਦੇ ਯਥਾਰਥ ਦੇ ਸੁਖਾਵੇਂ, ਅਣਸੁਖਾਵੇਂ ਪਹਿਲੂ ਲੈ ਕੇ ਦਸਤਕ ਦੇ ਰਹੀ ਹੈ ਅਤੇ ਨਾਲ ਹੀ ਇਨ੍ਹਾਂ ਮਸਲਿਆਂ ਦੇ ਸੁਖਾਵੇਂ ਹੱਲ ਦੀ ਤਲਾਸ਼ ਕਰ ਰਹੀ ਹੈ। ਪੰਜਾਬੀ ਸਮਾਜ ਵਿਚ ਤੇਜ਼ੀ ਨਾਲ ਹੋ ਰਹੇ ਪਰਿਵਰਤਨ ਅਤੇ ਇਨ੍ਹਾਂ ਪ੍ਰਤੀ ਮਨੁੱਖੀ ਪ੍ਰਤੀਕਿਰਿਆ ਅਜੋਕੀ ਕਹਾਣੀ ਦੀ ਪ੍ਰਤੀਨਿਧ ਸੁਰ ਵਜੋਂ ਉਭਰ ਰਹੇ ਹਨ। ਪੰਜਾਬੀ ਸਮਾਜ ਤੇ ਸਭਿਆਚਾਰ ਦੇ ਸਮੁੱਚੇ ਢਾਂਚੇ ਪ੍ਰਤੀ ਮਨੁੱਖ ਆਪੋ ਆਪਣੇ ਢੰਗ ਨਾਲ ਸੋਚਦਾ, ਵਿਚਾਰਦਾ ਨਵੇਂ ਪ੍ਰਤੀਕਰਮ ਸਿਰਜਦਾ ਹੈ। ਇਹ ਪ੍ਰਤੀਕਰਮ ਸਮਕਾਲੀ ਪੰਜਾਬੀ ਕਹਾਣੀ ਵਿਚ ਸਾਂਝੇ ਪੈਟਰਨ ਵਜੋਂ ਰੂਪਮਾਨ ਹੋ ਰਹੇ ਹਨ। ਅਜੋਕੇ ਦੌਰ ਦਾ ਮਨੁੱਖ ਵਧੇਰੇ ਪਦਾਰਥਵਾਦੀ, ਪੂੰਜੀਵਾਦੀ ਸੋਚ ਦਾ ਧਾਰਨੀ ਹੋ ਕੇ ਆਪੇ ਤੱਕ ਸਿਮਟ ਰਿਹਾ ਹੈ। ਇਉਂ ਮਨੁੱਖੀ ਵਿਵਹਾਰ ਵਿਚ ਸਭ ਤੋਂ ਵੱਡੀ ਤਬਦੀਲੀ ਮਨੁੱਖ ਦੇ ਸਮੂਹਿਕ ਤੋਂ ਵਿਅਕਤੀ ਕੇਂਦਰਿਤ ਹੋਣ ਦੀ ਵਾਪਰੀ ਹੈ। ਮਨੁੱਖ ਨਿੱਜਤਵ ਵਿਚ ਐਨਾ ਲਬਰੇਜ਼ ਹੋ ਗਿਆ ਹੈ ਕਿ ਆਪਣੀਆਂ ਨਿੱਜੀ ਲੋੜਾਂ ਦੀ ਪੂਰਤੀ ਲਈ ਸਮਾਜਿਕ ਸਿਸਟਮ ਦੇ ਸਮੁੱਚੇ ਵਰਤਾਰੇ ਵਿਚੋਂ ਬਾਹਰ ਹੋ ਕੇ ਨਵੇਂ ਪੈਟਰਨ ਸਿਰਜਦਾ ਹੋਇਆ ਸਮਾਜਿਕ ਸਭਿਆਚਾਰਕ ਤਾਣੇ ਬਾਣੇ ਦਾ ਘੇਰਾ ਤੋੜ ਕੇ ਖੁੱਲ੍ਹਾਂ ਮਾਣ ਰਿਹਾ ਹੈ।

ਸਮਕਾਲੀ ਪੰਜਾਬੀ ਕਹਾਣੀ ਆਪਣੇ ਕਲਾਵੇ ਵਿਚ ਪੂੰਜੀਵਾਦੀ ਵਰਤਾਰੇ ਕਾਰਨ ਬਦਲ ਰਹੀ ਸਮਾਜਿਕ ਸਥਿਤੀ, ਇਸ ਵਿਚ ਵਿਚਰਦੀ ਮਨੁੱਖੀ ਹੋਂਦ ਦੀ ਜਟਿਲਤਾ, ਮਨੁੱਖ ਤੇ ਸਮਾਜ ਵਿਚਲੀ ਟਕਰਾਉਦਾਰ ਸਥਿਤੀ ਕਾਰਨ ਉੱਭਰਦੇ ਬਹੁ ਤੰਦੀ ਤਣਾਉ, ਅਜੋਕੇ ਦੌਰ ਦੇ ਰਾਜਨੀਤਿਕ, ਅਫ਼ਸਰਸ਼ਾਹੀ ਤੇ ਪੁਲਿਸ ਸਿਸਟਮ ਵਿਚਲਾ ਭ੍ਰਿਸ਼ਟਤੰਤਰ, ਧਾਰਮਿਕ ਕਿਰਦਾਰਾਂ ਵਿਚ ਆਈ ਗਿਰਾਵਟ, ਸੂਚਨਾ ਤੇ ਤਕਨੀਕ ਦੇ ਵਿਸਥਾਰ ਦੇ ਬਾਵਜੂਦ ਸੁੰਗੜ ਰਹੀ ਮਨੁੱਖਤਾ ਵਰਗੇ ਗੰਭੀਰ ਵਰਤਾਰਿਆਂ ਨੂੰ ਵਿਸ਼ੇ ਵਸਤੂ ਵਜੋਂ ਪ੍ਰਾਪਤ ਕਰਦੀ ਨਵੇਂ ਬਿਰਤਾਂਤ ਸਿਰਜ ਰਹੀ ਹੈ। ਇਨ੍ਹਾਂ ਮਸਲਿਆਂ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲੋਂ ਲਗਾਇਆ ਜਾ ਸਕਦਾ ਹੈ ਕਿ ਅਜੋਕੇ ਦੌਰ ਦੇ ਸਥਾਪਿਤ ਅਤੇ ਨਵੇਂ ਉੱਭਰ ਰਹੇ ਕਹਾਣੀਕਾਰ ਇਨ੍ਹਾਂ ਨੂੰ ਆਧਾਰ ਬਣਾ ਕੇ ਬੜੀਆਂ ਪਾਏਦਾਰ ਕਹਾਣੀਆਂ ਸਿਰਜ ਰਹੇ ਹਨ।

ਦਲਿਤ ਚੇਤਨਾ ਦਾ ਉਭਾਰ ਅਜੋਕੇ ਸਮੇਂ ਦਾ ਭਖਵਾਂ ਮਸਲਾ ਹੈ। **ਦੀਪਤੀ ਬਬੂਟਾ** ਦੀ ਕਹਾਣੀ **'ਗੌਤਮੀ ਤੋਂ ਸ਼ਬਨਮ ਤੱਕ ਵਾਇਆ ਰੁਲੀਆ'** ਵਿਚ ਰੁਲੀਏ ਦੇ ਪਾਤਰ ਰਾਹੀਂ ਦਲਿਤ ਵਰਗ ਦੇ ਸਦੀਆਂ

ਦੇ ਸੰਤਾਪ ਨੂੰ ਗਲਪੀ ਪ੍ਰਬੰਧ 'ਚ ਢਾਲ ਕੇ ਪ੍ਰਸਤੁਤ ਕੀਤਾ ਗਿਆ ਹੈ। ਇਸ ਕਹਾਣੀ ਵਿਚ ਦਲਿਤ ਵਰਗ ਦੇ ਵਿਭਿੰਨ ਮਸਲਿਆਂ ਪ੍ਰਤੀ ਪੈਦਾ ਹੋ ਰਹੀ ਚੇਤਨਾ ਨੂੰ ਨਵੇਂ ਪ੍ਰਸੰਗਾਂ ਵਿਚ ਬਿਰਤਾਂਤਿਆ ਹੈ। ਯਥਾਰਥਕ ਵਿਡੰਬਨਾ ਇਹ ਹੈ ਕਿ ਵਧ ਰਹੀ ਇਹ ਚੇਤਨਾ ਸ਼ੋਸ਼ਕ ਵਰਗ ਨੂੰ ਨਾ ਮਨਜ਼ੂਰ ਹੈ। ਸ਼ੋਸ਼ਕ ਵਰਗ ਦੀਆਂ ਭ੍ਰਿਸ਼ਟ ਤੇ ਕੋਝੀਆਂ ਚਾਲਾਂ ਦੀਆਂ ਤੰਦਾਂ 'ਚ ਉਲਝੀ ਇਹ ਚੇਤਨਾ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਜੱਦੋ ਜਹਿਦ ਕਰਦੀ ਹੈ। ਕਹਾਣੀ ਵਿਚਲਾ ਪਾਤਰ 'ਰੁਲੀਆ' ਦਲਿਤ ਵਰਗ ਦਾ ਪ੍ਰਤੀਨਿੱਧ ਬਣ ਕੇ ਸਮਾਜ ਦੇ ਇਸ ਯਥਾਰਥ ਦਾ ਬੋਧ ਕਰਾਉਂਦਾ ਹੈ ਕਿ ਸੰਵਿਧਾਨ ਵਿਚ ਮਿਲੇ ਬਰਾਬਰੀ ਦੇ ਹੱਕ ਕਾਨੂੰਨ ਦੀ ਕਿਤਾਬ ਵਿਚ ਬੰਦ ਹੋ ਕੇ ਰਹਿ ਗਏ ਹਨ। ਇਹ ਬੋਧ ਪ੍ਰਤੱਖ ਹੋਇਆ ਪ੍ਰਤੀਤ ਹੁੰਦਾ ਹੈ ਜਦੋਂ ਸ਼ੋਸ਼ਕ ਵਰਗ ਦੇ ਤਸ਼ੱਦਦ ਦਾ ਸ਼ਿਕਾਰ ਰੁਲੀਆ ਅੰਬੇਦਕਰ ਦਾ ਬੁੱਤ ਦੇ ਕੋਲੋਂ ਦੀ ਗੁਜ਼ਰਦਾ ਹੈ ਤਾਂ ਬੁੱਤ ਦਲਿਤ ਵਰਗ ਦੇ ਹੱਕ ਵਿਚ ਆਵਾਜ਼ ਉਠਾਉਣ ਵਾਲਿਆਂ ਦਾ ਮੂੰਹ ਚਿੜਾਉਂਦਾ ਪ੍ਰਤੀਤ ਹੁੰਦਾ ਹੈ। ਰੁਲੀਏ ਤੇ ਉਸ ਦੇ ਪਰਿਵਾਰਕ ਮੈਂਬਰਾਂ ਦੇ ਪਾਤਰ ਚਿਤਰਣ ਰਾਹੀਂ ਕਹਾਣੀਕਾਰ ਨੇ ਤਿੰਨ ਪੀੜ੍ਹੀਆਂ ਦਾ ਸੰਤਾਪ ਪੇਸ਼ ਕੀਤਾ ਹੈ। ਜਿਸ ਵਿਭਚਾਰ ਦੀ ਹੋਣੀ ਰੁਲੀਏ ਦੀ ਮਾਂ ਸਾਰੀ ਉਮਰ ਹੰਢਾਉਂਦੀ ਰਹੀ ਹੈ, ਉਸ ਦੀ ਤੀਜੀ ਪੀੜ੍ਹੀ ਵਿਚੋਂ ਸ਼ਬਨਮ ਵੀ ਉਸੇ ਵਿਭਚਾਰ ਦੀ ਸ਼ਿਕਾਰ ਹੁੰਦੀ ਹੈ। ਨਾ ਤਾਂ ਦਲਿਤ ਵਰਗ ਵਿਚਲੀ ਚੇਤਨਾ ਵਿਭਚਾਰ ਦੀ ਇਸ ਕੜੀ ਨੂੰ ਤੋੜ ਸਕੀ ਹੈ ਤੇ ਨਾ ਹੀ ਨਾਰੀ ਸਸ਼ਕਤੀਕਰਨ ਦੀ ਬੁਲੰਦ ਆਵਾਜ਼ ਉਠਾਉਣ ਵਾਲੇ ਇਨ੍ਹਾਂ 'ਤੇ ਲਗਾਮ ਲਗਾ ਸਕੇ ਹਨ। ਇਉਂ ਔਰਤ ਦੀ ਦਸ਼ਾ ਵਿਚ ਪੀੜ੍ਹੀਆਂ ਤੱਕ ਕੋਈ ਵਿਹਾਰਕ ਬਦਲਾਅ ਨਹੀਂ ਵਾਪਰਦਾ।

ਇਸ ਕਹਾਣੀ ਦਾ ਦੂਜਾ ਪਾਸਾਰ ਪੁਲਿਸ ਤੰਤਰ ਦੇ ਵਿਹਾਰਕ ਕਿਰਦਾਰ ਨੂੰ ਨੰਗਾ ਕਰਨ ਵਿਚ ਉੱਭਰਦਾ ਹੈ ਜੋ ਸਿਧਾਂਤਕ ਰੂਪ ਵਿਚ ਲੋਕ ਸੇਵਾ ਲਈ ਪ੍ਰਤੀਬੱਧ ਹੈ। ਕਹਾਣੀ ਵਿਚਲਾ ਪੁਲਿਸ ਤੰਤਰ ਸੰਵਿਧਾਨਕ ਤੌਰ 'ਤੇ ਬਰਾਬਰੀ ਦਾ ਹੱਕ ਰੱਖਣ ਵਾਲੇ ਦਲਿਤ ਵਰਗ ਨਾਲ ਨਿਆ ਕਰਨ ਦੀ ਥਾਂ ਜ਼ਬਰ ਤੇ ਅਨਿਆ ਕਰਦਾ ਹੈ। ਪੂੰਜੀਵਾਦੀ ਢਾਂਚੇ 'ਚ ਗਲਤਾਨ ਭ੍ਰਿਸ਼ਟ ਤੇ ਰਾਜਸੀ ਤਾਕਤਾਂ ਦੀ ਲਪੇਟ ਵਿਚ ਜਕੜਿਆ ਪੁਲਿਸ ਤੇ ਨੌਕਰਸ਼ਾਹੀ ਵਰਗ ਉਨ੍ਹਾਂ ਦੀ ਬੋਲੀ ਬੋਲਦਾ ਹੈ। ਪੁਲਿਸ ਪੂੰਜੀਪਤੀਆਂ ਦੀ ਸ਼ਹਿ 'ਤੇ ਆਮ ਲੋਕਾਂ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਆਪਣੇ ਦਾਤਿਆਂ ਦਾ ਪੱਖ ਪੂਰਦੀ ਹੈ। ਇੰਨੇ ਜਬਰ ਦੇ ਬਾਵਜੂਦ ਕਹਾਣੀ ਵਿਚ ਸਕਾਰਾਤਮਕ ਪਾਸਾਰ ਸ਼ੰਕਰ ਵਰਗੇ ਕਿਰਦਾਰਾਂ ਦੇ ਰੂਪ ਵਿਚ ਮਿਲਦਾ ਹੈ। ਕਹਾਣੀਕਾਰਾ ਸ਼ੰਕਰ ਦੇ ਸੁਚੇਤ ਯਤਨਾਂ ਰਾਹੀਂ ਦਲਿਤ ਚੇਤਨਾ ਦੇ ਵਿਹਾਰਕ ਵਿਸਥਾਰ ਦੀ ਉਮੀਦ ਨੂੰ ਬਰਕਰਾਰ ਰੱਖਦੀ ਹੈ। ਸ਼ੰਕਰ ਆਪਣੇ ਵਰਗ ਦਾ ਪ੍ਰਤੀਨਿੱਧ ਪਾਤਰ ਹੈ ਜੋ ਆਮ ਲੋਕਾਂ ਨੂੰ ਆਪਣੇ ਹੱਕਾਂ ਲਈ ਲੜਨ ਲਈ ਸੁਚੇਤ ਕਰਦਾ ਹੋਇਆ ਉਨ੍ਹਾਂ ਦੀ ਅਗਵਾਈ ਕਰਦਾ ਹੈ। ਪਰ ਵਿਡੰਬਨਾ ਇਹ ਹੈ ਕਿ ਚੇਤਨਾ ਦੀ ਧੁਨੀ ਉਭਾਰਨ ਵਾਲਾ ਸ਼ੰਕਰ ਲੋਕਾਂ 'ਚ ਇੱਕਮੁੱਠ ਹੋਣ ਦਾ ਜਜ਼ਬਾ ਤਾਂ ਪੈਦਾ ਕਰਦਾ ਹੈ ਪਰ ਪ੍ਰਦਰਸ਼ਨਾਂ, ਧਰਨਿਆਂ ਵਰਗੇ ਅਹਿੰਸਕ ਯਤਨਾਂ ਦੁਆਰਾ ਵੀ ਉਨ੍ਹਾਂ ਨੂੰ ਸਮਾਜਿਕ ਸਿਸਟਮ ਦੇ ਜਾਲ 'ਚੋਂ ਬਾਹਰ ਕੱਢਣ ਵਿਚ ਅਸਫਲ ਰਹਿੰਦਾ ਹੈ। ਇਸ ਅਸਫਲਤਾ ਦੇ ਬਾਵਜੂਦ ਰੁਲੀਏ ਤੇ ਉਸ ਦੀ ਧੀ ਨਾਲ ਹੋਏ 'ਧੱਕੇ' ਲਈ ਉਨ੍ਹਾਂ ਨੂੰ ਨਿਆ ਦਿਵਾਉਣ ਲਈ ਸ਼ੰਕਰ ਵਰਗੇ ਪਾਤਰ ਹਾਲੇ ਵੀ ਆਸਵੰਦ ਹੋ ਕੇ, ਕਾਫ਼ਲੇ ਦੀ ਅਗਵਾਈ ਕਰਨ ਦੀ ਦਲੇਰੀ ਦਿਖਾਉਂਦੇ ਹਨ। ਸ਼ੰਕਰ ਸੰਵਿਧਾਨ ਦੀ ਕਿਤਾਬ ਫੜੀ ਦਰੋਗੇ ਤੇ ਹੋਰ ਦੋਸ਼ੀਆਂ ਖਿਲਾਫ਼ ਰਿਪੋਰਟ ਦਰਜ ਕਰਨ ਦੀ ਮੰਗ ਕਰਦਾ ਦਲਿਤ ਵਰਗ ਨੂੰ ਇੱਕਮੁੱਠ ਕਰਦਾ ਹੈ ਤਾਂ ਪ੍ਰਦਰਸ਼ਨਕਾਰੀ ਰੋਹ ਜੰਗਲ ਦੀ ਅੱਗ ਵਾਂਗ ਫੈਲ ਜਾਂਦਾ ਹੈ। "ਦਲਿਤ ਵਿਰੋਧੀ ਅਪਰਾਧ, ਔਰਤਾਂ ਨਾਲ ਬਲਾਤਕਾਰ, ਦਲਿਤ ਕਤਲ, ਦਲਿਤਾਂ ਦੇ ਘਰਾਂ ਨੂੰ ਲੱਗਦੀ ਅੱਗ, ਗਰੀਬੀ ਰੇਖਾ ਤੇ ਕੁਪੋਸ਼ਨ ਦਾ ਸ਼ਿਕਾਰ ਦਲਿਤ ਆਬਾਦੀ, ਬੀਮਾਰੀਆਂ ਨਾਲ ਪੀੜਿਤ ਦਲਿਤ ਬਸਤੀਆਂ, ਇਲਾਜ ਲਈ ਤਰਸ ਤਰਸ ਦਮ ਤੋੜਦੇ ਦਲਿਤ, ਅੰਤਮ ਸੰਸਕਾਰ ਲਈ ਹਾੜ੍ਹੇ ਕੱਢਦੀਆਂ ਲਾਸ਼ਾਂ, ਖੁੱਲ੍ਹੇ 'ਚ ਪਖਾਨੇ ਜਾਂਦੀਆਂ ਬੱਚੀਆਂ ਨੂੰ ਝਾਕਦੀਆਂ ਭੁੱਖੀਆਂ ਨਜ਼ਰਾਂ, ਐਂਬੂਲੈਂਸ ਦੀ ਘਾਟ 'ਚ ਹੱਡੀਆਂ ਤੋੜ ਕੇ ਗੰਢ ਬਣੀਆਂ



ਮੋਢਿਆਂ 'ਤੇ ਚੁੱਕੀਆਂ ਲਾਸ਼ਾਂ ਮੀਡੀਆ ਦੀਆਂ ਸੁਰਖੀਆਂ ਬਣ ਸਰਕਾਰ ਦੇ ਤਖ਼ਤ ਨੂੰ ਸੇਕ ਲਾਉਣ ਲੱਗੀਆਂ।"[1]

**ਦਵਿੰਦਰ ਮੰਡ** ਦੀ ਕਹਾਣੀ **'ਔਲੇ ਦੀ ਬੂਟਾ'** ਇਕ ਅਜਿਹੀ ਔਰਤ ਦੇ ਬਿਰਤਾਂਤ ਨੂੰ ਪੇਸ਼ ਕਰਦੀ ਹੈ ਜੋ ਸਮਾਜਿਕ ਸਿਸਟਮ ਦੀ ਮਾਰ ਵਿਚ ਆਈ ਅਨੈਤਿਕਤਾ ਵੱਲ ਧੱਕੀ ਜਾਂਦੀ ਹੈ, ਪਰ ਉਸ ਵਿਚ ਮਾਨਵ ਹਿੱਤਕਾਰੀ ਸੋਚ ਬਰਕਰਾਰ ਰਹਿੰਦੀ ਹੈ। ਗਾਇਤਰੀ ਦੇਵੀ ਬਣੀ ਪਾਲੋ ਮੈਂ ਪਾਤਰ ਨੂੰ ਜ਼ਿੰਦਗੀ ਦੀ ਸਹੀ ਦਿਸ਼ਾ ਵੱਲ ਮੋੜਨ ਦਾ ਪਰਉਪਕਾਰੀ ਕਾਰਜ ਕਰਦੀ ਹੈ। ਮੈਂ ਪਾਤਰ ਆਪਣੇ ਦੋਸਤ ਦੇ ਕਹਿਣ 'ਤੇ ਛੋਟੀ ਉਮਰ ਵਿਚ ਹੀ ਬੇਸਮਝੀ ਕਾਰਨ ਵੇਸਵਾਵਾਂ ਦੇ ਅੱਡੇ 'ਤੇ ਪਾਲੋ ਕੋਲ ਜਾਂਦਾ ਹੈ ਤਾਂ ਪਾਲੋ ਉਸ ਦੇ ਹਾਲਾਤ ਨੂੰ ਸਮਝਦੀ ਹੋਈ ਉਸ ਦੇ ਹੱਥ ਵਿਚਲੇ ਪੰਜ ਰੁਪਏ ਵਿਚ ਪੰਜ ਹੋਰ ਪਾ ਕੇ ਦਸ ਵਾਪਸ ਕਰਦਿਆਂ ਜੀਵਨ ਦੇ ਚੰਗੇ ਪੰਧ 'ਤੇ ਤੁਰਨ ਲਈ ਪ੍ਰੇਰਦੀ ਹੋਈ ਉਸ ਨੂੰ ਵਾਪਸ ਜ਼ਿੰਦਗੀ ਵੱਲ ਮੋੜ ਦਿੰਦੀ ਹੈ। ਇਸ ਕਹਾਣੀ ਵਿਚ ਇਹ ਸਪਸ਼ਟ ਜ਼ਾਹਰ ਹੈ ਕਿ ਕਿਵੇਂ ਇਕ ਔਰਤ ਘੱਟ ਜ਼ਮੀਨ ਤੇ ਨਸ਼ੇੜੀ ਪਤੀ ਕਾਰਨ ਮਜਬੂਰੀ ਵੱਸ ਜ਼ਿੰਦਗੀ ਦੀ ਇਸ ਦਲਦਲ 'ਚ ਧਕੇਲੀ ਜਾਂਦੀ ਹੈ, ਜਦੋਂ ਕਿ ਉਹ ਪੁੰਗਰ ਰਹੀਆਂ ਉਨ੍ਹਾਂ ਜ਼ਿੰਦਗੀਆਂ ਨੂੰ ਇਸ ਪਾਸੇ ਫਸਣ ਤੋਂ ਰੋਕਣ ਦੀ ਦਲੇਰੀ ਕਰਦੀ ਹੈ ਜਿਨ੍ਹਾਂ ਨੇ ਅਜੇ ਨਵੇਂ ਪੈਂਡੇ ਸਰ ਕਰਨੇ ਹਨ। 'ਜਦੋਂ ਮੈਂ ਉਹਨੂੰ ਪੰਜ ਰੁਪਏ ਫੜਾਏ ਤਾਂ ਧਰਮ ਨਾਲ ਉਹਨੇ ਨੇੜਿਓ ਅਲਮਾਰੀ ਖੋਹਲ ਪੰਜ ਰੁਪਏ ਹੋਰ ਚੁੱਕੇ ਤੇ ਦਸ ਰੁਪਏ ਕਰਕੇ ਫੜਾਉਂਦੀ ਬੋਲੀ, "ਨਾ ਨਾ ਪੁੱਤ ... ਤੂੰ ਪੜ੍ਹਣ ਲਿਖਣ ਆਲਾ... ਅਹ ਫੜ ਪਿਆਰ ... ਇਧਰ ਨਾ ਆਈ ਮੁੜ ਕੇ ... ਵੱਡਾ ਬਣਜਾ ... ਤੇਰੇ ਪਿਉ ਦਾ ਬੜਾ ਨਾ ਆ ...।"[2]

ਆਰਥਿਕ ਮਾਰ ਦੀ ਝੰਬੀ ਪਾਲੋ ਜਿਸ ਦਾ ਪੁੱਤਰ ਨਸ਼ਿਆਂ 'ਚ ਪੈ ਗਿਆ, ਦੀ ਕੁੜੀ ਦਾ ਵਿਆਹ ਵੀ ਪਿੰਡ ਵਾਲਿਆਂ ਨੇ ਰਲ ਕੇ ਕੀਤਾ। ਸ਼ਰਾਬ ਵੇਚਣ ਦੇ ਧੰਦੇ 'ਚ ਪਈ ਪਾਲੋ ਚੈਨ ਸਿੰਘ ਨਾਲ ਘਰ ਵਸਾਉਂਦੀ ਹੈ ਤੇ ਫੇਰ ਹੌਲੀ ਹੌਲੀ ਡੇਰੇ ਦੀ ਸੰਚਾਲਕਾ ਬਣ ਜਾਂਦੀ ਹੈ। ਹੁਣ ਸਮਾਜ ਸੇਵਾ ਦੇ ਕੰਮ ਕਰਦਿਆਂ ਆਪਣੀ ਅਵਚੇਤਨ 'ਚ ਵਸੀ ਪਰਉਪਕਾਰੀ ਤੇ ਮਾਨਵ ਹਿਤੈਸ਼ੀ ਸੋਚ ਸੰਬੰਧੀ ਪ੍ਰਤੀਬੱਧਤਾ ਨੂੰ ਪੂਰਦੀ ਹੈ। 'ਮੈਂ ਪਾਤਰ' ਲਈ ਪਾਲੋ ਵੱਲੋਂ ਸਾਲਾਂ ਪਹਿਲਾਂ ਦਿਖਾਏ ਚੰਗੇਰੇ ਰਾਹ ਕਾਰਨ ਉਹ ਪੜ੍ਹ ਲਿਖ ਕੇ ਨਾਮਵਰ ਸਾਹਿਤਕਾਰ ਬਣਦਾ ਹੈ। ਸਾਹਿਤਕਾਰਾਂ ਨੂੰ ਇਨਾਮ ਦੇਣ ਸਮੇਂ ਮੁਖ ਮਹਿਮਾਨ ਬਣੀ ਡੇਰੇ ਦੀ ਸੰਚਾਲਕਾ ਵਲੋਂ ਮੈਂ ਪਾਤਰ ਨੂੰ ਔਲੇ ਦਾ ਬੂਟਾ ਦੇਣ ਸਮੇਂ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਡੇਰੇ ਦੀ ਸੰਚਾਲਕਾ ਪ੍ਰਤੀਕਾਤਮਕ ਰੂਪ 'ਚ ਉਸ ਨੂੰ ਸੰਕੇਤ ਕਰਦੀ ਹੈ ਕਿ 'ਔਲੇ ਦਾ ਖਾਧਾ ਤੇ ਸਿਆਣੇ ਦਾ ਕਿਹਾ ਪਿੱਛੋਂ ਪਤਾ ਲੱਗਦਾ' ਹੈ। ਕਿਉਂ ਜੋ ਉਸ ਨੇ 'ਮੈਂ ਪਾਤਰ' ਨੂੰ ਜ਼ਿੰਦਗੀ ਦੀ ਦਲਦਲ 'ਚ ਫਸਣ ਤੋਂ ਵਰਜ ਕੇ ਮਾਨਵ ਹਿੱਤਕਾਰੀ ਕਾਰਜ ਕੀਤਾ ਸੀ। ਉਹ ਅੱਜ ਵੀ ਸਾਹਿਤਕ ਖੇਤਰ ਨੂੰ ਰੁਪਇਆਂ ਪੈਸਿਆਂ ਦੇ ਮੁਕਾਬਲੇ ਉੱਚ ਮੁਕਾਮ 'ਤੇ ਦੇਖਦੀ ਹੈ। ਉਸ ਪ੍ਰਤੀ 'ਮੈਂ ਪਾਤਰ' ਆਖਦਾ ਹੈ 'ਮੈਨੂੰ ਇੰਝ ਮਹਿਸੂਸ ਹੋਇਆ 'ਜਿਵੇਂ ਉਹ ਕਹਿ ਰਹੀ ਹੋਵੇ, ਲੱਖਾਂ ਕਰੋੜਾਂ ਰੁਪਏ ਵੀ ਆਹ ਕੰਮਾਂ ਤੋਂ ਤੁਛ ਨੇ।'[3] ਇਸ ਕਹਾਣੀ ਜ਼ਰੀਏ ਕਹਾਣੀਕਾਰ ਨੇ ਸਾਹਿਤਕਾਰਾਂ ਦੇ ਆਰਥਿਕ ਮਸਲੇ ਨੂੰ ਵੀ ਉਘਾੜਿਆ ਹੈ ਤੇ ਸਮਾਜਿਕ ਸਿਸਟਮ ਦੇ ਉਸ ਯਥਾਰਥ ਨੂੰ ਵੀ ਨਵੇਂ ਪ੍ਰਸੰਗ 'ਚ ਢਾਲ ਕੇ ਪ੍ਰਸਤੁਤ ਕੀਤਾ ਹੈ ਜਿਸ ਕਾਰਨ ਉਪਜੀਵਿਕਾ ਕਮਾਉਣ ਖਾਤਰ ਮਨੁੱਖ ਸਮਾਜਿਕ ਸਭਿਆਚਾਰਕ ਮਰਿਆਦਾਵਾਂ ਤੋੜਨ ਲਈ ਮਜਬੂਰ ਹੁੰਦਾ ਹੈ।

**ਸੁਖਜੀਤ** ਦੀ ਕਹਾਣੀ **'ਮੱਥੇ ਦਾ ਵਲ'** ਮਨੁੱਖੀ ਅਵਚੇਤਨ 'ਚ ਪਏ ਨੈਤਿਕ ਸੁਹਜ ਨੂੰ ਬਿਆਨਦੀ ਹੈ। ਕਦੇ ਕਾਮਰੇਡ ਲਹਿਰ ਦਾ ਕਾਰਜਸ਼ੀਲ ਹਿੱਸਾ ਰਿਹਾ ਮੈਂ ਪਾਤਰ ਜੋ ਹੁਣ ਕਾਮਰੇਡੀ ਸੋਚ ਨੂੰ ਤਿਆਗ ਚੁੱਕਾ ਹੁੰਦਾ ਹੈ, ਆਪਣੇ ਦੋਸਤ ਦੇ ਥਾਈਲੈਂਡ ਦੇ ਹੋਟਲ ਵਿਚ ਵੇਟਰਸ ਕੁੜੀ ਨਾਲ ਕੀਤੇ ਵਿਹਾਰ ਕਾਰਨ ਅਸਹਿਜਤਾ ਮਹਿਸੂਸ ਕਰਦਾ ਹੈ। ਉਹ ਕੁੜੀ ਰੂਸ ਨਾਲ ਸੰਬੰਧਿਤ ਹੈ, ਇਸ ਗੱਲ ਨੂੰ ਜਦੋਂ ਉਸ ਦਾ ਦੋਸਤ ਵਿਅੰਗਮਈ ਲਹਿਜ਼ੇ ਨਾਲ ਦੱਸਦਾ ਹੋਇਆ ਉਸ ਨੂੰ ਵੇਸਵਾਗਮਨੀ ਦੇ ਧੰਦੇ ਨਾਲ

ਜੋੜਦਾ ਹੈ ਤਾਂ ਮੈਂ ਪਾਤਰ ਦਾ ਵਿਹਾਰ ਕੁਝ ਅਸਹਿਜ ਹੋ ਜਾਂਦਾ ਹੈ। ਉਸ ਦੀ ਅਸਹਿਜਤਾ ’ਤੇ ਕਟਾਕਸ਼ ਕਰਦਾ ਉਸ ਦਾ ਦੋਸਤ ਉਸ ਦੇ ਮਨ ਅੰਦਰ ਪਏ ਕਾਮਰੇਡੀ ਵਿਚਾਰਾਂ ਪ੍ਰਤੀ ਉਸ ਦੇ ਭਾਵੁਕ ਮੋਹ ਨੂੰ ਯਾਦ ਕਰਾਉਂਦਾ ਹੈ,‘ਵਾਕਈ ਯਾਰ, ਕਾਮਰੇਡ ਐਕਸ ਨਹੀਂ ਹੁੰਦੇ।’[4]

**ਭਗਵੰਤ ਰਸੂਲਪੁਰੀ** ਆਪਣੀ ਕਹਾਣੀ ‘**ਕਬਰ ਗਾਹ**’ ਵਿਚ ਅਜੋਕੇ ਕਿਸਾਨੀ ਸੰਕਟ ਦੀ ਸਮੁੱਚੀ ਤਸਵੀਰਕਸ਼ੀ ਕਰਦਾ ਹੈ। ਉਸ ਨੇ ਆਪਣੀ ਇਸ ਕਹਾਣੀ ਵਿਚ ਅਜੋਕੀ ਕਿਸਾਨੀ ਅਤੇ ਉਸ ਨਾਲ ਜੁੜੀਆਂ ਵੱਖੋ ਵੱਖ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵਿਚ ਨਿਮਨ ਵਰਗ ਤੇ ਜੱਟ ਦੀ ਅਸੁਰੱਖਿਅਤ ਹੋਂਦ ਦੀ ਬਿਰਤਾਂਤਕ ਸਿਰਜਣਾ ਕੀਤੀ ਹੈ। ਖੇਤੀ ਖੇਤਰ ਪ੍ਰਤੀ ਸਰਕਾਰੀ ਨੀਤੀਆਂ ਅਤੇ ਬੈਂਕਾਂ ਦੀ ਅਵਿਹਾਰਕ ਪਹੁੰਚ ਕਾਰਨ ਅਨੇਕਾਂ ਲੁਭਾਵਣੀਆਂ ਸਕੀਮਾਂ ਵਿਚ ਫਸਿਆ ਕਿਸਾਨ ਟਰੈਕਟਰ ਲਈ ਲਏ ਕਰਜ਼ੇ ਵਿਚੋਂ ਬਾਹਰ ਨਿਕਲਣ ਦੀ ਥਾਂ ਆਰਥਿਕ ਕਰਜ਼ੇ ਵਿਚ ਹੋਰ ਡੂੰਘੇਰਾ ਧਸਦਾ ਚਲਾ ਜਾਂਦਾ ਹੈ। ਅਜਿਹੀ ਸਥਿਤੀ ਵਿਚ ਜਦੋਂ ਹਾਲਾਤ ਜ਼ਮੀਨ ਦੀ ਕੁਰਕੀ ਤੱਕ ਆ ਜਾਂਦੇ ਹਨ ਤਾਂ ਉਸ ਕੋਲ ਦੋ ਹੀ ਰਸਤੇ ਬਚਦੇ ਹਨ, ਇਕ ਪਰਵਾਸ ਤੇ ਦੂਜਾ ਖੁਦਕੁਸ਼ੀ। ਅਜਿਹੀ ਸੰਕਟਮਈ ਪਰਿਸਥਿਤੀ ਦਾ ਵਿਅਕਤੀ ਦੇ ਜੀਵਨ ’ਤੇ ਪ੍ਰਤੱਖ ਪ੍ਰਭਾਵ ਪੈਂਦਾ ਹੈ। ਉਹ ਵਿਚ ਵਿਚਾਲੇ ਖਲਾਅ ’ਚ ਲਟਕਦਾ ਹੋਇਆ ਸਮੱਸਿਆਵਾਂ ਤੋਂ ਨਿਜਾਤ ਪਾਉਣ ਦੇ ਉਪਰਾਲੇ ਕਰਦਾ ਵੀ ਇਸ ’ਚੋਂ ਬਾਹਰ ਨਹੀਂ ਨਿਕਲ ਸਕਦਾ। ਇਸ ਕਹਾਣੀ ਵਿਚ ਸਮਾਜ ਦੀ ਯਥਾਰਥਕ ਤਸਵੀਰ, ਕੈਂਸਰ ਵਰਗੀ ਨਾਮੁਰਾਦ ਬਿਮਾਰੀ, ਕੰਪਨੀਆਂ ਦੀ ਲੁੱਟ, ਖ਼ਰਾਬ ਜ਼ਮੀਨੀ ਪਾਣੀ, ਮਾੜੇ ਬੀਜ, ਕਰਜ਼ੇ ਦਾ ਬਹੁ ਤੰਦੀ ਜਾਲ, ਧਰਨੇ, ਪ੍ਰਦਰਸ਼ਨ ਤੇ ਕਰੁਕੀ ਵਰਗੇ ਅਨੇਕਾਂ ਸੰਵੇਦਨਸ਼ੀਲ ਮਸਲਿਆਂ ਨੂੰ ਇਸ ਕਹਾਣੀ ‘ਚ ਉਘਾੜਿਆ ਹੈ ਜਿਸ ਨਾਲ ਅਜੋਕੀ ਕਿਰਸਾਨੀ ਦੋ ਚਾਰ ਹੁੰਦੀ ਆਪਣੀ ਮੌਲਿਕ ਹੋਂਦ ਲਈ ਜੂਝ ਰਹੀ ਹੈ। ਕੰਪਨੀਆਂ ਦੇ ਜਾਲ ਚ ਫਸਿਆ ਰੁਲਦਾ ਸਿੰਘ ਮਸ਼ੀਨੀਕਰਨ ਦੇ ਪ੍ਰਭਾਵ ਹੇਠ ਸਮੇਂ ਦੇ ਨਾਲ ਤੁਰਨ ਦੀ ਚਾਹ ਪਾਲਦਾ, ਵੱਧ ਮੁਨਾਫ਼ਾ ਕਮਾਉਣ, ਵੱਧ ਪੈਦਾਵਾਰ ਕਰਨ ਦੇ ਲਾਲਚ ਅਧੀਨ ਟਰੈਕਟਰ ਲੈ ਕੇ ਨਵੀਂ ਸਮੱਸਿਆ ਸਹੇੜ ਲੈਂਦਾ ਹੈ ਜੋ ਉਸ ਲਈ ਬੁਟ ਦੀ ਸ਼ਰਾਰਤ ਹੋ ਨਿਬੜਦੀ ਹੈ। ਉਸ ਦੀ ਸਮੱਸਿਆ ਟਰੈਕਟਰ ਲੈਣ ਨਾਲ ਹੱਲ ਨਹੀਂ ਹੁੰਦੀ ਸਗੋਂ ਇਹ ਹੋਰ ਸਮੱਸਿਆਵਾਂ ਨੂੰ ਆਪਣੇ ਨਾਲ ਲੈ ਕੇ ਆਉਂਦੀ ਹੈ। ਉਸ ਦੇ ਕਰਜ਼ੇ ਦੀ ਰਕਮ ਵਿਚ ਚਾਰ ਲੱਖ ਦਾ ਵਾਧਾ ਹੋਰ ਹੋ ਜਾਂਦਾ ਹੈ ਜਦੋਂ ਉਸ ਨੂੰ ਟਰਾਲੀ, ਹਲ ਤੇ ਹੋਰ ਸੰਦ ਲੈਣੇ ਪੈਂਦੇ ਹਨ। ਸਮਕਾਲੀ ਕਹਾਣੀਕਾਰਾਂ ਨੇ ਵਿਗਿਆਨਕ ਤਰੱਕੀ, ਤਕਨਾਲੋਜੀ ਦੀਆਂ ਸਹੂਲਤਾਂ, ਮੋਬਾਈਲ ਫੋਨ, ਇੰਟਰਨੈੱਟ, ਆਵਾਜਾਈ ਦੇ ਸਾਧਨ ਆਦਿ ਵਰਗੀਆਂ ਲੁਭਾਉਣੀਆਂ ਵਸਤਾਂ ਨੂੰ ਮਨੁੱਖੀ ਸੰਬੰਧਾਂ ’ਤੇ ਪੈਂਦੇ ਬੁਰੇ ਪ੍ਰਭਾਵਾਂ ਨੂੰ ਸਮਾਜਿਕ ਯਥਾਰਥ ਦੇ ਸਿਰਜਨ ਲਈ ਵਰਤਿਆ ਹੈ। ਵਿਸ਼ਵੀਕਰਨ ਦੇ ਪ੍ਰਭਾਵ ਹੇਠ ਆਏ ਆਪਣੇ ਪੁੱਤਰ ਗੁਰੀ ਦੀ ਮੋਟਰ ਸਾਈਕਲ ਤੇ ਮੋਬਾਈਲ ਦੀ ਮੰਗ ਪੂਰੀ ਕਰਨਾ ਰੁਲਦਾ ਸਿੰਘ ਦੀ ਮਜਬੂਰੀ ਹੋ ਨਿਬੜਦੀ ਹੈ। ਕਹਾਣੀਕਾਰ ਜਿੱਥੇ ਰੁਲਦਾ ਸਿੰਘ ਦੀ ਬੇਬਸੀ ਰਾਹੀਂ ਸਰਕਾਰੀ ਤੰਤਰ ਦੇ ਭ੍ਰਿਸ਼ਟ ਕਿਰਦਾਰ ਦੀ ਪੋਲ ਖੋਲ੍ਹਦਾ ਹੈ, ਉੱਥੇ ਨਵੀਂ ਪੀੜ੍ਹੀ ਦੀ ਕੰਮ ਵੱਲੋਂ ਬੇਮੁੱਖ ਹੋ ਕੇ ਫੋਕੇ ਵਿਖਾਵੇ ਤੇ ਵਿਅਕਤੀਗਤ ਲੋੜਾਂ ਦੀ ਪੂਰਤੀ ਲਈ ਹਰ ਸਹੀ ਗਲਤ ਢੰਗਾਂ ਨੂੰ ਵਰਤਣ ਦੇ ਰੁਝਾਨ ਨੂੰ ਵੀ ਬਿਰਤਾਂਤਦਾ ਹੈ,“ਆਹ ਸਰਕਾਰਾਂ ਨੇ ਸਾਡੇ ਚੂਹੇ ’ਚ ਟਰੈਕਟਰ ਦੇ ਦਿੱਤੇ। ਫਸਲਾਂ ਦੇ ਬੀਜ ਐਦਾਂ ਦੇ ਬਣਾ ਦਿੱਤੇ ਬਈ ਖਾਦ ਤੋਂ ਬਿਨਾਂ.. ਕੀੜੇਮਾਰ ਦਵਾਈਆਂ ਤੋਂ ਬਿਨਾਂ ਝਾੜ ਈ ਨਹੀਂ ਦਿੰਦੇ.. ਐਨੇ ਖਰਚੇ ਆ। ਬਈ ਹੱਥ ਖੜੇ ਕਰਾ ਦਿੰਦੇ ਆ ਬੰਦੇ ਦੇ। ਉੱਤੇ ਆਹ ਨਵੀਂ ਮੰਡੀਰ ਸਾਹ ਨੀ ਲੈਣ ਦਿੰਦੀ.. ਆਹ ਗੁਰੀ ਸਾਲਾ ਕੱਲ ਕਿਸ਼ਤਾਂ ’ਤੇ ਮੁਬਾਇਲ ਫੋਨ ਲੈ ਆਇਆ.. ਮੈਂ ਕਿਹਾ ਕੁੱਤਿਆ..ਤੇਰੀ ਮਾਂ ਬਿਮਾਰ ਪਈ ਆਂ..ਬੈਂਕ ਵਾਲਿਆਂ ਦੀਆਂ ਕਿਸ਼ਤਾਂ ਟੁੱਟੀ ਜਾਂਦੀਆਂ।”[5]

**ਖ਼ਾਲਿਦ ਹੁਸੈਨ** ਦੀ ਕਹਾਣੀ ‘**ਆਹੇਂ ਦਾ ਬਾਲਣ**’ ਵਿਚ ਭਾਰਤ-ਪਾਕਿਸਤਾਨ ਦੇ ਰਿਸ਼ਤਿਆਂ ਨੂੰ ਕਾਨੂੰਨੀ ਪੇਚੀਦਗੀਆਂ ’ਚ ਰੱਖ ਕੇ ਸਮਾਜ ਦੀ ਤਸਵੀਰ ਖਿੱਚੀ ਹੈ। ਮੁਸਲਿਮ ਭਾਈਚਾਰੇ ਨਾਲ



ਸੰਬੰਧਿਤ ‘ਰਾਬੀਆ’ ਨਾਂ ਦੀ ਔਰਤ ਆਪਣੇ ਪਤੀ ਕਾਦਰਾ ਕੋਲ ਤਿੰਨ ਵਾਰ ਤਲਾਕ ਬੋਲਣ ’ਤੇ ਤਲਾਕ ਦੇਣ ਦਾ ਅਧਿਕਾਰ ਹੋਣ ਕਾਰਨ ਹਰ ਵਕਤ ਡਰ ਵਿਚ ਜਿਉਂਦੀ ਆਪਣੇ ਪਤੀ ਦੀ ਮਾਰ ਤੇ ਗਾਲ੍ਹਾਂ ਸਹਿੰਦੀ ਰਹਿੰਦੀ ਹੈ, ਪਰ ਅੰਤ ਇਸ ਸੰਤਾਪ ਤੋਂ ਖਹਿੜਾ ਛੁਡਾਉਣ ਲਈ ਘਰ ਤਿਆਗਣ ਦਾ ਫੈਸਲਾ ਕਰਦੀ ਹੈ। ਘਰ ਤਿਆਗਣ ਤੋਂ ਬਾਅਦ ਰਾਤ ਦੇ ਹਨ੍ਹੇਰੇ ਵਿੱਚ ਕੱਸੀ ’ਚ ਡਿੱਗ ਕੇ ਜੰਮੂ ਦੇ ਇਲਾਕੇ ਵਿਚ (ਜੋ ਸੰਵਿਧਾਨ ਮੁਤਾਬਕ ਭਾਰਤ ਦਾ ਅਟੁੱਟ ਹਿੱਸਾ ਹੈ) ਸਰਹੱਦੋਂ ਪਾਰ ਜਾਣ ਦੇ ਦੋਸ਼ ਵਿਚ ਪੁਣਛ ਜੇਲ੍ਹ ’ਚ ਬੰਦ ਕਰ ਦਿੱਤੀ ਜਾਂਦੀ ਹੈ। ਅਨਵਰ ਹਵਾਲਦਾਰ ਦੇ ਕੁਕਰਮ ਦਾ ਸ਼ਿਕਾਰ ਹੋਈ ਰਾਬੀਆ, ਔਰਤ ਹੋਣ ਦੀ ਹੋਣੀ ਹੰਢਾਉਂਦੀ ਜੇਲ੍ਹ ਵਿਚ ਬੱਚੀ ਨੂੰ ਜਨਮ ਦਿੰਦੀ ਹੈ। ਮਾਨਵ ਹਿੱਤਕਾਰੀ ਚਰਿਤਰ ਦਾ ਮਾਲਕ ਵਕੀਲ਼ ਉਸ ਦੀ ਕੈਦ ਪੂਰੀ ਹੋਣ ਉਸ ਨੂੰ ਜੇਲ੍ਹ ਚੋਂ ਰਿਹਾਅ ਤਾਂ ਕਰਵਾਉਂਦਾ ਹੈ ਪਰ ਉਸਦੇ ਦੁੱਖਾਂ ਦਾ ਅੰਤ ਨਹੀਂ ਕਰ ਸਕਦਾ। ਅਖੀਰ ਬੇਵਸੀ ਦੀ ਮਾਰੀ ਰਾਬੀਆ ਨੂੰ ਆਤਮ ਹੱਤਿਆ ਦਾ ਰਸਤਾ ਸੁਖਾਵਾਂ ਲੱਗਦਾ ਹੈ। ਮਜਬੂਰੀ ਵਸ ਮਮਤਾ ਤਿਆਗ ਕੇ ਰੋਂਦੀ ਬੱਚੀ ਨੂੰ ਛੱਡ ਮੌਤ ਨੂੰ ਗਲ ਲਾਉਂਦੀ ਹੈ। ਖਾਲਿਦ ਹੁਸੈਨ ਦੀ ਇਹ ਕਹਾਣੀ ਜਿੱਥੇ ਔਰਤ ਦੀ ਤ੍ਰਾਸਦੀ ਲਈ ਜ਼ਿੰਮੇਵਾਰ ਸਮਾਜ ਦੇ ਪਾਜ ਖੋਲ੍ਹਦੀ ਹੈ, ਉੱਥੇ ਰਾਜਨੀਤਿਕ ਸਿਸਟਮ ਕਾਰਨ ਸਰਹੱਦਾਂ ਦੀ ਵੰਡ ਦੇ ਆਮ ਮਨੁੱਖ ’ਤੇ ਪੈਂਦੇ ਅਸਰ ਨੂੰ ਵੀ ਬਿਆਨਦੀ ਹੈ।

**ਬਲਵਿੰਦਰ ਸਿੰਘ ਗਰੇਵਾਲ** ਕਹਾਣੀ ‘**ਡਬੋਲੀਆ**’ ਨੌਜਵਾਨ ਪੀੜ੍ਹੀ ਦੇ ਡਬੋਲੀਆ ਬਨਣ ਦੇ ਰੁਝਾਨ ਦੇ ਨਵੇਕਲੇ ਵਿਸ਼ੇ ਨੂੰ ਛੋਂਹਦੀ ਹੈ। ਇਸ ਸਮਾਜ ਦੇ ਰਾਹੀਂ ਨਿਮਨ ਕਿਸਾਨੀ ਦੇ ਗਹਿਰੇ ਸੰਕਟ, ‘ਡਬੋਲੀਆ’ ਬਣਨ ਦਾ ਦਰਦ ਬਿਆਨਣ ਦੇ ਨਾਲ-ਨਾਲ ਮਜਬੂਰੀ ਕਾਰਨ ਖੁਦਕਸ਼ੀ ਦਾ ਰਾਹ ਚੁਣਨ ਦੇ ਵਰਗੇ ਨਾਕਾਰਾਤਮਕ ਵਰਤਾਰੇ ਉਭਾਰਦੀ ਹੈ। ਕਿਸਾਨੀ ਦਾ ਧੰਦਾ ਹੁਣ ਘਾਟੇ ਦਾ ਸੌਦਾ ਹੋ ਗਿਆ ਹੈ। ਬੀਜ, ਖਾਦਾਂ ਮਹਿੰਗੀਆਂ ਪਰ ਫਸਲਾਂ ਦੇ ਮੁੱਲ ਘੱਟ ਮਿਲਣ ਕਾਰਨ ਰਿਵਾਇਤੀ ਧੰਦੇ ਛੱਡ ਕੇ ਨੌਜਵਾਨ ਪੀੜ੍ਹੀ ਮਜਬੂਰੀ ਵੱਸ ਵੱਡੀਆਂ ਛੋਟੀਆਂ ਜਲਧਾਰਾਵਾਂ ਵਿਚ ਖੁਦਕੁਸ਼ੀ ਕਰ ਚੁੱਕੇ ਲੋਕਾਂ ਦੀਆਂ ਲਾਸ਼ਾਂ ਕੱਢਣ ਦਾ ਕੰਮ ਅਪਣਾਉਂਦੀ ਹੈ ਜੋ ਉਨ੍ਹਾਂ ਦੇ ਸਥਾਨਕ ਸਮਾਜ ਵਿੱਚ ਨਿੰਦਨਯੋਗ ਕਾਰਜ ਹੈ ਅਤੇ ਇਸ ਸਮਾਜ ਵਿਚ ਇਸ ਧੰਦੇ ਨੂੰ ਅਪਣਾਉਣਾ ਖ਼ੁਦ ਲਾਸ਼ ਹੋਣ ਦੇ ਸਮਾਨ ਹੈ। ਛੋਟੀ ਕਿਸਾਨੀ, ਨੌਜਵਾਨ ਪੀੜ੍ਹੀ ਦੇ ਖੁਦਕੁਸ਼ੀ ਕਰਨ ਦੇ ਰੁਝਾਨ ਕਾਰਨ ਸਮਾਜ ਵਿਚਲੇ ਦੁਖਾਂਤ ਸੰਬੰਧੀ ਬਿਰਤਾਂਤ ਸਿਰਜਦੀ ਇਹ ਕਹਾਣੀ ਕਈ ਅਹਿਮ ਮਸਲਿਆਂ ਨੂੰ ਉਭਾਰਦੀ ਹੈ। ਪਰਵਾਸ ਜਾਣ ਦੀ ਖਿੱਚ ਕਾਰਨ ਏਜੰਟਾਂ ਦੀ ਪਹਿਲਾਂ ਲੁੱਟ ਤੇ ਫੇਰ ਧਮਕੀਆਂ ਦਾ ਸ਼ਿਕਾਰ ਹੋ ਰਹੇ ਲੋਕਾਂ ਦੀ ਮਾਨਸਿਕ ਵੇਦਨਾ ਉਸ ਦੀ ਰਚਨਾ ਦ੍ਰਿਸ਼ਟੀ ’ਚੋਂ ਸਹਿਜੇ ਹੀ ਉੱਭਰਦੀ ਹੈ। ਅਜੋਕੇ ਦੌਰ ’ਚ ਮਾਨਸਿਕ ਤੌਰ ’ਤੇ ਸੰਕਟ ਵਿਚ ਘਿਰੇ ਮਨੁੱਖ ਲਈ ਜਿਉਣਾ ਕਠਿਨ ਕਾਰਜ ਹੈ। ਇਉਂ ਪ੍ਰਤੀਕਾਤਮਕ ਢੰਗ ਨਾਲ ਮਾਹਰ ਡਬੋਲੀਆ ਦੇ ਡੁੱਬਣ ਦੀ ਵਾਰਤਾ ਦੱਸਦਿਆਂ ਕਹਾਣੀਕਾਰ ਸਮਾਜਿਕ ਯਥਾਰਥ ਨੂੰ ਬਿਆਨਦਾ ਹੈ ਕਿ ਹਰ ਪੱਖ ਤੋਂ ਮਾਹਰ ਲੋਕ ਵੀ ਅੱਜ ਦੇ ਦੁਖਾਂਤਕ ਦੌਰ ’ਚ ਗੋਤੇ ਖਾਂਦੇ ਡੁੱਬ ਰਹੇ ਹਨ। ਇਸੇ ਦੌੜ ’ਚ ਪਿਸਦੀ ਨੌਜਵਾਨ ਪੀੜ੍ਹੀ ਜੋ ਆਈਲੈਟਸ ਪਾਸ ਨਾ ਕਰ ਸਕਣ ’ਤੇ ਨਿਰਾਸ਼ਾ ’ਚ ਪਈ ਮੌਤ ਨੂੰ ਗਲ ਲਾਉਂਦੀ ਹੈ। ਕਹਾਣੀਕਾਰ ਵਿਦੇਸ਼ ਜਾਣ ਦੇ ਚੱਕਰ ਵਿਚ ਫਸੀ ਤੇ ਏਜੰਟਾਂ ਦੇ ਜਾਲ ’ਚ ਘਿਰੀ ਨੌਜਵਾਨ ਪੀੜ੍ਹੀ ਦੀ ਮਜਬੂਰੀ ਨੂੰ ਆਪਣੇ ਰਚਨਾ ਵਸਤੂ ਰਾਹੀਂ ਉਘਾੜਦਾ ਹੈ। “ਏਜੰਟ ਹਰ ਵੇਲੇ ਇਕੋ ਗੱਲ ਕਹਿੰਦਾ ‘ਨਹੀਂ ਬਣਦੇ ਤਾਂ ਦੱਸ, ਤੇਰੀ ਥਾਉਂ ਕਿਸੇ ਹੋਰ ਨੂੰ ਪਾਈਏ। ਦਸ ਕਿੰਨੇ ਦਿਨਾਂ ਤੱਕ ਕਰਾਂ ਫੋਨ? ਏਜੰਟ ਦੀ ਗੱਲ ’ਚ ਸਵਾਲ ਘੱਟ ਤੇ ਧਮਕੀ ਵੱਧ ਹੁੰਦੀ।”[6]

**ਜਿੰਦਰ** ਦੀ ‘**ਵਿਦਾਅ**’ ਅਤੇ **ਕੇਸਰਾ ਰਾਮ** ਦੀ ‘**ਜਨਾਨੀ ਪੌਂਦ**’ ਕਹਾਣੀਆਂ ਔਰਤ ਦੇ ਸਮਾਜਿਕ ਯਥਾਰਥ ਦੇ ਦੋ ਵੱਖੋ-ਵੱਖਰੇ ਪਹਿਲੂਆਂ ਨੂੰ ਦ੍ਰਿਸ਼ਟੀਗੋਚਰ ਕਰਦੀਆਂ ਹਨ। **ਕੇਸਰਾ ਰਾਮ** ਦੀ ਕਹਾਣੀ ‘**ਜਨਾਨੀ ਪੌਂਦ**’ [7] ਔਰਤ ਦੇ ਜੈਵਿਕ ਪਹਿਲੂ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਪ੍ਰਸਤੁਤ ਕਰਦੀ ਹੈ। ਇਸ ਕਹਾਣੀ ਦੀ ਪਾਤਰ ਪ੍ਰੀਤੀ ਬਾਂਝਪਣ ਦਾ ਸੰਤਾਪ ਹੰਢਾ ਰਹੀ ਹੁੰਦੀ ਹੈ। ਸਮਾਜਿਕ, ਸਭਿਆਚਾਰਕ ਤੇ ਪਰਿਵਾਰਕ ਨਜ਼ਰੀਏ ਤੋਂ ਮਾਂ ਨਾ ਬਣ ਸਕਣ ਵਾਲੀ ਔਰਤ ਨੂੰ ਦੋਸ਼ੀ ਮੰਨਿਆ ਜਾਂਦਾ ਹੈ ਭਾਵੇਂ ਇਸ ਦੋਸ਼ ਅੰਦਰਲਾ

ਸੱਚ ਮਰਦਾਵੀਂ ਹੌਂਅ ਨੂੰ ਤਹਿਸ ਨਹਿਸ ਕਰ ਸਕਣ ਦੇ ਸਮਰੱਥ ਹੁੰਦਾ ਹੈ। ਪਰ ਇਸ ਸੱਚ ਨੂੰ ਨਕਾਰ ਕੇ ਔਰਤ ਨੂੰ ਦੋਸ਼ ਦਾ ਭਾਗੀ ਬਣਾ ਦਿੱਤਾ ਜਾਂਦਾ ਹੈ ਅਤੇ ਇਸ ਦੋਸ਼ ਵਿਚੋਂ ਪਰਿਵਾਰਕ ਕਲੇਸ਼ ਉਪਜਦਾ ਹੈ। ਕਹਾਣੀਕਾਰ ਲੁਕਵੇਂ ਰੂਪ ਵਿਚ ਇਸ ਸਮੱਸਿਆ ਦਾ ਤਰਕਸ਼ੀਲ ਕਾਰਨ ਅਜੋਕੀ ਤਣਾਉ ਯੁਕਤ ਜ਼ਿੰਦਗੀ ਨੂੰ ਹੰਢਾਉਂਦੇ ਮਰਦਾਂ ਦੇ ਸਰੀਰਿਕ ਤੌਰ ਤੋਂ ਪਿਤਾ ਬਨਣ ਤੋਂ ਅਸਮਰੱਥ ਹੋਣ ਨੂੰ ਦਰਸਾਉਂਦਾ ਹੈ। ਇਸ ਕਹਾਣੀ ਦੀ ਮੁੱਖ ਪਾਤਰ ਪ੍ਰੀਤੀ ਆਪਣੇ ਪਤੀ ਦੀ ਇਸ ਅਸਮਰੱਥਾ ਦਾ ਹੱਲ ਲੱਭਦੀ ਡੇਰੇ ਜਾ ਕੇ ਆਪਣੀ ਮਾਂ ਬਨਣ ਦੀ ਲਾਲਸਾ ਤੇ ਸਮਰੱਥਾ ਨੂੰ ਪ੍ਰਮਾਣਿਤ ਕਰਨ ਵਿਚ ਕਾਮਯਾਬ ਹੁੰਦੀ ਹੈ। ਇਸ ਸਮੁੱਚੇ ਘਟਨਾ ਕ੍ਰਮ ਦੇ ਲੰਮੇ ਬਿਰਤਾਂਤ ਵਿਚੋਂ ਕਹਾਣੀਕਾਰ ਮਨੁੱਖੀ ਲਾਲਸਾਵਾਂ ਦੇ ਨਕਸ਼ ਉੱਭਾਰਦਾ ਹੈ ਕਿ ਔਲਾਦ ਦੀ ਲੋੜ ਦੀ ਪੂਰਤੀ ਕਾਰਨ ਅਤੇ ਜਾਇਦਾਦ ਦੇ ਵਾਰਸ ਦੇ ਰੂਪ ਵਿਚ ਮਰਦ ਹਮੇਸ਼ਾ ਔਰਤ 'ਤੇ ਭਾਰੂ ਰਹਿੰਦਾ ਹੈ। ਪਰੰਤੂ ਇਸ ਕਹਾਣੀ ਵਿਚ ਮਰਦ ਪਾਤਰ ਆਪਣੀ ਅਸਮਰੱਥਾ ਕਾਰਨ ਆਪਣੇ ਆਪ ਨੂੰ ਸਮਾਜ ਅਤੇ ਪਰਿਵਾਰ ਵਿਚੋਂ ਖਾਰਜ ਹੋਇਆ ਮਹਿਸੂਸਦਾ ਹੈ ਅਤੇ ਇਕ ਵਿਸ਼ੇਸ਼ ਕਿਸਮ ਦਾ ਸੰਤਾਪ ਹੰਢਾਉਂਦਾ ਮਾਨਸਿਕ ਤੇ ਸਰੀਰਿਕ ਤੌਰ 'ਤੇ ਬਿਮਾਰ ਹੋ ਜਾਂਦਾ ਹੈ। ਪ੍ਰੀਤੀ ਦੀ ਜ਼ਿੰਦਗੀ ਵਿਚੋਂ ਆਪਣੀ ਮਨਫ਼ੀ ਹੋਈ ਹੋਂਦ ਉਸ ਲਈ ਦੁਖਦਾਈ ਵਰਤਾਰਾ ਸਿੱਧ ਹੁੰਦੀ ਹੈ। ਕਹਾਣੀਕਾਰ ਪ੍ਰਤੀਕਾਤਮਕ ਰੂਪ 'ਚ ਮਰਦ ਦੇ ਦਾਬੇ ਵਾਲੇ ਕਿਰਦਾਰ ਤੋਂ ਮਨਫ਼ੀ ਹੋਏ ਕਿਰਦਾਰ ਤੱਕ ਵਿਅਕਤੀਗਤ ਦੁਖਾਂਤ ਸਿਰਜ ਕੇ ਅਜਿਹੇ ਸਮੂਹਿਕ ਸਮਾਜਿਕ ਯਥਾਰਥ ਨੂੰ ਪ੍ਰਤੀਬਿੰਬਿਤ ਕਰਦਾ ਹੈ ਜਿਸ ਵਿਚ ਹੁਣ ਤੱਕ ਔਰਤ ਹਾਸ਼ੀਏ 'ਤੇ ਧੱਕੀ ਜਾਂਦੀ ਰਹੀ ਹੈ। ਬਖਸ਼ੀਸ਼ ਦੀ ਬਾਪ ਬਨਣ ਦੀ ਅਸਮਰੱਥਾ ਕਾਰਨ ਉਹ ਪ੍ਰੀਤੀ ਨੂੰ ਮਰੇ ਸੱਪ ਵਾਂਗ ਪ੍ਰਤੀਤ ਹੁੰਦਾ ਹੈ। ਪਰ ਡੇਰੇ ਦੀ 'ਮਿਹਰ' ਨਾਲ ਜਦੋਂ ਪ੍ਰੀਤੀ ਆਪਣੀ ਮਾਂ ਬਨਣ ਦੀ ਸਮਰੱਥਾ ਪ੍ਰਗਟਾਉਂਦੀ ਹੈ ਤਾਂ ਉਸ ਨੂੰ ਸ਼ੇਰ ਬਘੇਲਿਆ ਦੇ ਸੁਪਨੇ ਆਉਣੇ ਸ਼ੁਰੂ ਹੋ ਜਾਂਦੇ ਹਨ। ਇਨ੍ਹਾਂ ਸੁਪਨਿਆਂ ਰਾਹੀਂ ਕਹਾਣੀਕਾਰ ਪ੍ਰੀਤੀ ਦੁਆਰਾ ਆਪਣੀ ਉਲੰਘੀ ਗਈ ਮਰਿਆਦਾ ਕਾਰਨ ਮਨ ਦੇ ਕਿਸੇ ਕੋਨੇ ਵਿਚ ਪਏ ਅਪਰਾਧ ਬੋਧ ਦੀ ਨਿਸ਼ਾਨਦੇਹੀ ਕਰਦਾ ਹੈ। ਇਉਂ ਕਹਾਣੀਕਾਰ ਨੇ ਮਨੋਵਿਗਿਆਨਿਕ ਸੂਝ ਨਾਲ ਸਮਾਜ ਵਿੱਚ ਵਾਪਰਦੇ ਮਨੁੱਖੀ ਵਰਤਾਰਿਆਂ ਨੂੰ ਬਿਆਨਿਆ ਹੈ। ਜਨਾਨੀ ਪੌਦ ਕੇਲੇ ਦੀ ਭਰਵੀਂ ਫ਼ਸਲ ਹੋਣ ਦੇ ਪ੍ਰਤੀਕ ਰਾਹੀਂ ਕਹਾਣੀਕਾਰ ਔਰਤ ਦੀ ਸੰਪੂਰਨ ਤੇ ਸਮਰੱਥ ਹੋਂਦ ਪ੍ਰਗਟਾਉਂਦਾ ਹੈ। ਜਦੋਂ ਤੱਕ ਪ੍ਰੀਤੀ ਮਾਂ ਨਹੀਂ ਬਣਦੀ ਉਦੋਂ ਤੱਕ ਬਖਸ਼ੀਸ਼ ਦੀ ਸ਼ਖਸੀਅਤ ਉਸ 'ਤੇ ਭਾਰੂ ਰਹਿੰਦੀ ਹੈ ਤੇ ਜਦੋਂ ਹੋਰ ਵਸੀਲਿਆਂ ਰਾਹੀਂ ਉਹ ਆਪਣੀ ਸਮਰੱਥਾ ਸਿੱਧ ਕਰ ਦਿੰਦੀ ਹੈ ਉਦੋਂ ਬਖਸ਼ੀਸ਼ ਆਪਣੇ ਵਿਚਲੀ ਕਮੀ ਦਾ ਅਹਿਸਾਸ ਹੋਣ 'ਤੇ ਪ੍ਰੀਤੀ ਦੀ ਜ਼ਿੰਦਗੀ ਵਿਚੋਂ ਆਪਣੀ ਮਨਫ਼ੀ ਹੋ ਚੁੱਕੀ ਹੋਂਦ ਕਾਰਨ ਦਿਨੋਂ ਦਿਨ ਘਟਨਾ ਸ਼ੁਰੂ ਹੋ ਜਾਂਦਾ ਹੈ। ਇਉਂ ਔਰਤ ਤੇ ਮਰਦ ਦੇ ਆਪਸੀ ਰਿਸ਼ਤੇ ਅਨੇਕਾਂ ਲੋੜਾਂ ਤੇ ਉਨ੍ਹਾਂ ਦੀ ਪੂਰਤੀ 'ਤੇ ਅਧਾਰਿਤ ਹੋਣ ਕਾਰਨ ਦੋਹਾਂ ਦਾ ਵਿਵਹਾਰ ਇੱਕ ਦੂਸਰੇ ਪ੍ਰਤੀ ਆਪਣੀ ਉੱਚਤਾ ਨੂੰ ਦਰਸਾਉਂਦਿਆਂ ਦੂਜੇ 'ਤੇ ਭਾਰੂ ਹੁੰਦਾ ਪ੍ਰਤੀਤ ਹੁੰਦਾ ਹੈ।

**ਜਿੰਦਰ** ਦੀ ਕਹਾਣੀ **'ਵਿਦਾਅ'** ਔਰਤ ਦੀ ਅਜ਼ਾਦ ਸੋਚ, ਦਲੇਰਾਨਾ ਤੇ ਮਜਬੂਤ ਇਰਾਦੇ ਰਾਹੀਂ ਸਮਾਜ ਨਾਲ ਟੱਕਰ ਲੈਣ ਦੇ ਬਹਾਦਰੀ ਭਰੇ ਫੈਸਲੇ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ। ਇਹ ਕਹਾਣੀ ਅਜੋਕੇ ਦੌਰ ਵਿਚ ਘਰ ਤੋਂ ਬਾਹਰ ਨਿਕਲ ਕੇ ਨੌਕਰੀ ਦੀ ਖਾਤਰ ਕਾਰਜ ਖੇਤਰ ਵਿਚ ਵਿਚਰਦੀ ਹੋਈ ਔਰਤ ਪ੍ਰਤੀ ਮਰਦ ਦੇ ਨਜ਼ਰੀਏ ਨੂੰ ਪ੍ਰਗਟਾਉਂਦੀ ਹੈ। ਇਸ ਕਹਾਣੀ ਦੀ ਪਾਤਰ ਰਣਜੀਤਾ ਇੱਕ ਦਲੇਰ ਔਰਤ ਦੇ ਰੂਪ ਵਿਚ ਉੱਭਰਦੀ ਹੈ ਜਿਸ ਨੂੰ ਸਮਾਜਿਕ ਸਿਸਟਮ ਨਾਲ ਟੱਕਰ ਲੈ ਕੇ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਅਨੇਕਾਂ ਪਰਿਵਾਰਕ, ਸਮਾਜਿਕ ਅਤੇ ਆਰਥਿਕ ਸੰਕਟਮਈ ਸਥਿਤੀਆਂ 'ਚੋਂ ਗੁਜ਼ਰਨਾ ਪੈਂਦਾ ਹੈ। ਰਣਜੀਤਾ ਦੇ ਪਤੀ ਦੀ ਮੌਤ ਤੋਂ ਬਾਅਦ ਸਮਾਜ ਤੇ ਪਰਿਵਾਰ ਦੁਆਰਾ ਉਸ ਲਈ ਪੈਦਾ ਕੀਤੀਆਂ ਸੰਕਟਮਈ ਸਥਿਤੀਆਂ ਤਾਂ ਸਾਨੂੰ ਦਿਖਾਈ ਦਿੰਦੀਆਂ ਪਰ ਇਨ੍ਹਾਂ ਤੋਂ ਇਲਾਵਾ ਉਹ ਸਰੀਰਿਕ ਲੋੜਾਂ ਦੀ ਅਪੂਰਤੀ ਤੇ ਮਾਨਸਿਕ ਸਾਥ ਦੀ ਕਮੀ ਵਿਚੋਂ ਪੈਦਾ ਹੋਏ ਅਦਿੱਖ ਸੰਤਾਪ ਨੂੰ ਵੀ



ਭੋਗਦੀ ਹੈ। ਇਸ ਕਹਾਣੀ ਦਾ ਮੁੱਖ ਪਾਤਰ 'ਸਰਦਾਰ ਜੀ' ਉਸ ਦੀ ਇਸ ਅੰਤਰ ਪੀੜਾ ਨੂੰ ਜਾਨਣ ਦੀ ਦਲੇਰੀ ਕਰਦਾ ਹੈ ਤਾਂ ਇਸ ਦੇ ਉੱਤਰ ਵਿਚ ਉਹ ਆਪਣਾ ਸਕਾਰਾਤਮਕ ਨਜ਼ਰੀਆ ਪ੍ਰਗਟਾਉਂਦੀ ਹੈ। ਪਤੀ ਦੇ ਘਰ ਛੱਡ ਕੇ ਜਾਣ ਤੋਂ ਬਾਅਦ ਉਹ ਪਤੀ ਦੀਆਂ ਯਾਦਾਂ ਨਾਲ ਜੁੜ ਕੇ ਜ਼ਿੰਦਗੀ ਜਿਉਂਦਿਆਂ ਵਿਭਿੰਨ ਸੰਕਟਾਂ ਦਾ ਮੂੰਹ ਤੋੜਵਾਂ ਜਵਾਬ ਦੇਣ ਦੀ ਹਿੰਮਤ ਰੱਖਣ ਵਾਲੀ ਬੁਲੰਦ ਔਰਤ ਦੇ ਰੂਪ ਵਿੱਚ ਉੱਭਰਦੀ ਹੈ। ਕਹਾਣੀ ਦੇ ਅੰਤਲੇ ਸ਼ਬਦਾਂ ਤੋਂ ਉਸ ਦੀ ਇਹ ਦਲੇਰੀ ਰੂਪਮਾਨ ਹੁੰਦੀ ਹੈ। "ਨਾ ਤਾਂ ਮੇਰੇ ਸਾਈਂ ਨੇ ਮੈਥੋਂ ਵਿਦਾਅ ਲਈ ਸੀ ਨਾ ਹੀ ਮੈਂ ਕਦੇ ਉਹਨੂੰ ਵਿਦਾਅ ਕੀਤਾ।" [8] ਜਿੰਦਰ ਇਸ ਕਹਾਣੀ ਵਿਚ ਔਰਤ ਦੀ ਅਜੋਕੇ ਸਮੇਂ ਵਿਚ ਮਜਬੂਤ ਹੁੰਦੀ ਆਰਥਿਕ ਪੁਜ਼ੀਸ਼ਨ ਨੂੰ ਹੀ ਬਿਰਤਾਂਤ ਦਾ ਹਿੱਸਾ ਬਣਾਉਂਦਾ ਨਾਲ ਹੀ ਉਸ ਨੂੰ ਮਾਨਸਿਕ ਤੌਰ 'ਤੇ ਅਡੋਲ ਤੇ ਸਰੀਰਿਕ ਤੌਰ 'ਤੇ ਤਾਕਤਵਰ ਤੇ ਸੰਪੂਰਨ ਸਖਸ਼ੀਅਤ ਦੇ ਰੂਪ ਵਿਚ ਵੀ ਪ੍ਰਤੀਬਿੰਬਿਤ ਕਰਦਾ ਹੈ।

ਇਉਂ ਅਜੋਕੇ ਸਮੇਂ ਦੇ ਕਹਾਣੀਕਾਰਾਂ ਨੇ ਸਮਕਾਲੀ ਯਥਾਰਥ ਦੇ ਨਵੇਂ ਸੰਕਟਾਂ ਦੀ ਆਪਣੀ ਰਚਨਾਤਮਕ ਸਮਰੱਥਾ ਰਾਹੀਂ ਨਵੇਕਲੇ ਦ੍ਰਿਸ਼ਟੀਕੋਣ ਤੋਂ ਬਿਰਤਾਂਤਕਾਰੀ ਕਰਦਿਆਂ ਨਵੀਂ ਕਥਾ ਵਸਤੂ ਨੂੰ ਸਿਰਜਿਆ ਹੈ। ਆਪਣੇ ਵਿਵੇਕ ਅਨੁਸਾਰ ਵਿਅਕਤੀਗਤ ਪੱਧਰ ਤੋਂ ਸਮੂਹਿਕ ਪੱਧਰ ਤੱਕ ਮਨੁੱਖੀ ਚੇਤਨ, ਅਵਚੇਤਨ ਨੂੰ ਫਰੋਲਿਆ ਹੈ। ਸਥਿਤੀ ਦੁਆਰਾ ਸੰਤਾਪੇ, ਪਰੰਪਰਾ ਹੱਥੋਂ ਹਾਰੇ ਸਮਕਾਲ ਦੇ ਮਨੁੱਖ 'ਤੇ ਫੋਕਸ ਕਰਕੇ ਇਸ ਦੌਰ ਦੇ ਕਹਾਣੀਕਾਰਾਂ ਨੇ ਬਹੁ ਬਿੱਧ ਮਸਲਿਆਂ ਨੂੰ ਉਘਾੜਿਆ ਹੈ ਅਤੇ ਕਥਾ ਵਸਤੂ ਨੂੰ ਪੂਰੀ ਸਮੁੱਚਤਾ, ਤਰਕਸ਼ੀਲਤਾ, ਵਿਵੇਕਸ਼ੀਲਤਾ, ਯਥਾਰਥਕ ਬੋਧ ਅਤੇ ਨਵੀਆਂ ਕਥਾ ਜੁਗਤਾਂ ਰਾਹੀਂ ਪੇਸ਼ ਕੀਤਾ ਹੈ। ਸਮਕਾਲੀ ਪੰਜਾਬੀ ਕਹਾਣੀ ਸਮਾਜ ਵਿਚ ਵਾਪਰ ਰਹੀ ਤਬਦੀਲੀ ਨੂੰ ਵੀ ਉਸ ਪਿੱਛੇ ਕਾਰਜਸ਼ੀਲ ਕਾਰਨਾਂ ਸਹਿਤ ਫੜਦੀ ਹੈ ਅਤੇ ਇਸ ਤਬਦੀਲੀ ਨੂੰ ਸਮੱਗਰ ਢੰਗ ਨਾਲ ਪ੍ਰਗਟਾਉਣ ਵਾਲੀ ਸਸ਼ਕਤ ਵਿਧਾ ਵਜੋਂ ਦ੍ਰਿਸ਼ਟੀਗੋਚਰ ਹੋ ਰਹੀ ਹੈ। ਸਮਕਾਲੀ ਕਹਾਣੀ ਦਾ ਗਲਪੀ ਪਰਿਪੇਖ ਜਟਿਲ ਤੇ ਗੁੰਝਲਦਾਰ ਵਿਸ਼ਿਆਂ ਰਾਹੀਂ ਨਵੀਆਂ ਵੰਗਾਰਾਂ, ਚੁਣੌਤੀਆਂ, ਅਕਾਂਖਿਆਵਾਂ ਨੂੰ ਕਲਾਤਮਕ ਢੰਗ ਨਾਲ ਆਪਣੇ ਕਲਾਵੇ ਵਿਚ ਸਮੇਟ ਰਿਹਾ ਹੈ।


**ਹਵਾਲੇ ਅਤੇ ਟਿੱਪਣੀਆਂ**


1. *ਗੌਤਮੀ ਤੇ ਸ਼ਬਨਮ ਵਾਇਆ ਰੁਲੀਆ*, ਹੁਣ, ਅੰਕ 35-36, ਜਨਵਰੀ-ਅਗਸਤ, 2017, ਪੰਨਾ-124
2. *ਔਲੇ ਦਾ ਬੂਟਾ,* ਕਹਾਣੀ ਧਾਰਾ, ਅੰਕ-46, ਜੁਲਾਈ-ਸਤੰਬਰ 2017, ਪੰਨਾ-35
3. *ਔਲੇ ਦਾ ਬੂਟਾ,* ਕਹਾਣੀ ਧਾਰਾ, ਅੰਕ-46, ਜੁਲਾਈ-ਸਤੰਬਰ 2017, ਪੰਨਾ-38
4. *ਮੱਥੇ ਦਾ ਵਲ*, ਰਾਗ, ਅੰਕ-4, ਜਨਵਰੀ-ਅਪ੍ਰੈਲ 2018, ਪੰਨਾ-78
5. *ਕਬਰ ਗਾਹ,* ਹੁਣ, ਅੰਕ-46, ਸਤੰਬਰ-ਦਸੰਬਰ 2017, ਪੰਨਾ-78
6. *ਡਬੋਲੀਆ,* ਸਿਰਜਣਾ, ਅੰਕ-187, ਜਨਵਰੀ-ਮਾਰਚ 2018, ਪੰਨਾ-9
7. *ਜਨਾਨੀ ਪੌਦ*, ਹੁਣ, ਅੰਕ-46, ਜਨਵਰੀ-ਅਪ੍ਰੈਲ 2018, ਪੰਨਾ-94-110
8. *ਵਿਦਾਅ,* ਸਿਰਜਣਾ, ਜੁਲਾਈ-ਸਤੰਬਰ 2017, ਪੰਨਾ-34



**- ਪਰਮਜੀਤ ਕੌਰ** (ਰੀਸਰਚ ਸਕਾਲਰ) ਅਤੇ
**- ਡਾ. ਬਲਵੰਤ ਸਿੰਘ ਸੰਧੂ** (ਐਸੋਸੀਏਟ ਪ੍ਰੋਫੈਸਰ)
ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)
ਫੋਨ ਨੰ 9814600432

# 'ਪੰਜਾਬੀ ਕਹਾਣੀ' ਦੇ ਮੈਟਾ ਸਰੋਕਾਰ/- ਪਰਮਜੀਤ ਸਿੰਘ ਢੀਂਗਰਾ




ਭਾਰਤੀ ਸਾਹਿਤ ਵਿਚ ਪੰਜਾਬੀ ਕਹਾਣੀ ਦਾ ਵਿਸ਼ੈ ਤੇ ਰੂਪ ਪਖੋਂ ਵਿਸ਼ੇਸ਼ ਸਥਾਨ ਹੈ। ਇਸ ਕਹਾਣੀ ਨੇ ਸਮਕਾਲੀ ਯਥਾਰਥ ਨੂੰ ਪੇਸ਼ ਕਰਨ ਅਤੇ ਨਵੀਂ ਗਲਪੀ ਭਾਸ਼ਾ ਸਿਰਜਨ ਵਿਚ ਵੱਡਾ ਰੋਲ ਅਦਾ ਕੀਤਾ ਹੈ। ਲੈਂਗ ਦੇ ਪੱਧਰ 'ਤੇ ਹਰ ਸਾਹਿਤ-ਵਿਧਾ ਦੇ ਆਪਣੇ ਸਿਧਾਂਤਕ ਪਰਿਪੇਖ ਅਤੇ ਕਾਵਿ ਸ਼ਾਸ਼ਤਰੀ ਸਰੋਕਾਰ ਹੁੰਦੇ ਹਨ। ਲੇਖਕ ਪੈਰੋਲ ਸਿਰਜਨਾ ਰਾਹੀਂ ਨਵੀਆਂ ਕਥਾ ਕਿਰਤਾਂ ਦੀ ਸਿਰਜਨਾ ਕਰਦਾ ਹੈ। ਗਲਪੀ ਭਾਸ਼ਾ ਦੀ ਚੋਣ ਵੇਲੇ ਉਸ ਕੋਲ ਨਿਗਰ ਅਨੁਭਵ, ਪਾਤਰਾਂ ਦੀ ਸਮਝਦਾਰੀ ਤੇ ਕਥਾ ਦੀ ਪੇਸ਼ਕਾਰੀ ਦਾ ਸਟੀਕ ਗਿਆਨ ਹੁੰਦਾ ਹੈ। ਉਸਨੇ ਉਸ ਗਿਆਨ ਪਾਸਾਰ ਰਾਹੀਂ ਸਿਰਜਨਾ ਨੂੰ ਅਗਰਭੂਮਿਤ ਕਰਕੇ ਪਾਠਕ ਨੂੰ ਕੀਲਣਾ ਹੁੰਦਾ ਹੈ। ਇਸ ਪਖੋਂ ਕੋਈ ਲੇਖਕ ਕਿੰਨਾ ਕਾਮਯਾਬ ਹੈ - ਇਸ ਦੀ ਪਰਖ, ਪੜਚੋਲ, ਸਮੀਖਿਆ ਕਰਨਾ ਆਲੋਚਕ ਦਾ ਕੰਮ ਹੈ। ਅੱਗੋਂ ਅਲੋਚਕ ਦੁਆਰਾ ਪ੍ਰਾਪਤ ਸਿਟਿਆਂ ਨੂੰ ਗਿਆਨ ਸ਼ਾਸਤਰੀ ਪਰਿਪੇਖ ਵਿਚ ਰਖ ਕੇ ਉਨ੍ਹਾਂ ਦੀ ਪੜ੍ਹਤ ਅਤੇ ਸਮਝਦਾਰੀ ਪ੍ਰਤੀ ਚਿੰਤਨ ਪੈਦਾ ਕਰਨਾ ਮੈਟਾ ਆਲੋਚਕ ਦਾ ਕੰਮ ਹੈ।

ਮੈਟਾ ਸ਼ਬਦ ਅੰਗਰੇਜ਼ੀ ਜ਼ਬਾਨ ਦਾ ਹੈ ਪੰਜਾਬੀ ਵਿਚ ਇਸ ਲਈ 'ਪਰਾ' ਜਾਂ 'ਉਤਰ' ਸ਼ਬਦ ਵੀ ਵਰਤ ਲਿਆ ਜਾਂਦਾ ਹੈ ਪਰ ਮੈਟਾ ਦੇ ਜੋ ਭਾਵਅਰਥ ਹਨ ਉਹਨੂੰ ਇਹ ਸ਼ਬਦ ਨਹੀਂ ਪ੍ਰਗਟਾਉਂਦੇ। ਹਿੰਦੀ ਵਾਂਗ ਪੰਜਾਬੀ ਵਿਚ ਵੀ ਪਰਾ ਆਲੋਚਨਾ ਜਾਂ ਉਤਰ - ਆਲੋਚਨਾ ਵਰਗੇ ਸ਼ਬਦਾਂ ਦੀ ਵਰਤੋਂ ਕਰ ਲਈ ਜਾਂਦੀ ਹੈ। ਡਾ. ਨਗੇਂਦਰ ਮੈਟਾ ਆਲੋਚਨਾ ਨੂੰ 'ਆਲੋਚਨਾ ਦੀ ਆਲੋਚਨਾ' ਕਹਿ ਕੇ ਪਰਭਿਾਸ਼ਤ ਕਰਦਾ ਹੈ। ਡਾ. ਗੁਲਵੰਤ ਸਿੰਘ ਇਸ ਲਈ 'ਮੁੜ ਆਲੋਚਨਾ' ਸ਼ਬਦ ਦੀ ਵਰਤੋਂ ਕਰਦਾ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ 'ਪੁਨਰ ਆਲੋਚਨਾ' ਜਾਂ 'ਪ੍ਰਤਿ ਆਲੋਚਨਾ' ਵਰਗੇ ਸ਼ਬਦਾਂ ਰਾਹੀਂ ਇਸਨੂੰ ਪਰਿਭਾਸ਼ਤ ਕਰਦਾ ਹੈ। ਇੰਜ ਮੁੜ, ਪੁਨਰ, ਪ੍ਰਤਿ, ਉਤਰ ਆਦਿ ਸ਼ਬਦਾਂ ਰਾਹੀਂ ਮੈਟਾ ਆਲੋਚਨਾ ਦੇ ਸ਼ਾਬਦਿਕ ਅਰਥਾਂ ਨੂੰ ਡੀਕੋਡ ਕਰਨ ਦਾ ਜਤਨ ਕੀਤਾ ਗਿਆ ਹੈ। ਲੇਖਕ ਜ਼ਿੰਦਗੀ ਦੇ ਤਜ਼ਰਬੇ ਵਿਚੋਂ ਕਲਾ ਦੇ ਨੇਮਾਂ ਨੂੰ ਸਮੂਰਤ ਕਰਨ ਲਈ ਰੂਪਾਂਤਰਣ ਦੀ ਵਿਧੀ ਵਰਤਦਾ ਹੈ। ਅਨੁਭਵ ਵਿਚ ਉਸ ਕੋਲ ਫੇਬੁਲਾ ਅਥਵਾ ਕੱਚੀ ਸਾਮਗਰੀ ਪਈ ਹੁੰਦੀ ਹੈ। ਸਿਰਜਨਾ ਦੀ ਵਿਧੀ ਰਾਹੀਂ ਉਹ ਉਸ ਕੱਚੀ ਸਮੱਗਰੀ ਨੂੰ ਡੌਲ



ਕੇ ਸੁਜੇਤ ਸਿਰਜਨਾ ਕਰਦਾ ਹੈ। ਇਸਦੇ ਨਾਲ ਇਤਿਹਾਸਕ ਯਾਤਰਾ ਵੀ ਤੁਰੀ ਜਾਂਦੀ ਹੈ ਜਿਸ ਵਿਚੋਂ ਵਿਚਾਰਧਾਰਕ ਪਰਿਪੇਖਾਂ ਅਤੇ ਵਿਸ਼ੈ ਪਖੋਂ ਵਿਭਿੰਨਤਾਵਾਂ ਦੀ ਨਿਸ਼ਾਨਦੇਹੀ ਹੁੰਦੀ ਰਹਿੰਦੀ ਹੈ।

ਸਾਹਿਤ ਆਲੋਚਕ ਦਾ ਮੁਖ ਕਾਰਜ ਹੈ ਕਿ ਰਚਨਾ ਵਿਚਲੇ ਕਾਵਿ ਸ਼ਾਸ਼ਤਰੀ ਨੇਮਾਂ ਦੀ ਪਛਾਣ ਕਰਕੇ ਰਚਨਾਂ ਦੀ ਨਿਆਮੂਲਕ ਪੜਤ ਤਿਆਰ ਕਰੇ। ਉਸ ਕੋਲ ਇਸ ਲਈ ਦੋ ਪੱਧਰ ਹਨ। ਮੈਕਰੋ ਪੱਧਰ 'ਤੇ ਉਹ ਸਿਧਾਂਤਕ ਚੇਤਨਾ ਅਥਵਾ ਸਿਧਾਂਤਕ ਚੌਖਟਿਆਂ ਵਿਚ ਰਚਨਾ ਨੂੰ ਬੰਨ੍ਹ ਦੇਂਦਾ ਹੈ। ਦੂਜਾ ਪੱਧਰ ਮਾਈਕਰੋ ਪੱਧਰ ਹੈ ਜਿਥੇ ਆਲੋਚਕ ਕਿਸੇ ਰਚਨਾ ਦੇ ਥੀਮੈਟਿਕ ਪਾਸਾਰਾਂ ਦੀ ਬਰੀਕਬੀਨੀ ਨਾਲ ਪੜ੍ਹਤ ਤਿਆਰ ਕਰਕੇ ਉਨ੍ਹਾਂ ਨੂੰ ਸੂਤਰਿਕ ਰੂਪ ਵਿਚ ਬੰਨ੍ਹਣ ਦਾ ਜਤਨ ਕਰਦਾ ਹੈ।

ਡਾ. ਰਜਨੀਸ਼ ਬਹਾਦਰ ਸਿੰਘ ਪੰਜਾਬੀ ਕਹਾਣੀ ਦਾ ਉਘਾ ਆਲੋਚਕ ਹੈ। ਉਹ ਕਥਾ ਕਿਰਤਾਂ ਨੂੰ ਵੱਖ-ਵੱਖ ਪੱਧਰਾਂ 'ਤੇ ਰਖ ਕੇ ਉਨ੍ਹਾਂ ਦੇ ਮਾਈਕਰੋ ਵਿਸ਼ਲੇਸ਼ਣ ਕਰਦਾ ਹੈ। ਇਸ ਤਰ੍ਹਾਂ ਦੇ ਅਧਿਐਨਾਂ ਰਾਹੀਂ ਕਿਸੇ ਵੀ ਸਾਹਿਤ ਵਿਧਾ ਨੂੰ ਇਕ ਸ਼ਾਸਤਰੀ ਪਰਿਪੇਖ ਵਜੋਂ ਸਮਝਣ ਵਿਚ ਮਦਦ ਮਿਲਦੀ ਹੈ। ਹਥਲੀ ਪੁਸਤਕ **'ਪੰਜਾਬੀ ਕਹਾਣੀ' (ਆਲੋਚਨਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਸਾਲ 2017, ਮੁੱਲ 300/-, ਪੰਨੇ : 208)** ਵਿਚ ਉਹ ਕਹਾਣੀ ਦੇ ਵਿਧਾਗਤ ਪ੍ਰਤਿਮਾਨਾਂ ਨੂੰ ਤਲਾਸ਼ਦਾ ਕਹਾਣੀ ਦੇ ਮਾਡਲ ਸਰੂਪ, ਮਿਥਿਹਾਸਕ ਜੁਗਤਾਂ, ਵਿਸ਼ਵੀ ਸਰੂਪ, ਹਾਸ਼ੀਆਗਤ ਚੇਤਨਾ, ਦਲਿਤ ਚੇਤਨਾ ਪੱਖਾਂ ਤੋਂ ਵਿਚਾਰਦਾ ਹੈ। ਦੂਜੇ ਹਿਸੇ ਵਿਚ ਉਹ ਕਹਾਣੀ ਦੇ ਪਾਤਰਾਂ ਦੀ ਖੁਦਮੁਖਤਾਰੀ ਦੀ ਸਮਝ ਬਣਾਉਂਦਾ ਹੋਇਆ ਵਿਭਿੰਨ ਕਥਾ ਲੇਖਕਾਂ ਦੀਆਂ ਕਹਾਣੀਆਂ ਵਿਚਲੇ ਪਾਤਰਾਂ ਦੇ ਖੁਦਮੁਖਤਾਰੀ ਦੇ ਸੰਕਲਪਾਂ ਨੂੰ ਘੋਖ ਕੇ ਉਨ੍ਹਾਂ ਦੀਆਂ ਪੜ੍ਹਤਾਂ ਤਿਆਰ ਕਰਦਾ ਹੈ।

ਕਹਾਣੀ ਦੇ ਵਿਧਾਗਤ ਪ੍ਰਤਿਮਾਨਾਂ ਦੀ ਨਿਸ਼ਾਨਦੇਹੀ ਕਰਕੇ ਉਹ ਕਹਾਣੀ ਵਿਧਾ ਨੂੰ ਪਛਾਣ ਦੇ ਰਿਹਾ ਹੈ। ਇਸ ਬਾਰੇ ਉਹਦਾ ਪਹਿਲਾ ਸੂਤਰ ਹੈ - ਸਾਹਿਤਕ ਵਿਧਾਵਾਂ ਦੇ ਖਮੀਰ ਵਿਚ ਕਹਾਣੀ ਦਾ ਆਪਣਾ ਵਿਧਾਗਤ ਢਾਂਚਾ ਹੈ। ਇਸ ਢਾਂਚੇ ਨਾਲ ਜੁੜੇ ਹੋਏ ਪ੍ਰਤਿਮਾਨ ਕਹਾਣੀ ਦਾ ਸੁਹਜ ਸ਼ਾਸਤਰ ਬਣ ਜਾਂਦੇ ਹਨ। ਇਹ ਸਿਰਜਨਾ ਤੋਂ ਬਾਅਦ ਚੇਤਨਾ ਦੇ ਪੱਧਰ 'ਤੇ ਤਰਕ ਦੀ ਉਸਾਰੀ ਨਾਲ ਜੁੜਿਆ ਹੋਇਆ ਮਸਲਾ ਹੈ। ਇਸ ਤਰਕ ਦੀ ਸਿਰਜਨਾ ਦਾ ਆਧਾਰ ਆਧੁਨਿਕਤਾ ਵਿਚ ਮੌਜੂਦ ਹੈ। ਆਧੁਨਿਕ ਸਮਾਂ ਹੀ ਨਿੱਕੀ ਕਹਾਣੀ ਦਾ ਸਮਾਂ ਹੈ।'

ਇੰਜ ਉਹ ਸਭ ਤੋਂ ਪਹਿਲਾਂ ਰੂਪ ਵਿਧਾ ਦੇ ਤੌਰ 'ਤੇ ਕਹਾਣੀ ਦੀ ਪਛਾਣ ਵਲ ਅਗਰਸਰ ਹੈ। ਪੰਜਾਬੀ ਕਹਾਣੀ ਨੇ ਜੋ ਪ੍ਰਤਿਮਾਨ ਸਿਰਜੇ ਹਨ ਉਨ੍ਹਾਂ ਕਰਕੇ ਹੀ ਇਹਦਾ ਕਾਵਿ ਸ਼ਾਸਤਰੀ ਪਰਿਪੇਖ ਸੰਭਵ ਜਾਪਦਾ ਹੈ। ਆਧੁਨਿਕ ਸਮਾਂ ਜੇ ਨਿੱਕੀ ਕਹਾਣੀ ਦਾ ਸਮਾਂ ਹੈ ਤਾਂ ਇਸ ਪਿਛੇ ਕਈ ਕਾਰਨ ਨਜ਼ਰ ਆਉਂਦੇ ਹਨ ਜਿਨ੍ਹਾਂ ਕਰਕੇ ਨਿੱਕੀ ਕਹਾਣੀ ਨੇ ਕਲਾ ਪਖੋਂ ਆਪਣੀ ਚੜ੍ਹਤ ਕਾਇਮ ਰਖੀ ਹੈ।

ਆਧੁਨਿਕ ਨਿੱਕੀ ਕਹਾਣੀ ਦੇ ਬੀਜ ਭਾਵੇਂ ਮੱਧਕਾਲੀ ਰਚਨਾਵਾਂ ਜਿਵੇਂ ਜਨਮ ਸਾਖੀਆਂ, ਜਾਤਕ ਕਥਾਵਾਂ ਜਾਂ ਫਿਰ ਲੋਕ ਕਥਾਵਾਂ, ਨੀਤੀ ਕਥਾਵਾਂ, ਪਰੀ ਕਥਾਵਾਂ, ਜਨੌਰ ਕਥਾਵਾਂ ਵਿਚ ਪਏ ਹਨ। ਅਸਲ ਵਿਚ ਇਹਦੀ ਸਿਧਾਂਤਕ ਚੇਤਨਾ ਦਾ ਮਾਡਲ ਪੱਛਮੀ ਗਲਪ ਸ਼ਾਸ਼ਤਰੀ ਸਿਧਾਂਤਾਂ 'ਤੇ ਉਸਰਦਾ ਹੈ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਬਸਤੀਵਾਦੀ ਹਾਕਮਾਂ ਦੇ ਨਵੇਂ ਪ੍ਰਬੰਧ ਨੇ ਨਿੱਕੀ ਕਹਾਣੀ ਦੇ ਸਰੂਪ ਨੂੰ ਪੰਜਾਬੀ ਵਿਚ ਪੈਦਾ ਕੀਤਾ। ਡਾ. ਰਜਨੀਸ਼ ਬਹਾਦਰ ਇਸ ਪ੍ਰਸੰਗ ਵਿਚ ਅਨੇਕਾਂ ਪੱਛਮੀ ਤੇ ਪੰਜਾਬੀ ਆਲੋਚਕਾਂ ਦੀਆਂ ਪਰਿਭਾਸ਼ਾਵਾਂ ਦੇ ਕੇ ਕਹਾਣੀ ਦੇ ਰੂਪ ਵਿਧਾ ਮਾਡਲ ਦੀ ਸਿਰਜਨਾ ਕਰਦਾ ਹੈ। ਇਸ ਪ੍ਰਸੰਗ ਵਿਚ ਅਸੀਂ ਦੋ ਤਿੰਨ ਪਰਿਭਾਸ਼ਾਵਾਂ ਦੇਖ ਸਕਦੇ ਹਾਂ -

ੳ. ਐਡਗਰ ਐਲਪ ਪੋ ਲਿਖਦਾ ਹੈ ਕਿ - ਨਿੱਕੀ ਕਹਾਣੀ ਉਹ ਗਲਪੀ ਵਾਰਤਕ ਹੈ ਜਿਹੜੀ ਅਕਾਰ ਵਿਚ ਨਾਵਲ ਤੋਂ ਛੋਟੀ ਹੁੰਦੀ ਹੈ। ਇਸ ਨੂੰ ਇਕੋ ਬੈਠਕ ਵਿਚ ਅੱਧੇ ਘੰਟੇ ਤੋਂ ਦੋ ਘੰਟੇ ਵਿਚ ਪੜ੍ਹਿਆ ਜਾ ਸਕਦਾ ਹੋਵੇ। ਇਸ ਦੀ ਲੰਬਾਈ ਇਕ ਹਜ਼ਾਰ ਤੋਂ ਵੀਹ ਹਜ਼ਾਰ ਸ਼ਬਦਾਂ ਤੱਕ ਹੋਵੇ।

ਅ. ਸੰਤ ਸਿੰਘ ਸੇਖੋਂ ਦਾ ਕਥਨ ਹੈ - ਸੂਖਮਤਾ ਛੋਟੀ ਕਹਾਣੀ ਦਾ ਪ੍ਰਧਾਨ ਲੱਛਣ ਸਮਝਣਾ ਚਾਹੀਦਾ ਹੈ। ਘਟਨਾ ਦੇ ਵੇਗ, ਝੁਕਾਓ ਤੇ ਤਨਾਓ ਦਾ ਤੋੜ ਅਜਿਹਾ ਨਾਟਕੀ ਹੋਣਾ ਚਾਹੀਦਾ ਹੈ ਕਿ ਉਸ ਵੇਲੇ ਪਾਠਕ ਦੀ ਨਜਰ ਅੱਗੇ ਸਾਰੀ ਘਟਨਾ ਜਾਣੋ ਸਕਾਰ ਹੋ ਜਾਵੇ ਤੇ ਇਸ ਦਾ ਨਾਟਕੀ ਮੰਤਵ ਪ੍ਰਗਟ ਹੋ ਜਾਵੇ।

ੲ. ਡਾ. ਅਤਰ ਸਿੰਘ ਅਨੁਸਾਰ ਨਿੱਕੀ ਕਹਾਣੀ ਇਉਂ ਆਧੁਨਿਕ ਮਨੁੱਖ ਦੇ ਜੀਵਨ ਦੇ ਇਕ ਬਹੁਤ ਵੱਡੇ ਖੇਤਰ ਵਿਚ ਉਪਜਣ ਵਾਲੇ ਅਨੁਭਵ ਦੀ ਪੇਸ਼ਕਾਰੀ ਲਈ ਵਜੂਦ ਵਿਚ ਆਉਂਦੀ ਹੈ। ਇਉਂ ਇਹ ਮਨੁੱਖੀ ਜੀਵਨ ਦੀ ਇਕ ਅਜਿਹੀ ਲੋੜ ਪੂਰੀ ਕਰਦੀ ਹੈ, ਜਿਹੜੀ ਹੋਰ ਸਾਹਿਤਕ ਰੂਪ ਪੂਰੀ ਨਹੀਂ ਕਰ ਸਕਦੇ।

ਇਸ ਤਰ੍ਹਾਂ ਦੀਆਂ ਹੋਰ ਕਈ ਪਰਿਭਾਸ਼ਾਵਾਂ ਹਨ ਜੋ ਵਿਧਾਗਤ ਮਾਡਲ ਦੇ ਵਿਭਿੰਨ ਘਟਕਾਂ ਨੂੰ ਕਲਾਵੇ ਵਿਚ ਲੈਂਦੀਆਂ ਹਨ। ਇਹ ਕਿਤੇ ਤਾਂ ਇਹਦੀ ਸੀਮਾ ਨਿਰਾਧਾਰਤ ਕਰ ਰਹੀਆਂ ਹਨ, ਕਿਤੇ ਇਹਦੇ ਉਦੇਸ਼ ਨੂੰ ਸਪਸ਼ਟ ਕਰ ਰਹੀਆਂ ਹਨ ਤੇ ਕਿਤੇ ਵਿਸ਼ਿਆਂ ਦੀ ਵਿਵਿਧ ਪੇਸ਼ਕਾਰੀ ਵਲ ਰੁਚਿਤ ਹਨ। ਇਸ ਸਾਰੀ ਘੋਖ ਤੋਂ ਆਲੋਚਕ ਇਸ ਨਿਰਣੇ ’ਤੇ ਪੁਜਿਆ ਹੈ ਕਿ ਵਿਧਾਗਤ ਮਸਲਿਆਂ ਵਿਚੋਂ ਜੋ ਕਹਾਣੀ ਦੇ ਨਕਸ਼ ਉਭਰਦੇ ਹਨ। ਉਹਦੇ ਵਿਚ ਦੋ ਗੱਲਾਂ ਪ੍ਰਮੁਖ ਹਨ ਇਕ ਪਾਸੇ ਤਾਂ ਨਿੱਕੀ ਕਹਾਣੀ ਦਾ ਪੱਛਮੀ ਰੂਪਾਕਾਰਕ ਮਾਡਲ ਹੈ ਤੇ ਦੂਜੇ ਪਾਸੇ ਭਾਰਤੀ ਸਾਂਸਕ੍ਰਿਤਕ ਚੇਤਨਾ ਵਿਚੋਂ ਉਪਜਿਆ ਪੰਜਾਬੀ ਜਨ-ਜੀਵਨ। ਇਨ੍ਹਾਂ ਦੋਹਾਂ ਵਿਚਲਾ ਸਮਨਵੈ ਪੰਜਾਬੀ ਕਹਾਣੀ ਦੀ ਗਤੀਸ਼ੀਲਤਾ ਨੂੰ ਸੰਚਾਲਤ ਕਰਦਾ ਹੈ। ਲੇਖਕ ਦਾ ਨਿਰਣਾ ਹੈ ਕਿ ਮੁਢਲੀ ਕਹਾਣੀ ਨਾਲੋਂ ਆਧੁਨਿਕ ਨਿੱਕੀ ਪੰਜਾਬੀ ਕਹਾਣੀ ਵਿਚਲਾ ਫਰਕ ਰੂਪਾਕਾਰਕ ਵਸਤੂਗਤ ਅਤੇ ਦ੍ਰਿਸ਼ਟੀਗਤ ਪਾਸਾਰਾਂ ਕਰਕੇ ਹੈ। ਇਸ ਤਰ੍ਹਾਂ ਜੇ ਅੱਜ ਪੰਜਾਬੀ ਕਹਾਣੀ ਨੇ ਭਾਰਤੀ ਪਰਿਦ੍ਰਿਸ਼ ਵਿਚ ਆਪਣੀ ਵਿਲੱਖਣ ਪਛਾਣ ਤੇ ਨੁਹਾਰ ਸਥਾਪਤ ਕੀਤੀ ਹੈ ਤਾਂ ਉਹ ਇਨ੍ਹਾਂ ਪ੍ਰਤਿਮਾਨਾਂ ਸਦਕਾ ਹੈ ਜਿਥੇ ਇਹ ਇਕ ਪਾਸੇ ਮੁਢਲੀ ਕਹਾਣੀ ਵਾਲੇ ਲਕੀਰੀ ਬਿਰਤਾਂਤ ਤੋਂ ਆਪਣੇ ਆਪ ਨੂੰ ਨਿਖੇੜਦੇ ਹਨ ਦੂਜਾ ਨਵੀਂ ਗਲਪੀ ਭਾਸ਼ਾ ਰਾਹੀਂ ਰੂਪਮਾਨ ਹੁੰਦੇ ਹਨ।

ਕਹਾਣੀ ਵਿਚ ਪਾਤਰਾਂ ਦੀ ਖੁਦਮੁਖਤਾਰੀ ਦਾ ਫੈਸਲਾ ਬੜਾ ਅਹਿਮ ਨੁਕਤਾ ਹੈ ਜਿਸਨੂੰ ਹਥਲੀ-ਪੁਸਤਕ ਵਿਚ ਬਾਖੂਬੀ ਉਭਾਰਿਆ ਗਿਆ ਹੈ। ਲੇਖਕ ਪਾਤਰ ਅਤੇ ਵਿਅਕਤੀ ਵਿਚ ਨਿਖੇੜਾ ਕਰਦਾ ਹੋਇਆ ਲਿਖਦਾ ਹੈ -

ਰਚਨਾ ਵਿਚਲੇ ਪਾਤਰ ਦਾ ਜੀਵਨ ਇਕ ਨਿਸ਼ਚਿਤ ਨਿਯਮਤ ਪ੍ਰਬੰਧ ਵਿਚ ਚਲਦਾ ਹੈ। ਵਿਅਕਤੀ ਦਾ ਜੀਵਨ ਅਜਿਹੇ ਨਿਯਮਾਂ ਤੋਂ ਮੁਕਤ ਹੁੰਦਾ ਹੈ ਅਰਥਾਤ ਪਾਤਰ ਦਾ ਜੀਵਨ ਕਿਸੇ ਦੁੱਖ-ਸੁੱਖ, ਪੁੰਨ-ਪਾਪ, ਗ਼ਰੀਬੀ-ਅਮੀਰੀ, ਧੋਖਾ-ਇਮਾਨਦਾਰੀ, ਨੇਕੀ-ਬਦੀ, ਮਾਨਸਿਕ ਉਲਝਣ-ਸੁਲਝਣ ਵਿਚ ਬੱਝਿਆ ਹੁੰਦਾ ਹੈ। ਲੇਖਕ ਜੀਵਨ ਦੀਆਂ ਅੰਤਰ-ਵਿਰੋਧਤਾਈਆਂ ਨੂੰ ਸੁਚੱਜੀ ਜੜ੍ਹਤ ਵਿਚ ਪਰੋ ਕੇ ਪੇਸ਼ ਕਰਦਾ ਹੈ, ਵਿਅਕਤੀ ਦਾ ਜੀਵਨ ਅਜਿਹੀ ਜੜਤ ਤੋਂ ਮੁਕਤ ਹੁੰਦਾ ਹੈ। ਪਾਤਰਾਂ ਦੀ ਭਾਸ਼ਾ ਇਕ ਨਿਯਮ ਪ੍ਰਬੰਧ ਵਿਚ ਪਰੋਈ ਹੁੰਦੀ ਹੈ। ਗਲਪੀ ਰਚਨਾ ਪ੍ਰਬੰਧ ਵਿਚ ਬਿਰਤਾਂਤਕਾਰ ਦਾ ਇਕ ਭਾਸ਼ਾਈ ਪ੍ਰਬੰਧ ਹੁੰਦਾ ਹੈ। ਜਦੋਂ ਬਿਰਤਾਂਤਕਾਰ ਸਰਗਰਮ ਪਾਤਰ ਹੁੰਦਾ ਹੈ ਤਾਂ ਭਾਸ਼ਾਈ ਬਣਤਰ ਪਾਤਰ ਦੀ ਸਮਾਜਕ ਸਥਿਤੀਆਂ ਅਨੁਸਾਰ ਵਰਤੀ ਜਾਂਦੀ ਹੈ ਪਰੰਤੂ ਜਦੋਂ ਪਾਤਰ ਗ਼ੈਰ-ਸਰਗਰਮ ਬਿਰਤਾਂਤਕਾਰ ਅਰਥਾਤ ਮੂਕ ਰੂਪ ਵਿਚ ਰਚਨਾਕਾਰ ਦਾ ਪ੍ਰਤੀਨਿਧ ਬਣ ਕੇ ਸਾਹਮਣੇ ਆਉਂਦਾ ਹੈ ਤਾਂ ਉਸ ਦਾ ਭਾਸ਼ਾ ਵਾਰਤਕ ਦੀ ਭਾਸ਼ਾ ਦੇ ਆਸ-ਪਾਸ ਰਹਿੰਦੀ ਹੈ। ਆਮ ਜੀਵਨ ਵਿਚ ਵਿਅਕਤੀ ਅਜਿਹੇ ਨਿਯਮਾਂ ਤੋਂ ਮੁਕਤ ਹੁੰਦਾ ਹੈ। ਇਸ ਤਰ੍ਹਾਂ ਓਪਰੀ ਨਜ਼ਰੇ ਵੇਖਿਆਂ ਪਾਤਰ ਰਚਨਾਤਮਕ ਨਿਯਮਾਂ ਵਿਚ ਬੱਝਿਆ ਹੋਇਆ ਹੁੰਦਾ ਹੈ। ਇਸ ਦੇ ਬਾਵਜੂਦ ਪਾਤਰਾਂ ਦੀ ਮੌਲਿਕਤਾ ਉਸ ਦੀ ਖੁਦਮੁਖਤਾਰੀ



ਮੌਜੂਦ ਹੁੰਦੀ ਹੈ। ਉਹ ਵਿਅਕਤੀ ਨਹੀਂ ਹੁੰਦਾ ਪਰੰਤੂ ਵਿਅਕਤੀ ਦਾ ਪਰਾ ਰੂਪ ਹੁੰਦਾ ਹੈ।

ਇਸ ਨਿਖੇੜੇ ਰਾਹੀਂ ਪਾਤਰ ਤੇ ਵਿਅਕਤੀ ਦੀ ਸੀਮਾ ਰੇਖਾ ਨਿਸਚਿਤ ਕਰਕੇ ਆਲੋਚਕ ਉਹਦੀ ਖੁਦਮੁਖਤਾਰੀ ਦੀ ਨਿਸ਼ਾਨਦੇਹੀ ਕਰਦਾ ਹੈ। ਵਿਅਕਤੀ ਅਸਲ ਵਿਚ ਬਿਨਸਨਹਾਰ ਹੈ ਜਦ ਕਿ ਪਾਤਰ ਜੜ੍ਹ ਰੂਪ ਸਦੀਵੀ ਹੈ। ਏਸੇ ਕਰਕੇ ਉਹਦੀ ਖੁਦਮੁਖਤਾਰੀ, ਇਕ ਅਜਿਹੇ ਘਟਕ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ ਜਿਸਨੇ ਕਥਾ ਦੀ ਪਛਾਣ ਨਿਰਧਾਰਤ ਕਰਨੀ ਹੈ। ਬਿਰਤਾਂਤਕਾਰ ਦਾ ਘੜਿਆ ਪਾਤਰ ਵਿਅਕਤੀ ਦੇ ਗੁਣਾਂ ਦਾ ਮੁਜੱਸਮਾ ਹੋ ਸਕਦਾ ਹੈ। ਇਸ ਲਈ ਪਾਤਰ ਦੀ ਘਾੜਤ ਵੇਲੇ ਉਹ ਇਕ ਸਿਰਜਨਾਤਮਕ ਅਮਲ ਵਿਚੋਂ ਲੰਘ ਰਿਹਾ ਹੈ। ਉਹ ਰੱਬ ਦੇ ਬਣਾਏ ਬੰਦੇ ਦੇ ਤੁਲ ਇਕ ਅਜਿਹਾ ਬੰਦਾ ਅਥਵਾ ਪਾਤਰ ਘੜ ਰਿਹਾ ਹੈ ਜੋ ਉਹਦੇ ਅਚੇਤਨ ਵਿਚ ਪਿਆ ਹੈ। ਉਹ ਯਥਾਰਥ ਵਿਚ ਪਏ ਕਿਸੇ ਵਿਅਕਤੀ ਦਾ ਪਰਾ ਰੂਪ ਤਾਂ ਹੋ ਸਕਦਾ ਹੈ ਪਰ ਹੂਬਹੂ ਨਹੀਂ। ਖੁਦਮੁਖਤਾਰ ਪਾਤਰ ਦੀ ਘਾੜਤ ਸੰਬੰਧੀ ਆਲੋਚਕ ਇਕ ਹੋਰ ਵਿਸ਼ੇਸ਼ ਟਿਪਣੀ ਕਰਦਿਆਂ ਲਿਖਦਾ ਹੈ -

ਇਸੇ ਲਈ ਕਹਾਣੀ ਦੇ ਪਾਤਰ ਨੂੰ ਘੜਦੇ ਹੋਏ ਕਹਾਣੀਕਾਰ ਇਕ ਪ੍ਰੀਖਿਆ ਦੀ ਘੜੀ ਵਿਚੋਂ ਲੰਘਦਾ ਹੈ। ਅਜਿਹਾ ਕਰਦੇ ਹੋਏ ਪਾਤਰ ਕਹਾਣੀਕਾਰ ਦੀ ਇੱਛਾ ਤੋਂ ਸੁਤੰਤਰ ਹੋਣ ਦੇ ਸਮਰੱਥ ਹੋਣਾ ਚਾਹੀਦਾ ਹੈ। ਇਸੇ ਲਈ ਸਮਰੱਥ ਪਾਤਰ ਨੂੰ ਸਾਂਸਕ੍ਰਿਤਕ ਪਰਿਵੇਸ਼ ਸਮੇਤ ਉਭਾਰਦਾ ਹੈ। ਸਾਂਸਕ੍ਰਿਤਕ ਪਰਿਵੇਸ਼ ਵਿਚ ਹੋਣ ਵਾਲਾ ਪਾਤਰ ਗਤੀਸ਼ੀਲ ਹੋਏਗਾ ਅਤੇ ਹਰ ਪ੍ਰਕਾਰ ਦੀ ਮਕਾਨਕੀ ਪਹੁੰਚ ਤੋਂ ਮੁਕਤ ਹੋਏਗਾ। ਕਈ ਵਾਰ ਸਮਾਜ ਪ੍ਰਤੀ ਪੂਰਵ ਧਾਰਨਾਵਾਂ ਤੋਂ ਪ੍ਰਭਾਵਿਤ ਕਹਾਣੀਕਾਰ ਇਕ ਸਮਾਜਿਕ ਮਾਨਤਾਵਾਂ ਪ੍ਰਤੀ ਫਾਰਮੂਲਾ ਬਣਾਉਂਦਾ ਹੈ, ਉਸੇ ਫਾਰਮੂਲੇ ਵਿਚ ਪਾਤਰ ਨੂੰ ਫਿੱਟ ਕਰ ਦਿੰਦਾ ਹੈ। ਇਹ ਫਾਰਮੂਲਾ ਭਾਵੇਂ ਆਰਥਿਕ, ਸਮਾਜਿਕ, ਧਾਰਮਿਕ ਜਾਂ ਸਾਂਸਕ੍ਰਿਤਕ ਕੋਈ ਵੀ ਹੋਵੇ। ਸਾਡੀ ਬਹੁਤੀ ਪ੍ਰਵਿਰਤੀਮੂਲਕ ਕਹਾਣੀ ਇਸੇ ਸਮੱਸਿਆ ਦੀ ਸ਼ਿਕਾਰ ਰਹੀ ਹੈ।

ਜਿਸ ਸਮੱਸਿਆ ਵਲ ਪੁਸਤਕ ਲੇਖਕ ਇਸ਼ਾਰਾ ਕਰ ਰਿਹਾ ਹੈ ਉਹ ਸਿਧਾਂਤਕ ਰੂਪ ਵਿਚ ਬੜੀ ਲੁਭਾਵਣੀ ਹੈ ਪਰ ਵਾਸਤਵਿਕ ਰੂਪ ਵਿਚ ਸ਼ਾਇਦ ਅਜਿਹਾ ਨਹੀਂ ਵਾਪਰਦਾ। ਲੇਖਕ ਨੇ ਪਾਤਰ ਦੀ ਘਾੜਤ ਵੇਲੇ ਵਿਸ਼ੈ ਦੇ ਵਿਸਥਾਰ ਤੇ ਪਾਤਰ ਦੀ ਚਾਲ ਨੂੰ ਧਿਆਨ ਵਿਚ ਰਖਣਾ ਹੁੰਦਾ ਹੈ। ਇਹੀ ਕਾਰਨ ਹੈ ਕਿ ਕਈ ਵਾਰ ਪਾਤਰ ਸਿਰਜਦੇ ਸਮੇਂ ਉਹ ਕਥਾਕਾਰ ਦੇ ਹੱਥੋਂ ਤਿਲਕ ਜਾਂਦਾ ਹੈ। ਪਾਤਰ ਦੀ ਚੋਣ ਤੇ ਘਾੜਤ ਬੜਾ ਮਹੱਤਵਪੂਰਨ ਮਸਲਾ ਹੈ। ਇਸਨੂੰ ਅਜਿਹਾ ਲੇਖਕ ਤਾਂ ਹੀ ਨਜਿਠ ਸਕਦਾ ਹੈ ਜੇ ਪਾਤਰ ਉਹਦੇ ਹੱਥ ਦੀ ਕਠ ਪੁਤਲੀ ਦੀ ਬਜਾਏ ਖੁਦ ਵਿਚਰਨ ਦੀ ਸਮਰਥਾ ਰਖਦਾ ਹੋਵੇ। ਲੇਖਕ ਕੋਲ ਸੁਚੇਤ ਸਿਰਜਨਾ ਦਾ ਹੁਨਰ ਹੋਣਾ ਚਾਹੀਦਾ ਹੈ। ਕਲਾ ਕੌਸ਼ਲਤਾ ਹੀ ਅਜਿਹੇ ਪਾਤਰ ਨੂੰ ਖੁਦਮੁਖਤਾਰ ਰੂਪ ਵਿਚ ਸਦੀਵੀ ਬਣਾ ਦੇਂਦੀ ਹੈ। ਪਾਤਰ ਨੇ ਤਣਾਓ ਤੇ ਟਕਰਾਵਾਂ ਵਿਚੋਂ ਲੰਘ ਕੇ ਹੀ ਆਪਣੀ ਹੋਂਦ ਦਾ ਅਹਿਸਾਸ ਕਰਾਉਣਾ ਹੰਦਾ ਹੈ। ਸਹਾਇਕ ਪਾਤਰਾਂ ਨੇ ਉਹਦੇ ਨਾਲ ਨਾਲ ਉਹਨੂੰ ਊਰਜਾ ਵੀ ਪ੍ਰਦਾਨ ਕਰਨੀ ਹੁੰਦੀ ਹੈ ਜਿਸ ਨਾਲ ਉਹਦੇ ਵਿਚ ਚਮਕ ਆ ਜਾਵੇ। ਪੁਸਤਕ ਲੇਖਕ ਦਾ ਇਹ ਜਤਨ ਬੜਾ ਨਿਵੇਕਲਾ ਤੇ ਪ੍ਰਸੰਸਾਯੋਗ ਹੈ ਕਿ ਆਖਰ ਉਹ ਕਿਹੜੇ ਪਾਤਰ ਹਨ ਜੋ ਪੰਜਾਬੀ ਆਚੇਤਨ ਵਿਚ ਖਾਸ ਥਾਂ ਬਣਾ ਗਏ ਤੇ ਕਿਉਂ? ਏਸੇ ਤਲਾਸ਼ ਵਿਚੋਂ ਲੇਖਕ ਮੁਢ ਤੋਂ ਲੈ ਕੇ ਹੁਣ ਤੱਕ ਦੀਆਂ ਕੁਝ ਵਿਸ਼ੇਸ਼ ਕਹਾਣੀਆਂ ਦਾ ਗਹਿਨ ਅਧਿਐਨ ਕਰਕੇ ਉਨ੍ਹਾਂ ਪਾਤਰਾਂ ਨੂੰ ਅਗਰਭੂਮਿਤ ਕਰਦਾ ਹੈ ਜਿਹੜੇ ਖੁਦਮੁਖਤਾਰ ਹੋਂਦ ਦੇ ਧਾਰਨੀ ਨਜ਼ਰ ਆਉਂਦੇ ਹਨ।

ਮੁਢਲੇ ਰੂਪ ਵਿਚ ਉਹ ਗੁਰਬਖਸ਼ ਸਿੰਘ ਪ੍ਰੀਤ ਲੜੀ ਦੀ ਕਹਾਣੀ ‘ਪਿਆਰ ਕਬਜਾ ਨਹੀਂ ਪਹਿਚਾਣ ਹੈ’ ਵਿਚਲੇ ਪਾਤਰ ਦੀ ਖੁਦਮੁਖਤਾਰੀ ਦੀ ਸ਼ਨਾਖਤ ਕਰਦਾ ਹੈ। ਗੁਰਬਖਸ਼ ਸਿੰਘ ਇਕ ਵਿਸ਼ੇਸ਼ ਪ੍ਰਕਾਰ ਦੀ ਵਿਚਾਰਧਾਰਾ ਤੇ ਸ਼ੈਲੀ ਦਾ ਮੁਦਈ ਸੀ। ਇਸ ਬਾਰੇ ਲੇਖਕ ਲਿਖਦਾ ਹੈ -

ਉਸਦਾ ਮੁਖ ਮਸਲਾ ਆਪਣੀ ਪਲੈਟੋਨਿਕ ਆਦਰਸ਼ਵਾਦੀ ਵਿਚਾਰਧਾਰਾ ਦਾ ਪ੍ਰਚਾਰ ਅਤੇ

ਪਾਸਾਰ ਸੀ। ਇਸ ਲਈ ਉਹ ਸ਼ਬਦਾਂ ਦਾ ਜਾਲ ਬੁਣਦਾ ਸੀ ਅਤੇ ਵਿਚਾਰਧਾਰਾ ਉਤੇ ਜ਼ੋਰ ਦੇਣ ਲਈ ਅਲੰਕ੍ਰਿਤ ਭਾਸ਼ਾ ਦੀ ਵਰਤੋਂ ਕਰਦਾ ਸੀ। ਇਸ ਪ੍ਰਕਾਰ ਉਹ ਅਨੋਖੇ ਪਾਤਰਾਂ ਦੀ ਸਿਰਜਨਾ ਕਰਦਾ ਸੀ। ਇਹ ਅਨੋਖੇ ਪਾਤਰ ਆਪਣੀ ਮਿਸਾਲ ਆਪ ਸਨ। ਉਹ ਖੁਦਮੁਖਤਾਰੀ ਦਾ ਪ੍ਰਭਾਵ ਸਿਰਜਦੇ ਸਨ, ਸਮਾਜ ਨਾਲ ਟਕਰਾਉਂਦੇ ਅਤੇ ਆਪਣਾ ਰਸਤਾ ਆਪ ਬਣਾਉਂਦੇ ਸਨ।

ਏਸੇ ਤਰ੍ਹਾਂ ਅੰਮ੍ਰਿਤਾ ਪ੍ਰੀਤਮ ਦੀਆਂ ਕਹਾਣੀਆਂ ਵਿਚੋਂ ਉਹਨੇ **'ਸ਼ਾਹ ਦੀ ਕੰਜਰੀ'** ਅਤੇ **'ਮੁਰੱਬਿਆਂ ਵਾਲੀ'** ਨੂੰ ਲਿਆ ਹੈ। **'ਸ਼ਾਹ ਦੀ ਕੰਜਰੀ'** ਵਿਚਲੀ ਨੀਲਮ ਇਕ ਤਾਕਤਵਾਰ ਪਾਤਰ ਦਾ ਦਮ ਰਖਦੀ ਹੈ ਪਰ ਉਹਦੇ ਸਮਾਜਕ ਰੁਤਬੇ ਅਨੁਸਾਰ ਉਹ ਉਚਤਾ ਪ੍ਰਾਪਤ ਨਹੀਂ ਕਰ ਸਕਦੀ। ਕਿਉਂਕਿ ਵੇਸਵਾ ਕਿਸੇ ਦੀ ਚਹੇਤੀ ਰਖੇਲ ਤਾਂ ਬਣ ਸਕਦੀ ਹੈ ਪਰ ਸਮਾਜਕ ਹਰਾਰਕੀ ਅਨੁਸਾਰ ਉਹ ਘਰਵਾਲੀ ਦਾ ਦਰਜਾ ਨਹੀਂ ਗ੍ਰਹਿਣ ਕਰ ਸਕਦੀ। ਸ਼ਾਹ ਦੀ ਘਰਵਾਲੀ ਸਾਹਮਣੇ ਉਹਦਾ ਕੋਈ ਰੁਤਬਾ ਨਹੀਂ ਹਾਲਾਂਕਿ ਉਹ ਸ਼ਾਹ ਦੀ ਪਸੰਦੀਦੀ ਰਖੇਲ ਹੈ। ਅੰਮ੍ਰਿਤਾ ਨੇ ਭਾਵੇਂ ਇਸ ਪਾਤਰ ਰਾਹੀਂ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਚਿਤਰਿਆ ਹੈ ਪਰ ਉਹ ਸਮਾਜ ਦੀ ਚੂਲ ਨੂੰ ਮੋੜਾ ਨਹੀਂ ਦੇ ਸਕਦੀ। ਸਦੀਆਂ ਤੋਂ ਉਹਦੀ ਅਜਿਹੀ ਸਥਿਤੀ ਜਿਸ ਪਿਤਰੀ ਸੱਤਾ ਨੇ ਪੈਦਾ ਕੀਤੀ ਹੈ ਉਸ ਨਾਲ ਉਹਦਾ ਰਿਸ਼ਤਾ ਟਕਰਾ ਕੇ ਟੁਟ ਤਾਂ ਸਕਦਾ ਹੈ ਪਰ ਚਿੱਬ ਨਹੀਂ ਪਾ ਸਕਦਾ। ਉਹਦੇ ਅੰਦਰਲਾ ਦੂਸਰੇ ਦਰਜੇ ਦੀ ਔਰਤ ਹੋਣ ਦਾ ਅਹਿਸਾਸ ਉਸਨੂੰ ਖੁਦਮੁਖਤਾਰ ਪਾਤਰ ਬਣਾਂਦਾ ਹੈ ਕਿਉਂਕਿ ਉਹਨੂੰ ਆਪਣੀ ਹੋਣੀ ਦਾ ਪਤਾ ਹੈ।

ਪੰਜਾਬੀ ਕਹਾਣੀਕਾਰਾਂ ਵਿਚੋਂ ਸੇਖੋਂ, ਵਿਰਕ, ਸੁਜਾਨ ਸਿੰਘ, ਸੰਤੋਖ ਸਿੰਘ ਧੀਰ, ਦੁਗਲ, ਪ੍ਰੇਮ ਪ੍ਰਕਾਸ਼, ਵਰਿਆਮ ਸੰਧੂ ਤੇ ਫਿਰ ਦਲਿਤ, ਪ੍ਰਵਾਸੀ ਤੇ ਨਾਰੀ ਕਹਾਣੀਕਾਰਾਂ ਦੀਆਂ ਕਹਾਣੀਆਂ ਵਿਚੋਂ ਸਸ਼ਕਤ ਪਾਤਰਾਂ ਦੀ ਸ਼ਨਾਖਤ ਕਰਕੇ ਲੇਖਕ ਉਨ੍ਹਾਂ ਦੇ ਪੈਰਾਡਾਇਮ ਉਸਾਰਦਾ ਹੈ। ਸੇਖੋਂ ਦੀਆਂ ਕਹਾਣੀਆਂ **'ਇਹ ਨਿਦੋਸ਼ਾ ਮਾਰੀਐ'** ਦਾ ਇੰਦਰ ਸਿੰਘ ਅਤੇ **'ਹਲਵਾਹ'** ਦਾ ਨਿਰੰਜਣ ਇਕੋ ਪਾਤਰ ਦੇ ਵੱਖ ਵੱਖ ਰੂਪ ਹੈ। ਲੇਖਕ ਦਾ ਕਥਨ ਹੈ ਕਿ ਇਹ ਸਾਰੇ ਪਾਤਰ ਸੰਕਟ ਭੋਗਦੇ ਹੋਏ ਕਰਜੇ ਦਾ ਸ਼ਿਕਾਰ ਹਨ। ਬਿਜੈ ਸਿੰਘ ਕਰਜ਼ੇਮਾਰੀ ਕਿਸਾਨੀ ਦਾ ਪ੍ਰਤੀਕ ਹੈ। ਕਰਮ ਸਿੰਘ ਖੇਤੀ ਅਰਥਚਾਰੇ ਤੋਂ ਮੁਕਤੀ ਲਈ ਫੌਜ ਦਾ ਆਸਰਾ ਦੇਖਦਾ ਹੈ। ਇੰਦਰ ਸਿੰਘ ਵੀ ਇਹੋ ਜਿਹਾ ਹੀ ਪਾਤਰ ਹੈ। ਹਰੇ ਇਨਕਲਾਬ ਤੋਂ ਪਹਿਲਾਂ ਦੇ ਸੇਖੋਂ ਦੇ ਪਾਤਰ ਉਸ ਕਿਸਾਨੀ ਦੀ ਪ੍ਰਤੀਨਿਧਤਾ ਕਰਦੇ ਹਨ ਜੋ ਅੜੀ ਥੁੜੀ, ਕਰਜਾਈ ਹੈ ਤੇ ਕਿਸੇ ਨਵੀਂ ਦਿਸ਼ਾ ਦੀ ਭਾਲ ਵਿਚ ਹੈ।

ਵਿਰਕ ਦੀ ਕਹਾਣੀ **'ਉਜਾੜ'** ਦਾ ਆਲਾ ਸਿੰਘ, **'ਤੂੜੀ ਦੀ ਪੰਡ'** ਦਾ ਬਹਾਦਰ ਸਿੰਘ ਜਾਂ ਫਿਰ ਇਸ ਵਿਚ ਉਹਦੀ ਕਹਾਣੀ ਧਰਤੀ ਹੇਠਲਾ ਬਲਦਾ ਵਿਚਲੇ ਕਰਮ ਸਿੰਘ ਦਾ ਪਿਤਾ ਅਜਿਹੇ ਪਾਤਰ ਹਨ ਜੋ ਖੁਦਮੁਖਤਾਰੀ ਵਾਲੀ ਸ਼ਨਾਖਤ ਰਖਦੇ ਹਨ। ਇਨ੍ਹਾਂ ਦੀ ਮਾਨਸਿਕਤਾ ਇਹਨਾਂ ਦੀ ਘਾੜਤ ਵਿਚੋਂ ਉਭਰਦੀ ਹੈ ਏਸੇ ਤਰ੍ਹਾਂ ਸੁਜਾਨ ਸਿੰਘ, ਦੁਗਲ, ਧੀਰ, ਪ੍ਰੇਮ ਪ੍ਰਕਾਸ਼ ਦੇ ਪਾਤਰਾਂ ਦੀ ਚੀਰ ਫਾੜ ਕਰਕੇ ਲੇਖਕ ਪੰਜਾਬੀ ਕਹਾਣੀ ਪ੍ਰਤੀ ਇਕ ਵਿਸ਼ੇਸ਼ ਸਮਝ ਬਣਾਉਣ ਦੇ ਆਹਰ ਵਿਚ ਹੈ।


ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਡਾ. ਰਜਨੀਸ਼ ਬਹਾਦਰ ਨੇ ਪੰਜਾਬੀ ਕਹਾਣੀ ਨੂੰ ਮਾਈਕਰੋ ਪੱਧਰ 'ਤੇ ਜਾ ਕੇ ਸਮਝਣ ਦਾ ਉਪਰਾਲਾ ਕੀਤਾ ਹੈ। ਪੰਜਾਬੀ ਕਹਾਣੀ ਚੌਥੀ ਕੂਟ ਤੱਕ ਪਹੁੰਚਦੀ ਆਪਣੇ ਅੰਦਰੋਂ ਬਹੁਪਰਤੀ ਤੇ ਬਹੁਦਿਸ਼ਾਵੀ ਰੂਪ ਧਾਰ ਗਈ ਹੈ। ਬਣੇ ਬਣਾਏ ਸਿਧਾਂਤਾਂ ਜਾਂ ਚੌਖਟਿਆਂ ਵਿਚ ਇਸ ਕਹਾਣੀ ਦੀ ਸਮਾਈ ਨਹੀਂ ਹੋ ਸਕਦੀ। ਇਸ ਦੇ ਨਿਕਟ ਅਧਿਐਨਾਂ ਰਾਹੀਂ ਜਿਥੇ ਅਸੀਂ ਕਹਾਣੀ ਦੀ ਗਹਿਨ ਸੰਰਚਨਾ ਵਿਚ ਪਏ ਅਰਥਾਂ ਦੀ ਥਾਹ ਪਾ ਸਕਾਂਗੇ ਓਥੇ ਨਾਲ ਹੀ ਕਹਾਣੀ ਦੇ ਕਾਵਿ ਸ਼ਾਸ਼ਤਰੀ ਪੈਟਰਨਾਂ ਰਾਹੀਂ ਇਹਦਾ ਸਾਹਿਤ ਸ਼ਾਸ਼ਤਰ ਸਿਰਜਣ ਦੇ ਸਮਰੱਥ ਹੋ ਸਕਾਂਗੇ। ਆਸ ਹੈ ਇਹ ਪੁਸਤਕ ਲੇਖਕਾਂ ਤੇ ਵਿਦਵਾਨਾਂ ਵਿਚ ਨਵੀਂ ਤਰ੍ਹਾਂ ਦੀ ਬਹਿਸ ਨੂੰ ਛੇੜਣ ਦਾ ਸਬੱਬ ਬਣੇਗੀ।

(**ਸੰਪਰਕ-94173-58120**)



# ਮਨੁੱਖ ਅੰਦਰੋਂ ਜਗੀਰੂ ਮੁੱਲਾਂ ਦੇ ਪਲਾਇਨ ਦੀ ਕਥਾਕਾਰੀ: ਪ੍ਰਿਜ਼ਮ

**- ਡਾ. ਗੁਰਮੇਲ ਸਿੰਘ**




'ਪ੍ਰਿਜ਼ਮ' ਜਾਣੇ ਪਛਾਣੇ ਪਰਵਾਸੀ ਪੰਜਾਬੀ ਕਹਾਣੀਕਾਰ ਹਰਪ੍ਰੀਤ ਸੇਖਾ ਦਾ ਤੀਜਾ ਕਹਾਣੀ ਸੰਗ੍ਰਹਿ ਹੈ। ਇਸ ਤੋਂ ਪਹਿਲਾਂ **'ਬੀ ਜੀ ਮੁਸਕਰਾ ਪਏ'** (2006) ਤੇ **'ਬਾਰਾਂ ਬੂਹੇ'** (2013) ਨਾਲ ਉਹ ਆਪਣੀ ਪਛਾਣ ਬਣਾ ਚੁੱਕਾ ਹੈ। ਪਰਵਾਸ ਉਸਦੀ ਕਰਮਭੂਮੀ ਹੈ ਇਸੇ ਕਰਕੇ ਉਸਦੀ ਕਥਾ ਸਿਰਜਣਾ ਪਰਵਾਸੀ ਮਸਲਿਆਂ ਵਿਚੋਂ ਜਨਮ ਲੈਂਦੀ ਹੈ। ਪਰਵਾਸੀ ਕਹਾਣੀ ਦੇ ਦ੍ਰਿਸ਼ ਤੇ ਸਰਸਰੀ ਝਾਤ ਮਾਰਿਆਂ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਪਿਛਲੇ ਪੰਜ-ਛੇ ਦਹਾਕਿਆਂ ਤੋਂ ਇਸਨੇ ਓਪਰੀ ਧਰਤ ਤੇ ਵਸਣ ਦੀ ਜਦੋ ਜਹਿਦ, ਹੱਡ ਭੰਨਵੀਂ ਮਿਹਨਤ, ਬੇਗਾਨਗੀ ਦਾ ਭਾਵ ਬੋਧ ਤੋਂ ਲੈ ਕੇ ਝੂ-ਹੇਰਵਾ,ਪੀੜ੍ਹੀ-ਪਾੜੇ ਦਾ ਸੰਕਟ ਵਰਗੇ ਮਸਲਿਆਂ ਨੂੰ ਬਾਰੀਕੀ ਨਾਲ ਪ੍ਰਸਤੁਤ ਕੀਤਾ ਹੈ। ਜਿਉਂ-ਜਿਉਂ ਪੰਜਾਬੀ ਮਨੁੱਖ ਪਰਵਾਸੀ ਜੀਵਨ ਵਿਚ ਆਪਣੇ ਆਪ ਨੂੰ ਆਤਮਸਾਤ ਕਰਦਾ ਗਿਆ ਤਿਉਂ-ਤਿਉਂ ਉਸਦੇ ਸਾਹਮਣੇ ਨਵੀਆਂ ਵੰਗਾਰਾਂ ਆਉਂਦੀਆਂ ਗਈਆਂ ਜਿਨ੍ਹਾਂ ਵਿਚ ਪੱਛਮੀ ਸਭਿਆਚਾਰ ਦੀ ਸਮਾਜਿਕ ਸੁਤੰਤਰਤਾ, ਔਰਤ ਦੀ ਨਿਰਣੇਕਾਰੀ ਭੂਮਿਕਾ ਤੇ ਜਗੀਰੂ ਕਦਰਾਂ ਕੀਮਤਾਂ ਦਾ ਵਿਖੰਡਨ ਵਰਗੇ ਮਸਲੇ ਪਰਵਾਸੀ ਪੰਜਾਬੀ ਕਹਾਣੀ ਦਾ ਵਿਸ਼ਾ ਬਣਦੇ ਆ ਰਹੇ ਹਨ।

ਪਰਵਾਸ ਆਪਣੇ ਆਪ ਵਿਚ ਆਰਥਿਕ ਤੇ ਸਮਾਜਿਕ ਹਾਲਾਤ ਦੀ ਬਿਹਤਰੀ ਲਈ ਮਨੁੱਖ ਦੀ ਜੱਦੋ ਜਹਿਦ ਨਾਲ ਸਬੰਧਤ ਵਰਤਾਰਾ ਹੈ। ਪਰੰਤੂ ਵੱਖਰੇ ਸਭਿਆਚਾਰਾਂ ਨਾਲ ਮੇਲ ਗੇਲ ਦੇ ਨਾਲ ਪਰਵਾਸੀ ਬੰਦੇ ਦੇ ਪੂਰਵ ਵਰਤੀ ਸੰਸਕਾਰਾਂ ਦਾ ਟੁੱਟਣਾ ਤੇ ਇਸ ਟੁੱਟ ਭੱਜ ਦੇ ਦਰਦ ਨੂੰ ਆਪਣੇ ਪਿੰਡੇ ਤੇ ਸਹਿਣਾ ਇਕ ਕਠੋਰ ਹਕੀਕਤ ਹੁੰਦੀ ਹੈ। ਪੰਜਾਬੀਆਂ ਦਾ ਪਰਵਾਸ ਉਨ੍ਹਾਂ ਮੁਲਕਾਂ/ ਸਭਿਆਚਾਰਾਂ ਵੱਲ ਆਕਰਸ਼ਿਤ ਰਿਹਾ ਹੈ ਜਿਥੇ ਆਰਥਿਕ ਸੰਪੰਨਤਾ ਦੇ ਨਾਲ ਨਾਲ ਵਿਅਕਤੀਗਤ ਆਜ਼ਾਦੀ ਤੇ ਜੀਵਨ ਨੂੰ ਰੱਜ ਕੇ ਜਿਊਣ ਦਾ ਸੁਪਨਾ ਸਾਕਾਰ ਹੋਣ ਦੀ ਸੰਭਾਵਨਾ ਹੋਵੇ। ਨਿਸ਼ਚਿਤ ਤੌਰ ਤੇ ਇਹ ਸੁਪਨਾ ਉਨ੍ਹਾਂ ਪ੍ਰਬੰਧਾਂ ਵਿਚ ਹੀ ਦੇਖਿਆ ਜਾ ਸਕਦਾ ਹੈ ਜੋ ਘੱਟੋ ਘੱਟ ਆਰਥਿਕ ਤੇ ਸਮਾਜਿਕ ਧਰਾਤਲ ਤੇ ਮਨੁੱਖ ਨੂੰ ਜੀਣ ਥੀਣ ਦਾ ਸੁਤੰਤਰ ਵਾਤਾਵਰਣ ਦੇ ਸਕਣ। ਦੂਜੇ ਪਾਸੇ ਹਰ ਇਕ ਸਭਿਆਚਾਰਕ ਇਕਾਈ ਦੇ ਕੋਲ ਆਪੋ ਆਪਣੇ ਸੰਸਕਾਰਾਂ, ਮਾਨਤਾਵਾਂ ਤੇ ਵਿਸ਼ਵਾਸਾਂ ਦਾ ਸਵੈਮਾਨਤਾ ਪ੍ਰਾਪਤ ਮੁੱਲ ਪ੍ਰਬੰਧ ਹੁੰਦਾ ਹੈ। ਪਰਵਾਸ ਵਿਚ ਰਹਿੰਦਿਆਂ ਮਨੁੱਖ ਨੂੰ ਸਵੈਮਾਨਤ ਮਾਨਤਾਵਾਂ ਵਿਚੋਂ ਪ੍ਰਵਾਨਯੋਗ ਤੇ ਅਪ੍ਰਵਾਨਯੋਗ ਮੁੱਲਾਂ ਦੀ ਕਾਂਟ ਛਾਂਟ ਕਰਨਾ ਜ਼ਰੂਰੀ ਹੁੰਦਾ ਹੈ। ਜਿਹੜੀਆਂ ਧਿਰਾਂ ਬਹੁ ਸਭਿਆਚਾਰੀ ਮਾਨਵੀ ਮੁੱਲਾਂ ਨੂੰ ਪ੍ਰਵਾਨ ਕਰਨ ਤੋਂ ਗੁਰੇਜ਼ ਕਰਦੀਆਂ ਰਹਿਣਗੀਆਂ ਉਨ੍ਹਾਂ ਨੂੰ ਵਧੇਰੇ ਸੰਤਾਪ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਕਰਕੇ ਇਕ ਪਾਸੇ ਪੰਜਾਬੀ, ਪਰਵਾਸ ਨੂੰ ਇਕ ਬਿਹਤਰ ਜ਼ਿੰਦਗੀ ਦਾ ਆਦਰਸ਼ ਮੰਨੀ ਬੈਠਾ ਹੈ ਤੇ ਦੂਜੇ ਪਾਸੇ ਉਸ ਨੂੰ

ਆਪਣੀਆਂ ਮਾਨਤਾਵਾਂ ਦੀ ਟੁੱਟ ਭੱਜ ਦਾ ਸੰਤਾਪ ਵੀ ਭੋਗਣਾ ਪੈ ਰਿਹਾ ਹੈ। **'ਪ੍ਰਿਜ਼ਮ'** (**ਕਹਾਣੀ ਸੰਗ੍ਰਹਿ**) (**ਪ੍ਰਕਾਸ਼ਕ: ਗਰੇਸ਼ੀਅਸ ਬੁੱਕਸ, ਸਾਹਮਣੇ ਪੰਜਾਬੀ ਯੂਨੀ. ਪਟਿਆਲਾ, ਪੰਨੇ 123, ਮੁੱਲ 175 ਰੁਪਏ**) ਅਜਿਹੀਆਂ ਜਗੀਰੂ ਮਾਨਤਾਵਾਂ ਦੀ ਟੁੱਟ ਭੱਜ ਨੂੰ ਕੇਂਦਰਿਤ ਕਰਦਾ ਹੈ। ਇਸ ਕਹਾਣੀ ਸੰਗ੍ਰਹਿ ਵਿਚ ਕੁਲ 7 ਕਹਾਣੀਆਂ ਹਨ ਜਿਨ੍ਹਾਂ ਵਿਚ **'ਪੰਜਾਬੀ ਸੂਟ'**, **'ਮੁਹੱਬਤਾਂ'**, **'ਹਾਊਸ ਵਾਈਫ'**, **'ਪੈਂਗੁਇਨ'**,**'ਵੀਰੇ ਨੂੰ ਮੈਂ ਨਹੀਂ ਮਾਰਿਆ'**, **'ਘਰ'** ਅਤੇ **'ਇਕ ਹੋਰ ਸੁੱਚਾ ਸਿੰਘ'** ਸ਼ਾਮਿਲ ਹਨ।

ਇਸ ਕਥਾ ਸੰਗ੍ਰਹਿ ਦੀ ਪਹਿਲੀ ਕਹਾਣੀ **'ਪੰਜਾਬੀ ਸੂਟ'** ਹੈ। ਪੰਜਾਬੀ ਸੂਟ ਸਭਿਆਚਾਰਕ ਚਿਹਨ ਹੈ ਜੋ ਵਿਅਕਤੀ / ਔਰਤ ਨੂੰ ਸਭਿਆਚਾਰਕ ਪਛਾਣ, ਸਮਾਜਿਕ ਮਰਿਆਦਾ ਤੇ ਇੱਜ਼ਤ ਆਬਰੂ ਵਰਗੇ ਸੰਸਕਾਰਾਂ ਦੀ ਜਕੜ ਵਿਚ ਬੰਨ੍ਹੀ ਰੱਖਦਾ ਹੈ।ਕਹਾਣੀਕਾਰ ਨੇ ਇਸ ਚਿਹਨ ਨੂੰ ਪੱਛਮੀ ਮੁਲਕਾਂ ਵਿਚ ਪਸਰ ਰਹੇ ਸਮਾਜਿਕ, ਆਰਥਿਕ ਤੇ ਸਭਿਆਚਾਰਕ ਸੰਕਟ ਦੀ ਕਠੋਰਤਾ ਨੂੰ ਸਮਝਣ ਤੇ ਜਾਚਣ ਦਾ ਯਤਨ ਕੀਤਾ ਹੈ। ਨਾ ਕੇਵਲ ਪੱਛਮੀ ਮੁਲਕਾਂ ਅੰਦਰ ਹੀ ਸੈਕਸ ਆਪਣੇ ਆਪ ਵਿਚ ਵੱਡੀ ਮੰਡੀ ਬਣ ਚੁੱਕਾ ਹੈ ਜਿਸ ਦੀ ਗ੍ਰਿਫ਼ਤ ਵਿਚ ਮਜਬੂਰੀ ਵੱਸ ਇਕ ਪੰਜਾਬਣ ਮੁਟਿਆਰ ਆ ਜਾਂਦੀ ਹੈ। ਇਹ ਧੰਦਾ ਉਸਦੀ ਜ਼ਿੰਦਗੀ ਵਿਚ ਇਕ ਵੱਡਾ ਸਹਾਰਾ ਬਣਦਾ ਹੈ। ਕਹਾਣੀਕਾਰ ਨੇ ਮਨੋਬਚਨੀ ਵਿਧੀ ਨਾਲ ਇਸ ਪਾਤਰ ਦੇ ਧੰਦੇ ਦੇ ਤਜ਼ਰਬੇ ਤੇ ਅਨੁਭਵਾਂ ਨੂੰ ਤੇ ਨਾਲ ਦੀ ਨਾਲ ਉਸਦੇ ਮਾਨਸਿਕ ਤੇ ਸਰੀਰਕ ਜਬਰ ਦੀ ਹਕੀਕਤ ਨੂੰ ਵੀ ਸਾਕਾਰ ਕੀਤਾ ਹੈ। ਇਕ ਸੈਕਸ ਵਰਕਰ ਦੇ ਰੂਪ ਵਿਚ ਪੰਜਾਬਣ ਮੁਟਿਆਰ ਦਾ ਵਿਚਰਨਾ ਜਿਥੇ ਪੰਜਾਬੀ ਭਾਈਚਾਰੇ ਲਈ ਵੱਡੀ ਨਮੋਸ਼ੀ ਤੇ ਹੱਤਕ ਵਾਲੀ ਗੱਲ ਹੈ ਉਥੇ ਇਸ ਪਾਤਰ ਲਈ ਵੀ ਮਜਬੂਰੀ ਵਿਚ ਲਿਆ ਗਿਆ ਤਲਖ਼ ਫ਼ੈਸਲਾ ਹੁੰਦਾ ਹੈ। ਕਥਾਕਾਰ ਮੁੱਖ ਤੌਰ ਤੇ ਇਨ੍ਹਾਂ ਦੋਹਾਂ ਧਰਾਤਲਾਂ ਉਤੇ ਹੀ ਕਥਾ ਨੂੰ ਨਹੀਂ ਫੈਲਾਉਂਦਾ ਬਲਕਿ ਤੀਜੇ ਬਿੰਦੂ ਤੇ ਵਧੇਰੇ ਫੋਕਸ ਕਰਦਾ ਹੈ ਜਿਥੇ ਸੈਕਸ ਸੇਵਾਵਾਂ ਹਾਸਲ ਕਰਨ ਵਾਲੇ ਮਨੁੱਖ ਦੀ ਸਮਾਜਿਕ ਤੇ ਮਾਨਸਿਕ ਸਥਿਤੀ ਤੇ ਮਾਨਸਿਕ ਗੁੰਝਲਾਂ ਦੇ ਰਾਹੀਂ ਪਰਵਾਸੀ ਤੇ ਆਵਾਸੀ ਮਸਲਿਆਂ ਨੂੰ ਡੂੰਘੀ ਨੀਝ ਨਾਲ ਸਮਝਣ ਦਾ ਉਪਰਾਲਾ ਕੀਤਾ ਗਿਆ ਹੈ।

ਇਸ ਕਹਾਣੀ ਦੀ ਕੇਂਦਰੀ ਧੁਨੀ ਕੇਂਦਰੀ ਪਾਤਰ ਦੀ ਕਰੈਗਸਲਿਸਟ ਤੇ ਲਿਖਿਆ 'ਨੋ ਇੰਡੋ-ਕਨੇਡੀਅਨ ਮੈਨ ਪਲੀਜ਼'ਹੈ। ਇਸ ਸਤਰ ਨੂੰ ਲਿਖਣ ਦੀ ਮਜਬੂਰੀ ਦੇ ਕਾਰਨਾਂ ਨੂੰ ਕਥਾਕਾਰ ਨੇ ਜਿਨ੍ਹਾਂ ਵਾਸਤਵਿਕ ਪਰਿਸਥਿਤੀਆਂ ਵਿਚੋਂ ਫੜਿਆ ਹੈ ਉਹ ਪੰਜਾਬੀ ਬੰਦੇ ਦੇ ਕਾਮੁਕ ਵਿਹਾਰ ਦੀਆਂ ਮਨੋਗੁੰਝਲਾਂ ਦੇ ਵਿਚ ਪਏ ਹਨ। ਮਸਲਨ ਇਹ ਮਨੁੱਖ ਸੈਕਸ ਦੀ ਲੋੜ ਦੇ ਨਾਲ ਨਾਲ ਉਸ ਤੋਂ ਉਪਜੇ ਆਨੰਦ ਦੀ ਤਲਾਸ਼ ਨਾਲੋਂ ਵੱਧ ਸੈਕਸ ਵਰਕਰ ਦੇ ਪਿਛੋਕੜ ਤੇ ਚਰਿੱਤਰ ਨੂੰ ਨੀਚਤਾ ਤੱਕ ਘਟਾ ਕੇ ਦੇਖਣ ਦਾ ਆਦੀ ਹੁੰਦਾ ਹੈ। ਹਾਲਾਂਕਿ ਉਸ ਸਮੇਂ ਉਹ ਮਰਦ ਵੀ ਵਿਹਾਰਕ ਪੱਧਰ ਤੇ ਬਰਾਬਰ ਦਾ ਭਾਈਵਾਲ ਹੁੰਦਾ ਹੈ। ਪਰੰਤੂ ਪੰਜਾਬੀ ਮਨੁੱਖ ਦੇ ਅੰਦਰ ਸਦੀਆਂ ਤੋਂ ਵੱਸੀ ਉਹ ਜਗੀਰੂ ਤੇ ਮਰਦ ਪ੍ਰਧਾਨ ਸੋਚ ਦਾ ਪਹਿਰਾ ਹੁੰਦਾ ਹੈ ਜੋ ਸਿਰਫ ਔਰਤ ਨੂੰ ਹੀ ਕਾਮਣ ਤੇ ਵਿਭਚਾਰਨ ਮੰਨਣ ਦਾ ਸ਼ਿਕਾਰ ਹੈ। ਸੈਕਸ ਪ੍ਰਕਿਰਿਆ ਦੌਰਾਨ ਪੰਜਾਬੀ ਬੰਦੇ ਦੁਆਰਾ ਪੁੱਛੇ ਗਏ ਅਜਿਹੇ ਸਵਾਲ ਕੇਂਦਰੀ ਪਾਤਰ ਦੇ ਮਾਨਸਿਕ ਤਣਾਉ ਦਾ ਕਾਰਨ ਬਣਦੇ ਹਨ, ਅਜਿਹੇ ਬੰਦੇ ਦਾ ਸਾਹਮਣਾ ਕਰਨਾ ਉਸ ਲਈ ਸਭ ਤੋਂ ਵੱਡੀ ਸਮੱਸਿਆ ਬਣ ਜਾਂਦੀ ਹੈ। ਕਿਉਂਕਿ ਇਥੇ ਪੰਜਾਬੀ ਸੂਟ ਦਾ ਚਿਹਨ ਬਦਲ ਕੇ ਸਭਿਆਚਾਰਕ ਮਰਿਆਦਾ ਦੀ ਕਾਰ ਰੇਖਾ ਬਣ ਜਾਂਦਾ ਹੈ। ਇਸ ਕਾਰ ਰੇਖਾ ਦੀ ਉਲੰਘਣਾ ਕਰਨੀ ਅਤਿਅੰਤ ਚੁਣੌਤੀ ਵਾਲਾ ਕਾਰਜ ਹੈ। ਦੇਖਣਾ ਇਹ ਬਣਦਾ ਹੈ ਕਿ ਪੱਛਮੀ ਮੁਲਕਾਂ ਦੇ ਸੁਤੰਤਰ ਵਾਤਾਵਰਨ ਵਿਚ ਵਿਚਰਦਾ ਮਨੁੱਖ ਤੇ ਖਾਸ ਕਰਕੇ ਔਰਤ ਪਿੱਤਰੀ ਸੱਤਾ ਦੇ ਸੰਰਚਨਾਤਮਕ ਢਾਂਚੇ ਤੋਂ ਮੁਕਤ ਨਹੀਂ ਹੋ ਸਕਦੀ। ਦੂਜਾ ਭਾਰਤੀ ਮਰਦ ਲਈ ਔਰਤ ਹੀ ਮਰਿਆਦਾ ਤੇ ਚਰਿਤਰ ਦੀ ਪਾਲਕ ਇਕੋ ਇਕ ਧਿਰ ਹੈ। ਇਸ ਧਿਰ ਦੇ ਸਿਰ ਤੇ ਹੀ ਮਰਦ ਦੇ ਸਮਾਜਿਕ ਮਾਣ ਸਨਮਾਨ ਨੂੰ ਬਰਕਰਾਰ ਰੱਖਣ ਦਾ ਜ਼ਿੰਮਾ ਠੋਸ ਦਿੱਤਾ ਹੈ। ਇਸੇ ਕਰਕੇ ਪੰਜਾਬਣ ਕੁੜੀ ਦਾ ਇਸ ਧੰਦੇ ਵਿਚ ਆਉਣਾ ਸਮੁੱਚੇ ਭਾਈਚਾਰੇ ਦੀ ਇੱਜ਼ਤ ਆਬਰੂ ਦਾ ਮਸਲਾ ਬਣ ਜਾਂਦਾ ਹੈ। ਇਥੇ ਕਥਾ ਦੇ ਇਸ ਬਿਰਤਾਂਤ ਨੂੰ



ਦੇਖਿਆ ਜਾ ਸਕਦਾ ਹੈ: ਅਗਲੇ ਦਿਨ ਉਸਨੇ ਮੇਰੀ ਵੋਇਸ ਮੇਲ ਵਿਚ ਭਰਿਆ ਹੋਇਆ ਸੀ, "ਤੂੰ ਪੰਜਾਬੀ ਕਮਿਊਨਿਟੀ ਤੇ ਧੱਬਾ ਹੈਂ।..." ਤੇ ਫਿਰ ਪੰਜਾਬੀ ਵਿਚ ਗਾਲਾਂ ਸਨ। ਉਸ ਤੋਂ ਅਗਲੀ ਸਵੇਰ ਉਸ ਨੇ ਭਰਿਆ, "ਯੂ ਆਰ ਡਿਸਕ੍ਰਿਮੀਨੇਟਿੰਗ ਯੂਅਰ ਓਨ ਪੀਪਲ...ਤੇ ਉਸ ਤੋਂ ਬਾਅਦ ਗਾਲਾਂ।

ਇਸ ਕਹਾਣੀ ਦਾ ਅਗਲਾ ਪਾਸਾਰ ਪੱਛਮੀ ਮੁਲਕਾਂ ਅੰਦਰ ਵਿਆਪ ਰਹੀ ਵੱਡੀ ਸਮੱਸਿਆ ਵਿਅਕਤੀ ਦੀ ਇਕੱਲਤਾ ਨਾਲ ਸਬੰਧਤ ਹੈ। ਕਹਾਣੀ ਦੇ ਵਸਤੂਗਤ ਵੇਰਵਿਆਂ ਅੰਦਰ ਸੈਕਸ ਦੀ ਭੁੱਖ ਕੋਈ ਮਸਲਾ ਨਹੀਂ ਹੈ ਜਿਵੇਂ ਕਿ ਅਕਸਰ ਸਮਝ ਲਿਆ ਜਾਂਦਾ ਹੈ ਸਗੋਂ ਉਹ ਸੁੰਨਾਪਣ ਤੇ ਇਕੱਲਤਾ ਹੈ। ਜਿਸ ਨੂੰ ਪੂਰਾ ਕਰਨ ਲਈ ਉਪਭੋਗਤਾ ਇਸ ਸੇਵਾ ਨੂੰ ਹਾਸਿਲ ਕਰਦਾ ਹੈ। ਇਥੇ ਮਨੁੱਖ ਕੋਲ ਗੱਲਾਂ ਕਰਨ ਵਾਲਾ ਹੀ ਕੋਈ ਨਹੀਂ ਹੈ। ਇਸੇ ਕਰਕੇ ਬਹੁਤੇ ਗਾਹਕ ਉਸ ਕੋਲੋਂ ਗੱਲਾਂ ਸੁਣਨ ਦੇ ਇਛੁੱਕ ਹਨ। ਕਈ ਗਾਹਕਾਂ ਕੋਲ ਉਨ੍ਹਾਂ ਦੇ ਟੱਬਰ ਵਿਚ ਅੱਗੇ ਪਿੱਛੇ ਕੋਈ ਵੀ ਨਹੀਂ ਹੈ। ਐਸਾ ਬੰਦਾ ਆਪਣਾ ਖਾਲੀਪਣ ਭਰਨ ਦੇ ਲਈ ਇਸ ਧੰਦੇ ਦਾ ਆਸਰਾ ਲੈ ਰਿਹਾ ਹੈ।

ਇਸੇ ਲੜੀ ਵਿਚ ਅਗਲਾ ਪਾਸਾਰ ਮਰਦ ਦੁਆਰਾ ਔਰਤ ਨੂੰ ਭੋਗਣ ਦੀ ਧੌਂਸਵਾਦੀ, ਸਨਕੀ ਤੇ ਅਮਾਨਵੀ ਰੁਚੀ ਦਾ ਹੈ ਜਿਸਨੇ ਔਰਤ ਦੇ ਸ਼ੋਸ਼ਣ, ਅਨਿਆ ਤੇ ਗੈਰ ਬਰਾਬਰੀ ਦਾ ਪਰਚਮ ਫੜ ਕੇ ਰੱਖਿਆ ਹੋਇਆ ਹੈ। ਇਹ ਮਰਦ ਭਾਵੇਂ ਪੂਰਬ ਦਾ ਹੋਵੇ ਭਾਵੇਂ ਪੱਛਮ ਦਾ ਉਸਦੀ ਜਮਾਂਦਰੂ ਬਿਰਤੀ ਨੂੰ ਔਰਤ ਸ਼ੋਸ਼ਣ ਦੇ ਪੱਖ ਵਿਚ ਸੇਧਤ ਕੀਤਾ ਗਿਆ ਹੈ। ਕਥਾ ਵੇਰਵਿਆਂ ਵਿਚ ਸਿਖਰਲਾ ਕਥਾਨਕ ਆਧਾਰ ਇਸੇ ਪਹਿਲੂ ਨਾਲ ਜੋੜਿਆ ਗਿਆ ਹੈ। ਜਿਥੇ ਇਕ ਪਾਸੇ ਇੰਡੋ-ਕਨੇਡੀਅਨ ਮੁੰਡੇ ਇਕ ਅੰਗਰੇਜ਼ ਲੜਕੀ ਨਾਲ ਰੇਪ ਕਰਕੇ ਉਸ ਨੂੰ ਕਤਲ ਕਰ ਦਿੰਦੇ ਹਨ ਉਥੇ ਗੋਰਿਆਂ ਦੇ ਅਪਰਾਧ ਦਾ ਵੀ ਕੋਈ ਅੰਤ ਨਹੀਂ। ਇਕ ਪਾਸੇ ਜਿਥੇ ਪੰਜਾਬੀ ਬੰਦਾ ਔਰਤ ਨੂੰ ਭੋਗਣ ਦੀ ਖੁੱਲ੍ਹ ਮਾਨਣਾ ਚਾਹੁੰਦਾ ਹੈ। ਉਥੇ ਉਸ ਨੂੰ ਆਪਣੀਆਂ ਕੁੜੀਆਂ ਦਾ ਅਜਿਹਾ ਧੰਦਾ ਕਮਿਊਨਿਟੀ ਤੇ ਲੱਗਣ ਵਾਲਾ ਕਲੰਕ ਵੀ ਲੱਗਦਾ ਹੈ। ਇਥੋਂ ਤੱਕ ਕਿ ਗੁਰਦੁਆਰੇ ਦੇ ਫੋਨ ਰਾਹੀਂ ਮਿਲਣ ਆਉਣ ਵਾਲਾ ਬੰਦਾ ਕੇਂਦਰੀ ਪਾਤਰ ਦੇ ਬਾਬੇ ਦੀ ਉਮਰ ਦਾ ਹੈ। ਉਹ ਇਕ ਪਾਸੇ ਬੀਬੀ ਦਾਹੜੀ ਵੀ ਰੱਖਦਾ ਹੈ ਤੇ ਨਾਲ ਦੀ ਨਾਲ ਵਿਭਚਾਰੀ ਰੁਚੀ ਦਾ ਵੀ ਸ਼ਿਕਾਰ ਹੈ।

ਇਸ ਕਹਾਣੀ ਵਿਚ **'ਪੰਜਾਬੀ ਸੂਟ'** ਦੇ ਚਿਹਨ ਨੂੰ ਇਕ ਖਾਸ ਧਰਾਤਲ ਤੋਂ ਸਮਝਣ ਦੇ ਲਈ ਕਥਾਕਾਰ ਜਿਸ ਉਪਕਥਾ ਦੀ ਸਿਰਜਣਾ ਕਰਦਾ ਹੈ ਉਹ ਔਰਤ ਦੇ ਸ਼ੋਸ਼ਣ ਦੀ ਇਕ ਨਵੀਂ ਸਨਕੀ ਪਰਤ ਵੱਲ ਇਸ਼ਾਰਾ ਕਰਦੀ ਹੈ। ਚਾਰਲੀ ਨਾਂ ਦੇ ਗੋਰੇ ਨੂੰ ਕਿਸੇ ਵੀ ਇੰਡੋ- ਕਨੇਡੀਅਨ ਔਰਤ ਨੂੰ ਪੰਜਾਬੀ ਸੂਟ ਪਵਾ ਕੇ ਭੋਗਣ ਦੀ ਸਨਕ ਇਸ ਕਰਕੇ ਹੈ ਕਿਉਂਕਿ ਉਸਦੀ ਜਵਾਨ ਕੁੜੀ ਨੂੰ ਪੰਜਾਬੀ ਮੁੰਡਿਆਂ ਨੇ ਰੇਪ ਕਰਕੇ ਕਤਲ ਕਰ ਦਿੱਤਾ ਸੀ। ਇਥੇ ਲੇਖਕ ਦਾ ਇਸ਼ਾਰਾ ਇਹ ਹੈ ਕਿ ਮਨੁੱਖ ਮਲਟੀਨੇਸ਼ਨ ਵਿਚ ਰਹਿੰਦਾ ਹੋਇਆ ਭਾਵੇਂ ਦਿੱਖ ਦੀ ਪੱਧਰ ਤੇ ਕਿੰਨਾ ਵੀ ਸਭਿਅਕ ਤੇ ਉਦਾਰ ਸੋਚ ਵਾਲਾ ਜਾਪਦਾ ਹੋਵੇ,ਪਰ ਉਸਦੀ ਮਾਨਸਿਕਤਾ ਦਾ ਇਕ ਪਾਸਾ ਮਜ਼ਹਬੀ ਤੁਅੱਸਬ ਤੇ ਨਸਲੀ ਹਉਂ ਤੋਂ ਮੁਕਤ ਨਹੀਂ ਹੋ ਪਾਇਆ। ਇਹ ਅੱਜ ਦੇ ਅਖੌਤੀ ਸਭਿਅਕ ਮਨੁੱਖ ਦੀ ਹੋਣੀ ਵੀ ਹੈ। ਜਿਵੇਂ ਇਹ ਗੋਰਾ ਜਿਨਸੀ ਅਪਰਾਧ ਨੂੰ ਇਕ ਅਪਰਾਧਕ ਬਿਰਤੀ ਨਾ ਸਮਝਦਾ ਹੋਇਆ ਇਸਨੂੰ ਹੋਰਨਾਂ ਨਸਲਾਂ ਦਾ ਖਾਸਾ ਮੰਨ ਲੈਂਦਾ ਹੈ। ਇਸੇ ਕਰਕੇ ਉਹ ਆਪਣੀ ਧੀ ਦਾ ਬਦਲਾ ਲੈਣ ਲਈ ਪੰਜਾਬੀ ਕਮਿਊਨਿਟੀ ਦੀ ਔਰਤ ਨੂੰ ਪਰਤਾੜਤ ਕਰਨ ਦਾ ਖ਼ਬਤ ਪਾਲ ਲੈਂਦਾ ਹੈ।

ਇਸ ਕਹਾਣੀ ਵਿਚ ਲੇਖਕ ਦੀ ਕਥਾ ਦ੍ਰਿਸ਼ਟੀ ਕਠੋਰ ਯਥਾਰਥਕ ਪਰਿਸਥਿਤੀਆਂ ਵਿਚੋ ਨਾਂਹ ਮੁਖੀ ਜਾਂ ਭਾਂਜਵਾਦੀ ਨਹੀਂ ਹੈ ਸਗੋਂ ਇਸ ਸਮੱਸਿਆ ਤੋਂ ਪਾਰ ਲੰਘ ਜਾਣ ਵਾਲੀ ਭਵਿੱਖਮੁਖੀ ਚੇਤਨਾ ਦਾ ਸੰਚਾਰ ਕਰਨ ਵਾਲੀ ਹੈ। ਲੇਖਕ ਤਲਖ਼ ਜੀਵਨ ਪਰਿਸਥਿਤੀਆਂ ਨਾਲ ਮੁਕਾਬਲਾ ਕਰਦੀ ਪੰਜਾਬਣ ਮੁਟਿਆਰ ਦਾ ਬਿੰਬ ਪ੍ਰਸਤੁਤ ਕਰਦਾ ਹੈ ਜੋ ਸਵੈ ਰੱਖਿਆ ਦੇ ਨਾਲ ਇਸ ਧੰਦੇ ਦੇ ਖਤਰਿਆਂ ਭਰੇ ਹਾਲਾਤ ਦਾ ਮੁਕਾਬਲਾ ਵੀ ਕਰਦੀ ਹੈ ਤੇ ਆਪਣੀ ਇੱਛਾ ਸ਼ਕਤੀ ਦੇ ਨਾਲ ਇਸ ਧੰਦੇ ਵਿਚੋਂ ਪੈਸਾ ਕਮਾ ਕੇ ਇਸ

ਜਿੱਲ੍ਹਣ ਭਰੀ ਜ਼ਿੰਦਗੀ ਤੋਂ ਮੁਕਤ ਵੀ ਹੋਣਾ ਚਾਹੁੰਦੀ ਹੈ ਤੇ ਨਾਲ ਹੀ ਪੰਜਾਬੀ ਸੂਟਾਂ ਦਾ ਬੂਟੀਕ ਖੋਲ੍ਹ ਕੇ ਆਰਥਿਕ ਤੇ ਸਮਾਜਿਕ ਤੌਰ ਤੇ ਇਕ ਸਨਮਾਨਯੋਗ ਜ਼ਿੰਦਗੀ ਦੀ ਸ਼ੁਰੂਆਤ ਵੀ ਕਰਨਾ ਲੋਚਦੀ ਹੈ। ਇਸ ਤਰ੍ਹਾਂ ਇਸ ਕਹਾਣੀ ਰਾਹੀਂ ਸੈਕਸ ਮੰਡੀ ਦੇ ਮਸਲੇ ਨੂੰ ਪ੍ਰਚੱਲਤ ਅਰਥਾਂ ਵਿਚੋਂ ਫੜਨ ਦੀ ਬਜਾਏ ਨਵੇਂ ਦ੍ਰਿਸ਼ਟੀਕੋਨਾਂ ਤੋਂ ਵੇਖਣ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।

**'ਮੁਹੱਬਤਾਂ'** ਇਸ ਪੁਸਤਕ ਦੀ ਦੂਜੀ ਖੂਬਸੂਰਤ ਕਹਾਣੀ ਹੈ। ਇਹ ਕਹਾਣੀ ਸਮਾਜਿਕ ਤੇ ਪਰਿਵਾਰਿਕ ਜ਼ਿੰਦਗੀ ਵਿਚ ਮੁਹੱਬਤ ਦੀ ਲੋੜ ਅਤੇ ਅਹਿਮੀਅਤ ਉਤੇ ਉਸਰਦੀ ਹੈ। ਇਸ ਕਹਾਣੀ ਦਾ ਕਥਾ-ਵਸਤੂ ਕਨੇਡਾ ਵਸਦੀ ਮੈਂ ਪਾਤਰ ਦੀ ਓਲਡ ਏਜ ਕੇਅਰ ਸੈਂਟਰ ਦੀ ਡਿਊਟੀ ਸਮੇਂ ਬਜ਼ੁਰਗਾਂ ਨਾਲ ਕੌੜੇ ਵਿਹਾਰ ਵਾਲੇ ਸੁਭਾਅ ਦੇ ਕਾਰਨ, ਸਾਰੀ ਉਮਰ ਪਤੀ ਦੀਆਂ ਵਧੀਕੀਆਂ ਸਹਿੰਦੀ ਉਸਦੀ ਆਪਣੀ ਮਾਂ ਦੀਆਂ ਸਿਮਰਤੀਆਂ ਅਤੇ ਨਾਲ ਰਹਿ ਰਹੇ ਪਿਓ ਦਾ ਰੁੱਖਾ ਵਿਹਾਰ ਹੈ। ਇਸਦੇ ਨਾਲ ਨਾਲ ਉਸਦੀ ਸਹਿਕਰਮਣ 'ਪ੍ਰੀਤ' ਦੇ ਨਿੱਘੇ ਅਤੇ ਮੁਹੱਬਤ ਭਰੇ ਵਿਹਾਰ ਦੇ ਆਸ ਪਾਸ ਸਿਰਜਿਆ ਗਿਆ ਹੈ। ਇਸ ਕਹਾਣੀ ਦੀਆਂ ਤਿੰਨ ਸ਼ੇਡਜ਼ ਹਨ। ਪਹਿਲੀ ਮੈਂ ਪਾਤਰ ਦੇ ਮੋਹ ਰਹਿਤ ਸੁਭਾਅ ਦੀ ਪਿੱਠਭੂਮੀ ਦਾ ਉਸਾਰ, ਦੂਜੀ, ਪ੍ਰੀਤ ਦੇ ਸੁਭਾਅ ਦੇ ਨਿੱਘੇਪਣ ਦੀ ਪਿੱਠਭੂਮੀ ਦਾ ਉਸਾਰ, ਤੀਜੀ ਆਪਣੇ ਪਿਓ ਦੇ ਮੁਕਾਬਲੇ ਸੂਜਨ ਤੇ ਉਸਦੇ ਘਰਵਾਲੇ ਦਾ ਵਿਹਾਰ। ਆਪਣੀ ਡਿਊਟੀ ਦੌਰਾਨ ਬੁੱਢੇ ਲੋਕਾਂ ਨਾਲ ਨਿੱਘੇ ਵਰਤਾਓ ਦੇ ਆਭਾਵ ਪਿਲਛੇ ਕਾਰਨਾਂ ਦੀ ਤਲਾਸ਼ ਕਰਦਿਆਂ ਇਹ ਸਹਿਜੇ ਹੀ ਪਤਾ ਚੱਲ ਜਾਂਦਾ ਹੈ ਕਿ ਭਾਰਤੀ ਪਿਤਰਕੀ ਪ੍ਰਬੰਧ ਆਪਣੀ ਧੌਂਸ ਤੇ ਸਰਦਾਰੀ ਦਾ ਸ਼ਿਕਾਰ ਹੋਣ ਕਰਕੇ ਔਰਤ ਨਾਲ ਇਕ ਮੁਹੱਬਤ ਭਰਿਆ ਸੁਖਾਵਾਂ ਮਾਹੌਲ ਸਿਰਜਣ ਤੋਂ ਖੁੰਝ ਗਿਆ ਹੈ ਤੇ ਇਸਨੇ ਪਰਿਵਾਰਾਂ ਦੇ ਵਰਤ ਵਰਤਾਵੇ ਵਿਚ ਕਲੇਸ਼ ਪੈਦਾ ਕਰ ਦਿੱਤਾ ਹੈ। ਇਸੇ ਕਰਕੇ ਕਨੇਡਾ ਵਿਚ ਆਪਣੀ ਧੀ ਦੇ ਆਸਰੇ ਰਹਿੰਦਾ ਹੋਇਆ ਵੀ ਇਹ ਬੰਦਾ ਘਰ ਵਿਚ ਸੁਖਾਵਾਂ ਮਾਹੌਲ ਨਹੀਂ ਬਣਾ ਸਕਦਾ। ਉਲਟਾ ਉਹ ਆਪਣੇ ਪੋਤੇ ਤੇ ਧੀ ਦੇ ਤਣਾਓ ਦਾ ਕਾਰਨ ਬਣ ਰਿਹਾ ਹੈ ਜਿਸਨੇ ਮੈਂ ਪਾਤਰ ਦੇ ਸੁਭਾਅ ਵਿਚ ਮਾਨਵਤਾ ਨੂੰ ਦਰਕਾਰ ਮੋਹ ਭਿੱਜੇ ਵਰਤਾਵੇ ਦੀ ਸੰਭਾਵਨਾ ਨੂੰ ਹੀ ਖਤਮ ਕਰਕੇ ਰੱਖ ਦਿੱਤਾ ਹੈ। ਦੂਜੇ ਪਾਸੇ ਉਸਦੀ ਸਹਿਕਰਮਣ ਪ੍ਰੀਤ ਦਾ ਜੀਵਨ ਦ੍ਰਿਸ਼ਟੀਕੋਣ ਮੋਹ ਭਿੰਨਾ, ਸੇਵਾ ਭਾਵ ਵਰਗੇ ਉੱਚ ਮਾਨਵੀ ਗੁਣਾਂ ਨਾਲ ਪੂਰੇ ਖਿੜਾਓ ਵਿਚ ਰਹਿੰਦਾ ਹੈ। ਮੈਂ ਪਾਤਰ ਨੂੰ ਸੰਬੋਧਨ ਉਸਦੇ ਬੋਲ: "ਏਨ੍ਹਾਂ ਵਿਚਾਰਿਆ ਦਾ ਕੀ ਗੁੱਸਾ ਕਰਨਾ, ਇਹ ਤਾਂ ਆਪਣੀਆਂ ਮੁਹੱਬਤਾਂ ਭਾਲਦੇ ਇਆ। ਪਰਿਵਾਰਾਂ ਵਿਚੋਂ ਆ ਕੇ ਇਥੇ ਰਹਿਣਾ ਕਿਤੇ ਸੌਖਾ ਇਆ।" ਵੀ ਉਸਦੇ ਸੁਭਾਅ ਵਿਚ ਕੋਈ ਤਬਦੀਲੀ ਨਹੀਂ ਲਿਆਉਂਦੇ। ਮੈਂ ਪਾਤਰ ਦੀਆਂ ਸਿਮਰਤੀਆਂ ਵਿਚ ਆਪਣੇ ਪਤੀ ਦੇ ਅੱਗੇ ਬੇਵੱਸ ਮਾਂ ਦਾ ਚਿਹਰਾ ਵੀ ਉਸਦੇ ਤਣਾਓ ਦਾ ਕਾਰਨ ਬਣਿਆ ਰਹਿੰਦਾ ਹੈ, ਉਹ ਵੇਖਦੀ ਹੈ ਕਿ ਕਿਵੇਂ ਬਿਮਾਰ ਸੂਜਨ ਨਾਲ ਉਸਦਾ ਪਤੀ ਕਿੰਨਾ ਪਿਆਰ ਅਤੇ ਦੇਖ ਭਾਲ ਕਰਦਾ ਹੈ।

ਇਸਦੇ ਨਾਲ ਨਾਲ ਇਹ ਕਹਾਣੀ ਪਰਵਾਸੀਆਂ ਦੇ ਕੰਮ ਦੇ ਰੁਝੇਵੇਂ ਭਰੀ ਜ਼ਿੰਦਗੀ ਦਾ ਚਿਤਰਣ ਵੀ ਕਰਦੀ ਹੈ। ਪਰਵਾਸੀ ਜ਼ਿੰਦਗੀ ਦੀ ਬੱਝਵੀਂ ਤੇ ਰੁਝੇਵੇਂ ਭਰੀ ਰਫ਼ਤਾਰ ਨਾਲ ਕਦਮ-ਦਰ-ਕਦਮ ਮਿਲਾ ਕੇ ਚੱਲਣ ਲਈ ਇਸ ਕਿਸਮ ਦੇ ਦਬਾਵਾਂ ਲਈ ਕੋਈ ਥਾਂ ਨਹੀਂ ਹੋਣੀ ਚਾਹੀਦੀ ਪਰੰਤੂ ਭਾਰਤੀ ਮਨੁੱਖ ਪਰਦੇਸ ਰਹਿੰਦਾ ਹੋਇਆ ਵੀ ਇਹੋ ਜਿਹੇ ਪਿਤਰਕੀ ਮਾਨਸਿਕ ਦਬਾਵਾਂ ਦੀ ਜਕੜਬੰਦੀ ਤੋਂ ਮੁਕਤ ਨਹੀਂ ਹੋ ਸਕਦਾ।

ਅਗਲੀ ਕਹਾਣੀ **'ਹਾਊਸ ਵਾਈਫ'** ਨਾਮ ਵਾਲੀ ਹੈ। ਇਸ ਕਹਾਣੀ ਵਿਚ ਹਾਊਸ ਵਾਈਫ ਇਕ ਮੈਟਾਫਰ ਬਣ ਕੇ ਸਾਹਮਣੇ ਆਉਂਦਾ ਹੈ। ਇਸ ਸ਼ਬਦ ਪ੍ਰਤੀ ਭਾਰਤੀ ਤੇ ਪਰਵਾਸੀ ਬੰਦੇ ਦੀ ਪਹੁੰਚ ਵਿਚ ਬੁਨਿਆਦੀ ਫਰਕ ਇਸ ਕਰਕੇ ਹੈ ਕਿ ਭਾਰਤੀ ਬੰਦੇ ਨੇ ਔਰਤ ਤੇ ਮਰਦ ਦੀ ਕੰਮ ਵੰਡ ਨੂੰ ਗੈਰਬਰਾਬਰੀ ਤੱਕ ਘਟਾ ਦਿੱਤਾ ਹੋਇਆ ਹੈ। ਉਸਨੇ ਘਰ ਨੂੰ ਸਾਂਭਣ ਤੇ ਬੱਚਿਆਂ ਦੀ ਦੇਖ ਰੇਖ ਦਾ ਕੰਮ ਔਰਤ ਲਈ ਰਾਖਵਾਂ ਹੀ ਨਹੀਂ ਕੀਤਾ ਸਗੋਂ ਉਸਨੂੰ ਦੂਜੇ ਦਰਜ਼ੇ ਤੱਕ ਸੀਮਤ ਕਰ ਦਿੱਤਾ ਹੈ। ਏਨਾ ਹੀ ਨਹੀਂ ਜੇ ਕੋਈ ਮਰਦ



ਔਰਤ ਲਈ ਰਾਖਵੇਂ ਕੀਤੇ ਇਸ ਖੇਤਰ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਸ ਨੂੰ ਮਰਦਾਵੀਂ ਸੱਤਾ ਵਾਲੇ ਫਸਟ ਜੈਂਡਰ ਤੋਂ ਸੈਕੰਡ ਜੈਂਡਰ ਵਿਚ ਧੱਕ ਦਿੱਤਾ ਜਾਂਦਾ ਹੈ। ਕਹਾਣੀ ਵਿਚ ਕਨੇਡਾ ਵਾਸੀ ਮਨਮੀਤ ਦੇ ਦੋਸਤ ਰਿੰਕੂ ਦਾ ਭਰਾ ਜਸਦੇਵ ਇੰਡੀਆ ਤੋਂ ਟੋਰਾਂਟੋ ਕਿਸੇ ਸੈਮੀਨਾਰ ਵਿਚ ਔਰਤਾਂ ਦੇ ਹੱਕਾਂ ਬਾਰੇ ਪੇਪਰ ਪੜ੍ਹਨ ਲਈ ਆਇਆ ਹੋਇਆ ਹੈ। ਵਿਡੰਬਨਾ ਦੇਖੋ ਕਿ ਇਹ ਜਦੋਂ ਮਨਮੀਤ ਨੂੰ ਦੇਖਦਾ ਹੈ ਕਿ ਉਹ ਘਰ ਵਿਚ ਰਹਿਕੇ ਬੱਚਿਆਂ ਦੀ ਦੇਖ ਰੇਖ ਕਰਦਾ ਹੈ ਤਾਂ ਇਹ ਉਸਨੂੰ ਇਹ ਕਹਿ ਕੇ ਪ੍ਰੇਸ਼ਾਨ ਕਰ ਦਿੰਦਾ ਹੈ ਕਿ ਤੇਰਾ ਤਾਂ ਸੈਕਸ ਹੀ ਚੇਂਜ ਹੋ ਗਿਆ ਹੈ। ਏਥੇ ਕਥਾਕਾਰ ਅਖੌਤੀ ਭਾਰਤੀ ਬੁੱਧੀਮਾਨੀ ਨੂੰ ਵੀ ਕਾਟੇ ਹੇਠ ਲਿਆਉਂਦਾ ਹੈ ਜੋ ਕੇਵਲ ਲਿਖਤ ਤੇ ਬੋਲ ਨੂੰ ਹੀ ਗਿਆਨ ਦਾ ਮਾਧਿਅਮ ਮੰਨੀ ਬੈਠੀ ਹੈ। ਜਦਕਿ ਗਿਆਨ ਤੇ ਅਮਲ ਦੇ ਪੀਡੇ ਰਿਸ਼ਤੇ ਨੂੰ ਨਿਭਾਉਣ ਵਿਚ ਬਿਲਕੁਲ ਅਸਫ਼ਲ ਹੈ। ਇਸੇ ਕਰਕੇ ਭਾਰਤੀ ਮਰਦ ਇਹ ਪ੍ਰਵਾਨ ਹੀ ਨਹੀਂ ਕਰ ਸਕਦਾ ਕਿ ਪਰਿਵਾਰ ਦੀ ਬਿਹਤਰੀ ਲਈ ਪਤੀ ਤੇ ਪਤਨੀ ਨੂੰ ਘਰੇਲੂ ਤੇ ਬਾਹਰਲੇ ਕੰਮਾਂ ਨੂੰ ਵੰਡ ਲੈਣਾ ਉਚਿਤ ਹੁੰਦਾ ਹੈ। ਜਸਦੇਵ ਦੀ ਇਸ ਟਕੋਰ ਨਾਲ ਮਨਮੀਤ ਦਾ ਮਾਨਸਿਕ ਤਵਾਜ਼ਨ ਹਿੱਲ ਜਾਂਦਾ ਹੈ। ਕਥਾ ਵੇਰਵਿਆਂ ਵਿਚ ਮਨਮੀਤ ਦੇ ਉੱਤੇ ਪੰਜਾਬੀ ਮਰਦ ਦੀ ਔਰਤ ਨੂੰ ਦਬੇਲ ਬਣਾ ਕੇ ਰੱਖਣ ਦੀ ਪ੍ਰਵਿਰਤੀ ਕਾਬਜ਼ ਤਾਂ ਹੁੰਦੀ ਹੈ ਜਿਵੇਂ:ਇੰਡੀਆ ਵਿਚ ਘਰ ਬਣਾਉਂਦਿਆ ਉਸ ਦੇ ਪਿਓ ਵੱਲੋਂ ਮਾਂ ਦੀ ਰਾਏ ਨੂੰ ਫਟਕਾਰ ਮਾਰ ਕੇ ਰੱਦ ਕਰਨ ਦੀ ਯਾਦ ਤੇ ਇਥੇ ਆ ਕੇ ਆਪਣੀ ਪਤਨੀ ਦੀ ਮਰਜ਼ੀ ਵਾਲਾ ਵਿਹਾਰ ਚੁੱਭਦਾ ਵੀ ਹੈ ਤੇ ਕਦੇ-ਕਦੇ ਉਸ ਨੂੰ ਆਪਣੀ ਪਿਤਰਕੀ ਸੱਤਾ ਲਈ ਵੰਗਾਰ ਵੀ ਲੱਗਦਾ ਹੈ। ਪਰ ਉਹ ਬਹੁਤੀ ਦੇਰ ਤੱਕ ਇਸ ਦਬਾਅ ਥੱਲੇ ਨਹੀਂ ਰਹਿਣਾ ਚਾਹੁੰਦਾ ਕਿਉਂਕਿ ਪਰਵਾਸੀ ਮਨੁੱਖ ਦਾ ਆਲਾ ਦੁਆਲਾ ਇਕ ਖਾਸ ਕਿਸਮ ਦੀ ਬੰਦ ਸਮਾਜਿਕ ਸੰਰਚਨਾ ਤੋਂ ਮੁਕਤ ਬਹੁ ਸਭਿਆਚਾਰਕ ਸਹਿਹੋਂਦ ਵਾਲਾ ਹੁੰਦਾ ਹੈ। ਦੂਜਾ ਉਸ ਵਿਵਸਥਾ ਅੰਦਰ ਇਨ੍ਹਾਂ ਰਵਾਇਤਾਂ ਲਈ ਕੋਈ ਸਪੇਸ ਨਹੀਂ ਹੁੰਦੀ। ਦੂਜਾ ਆਪਣੇ ਬਾਲ ਬੱਚਿਆਂ ਨੂੰ ਤਰੱਕੀ ਦੇ ਸਭ ਮੌਕੇ ਪ੍ਰਦਾਨ ਕਰਕੇ ਇਕ ਸਨਮਾਨਯੋਗ ਸਮਾਜ ਦਾ ਬਸ਼ਿੰਦਾ ਬਣਾਉਣਾ ਪਰਵਾਸੀਆਂ ਲਈ ਇਕ ਵੱਡਾ ਚੈਲੰਜ ਵੀ ਹੁੰਦਾ ਹੈ। ਇਸੇ ਕਰਕੇ ਮਨਮੀਤ ਦੇ ਮਨ ਤੇ ਇਸ ਕਿਸਮ ਦੇ ਦਬਾਅ ਬਹੁਤੀ ਦੇਰ ਟਿਕੇ ਨਹੀਂ ਰਹਿੰਦੇ। ਜਸਦੇਵ ਦੀ ਟਕੋਰ ਕਾਰਨ ਮਨਮੀਤ ਦੇ ਮਨ ਦੇ ਤਣਾਓ ਦੀ ਪ੍ਰਸਤੁਤੀ ਅਤੇ ਮੋਨੋਲਾਗ ਇਸ ਕਹਾਣੀ ਦੀ ਪ੍ਰਮੁਖ ਜੁਗਤ ਹੈ। ਇਸੇ ਕਰਕੇ ਇਹੋ ਜਿਹਾ ਰਵਾਇਤੀ ਵਿਸ਼ਾ ਇਕ ਨਵੀਂ ਕਥਾ ਤੇ ਸੱਜਰੇਪਣ ਨਾਲ ਉਜਾਗਰ ਹੁੰਦਾ ਹੈ।

**'ਪੈਂਗੁਇਨ'** ਇਸ ਸੰਗ੍ਰਹਿ ਦੀ ਇਕ ਹੋਰ ਵਧੀਆ ਕਹਾਣੀ ਹੈ।ਲੇਖਕ ਨੇ ਪੈਂਗੁਇਨ ਦੇ ਬਿੰਬ ਰਾਹੀਂ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਬੱਚੇ ਦੇ ਗਰਭ ਧਾਰਨ ਦੇ ਨਾਲ ਹੀ ਉਸ ਬੱਚੇ ਦੀ ਸਾਂਭ ਸੰਭਾਲ, ਪਤੀ ਤੇ ਪਤਨੀ ਦੀ ਇਕ ਪਿਆਰ ਭਰੀ ਸਾਂਝੀ ਜ਼ਿੰਮੇਵਾਰੀ ਬਣ ਜਾਂਦੀ ਹੈ। ਜਿਵੇਂ ਪੈਂਗੁਇਨ ਮਾਦਾ ਵੱਲੋਂ ਆਂਡਾ ਦੇਣ ਤੋਂ ਬਾਅਦ ਪੈਂਗੁਇਨ ਨਰ ਲਗਾਤਾਰ 30 ਦਿਨ ਇਕ ਥਾਂ ਬੈਠ ਕੇ ਉਸ ਨੂੰ ਸੇਕਦਾ ਹੈ ਤੇ ਆਪਣੀ ਜ਼ਿੰਮੇਵਾਰੀ ਦਾ ਹੱਕ ਅਦਾ ਕਰਦਾ ਹੈ। ਪਰੰਤੂ ਭਾਰਤੀ ਪਿਤਰਕੀ ਨੇ ਬੱਚੇ ਨੂੰ ਜੰਮਣ ਤੇ ਸੇਵਾ ਸੰਭਾਲ ਦਾ ਔਖਾ ਕੰਮ ਔਰਤ ਦੇ ਸਿਰ ਉਤੇ ਮੜ੍ਹ ਦਿੱਤਾ ਹੈ। ਏਨਾ ਹੀ ਨਹੀਂ ਬੱਚਾ ਉਸਦੀ ਮਲਕੀਅਤ ਵੀ ਹੈ ਤੇ ਮਰਦਾਨਗੀ ਦਾ ਸਬੂਤ ਵੀ। ਇਸ ਕਹਾਣੀ ਵਿਚ ਸਿਮਰਨ (ਸਿੱਮ) ਦੇ ਪੁੱਤਰ ਜੋਵਨ ਦੀ ਮਾਲਕੀ ਮੁੱਦਾ ਬਣਦੀ ਹੈ ਕਿਉਂਕਿ ਸਿੱਮ ਆਪਣੇ ਦੂਜੇ ਪਤੀ ਕੀਥ ਨਾਲ ਰਹਿ ਰਹੀ ਹੈ ਤੇ ਉਸਨੂੰ ਡਰ ਹੈ ਕਿ ਉਸਦਾ ਪਹਿਲਾ ਪਤੀ (ਸ਼ਮਸ਼ੇਰ) ਜੋਵਨ ਨੂੰ ਸਾਡੇ ਕੋਲੋਂ ਖੋਹ ਨਾ ਲਵੇ। ਇਹ ਕਹਾਣੀ ਖੂਨ ਦੇ ਰਿਸ਼ਤੇ ਨੂੰ ਲੈ ਕੇ ਮਾਨਸਿਕ ਜਬਰ ਦੀ ਮਾਰ ਸਹਿੰਦੀ ਸਿੱਮ ਦੇ ਆਲੇ ਦੁਆਲੇ ਉਸਰਦੀ ਹੈ। ਭਾਰਤੀ ਸਮਾਜ ਦੀ ਮੂਲ ਚੂਲ ਪਿਤਰਕੀ ਨੇ ਪਿਓ ਬਣਨ ਤੋਂ ਲੈ ਕੇ ਬੱਚੇ ਦੀ ਮਲਕੀਅਤ ਤੱਕ, ਔਰਤ ਨੂੰ ਮਨਫੀ ਕਰਕੇ ਮਰਦ ਦੀ ਸੱਤਾ ਨੂੰ ਮਜਬੂਤ ਕੀਤਾ ਹੈ। ਸ਼ਮਸ਼ੇਰ ਇਸ ਸੱਤਾ ਦਾ ਧਾਰਨੀ ਜਾਬਰ ਪਾਤਰ ਹੈ। ਦੂਜੇ ਪਾਸੇ ਕੀਥ ਹੈ ਜੋ ਖੂਨ ਦੇ ਰਿਸ਼ਤੇ ਨਾਲੋਂ ਵੱਧ ਪਿਆਰ ਦੇ ਰਿਸ਼ਤੇ ਵਿਚ ਯਕੀਨ ਰੱਖਦਾ ਹੈ। ਏਨਾ ਹੀ ਨਹੀਂ ਉਹ ਜੋਵਨ ਨਾਲ ਏਨਾ ਪਿਆਰ ਕਰਦਾ ਹੈ ਕਿ ਉਸਨੂੰ ਆਪਣੇ ਅਸਲ ਪਿਓ ਦਾ ਅਹਿਸਾਸ ਹੀ ਨਹੀਂ ਰਹਿੰਦਾ। ਲੇਖਕ ਨੇ ਭਾਰਤੀ

ਤੇ ਗੈਰ ਭਾਰਤੀ ਮਰਦ (ਪਿਓ) ਦੀ ਮਾਨਸਿਕਤਾ ਦੀਆਂ ਸਮਾਨਾਂਤਰ ਸਥਿਤੀਆਂ/ ਵੇਰਵਿਆਂ ਰਾਹੀਂ ਇਹ ਦਰਸਾਇਆ ਹੈ ਕਿ ਭਾਰਤੀ ਮਰਦ ਹਾਲੇ ਤੱਕ ਪਰਿਵਾਰਿਕ ਰਿਸ਼ਤਿਆਂ ਜਾਂ ਬੱਚਿਆਂ ਨੂੰ ਪਿਆਰ ਕਰਨਾ ਹੀ ਨਹੀਂ ਸਿੱਖਿਆ। ਕੀਥ ਵਾਂਗ ਮਾਂ ਬਣਕੇ ਬੱਚੇ ਦੀ ਕੇਅਰ ਕਰਨੀ ਤੇ ਉਸ ਵਿਚ ਆਨੰਦ ਹਾਸਿਲ ਕਰਨਾ, ਵਰਗੇ ਉੱਚ ਮਾਨਵੀ ਗੁਣਾਂ ਤੇ ਕਦਰਾਂ ਕੀਮਤਾਂ ਤੋਂ ਹਾਲੇ ਉਹ ਅਭਿੱਜ ਰਹਿਕੇ ਆਪਣੀ ਮਰਦਾਵੀਂ ਸੱਤਾ ਦੇ ਗ਼ਰੂਰ ਵਿਚ ਜ਼ਿੰਦਗੀ ਗੁਆ ਦੇਣ ਨੂੰ ਸ਼ਾਨ ਸਮਝ ਰਿਹਾ ਹੈ। ਇਸੇ ਕਰਕੇ ਇਹ ਕਹਾਣੀ ਮਾਨਵੀ ਇਖਲਾਕ, ਪਿਆਰ ਤੇ ਸਾਂਝ ਦੇ ਉੱਚੇ ਮਾਪ ਰਾਹੀਂ ਜ਼ਿੰਦਗੀ ਜੀਣ ਦੇ ਵਿਕਲਪ ਨੂੰ ਪੇਸ਼ ਕਰਕੇ ਕਹਾਣੀਕਾਰ ਨੇ ਜ਼ਿੰਦਗੀ ਦੇ ਅੱਗੇ ਅੜਿੱਕਾ ਬਣਕੇ ਖੜ੍ਹੇ ਪਿਤਰਕੀ ਮੁੱਲਾਂ ਤੇ ਕਾਟਾ ਫੇਰਿਆ ਹੈ।

**'ਵੀਰੇ ਨੂੰ ਮੈਂ ਨਹੀਂ ਮਾਰਿਆ'** ਨਾਂ ਦੀ ਕਹਾਣੀ ਅਪਰਾਧ ਬੋਧ ਹੇਠ ਜੀਅ ਰਹੇ ਇਕ ਵਿਅਕਤੀ ਦੇ ਮਾਨਸਿਕ ਤਣਾਓ ਨੂੰ ਪੇਸ਼ ਕਰਦੀ ਹੈ। ਟੋਨੀ ਦੀ ਮੌਤ ਇਸ ਕਥਾ ਦੀ ਕੇਂਦਰੀ ਧੁਰੀ ਹੈ। ਟੋਨੀ ਕੇਂਦਰੀ ਪਾਤਰ ਦਾ ਵੀਰਾ ਹੈ ਜੋ ਕਨੇਡਾ ਤੋਂ ਉਸਦਾ ਵਿਆਹ ਕਰਨ ਇੰਡੀਆ ਆਉਂਦਾ ਹੈ। ਉਸਦੀ ਇੱਛਾ ਹੁੰਦੀ ਹੈ ਕਿ ਜਦੋਂ ਉਸਦਾ ਇਹ ਭਰਾ ਵੀ ਕਨੇਡਾ ਆ ਜਾਵੇਗਾ ਤਾਂ ਅਸੀਂ ਦੋਵੇਂ ਰਲ ਕੇ ਆਪਣਾ ਕਾਰੋਬਾਰ ਸ਼ੁਰੂ ਕਰਾਂਗੇ। ਪਰ ਇਥੇ ਵਿਆਹ ਤੋਂ ਪਹਿਲਾਂ ਹੀ ਉਸਦੀ ਦੁਰਘਟਨਾ ਵਿਚ ਮੌਤ ਹੋ ਜਾਂਦੀ ਹੈ। ਇਸ ਗੱਲ ਦਾ ਕੇਂਦਰੀ ਪਾਤਰ ਦੇ ਮਨ ਤੇ ਗਹਿਰਾ ਅਸਰ ਹੁੰਦਾ ਹੈ, ਜਦੋਂ ਉਹ ਕਨੇਡਾ ਪਹੁੰਚਦਾ ਹੈ ਤਾਂ ਟੋਨੀ ਦੇ ਘਰ ਵਾਲੇ ਤੇ ਜਾਣਕਾਰ ਗੱਲਾਂ-ਗੱਲਾਂ ਵਿਚ ਉਸਦੀ ਮੌਤ ਦਾ ਜ਼ਿੰਮੇਵਾਰ ਉਸੇ ਨੂੰ ਠਹਿਰਾਉਂਦੇ ਹਨ। ਉਸਦੇ ਆਪਣੇ ਮਨ ਵਿਚ ਵੀ ਇਹ ਗੰਢ ਬਣ ਜਾਂਦੀ ਹੈ ਕਿ ਟੋਨੀ ਦੀ ਮੌਤ ਦਾ ਜ਼ਿੰਮੇਵਾਰ ਮੈਂ ਹੀ ਹਾਂ। ਇਸੇ ਤਣਾਓ ਕਾਰਨ ਉਹ ਮਨੋਰੋਗ ਦੀ ਬਿਮਾਰੀ ਦੇ ਪ੍ਰਭਾਵ ਹੇਠ ਆ ਜਾਂਦਾ ਹੈ। ਕਹਾਣੀ ਅੰਦਰ ਇਸ ਰੋਗ ਨੂੰ ਪ੍ਰਚੰਡ ਕਰਨ ਵਾਲੇ ਕਥਾ ਵੇਰਵਿਆਂ ਨੂੰ ਸਿਰਜਿਆ ਗਿਆ ਹੈ। ਪਰੰਤੂ ਲੇਖਕ ਇਸ ਰੋਗੀ ਦੀ ਬਿਮਾਰੀ ਦੇ ਪਿੱਛੇ ਛੁਪੇ ਇਕਹਿਰੇ ਕਾਰਨ ਤੱਕ ਹੀ ਰਸਾਈ ਨਹੀਂ ਕਰਦਾ। ਕਿਉਂਕਿ ਮਾਨਸਿਕ ਰੋਗ ਦੇ ਪਿਛੇ ਹਮੇਸ਼ਾ ਇਕ ਨਾਲੋਂ ਵਧੇਰੇ ਕਾਰਨ ਹੁੰਦੇ ਹਨ। ਇਹ ਸ਼ਾਇਦ ਲੇਖਕ ਦਾ ਵਿਵਸਾਇਕ ਤਜ਼ਰਬਾ ਹੈ। ਇਸੇ ਕਰਕੇ ਕਹਾਣੀ ਦੇ ਅੰਤ ਵਿਚ ਕੇਂਦਰੀ ਪਾਤਰ ਦੇ ਮੋਨੋਲਾਗ ਵਿਚੋਂ ਉਸਦੇ ਬਚਪਨ ਦੀਆਂ ਘਟਨਾਵਾਂ ਨੂੰ ਸਿਰਜਿਆ ਗਿਆ ਹੈ ਜਿਥੇ ਉਸਦਾ ਨਿੱਕਾ ਭਰਾ ਬਚਪਨ ਵਿਚ ਉਸ ਨਾਲ ਖੇਡਣ ਗਿਆ ਨਹਿਰ ਵਿਚ ਡੁੱਬ ਕੇ ਮਰ ਜਾਂਦਾ ਹੈ। ਉਸਨੂੰ ਨਹਿਸ਼ ਮੰਨਣ ਵਾਲੇ ਘਰਦਿਆਂ ਤੇ ਦਾਦਾ ਦਾਦੀ ਦੇ ਬੋਲ ਮਨੋਰੋਗ ਦੇ ਪਹਿਲੇ ਲੱਛਣ ਬਣ ਜਾਂਦੇ ਹਨ। ਭਾਵੇਂ ਲੇਖਕ ਨੇ ਬਚਪਨ ਵਾਲੀ ਇਸ ਘਟਨਾ ਕਥਾ ਅੰਦਰ ਬੁਰਸ਼ ਛੁਹ ਹੀ ਦਿੱਤੀ ਹੈ ਪਰ ਇਸ ਨਾਲ ਯਥਾਰਥਕ ਪ੍ਰਭਾਵ ਨੂੰ ਮਜ਼ਬੂਤੀ ਮਿਲ ਗਈ ਹੈ।

ਇਹ ਕਹਾਣੀ ਦੇਖਣ ਨੂੰ ਭਾਵੇਂ ਰਵਾਇਤੀ ਜਿਹੇ ਵਿਸ਼ੇ ਵਾਲੀ ਹੈ ਪਰ ਇਹ ਮਨੁੱਖ ਦੇ ਮਾਨਸਿਕ ਤਣਾਓ ਦੀ ਇਕ ਮਹੀਨ ਪਰਤ ਨੂੰ ਉਜਾਗਰ ਕਰਦੀ ਹੈ। ਮਨ ਦੀ ਪ੍ਰਕਿਰਤੀ ਹੀ ਅਜਿਹੀ ਹੈ ਕਿ ਉਹ ਇਤਫਾਕੀਆ ਵਾਪਰਨ ਵਾਲੀਆਂ ਘਟਨਾਵਾਂ ਨੂੰ ਆਪਣੀ ਹੋਂਦ ਤੇ ਹੋਣੀ ਵਿਚੋਂ ਤਲਾਸ਼ਣ ਦਾ ਆਦੀ ਹੈ। ਇਕ ਸੰਵੇਦਨਸ਼ੀਲ ਮਨੁੱਖੀ ਮਨ ਇਨ੍ਹਾਂ ਬੁਰੀਆਂ ਘਟਨਾਵਾਂ ਦੇ ਪ੍ਰਭਾਵ ਤੋਂ ਬਚ ਨਹੀਂ ਸਕਦਾ। ਇਹ ਮਨੁੱਖੀ ਮਨ ਦੀ ਹੋਣੀ ਹੈ। ਇਕ ਸੁਖਾਵਾਂ ਮਾਹੌਲ ਤਾਂ ਮਨੁੱਖ ਨੂੰ ਇਨ੍ਹਾਂ ਬੁਰੀਆਂ ਘਟਨਾਵਾਂ ਦੇ ਪ੍ਰਭਾਵ ਤੋਂ ਬਚਾ ਸਕਦਾ ਹੈ। ਪਰ ਹਾਲੇ ਤੱਕ ਇਤਫਾਕੀਆ ਪਰਿਸਥਿਤੀਆਂ ਨੂੰ ਅਸੀਂ ਵਿਗਿਆਨਕ ਢੰਗ ਨਾਲ ਸੋਚਣ ਸਮਝਣ ਦੇ ਆਦੀ ਨਹੀਂ ਹੋਏ। ਇਸੇ ਕਰਕੇ ਅਜਿਹੇ ਦੁਖਾਂਤ ਮਨੁੱਖ ਦੇ ਮਾਨਸਿਕ ਤਣਾਓ ਵਿਚ ਵਾਧਾ ਕਰਕੇ ਜੀਣ-ਥੀਣ ਦੀ ਭਵਿੱਖੀ ਜ਼ਿੰਦਗੀ ਅੱਗੇ ਅੜਿੱਕਾ ਬਣੇ ਹੋਏ ਹਨ।

**'ਘਰ'** ਕਹਾਣੀ ਪੰਜਾਬੀ ਬੰਦੇ ਦੀ ਘਰ ਪ੍ਰਤੀ ਬਣੀ ਸਭਿਆਚਾਰਕ ਆਸਥਾ ਦੇ ਵਿਰੋਧਾਭਾਸ ਵਿਚੋਂ ਜਨਮ ਲੈਂਦੀ ਹੈ। ਭਾਵੇਂ ਪੰਜਾਬੀਆਂ ਦੀ ਇਸ ਆਸਥਾ ਦੇ ਵਡੇਰੇ ਅਰਥ ਹਨ ਤੇ ਘਰ, ਪਰਿਵਾਰ ਦੀ ਇਕ ਮਹੱਤਵਪੂਰਨ ਸਮਾਜਿਕ ਇਕਾਈ ਦੀ ਸਲਾਮਤੀ ਦਾ ਜ਼ਰੀਆ ਵੀ ਹੈ। ਪਰ ਜਿਵੇਂ-ਜਿਵੇਂ ਸਾਡੀਆਂ ਲੋੜਾਂ ਤੇ ਚੁਣੌਤੀਆਂ ਵਿਚ ਵਾਧਾ ਹੁੰਦਾ ਜਾਵੇਗਾ ਤਿਉਂ-ਤਿਉਂ ਇਸ ਆਸਥਾ ਨੂੰ ਠੇਸ ਵੀ ਪੁੱਜੇਗੀ ਤੇ ਇਸ ਵਿਚ ਪ੍ਰਵਾਨਿਤ ਤਬਦੀਲੀ ਵੀ



ਆਵੇਗੀ। ਬਜ਼ੁਰਗਾਂ ਲਈ ਬਣੇ ਕੇਅਰ ਸੈਂਟਰ ਜਾਂ ਓਲਡ ਏਜ ਹੋਮ ਆਧੁਨਿਕ ਜੀਵਨ ਸ਼ੈਲੀ ਦੀ ਤਲਖ ਹਕੀਕਤ ਬਣ ਕੇ ਸਾਹਮਣੇ ਆਏ ਹਨ। ਬਜ਼ੁਰਗਾਂ ਦੀ ਦੇਖ ਭਾਲ ਲਈ ਬਣੇ ਇਨ੍ਹਾਂ ਘਰਾਂ ਪ੍ਰਤੀ ਪੰਜਾਬੀ ਬੰਦੇ ਦੀ ਰਾਏ ਨਕਾਰਾਤਮਿਕ ਹੀ ਹੈ। ਬਾਹਰਲੇ ਮੁਲਕਾਂ ਵਿਚ ਰਹਿੰਦੇ ਪੰਜਾਬੀ ਵੀ ਹਾਲੇ ਇਸ ਸੁਵਿਧਾ ਨੂੰ ਅਪਨਾਉਣ ਲਈ ਤਿਆਰ ਨਹੀਂ। ਇਸ ਕਹਾਣੀ ਵਿਚ ਕੇਂਦਰੀ ਪਾਤਰ ਨਾਲ ਰਹਿੰਦੇ ਆਪਣੇ ਬਿਮਾਰ ਪਿਓ ਨੂੰ ਡਾਕਟਰਾਂ ਦੀ ਸਲਾਹ ਦੇ ਬਾਵਜ਼ੂਦ ਵੀ ਇਨ੍ਹਾਂ ਘਰਾਂ ਵਿਚ ਭੇਜਣ ਲਈ ਤਿਆਰ ਨਹੀਂ। ਦੂਜੇ ਪਾਸੇ ਪਿਓ ਨੂੰ ਵੀ ਇਹ ਮਨਜ਼ੂਰ ਨਹੀਂ। ਉਸਨੂੰ ਆਪਣੇ ਘਰ, ਜਿਸ ਵਿਚ ਉਸਦਾ ਹੁਕਮ ਚੱਲਦਾ ਹੈ, ਉਸਦੀ ਭਾਈਚਾਰਕ ਪਹਿਚਾਣ ਹੈ, ਸਭ ਕੁਝ ਖੁੱਸ ਜਾਣ ਦਾ ਡਰ ਹੈ। ਦੂਜੇ ਪਾਸੇ ਭਾਈਚਾਰਕ ਟੈਬੂਜ਼ ਹਨ ਜਿਨ੍ਹਾਂ ਤੋਂ ਬਾਹਰ ਜਾ ਕੇ ਫੈਸਲਾ ਲੈਣ ਦਾ ਵੀ ਖਤਰਾ ਹੈ। ਇੰਜ ਇਹ ਕਹਾਣੀ ਕੇਂਦਰੀ ਪਾਤਰ ਦੀ ਦੁਬਿਧਾਮਈ ਸਥਿਤੀ ਵਿਚੋਂ ਉਸਰਦੀ ਹੈ। ਪਰ ਬਿਮਾਰੀ ਦੇ ਵਧਣ ਕਾਰਨ ਪਿਓ ਨੂੰ ਅਣਮੰਨੇ ਮਨ ਨਾਲ ਇਸ ਕੇਂਦਰ ਵਿਚ ਭੇਜਣਾ ਪੈਂਦਾ ਹੈ ਤਾਂ ਕੁਝ ਹੀ ਦਿਨ੍ਹਾਂ ਵਿਚ ਇਸਦੀ ਸੋਚ ਬਦਲ ਜਾਂਦੀ ਹੈ। ਆਪਣੀ ਘਰਵਾਲੀ ਦੀ ਮੌਤ ਤੇ ਅਫਸੋਸ ਕਰਨ ਲਈ ਘਰ ਆਉਣ ਤੇ ਉਸਦੀ ਮਾਨਸਿਕ ਸਥਿਤੀ ਨੂੰ ਦੇਖੋ: ਘਰ ਆ ਕੇ ਉਹ ਆਪਣੀ ਵੀਲ ਚੇਅਰ ਤੇ ਹੀ ਬੈਠੇ ਰਹੇ। ਕੁਝ ਦੇਰ ਬਾਅਦ ਉਨ੍ਹਾਂ ਨੇ ਵਾਸ਼ਰੂਮ ਜਾਣਾ ਸੀ। ਅਸੀਂ ਉਨ੍ਹਾਂ ਨੂੰ ਵੀਲ ਚੇਅਰ ਤੋਂ ਟਾਇਲਟ 'ਤੇ ਬਿਠਾਉਣ ਲੱਗੇ ਤਾਂ ਕਹਿੰਦੇ, "ਥੋਨੂੰ ਜਵਾਂ ਸਾਬ ਨੀ। ਨਰਸਾਂ ਭੋਰਾ ਜ਼ਰਬ ਨੀ ਆਉਣ ਦਿੰਦੀਆਂ।" ਵਾਸ਼ਰੂਮ ਵਿਚੋਂ ਬਾਹਰ ਆਉਣ ਲੱਗੇ ਕਹਿੰਦੇ, "ਮੈਨੂੰ ਛੇਤੀ ਛੱਡ ਆਇਓ ਬ੍ਰਹੁਤੀ ਦੇਰ ਬੈਠਿਆ ਨੀ ਜਾਂਦਾ।" ਇੰਜ ਇਹ ਕਹਾਣੀ ਆਸਥਾ ਦੀ ਪੱਧਰ ਉਤੇ ਵਿਚਰਦੇ ਜਾਂ ਭਾਈਚਾਰਕ ਦਿਖਾਵੇ ਵਿਚ ਗੁਜ਼ਰ ਬਸਰ ਕਰ ਰਹੇ ਪੰਜਾਬੀ ਮਨੁੱਖ ਦੀ ਮਾਨਸਿਕ ਤਬਦੀਲੀ ਦਾ ਪ੍ਰਮਾਣਿਕ ਚਿਤਰ ਖਿੱਚਦੀ ਹੈ।


**'ਇਕ ਹੋਰ ਸੁੱਚਾ ਸਿੰਘ'** ਇਸ ਸੰਗ੍ਰਹਿ ਦੀ ਆਖਰੀ ਕਹਾਣੀ ਹੈ। ਇਸ ਕਹਾਣੀ ਵਿਚ ਸੁੱਚਾ ਸਿੰਘ ਸੂਰਮਾ ਦੀ ਮਿੱਥ ਦਾ ਨਵਸਿਰਜਣ ਕੀਤਾ ਗਿਆ ਹੈ। ਕਨੇਡਾ ਵਾਸੀ ਸੁੱਚਾ ਸਿੰਘ ਆਪਣੀ ਪਤਨੀ ਮਹਿੰਦਰ ਕੌਰ ਦੀ ਮੌਤ ਤੋਂ ਬਾਅਦ ਜਦੋਂ ਇੰਡੀਆ ਆਉਂਦਾ ਹੈ ਤਾਂ ਏਥੇ ਉਸਦਾ ਵਿਧਵਾ ਜਿੰਦਰ ਕੌਰ ਜਿਸਦੀ ਗੋਦ ਇਕ ਮੁੰਡਾ ਹੈ,ਨਾਲ ਮੇਲ ਹੁੰਦਾ ਹੈ। ਜਿੰਦਰ ਦੀ ਤਰਸਯੋਗ ਹਾਲਤ ਕਰਕੇ ਤੇ ਭਾਈਚਾਰੇ ਦੇ ਜ਼ੋਰ ਪਾਉਣ ਤੇ ਉਹ ਉਸਨੂੰ ਕਨੇਡਾ ਵਿਆਹ ਲਿਆਉਂਦਾ ਹੈ। ਪਰ ਉਸਦਾ ਤੇ ਜਿੰਦਰ ਕੌਰ ਦਾ ਕੋਈ ਹਾਣ ਪ੍ਰਵਾਣ ਨਹੀਂ। ਨਵੇਂ ਮਾਹੌਲ ਵਿਚ ਵਸਣ ਰਸਣ ਦੀ ਜੱਦੋ ਜਹਿਦ ਤੇ ਭਾਵੁਕ ਸਾਂਝ ਤੋਂ ਸੱਖਣੀ ਜ਼ਿੰਦਗੀ ਬਸਰ ਕਰਦੀ ਜਿੰਦਰ ਮਾਈਗ੍ਰੇਨ ਦੀ ਸ਼ਿਕਾਰ ਹੋ ਜਾਂਦੀ ਹੈ। ਉਧਰ ਸੁੱਚਾ ਸਿੰਘ ਜਿੰਦਰ ਦੀ ਬਿਮਾਰੀ ਦਾ ਕਾਰਨ ਬਣ ਰਹੀ ਆਪਣੀ ਉਮਰ ਦੇ ਤਕਾਜ਼ੇ ਨੂੰ ਭਾਂਪ ਲੈਂਦਾ ਹੈ ਤੇ ਇਕ ਦਿਨ ਉਹ ਜਿੰਦਰ ਨੂੰ ਆਪਣੀ ਸੁਤੰਤਰ ਜ਼ਿੰਦਗੀ ਜੀਣ ਲਈ ਖੁੱਲ੍ਹ ਕੇ ਪ੍ਰਵਾਨਗੀ ਦੇ ਦਿੰਦਾ ਹੈ।

ਇੰਜ ਇਸ ਕਹਾਣੀ ਦਾ ਅੰਤ ਸੁਖਾਂਤਕ ਤੇ ਆਦਰਸ਼ਭਾਵੀ ਹੈ। ਦੇਖਿਆ ਜਾਵੇ ਤਾਂ ਇਸ ਤਰ੍ਹਾਂ ਦਾ ਆਦਰਸ਼ਵਾਦੀ ਨਿਭਾਅ ਯਥਾਰਥ ਤੋਂ ਕੋਹਾਂ ਦੂਰ ਜਾਪਦਾ ਹੈ। ਪਰੰਤੂ ਇਹ ਵਸਤੂਪਰਕ ਸਥਿਤੀਆਂ ਤੋਂ ਸੱਖਣਾ ਨਹੀਂ ਹੈ। ਕਿਉਂਕਿ ਪਰਵਾਸੀ ਮਨੁੱਖ ਭਾਰਤੀ ਜਗੀਰੂ ਸੰਰਚਨਾ ਵਿਚੋਂ ਨਿਕਲ ਕੇ ਬਹੁਸਭਿਆਚਾਰੀ ਮਾਨਵੀ ਮੁੱਲਾਂ ਵਿਚ ਯਕੀਨ ਰੱਖਣ ਲੱਗ ਪਿਆ ਹੈ। ਜੀਓ ਤੇ ਜੀਣ ਦਿਓ ਦੀ ਧਾਰਨਾ ਵਿਚ ਉਸਦਾ ਵਿਸ਼ਵਾਸ ਦ੍ਰਿੜ ਹੋਇਆ ਹੈ। ਇੰਜ ਇਹ ਕਹਾਣੀ ਵਿਕਸਿਤ ਮੁਲਕਾਂ ਵਿਚ ਵਿਅਕਤੀ ਦੀ ਚੇਤਨਾ ਵਿਚ ਆਏ ਵਿਕਾਸ ਦੀ ਕਨਸੋਅ ਜ਼ਰੂਰ ਦਿੰਦੀ ਹੈ।

ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਸਬੰਧੀ ਉਪਰੋਕਤ ਚਰਚਾ ਵਿਚੋਂ ਇਹ ਗੱਲ ਨਿੱਖਰਵੇਂ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਲੇਖਕ ਨੇ ਪਰਵਾਸੀ ਪੰਜਾਬੀ ਮਨੁੱਖ ਦੇ ਰਵਾਇਤੀ ਸੰਸਕਾਰਾਂ ਤੇ ਪਿਤਰਕੀ ਦੁਆਰਾ ਸਥਾਪਿਤ ਕੀਤੇ ਮੁੱਲ ਪ੍ਰਬੰਧ ਦੇ ਵਿਖੰਡਨ ਨੂੰ ਪ੍ਰਸਤੁਤ ਕੀਤਾ ਹੈ। ਉਹ ਇਨ੍ਹਾਂ ਸੰਸਕਾਰਾਂ ਦੇ ਟੁੱਟਣ ਦੀ ਪੀੜ ਨੂੰ ਵੀ ਪੇਸ਼ ਕਰਦਾ ਹੈ ਅਤੇ ਇਸ ਪੀੜ ਵਿਚੋਂ ਬਾਹਰ ਨਿਕਲਦੇ ਪੰਜਾਬੀ ਮਨੁੱਖ ਦੀ ਰਾਹਤ ਦੇ ਅਹਿਸਾਸ ਨੂੰ ਪੇਸ਼ ਕਰਨਾ ਵੀ ਜ਼ਰੂਰੀ ਸਮਝਦਾ ਹੈ। ਸ਼ਿਲਪ ਦੀ ਪੱਧਰ ਤੇ ਲੇਖਕ ਨਵ-ਰਚਨਾ ਵਿਧੀ ਨੂੰ ਪਹਿਲ ਦਿੰਦਾ ਹੈ। ਇਸੇ ਕਰਕੇ ਜਾਣੇ ਪਛਾਣੇ ਮਸਲੇ ਨਵ ਸਿਰਜਣ ਦੀ ਤਾਜ਼ਗੀ ਦਾ ਅਹਿਸਾਸ ਜਗਾ ਦਿੰਦੇ ਹਨ।

(**ਸੰਪਰਕ-97817-82474**)

## ਸਵੈ ਚਿੰਤਨ ਤੋਂ ਸਮੂਹਿਕ ਚੇਤਨਾ ਤੇ ਸੰਘਰਸ਼ ਦਾ ਵਾਹਕ : ਕੁੰਭੀ ਨਰਕ /- ਡਾ. ਸੰਤੋਖ ਸਿੰਘ




**ਮੁੱਲ: 200 ਰੁਪਏ, ਪੰਨੇ: 160**
**ਪ੍ਰਕਾਸ਼ਕ: ਪਰਵਾਜ਼ ਪ੍ਰਕਾਸ਼ਕ, ਜਲੰਧਰ**

ਭਾਰਤ ਵਿੱਚ ਸਮਾਜਿਕ ਵੰਡਾਂ ਕਾਰਨ ਵੇਦਨਾ, ਸੰਵੇਦਨਾ ਤੇ ਰਾਜਨੀਤੀ ਦਾ ਇੱਕ ਵੱਖਰਾ ਦ੍ਰਿਸ਼ ਹੈ। ਹਰ ਧਿਰ ਆਪਣੀ ਲੜਾਈ ਲਈ ਵਖਰੇ ਕਾਰਨ ਤੇ ਵੱਖਰੀ ਰਾਜਨੀਤੀ ਦਾ ਦਾਅਵਾ ਕਰਦੀ ਹੋਈ ਖੁਦ ਨੂੰ ਸ਼ੁੱਧ ਰੂਪ ਵਿਚ ਪੇਸ਼ ਕਰ ਰਹੀ ਹੈ। ਪੀੜਤ ਧਿਰਾਂ ਦੇ ਸਾਂਝੇ ਵਿਰੋਧੀ ਹੋਣ ’ਤੇ ਵੀ ਇਹਨਾਂ ਵਿਚ ਸਾਂਝ ਪੈਦਾ ਨਹੀਂ ਹੋ ਰਹੀ ਜਿਸ ਦਾ ਕਾਰਨ ਸਮਾਜਿਕ ਵਖਰੇਵੇਂ ਹੀ ਹਨ। ਵਿਡੰਬਨਾ ਇਸ ਗੱਲ ਵਿਚ ਹੈ ਕਿ ਸਾਰੀਆਂ ਧਿਰਾਂ ਲੜਦੀਆਂ ਕਿਤੇ ਵੀ ਆਪਣਾ ਸਮਾਜਿਕ ਰੁਤਬਾ ਛੱਡਣ ਲਈ ਤਿਆਰ ਨਹੀਂ ਹਨ। ਇਹ ਕਿਹੋ ਜਿਹੀ ਗੰਢ ਹੈ ਮਨੋਸਥਿਤੀ ਹੈ ਜਿਸ ਉਪਰ ਚਰਚਾ ਜ਼ਰੂਰੀ ਜਾਪਦੀ ਹੈ। ਭਾਵੇਂ ਹੁਣ ਕੁਝ ਗਠਬੰਧਨ ਸਾਹਮਣੇ ਆ ਰਹੇ ਹਨ ਪਰੰਤੂ ਇਹਨਾਂ ਦਾ ਕੀ ਅਸਰ ਹੋਵੇਗਾ ਇਹ ਆਉਣ ਵਾਲਾ ਸਮਾਂ ਹੀ ਤਹਿ ਕਰੇਗਾ। ਇੱਥੇ ਸੰਘਰਸ਼ਸ਼ੀਲ ਧਿਰਾਂ ਤੇ ਹਾਕਮ ਧਿਰਾਂ ਦੀ ਰਾਜਨੀਤੀ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਸ਼ੋਸ਼ਣ ਕਰਨ ਵਾਲੀਆਂ ਧਿਰਾਂ ਬਾਹਰੋਂ ਵਿਰੋਧ ਦੀ ਸਥਿਤੀ ਵੀ ਦਿਖਾਉਂਦੀਆਂ ਹਨ ਪਰੰਤੂ ਅੰਦਰੋਂ ਇਕ ਦੂਜੇ ਦਾ ਸਾਥ ਦਿੰਦੀਆਂ ਪਰੰਤੂ ਇਹਨਾਂ ਦੇ ਖਿਲਾਫ਼ ਲੜਨ ਵਾਲੀਆਂ ਸ਼ੋਸ਼ਿਤ ਧਿਰਾਂ ਜਿਹੜੀਆਂ ਸਮਾਜਿਕ ਵਖਰੇਵੇਂ ਕਰਨ ਵੰਡੀਆਂ ਹੋਈਆਂ ਹਨ, ਇਕ ਥਾਂ ਇਕੱਠੀਆਂ ਹੋਣ ਤੋਂ ਕੰਨੀ ਕਤਰਾਉਂਦੀਆਂ ਹਨ। ਇਹ ਕਿਉਂ? ਇਹ ਪ੍ਰਸ਼ਨ ਸਾਰੇ ਸਾਹਿਤਕਾਰਾਂ ਦੇ ਸਾਹਮਣੇ ਵੀ ਆਇਆ ਪਰੰਤੂ ਇਸ ਦੇ ਹੱਲ ਬਾਰੇ ਕਿਸੇ ਨੇ ਵੀ ਕਲਮ ਨਹੀਂ ਉਠਾਈ। ਜੇ ਉਠਾਈ ਤਾਂ ਉਸਦੇ ਆਧਾਰ ਇਕ ਪਾਸੜ ਰਹੇ। ਉਦਾਹਰਨ ਵਜੋਂ ਪੰਜਾਬੀ ਨਾਟਕ/ਕਹਾਣੀ/ਕਵਿਤਾ ਜਿਸ ਵਿਚ ਦਲਿਤ ਜੀਵਨ ਦੀ ਭਾਵੇਂ ਸੁਹਿਰਦਤਾ ਨਾਲ ਪੇਸ਼ਕਾਰੀ ਕੀਤੀ ਮਿਲਦੀ ਹੈ ਪਰੰਤੂ ਇਸ ਦਾ ਹੱਲ ਖੱਬੇ ਪੱਖੀ ਝੰਡੇ ਹੇਠ ਹੀ ਲਿਆਂਦਾ ਗਿਆ। ਉਹ ਮਕਾਨਕੀ ਰੂਪ ਧਾਰਨ ਕਰ ਗਿਆ ਕਿਉਂਕਿ ਦਲਿਤ ਨੂੰ ਕੇਵਲ ਇਕ ਆਰਥਿਕ ਜਮਾਤ ਵਜੋਂ ਦੇਖਣ ਦੀ ਰੀਤ ਤਿਆਗੀ ਨਾ ਗਈ। ਪਰ ਹੁਣ



ਇਸ ਜਦੋ-ਜਹਿਦ ਵਿਚੋਂ ਨਵੀਂ ਰਾਜਨੀਤੀ ਹੋਂਦ ਵਿਚ ਆ ਰਹੀ ਹੈ ਜਿਸ ਨੂੰ ਗਠਬੰਧਨ ਦੀ ਰਾਜਨੀਤੀ ਕਿਹਾ ਜਾ ਸਕਦਾ ਹੈ। ਭਗਵੰਤ ਰਸੂਲਪੁਰੀ ਆਪਣੀ ਕਹਾਣੀ ‘ਧੂੜ’ ਇਸ ਗਠਬੰਧਨ ਨੂੰ ਜ਼ਾਇਜ਼ ਠਹਿਰਾਉਂਦਾ ਹੈ ਜਦੋਂ ਪਿੰਡ ਵਿਚ ਰਹਿਣ ਆਈ ਨਵੀਂ ਡਾਕਟਰ ਪ੍ਰਤੀਕ ‘ਗੁਰੂ ਰਵਿਦਾਸ, ਮਾਰਕਸ, ਅੰਬੇਦਕਰ ’ਤੇ ਭਗਤ ਸਿੰਘ’ ਹੁਰਾਂ ਦੀਆਂ ਫੋਟੋਆਂ ਇੱਕ ਕਤਾਰ ਵਿਚ ਟੰਗਦੀ ਹੈ। ਇਸ ਸੰਘਰਸ਼ ਦੀ ਵਿਚਾਰਧਾਰਾ ਵਿਚ ਬਹੁਵਚਨਾ ਦਾ ਆਗਾਜ਼ ਹੈ, ਕਿਉਂਕਿ ਇਸ ਤੋਂ ਪਹਿਲਾਂ ਸਾਡੇ ਕੋਲ ਸਾਰੇ ਕੁਸ਼ਾਸ਼ਨਾਂ ਤੇ ਪ੍ਰਬੰਧਾਂ ਦਾ ਹੱਲ ਸਿਰਫ਼ ਮਾਰਕਸਵਾਦ ਰਿਹਾ ਹੈ। ਇੱਥੇ ਚਾਰਾਂ ਪਾਸਿਆਂ ਤੋਂ ਆਇਆ ਚਿੰਤਨ ਮਨੁੱਖ ਦੀ ਸਮਝ ਨੂੰ ਹੋਰ ਵੀ ਵਿਸ਼ਾਲ ਬਣਾਉਣ ਵਿਚ ਆਪਣੀ ਭੂਮਿਕਾ ਅਦਾ ਕਰੇਗਾ। ‘ਧੂੜ’ ਵਿਚਲੀ ਧੂੜ ਇਹ ਚਾਰ ਵਿਦਵਾਨਾਂ ਦੇ ਚਿੰਤਨ ਤੇ ਚੇਤਨਾ ਨਾਲ ਲਹਿ ਸਕਦੀ ਹੈ। ਉਸ ਦੀ ਧਾਰਨਾ ਹੈ ਕਿ ਜੀਵਨ ਦੀਆਂ ਬਹੁਤ ਸਾਰੀਆਂ ਪਰਤਾਂ ਨੂੰ ਸਮਝੇ ਬਗੈਰ ਕੋਈ ਮੁਕਤੀ ਦੀ ਰਾਜਨੀਤੀ ਤਹਿ ਨਹੀਂ ਕੀਤੀ ਜਾ ਸਕਦੀ। ਇੱਥੇ ਡਾ. ਅੰਬੇਡਕਰ ਦੀ ਧਾਰਨਾ ਕਿ ਸਾਡੇ ਦੋ ਦੁਸ਼ਮਣ ਹਨ : ਪੂੰਜੀਵਾਦ ਤੇ ਬ੍ਰਾਹਮਣਵਾਦ ਦੇ ਸਵਾਲ ਵੀ ਸੰਬੋਧਨ ਹੋਣ ਦੀ ਜੁਗਤ ਵਰਤੀ ਗਈ ਹੈ ਜਿਹੜੀ ਅੰਬੇਡਕਰਵਾਦ ਦੀ ਸੀਮਾਵਾਂ ਤੇ ਮਾਰਕਸਵਾਦ ਦੀਆਂ ਸੀਮਾਵਾਂ ਵਿਚੋਂ ਨਵਾਂ ਚਿੰਤਨ ਸਿਰਜਣ ਦੀ ਤਾਂਘ ਦੇਖਣ ਨੂੰ ਮਿਲਦੀ ਹੈ।

ਭਗਵੰਤ ਰਸੂਲਪੁਰੀ ਦਾ **‘ਕੁੰਭੀ ਨਰਕ’** ਕਥਾ ਸੰਗ੍ਰਹਿ ਦਲਿਤ ਜੀਵਨ ਦੇ ਅੰਦਰੂਨੀ ਤੇ ਬਾਹਰੀ ਪਾਸਾਰਾਂ ਨੂੰ ਜਿੱਥੇ ਫੜਦਾ ਹੈ ਉੱਥੇ ਉਚ ਜਾਤੀ ਦੇ ਨਿਮਨ ਵਰਗ ਵੱਲ ਜਾਂਦੀਆਂ ਧਿਰਾਂ ਤੇ ਪਰਵਾਸ ਵਿਚ ਕਿਰਤ ਦੇ ਵਰਤਾਰਿਆਂ ਨੂੰ ਵੀ ਪੇਸ਼ ਕਰਦਾ ਹੈ। ਇਹ ਕਹਾਣੀਆਂ ਮੂਲ ਰੂਪ ਵਿਚ ਰਾਜਨੀਤੀ ਦੇ ਇਰਦ ਗਿਰਦ ਘੁੰਮਦੀਆਂ ਹਨ ਜਿਸ ਵਿਚ ਜੀਵਨ ਨੂੰ ਦੇਖਣ ਦਾ ਨਜ਼ਰੀਆ ਸ਼ਾਮਲ ਹੈ। ਸਾਡੇ ਆਗੂਆਂ ਨੇ ਇਸ ਗੱਲ ਦੀ ਲੋੜ ਤਾਂ ਮਹਿਸੂਸ ਕੀਤੀ ਕਿ ਸੰਘਰਸ਼ ਜ਼ਰੂਰੀ ਹੈ ਪਰ ਕਿਹੜੀਆਂ ਹਾਲਤਾਂ ਵਿਚ ਇਹ ਸੰਘਰਸ਼ ਹੋਵੇ ਇਸ ਬਾਰੇ ਕੋਈ ਸਵਾਲ ਨਹੀਂ ਉਠਿਆ।

ਸਾਰੀਆਂ ਧਿਰਾਂ ਖੁਦ ਬਾਹਰਮੁਖੀ ਮੰਨਦੀਆਂ ਰਹੀਆਂ ਦੂਜੇ ਨੂੰ ਅੰਤਰਮੁਖੀ। ਸੱਚ ਇਹ ਸੀ ਕਿ ਉਹ ਸਾਰੀਆਂ ਧਿਰਾਂ ਅੰਤਰਮੁਖੀ ਹੀ ਸਨ ਜਿਹੜੀਆਂ ਆਪਣੇ ਮੌਕਾਪ੍ਰਸਤੀ ਨੂੰ ਲੋਕ ਹਿਤਾਂ ਨਾਲ ਜੋੜਕੇ ‘ਸਵੈ ਵਿਕਾਸ’ ਕਰਦੀਆਂ ਰਹੀਆਂ। ਇਸ ਦੇ ਉਲਟ ਇਹ ਵੀ ਹੁੰਦਾ ਰਿਹਾ ਕਿ ‘ਸਵੈ’ ਨੂੰ ਕੇਂਦਰ ਵਿਚ ਬਣੀਆਂ ਧਿਰਾਂ ਵੀ ਅਗਲੇਰੀਆਂ ਵੰਡਾ ਵਿਚ ਤਬਦੀਲ ਕਰਦੀਆਂ ਰਹੀਆਂ। ਇਸ ਦੀ ਉਦਾਹਰਨਾਂ ਨਿਮਨ ਜਾਤੀਆਂ ਅੰਦਰ ਧਰਮ ਦੇ ਆਧਾਰ ’ਤੇ ਵੰਡ ਕਰਕੇ ਵੰਡ ਹੁੰਦੀ ਰਹੀ ਤੇ ਕਿਸਾਨੀ ਵਿਚ ਵਿਅਕਤੀ ਵਿਸ਼ੇਸ਼ ਦੇ ਆਧਾਰ ’ਤੇ ਵੰਡ ਹੁੰਦੀ ਗਈ। ਨਤੀਜੇ ਵਜੋਂ ਧਿਰਾਂ ਬਹੁ ਵਚਨਾਂ ਵਿਚ ਬਦਲੀਆਂ ਤੇ ਉਹਨਾਂ ਦੀਆਂ ਸੁਰਾਂ ਅਨੰਤਤਾਂ ਵੱਲ ਵਧੀਆਂ ਜਿਸ ਨੇ ਆਪਸੀ ਟਕਰਾਵਾਂ ਨੂੰ ਜਨਮ ਦਿੱਤਾ ਜਿਹੜਾ ਹਾਕਮ ਧਿਰਾਂ ਦੇ ਹੱਕ ਵਿਚ ਭੁਗਤਿਆ। ਭਗਵੰਤ ਦੀ ਕਹਾਣੀ ‘ਕੁੰਡੀ ਨਰਕ’ ਬਾਲਮੀਕੀ ਸਮਾਜ ਅੰਦਰਲੇ ਧਾਰਮਿਕ ਸੰਕਟਾਂ ਨੂੰ ਪੇਸ਼ ਹੀ ਨਹੀਂ ਕਰਦੀ ਸਗੋਂ ਦਲਿਤਾਂ ਦੀ ਦਲਿਤਾਂ ਲਈ ਰਾਜਨੀਤੀ ਦੇ ਪਾਜ ਵੀ ਉਧੇੜਦੀ ਹੈ। ਨਿਵੇਕਲੀ ਸ਼ੈਲੀ ਵਿਚ ਲਿਖੀ ਗਈ ਇਹ ਕਹਾਣੀ ਮੈਂ ਪਾਤਰ (ਜਿਹੜਾ ਬਾਲਮੀਕੀ ਭਾਈਚਾਰੇ ਵਿਚ ਹੈ ਅਤੇ ਚੰਡੀਗੜ੍ਹ ਸੈਕਟ੍ਰੀਏਟ ਵਿਚ ਜੂਨੀਅਰ ਸਹਾਇਕ ਵਜੋਂ ਨੌਕਰੀ ਕਰਦਾ ਹੈ।) ਇਸ ਦਾ ਸੂਤਰਧਾਰ ਹੈ। ਇਸ ਦੀ ਨਜ਼ਰ ਜਿੱਥੇ ਦਲਿਤ ਜੀਵਨ ਅੰਦਰਲੀ ਗਰੀਬੀ, ਜ਼ਿੱਲਤ, ਜ਼ਲੀਲਤਾ ਉਤੇ ਹੈ ਉੱਥੇ ਇਹਨਾਂ ਵਿਚ ਪਈਆਂ ਹੋਈਆਂ ਵੰਡਾਂ ਤੇ ਰਾਜਨੀਤੀ ’ਤੇ ਹੈ। ਪੰਜਾਬ ਵਿਚ ਦਲਿਤਾਂ ਦੀਆਂ ਦੋ ਜਾਤਾਂ ਬਾਲਮੀਕੀ ਤੇ ਰਵਿਦਾਸੀਏ ਸਰਗਰਮ ਰਹੀਆਂ ਹਨ। ਜਿਹੜੀਆਂ ਪਹਿਲਾਂ ਕਿੱਤੇ, ਧਰਮ ਦੇ ਆਧਾਰ ’ਤੇ ਵੰਡੀਆ ਗਈਆਂ ਪਰ ਰਾਖਵੇਂਕਰਨ ਦੇ ਆਧਾਰ ’ਤੇ ਇਕੱਠੀਆਂ ਹੋਈਆਂ। ਹੁਣ ਉਹਨਾਂ ਦੀ ਵੰਡ ਧਰਮ ਆਧਾਰਿਤ ਵੀ ਹੈ ਤੇ ਰਾਖਵੇਂਕਰਨ ਅਧਾਰਿਤ ਵੀ। ਇਸ ਵੰਡ ਨੇ ਇਨ੍ਹਾਂ ਦਾ ਸ਼ੋਸ਼ਣ

ਕਰਦੀਆਂ ਧਿਰਾਂ ਨੂੰ ਤਾਕਤ ਦਿੱਤੀ ਹੈ। ਭਾਵੇਂ ਕਹਾਣੀ ਸ਼ਾਂਤੀ ਦੇ ਦਾਹ ਸੰਸਕਾਰ ਨੂੰ ਆਧਾਰ ਬਣਾਕੇ ਲਿਖੀ ਗਈ ਹੈ ਪਰੰਤੂ ਇਸ ਵਿਚ ਕਿੰਨੀਆਂ ਉਹਨਾਂ ਸਾਰੀਆਂ ਲਹਿਰਾਂ ਦਾ ਸੰਸਕਾਰ ਵੀ ਸ਼ਾਮਿਲ ਹੈ ਜਿਹੜੀਆਂ ਕਿਸੇ ਵੇਲੇ ਦਲਿਤਾਂ ਦੇ ਉਥਾਨ ਲਈ ਕਾਰਜਸ਼ੀਲ ਸਨ। ਇਕ ਬਾਲਮੀਕ ਜਾਤੀ ਵਿਚ ਸਿੱਖ, ਹਿੰਦੂ ਤੇ ਇਸਾਈਅਤ ਦੇ ਅਧਾਰਿਤ ਵੰਡ ਨੇ ਸੰਘਰਸ਼ਸ਼ੀਲ ਆਦਮੀ ਦੀ ਚੇਤਨਾ ਨੂੰ ਖੰਡ-ਖੰਡ ਕੀਤਾ ਹੈ। ਭਾਵੇਂ ਸ਼ਾਂਤੀ ਦਾ ਸੰਸਕਾਰ ਹੋ ਜਾਂਦਾ ਹੈ ਪਰੰਤੂ ਧਿਰਾਂ ਅੰਦਰਲੀ ਬੇਚੈਨੀ ਜਾਰੀ ਹੈ।

ਇਹ ਕਹਾਣੀ ਜਿੱਥੇ ਧਿਰਾਂ ਅੰਦਰਲੇ ਤਣਾਓ ਨੂੰ ਪ੍ਰਗਟ ਕਰਦੀ ਹੈ ਉੱਥੇ ਸ਼ਾਂਤੀ ਦੇ ਜੀਵਨ ਦੇ ਦ੍ਰਿਸ਼ ਨੂੰ ਪੇਸ਼ ਕਰਦੀ ਦਲਿਤ ਜੀਵਨ ਅੰਦਰਲੇ ਦੁੱਖਾਂ ਨੂੰ ਸਾਹਮਣੇ ਲਿਆਉਂਦੀ ਹੈ। ਮੈਂ ਪਾਤਰ ਦਾ ਪਿਤਾ ਗਟਰ ਵਿਚ ਮਰਦਾ ਹੈ। ਸ਼ਾਂਤੀ ਨੂੰ ਲੰਗਰ ਵਿਚ ਪ੍ਰਸ਼ਾਦ ਤਾਂ ਲੈਣ ਦਿੱਤਾ ਜਾਂਦਾ ਹੈ ਜੇ ਉਹ ਉੱਥੇ ਸਫ਼ਾਈ ਕਰਦੀ ਹੈ। ਉਹ ਅਮੀਰ ਲੋਕਾਂ ਦਾ ਮਲ ਤੱਕ ਆਪਣੇ ਸਿਰਾਂ 'ਤੇ ਚੁੱਕਦੀ ਹੈ। ਇਹ ਅਮਾਨਵੀ ਹੈ। ਕਹਾਣੀਕਾਰ ਇਹਨਾਂ ਅਮਾਨਵੀ ਕਿਰਿਆਵਾਂ ਵਿਚ ਦਲਿਤਾਂ ਦੀ ਸਵੈ ਲਈ ਸਿਰਜੀ ਰਾਜਨੀਤੀ 'ਤੇ ਸਵਾਲ ਉਠਾਉਂਦਾ ਹੈ। ਉਹ ਕਾਲੇ ਪ੍ਰਧਾਨ, ਰਾਮ ਸਿੰਘ, ਰਾਜਨ ਮਸੀਹ ਰਾਹੀਂ ਬਾਲਮੀਕੀਆਂ ਅੰਦਰ ਪਈਆਂ ਵੰਡਾਂ ਤੇ ਵਖਰੇ ਧਰਮ ਦੁਆਰਿਆਂ ਦਾ ਜ਼ਿਕਰ ਕਰਦਾ ਹੋਇਆ ਇਹਨਾਂ ਅੰਦਰਲੇ ਧਾਰਮਿਕ ਸੰਵਾਦ ਨੂੰ ਸਾਹਮਣੇ ਲਿਆਉਂਦਾ ਹੈ। ਉਸ ਅੰਦਰਲਾ ਕਟਾਕਸ਼ ਵਿਅੰਗ ਰਾਹੀਂ ਪੇਸ਼ ਹੁੰਦਾ ਹੈ। ਕਾਲੇ ਪ੍ਰਧਾਨ ਰਾਹੀਂ ਉਹ ਸਥਾਪਤ ਕਰਦਾ ਹੈ ਕਿ ਕਿਵੇਂ ਇੱਕ ਜਾਤੀ ਦੇ ਲੋਕ ਆਪਣੇ ਜਾਤੀ ਦੇ ਲੋਕਾਂ ਦਾ ਕਿਵੇਂ ਸ਼ੋਸ਼ਣ ਕਰਦੇ ਹਨ। ਕਹਾਣੀਕਾਰ ਦੀ ਸਥਾਪਤ ਕਰਨਾ ਚਾਹੁੰਦਾ ਹੈ ਕਿ ਤਾਕਤ ਤੇ ਸ਼ੋਸ਼ਣ ਦਾ ਸਬੰਧ ਅਜਿਹਾ ਹੈ ਕਿ ਤਾਕਤ ਸ਼ੋਸ਼ਣ ਕਰਨ ਲੱਗਿਆ ਆਪਣਾ ਪਰਾਇਆ ਨਹੀਂ ਦੇਖਦੀ ਬਸ ਸ਼ੋਸ਼ਣ ਕਰਦੀ ਹੈ। ਤੇ ਇਹ ਸਥਾਪਤ ਕਰਦਾ ਹੈ ਕਿ ਗਰੀਬੀ ਮਨੁੱਖ ਵਿਚ ਅਜਿਹੀਆਂ ਗੰਢਾਂ ਬਣਾਉਂਦੀ ਹੈ ਕਿ ਉਹ ਸਭ ਤੋਂ ਪਹਿਲਾਂ ਸ਼ੱਕ ਤੇ ਵਿਰੋਧ ਆਪਣੇ ਵਰਗੇ ਵਿਅਕਤੀ 'ਤੇ ਹੀ ਕਰਦਾ ਹੈ। ਅਸਲ ਸੋਸ਼ਕ ਤੱਕ ਉਸਦੀ ਨਜ਼ਰ ਹੀ ਨਹੀਂ ਜਾਂਦੀ। ਦਰਅਸਲ ਇਹ ਨਰਕ ਦੀ ਉਹ ਤਸਵੀਰ ਕਸ਼ੀ ਹੈ ਜਿਸ ਵਿਚ ਕੇਵਲ ਸਜ਼ਾ ਭੁਗਤਣ ਵਾਲੇ ਲੋਕ ਦਿਖਾਈ ਦਿੰਦੇ ਹਨ। ਜਿੰਨ੍ਹਾਂ ਦਾ ਇਤਿਹਾਸ, ਵਰਤਮਾਨ ਤੇ ਭਵਿੱਖ ਚਿੰਤਾ, ਦੁੱਖ, ਬੇਬਸੀ ਵਿਚ ਹੈ। ਇਹ ਉਹ ਲੋਕ ਹਨ ਜਿਹਨਾਂ ਦੀ ਦੇਹ ਅੰਦਰ ਦੁੱਖ ਦੀ ਵਿਰਾਸਤ ਹੈ ਤੇ ਬਾਹਰ ਦੁੱਖ ਨੂੰ ਵਧਾਉਣ ਵਾਲੀਆਂ ਤਾਕਤ ਹਾਜ਼ਰ ਹਨ। ਇਹ ਅਜਿਹਾ ਸਫ਼ਰ ਹੈ ਜਿਸ ਵਿਚ ਇੱਕ ਮਨੁੱਖ ਆਪਣੀ ਲਾਸ਼ ਨੂੰ ਆਪ ਢੋਹ ਰਿਹਾ ਹੈ।

ਕਹਾਣੀਆਂ '**ਸੁੱਕੀਆਂ ਕੁੰਨਾਂ**' ਤੇ '**ਧੂੜ**' ਪੰਜਾਬ ਦੀ ਚਮਾਰ ਜਾਤੀ ਦੇ ਲੋਕਾਂ ਨਾਲ ਸਬੰਧਿਤ ਹੈ ਜਿਹੜੀ ਚਮੜੇ ਦੇ ਕੰਮ ਵਿਚਲੀ ਸ਼ਿਲਪ ਨੂੰ ਦਿਖਾਉਂਦਿਆਂ ਇਸ ਦੇ ਕਾਰੋਬਾਰ ਵਿਚ ਆਏ ਨਿਘਾਰ ਨੂੰ ਕੇਂਦਰ ਵਿਚ ਰੱਖਦੀਆਂ ਹਨ। 'ਸੁੱਕੀਆਂ ਕੁੰਨਾਂ' ਵਿਚਲਾ ਪਾਤਰ ਜਾਗਰ ਮੱਲ (ਮੈਂ ਪਾਤਰ ਮੁਕੰਦ ਲਾਲ ਦਾ ਦਾਦਾ ਤੇ ਚੌਧਰੀ ਰਾਜੂ ਮੱਲ ਦਾ ਪਿਤਾ) ਇੱਕ ਨਾਇਕ ਦੇ ਤੌਰ 'ਤੇ ਉਭਰਦਾ ਹੈ। ਸਵੈਮਾਣ ਨੂੰ ਮਾਨਣ ਵਾਲਾ ਇਹ ਪਾਤਰ ਪਿੰਡੋਂ ਨਿਕਾਲਾ ਵੀ ਲੈਂਦਾ ਹੈ ਪਰ ਆਪਣੀ ਸ਼ਕਤੀ ਨਾਲ ਨਵਾਂ ਪਿੰਡ ਵਸਾ ਕੇ ਆਪਣੇ ਕੰਮ ਨੂੰ ਵਧੀਆ ਤਰੀਕੇ ਨਾਲ ਤੋਰਦਾ ਹੈ। ਉਹ ਦਲਿਤਾਂ ਲਈ ਰੁਜ਼ਗਾਰ ਦੇ ਏਜੰਡੇ ਨੂੰ ਅੱਗੇ ਰੱਖਦਿਆਂ ਜਿੱਥੇ ਭਵਿੱਖਮੁਖੀ ਕੰਮ ਕਰਦਾ ਹੈ ਉੱਥੇ ਸਵੈਮਾਣ ਲਈ ਆਦਿ ਧਰਮ ਮੰਡਲ ਲਹਿਰ ਦਾ ਸਾਥ ਵੀ ਦਿੰਦਾ ਹੈ। ਪਰੰਤੂ ਮੰਡੀ ਦਾ ਸਬੰਧ ਕਿਸੇ ਧਰਮ, ਭਾਸ਼ਾ, ਸਭਿਆਚਾਰ ਆਦਿ ਕਿਸੇ ਪਹਿਲੂ ਨਾਲ ਸਿੱਧਾ ਨਹੀਂ ਹੈ। ਉਹ ਮੰਗ, ਪੂਰਤੀ, ਨਵਾਂਪਣ, ਗੁਣਾਤਮਕਤਾ, ਸੰਪੂਰਣ ਮੁਕਾਬਲਾ ਆਦਿ ਤੱਤਾਂ 'ਤੇ ਨਿਰਭਰ ਕਰਦੀ ਹੈ। ਸਮੇਂ ਦੇ ਵਹਿਣ ਨਾਲ ਦਲਿਤਾਂ ਕੋਲੋਂ ਤਵਾਜਨ ਨਹੀਂ ਬਣ ਸਕਿਆ। ਇਹ ਕੰਮ ਨਾ ਤਾਂ ਇਹ ਉਦਯੋਗ



ਵਿਚ ਪਰਿਵਰਤਿਤ ਹੋ ਸਕਿਆ ਤੇ ਨਾ ਹੀ ਕੋਈ ਸੰਗਠਿਤ ਇਕਾਈ ਬਣਿਆ। ਇਸੇ ਤਰ੍ਹਾਂ ਗੁਣਾਤਮਕਤਾ ਵੀ ਨਾ ਰਹਿ ਸਕੀ। ਲੋਕਾਂ ਦੀਆਂ ਦਿਲਚਸਪੀਆਂ ਵਿਚ ਤਬਦੀਲੀ ਆਈ। ਮਸ਼ੀਨੀ ਉਤਪਾਦਨ ਨੇ ਲੋਕਾਂ ਅੰਦਰ 'ਨਵਾਂਪਣ' ਲਿਆਂਦਾ ਜਿਹੜਾ ਹੱਥੀ ਕੰਮ ਕਰਨ ਵਾਲਿਆਂ ਲਈ ਖਤਰਨਾਕ ਸਾਬਿਤ ਹੋਇਆ। ਇਹ ਵਰਤਾਰਾ ਅਸਹਿਜਤਾ ਤੇ ਅਸੰਤੁਲਿਨ ਲੈ ਕੇ ਆਇਆ। ਨਿਮਨਜਾਤੀ ਲੋਕਾਂ ਕੋਲ ਧਨ ਦੀ ਕਮੀ ਤੇ ਉਦਯੋਗਿਕ ਸੰਗਠਨ ਤੇ ਪ੍ਰਬੰਧ ਦੀ ਚੇਤਨਾ ਨਾ ਹੋਣ ਕਾਰਨ ਇਸ ਖੇਤਰ ਵਿਚੋਂ ਮਾਲਕੀ ਦੇ ਰੂਪ ਵਿਚੋਂ ਬਾਹਰ ਹੋਣਾ ਪਿਆ। ਮਾਲਕ ਵਿਅਕਤੀ ਉਸੇ ਥਾਂ ਨੌਕਰ ਬਣਿਆ ਜਿਹੜਾ ਕਿਸੇ ਸਮੇਂ ਸਵੈ ਨਿਰਭਰ ਸੀ। ਕਹਾਣੀ ਇਸ ਸੰਕਟ ਨੂੰ ਬਹੁਤ ਸ਼ਿੱਦਤ ਨਾਲ ਫੜਦੀ ਹੈ। ਚਮਾਰ ਜਾਤੀ ਦੇ ਲੋਕਾਂ ਦੀ ਥਾਂ ਉਚ ਜਾਤੀ ਦੇ ਲੋਕ ਇਸ ਕੰਮ ਵਿਚ ਪ੍ਰਵੇਸ਼ ਕਰਦੇ ਹਨ। ਉਹ ਫੈਕਟਰੀ ਤੇ ਨਿਵੇਸ਼ ਕਰਦੇ ਹਨ ਤੇ ਕਾਮੇ ਚਮਾਰ ਜਾਤੀ ਵਿਚੋਂ ਰੱਖਦੇ ਹਨ। ਲਾਭ ਪ੍ਰਾਪਤ ਕਰਦੇ ਹਨ। ਪਰ ਕਾਮਾ ਇਥੇ ਦੋ ਧੱਧਰੀ ਲੜਾਈ ਲੜਦਾ ਹੈ ਇਕ ਆਰਥਿਕ ਸ਼ੋਸ਼ਣ ਦੀ ਤੇ ਦੂਜੀ ਚੰਗਾ ਸ਼ਿਲਪੀ, ਮਾਲਕ ਹੋਣ ਦੇ ਅਵਚੇਤਨ ਦੀ। ਪਰ ਮੰਡੀ ਭਾਵੁਕਤਾ ਨਾਲ ਨਹੀਂ, ਭਾਅ ਨਾਲ ਚਲਦੀ ਹੈ। ਇਸੇ ਕਾਰਨ ਮੁਕੰਦੀ (ਮੁਕੰਦ ਲਾਲ) ਬਹੁਤ ਵਾਰ ਸ਼ਰਾਬ ਪੀ ਇਸ ਗੱਲ ਨੂੰ ਦੁਹਰਾਉਂਦਾ ਹੈ ਕਿ ਉਸਦਾ ਇਤਿਹਾਸ ਸੰਘਰਸ਼ਸ਼ੀਲ ਤੇ ਬਗਾਵਤੀ ਰਿਹਾ ਹੈ। ਇਹੀ ਉਸਦੀ ਜਾਂ ਉਸਦੇ ਪੁਰਖਿਆਂ ਦੀ ਜ਼ਿੰਦਗੀ ਦੇ ਸਵੈਮਾਣ ਦਾ ਸ਼ਿਖਰ ਸੀ। ਦਲਿਤਾਂ ਲਈ ਇਹ ਆਰਥਿਕ ਤੌਰ 'ਤੇ ਡਾਊਨ ਵਰਡ ਮੋਬਾਲਿਟੀ ਹੈ। ਫੌਜ ਲਈ ਬੂਟ ਬਣਕੇ, ਪਿੰਡ ਦੀ ਸਥਾਪਤੀ, ਆਪਣਾ ਕੰਮ ਦਲਿਤਾਂ ਲਈ ਉਭਾਰ ਦਾ ਸਮਾਂ ਹੈ ਤੇ ਦਿਹਾੜੀਦਾਰ ਮਜ਼ਦੂਰ ਬਣਨਾ ਉਤਾਰ ਦਾ ਸਮਾਂ ਹੈ। ਭਾਵੇਂ ਸਟੇਟ ਸੈਕਟਰ ਵਿਚ ਵੀ ਦਲਿਤਾਂ ਦੀ ਹਿੱਸੇਦਾਰੀ ਹੈ ਪਰ ਉਸਦਾ ਅਨੁਪਾਤ ਬਹੁਤ ਘੱਟ ਹੈ।

ਇਹ ਗੱਲ ਵਿਚਾਰਨਯੋਗ ਹੈ ਕਿ ਇਹ ਵਰਗ ਸੰਘਰਸ਼ ਦੇ ਰਾਹ ਨੂੰ ਕਦੇ ਵੀ ਨਹੀਂ ਤਿਆਗਦਾ। ਪੰਜਾਬ ਵਿਚ ਭਾਵੇਂ ਜਾਤੀ ਅਧਾਰਿਤ ਸਿਆਸਤ ਆਪਣੇ ਪੈਰ ਨਹੀਂ ਜਮਾ ਸਕੀ ਪਰ ਡਾ. ਅੰਬੇਡਕਰ ਦੇ ਚਿੰਤਨ ਨਾਲ ਜੁੜਿਆ ਇਹ ਵਰਗ ਸੁਚੇਤ ਰਿਹਾ ਹੈ। ਪੰਜਾਬ ਦੇ ਵਿਭਿੰਨ ਖੇਤਰਾਂ ਵਿਚ ਇਸ ਦੀ ਭੂਮਿਕਾ ਅਲੱਗ-ਅਲੱਗ ਰਹੀ ਹੈ। ਇਸ ਵਿਚ ਦੁਆਬਾ ਖੇਤਰ ਆਪਣੀ ਜਗਾ ਅਗਲੇਰੇ ਫਰੰਟ ਬਣਾਉਂਦਾ ਹੈ। ਪਰ ਫਿਰ ਵੀ ਜਾਤੀ ਦਾ ਜ਼ਹਿਰ ਉਸੇ ਤਰ੍ਹਾਂ ਹੀ ਕਾਰਜਸ਼ੀਲ ਹੈ। ਦਲਿਤਾਂ ਅੰਦਰਲੀ ਕਿਰਤੀ ਜਮਾਤ ਜਿਹੜੀ ਪਰਵਾਸ ਧਾਰਨ ਨਹੀਂ ਕਰ ਸਕੀ ਉਹ (ਭਾਵੇਂ ਘੱਟ ਗਿਣਤੀ ਵਿਚ) ਮਜ਼ਦੂਰੀ ਵਿਚੋਂ ਹੀ ਗੁਜ਼ਾਰਾ ਕਰ ਰਿਹਾ ਹੈ। ਮੁਕੰਦੀ ਆਪਣੀ ਕਮਜ਼ੋਰ ਆਰਥਿਕ ਸਥਿਤੀ ਕਾਰਨ ਪਿਛਾਂਹ ਨੂੰ ਦੇਖ ਰਿਹਾ ਹੈ ਤੇ ਇਸ ਗੱਲ 'ਤੇ ਝੋਰਾ ਵੀ ਕਰਦਾ ਨਜ਼ਰ ਆਉਂਦਾ ਹੈ ਤਦੋਂ ਬੱਚੇ ਕੁੰਨਾ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਦ੍ਰਿਸ਼ ਤੇ ਮਨੋਸਥਿਤੀ ਦੇਖਣ ਤੇ ਸਮਝਣ ਵਾਲੇ ਹਨ :

'ਵਿਜੈ ਦੇ ਮੋਟਰ ਸਾਇਕਲ ਤੋਂ ਉੱਤਰ ਕੁੱਝ ਪਲ ਤੁਰਨ 'ਤੇ ਮੇਰਾ ਪੈਰ ਉੱਖੜ ਜਾਂਦਾ ਹੈ। ਮੈਂ ਸਾਹਮਣੇ ਦੇਖਦਾ ਹਾਂ ਤਾਂ ਮੈਨੂੰ ਮੇਰਾ ਦਸ ਕੁ ਸਾਲਾਂ ਦਾ ਮੁੰਡਾ ਗਿੱਲੇ ਰੇਤਾਂ ਵਿਚ ਕੁਝ ਬਣਾ ਰਿਹਾ ਦਿਸਦਾ ਹੈ। ਉਨ੍ਹਾਂ ਨੂੰ ਦੇਖ ਮੈਂ ਕਹਿੰਦਾ ਹਾਂ, "ਇਹ ਕੀ ਬਣਾ ਰਹੇ ਹੋ?" ਮੁੰਡਾ ਫੱਟ ਕਹਿੰਦਾ ਹੈ, "ਪਾਪਾ! ਬਾਬੇ ਦੀਆਂ ਕੁੰਨਾਂ ਬਣਾ ਰਿਹਾਂ।" ਮੈਂ ਇਕ ਦਮ ਤ੍ਰਬਕਦਾ ਹਾਂ। ਮੈਨੂੰ ਚੇਤੇ ਆਉਂਦਾ ਹੈ ਕਿ ਭਾਪਾ ਅਕਸਰ ਹੀ ਸੁੱਕੀਆਂ ਕੁੰਨਾਂ ਵਾਲੀ ਥਾਂ 'ਤੇ ਬੈਠ ਕੇ ਆਪਣੇ ਪੋਤੇ ਨੂੰ ਚੰਮ ਰੰਗਣ ਅਤੇ ਸੁੱਕੀਆਂ ਕੁੰਨਾਂ ਦੀਆਂ ਕਹਾਣੀਆਂ ਦਸਦਾ ਹੁੰਦਾ ਸੀ, ਜਦੋਂ ਉਹਦਾ ਪੋਤਾ ਉਹਦੇ ਚੰਮ ਰੰਗਣ ਨਾਲ ਕਾਲੇ ਹੋਏ ਨੌਹਾਂ ਬਾਰੇ ਪੁੱਛਦਾ ਹੁੰਦਾ ਸੀ। ਮੁੰਡੇ ਦੀ ਗੱਲ ਸੁਣਕੇ ਮੈਨੂੰ ਇਕ ਦਮ ਬੀੜੀ ਪੀਣ ਦੀ ਤਲਬ ਲਗਦੀ ਹੈ।

"ਓਏ ਮੂਰਖੋ। ਕੋਈ ਚੱਜ ਦੀ ਖੇਡ ਖੇਡਿਆ ਕਰੋ।" ਕਹਿ ਮੈਂ ਜੇਬ ਵਿਚੋਂ ਬੀੜੀਆ ਦਾ ਬੰਡਲ ਕੱਢਦਾ ਹਾਂ। ਜਿਸ ਵਿਚ ਇਕ ਹੀ ਟੁੱਟੀ ਹੋਈ ਬੀੜੀ ਨਿਕਲਦੀ ਹੈ। ਮੈਂ ਉਂਗਲਾਂ ਨਾਲ ਉਹਨੂੰ ਮਰੋੜ, ਗਿੱਲੇ ਰੇਤੇ ਨਾਲ ਬਣਾਈਆਂ ਨਿਆਣਿਆਂ ਦੀਆਂ ਕੁੰਨਾਂ 'ਤੇ ਪੈਰ ਮਾਰ, ਉਨ੍ਹਾਂ ਨੂੰ ਢਾਹ, ਅੱਗੇ ਘਰ ਵੱਲ ਵਧ ਜਾਂਦਾ ਹਾਂ। ਇਸ ਦੌਰਾਨ ਮੇਰੇ ਦਿਮਾਗ ਦਾ ਮੇਰੇ ਸਰੀਰ 'ਤੇ ਰਤਾ ਵੀ ਕਾਬੂ ਨਹੀਂ ਰਹਿੰਦਾ। ਅੱਗੇ ਪੱਧਰ ਜਿਹਾ ਬਣਿਆ ਮੇਰਾ ਭਾਪਾ ਮੈਨੂੰ ਘੂਰ ਰਿਹਾ ਲਗਦਾ ਹੈ।" (ਪੰਨਾ 52)

ਇਹ ਅਵਚੇਤਨ ਦਾ ਮਸਲਾ ਸਰੀਰਕ ਸਰਗਰਮੀ ਨੂੰ ਜਨਮ ਦੇ ਰਿਹਾ ਹੈ ਜਿਹੜਾ ਉਸਾਰੂ ਨਾ ਹੋ ਕੇ ਢਾਹੂ ਹੈ। ਬੇਚੈਨੀ ਕੁੰਨਾ ਢਾਹ ਰਹੀ ਹੈ ਪਰ ਅੰਦਰੋਂ ਇਹੀ ਢਾਉਣੀਆਂ ਔਖੀਆਂ ਹਨ। ਇਹ ਦੁੱਖ ਵੀ ਹੈ ਤੇ ਦ੍ਰਿਸ਼ ਵੀ। ਇਥੇ ਇੱਕ ਗੱਲ ਕਹਾਣੀ ਦੇ ਸਬੰਧ ਵਿਚ ਵਿਚਾਰਨ ਵਾਲੀ ਹੈ ਕਿ ਭਗਵੰਤ ਰਸੂਲਪੁਰੀ ਦਾ ਕਹਾਣੀ ਵਿਚ ਅਨੁਭਵ ਬਹੁਤ ਧਿਆਨ ਖਿੱਚਦਾ ਹੈ। ਸਾਡੀ ਜਾਚੇ ਇਹ ਚਮੜੇ ਦਾ ਕੰਮ ਕਰਨ ਵਾਲੇ ਲੋਕਾਂ ਦੇ ਮੌਲਿਕ ਅਨੁਭਵ ਵੀ ਆਖਰੀ ਕਹਾਣੀ ਹੈ। ਇਸ ਦੇ ਬਾਅਦ ਵਿਚ ਇਸ ਖੇਤਰ ਵਿਚ ਆਉਣ ਵਾਲੀਆਂ ਕਹਾਣੀਆਂ ਵਿਚ ਇੰਨੀ ਮੌਲਿਕਤਾ ਨਹੀਂ ਹੋਵੇਗੀ। ਜੇਕਰ ਹੋਈ ਤਾਂ ਉਹ ਇਸ ਕੰਮ ਨਾਲ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੋਵੇਗਾ।

ਭਗਵੰਤ ਦੀਆਂ ਕਹਾਣੀਆਂ ਲੜੀ ਤੇ ਕੜੀ ਵਿੱਚ ਜੁੜੀਆਂ ਹੋਈਆਂ ਹਨ। 'ਸੁੱਕੀਆ ਕੁੰਨਾਂ' ਦਾ ਮੁਕੰਦੀ ਤੇ '**ਧੂੜ**' ਕਹਾਣੀ ਦਾ ਪਾਤਰ ਮੇਲੂ ਇਕੋ ਪਾਤਰ ਮਹਿਸੂਸ ਹੁੰਦੇ ਹਨ ਕਿਉਂਕਿ ਸੁੱਕੀਆਂ ਕੁੰਨਾਂ ਦਾ ਮੁਕੰਦੀ ਅਵਚੇਤਨ ਨਾਲ ਅਤੀਤ 'ਤੇ ਖਿਝਦਾ ਹੈ ਤੇ '**ਧੂੜ**' ਵਿਚ ਡਾ. ਪ੍ਰਤੀਕ ਤੋਂ ਦਿਸ਼ਾ ਨਿਰਦੇਸ਼ ਲੈਣ ਦੇ ਆਹਰ ਵਿਚ ਹੈ। ਭਗਵੰਤ ਨੇ '**ਧੂੜ**' ਕਹਾਣੀ ਵਿਚ ਵਿਭਿੰਨ ਵਿਚਾਰਧਾਰਾਵਾਂ ਦਾ ਵਾਹਕ ਡਾ. ਪ੍ਰਤੀਕ ਨੂੰ ਬਣਾਇਆ ਹੈ ਜਿਹੜੀ ਇੱਕ ਔਰਤ ਡਾਕਟਰ ਹੈ, ਧਿਆਨ ਖਿੱਚਦੀ ਹੈ। ਇਹ ਕੋਈ ਮਰਦ ਪਾਤਰ ਵੀ ਹੋ ਸਕਦਾ ਸੀ। ਹੋ ਸਕਦਾ ਹੈ ਕਿ ਭਗਵੰਤ ਜਾਤੀ ਜਮਾਤੀ ਸਵਾਲ ਦੇ ਨਾਲ-ਨਾਲ ਲਿੰਗ ਦੇ ਸਵਾਲ ਨੂੰ ਵੀ ਸੰਬੋਧਿਤ ਹੁੰਦਿਆਂ ਅਗਲੇ ਸੰਘਰਸ਼ ਦੀ ਵਾਗਡੋਰ ਦਲਿਤਾਂ, ਮਜ਼ਦੂਰਾਂ, ਨਿਮਨ ਕਿਸਾਨੀ ਤੇ ਔਰਤਾਂ ਦੇ ਹੱਥ ਦੇਣ ਦੇ ਹੱਕ ਵਿਚ ਹੈ। ਕਹਾਣੀ ਇਸ ਵਿਸ਼ੇਸਤਾ ਨਾਲ ਹੋਰ ਵੀ ਮਹੱਤਵ ਪੂਰਨ ਬਣਦੀ ਹੈ। ਭਗਵੰਤ ਰਸੂਲਪੁਰੀ ਸੰਘਰਸ਼ ਦੇ ਖੇਤਰ ਨੂੰ ਹੋਰ ਖੋਲਣ ਲਈ '**ਕਬਰਗਾਹ**' ਕਹਾਣੀ ਵਿੱਚ ਪੰਜਾਬ ਅਤੇ ਹੋਰ ਰਾਜਾਂ ਦੇ ਕਿਸਾਨਾਂ ਦੇ ਸੰਵਾਦ ਵੀ ਸਾਹਮਣੇ ਲਿਆਉਂਦਾ ਹੈ ਜਿਹੜਾ ਅਗਲੇਰੇ ਤੇ ਸਾਂਝੇ ਸੰਘਰਸ਼ਾਂ ਲਈ ਰਾਹ ਤਿਆਰ ਕਰਦਾ ਹੈ।

ਕਹਾਣੀ '**ਕਬਰਗਾਹ**' ਤੇ '**ਮਾਇਆ**' ਸੰਘਰਸ਼ਾਂ ਵਿਚ ਅਸਫ਼ਲਤਾਵਾਂ ਦੇ ਕਾਰਨਾਂ ਨੂੰ ਦਰਸਾਉਂਦੀਆਂ ਹਨ। ਕਹਾਣੀ '**ਕਬਰਗਾਹ**' ਜਿਥੇ ਦਲਿਤ ਤੇ ਕਿਸਾਨੀ ਦੇ ਅੰਤਰ ਸੰਵਾਦ ਰਾਹੀਂ ਦੋਹਾਂ ਤਰ੍ਹਾਂ ਦੇ ਜੀਵਨ ਨੂੰ ਤੁਲਨਾਉਂਦਾ ਹੈ। ਇਹ ਤੁਲਨਾ ਹੋਰਨਾ ਪ੍ਰਦੇਸ਼ਾਂ ਤੱਕ ਵੀ ਪਹੁੰਚਦੀ ਹੈ। ਕਹਾਣੀ ਦੇ ਦੋ ਪਾਤਰ ਰੁਲਦੂ ਸਿੰਘ (ਕਿਸਾਨੀ ਦਾ ਪਾਤਰ) ਤੇ ਮਿਲਖੀ (ਦਲਿਤਾਂ ਨੂੰ ਪੇਸ਼ ਕਰਦਾ ਪਾਤਰ) ਆਪਸ ਵਿਚ ਸਹਿਜ ਅਵਸਥਾ ਵਿਚ ਸੰਵਾਦ ਕਰਦੇ ਹਨ। ਉਹ ਇਕ ਦੂਜੇ ਪ੍ਰਤਿ ਪੂਰਨ ਤੌਰ ਤੇ ਆਲੋਚਨਾਤਮਕ ਹਨ। ਕਹਾਣੀਕਾਰ ਕਿਸਾਨੀ ਦੇ ਸੰਕਟ ਦੇ ਕਾਰਨ ਜ਼ਮੀਨ ਦਾ ਵੰਡੇ ਜਾਣਾ, ਬੇਲੋੜਾਂ ਮਸ਼ੀਨੀਕਰਨ, ਤੇ ਸਰਕਾਰਾਂ ਦੀ ਬੇਰੁਖੀ ਤੇ ਕਿਸਾਨ ਯੂਨੀਅਨਾਂ ਦਾ ਅਸੰਤੁਲਿਤ ਸੰਘਰਸ਼ ਨੂੰ ਮੰਨਦਾ ਹੈ। ਮਿਲਖੀ ਦਾ ਜੀਵਨ ਵੀ ਦੁੱਖਾਂ ਨਾਲ ਭਰਿਆ ਹੋਇਆ ਹੈ। ਪਿਤਾ ਪੁਰਖੀ ਗੁਲਾਮੀ ਝਲਦਾ ਹੈ। ਚਮੜੇ ਦਾ ਕੰਮ ਛੱਡ ਖੇਤ ਮਜ਼ਦੂਰੀ ਕਰਦਾ ਹੈ। ਪੁੱਤਰ ਕੰਮ ਨਹੀਂ ਕਰਦਾ। ਅੰਤਰਜਾਤੀ ਵਿਆਹ ਕਰਵਾ ਕੇ ਮਿਲਖੀ ਉਪਰ ਦਬਾਓ ਵਧਾਉਂਦਾ ਹੈ। ਬਾਹਰਲੇ ਦੇਸ਼ ਜਾਣ ਲਈ ਧਨ ਦੀ ਮੰਗ ਕਰਦਾ ਹੈ। ਮਿਲਖੀ ਆਪਣੀ ਧੀ ਮਨਜੀਤ ਨੂੰ ਫਾਇਨਾਂਸ ਕੰਪਨੀ ਵਿਚ ਦਸ ਸਾਲ ਕੰਮ ਕਰਨ ਦਾ ਐਗਰੀਮੈਂਟ ਕਰ ਸੱਤਰ ਹਜ਼ਾਰ ਰੁਪਏ ਰਾਜ ਕੁਮਾਰ (ਮਿਲਖੀ ਦਾ ਪੁੱਤਰ) ਨੂੰ ਦਿੰਦਾ



ਹੈ ਪਰ ਏਜੰਟ ਰਾਸ਼ੀ ਲੈਕੇ ਦੌੜ ਜਾਂਦਾ ਹੈ। ਮਿਲਖੀ ਦੀ ਪਤਨੀ ਨੂੰ ਕੈਂਸਰ ਹੈ, ਲੜਕੀ ਵਿਆਹੁਣ ਵਾਲੀ ਹੈ ਤੇ ਪੋਤਾ ਠੀਕ ਤਰੀਕੇ ਨਾਲ ਤੁਰ ਨਹੀਂ ਸਕਦਾ। ਇਸ ਦੇ ਸਮਾਨਤਰ ਰੁਲਦੂ ਸਿੰਘ ਦਾ ਪੁੱਤਰ ਗੁਰੀ ਤਾਂ ਵਿਹਲਾ ਰਹਿੰਦਾ ਹੈ, ਮਸ਼ੀਨਰੀ ਤੇ ਬਹੁਤ ਧਨ ਖਰਚ ਕਰਵਾਉਂਦਾ ਹੈ, ਫਿਰ ਕਨੇਡਾ ਚਲਾ ਜਾਂਦਾ ਹੈ, ਰੁਲਦੂ ਵੀ ਆੜਤੀਏ ਦਾ ਕਰਜਈ ਹੁੰਦਾ ਹੈ ਤੇ ਆੜਤੀਆ ਕਾਫੀ ਜ਼ਮੀਨ ਆਪਣੇ ਨਾਂ ਕਰਵਾ ਲੈਂਦਾ ਹੈ। ਬੈਂਕ ਵੱਲੋਂ ਜ਼ਮੀਨ ਕੁਰਕੀ ਦੀ ਚਿੱਠੀ ਆਉਂਦੀ ਹੈ। ਸਭ ਕੁਝ ਵੇਚ ਵੱਟ ਕੇ ਵੀ ਕਰਜਾ ਨਹੀਂ ਲਹਿੰਦਾ। ਸਰਕਾਰ ਕਰਜਾ ਮੁਆਫ ਕਰਨ ਦੇ ਵਾਅਦੇ ਤੋਂ ਮੂੰਹ ਮੋੜ ਜਾਂਦੀ ਹੈ। ਇੱਥੇ ਆ ਖੁਦਕੁਸ਼ੀ ਜਨਮ ਲੈਂਦੀ ਹੈ। ਇਸ ਦੇ ਉਲਟ ਕਿਸਾਨ ਸੰਘਰਸ਼ ਵਿਚ ਰੁਲਦੂ ਦੀ ਭਾਗੀਦਾਰੀ ਕੋਈ ਅਸਰ ਨਹੀਂ ਦਿਖਾਉਂਦੀ ਕਿਉਂਕਿ ਜੈਮਲ ਸਿੰਘ ਵਰਗੇ ਕਿਸਾਨ ਯੂਨੀਅਨ ਲੀਡਰ ਕਿਸਾਨੀ ਦੇ ਆਕ੍ਰੋਸ਼ ਨੂੰ 'ਆਪਣੇ' ਹੱਕ ਵਿਚ ਭੁਗਤਾਉਣ ਵਿਚ ਮਾਹਿਰ ਹਨ। ਇਸ ਤਰ੍ਹਾਂ ਕਿਸਾਨੀ ਤੇ ਦਲਿਤ ਧਿਰਾਂ ਪੂਰਨ ਤੌਰ 'ਤੇ ਫਸੀਆਂ ਹੋਈਆਂ ਹਨ ਜਿਸ ਤੋਂ ਅਗਲਾ ਰਾਹ ਖੁਦਕਸ਼ੀ ਦਾ ਹੈ। ਰੁਲਦੂ ਖੁਦਕਸ਼ੀ ਦਾ ਰਾਹ ਚੁਣਦਾ ਹੈ। ਮਿਲਖੀ ਜੂਝਦੇ ਰਹਿਣ ਦਾ ਅਹਿਦ ਕਰਦਾ ਹੈ। ਮਿਲਖੀ ਦੀ ਰੁਲਦੂ ਦੀ ਲਾਸ਼ ਕੋਲੇ, ਮਨੋਬਚਨੀ ਇਸ ਵਰਤਾਰੇ ਬਾਰੇ ਟਿੱਪਣੀ ਇਹ ਗੱਲ ਸਾਫ਼ ਕਰਦੀ ਹੈ :

"ਓਏ ਰੁਲਦਾ ਸਿਆਂ... ਤੂੰ ਕਾਹਨੂੰ ਆਪਣੀ ਦੇਹ ਭੰਗ ਦੇ ਭਾੜੇ ਗਵਾ ਲਈ... ਸਰਕਾਰ ਨੇ ਕਰਜ਼ੇ ਸਭ ਦੇ ਮਾਫ਼ ਕਰ ਦੇਣੇ ਸੀ... ਮੇਰੇ ਵੱਲ ਨਹੀਂ ਦੇਖਦਾ... ਮੈਂ ਵੀ ਜੀਅ ਈ ਰਿਹਾ... ਮੇਰਾ ਰੋਮ ਰੋਮ ਕਰਜੇ ਵਿਚ ਫਸਿਆ ਪਿਆ। ਮੈਨੂੰ ਤਾਂ ਸਾਲੀ ਔਲਾਦ ਨੇ ਖਾ ਲਿਆ। ਆਹ ਪੋਤਾ... ਰਾਜ ਕੁਮਾਰ ਦਾ ਮੁੰਡਾ... ਸੱਤ ਮਾਹਾਂ ਹੋਇਆ... ਹੁਣ ਪੰਜ ਸਾਲ ਦਾ ਹੋ ਗਿਆ ਚੱਜ ਨਾਲ ਤੁਰਦਾ ਈ ਨਹੀਂ... ਐਵੇਂ ਲੋਲਾ ਜਿਹਾ... ਪੈਸੇ ਫੜ ਫੜ ਬੜਾ ਇਲਾਜ ਕਰਵਾਇਆ... ਪਰ ਉਹ ਠੀਕ ਨਹੀਂ ਹੋਇਆ... ਯਾਰ ਤੂੰ ਤਾਂ ਜ਼ਮੀਨਾਂ ਵਾਲਾ ਸੀ... ਤੇਰੇ ਕੋਲ ਟਰੈਕਟਰ ਸੀ.. ਖੇਤੀ ਸੀ... ਤੂੰ ਵੀ ਕਰਜ਼ੇ ਵਿਚ ਫਸ ਗਿਆ... ਹਾਂ ਯਾਰ! ਬੰਦੇ ਦੇ ਕਿਹੜਾ ਵਸ 'ਚ ਹੁੰਦਾ।" (ਪੰਨਾ 141)

ਮਿਲਖੀ ਦੀ ਮਨੋਬਚਨੀ ਬਹੁਤ ਸਾਰੇ ਸਵਾਲ ਖੜੇ ਕਰਦੀ ਹੈ ਕਿ ਆਖਰ ਕਿਸਾਨ ਖੁਦਕਸ਼ੀ ਕਿਉਂ ਕਰਦਾ ਹੈ ਜਦੋਂ ਕਿ ਉਸਦੇ ਸਮਾਨ ਅੰਤਰ ਨਿਮਨ ਜਾਤੀ ਜਮਾਤੀ ਲੋਕ ਉਸ ਤੋਂ ਭੈੜੀਆਂ ਹਾਲਤਾਂ ਵਿਚ ਰਹਿੰਦਿਆਂ ਖੁਦਕਸ਼ੀ ਕਿਉਂ ਨਹੀਂ ਕਰਦੇ ? ਕਿਤੇ ਇਸੇ ਦਾ ਕਾਰਨ ਆਰਥਿਕਤਾ ਨਾ ਹੋਕੇ ਸਮਾਜ ਸਭਿਆਚਾਰਕ ਵਰਤਾਰਿਆਂ ਵਿਚ ਹੋਂਦ ਤਾਂ ਨਹੀਂ ਹੈ? ਇਹ ਕਹਾਣੀ ਪ੍ਰਸ਼ਨਾਂ ਦਾ ਪ੍ਰਸ਼ਨ ਹੈ ਕਿ ਆਖਰ ਕਿਉਂ ਪੰਜਾਬ ਵਿਚ ਹੀ ਬਹੁਤੀ ਖੁਦਕਸ਼ੀ ਕਿਉਂ ਪੈਦਾ ਹੋ ਰਹੀ ਹੈ? ਕਿਉਂ ਯੂਨੀਅਨਾਂ ਦੇ ਪ੍ਰਧਾਨ ਧੋਖਾ ਕਰ ਸਮੇਂ ਦੇ ਹਾਕਮਾਂ ਨਾਲ ਸਮਝੌਤਾ ਕਰ ਲੈਂਦੇ ਹਨ?

ਕਹਾਣੀ '**ਬਲੈਕ ਡਸਟਬਿਨ**' ਤੇ '**ਮਾਇਆ**' ਕਹਾਣੀਆਂ ਡਰ ਅਤੇ ਅੰਧ ਵਿਸ਼ਵਾਸ਼ ਕਾਰਨ ਆਈ ਅਸਧਾਰਨਤਾ 'ਤੇ ਅਧਾਰਿਤ ਹਨ। ਬਲੈਕ ਡਸਟਬਿਨ ਕਹਾਣੀ ਦਾ ਪਾਤਰ ਗਰੀਬ ਦੇਸ਼ ਤੋਂ ਪਰਵਾਸ ਕਰਕੇ ਕਨੇਡਾ ਜਾਂਦਾ ਹੈ। ਉਥੋਂ ਦੇ ਡਰ ਉਸਦੇ ਅਵਚੇਤਨ ਤੇ ਮਾਨਸਿਕਤਾ ਦਾ ਹਿੱਸਾ ਬਣ ਚੁੱਕੇ ਹਨ। ਅਸੁਰੱਖਿਆ ਦੀ ਗੰਢ ਬਣ ਚੁੱਕੀ ਹੈ। ਪੰਜਾਬ ਵਿਚ ਬੇਫਿਕਰੀ ਨਾਲ ਰਹਿਣ ਵਾਲਾ ਬੰਦਾ ਪਰਵਾਸ ਧਾਰਨ ਕਾਰਨ ਉਪਰੰਤ ਇੰਨਾ ਫ਼ਿਕਰਮੰਦ ਕਿਉਂ ਹੋ ਜਾਂਦਾ ਹੈ ? ਇਹ ਸਵਾਲ ਵਾਰ-ਵਾਰ ਉਭਰਦਾ ਹੈ। ਜਿੰਨਾ ਉਹ ਬਾਹਰ ਸੁਚੇਤ ਰਹਿੰਦਾ ਹੈ ਉਨ੍ਹਾਂ ਹੀ ਘਰ ਆ ਬੇਪਰਵਾਹ ਹੁੰਦਾ ਹੈ। ਆਦਮੀ ਦੀ ਸੁਰੱਖਿਆ ਹੈਲਥ ਇੰਸੋਰੈਂਸ਼ ਵਿਚੋਂ ਕਿਉਂ ਤਲਾਸ਼ ਕਰਦਾ ਹੈ। ਇਸਦਾ ਕਾਰਨ ਇਹ ਹੈ ਕਿ ਕਨੇਡਾ ਵਰਗੇ ਮੁਲਕ ਨੇ ਸੁਵਿਧਾ ਤੇ ਸੁਰੱਖਿਆ ਦੇ ਮਸਲਿਆ ਨੂੰ ਇੰਨਾ ਸਖ਼ਤ ਕੀਤਾ ਹੋਇਆ ਹੈ ਕਿ ਆਦਮੀ ਤਾਂ ਸੁਰੱਖਿਅਤ ਹੋ ਜਾਂਦਾ ਹੈ ਪਰ ਉਹ ਕਾਨੂੰਨ ਦੇ ਪ੍ਰਬੰਧ ਤੋਂ ਹਮੇਸ਼ਾਂ ਡਰਦਾ ਰਹਿੰਦਾ ਹੈ। ਇਹ ਡਰ ਉਸਦੀਆਂ ਸੀਮਾਵਾਂ ਤਹਿ ਕਰਦਾ ਹੈ। ਦੂਸਰਾ ਪਹਿਲੂ ਇਹ ਹੈ ਕਿ ਪਰਵਾਸ


ਕਰ ਗਏ ਲੋਕਾਂ ਦੀ ਬਚਤ ਦਾ ਬਹੁਤਾ ਧਨ ਸੁਰੱਖਿਆ, ਇਲਾਜ ਅਤੇ ਬੀਮਿਆਂ ਤੇ ਖਰਚ ਹੁੰਦਾ ਹੈ। ਇਹ ਸਰਮਾਏਦਾਰ ਮੁਲਕਾਂ ਦਾ ਡਰ ਉੱਤੇ ਕਾਰੋਬਾਰ ਖੜਾ ਕਰਨ ਦੀ ਇੱਕ ਜੁਗਤ ਹੈ ਜਿਸ ਨੂੰ ਸਮਝਣਾ ਜ਼ਰੂਰੀ ਹੈ। ਕਹਾਣੀ ਵਿਚ ਮੈਂ ਪਾਤਰ ਦਾ ਭਰਾ ਅਸਧਾਰਨਤਾ ਦਾ ਸ਼ਿਕਾਰ ਹੈ ਜਿਹੜਾ ਹਰ ਗੱਲ ਨੂੰ ਅਸੁਰੱਖਿਆ, ਧਨ ਦੀ ਬਚਤ ਵਿਚੋਂ ਦੇਖਦਾ ਹੈ। ਉਹ ਭਰਾ ਦੀ ਹਾਜ਼ਰੀ ਵਿਚੋਂ ਖੁਸ਼ੀ ਨਹੀਂ ਲੈ ਸਕਦਾ। ਸਵਾਲ ਉੱਠ ਜਾਂਦਾ ਹੈ ਕਿ ਜਿਹੜੇ ਲੋਕ ਪੰਜਾਬ ਵਿਚ ਛੋਟੇ ਛੋਟੇ ਮਸਲਿਆਂ ਤੇ ਦੰਗਾ ਖੜਾ ਕਰ ਦਿੰਦੇ ਹਨ ਉਹ ਬਾਹਰਲੇ ਮੁਲਕਾਂ ਵਿਚ ਪੂਰੇ ਪ੍ਰਬੰਧ ਦੇ ਗੰਭੀਰ ਅਨੁਯਾਈ ਕਿਉਂ ਤੇ ਕਿਵੇਂ ਬਣਦੇ ਹਨ। ਜਿਸ ਨੂੰ ਭਾਵੁਕਤਾ ਨਾਲ ਨਹੀਂ ਬੌਧਿਕਤਾ ਤੇ ਮਨੋਵਿਗਿਆਨਿਕ ਪੱਖਾਂ ਰਾਹੀਂ ਸੰਬੋਧਿਤ ਹੋਇਆ ਜਾ ਸਕਦਾ ਹੈ। ਦੂਸਰੇ ਪਾਸੇ 'ਮਾਇਆ' ਕਹਾਣੀ ਦਾ ਪਾਤਰ ਰਾਮ ਪ੍ਰਕਾਸ਼ ਬੰਗੜ ਮਨਸੁਈ ਆਸਥਾ ਦਾ ਮਰੀਜ਼ ਹੈ, ਜਿਸ ਵਿਚ ਸਮਾਜਿਕ ਚੇਤਨਾ ਪੂਰੀ ਤਰ੍ਹਾਂ ਖਾਰਜ ਹੋਈ ਪਈ ਹੈ। ਕਾਰਜ ਤੇ ਕਾਰਨ ਬਾਰੇ ਸੋਚਣ ਵਾਲੇ ਸਾਰੇ ਖਾਨੇ ਬੰਦ ਹੋਏ ਪਏ ਹਨ। ਡੇਰਾ ਬਾਬਾ ਪ੍ਰਭੂ ਦਿਆਲ ਦਾ ਭਗਤ ਰਾਮ ਪ੍ਰਕਾਸ਼ ਨੇ ਪੂਰੇ ਜੀਵਨ ਨੂੰ ਤਿੰਨ ਕਾਲਾਂ ਵਿਚ ਤਕਸੀਮ ਕੀਤਾ ਹੋਇਆ ਹੈ ਇਕ ਜਨਮ ਤੋਂ ਪਹਿਲਾਂ ਦਾ, ਇਕ ਇਸ ਜਨਮ ਦਾ ਤੇ ਇੱਕ ਇਸ ਜਨਮ ਦੇ ਖ਼ਤਮ ਹੋ ਜਾਣ ਤੇ ਬਾਅਦ ਦਾ। ਇਹ ਜਨਮ ਤੇ ਇਸ ਜਨਮ ਦੇ ਦੁੱਖ ਪਿਛਲੇ ਕਰਮਾਂ ਕਾਰਨ ਮਿਲੇ ਹਨ, ਇਸ ਜਨਮ ਦਾ ਮੁੱਖ ਕਾਰਜ ਸਿਮਰਨ ਕਰਨਾ ਹੈ ਤਾਂ ਜੋ ਅਗਲਾ ਜਨਮ ਨਾ ਮਿਲੇ, ਮੁਕਤੀ ਹਾਸਿਲ ਹੋ ਜਾਵੇ, ਇਹ ਮੁੱਖ ਧਾਰਨਾਵਾਂ ਬਣਦੀਆਂ ਹਨ। ਪੂਰਾ ਪਰਿਵਾਰ ਇਸ ਗ੍ਰੰਥੀ ਦਾ ਸ਼ਿਕਾਰ ਹੈ। ਇਕ ਪਾਤਰ 'ਸ਼ਿਲਪੀ' ਜਿਹੜੀ ਰਾਮ ਪ੍ਰਕਾਸ਼ ਦੀ ਨੂੰਹ ਹੈ ਉਹ ਇਸ ਵਿਵਹਾਰ ਪ੍ਰਤੀ ਆਪਣਾ ਵਿਰੋਧ ਰਜਿਸਟਰਡ ਕਰਦੀ ਹੈ। (ਇਹ ਸ਼ਿਲਪੀ ਕਬਰਗਾਹ ਕਹਾਣੀ ਦੇ ਮਿਲਖੀ ਵਰਗੀ ਹੈ ਜਿਹੜੀ ਪਰਿਵਾਰ ਨੂੰ ਸ਼ਰਧਾ ਦੇ ਸ਼ਿਕਾਰ ਨਾ ਹੋਣ ਤੋਂ ਵਰਜਦੀ ਹੈ ਪਰ ਸਫਲ ਨਹੀਂ ਹੁੰਦੀ ਜਿਵੇਂ ਮਿਲਖੀ ਨਹੀਂ ਹੁੰਦਾ।) ਪਰ ਉਹ ਅਸਫ਼ਲਤਾ ਕਾਰਨ ਉਥੋਂ ਚਲੀ ਜਾਂਦੀ ਹੈ। ਇਹ ਪਰਿਵਾਰ ਬਹੁਤ ਸਾਰੇ ਸੰਕਟ ਭੋਗਦਾ ਹੈ ਜਿਵੇਂ ਰਾਮ ਪ੍ਰਕਾਸ਼ ਦਾ ਸਸਪੈਂਡ ਹੋਣਾ, ਪੈਨਸ਼ਨ ਨਾ ਮਿਲਣਾ, ਮੁੰਡੇ ਤੇ ਕੁੜੀ ਦਾ ਤਲਾਕ, ਮੁੰਡੇ ਦੀ ਮੌਤ, ਮਕਾਨ ਦੀ ਮੰਦੀ ਹਾਲਤ ਆਦਿ। ਪਰ ਇਕ ਥਾਂ 'ਤੇ ਖੜੇ ਦਿਖਾਈ ਦਿੰਦੇ ਹਨ। ਧਰਮ ਇੱਕ ਅਜਿਹਾ ਸੰਮੋਹਨ ਹੈ ਜਿਸ ਵਿਚ ਵਿਅਕਤੀ ਆਪਣੇ ਆਪ ਨੂੰ ਸਮਾਜਿਕ ਤੌਰ 'ਤੇ ਕੱਟ ਲੈਂਦਾ ਹੈ। ਨਵੇਂ ਵਿਚਾਰ ਉਸ ਲਈ ਖਤਰਾ ਬਣਨ ਲਗਦੇ ਹਨ। ਉਹ ਆਪਣੀਆਂ ਧਾਰਨਾਵਾਂ ਨੂੰ ਉੱਤਮ ਮੰਨ ਉਹਨਾਂ ਤੇ ਪਹਿਰਾ ਦੇਣ ਲਗਦਾ ਹੈ। ਫੋਕੇ ਆਦਰਸ਼ਾਂ ਨੂੰ ਹੀ ਆਪਣੀ ਕਬਰਗਾਹ ਬਣਾ ਲੈਂਦਾ ਹੈ। ਉਹ ਧਰਮ ਦੀ ਸਿਆਸਤ ਤੇ ਰਾਜ ਅੰਦਰਲੀਆਂ ਚੁਸਤੀਆਂ ਨੂੰ ਸਮਝਣ ਤੋਂ ਅਸਮਰੱਥ ਹੋ ਜਾਂਦਾ ਹੈ। ਇਹ ਅਸਮਰੱਥਾ ਹਾਕਮ ਧਿਰਾਂ ਲਈ ਬਹੁਤ ਕਾਰਗਰ ਸਾਬਤ ਹੁੰਦੀ ਹੈ।

ਸੋ ਭਗਵੰਤ ਰਸੂਲਪੁਰੀ ਦਾ ਇਹ ਕਥਾ ਸੰਗ੍ਰਹਿ ਜਿੱਥੇ ਭਾਰਤ ਸਮਾਜਿਕ ਸੰਰਚਨਾ ਦੇ ਵਿਭਿੰਨ ਭਾਗਾਂ ਦੀਆਂ ਸਮੱਸਿਆਵਾਂ ਨੂੰ ਸਾਡੇ ਸਾਹਮਣੇ ਲਿਆਉਂਦਾ ਉਸ ਦੀ ਇਤਿਹਾਸਕਤਾ, ਕਾਰਜ, ਕਾਰਕ ਅਤੇ ਕਾਰਨ ਕਥਾ ਦੇ ਰੂਪ ਵਿਚ ਪੇਸ਼ ਕਰਦਾ ਹੈ। ਉੱਥੇ ਨਾਲੋਂ-ਨਾਲੋਂ ਵਿਸ਼ਲੇਸ਼ਣ ਕਰਨ ਵਾਲੇ ਪਾਤਰਾਂ ਦੀ ਹੋਂਦ ਕਾਰਨ ਸੰਕਟਾਂ ਦੀਆਂ ਮਹੀਨ ਪਰਤਾਂ ਵੀ ਸਾਹਮਣੇ ਆਉਂਦੀਆਂ ਹਨ। ਉਹ ਇਸ ਨੂੰ ਕੇਵਲ ਕਥਾ ਰਸ ਲਈ ਹੀ ਨਹੀਂ ਛੱਡਦਾ ਸਗੋਂ ਉਹ ਅਜਿਹੀ ਸੰਯੁਕਤ ਰਾਜਨੀਤੀ ਦੀ ਵੀ ਉਮੀਦ ਕਰਦਾ ਹੈ ਜਿਸ ਨਾਲ ਪੀੜਤ ਲੋਕਾਂ ਅੰਦਰ ਸੰਘਰਸ਼ ਦੀ ਨਵੀਂ ਦਿਸ਼ਾ ਤਹਿ ਹੋਵੇ।

ਭਗਵੰਤ ਰਸੂਲਪੁਰੀ ਦਾ ਇਹ ਕਥਾ ਸੰਗ੍ਰਹਿ ਪੰਜਾਬੀ ਸਮਾਜ ਨੂੰ ਦੁਵਿਧਾ ਦੀ ਬਜਾਇ ਦਵੰਦਾਤਮਕਤਾ ਵਿਚੋਂ ਦੇਖਣ ਲਈ ਪ੍ਰੇਰਦਾ ਵੀ ਨਜ਼ਰ ਆਉਂਦਾ ਹੈ ਜਿਹੜਾ ਸਲਾਹੁਣਯੋਗ ਕਾਰਜ ਹੈ। (**ਸੰਪਰਕ**-88725-11179, 99151-28868)



## ਕਾਰਪੋਰੇਟ ਸੈਕਟਰ ਤੋਂ ਪੈਦਾ ਬੇਤਰਤੀਬੀਆਂ ਦੇ ਖਰ੍ਹਵੇਂ ਕਥਾ ਬਿੰਬ- ਸੰਸਾਰ / - ਜੇ. ਬੀ. ਸੇਖੋਂ




ਲਾਲ ਸਿੰਘ ਸਮਕਾਲੀ ਪੰਜਾਬੀ ਕਹਾਣੀ ਦਾ ਵਿਸ਼ੇਸ਼ ਨਾਮ ਹੈ। ਉਹ ਚੌਥੇ ਪੜਾਅ ਦੀ ਪੰਜਾਬੀ ਕਹਾਣੀ ਦੇ ਵੱਖਰੇ ਰੁਝਾਨਾਂ ਵਿਚ ਪ੍ਰਤੀਨਿਧੀ ਭੂਮਿਕਾ ਨਿਭਾ ਰਿਹਾ ਹੈ। ਚੌਥੇ ਪੜਾਅ ਦੀ ਕਹਾਣੀ ਨੂੰ ਵਸਤੂ, ਰੂਪ ਅਤੇ ਦ੍ਰਿਸ਼ਟੀ ਪੱਖੋਂ ਨਵਾਂਪਨ ਦੇਣ ਵਿਚ ਨੌਜਵਾਨ ਕਥਾਕਾਰਾਂ ਦੀ ਭੂਮਿਕਾ ਅਹਿਮ ਮੰਨੀ ਜਾ ਰਹੀ ਹੈ। ਲਾਲ ਸਿੰਘ ਪ੍ਰੌੜ ਉਮਰ ਦਾ ਕਥਾਕਾਰ ਹੈ ਪਰ ਉਸਦੀ ਕਥਾ ਚੇਤਨਾ 'ਚ ਉਹ ਸਭ ਕੁਝ ਹੈ ਜੋ ਕਿ ਚੌਥੇ ਪੜਾਅ ਦੀ ਕਹਾਣੀ ਦੀ ਵੱਖਰਤਾ ਵਿਚ ਮੌਜੂਦ ਹੈ। ਹੁਣ ਦੀ ਕਹਾਣੀ ਵਿਚਾਰਧਾਰਾ ਦੀ ਫੋਰਸ ਨਾਲ ਨਹੀਂ ਤੁਰਦੀ ਸਗੋਂ ਟਾਕਰਵੇਂ ਹਾਲਾਤ ਦੀ ਉਪਜ ਵਿਚੋਂ ਪੈਦਾ ਹੁੰਦੇ ਸੱਚ ਨੂੰ ਕਈ ਕੋਣਾਂ ਤੋਂ ਉਭਾਰ ਕੇ ਪੇਸ਼ ਕਰ ਰਹੀ ਹੈ। ਇਹ ਕਹਾਣੀ ਵਿਸ਼ਵੀਕਰਣ ਦੇ ਗੜਬੜੀਆਂ ਵਾਲੇ ਸਮਿਆਂ ਦੀ ਸੰਵੇਦਨਾ ਨੂੰ ਰਜਿਸਟਰ ਕਰ ਰਹੀ ਹੈ ਅਤੇ ਵਸਤੂ ਵਿਧਾਨ ਪੱਖੋਂ ਹੀ ਨਹੀਂ ਸਗੋਂ ਸ਼ਿਲਪ ਵਿਧਾਨ ਪੱਖੋਂ ਵੀ ਵਿਲੱਖਣ ਗਲਪੀ ਪ੍ਰਬੰਧ ਉਸਾਰ ਰਹੀ ਹੈ। ਲਾਲ ਸਿੰਘ ਦੀ ਕਥਾ ਵਾਰਤਾ ਵੀ ਇਸੇ ਪਰੰਪਰਾ ਨੂੰ ਹੋਰ ਵਿਸਥਾਰ ਦਿੰਦੀ ਹੈ। ਲਾਲ ਸਿੰਘ ਪੂੰਜੀਵਾਦੀ ਵਿਸ਼ਵੀਕਰਣ ਦੀਆਂ ਤਿੱਖੀਆਂ ਅਲਾਮਤਾਂ ਦਾ ਜਾਣਕਾਰ ਹੀ ਨਹੀਂ ਸਗੋਂ ਭੇਤੀ ਵੀ ਹੈ। ਪੂੰਜੀਵਾਦੀ ਵਿਸ਼ਵੀਕਰਣ ਜਿਸ ਕਿਸਮ ਦੇ ਸੰਕਟ ਲੈ ਕੇ ਪੰਜਾਬੀ ਸਭਿਆਚਾਰ ਵਿਚ ਦਾਖ਼ਿਲ ਹੁੰਦਾ ਹੈ ਇਸ ਵਰਤਾਰੇ ਨੂੰ ਸਮਕਾਲੀ ਕਹਾਣੀ ਵਿਚ ਲਾਲ ਸਿੰਘ ਵਰਗੇ ਕਥਾਕਾਰ ਚਿੰਤਨ ਦੀ ਪੱਧਰ 'ਤੇ ਜਾ ਕੇ ਪ੍ਰਸਤੁਤ ਕਰਦੇ ਹਨ। ਵਰਤਮਾਨ ਦੀ ਕਹਾਣੀ ਪੰਜਾਬ ਦੇ ਇਸੇ ਸਮਾਜੀ ਯਥਾਰਥ ਦੇ ਰੂ ਬ ਰੂ ਹੈ ਜਿਸ ਵਿਚ ਕਾਰੋਪਰੇਟੀ ਸੈਕਟਰ ਦੇ ਖਪਤਵਾਦੀ ਰੁਝਾਨਾਂ ਨੇ ਪੰਜਾਬੀ ਲੋਕਾਂ ਤੋਂ ਉਨ੍ਹਾਂ ਦਾ ਸਿਦਕ, ਹਿੰਮਤ, ਮਿਹਨਤ ਅਤੇ ਸਾਂਝ ਖੋਹ ਕੇ ਖੁਦਗਰਜ਼ੀ, ਲਾਲਚ, ਖੋਖਲਾਪਣ ਅਤੇ ਵਿਅਕਤੀਵਾਦ ਵਰਗੀਆਂ ਅਲਾਮਤਾਂ ਪ੍ਰਦਾਨ ਕੀਤੀਆਂ ਹਨ।

ਲਾਲ ਸਿੰਘ ਦੇ ਇਸ ਕਹਾਣੀ ਸੰਗ੍ਰਿਹ ਤੋਂ ਪਹਿਲਾਂ ਆਈਆਂ ਕਥਾ ਪੁਸਤਕਾਂ ਵਿਚ ਵੀ ਸਮਕਾਲੀ ਸਮਾਜਿਕ ਯਥਾਰਥ ਦੀ ਕਰੂਰਤਾ ਦਾ ਭਰਪੂਰ ਪ੍ਰਗਟਾਵਾ ਮਿਲਦਾ ਹੈ। ਉਹ ਕਾਰਪੋਰੇਟ ਸੈਕਟਰ ਦੀ ਅੰਨ੍ਹੀ ਚੜ੍ਹਤ ਤੋਂ ਪੈਦਾ ਹੋ ਰਹੇ ਦੇ ਸਮਾਜਿਕ ਦੁਖਾਂਤ ਪ੍ਰਤੀ ਚਿੰਤਾਤੁਰ ਨਹੀਂ ਸਗੋਂ ਚੇਤੰਨ ਹੈ ਇਸ ਕਰਕੇ ਉਹ ਕਾਰਪੋਰੇਟ ਵਰਤਾਰਿਆਂ ਦੇ ਰਾਜਨੀਤੀ ਨਾਲ ਗਠਜੋੜ ਦੀ ਸਿਆਸਤ ਦਾ ਭੇਤੀ ਹੈ। ਉਸਦੀਆਂ ਕਹਾਣੀਆਂ ਪੰਜਾਬ ਦੇ ਵਰਤਮਾਨ ਸੰਕਟਾਂ ਦਾ ਇਕਹਿਰਾ ਪਰਿਪੇਖ ਪੇਸ਼ ਕਰਨ ਨਾਲੋਂ ਇਨ੍ਹਾਂ ਦਾ ਬਹੁਪਾਸਾਰੀ ਚਿਹਰਾ ਰੂਪਮਾਨ ਕਰਦੀਆਂ ਹਨ। ਲੇਖਕ ਨੂੰ ਪੰਜਾਬ ਦੇ ਜੁਝਾਰੂ ਮਾਦੇ ਵਾਲੇ ਸਭਿਆਚਾਰਕ ਅਤੇ ਇਤਿਹਾਸਿਕ ਪਿਛੋਕੜ ਦੀ ਸਮਝ ਹੀ ਨਹੀਂ ਸਗੋਂ ਇਸਦੀ ਸਦੀਵੀ ਪ੍ਰਸੰਗਿਕਤਾ ਦਾ ਅਹਿਸਾਸ ਵੀ ਹੈ। ਇਸੇ ਕਰਕੇ

ਉਹ ਆਪਣੀ ਮਾਰਕਸੀ ਕਥਾ ਦ੍ਰਿਸ਼ਟੀ ਨੂੰ ਕਿਸੇ ਮਕੈਨੀਕਲ ਸਿਧਾਂਤਕਾਰੀ ਦੀ ਜਕੜ ਨਾਲੋਂ ਇਸਦੀ ਲੋਕ ਪੱਖੀ ਭੂਮਿਕਾ ਨੂੰ ਆਪਣੇ ਇਤਿਹਾਸ ਦੇ ਪ੍ਰੇਰਨਾਦਾਇਕ ਨਾਇਕਾਂ, ਘਟਨਾਵਾਂ ਅਤੇ ਵਰਤਾਰਿਆਂ ਨਾਲ ਮੇਲ ਜੋੜ ਕੇ ਪ੍ਰਸਾਰਦਾ ਹੈ। ਲਾਲ ਸਿੰਘ ਦੀਆਂ ਕਹਾਣੀਆਂ ਦਾ ਇਕ ਸਰੋਕਾਰ ਕਮਿਊਨਿਸਟ ਲਹਿਰ ਦੇ ਚਿੰਤਨ ਨਾਲ ਜੁੜਿਆ ਹੈ। ਕਮਿਊਨਿਸਟ ਲਹਿਰ ਦਾ ਗਲਪੀ ਮੁਲਾਂਕਣ ਕਰਦਿਆਂ ਉਹ ਲਹਿਰ ਦੀ ਕਥਿਤ ਅਸਫ਼ਲਤਾ 'ਤੇ ਕੱਛਾਂ ਵਜਾਉਣ ਵਾਲੀ ਗਲਪੀ ਸਿਆਸਤ ਨਹੀਂ ਖੇਡਦਾ ਸਗੋਂ ਲਹਿਰ ਦੇ ਮਨਸੂਬਿਆਂ ਦੀ ਅਪ੍ਰਾਪਤੀ 'ਤੇ ਮੰਥਨ ਕਰਦਾ ਦੱਬੀਆਂ ਘੁੱਟੀਆਂ ਰਗਾਂ 'ਤੇ ਹੱਥ ਧਰਦਾ ਹੈ। ਇਸਦੇ ਨਾਲ ਨਾਲ ਖੁਦਕੁਸ਼ੀਆਂ ਦੇ ਰਾਹ ਪਈ ਪੰਜਾਬ ਦੀ ਕਿਸਾਨੀ, ਨੌਜਵਾਨਾਂ ਦੀ ਦਿਸ਼ਾਹੀਣਤਾ, ਦਿਹਾਤੀ ਖੇਤਰ ਵਿਚ ਉਪਭੋਗਤਾਵਾਦੀ ਰੁਚੀਆਂ ਦੇ ਦਖ਼ਲ, ਗਲੋਬਲ ਪਿੰਡ ਦੇ ਵਿਕਾਸ ਮਾਡਲ ਵਲੋਂ ਮੰਡੀ ਅਤੇ ਬਾਜ਼ਾਰ ਦੇ ਖੜ੍ਹੇ ਕੀਤੇ ਤਲਿੱਸਮ ਵਿਚ ਉਲਝੀ ਪੰਜਾਬੀ ਬੰਦਿਆਈ ਨੂੰ ਆਏ ਸੰਕਟਾਂ 'ਤੇ ਰੁਦਨ ਕਰਨਾ ਵੀ ਉਸਦੇ ਕਥਾ ਮਰਕਜ਼ ਦਾ ਹਿੱਸਾ ਰਿਹਾ ਹੈ। ਲਾਲ ਸਿੰਘ ਦੇ ਕਥਾ ਪਾਤਰ ਬੇਚੈਨ ਕਿਸਮ ਦੇ ਅਤੇ ਆਪਣੇ ਅਸਲੇ ਤੋਂ ਉਖੜੇ ਹੋਏ ਹਨ। ਇਨ੍ਹਾਂ ਦੀ ਅਸਹਿਜ, ਅਸ਼ਾਂਤ ਅਤੇ ਅਸਥਿਰ ਮਾਨਸਿਕਤਾ ਲਈ ਜਿਸ ਕਿਸਮ ਦੀ ਗੁੰਝਲਦਾਰ ਕਥਾ ਭਾਸ਼ਾ ਦੀ ਲੋੜ ਹੈ ਲਾਲ ਸਿੰਘ ਦੀ ਭਾਸ਼ਾ ਇਸ ਲੋੜ ਨੂੰ ਪੂਰਾ ਕਰਦੀ ਹੈ। ਕਈ ਵਾਰ ਗੁੰਝਲਦਾਰ ਕਥਾ ਜੁਗਤਾਂ ਦੀ ਸ਼ਿਕਾਰ ਹੋ ਕੇ ਉਸਦੀ ਕਹਾਣੀ ਰਵਾਨੀ ਰਹਿਤ ਅਤੇ ਕਥਾ ਰਸ ਤੋਂ ਵਿਰਵੀ ਹੁੰਦੀ ਜਾਂਦੀ ਹੈ ਪਰ ਲੇਖਕ ਦੀ ਪ੍ਰਗਤੀਵਾਦ ਅਤੇ ਮਾਨਵਵਾਦ ਲਈ ਪ੍ਰਤੀਬੱਧਤਾ ਪਾਠਕਾਂ ਨੂੰ ਜ਼ਿੰਦਗੀ ਜੀਉਣ ਦਾ ਕੋਈ ਨਾ ਕੋਈ ਰਸਤਾ ਪ੍ਰਦਾਨ ਕਰਦੀ ਨਵੀਆਂ ਚਿੰਤਨੀ ਦਿਸ਼ਾਵਾਂ ਨਾਲ ਜੋੜਦੀ ਹੈ।

ਉਪਰੋਕਤ ਚਰਚਾ ਦੇ ਪ੍ਰਸੰਗ ਵਿਚ ਲਾਲ ਸਿੰਘ ਦੀ ਵਿਚਾਰ ਅਧੀਨ ਪੁਸਤਕ **'ਸੰਸਾਰ'** (**ਲਾਲ ਸਿੰਘ, ਪ੍ਰਕਾਸ਼ਕ-ਲੋਕਗੀਤ ਪ੍ਰਕਾਸ਼ਕ, ਮੋਹਾਲੀ, ਮੁੱਲ 250 ਰੁਪਏ, ਪੰਨੇ 148**) ਦੇ ਕੇਂਦਰੀ ਥੀਮ ਵੀ ਸਮਕਾਲ ਦੇ ਸੰਸਾਰੀਕਰਣ ਦੇ ਵਰਤਾਰੇ ਦੀ ਗ੍ਰਿਫ਼ਤ ਵਿਚ ਆਏ ਪੰਜਾਬੀ ਜਨ ਜੀਵਨ, ਸੂਚਨਾ ਸੰਚਾਰ ਸਾਧਨਾਂ ਦੇ ਵਹਿਣ ਵਿਚ ਰੁੜ੍ਹੀ ਜਾਂਦੀ ਨੌਜਵਾਨ ਪੀੜ੍ਹੀ ਦੇ ਦੁਖਾਂਤ, ਨਵ ਪੂੰਜੀਵਾਦ ਤੋਂ ਪੈਦਾ ਉਪਭੋਗਤਾਵਾਦੀ ਰੁਝਾਨਾਂ ਅਤੇ ਲੋਕ ਪੱਖੀ ਲਹਿਰਾਂ ਦੀ ਸਿਧਾਂਤਕ ਵਿਹਾਰਕ ਵਿੱਥ ਤੋਂ ਉਪਜੇ ਸੰਤਾਪ ਅਤੇ ਸੱਤਾ ਦੇ ਸ਼ੋਸ਼ਣ ਵਿਚ ਪਿਸਦੇ ਪੰਜਾਬੀ ਬੰਦੇ ਦੇ ਸਹਿਜ ਜੀਵਨ ਵਿਚ ਆਈ ਅਸਹਿਜਤਾ ਦੇ ਵਿਖਿਆਨ ਪੇਸ਼ ਕਰਨਾ ਹੈ। ਪੁਸਤਕ ਵਿਚ ਲਾਲ ਸਿੰਘ ਆਪਣੇ ਪਾਤਰਾਂ ਦੀ ਸਿਰਜਣ ਪ੍ਰਕਿਰਆ ਬਾਰੇ ਲਿਖਦਾ ਹੈ, *"ਸਮਕਾਲ ਦੇ ਵਿਸ਼ਵੀਕਰਨ ਦੇ ਵਰਤਾਰੇ ਨੇ ਸੂਚਨਾ ਤਕਨਾਲੋਜੀ ਦੇ ਤੇਜ਼ ਤਰਾਰ ਯੁੱਗ ਵਿਚ ਨਵ-ਪੂੰਜੀਵਾਦ ਦੇ ਕਰੂਰ ਪਰਪੰਚ ਨੇ, ਮਨੁੱਖ ਦੀ ਬੌਧਿਕਤਾ, ਮਾਨਸਿਕਤਾ ਤੇ ਭਾਵੁਕਤਾ ਦੇ ਸਮੀਕਰਨ ਨਿਘਾਰ ਦੀ ਸਭ ਤੋਂ ਹੇਠਲੀ ਹੱਦ ਤੱਕ ਉਥਲ ਪੁਥਲ ਕਰ ਦਿੱਤੇ ਹਨ।"*[1]

ਲਾਲ ਸਿੰਘ ਦੀ ਕਹਾਣੀ ਦੀ ਵੱਖਰਤਾ ਸੰਸਾਰੀਕਰਣ ਤੋਂ ਪੈਦਾ ਹੋਈ ਪਿਛਲੇ ਦੋ ਦਹਾਕਿਆਂ ਦੀ ਉਥਲ ਪੁਥਲ ਦਾ ਮਾਰਮਿਕ ਅਤੇ ਚਿੰਤਨੀ ਬਿਰਤਾਂਤ ਪੇਸ਼ ਕਰਨਾ ਹੈ। ਉਸਦੇ ਕਥਾ ਸੰਸਾਰ ਵਿਚ ਭੂਤਕਾਲ ਨੂੰ ਨਮਸਕਾਰ ਅਤੇ ਵਰਤਮਾਨ ਨੂੰ ਤ੍ਰਿਸਕਾਰਨ ਦੀ ਰੁੜ੍ਹੀ ਮੌਜੂਦ ਹੈ। ਇਸੇ ਤਹਿਤ ਉਹ ਦੇਸ਼ ਦੀ ਆਜ਼ਾਦੀ ਅਤੇ ਸਾਮਰਾਜੀ ਕੈਦ ਤੋਂ ਮੁਕਤੀ ਲਈ ਜੂਝਦੀਆਂ ਰਹੀਆਂ ਗ਼ਦਰ ਲਹਿਰ ,ਕਿਰਤੀ ਕਿਸਾਨ ਲਹਿਰ ਅਤੇ ਹੋਰ ਲੋਕ ਪੱਖੀ ਤਹਿਰੀਕਾਂ ਦੀ ਸਿਮਰਤੀ ਕਰਦਾ ਹੈ ਅਤੇ ਸਮਕਾਲ ਦੇ ਵਿਸ਼ਵੀਕਰਣ ਵਾਲੇ ਵਰਤਾਰਿਆਂ ਵਿਚ ਮਨੁੱਖ ਦੀ ਹੋਂਦ ਨੂੰ ਦਰਪੇਸ਼ ਸੰਕਟਾਂ 'ਤੇ ਰੁਦਨ ਕਰਦਾ ਹੈ। **'ਗ਼ਦਰ'** ਕਹਾਣੀ ਵਿਚ ਉਹ 'ਗ਼ਦਰ' ਸ਼ਬਦ ਦੇ ਅਰਥਾਂ ਉੱਤੇ ਸਵਾਲੀਆ ਚਿੰਨ੍ਹ ਲਗਾਉਂਦਾ ਹੈ। ਪੰਜਾਬ ਦੇ ਬਸਤੀਵਾਦੀ ਇਤਿਹਾਸ ਵਿਚ ਗ਼ਦਰ ਲਹਿਰ ਦੀ ਵਡੇਰੀ ਭੂਮਿਕਾ ਦੇ ਬਾਵਜੂਦ ਲੋਕ ਮਨਾਂ ਵਿਚ ਗ਼ਦਰ ਸ਼ਬਦ ਦੀ ਨਕਾਰਾਤਮਿਕ ਭੂਮਿਕਾ ਉਸਦੇ ਕਥਾ ਚਿੰਤਨ ਦਾ ਅਹਿਮ ਸਰੋਕਾਰ ਹੈ। ਆਜ਼ਾਦੀ ਦੀ ਲਹਿਰ ਵਿਚ ਗ਼ਦਰੀ ਬਾਬਿਆਂ ਦੇ ਇਨਕਲਾਬੀ ਯੋਦਗਾਨ ਦੇ ਬਾਵਜੂਦ ਇਹ ਲਹਿਰ ਭਾਰਤ ਦੇ ਆਜ਼ਾਦੀ ਸੰਗਰਾਮ



ਦੀ ਇਤਿਹਾਸਕਾਰੀ ਵਿਚ ਇਕ ਹਾਸ਼ੀਆ ਹੰਢਾਉਂਦੀ ਰਹੀ ਹੈ। ਲਾਲ ਸਿੰਘ ਹਾਸ਼ੀਏ ਦੇ ਕਾਰਨ ਤਲਾਸ਼ਣ ਦੀ ਥਾਂ ਸਮਕਾਲ ਦੀ ਨਿਆਂ ਪਾਲਿਕਾ,ਕਾਰਜ ਪਾਲਿਕਾ ਅਤੇ ਵਿਧਾਨ ਪਾਲਿਕਾ ਦੀ ਕਾਰਗੁਜ਼ਾਰੀ 'ਤੇ ਪ੍ਰਸ਼ਨ ਚਿੰਨ ਉਠਾਉਂਦਾ ਹੈ । ਉਹ ਗਦਰੀ ਬਾਬਿਆਂ ਨੂੰ ਗਦਰ ਸ਼ਬਦ ਦੇ ਰਵਾਇਤੀ ਅਰਥ ਤਬਦੀਲ ਕਰਕੇ ਬਸਤੀਵਾਦੀ ਸੱਤਾ ਦੇ ਸ਼ੋਸ਼ਣ ਤੋਂ ਲੋਕਾਂ ਨੂੰ ਆਜ਼ਾਦ ਕਰਾਉਣ ਪੱਖੋਂ ਸਿਮਰਦਾ ਹੈ ਪਰ ਸਮਕਾਲ ਦੇ ਭ੍ਰਿਸ਼ਟ ਤੰਤਰ ਦੌਰਾਨ ਲੋਕਤੰਤਰ ਵਿਚ 'ਗ਼ਦਰ' ਪਾਉਣ ਵਾਲੇ ਸਰਕਾਰੀ ਅਫ਼ਸਰਾਂ, ਅਧਿਆਪਕਾਂ ਅਤੇ ਅਖੌਤੀ ਆਗੂਆਂ ਦੇ ਕਿਰਦਾਰ ਦੀ ਨਿੰਦਾ ਕਰਦਾ ਹੈ। ਕਹਾਣੀ ਵਿਚਲਾ ਉੱਤਮ ਪੁਰਖੀ ਪਾਤਰ ਇਕ ਪਰਵਾਸੀ ਲੇਖਕ ਹੈ ਜੋ ਕਿ ਪੰਜਾਬ ਵਿਚ ਆ ਕੇ ਯੂਨੀਵਰਸਿਟੀਆਂ ਵਿਚ ਫੈਲੇ ਅਕਾਦਮਿਕ ਭ੍ਰਿਸ਼ਟਾਚਾਰ, ਪਰਵਾਸੀਆਂ ਦੀਆਂ ਜ਼ਮੀਨਾਂ ਦੱਬੀ ਬੈਠੇ ਮਾਫੀਏ ਸਰਮਾਏਦਾਰਾਂ, ਪੁਲੀਸ ਅਤੇ ਨਿਆਂ ਪਾਲਿਕਾ ਦੀ ਰਿਸ਼ਵਤਖੋਰੀ ਦੇਖ ਕੇ ਸੁੰਨ ਹੋ ਜਾਂਦਾ ਹੈ। ਕਹਾਣੀ ਦਾ ਗ਼ਦਰੀ ਬਜ਼ੁਰਗ ਪਾਤਰ ਉਧੋ ਸਮਕਾਲ ਦੀ ਇਸੇ ਆਪਾ ਧਾਪੀ ਨੂੰ ਦੇਖ ਕੇ ਗੁੰਮਨਾਮੀ ਮੌਤ ਮਰ ਜਾਂਦਾ ਹੈ ਅਤੇ ਕਹਾਣੀ ਦੇ ਮੁੱਖ ਪਾਤਰ ਦੀ ਮਨਬਚਨੀ ਵਰਤਮਾਨ ਦੇ ਸਮਾਜਿਕ ਯਥਾਰਥ ਦੀ ਇਸ ਕਰੂਰਤਾ ਅੱਗੇ ਕਹਾਣੀ ਦੇ ਅੰਤ ਵਿਚ ਇਕ ਵਿਸਫੋਟ ਬਣ ਕੇ ਉਭਰਦੀ ਹੈ , *"ਗਦਰੀ ਤੁਸੀਂ ਨਹੀਂ,ਆਹ ਹੁਣ ਦਾ ਅਮਲਾ ਫੈਲਾ . . . ਹੁਣ ਦਾ ਲਾਣਾ ਐ ਪੂਰਾ ਗੰਦ ਗਦਰੀ। ਇਹਨਾਂ ਤਾਂ ਤੁਹਾਡੇ ਮਿਸ਼ਨ, ਤੁਹਾਡੀ ਲਹਿਰ ਨੂੰ ਪੂਰੀ ਤਰ੍ਹਾਂ ਕਲੰਕਤ ਹੀ ਕਰ ਛੱਡਿਆ। ਤੁਸੀਂ . . . ਤਾਂ ਅਠਾਰਾਂ ਸਤਵੰਜਾਂ ਦੀ ਜੰਗ ਨੂੰ ਸਲਾਮ ਕੀਤੀ ਸੀ ਇਕ ਤਰ੍ਹਾਂ ਨਾਲ। ਅਧਵਾਟੇ ਰੁਕੇ ਕਾਰਜ ਨੂੰ ਅੱਗੇ ਤੋਰਿਆ ਸੀ ਗਹਿ ਗੱਚ ਖੁੱਭ ਕੇ। ਤੁਸੀਂ . . . ਤੁਸੀਂ ਤਾਂ ਗ਼ਦਰ ਸ਼ਬਦ ਦੇ ਨਾਂਹ ਵਾਚੀ ਅਰਥ ਹੀ ਤਬਦੀਲ ਕਰ ਦਿੱਤੇ ਸਨ ਮੁੱਢੋਂ ਸੁੱਢੋਂ। ਪਰ ਅਸੀਂ ਪਤਾ ਨੀਂ ਕਿਹੜੀ ਰੀਸੇ ਤੁਹਾਨੂੰ ਮੁਕਤੀ ਕਾਮਿਆਂ ਨੂੰ,ਬੇ-ਦਾਗ,ਬੇਲਾਗ ਯੋਧਿਆਂ,ਸੁਰਬੀਰਾਂ ਨੂੰ ਗ਼ਦਰੀ ਆਖਦੇ ਰਹੇ ਐਨਾ ਚਿਰ। ਹੱਦ ਹੋਈ ਪਈ ਆ ਸਾਡੇ ਆਲੀ।"*[2]

ਲਾਲ ਸਿੰਘ ਦੀ ਇਕ ਕਹਾਣੀ **'ਆਪੋ ਆਪਣੇ ਮੁਹਾਜ਼'** ਵੀ ਇਸੇ ਵਿਚਾਰਧਾਰਕ ਆਧਾਰ ਵਾਲੀ ਹੈ ਜਿਸ ਵਿਚ ਸੀਮਤ ਸਾਧਨਾਂ ਨਾਲ ਆਜ਼ਾਦੀ ਦੇ ਅਸੀਮਤ ਸੁਪਨੇ ਨੂੰ ਦੇਖਣ ਅਤੇ ਪੂਰਾ ਕਰਨ ਲਈ ਉੱਠੀਆਂ ਪੰਜਾਬ ਦੀਆਂ ਜੁਝਾਰੂ ਇਨਕਲਾਬੀ ਲਹਿਰਾਂ ਦੀ ਵਿਚਾਰਧਾਰਾ ਨੂੰ ਸਮਕਾਲੀ ਸਮਿਆਂ ਦੇ ਪ੍ਰਸੰਗ ਵਿਚ ਸੰਵਾਦੀ ਬਣਾਇਆ ਮਿਲਦਾ ਹੈ। 'ਆਪੋ ਆਪਣੇ ਮੁਹਾਜ਼' ਕਹਾਣੀ ਵਿਚ ਮੌਜੂਦਾ ਸਮੇਂ ਅੰਦਰ ਰਾਜਨੀਤੀ ਵਿਚ ਪਰਿਵਾਰਵਾਦ,ਭ੍ਰਿਸ਼ਟ ਤੰਤਰ ਅਤੇ ਬੇਰੁਜ਼ਗਾਰੀ ਕਾਰਨ ਦਿਸ਼ਾਹੀਣਤਾ ਭੋਗਦੀ ਨੌਜਵਾਨ ਪੀੜ੍ਹੀ ਦੀ ਸੰਵੇਦਨਾ ਦਾ ਵਰਨਣ ਹੈ। ਕਹਾਣੀ ਦਾ ਅਨਯ ਪੁਰਖੀ ਪਾਤਰ ਬਿੰਦਰ ਇਕ ਬੇਰੁਜ਼ਗਾਰ ਨੌਜਵਾਨ ਹੈ ਜਿਹੜਾ ਬੇਰੁਜ਼ਗਾਰੀ ਭੋਗਦਾ ਆਪਣੀ ਪਛਾਣ ਦੇ ਸੰਕਟਾਂ ਨਾਲ ਜੂਝਦਾ ਪੇਸ਼ ਹੋਇਆ ਹੈ। ਇਨ੍ਹਾਂ ਸੰਕਟਾਂ ਦੇ ਮੋਚਨ ਲਈ ਆਖਿਰ ਉਹ ਬਾਬਾ ਸੋਹਣ ਸਿੰਘ ਭਕਨਾ, ਬੀਬੀ ਗੁਲਾਬ ਕੌਰ ਅਤੇ ਹੋਰ ਆਗੂਆਂ ਦੀ ਕੁਰਬਾਨੀ ਤੋਂ ਸੇਧ ਲੈਂਦਾ ਇਨ੍ਹਾਂ ਨਾਲ ਇਕ ਰਿਸ਼ਤਾ ਦੀ ਗੰਢ ਵਾਲੇ ਅਹਿਸਾਸ ਵਿਚੋਂ ਗੁਜ਼ਰਦਾ ਹੈ। ਇਨ੍ਹਾਂ ਕਹਾਣੀਆਂ ਵਿਚ ਲਾਲ ਸਿੰਘ ਇਕ ਪਾਸੇ ਇਨਕਲਾਬੀ ਚੇਤਨਾ ਵਾਲੇ ਪੰਜਾਬੀ ਬੰਦੇ ਦੀ ਜੁਝਾਰੂ ਤਾਸੀਰ ਨੂੰ ਪੇਸ਼ ਕਰਦਾ ਹੈ ਦੂਜੇ ਪਾਸੇ ਉਨ੍ਹਾਂ ਹਾਲਾਤ 'ਤੇ ਕਟਾਖ਼ਸ਼ ਕਰਦਾ ਹੈ। ਜਿਨ੍ਹਾਂ ਕਰਕੇ ਉੱਚੇ ਆਦਰਸ਼ਾਂ ਲਈ ਉੱਠਦੀਆਂ ਲਹਿਰਾਂ ਦੇ ਅਖੌਤੀ ਆਗੂ ਸੱਤਾ ਦੇ 'ਲੂਣ ਦੇ ਪਹਾੜ' ਵਿਚ ਰਚ ਮਿਚ ਜਾਂਦੇ ਰਹੇ ਜਦ ਕਿ ਕੁਰਬਾਨੀਆਂ ਦੇਣ ਵਾਲੇ ਆਗੂਆਂ ਨੂੰ ਗੁੰਮਨਾਮੀ ਤੋਂ ਵੱਧ ਕੁਝ ਨਹੀਂ ਮਿਲਿਆ।

ਲੇਖਕ ਦੀਆਂ ਕਹਾਣੀਆਂ ਨੇ ਵਰਤਮਾਨ ਦੇ ਨਵ ਪੂੰਜੀਵਾਦੀ ਸਮਾਜ ਵਿਚ ਜਿੱਥੇ ਸ਼ਹਿਰਾਂ ਅਤੇ ਕਸਬਿਆਂ ਵਿਚ ਉਸਰਦੀ ਖਪਤਵਾਦੀ ਜੀਵਨ ਜਾਂਚ ਨੂੰ ਵੀ ਆਪਣੀ ਕਥਾ ਚੇਤਨਾ ਦਾ ਹਿੱਸਾ ਬਣਾਇਆ ਹੈ। ਖਪਤਵਾਦੀ ਸਭਿਆਚਾਰ ਨੇ ਪੰਜਾਬੀਆਂ ਦੀ ਜ਼ਿੰਦਗੀ ਵਿਚ ਮੇਲੇ ਮਾਨਣ ਆਏ ਹੋਣ ਦੀ ਸੰਸਕ੍ਰਿਤਕ ਰੁੜ੍ਹੀ ਨੂੰ ਉਪਭੋਗਤਾਵਾਦ ਦੀ ਨਵੀਂ ਹਵਾ ਦਿੱਤੀ ਹੈ। ਲਾਲ ਸਿੰਘ ਕਿਰਤੀ ਸਭਿਆਚਾਰ

ਵਾਲੇ ਪੰਜਾਬੀਆਂ ਦੀ ਨਵੀਂ ਉਪਭੋਗੀ ਜੀਵਨ ਜਾਂਚ ਪਿੱਛੇ ਖੜ੍ਹੇ ਕਾਰਪੋਰੇਟੀ ਪ੍ਰਬੰਧ ਦਾ ਜਾਣਕਾਰ ਹੈ। ਉਸਦੀਆਂ ਕਹਾਣੀਆਂ ਵਿਚ ਕਾਰਪੋਰੇਟ ਸੈਕਟਰ ਦਾ ਬਿੰਬ **'ਜੁਬਾੜੇ'** ਕਹਾਣੀ ਵਿਚ **'ਜੁਬਾੜੇ'** ਦੇ ਰੂਪਕ ਨਾਲ ਪੇਸ਼ ਹੋਇਆ ਹੈ । ਸੱਤਾ ਦਾ ਧਰਮ ਅਤੇ ਕਾਰਪੋਰੇਟ ਸੈਕਟਰ ਨਾਲ ਨਾਪਾਕ ਗਠਜੋੜ ਸਮੁੱਚੀ ਲੋਕਾਈ ਲਈ ਕਿੰਨਾ ਖਤਰਨਾਕ ਹੈ ਇਸਦੇ ਕਥਾ ਵੇਰਵੇ ਜੁਬਾੜੇ ਕਹਾਣੀ ਵਿਚ ਦਰਜ ਹਨ। ਕਾਰਪੋਰੇਟ ਸੈਕਟਰ ਨੇ ਕਿਸਾਨਾਂ ਦੀਆਂ ਉਪਜਾਊ ਜ਼ਮੀਨਾਂ ਨੂੰ ਕੌਡੀਆਂ ਦੇ ਭਾਅ ਹਥਿਆ ਕੇ ਕੰਕਰੀਟ ਕਲਚਰ ਪੈਦਾ ਕਰ ਦਿੱਤਾ ਹੈ ਜਿਸ ਤਹਿਤ ਪਿੰਡਾਂ ਸ਼ਹਿਰਾਂ ਅਤੇ ਕਸਬਿਆਂ ਵਿਚ ਮੈਰਿਜ ਪੈਲਸ, ਰਿਜ਼ੋਰਟ, ਮਾਲਜ਼ ਅਤੇ ਹਾਬੜ ਉਸਾਰੀ ਨੇ ਅਖੌਤੀ ਵਿਕਾਸ ਮਾਡਲ ਦਾ ਮਾਰੂ ਅਧਿਆਇ ਸ਼ੁਰੂ ਕਰ ਦਿੱਤਾ ਹੈ। ਕਹਾਣੀ ਵਿਚ ਜ਼ਮੀਨਾਂ ਦੇ ਉਜਾੜੇ,ਖੇਤੀ ਦੀ ਮੰਦਹਾਲੀ ਅਤੇ ਸਰਕਾਰਾਂ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਕਰਕੇ ਰਾਮਗੋਪਾਲ ਅਤੇ ਮਹਿੰਗਾ ਰਾਮ ਵਰਗੇ ਪਾਤਰ ਆਪਣੇ ਦੇਸ਼ ਵਿਚ ਇਕ ਬੇਗਾਨਗੀ ਦੇ ਅਹਿਸਾਸ ਵਿਚੋਂ ਗੁਜ਼ਰਦੇ ਹਨ। ਕਹਾਣੀ ਵਿਚ ਕਾਰਪੋਰੇਟ ਸੈਕਟਰ ਦਾ ਵਰਤਾਰਾ ਕਸਬਿਆਂ ਅੰਦਰ ਛੋਟੇ ਵਪਾਰੀ, ਮਧਲੇ ਕਿਸਾਨ ਅਤੇ ਮਿਹਨਤਕਸ਼ ਵਰਗਾਂ ਨੂੰ ਨਿਗਲਦਾ ਦਿਖਾਇਆ ਗਿਆ ਹੈ ਜਿਸ ਨਾਲ ਲੋਕਾਂ ਦੀ ਆਪਸੀ ਸਾਂਝ, ਮਿਲਵਰਤਨ ਅਤੇ ਸਹਿਹੋਂਦ ਦੀ ਭਾਵਨਾ ਵੀ ਖਤਮ ਹੁੰਦੀ ਦਿਸਦੀ ਹੈ। ਪੂੰਜੀਵਾਦੀ ਵਿਸ਼ਵੀਕਰਣ ਦਾ ਇਕ ਚਿਹਰਾ ਸਮਾਜਿਕ ਵਿਵਸਥਾ ਨੂੰ ਜੋੜਨ ਦੀ ਥਾਂ ਤੋੜਨ ਦੀ ਭੂਮਿਕਾ ਨਿਭਾਉਂਦਾ ਪੇਸ਼ ਕਰਕੇ ਲੇਖਕ **'ਤੀਸਰਾ ਸ਼ਬਦ'** ਕਹਾਣੀ ਵਿਚ ਜਾਤੀ ਵਿਵਸਥਾ ਨਾਲ ਉਪਜਦੇ ਮਾਨਸਿਕ ਸੰਤਾਪ ਦੀਆਂ ਤੰਦਾਂ ਫੜਨ ਦਾ ਯਤਨ ਕਰਦਾ ਹੈ। ਸਮਕਾਲ ਅੰਦਰ ਦਲਿਤ ਸੰਘਰਸ਼ ਜਿਸ ਕਿਸਮ ਦੇ ਜਾਤੀਗਤ ਟਕਰਾਅ ਅਤੇ ਧਾਰਮਿਕ ਘੁੰਮਣਘੇਰੀ, ਬੌਧਿਤ ਕੰਗਾਲੀ ਵਿਚਾਰਧਾਰਕ ਧੁੰਦਵਾਦ ਵਿਚੋਂ ਗੁਜ਼ਰ ਰਿਹਾ ਹੈ ਉਸਦਾ ਇਕ ਪੱਖ **'ਤੀਸਰਾ ਸ਼ਬਦ'** ਕਹਾਣੀ ਵਿਚ ਦਰਜ਼ ਹੈ। ਲੇਖਕ ਦਾ ਦਲਿਤ ਪਾਤਰ ਨੌਕਰੀਪੇਸ਼ਾ ਮੱਧਸ਼੍ਰੇਣੀ ਵਿਚੋਂ ਹੈ ਜਿਹੜਾ ਕਿ ਅਗਲੀ ਪੀੜ੍ਹੀ ਨੂੰ ਜਾਤੀ ਚੇਤਨਾ ਨਾਲੋਂ ਜਮਾਤੀ ਚੇਤਨਾ ਦੇ ਵੱਡੇ ਸੰਕਲਪ ਨਾਲ ਜੋੜ ਕੇ ਉਨ੍ਹਾਂ ਦਾ ਮੁਕਤੀ ਮਾਰਗ ਬਣਨ ਦਾ ਯਤਨ ਕਰਦਾ ਹੈ। ਸਾਰੀ ਉਮਰ ਜਾਤੀਗਤ ਪਛਾਣ ਦੇ ਲੇਬਲ ਹੇਠਾਂ ਉਮਰ ਕੱਟ ਕੇ ਉਹ ਗੁੰਮਨਾਮੀ ਜ਼ਰੂਰ ਹੰਢਾਉਂਦਾ ਹੈ ਪਰ ਵਿਚਾਰਧਾਰਾ ਪੱਖੋਂ ਉਹ ਸਮਕਾਲੀ ਦੀ ਦਲਿਤ ਲਹਿਰ ਨੂੰ ਜਾਤਵਾਦੀ ਸਿਆਸਤ ਤੱਕ ਸਿਮਟਾ ਕੇ ਰੱਖਣ ਵਾਲੀ ਸੱਤਾਧਾਰੀ ਨੀਤੀ ਦਾ ਵੀ ਜਾਣੂੰ ਹੈ।

ਕੁੱਲ ਮਿਲਾ ਕੇ ਲਾਲ ਸਿੰਘ ਦੀ ਕਹਾਣੀ ਚਿੰਤਨੀ ਸੁਰਾਂ ਪੈਦਾ ਕਰਨ ਵਾਲੀ ਕਹਾਣੀ ਹੈ। ਉਹ ਮਾਰਕਸੀ ਦ੍ਰਿਸ਼ਟੀ ਵਾਲਾ ਕਥਾਕਾਰ ਹੈ ਪਰ ਮਾਰਕਸਵਾਦੀ ਚਿੰਤਨ ਦਾ ਫੈਸ਼ਨੀ ਨਿੰਦਕ ਬਣਨ ਦੀ ਥਾਂ ਇਸਨੂੰ ਸੰਵਾਦ ਦੇ ਨਜ਼ਰੀਏ ਤੋਂ ਆਪਣੇ ਕਥਾ ਸੰਸਾਰ ਵਿਚ ਪੇਸ਼ ਕਰਦਾ ਹੈ। ਲਾਲ ਸਿੰਘ ਦੇ ਕਥਾ ਪਾਤਰ ਇਕ ਵੱਖਰੀ ਗੈਲਰੀ ਸਿਰਜਦੇ ਹਨ ਉਹ ਵਰਤਮਾਨ ਦੀਆਂ ਗੜਬੜੀਆਂ ਵਿਚ ਗੁੰਮਨਾਮੀ ਅਤੇ ਮੰਦਹਾਲੀ ਵਿਚੋਂ ਗੁਜ਼ਰਦੇ ਹਨ ਪਰ ਆਖਿਰ ਸਮਾਜਿਕ ਯਥਾਰਥ ਨੂੰ ਭੇਦਣ ਲਈ ਉੱਠ ਖੜ੍ਹੋਂਦੇ ਹਨ। ਉਸਦੀ ਕਹਾਣੀ ਕਿਸੇ ਇਕ ਲੇਬਲ ਹੇਠਾਂ ਨਹੀਂ ਸਗੋਂ ਪ੍ਰਗਤੀਵਾਦ ਦੇ ਵਡੇਰੇ ਸੰਕਲਪ ਨੂੰ ਪ੍ਰਨਾਈ ਹੈ । ਉਸਦੀ ਕਹਾਣੀ ਵਿਚ ਕਮਿਊਨਿਸਟ ਵਿਚਾਰਧਾਰਾ ਦਾ ਸੰਵਾਦ ਕਈ ਕੋਣਾਂ ਤੋਂ ਪੇਸ਼ ਹੈ ਇਸੇ ਲਈ ਉਸਦੀ ਕਹਾਣੀ ਟਾਕਰਵੇਂ ਬੋਲਾਂ,ਉਤੇਜ਼ਕ ਸੰਵਾਦਾਂ,ਪਾਤਰਾਂ ਦੀਆਂ ਮਨੋਬਚਨੀਆਂ ਅਤੇ ਇਤਿਹਾਸ ਦੇ ਇਨਕਲਾਬੀ ਕਾਂਡਾਂ ਤੋਂ ਪ੍ਰੇਰਨਾ ਲੈ ਕੇ ਇਤਿਹਾਸ ਅਤੇ ਵਰਤਮਾਨ ਵਿਚ ਸਾਹ ਲੈਂਦੀ ਪ੍ਰਤੀਤ ਹੁੰਦੀ ਹੈ। ਲਾਲ ਸਿੰਘ ਦਾ ਲਗਾਤਾਰ ਲਿਖਦੇ ਰਹਿਣਾ ਅਤੇ ਵਰਤਮਾਨ ਦੇ ਵਰਤਾਰਿਆਂ ਨਾਲ ਅਪਡੇਟ ਰਹਿਣਾ ਇਸ ਕਿਤਾਬ ਦੀ ਵੱਡੀ ਸਾਰਥਿਕਤਾ ਹੈ।

**ਹਵਾਲੇ ਅਤੇ ਟਿੱਪਣੀਆਂ -**

1. **ਲਾਲ ਸਿੰਘ, ਸੰਸਾਰ, ਪੰਨਾ** 146


2. **ਉਹੀ** **ਪੰਨਾ** 41.

(**ਸੰਪਰਕ**-94175-86028)



# ਸਥਿਤੀ ਅਤੇ ਪਰੰਪਰਾ ਦਾ ਦਵੰਦ : ਕੱਚੇ ਪੱਕੇ ਨਕਸ਼ੇ

**-ਡਾ. ਰਮਿੰਦਰ ਕੌਰ**




ਜਿੰਦਰ ਦੁਆਰਾ ਰਚਿਤ **'ਕੱਚੇ ਪੱਕੇ ਨਕਸ਼ੇ' (ਪ੍ਰਕਾਸ਼ਕ ਐਵਿਸ਼ ਪਬਲੀਕੇਸ਼ਨ, ਦਿੱਲੀ, ਪੰਜਾਬ, ਮੁੱਲ 275, ਪੰਨੇ 168)** ਕਹਾਣੀ ਸੰਗ੍ਰਿਹ ਦੀਆਂ ਕਹਾਣੀਆਂ ਮਨੁੱਖੀ ਲਿੰਗਤਾ ਦੀਆਂ ਵਿਭਿੰਨ ਦਸ਼ਾਵਾਂ ਨੂੰ ਦਰਸਾਉਂਦੀਆਂ ਹਨ। ਕਹਾਣੀਆਂ ਵਿਚ ਮਨੁੱਖ ਨੂੰ ਆਪਣੀ ਪ੍ਰਾਪਤ ਸਥਿਤੀ ਵਿਚਲੀਆਂ ਅਨੇਕਾਂ ਕਾਮੁਕ ਥੁੜਾਂ, ਕਮੀਆਂ, ਤੰਗੀਆਂ-ਤੁਰਸ਼ੀਆਂ ਕਾਰਨ ਵਿਚਲਿਤ ਵਿਹਾਰ ਕਰਦਿਆਂ, ਪੂਰਵ ਨਿਸ਼ਚਿਤ ਸੰਕਲਪਾਂ ਨਾਲ ਸੰਵਾਦ ਕਰਦਿਆਂ, ਅੰਤ ਪਰੰਪਰਾ ਦੇ ਹੱਥੋਂ ਹਾਰ ਕੇ ਆਪਣੀ ਸਥਿਤੀ ਨੂੰ ਜਿਉਂ ਦਾ ਤਿਉਂ ਸਵੀਕਾਰ ਕਰਦਿਆਂ ਪੇਸ਼ ਕੀਤਾ ਗਿਆ ਹੈ। ਜਿੰਦਰ ਦੀਆਂ ਕਹਾਣੀਆਂ ਇਕ ਬੁਨਿਆਦੀ ਸੱਚ ਦੇ ਧੁਰੇ 'ਤੇ ਘੁੰਮਦੀਆਂ ਹਨ- *'ਦੇਹ ਦੀ ਵੀ ਇਕ ਭਾਸ਼ਾ ਹੁੰਦੀ ਆ।'* (157) ਕਹਾਣੀਆਂ ਵਿਚਲੇ ਪਾਤਰ ਇਸੇ ਭਾਸ਼ਾ ਨੂੰ ਡੀਕੋਡ ਕਰਦੇ ਹਨ। ਡੀਕੋਡਿੰਗ ਸਮੇਂ ਅਵਚੇਤਨ ਵਿਚ ਮੌਜੂਦ ਪਰੰਪਰਾ, ਪਿੱਠਭੂਮੀ ਵਿਚ ਆਪਣਾ ਰੋਲ ਬਾਖੂਬੀ ਨਿਭਾਉਂਦੀ ਹੈ।

ਦਰਅਸਲ, ਦੇਹ ਦੀ ਭਾਸ਼ਾ ਨੂੰ ਸਮਝਣਾ, ਮਨੁੱਖੀ ਲਿੰਗਤਾ (Human Sexuality) ਨੂੰ ਸਮਝਣਾ ਹੈ। ਲਿੰਗਤਾ ਮਨੁੱਖ ਦੀ ਕੁਦਰਤੀ ਪਰੰਤੂ ਸ਼ਕਤੀਸ਼ਾਲੀ ਪ੍ਰਵਿਰਤੀ ਹੈ। ਪ੍ਰਾਕ੍ਰਿਤਕ ਅਤੇ ਸਾਂਸਕ੍ਰਿਤਿਕ ਪਰਿਪੇਖ ਕਾਰਨ ਇਹ ਪ੍ਰਵਿਰਤੀ ਵਿਲੱਖਣਤਾ ਦੀ ਧਾਰਨੀ ਹੈ। ਪ੍ਰਾਕ੍ਰਿਤਿਕ ਪਰਿਪੇਖ ਵਿਚ ਲਿੰਗਤਾ ਦਾ ਵਿਹਾਰਕ ਰੂਪ ਔਰਤ-ਮਰਦ ਦੇ ਸਧਾਰਨ ਲਿੰਗ ਸੰਬੰਧ ਹਨ, ਜਦਕਿ ਸਾਂਸਕ੍ਰਿਤਿਕ ਪਰਿਪੇਖ ਵਿਚ ਇਹ ਪਤੀ-ਪਤਨੀ ਦੇ ਵਿਆਹੁਤਾ ਲਿੰਗ ਸੰਬੰਧ ਹਨ। ਔਰਤ-ਮਰਦ ਦੇ ਵੈਧ-ਅਵੈਧ ਰਿਸ਼ਤਿਆਂ ਦੇ ਜਾਵੀਏ ਤੋਂ ਵਿਆਹੁਤਾ ਲਿੰਗ ਸੰਬੰਧ, ਵੈਧ ਰਿਸ਼ਤੇ ਹਨ ਜੋ ਸੰਸਕ੍ਰਿਤੀ ਦੀ ਦੇਣ ਹਨ। ਸੰਸਕ੍ਰਿਤੀ ਸਮੂਹ ਦੀ ਲੋੜ ਵਿਚੋਂ ਉਪਜੀ ਹੈ ਅਤੇ ਪੰਰਪਰਾ ਦੇ ਰੂਪ ਵਿਚ ਸਮੂਹ ਦੇ ਹਿੱਤਾਂ ਨੂੰ ਪਾਲਦੀ ਹੈ, ਇਸ ਲਈ ਵਿਆਹੁਤਾ ਲਿੰਗ ਰਿਸ਼ਤਿਆਂ ਨੂੰ ਹੀ ਸਮੂਹ ਦੀ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ। ਇਨ੍ਹਾਂ ਵਿਆਹੁਤਾ ਸੰਬੰਧਾਂ ਦੇ ਇਲਾਵਾ ਬਣਨ ਵਾਲੇ ਬਾਕੀ ਲਿੰਗ ਸੰਬੰਧ ਅਵੈਧ ਰਿਸ਼ਤਿਆਂ ਦੇ ਘੇਰੇ ਵਿਚ ਆਉਂਦੇ ਹਨ। ਅਵੈਧ ਰਿਸ਼ਤੇ ਮਨੁੱਖ ਦੇ ਪ੍ਰਾਕ੍ਰਿਤਿਕ ਲੱਛਣਾਂ ਦਾ ਪ੍ਰਗਟਾਵਾ ਹਨ ਜੋ ਨਿੱਜ ਦੀਆਂ ਇੱਛਾਵਾਂ ਵਿਚੋਂ ਉਪਜਦੇ ਹਨ ਅਤੇ

ਮਨੁੱਖ ਦੇ ਨਿੱਜੀ ਹਿੱਤਾਂ ਨੂੰ ਪੂਰਦੇ ਹਨ। ਇਨ੍ਹਾਂ ਰਿਸ਼ਤਿਆਂ ਨੂੰ ਸਮੂਹਿਕ ਪ੍ਰਵਾਨਗੀ ਪ੍ਰਾਪਤ ਨਹੀਂ ਹੁੰਦੀ। 'ਦੇਹ ਦੀ ਭਾਸ਼ਾ' ਦੇ ਸੰਦਰਭ ਵਿਚ ਸਮਾਜ ਨੇ ਸਮਾਜਕ ਬਣਤਰ ਨੂੰ ਬਰਕਰਾਰ ਰੱਖਣ ਲਈ ਲਿੰਗਤਾ ਨਾਲ ਵਿਭਿੰਨ ਲੈਂਗਿਕ ਵਰਜਨਾਵਾਂ ਨੂੰ ਜੋੜ ਕੇ ਅਤੇ ਇਸ ਨੂੰ ਨੇਮਬੱਧ ਕਰਕੇ ਇਸ ਦੀ ਕੋਡਿੰਗ ਕੀਤੀ ਅਤੇ ਸੰਸਕ੍ਰਿਤੀ ਨੇ ਇਸ ਨੂੰ ਵਿਆਹੁਤਾ ਸੰਬੰਧਾਂ ਦੇ ਰੂਪ ਵਿਚ ਨੇਮਬੱਧ ਕਰਕੇ ਕੋਡਿੰਗ ਨੂੰ ਰੂੜੀਗਤ ਤੇ ਅਰਥ ਭਰਪੂਰ ਕੀਤਾ। ਪਰੰਪਰਾ ਔਰਤ-ਮਰਦ ਨੂੰ ਸੱਭਿਅਕ ਸਮਾਜ ਵਿਚ ਇਸ ਕੋਡਿੰਗ ਅਧੀਨ ਹੀ ਲੈਂਗਿਕ ਵਿਹਾਰ ਕਰਨ ਲਈ ਪ੍ਰਤੀਬੰਧਿਤ ਕਰਦੀ ਹੈ। ਕਈ ਵਾਰ ਪ੍ਰਤੀਬੰਧਿਤ ਦਾਇਰੇ ਅੰਦਰ ਮਨੁੱਖ ਲਿੰਗ ਸੰਬੰਧਾਂ ਦੇ ਮਾਮਲੇ ਵਿਚ ਸਹਿਜ ਨਹੀਂ ਰਹਿ ਪਾਉਂਦਾ। ਇਸ ਅਸਹਿਜਤਾ ਕਾਰਨ ਜਦੋਂ ਉਹ ਆਪੋ-ਆਪਣੀ ਲੋੜ ਅਨੁਸਾਰ 'ਦੇਹ ਦੀ ਭਾਸ਼ਾ' ਦੇ ਅਰਥ ਕੱਢਦਾ ਉਸ ਨੂੰ ਡੀਕੋਡ ਕਰਦਾ ਹੈ ਤਾਂ ਉਹ ਪਰੰਪਰਾ ਦੇ ਪ੍ਰਮਾਨਿਤ ਦਾਇਰੇ ਨੂੰ ਉਲੰਘਣ ਦਾ 'ਸਾਹਸ' ਹੀ ਕਰਦਾ ਹੈ।

ਉਪਰੋਕਤ ਪ੍ਰਸੰਗ ਵਿਚ ਜਿੰਦਰ ਦੀ ਕਹਾਣੀ ਪੜ੍ਹਦਿਆਂ ਇਹ ਮਹਿਸੂਸ ਹੁੰਦਾ ਹੈ ਕਿ ਉਸ ਦੀ ਕਹਾਣੀ ਵਿਚਲੇ ਪਾਤਰ ਪਰੰਪਰਾ ਦੇ ਬੰਧਨ ਤੋਂ ਮੁਕਤ ਹੋ ਕੇ ਆਪਣੇ ਨਿੱਜ ਦੀਆਂ ਲੋੜਾਂ ਦੀ ਪੂਰਤੀ ਦੀ ਇੱਛਾ ਤਾਂ ਰੱਖਦੇ ਹਨ ਪਰੰਤੂ ਹਿੰਮਤ, ਹੌਂਸਲੇ ਤੇ ਕਰਮਸ਼ੀਲਤਾ ਦੀ ਸੁਚੇਤ ਘਾਟ ਅਤੇ ਪਰੰਪਰਾ ਦਾ ਅਚੇਤ ਬੰਧਨ ਉਨ੍ਹਾਂ ਨੂੰ ਆਪਣੀ ਸਥਿਤੀ ਤੋਂ ਬਾਹਰ ਵਿਚਰਨ ਹੀ ਨਹੀਂ ਦਿੰਦਾ। ਦਰਅਸਲ, ਅਜੋਕੀਆਂ ਸਮਾਜਕ ਪਰਿਸਥਿਤੀਆਂ, ਸਾਂਸਕ੍ਰਿਤਿਕ ਉਲਾਰਾਂ ਅਤੇ ਆਰਥਿਕ ਉਦਾਰਾਂ ਦੇ ਪਰਿਵਰਤਿਤ ਪਰਿਵੇਸ਼ ਵਿਚ ਮਨੁੱਖੀ ਹੋਂਦ ਪਰੰਪਰਾਗਤ ਸਾਂਸਕ੍ਰਿਤਿਕ ਪ੍ਰਤੀਮਾਨਾਂ ਦੇ ਸਨਮੁਖ, ਬਲਕਿ ਵਿਰੋਧ ਵਿਚ ਖੜੀ ਪ੍ਰਤੀਤ ਹੁੰਦੀ ਹੈ। ਅਜਿਹੀ ਸਥਿਤੀ ਵਿਚ ਇਨ੍ਹਾਂ ਕਹਾਣੀਆਂ ਦੇ ਪਾਤਰ ਆਪਣੇ ਆਪ ਨੂੰ ਪਰੰਪਰਾਗਤ ਸਮਾਜ ਦਾ ਹਿੱਸਾ ਨਾ ਮੰਨਕੇ ਇਸ ਤੋਂ ਵੱਖਰੇ, ਸੀਮਿਤ ਅਤੇ ਖੰਡਿਤ ਆਤਮ ਬੋਧ ਵਾਲਾ ਹੋਣ ਦੀ ਭ੍ਰਾਂਤੀ ਸਿਰਜ ਲੈਂਦੇ ਹਨ। ਆਪਣੀ ਸਥਿਤੀ ਵਿਚ ਅਟਕੇ ਉਹ ਸਹੀ-ਗ਼ਲਤ ਦੇ ਦੁਵੱਲੇ ਪ੍ਰਤੀਮਾਨਾਂ ਵਿਚ ਉਲਝੇ, ਪੂਰਵ ਨਿਰਧਾਰਿਤ ਪਰੰਪਰਾ ਨਾਲ ਨਿਰੰਤਰ ਸੰਵਾਦ ਦੀ ਸਥਿਤੀ ਵਿਚ ਬਣੇ ਰਹਿੰਦੇ ਹਨ।

ਜਿੰਦਰ ਦੀਆਂ ਕਹਾਣੀਆਂ ਵਿਚਲੇ ਪਾਤਰ ਅਜੋਕੀ ਮਧਵਰਗੀ ਸ਼ਹਿਰੀ ਜੀਵਨ ਵਿਧੀ ਨੂੰ ਅਪਣਾਏ ਹੋਏ ਹਨ। ਸੁਰੱਖਿਅਤ ਸਮਾਜਕ-ਆਰਥਿਕ ਪੱਧਰ ਦਾ ਜੀਵਨ ਬਤੀਤ ਕਰਦੇ ਅਤੇ ਪਰੰਪਰਾਗਤ ਸੰਬੰਧਾਂ ਨੂੰ ਉਸਾਰਦੇ ਉਹ ਆਪਣੀ ਜੀਵਨ ਤੋਰ ਤੁਰਨ ਦੀ 'ਕੋਸ਼ਿਸ਼' ਕਰਦੇ ਹਨ। ਇਸ ਪਰੰਪਰਾਗਤ ਉਸਾਰ ਵਿਚ ਵਿਚਰਦਿਆਂ ਉਨ੍ਹਾਂ ਨੂੰ ਅਸੰਤੁਸ਼ਟੀ ਦਾ ਅਹਿਸਾਸ ਹੁੰਦਾ ਹੈ। ਸਮਕਾਲੀ ਸਮਾਜਕ-ਸਾਂਸਕ੍ਰਿਤਿਕ ਸਥਿਤੀ ਅਤੇ ਆਰਥਿਕ ਖੁਸ਼ਹਾਲੀ ਉਨ੍ਹਾਂ ਨੂੰ ਆਪਣੀਆਂ ਲੋੜਾਂ ਪ੍ਰਤੀ ਚੇਤੰਨ ਹੋਣ ਦੀ ਸਪੇਸ ਪ੍ਰਦਾਨ ਤਾਂ ਕਰਦੀ ਹੈ ਪਰੰਤੂ ਪਰੰਪਰਾ ਵਿਚ ਬੱਝੀ ਉਨ੍ਹਾਂ ਦੀ ਮਾਨਸਿਕ ਬਣਤਰ ਉਨ੍ਹਾਂ ਨੂੰ ਇਸ ਸਪੇਸ ਵਿਚ ਖੁੱਲ੍ਹ ਕੇ ਵਿਚਰਨ ਨਹੀਂ ਦਿੰਦੀ। ਇਸ ਲਈ ਉਹ ਕਿਸੇ ਸਥਿਤੀ ਵਿਸ਼ੇਸ਼ ਕਾਰਨ ਸੰਬੰਧਾਂ ਦੇ ਪਰੰਪਰਾਗਤ ਉਸਾਰ ਦੀਆਂ ਵਲਗਣਾਂ ਨੂੰ ਜਾਂ ਤਾਂ ਲੁਕਵੇਂ ਰੂਪ ਵਿਚ ਤੋੜ ਕੇ ਵਰਜਿਤ ਸੰਬੰਧਾਂ ਵੱਲ ਉਲਾਰ ਹੁੰਦੇ ਹਨ ਜਾਂ ਫੇਰ ਵਲਗਣਾਂ ਵਿਚ ਹੀ ਵਿਚਰਦੇ ਪਰੰਪਰਾਗਤ ਸੰਬੰਧਾਂ ਤੋਂ ਉਦਾਸੀਨ ਹੋ ਜਾਂਦੇ ਹਨ। ਇਸੇ ਸਥਿਤੀ ਵਿਸ਼ੇਸ਼ ਵਿਚ ਵਿਚਰਦੇ, ਲੁਕਦੇ-ਛੁਪਦੇ ਅਤੇ ਪਰੰਪਰਾ ਨਾਲ ਦੋ-ਚਾਰ ਹੁੰਦੇ ਪਾਤਰਾਂ ਦੇ ਕਿਰਦਾਰੀ ਸੱਚ ਦਾ ਬਿਰਤਾਂਤ ਸਿਰਜਨ, ਜਿੰਦਰ ਦੀ ਕਹਾਣੀ ਵਿਚ ਮੌਜੂਦ ਅਜੋਕਾ ਮਨੁੱਖੀ ਸਮਾਜਕ ਸੱਚ ਹੈ।

ਇਨ੍ਹਾਂ ਕਹਾਣੀਆਂ ਵਿਚ ਔਰਤ ਮਰਦ ਦੇ ਪਰੰਪਰਾਗਤ ਸੰਬੰਧਾਂ ਦੇ ਸਮਾਜਕ ਸਾਂਸਕ੍ਰਿਤਿਕ ਦਾਇਰੇ ਤੋਂ ਬਾਹਰਵਾਰ ਬਣਦੇ ਸਥਿਤੀ ਮੂਲਕ ਵਰਜਿਤ ਸੰਬੰਧਾਂ ਅਤੇ ਉਨ੍ਹਾਂ ਸੰਬੰਧਾਂ ਨਾਲ ਜੁੜੇ ਪਾਪ ਬੋਧ ਦੀ ਭਾਵਨਾ ਕਾਰਨ ਵਿਚਲਿਤ ਵਿਹਾਰ ਕਰਦੇ ਪਾਤਰਾਂ ਦੀ ਪੇਸ਼ਕਾਰੀ ਰਾਹੀਂ ਜਿੰਦਰ ਅਜੋਕੇ ਮਨੁੱਖ ਦੇ ਤਰਲ ਵਿਅਕਤੀਤਵ ਨੂੰ ਉਘਾੜਦਾ ਹੈ। **'ਪਾਪ'** ਕਹਾਣੀ ਵਿਚ ਹਰਕਿਰਨ ਆਪਣੇ ਅਧਰੰਗ ਕਰਕੇ ਨਕਾਰਾ ਹੋਏ ਪਤੀ ਕਾਰਨ ਤੇ ਘਰ ਦੀਆਂ ਜ਼ਿੰਮੇਂਦਾਰੀਆਂ ਨੂੰ ਪੂਰਦੀ ਆਪਣੇ ਵਿਆਹ ਬਾਹਰੀ ਅਵੈਧ ਰਿਸ਼ਤੇ ਨੂੰ ਤਰਕਸੰਗਤ ਠਹਿਰਾਉਂਦੀ ਹੈ- *'ਆਖਰ ਮੈਂ ਵੀ ਔਰਤ ਹਾਂ। ਮੇਰੀਆਂ ਵੀ ਸਰੀਰਕ ਲੋੜਾਂ ਹਨ। ਮਾਇਕ*



*ਲੋੜਾਂ ਹਨ ਕਦੇ ਸਰੀਰਕ ਲੋੜਾਂ ਪ੍ਰਬਲ ਹੁੰਦੀਆਂ ਹਨ। ਕਦੇ ਮਾਇਕ ਲੋੜਾਂ। ਫੇਰ ਜੇ ਮਰਦ ਆਪਣੀ ਪਸੰਦ ਦਾ ਮਿਲ ਜਾਵੇ ਤਾਂ ਕਿਆ ਕਹਿਣੇ। ਮੈਂ ਉਹਨੂੰ ਆਪਣਾ ਸਭ ਕੁਝ ਦੇ ਸਕਦੀ ਹਾਂ।'*(22) ਪਰ ਫੇਰ ਖ਼ੁਦ ਹੀ ਆਪਣੇ ਕੀਤੇ ਕਰਮ 'ਤੇ ਸ਼ੰਕਿਤ ਹੁੰਦੀ ਹੈ- *'ਇਨ੍ਹੀਂ ਦਿਨੀਂ ਜੋ ਮੈਂ ਕਰ ਰਹੀ ਆਂ-ਕੀ ਇਹਨੂੰ 'ਪਾਪ' ਕਿਹਾ ਜਾ ਸਕਦਾ ਹੈ।'*(25) ਹਰਕਿਰਨ, ਗੋਪਾਲ ਨਾਲ ਅਵੈਧ ਸੰਬੰਧ ਬਣਾਉਂਦੀ ਹੈ, ਜੋ ਉਹਦੇ ਲਈ ਪਹਿਲਾਂ ਬੌਸ ਹੈ ਫੇਰ ਮਰਦ, ਜਿਸ ਕਾਰਨ ਉਸ ਨੂੰ ਗੋਪਾਲ ਦੇ ਔਰਤ ਉਪਰ ਜਿੱਤ ਦੇ ਅਹਿਸਾਸ ਵਾਲੇ ਮਰਦਾਵੇਂ ਹਾਸੇ 'ਤੇ ਘਿੰਨ ਆਉਂਦੀ ਹੈ ਪਰੰਤੂ ਗੋਪਾਲ ਹੀ ਉਸ ਨੂੰ ਪਾਪ-ਪੁੰਨ-ਫ਼ਰਜ਼ ਦੀ ਤ੍ਰਿਬਿਧਾ ਤੋਂ ਮੁਕਤ ਕਰਦਾ ਹੈ- *"ਮੈਂ ਇਹਨੂੰ ਪਾਪ ਨ੍ਹੀਂ ਮੰਨਦਾ। ਦੱਸ-ਤੂੰ ਇੰਜੁਆਏ ਨ੍ਹੀਂ ਕੀਤਾ? ਜਿੱਥੇ ਇੰਜੁਆਏ ਹੋਵੇਗਾ- ਉਥੇ ਪਾਪ ਨ੍ਹੀਂ ਹੋਵੇਗਾ।"*(25) *"ਪਾਪ ਪੁੰਨ ਕੁਸ਼ ਨ੍ਹੀਂ ਹੁੰਦੇ। ਮੇਰੇ ਲਈ ਤੂੰ ਪੁੰਨ ਵਾਲਾ ਕੰਮ ਕੀਤਾ। ਘਰਦਿਆਂ ਪ੍ਰਤੀ ਆਪਣੇ ਫ਼ਰਜ਼ਾਂ ਨੂੰ ਨਿਭਾਉਣ 'ਚ ਤੂੰ ਕੋਈ ਕੁਤਾਹੀ ਨ੍ਹੀਂ ਕੀਤੀ। ਬੀ ਰੀਲੈਕਸ।"* (30) ਪਾਪ-ਬੋਧ ਦੀ ਭਾਵਨਾ ਤੋਂ ਅੰਸ਼ਿਕ ਤੌਰ 'ਤੇ ਮੁਕਤ ਹੋਣ ਉਪਰੰਤ ਹਰਕਿਰਨ ਘੂਕ ਸੌਂਦੀ ਹੈ।

ਜਿੰਦਰ ਆਪਣੇ ਪਾਤਰਾਂ ਦੇ ਵਿਚਲਿਤ ਵਿਹਾਰ ਦੀ ਤਰਲਤਾ ਨੂੰ ਉਨ੍ਹਾਂ ਦੁਆਰਾ ਕੀਤੇ ਕਾਰਜਾਂ ਵਿਚਲੇ ਫ਼ਰਜ਼-ਲੋੜ, ਪਾਪ-ਪੁੰਨ, ਧਰਮ-ਅਧਰਮ, ਬੌਧਿਕਤਾ-ਪਦਾਰਥਵਾਦ, ਜ਼ਿਹਨੀ ਅਮੀਰੀ-ਜ਼ਿਹਨੀ ਗਰੀਬੀ, ਵਿਸ਼ਵਾਸ-ਤਰਕ, ਚੰਗਾ-ਭੈੜਾ ਆਦਿ ਦੇ ਦਵੰਦ ਰਾਹੀਂ ਸਿਰਜਦਾ ਹੈ। ਉਸ ਦੇ ਪਾਤਰ ਪ੍ਰਾਪਤ ਸਥਿਤੀ ਪ੍ਰਤੀ ਸਮਝੌਤਾਵਾਦੀ ਹਨ, ਨਿਰਣਾਇਕ ਨਹੀਂ। ਆਪਣੀ ਕਾਮੁਕ ਲੋੜ ਸੰਬੰਧੀ ਚੇਤੰਨ ਹਨ ਪਰੰਤੂ ਉਸ ਲੋੜ ਨੂੰ ਫ਼ੈਸਲਾਕੁੰਨ ਢੰਗ ਨਾਲ ਪੂਰੀ ਨਹੀਂ ਕਰਦੇ। **'ਮੁੜ ਗਲਤੀ ਨਾ ਕਰੀਂ'** ਕਹਾਣੀ ਵਿਚਲੀ ਗੁਰਲੀਨ ਆਪਣੇ ਘਰਦਿਆਂ ਦੇ ਵਿਰੁੱਧ ਪਹਿਲਾਂ ਇਕਬਾਲ ਨਾਲ ਤੇ ਫੇਰ ਮਹਿੰਦਰ ਨਾਲ ਸੰਬੰਧ ਬਣਾਕੇ ਭਾਵੇਂ ਅਖੌਤੀ ਪ੍ਰੰਪਰਿਕ ਜਾਤ-ਪਾਤ ਦੇ ਕਿਲ੍ਹੇ ਦੀ ਇੱਟ ਨਾਲ ਇੱਟ ਖੜਕਾ ਦੇਣਾ ਚਾਹੁੰਦੀ ਹੈ ਪਰੰਤੂ ਇਕ ਸਮੇਂ ਉਹ ਆਪਣੇ ਘਰਦਿਆਂ ਦੇ ਦਬਾਅ ਅਧੀਨ ਦੋਹਾਂ ਤੋਂ ਦੂਰ ਹੋ ਜਾਂਦੀ ਹੈ। ਮਹਿੰਦਰ ਉਸਨੂੰ ਭੇਦ ਦੀ ਗੱਲ ਦੱਸਦਾ ਹੈ- *"ਆਪਣੀ ਜਾਤ ਤੋਂ ਬਾਹਰ ਵਿਆਹ ਕਰਵਾਉਣਾ ਵੀ ਚੌਥੀ ਕੂੰਟ ਵੱਲ ਜਾਣਾ ਹੁੰਦਾ।"*(16) *'ਜੋ ਕੋਈ ਲੀਕ ਪਾੜ ਕੇ ਉਸ ਪਾਸੇ ਗਿਆ-ਉਸ ਨੇ ਹੀ ਕੁਸ਼ ਪ੍ਰਾਪਤ ਕੀਤਾ।'*(16) ਦਰਅਸਲ, ਮਰਦ ਦੇ ਮੁਕਾਬਲੇ ਔਰਤ ਲਈ ਆਪਣੀ ਦੇਹ ਦੀ ਭਾਸ਼ਾ ਨੂੰ ਸਮਝਣਾ ਤੇ ਇਸਦੇ ਅਰਥਾਂ ਤੱਕ ਰਸਾਈ ਕਰਨੀ ਚੌਥੀ ਕੂੰਟ ਵੱਲ ਜਾਣ ਦੇ ਸਮਾਨ ਹੈ। ਪਰੰਪਰਾ ਸਮਝਾਉਂਦੀ ਹੈ ਕਿ ਔਰਤ ਦੀ ਦੇਹ ਨੂੰ ਉਸਦੇ ਮਾਲਕ ਮਰਦ ਦੀ ਲੋੜ ਹੁੰਦੀ ਹੈ ਤੇ ਸਿਰਫ਼ ਵਿਆਹ ਸੰਸਥਾ ਹੀ ਜਾਤੀਗਤ ਮਰਿਯਾਦਾ ਦੇ ਦਾਇਰੇ ਅੰਦਰ ਰਹਿਕੇ ਇਸਨੂੰ ਸੰਭਵ ਬਣਾਉਂਦੀ ਹੈ। ਪਰੰਤੂ ਅੰਤ ਵਿਚ ਗੁਰਲੀਨ ਆਪਣੀ ਦੇਹ ਦੀ ਭਾਸ਼ਾ ਦੀ ਡੀਕੋਡਿੰਗ ਕਰਦੀ ਇਸ ਦਾਇਰੇ ਨੂੰ ਸੰਨ੍ਹ ਲਾਉਣ ਵੱਲ ਵੱਧਦੀ ਹੈ।

ਜਾਤੀਗਤ ਮਰਿਯਾਦਾ ਨੂੰ ਦਲੇਰੀ ਨਾਲ ਤੋੜਨ ਦਾ ਹੀਆ ਪਾਤਰ ਉਦੋਂ ਤੱਕ ਹੀ ਕਰਦੇ ਹਨ ਜਦੋਂ ਤੱਕ ਉਨ੍ਹਾਂ ਨੂੰ ਇਸ ਮਰਿਯਾਦਾ ਨੂੰ ਉਲੰਘਣ ਦੀ ਮਨਾਹੀ ਹੁੰਦੀ ਹੈ। ਜਦੋਂ ਉਹ ਸਮਾਜ ਤੇ ਪਰੰਪਰਾ ਤੋਂ ਬਾਗੀ ਹੋ ਆਪਹੁਦਰੇ ਜਾਤੀ ਬਾਹਰੀ ਸੰਬੰਧਾਂ ਨੂੰ ਹੰਢਾ ਲੈਂਦੇ ਹਨ ਉਦੋਂ ਉਨ੍ਹਾਂ ਅੰਦਰਲੀ ਕਥਿਤ ਜਾਤੀਗਤ ਉਚਤਾ ਕ੍ਰਿਆਸ਼ੀਲ ਹੋ ਜਾਂਦੀ ਹੈ। **'ਪਾਪ'** ਕਹਾਣੀ ਵਿਚ ਗੋਪਾਲ ਨਾਲ ਵਿਆਹ ਬਾਹਰੀ ਸੰਬੰਧ ਬਣਾਉਂਦੀ ਤੇ ਪਾਪ-ਬੋਧ ਨਾਲ ਭਰੀ ਹਰਕਿਰਨ ਭਾਰਦਵਾਜ ਨੂੰ ਉਸ ਦੇ ਉਚ ਕੁਲ 'ਬ੍ਰਾਹਮਣ' ਹੋਣ ਦੀ ਸਾਂਝ ਤਸੱਲੀ ਦਿੰਦੀ ਹੈ। 'ਆਤਮ-ਪੁਰਾਣ' ਕਹਾਣੀ ਵਿਚ ਕੁਲਬੀਰ, ਸਪਨਾ ਅਤੇ ਮਨਪ੍ਰੀਤ ਵਿਚ ਆਪਸੀ ਸਾਂਝ ਦਾ ਅਦਿੱਖ ਕਾਰਨ ਹੀ ਇਹੀ ਹੈ ਕਿ ਉਨ੍ਹਾਂ ਨੇ ਸਮਾਜ ਦੇ ਵਿਰੁੱਧ ਜਾ ਕੇ ਜਾਤ ਬਾਹਰੀ ਵਿਆਹ ਕਰਵਾਇਆ ਹੈ। ਪਰੰਤੂ ਇਕ ਸਮੇਂ 'ਤੇ ਉਨ੍ਹਾਂ ਨੂੰ ਇਸ ਵਿਆਹ ਵਿਚੋਂ ਘਿੰਨ ਆਉਣੀ ਸ਼ੁਰੂ ਹੋ ਜਾਂਦੀ ਹੈ। ਸਪਨਾ ਦੇ ਪੁੱਛਣ 'ਤੇ ਕਿ- *'ਯੂ ਸੈਕਸਉਲੀ ਸੈਟਿਸਫਾਈ',* (64) ਕੁਲਬੀਰ ਪਹਿਲੀ ਵਾਰ ਉਸ ਦੇ ਸਾਹਮਣੇ ਝੂਠ ਬੋਲਦੀ ਹੈ- *'ਆਫ ਕੋਰਸ'*(64)। ਪਰ ਸਪਨਾ ਆਪਣਾ ਸੱਚ ਦਸਦੀ ਹੈ- *'ਪਰ ਮੈਂ ਨ੍ਹੀਂ। ਸ਼ਾਇਦ ਮੈਂ ਦੀਪਕ ਨੂੰ ਛੱਡ ਕੇ ਦੌੜ ਜਾਂ। ਮੈਨੂੰ ਉਸ ਨਾਲ ਮੈਰਿਜ ਨ੍ਹੀਂ ਕਰਾਉਣੀ ਚਾਹੀਦੀ ਸੀ। ਮੈਥੋਂ ਗਲਤੀ ਹੋ ਗਈ।'*

(64)। ਮਨਪ੍ਰੀਤ ਵੀ ਇਸ ਸੱਚ ਨੂੰ ਬਿਆਨਦੀ ਹੈ- *'ਹੁਣ ਜਦੋਂ ਤੇਜਵੰਤ ਮੇਰੇ ਨਾਲ ਸੌਣ ਦੀ ਜ਼ਿੱਦ ਕਰਦਾ ਤਾਂ ਮੈਨੂੰ ਉਸ ਕੋਲੋਂ ਕਚਿਆਣ ਆਉਂਦੀ।'*(65) ਇਸੇ ਕਾਰਨ ਹਰਿਦੁਆਰ ਵਿਚ ਸੰਤ ਭੱਟਾਚਾਰੀਆ ਦੇ ਸੰਪਰਕ ਵਿਚ ਆਈ ਕੁਲਬੀਰ ਨੂੰ ਉਹ ਬ੍ਰਾਹਮਣ ਹੋਣ ਕਾਰਨ 'ਚੰਗਾ' ਲਗਦਾ ਹੈ। ਦਰਅਸਲ ਮਨੁੱਖ ਦੀ ਮਾਨਸਿਕ ਬਣਤਰ ਦੇ ਮੂਲ ਵਿਚ ਉਸ ਦੇ ਸੰਸਕਾਰ, ਪਰੰਪਰਾਵਾਂ, ਜਾਤੀਗਤ ਵਿਵਸਥਾ ਤੇ ਧਾਰਮਿਕ ਮਰਿਯਾਦਾਵਾਂ ਪਈਆਂ ਹਨ ਜੋ ਮਨੁੱਖ ਦੇ ਵਿਹਾਰ ਵਿਚ ਅਚੇਤ ਹੀ ਆਪਣਾ ਅਸਰ ਦਿਖਾਉਂਦੀਆਂ ਹਨ।

ਮਰਦ ਤੇ ਔਰਤ ਦੀ ਇਕ-ਦੂਜੇ ਲਈ ਪ੍ਰਾਕਿਰਤਿਕ ਲੋੜ ਨੂੰ ਸੰਸਕ੍ਰਿਤੀ ਨੇ ਬੜੇ ਸਹਿਜ ਰੂਪ ਵਿਚ ਵਿਆਹੁਤਾ ਸੰਬੰਧਾਂ ਰਾਹੀਂ ਪੂਰਾ ਕਰਨ ਦਾ ਰਾਹ ਤਾਂ ਸੁਝਾਇਆ ਹੈ ਪਰੰਤੂ ਬਹੁਤੀ ਵਾਰ ਇਹ ਸੰਬੰਧ ਇੰਨੇ ਸਹਿਜ ਨਹੀਂ ਹੁੰਦੇ। **'ਜੋਗੀ'** ਕਹਾਣੀ ਵਿਚ ਮਾਸਟਰ ਨੂੰ ਭਾਵੇਂ ਸਾਰੀ ਉਮਰ ਔਰਤਾਂ ਦੀ ਕਮੀ ਨਹੀਂ ਰਹੀ ਪਰੰਤੂ ਉਨ੍ਹਾਂ ਵਿਚੋਂ ਆਪਣੇ ਬਾਲਪਣ ਵਿਚ ਮਰੀ ਮਾਂ ਨੂੰ ਲੱਭਦਾ-ਲੱਭਦਾ ਉਹ ਹਰੇਕ ਔਰਤ ਨੂੰ ਗਵਾ ਲੈਂਦਾ ਹੈ। ਉਸ ਨੂੰ ਔਰਤ ਵਿਚੋਂ ਔਰਤ ਦੇ ਹੋਰ ਸਭ ਰੂਪ ਮਿਲ ਜਾਂਦੇ ਹਨ ਪਰ ਮਾਂ ਦਾ ਰੂਪ ਨਹੀਂ ਮਿਲਦਾ। ਉਸ ਦੀ ਪਤਨੀ ਵੀ ਉਸ ਨੂੰ ਹੋਰਨਾਂ ਔਰਤਾਂ ਨਾਲ ਸੰਬੰਧਾਂ ਕਾਰਨ ਛੱਡ ਜਾਂਦੀ ਹੈ- *"ਜੇ ਤੂੰ ਬਾਹਰ ਖੇਹ ਖਾ ਸਕਦਾਂ-ਤਾਂ ਮੈਂ ਹੁਣ ਤੇਰੇ ਸਾਹਮਣੇ ਬੰਦਾ ਰੱਖ ਕੇ ਦਿਖਾਊਂਗੀ। ਮੈਂ ਵੀ ਆਪਣੇ ਪਿਉ ਦੀ ਨ੍ਹੀਂ-ਕਿਸੇ ...ੜੇ ਦੀ ਧੀ ਹੋਊਂਗੀ-ਜੇ ਐਦਾਂ ਨਾ ਕੀਤੀ ...ਜੇ ਤੈਨੂੰ ਮੇਰੀ ਇੱਜ਼ਤ ਪਿਆਰੀ ਨ੍ਹੀਂ ਤਾਂ ਮੈਂ ਕਿਉਂ ਭੁੱਖੀ ਰਹਾਂ ...ਜਾਹ-ਤੇਰਾ ਮੇਰਾ ਸੰਬੰਧ ਖਤਮ ...।"*(131) ਕਈ ਕਹਾਣੀਆਂ ਵਿਆਹੁਤਾ ਸੰਬੰਧਾਂ ਵਿਚਲੇ ਵਿਹਾਰਕ ਲਿੰਗ ਰਿਸ਼ਤਿਆਂ ਦੇ ਦਮਿਤ ਅਤੇ ਘਿਨਾਉਣੇ ਵਰਤਾਰੇ ਨੂੰ ਬਿਰਤਾਂਤਦੀਆਂ ਹਨ। **'ਨਹੀਂ, ਮੈਂ ਨਹੀਂ'** ਕਹਾਣੀ ਵਿਚ ਰਾਣੀ ਦੀਆਂ ਪਦਾਰਥਕ ਲੋੜਾਂ ਤੇ ਛੇਤੀ ਅਮੀਰ ਬਣਨ ਦੀ ਲਾਲਸਾ ਦੇ ਸਾਹਮਣੇ ਡਾ. ਜਿਓਤੀ ਦੀ ਜ਼ਿਹਨੀ ਅਮੀਰੀ ਕੁਝ ਮਾਇਨੇ ਨਹੀਂ ਰੱਖਦੀ। ਰਾਣੀ ਦੀ ਗੱਲ-ਗੱਲ 'ਤੇ ਖਿਝਣ ਦੀ ਆਦਤ, ਉਸਦੀ ਲਿੰਗ ਸੰਬੰਧਾਂ ਪ੍ਰਤੀ ਉਦਾਸੀਨਤਾ ਤੇ ਹੌਲੀ-ਹੌਲੀ ਉਸਦੇ ਚਿੜਚਿੜੀ ਹੋ ਜਾਣ ਕਾਰਨ ਡਾ. ਜਿਓਤੀ ਆਪਣੀ ਪਤਨੀ ਰਾਣੀ ਤੋਂ ਸਰੀਰਿਕ ਤੇ ਮਾਨਸਿਕ ਵਖਰੇਵਾਂ ਹੰਢਾਉਂਦਾ ਹੈ। ਸਮਾਜ ਲਈ ਦੋਨੋਂ ਇਕ ਆਦਰਸ਼ ਜੋੜੀ ਹਨ ਪਰੰਤੂ ਅਨੇਕਾਂ ਅਣਸੁਖਾਂਵੇਂ ਪਹਿਲੂ ਉਨ੍ਹਾਂ ਦੇ ਸੰਬੰਧਾਂ ਦਾ ਸੱਚ ਬਣੇ ਹੋਏ ਹਨ। ਕਈ ਦਿਨਾਂ ਦੇ ਉਨੀਂਦਰੇ ਤੇ ਮਾਨਸਿਕ ਥਕਾਵਟ ਤੋਂ ਪਰੇਸ਼ਾਨ ਉਹ ਇਕ ਦਿਨ ਰਾਣੀ ਨਾਲ ਉਸਦੀ ਇੱਛਾ ਤੋਂ ਵਿਰੁੱਧ ਸੰਬੰਧ ਬਣਾਉਂਦਾ ਹੈ ਜਿਸ ਨੂੰ ਰਾਣੀ *'ਰੇਪ'*ਕਹਿੰਦੀ ਹੈ। *ਉਸ ਸਾਰਾ ਘਰ ਸਿਰ 'ਤੇ ਚੁੱਕ ਲਿਆ ਸੀ, "ਤੂੰ ਮੇਰੇ ਨਾਲ ਰੇਪ ਕੀਤਾ...ਤੂੰ ਮੇਰੇ ਨਾਲ ਰੇਪ ਕੀਤਾ?"*(96) ਇਸ ਇਲਜ਼ਾਮ ਦਾ ਸਾਮ੍ਹਣਾ ਕਰਦਾ ਉਹ ਆਪਣੇ ਪੁੱਤਰ ਵਿਕਾਸ ਲਈ ਰਾਣੀ ਦਾ ਕਾਤਲ ਬਣ ਜਾਂਦਾ ਹੈ। 'ਕਿਤੇ ਕੋਈ ਹੈ' ਕਹਾਣੀ ਵਿਚ ਪ੍ਰਤਾਪ ਸਿੰਘ ਤੇ ਬਿੱਲੋ ਦੋਵੇਂ ਆਪੋ ਆਪਣੇ ਵਿਆਹੁਤਾ ਸਾਥੀ ਦੀ ਬਿਮਾਰੀ ਤੇ ਸਰੀਰਿਕ ਅਸਮਰੱਥਾ ਕਾਰਨ ਆਪਸੀ ਮਾਨਸਿਕ ਤੇ ਸਰੀਰਿਕ ਸਾਂਝ ਵਿਚ ਬੱਝ ਜਾਂਦੇ ਹਨ। ਕਦੇ ਕਦਾਈਂ ਉਹ ਦੋਨੋਂ ਆਪਣੀਆਂ *'ਪੁਰਾਣੀਆਂ ਕਦਰਾਂ-ਕੀਮਤਾਂ'* ਭੁਲਾ ਇਕ ਦੂਜੇ ਦਾ ਸਹਾਰਾ ਬਣਦੇ ਹਨ ਤੇ ਫੇਰ ਆਪਣੇ ਦਾਇਰਿਆਂ ਵਿਚ ਵਾਪਸ ਮੁੜ ਜਾਂਦੇ।

ਵਿਆਹੁਤਾ ਸੰਬੰਧਾਂ ਵਿਚਲੀਆਂ ਦਰਾਰਾਂ ਵਿਚ ਵਰਜਿਤ ਸੰਬੰਧ ਬਣਾਉਂਦੇ ਪਾਤਰਾਂ ਦੀਆਂ ਕਹਾਣੀਆਂ ਵਿਚ ਜਿੰਦਰ ਸਾਡੇ ਸਮਾਜ-ਸੰਸਕ੍ਰਿਤੀ ਦੇ ਦੋਗਲੇ ਚਰਿਤਰ ਨੂੰ ਉਘਾੜਦਾ ਹੈ ਜੋ ਔਰਤ ਤੇ ਮਰਦ ਲਈ ਲਿੰਗਤਾ ਦੇ ਵੱਖੋ-ਵੱਖਰੇ ਮਾਪਦੰਡ ਨਿਯਤ ਕਰਦਾ ਹੈ। **'ਕਿਤੇ ਕੋਈ ਹੈ'** ਕਹਾਣੀ ਦੀ ਬਿੱਲੋ ਆਪਣੇ ਮਨ ਵਿਚ ਪਈ ਉਲਝਣ ਆਪਣੇ ਸਾਥੀ ਨਾਲ ਸਾਂਝੀ ਕਰਦੀ ਹੈ- *"ਮੈਂ ਅਠਾਰ੍ਹਾਂ ਸਾਲਾਂ ਦੀ ਸੀ ਜਦੋਂ ਦੀ ਸੈਕਸ ਬਾਰੇ ਜਾਣਦੀ ਹਾਂ। ਮੈਨੂੰ ਇਹੀ ਦੱਸਿਆ ਗਿਆ ਸੀ ਕਿ ਇਹ ਪਾਪ ਵਰਗਾ ਹੁੰਦਾ। ਇਹ ਵਰਜਿਤ ਫ਼ਲ ਵਰਗਾ। ਮੈਂ ਸੋਚਦੀ-ਜੇ ਇਹ ਪਾਪ ਵਰਗਾ ਤਾਂ ਇਹ ਦੁਨੀਆਂ ਪਵਿੱਤਰ ਕਿਉਂ ਨ੍ਹੀਂ?"*(155) ਦਰਅਸਲ ਸੰਸਕ੍ਰਿਤੀ ਅਚੇਤ ਹੀ ਮਨੁੱਖ ਨੂੰ ਲੈਂਗਿਕ ਦਮਨ ਦੀ ਪ੍ਰਕ੍ਰਿਆ ਵਿਚੋਂ ਗੁਜ਼ਾਰਦੀ ਹੈ ਜਿਸ ਕਾਰਨ ਉਸ ਦਾ



ਲਿੰਗਤਾ ਪ੍ਰਤੀ ਆਪਣਾ ਨਰੋਆ ਦ੍ਰਿਸ਼ਟੀਕੋਣ ਨਹੀਂ ਬਣ ਪਾਉਂਦਾ। ਪਰੰਪਰਾ ਉਸ ਦੇ ਅਤੇ ਖ਼ਾਸ ਤੌਰ 'ਤੇ ਔਰਤਾਂ ਦੇ ਮਨ ਵਿਚ ਲਿੰਗਤਾ ਲਈ ਪਾਪ ਦੀ ਭਾਵਨਾ ਭਰ ਦਿੰਦੀ ਹੈ। ਉਪਰੋਕਤ ਕਹਾਣੀਆਂ ਦੇ ਪਾਤਰ ਵੀ ਲਿੰਗ ਸੰਬੰਧਾਂ ਬਾਰੇ ਆਪਣੇ ਪੂਰਵਮਿਥਿਤ ਸੰਕਲਪਾਂ ਕਾਰਨ ਆਪਣੇ ਵਿਆਹੁਤਾ ਸਾਥੀ ਨਾਲ ਕਰਦੇ ਲਿੰਗ ਕ੍ਰਿਆ ਨੂੰ ਪਾਪ ਸਮਝਦੇ ਹਨ। ਵਿਆਹੁਤਾ ਸੰਬੰਧਾਂ ਵਿਚ ਵੀ ਉਹ ਸਹਿਜ ਨਹੀਂ ਰਹਿ ਪਾਉਂਦੇ। ਉਨ੍ਹਾਂ ਦਾ ਅਸਹਿਜ ਰਵੱਈਆ ਉਨ੍ਹਾਂ ਦੇ ਵਿਆਹੁਤਾ ਜੀਵਨ ਨੂੰ ਬਿਖ਼ੇਰ ਦਿੰਦਾ ਹੈ।

ਔਰਤ ਮਰਦ ਸੰਬੰਧਾਂ ਦੇ ਲੁਕਵੇਂ ਸੱਚ ਨੂੰ ਬਿਆਨਦੀ ਇਹ ਕਹਾਣੀ ਸਥਾਪਿਤ ਮੁੱਲ ਵਿਧਾਨ ਦਾ ਵਿਰੋਧ ਕਰਦੀ ਤਾਂ ਜਾਪਦੀ ਹੈ ਪਰੰਤੂ ਉਸ ਵਿਰੋਧ ਵਿਚੋਂ ਨਵੇਂ ਮੁੱਲ ਵਿਧਾਨ ਦੇ ਪੈਰਾਡਾਇਮ ਨਹੀਂ ਸਿਰਜ ਪਾਉਂਦੀ। ਜਿੰਦਰ ਦੀਆਂ ਕਹਾਣੀਆਂ ਵਾਰ-ਵਾਰ ਇਸ ਤੱਥ ਨੂੰ ਦ੍ਰਿੜਾਉਂਦੀਆਂ ਹਨ ਕਿ ਔਰਤ ਦਾ ਮਰਦ ਬਿਨਾਂ ਨਹੀਂ ਸਰਦਾ। *'ਇਹ ਮਰਦ ਜਾਤ ਵੀ ਕੀ ਸ਼ੈਅ ਹੈ? ਇਹਨੂੰ ਛੱਡਿਆ ਵੀ ਨਹੀਂ ਜਾ ਸਕਦਾ। ਇਸਦੇ ਬਿਨਾਂ ਰਿਹਾ ਵੀ ਨਹੀਂ ਜਾ ਸਕਦਾ।'*(167) ਨਾਲ ਹੀ ਸਾਡੀ ਸੰਸਕ੍ਰਿਤੀ ਨੇ ਔਰਤ ਦੀ ਮਾਨਸਿਕਤਾ ਵਿਚ ਇਸ ਗੱਲ ਨੂੰ ਜੜ ਕਰ ਦਿੱਤਾ ਹੈ ਕਿ ਇਹ ਮਰਦ ਜ਼ਰੂਰੀ ਤੌਰ 'ਤੇ ਉਸ ਦਾ ਪਤੀ ਹੀ ਹੋਣਾ ਚਾਹੀਦਾ ਹੈ ਜਿਸ ਕਾਰਨ ਔਰਤ ਆਪਣੇ ਪਾਰੰਪਰਿਕ ਦਾਇਰੇ ਨੂੰ 'ਪਾਪ-ਬੋਧ' ਤੋਂ ਮੁਕਤ ਹੋ ਕੇ ਉਲੰਘ ਨਹੀਂ ਸਕਦੀ। 'ਅਲਫ਼ ਦੁਪਹਿਰ' ਕਹਾਣੀ ਦੀ ਮੈਂ ਪਾਤਰ ਆਪਣੇ ਪਤੀ ਦੀ ਮੌਤ ਤੋਂ ਬਾਅਦ ਜ਼ਿੰਦਗੀ ਵਿਚ ਇਕੱਲ ਹੰਢਾ ਰਹੀ ਹੈ। ਆਪਣੇ ਸੰਪਰਕ ਵਿਚ ਆਏ ਜਸਬੀਰ ਪ੍ਰਤੀ ਹਾਂ ਪੱਖੀ ਰਵੱਈਏ ਦੇ ਬਾਵਜੂਦ ਉਹ ਉਸ ਨੂੰ ਖੁੱਲ੍ਹ ਕੇ ਅਪਨਾਅ ਨਹੀਂ ਸਕਦੀ। ਕਾਰਨ ਹੈ ਪਾਪ-ਬੋਧ ਦੀ ਭਾਵਨਾ, ਜੋ ਪਰੰਪਰਾ ਨੇ ਅਚੇਤ ਹੀ ਉਸ ਦੇ ਮਨ ਵਿਚ ਪੈਦਾ ਕਰ ਦਿੱਤੀ ਹੈ।

**'ਗਲੋਬ'**, **'ਵਿੱਥਾਂ' ਤੇ 'ਬਸ ਹੁਣ ਤੂੰ ਸੌਂ ਜਾਈਂ'** ਕਹਾਣੀਆਂ ਵਿਚ ਵੀ ਔਰਤ ਪਾਤਰ ਆਪਣੇ ਪਤੀਆਂ ਦੇ ਬਿਨਾਂ ਮਾਨਸਿਕ ਤੇ ਸਰੀਰਿਕ ਇਕੱਲ ਹੰਢਾਉਂਦੀਆਂ, *'ਚੰਦਰਾ ਜਿਊਣ'*ਜੀਅ ਰਹੀਆਂ ਹਨ, ਫ਼ਰਕ ਸਿਰਫ਼ ਇੰਨਾ ਹੈ ਕਿ ਇਥੇ ਉਨ੍ਹਾਂ ਦੇ ਪਤੀ ਪਰਵਾਸੀ ਹਨ। ਮਰਦ ਭਾਵ ਪਤੀ ਦੀ ਅਣਹੋਂਦ ਵਿਚ ਇਹ ਪਾਤਰ ਆਪਣੇ ਵਿਆਹੁਤਾ ਸੰਬੰਧਾਂ ਦੀ ਮਰਿਯਾਦਾ ਨੂੰ ਭਾਵੇਂ ਨਹੀਂ ਉਲੰਘਦੀਆਂ ਕਿਉਂਕਿ ਪਰੰਪਰਾ ਔਰਤ ਨੂੰ *'ਅੰਤਿਮ ਸੱਚ'*ਦਸਦੀ ਹੈ ਕਿ ਉਸ ਦਾ ਜਿਸਮ ਸਿਰਫ਼ ਤੇ ਸਿਰਫ਼ ਉਸ ਦੇ ਪਤੀ ਦਾ ਹੈ। ਫੇਰ ਉਹ ਆਪਣੇ ਪਤੀ ਦੀ ਉਡੀਕ ਵਿਚ ਨੀਰਸ ਹੋ ਜਾਂਦੀਆਂ ਹਨ। **'ਗਲੋਬ'** ਕਹਾਣੀ ਵਿਚ ਮੈਂ ਪਾਤਰ ਨੂੰ ਆਪਣੇ ਪਰਵਾਸੀ ਪਤੀ ਤੋਂ ਜੋ ਚਾਹਿਆ ਉਹ ਨਹੀਂ ਮਿਲਿਆ, ਜਿਸ ਕਾਰਨ ਉਸ ਨੂੰ ਆਪਣੀ *'ਇੰਡੀਵੀਜੁਆਲਿਟੀ ਦੀ ਮੌਤ'* (68) ਹੁੰਦੀ ਜਾਪਦੀ ਹੈ ਤੇ ਉਹ ਇਕੱਲ ਭਰੀ, ਦੋਚਿੱਤੀ ਵਾਲੀ ਸਮਾਨਾਂਤਰ ਜ਼ਿੰਦਗੀ ਜਿਊਣੀ ਸ਼ੁਰੂ ਕਰ ਦਿੰਦੀ ਹੈ। **'ਵਿੱਥਾਂ'** ਕਹਾਣੀ ਵਿਚ ਪਰਵਾਸ ਦੇ ਬਾਰਾਂ ਸਾਲਾਂ ਬਾਅਦ ਵਾਪਸ ਘਰ ਪਰਤਦਿਆਂ ਮੈਂ ਪਾਤਰ ਨੂੰ ਸੁਪਨੇ ਵਿਚ ਆਪਣੀ ਪਤਨੀ ਰਘੁਬੀਰ ਦਾ- *"ਰੱਬਾ-ਰੱਬਾ-ਰਾਹ ਦੇ। ਰਾਹ ਨ੍ਹੀਂ ਤਾਂ ਕੁਰਾਹ ਦੇ।"*(42) ਕਹਿਣਾ ਉਦੋਂ ਸੱਚ ਪ੍ਰਤੀਤ ਹੋ ਗਿਆ ਜਾਪਦਾ ਹੈ ਜਦੋਂ ਘਰ ਦੀ ਹਰ ਵਸਤੂ ਵਿਚੋਂ ਅਤੇ ਰਘੁਬੀਰ ਦੇ ਵਿਹਾਰ ਵਿਚੋਂ ਉਸ ਦੀ ਮਨਫ਼ੀ ਹੋਈ ਹੋਂਦ ਉਸ ਨੂੰ ਨਹੀਂ ਲੱਭਦੀ। **'ਬਸ ਹੁਣ ਤੂੰ ਸੌਂ ਜਾਈਂ'** ਕਹਾਣੀ ਵਿਚ ਪਰਵਾਸੀ ਪਤੀ ਦੀ ਅਣਹੋਂਦ ਕਾਰਨ ਮਾਂ-ਧੀ ਇਕੋ ਜਿਹਾ ਦਰਦ ਹੰਢਾ ਰਹੀਆਂ ਹਨ। ਲੰਮੇਂ ਅਰਸੇ ਦੀ ਉਡੀਕ ਦੇ ਅਕੇਵੇਂ ਦਾ ਹੱਲ ਮਾਂ ਤਾਂ ਘਰ ਕੰਮ ਕਰਦੇ ਛੋਟੂ ਨਾਲ ਸੰਬੰਧ ਬਣਾ ਕੇ ਕੱਢ ਲੈਂਦੀ ਹੈ ਪਰੰਤੂ ਧੀ ਆਪਣੇ ਜਿਸਮ ਨੂੰ ਅਜੇ ਤੱਕ ਆਪਣੇ ਪਤੀ ਦੀ ਅਮਾਨਤ ਵਾਂਗ ਸੰਭਾਲਣ ਦੀ ਕੋਸ਼ਿਸ਼ ਵਿਚ ਹੈ। ਕਹਾਣੀਕਾਰ ਕਹਾਣੀ ਦੇ ਪੂਰੇ ਬਿਰਤਾਂਤਕ ਕਾਲ ਵਿਚ *'ਗਾਂ ਦੇ ਅੜੰਭਣ'* ਨੂੰ ਧੀ ਦੇ ਅਪੂਰਨ ਲੈਂਗਿਕ ਉਤੇਜਨਾ ਦੇ ਰੂਪਕ ਵਜੋਂ ਵਰਤਦਾ ਹੈ- *'ਉਹ ਤਾਂ ਕਿਤੇ ਵੀ ਅਸਭਿਅ ਨਹੀਂ ਹੋਇਆ ਸੀ। ਜੇ ਉਹ ਹੋ ਜਾਂਦਾ ਤਾਂ ਸ਼ਾਇਦ ਮੈਥੋਂ ਨਾਂਹ ਨਾ ਹੁੰਦੀ। ਗਾਂ ਅੜੰਬਦੀ ਤਾਂ ਮੇਰਾ ਆਪਣਾ ਆਪ ਵੱਸ 'ਚੋਂ ਬਾਹਰ ਹੋਣ ਲੱਗਦਾ ਸੀ। ਮੈਨੂੰ ਉਸ ਦੀ ਲੋੜ ਸੀ। ਬੱਸ ਉਸ ਦੀ ਲੋੜ। ਉਸ ਵਰਗੇ ਕਿਸੇ ਵੀ ਮਰਦ ਦੀ ਲੋੜ।'*(121)

ਅਜਿਹੀ ਸਥਿਤੀ ਵਿਚ ਜਿੰਦਰ ਆਪਣੇ ਪਾਤਰਾਂ ਦੀ ਬੇਲੋੜੀ ਦਲੇਰੀ ਪੇਸ਼ ਨਹੀਂ ਕਰਦਾ ਜੋ ਵਰਜਨਾ ਨੂੰ ਸ਼ਰੇਆਮ ਤੋੜ ਦੇਣ। ਬਲਕਿ ਪਰੰਪਰਾ ਉਨ੍ਹਾਂ ਨੂੰ ਆਪਣੀ ਸਥਿਤੀ ਤੋਂ ਭਾਂਜ ਦਾ ਰਾਹ ਸੁਝਾਉਂਦੀ ਹੈ-*'..ਤੇਰੇ ਲਈ ਇੱਕੋ-ਇਕ ਰਸਤਾ ਕਿ ਤੂੰ ਨਾਮ-ਦਾਨ ਲੈ ਲੈ। ਇਹੀ ਤੇਰਾ ਸਹਾਈ ਹੋਊ। ਇਹ ਮਨ ਬੜਾ ਚੰਦਰਾ ਹੁੰਦਾ। ਵਾਰ-ਵਾਰ ਭਟਕਦਾ, ਫਿਰ ਦੇਹ ਵੀ ਇਹਦਾ ਸਾਥ ਦਿੰਦੀ। ਕਈ ਵਾਰ ਦੇਹ ਅੱਗੇ ਸਭ ਕੁਸ਼ ਹਾਰ ਜਾਂਦਾ... ।'*(162) ਕਹਾਣੀਆਂ ਵਿਚ ਔਰਤ ਪਾਤਰ ਆਪਣੀ ਦੇਹ ਦੀ ਭਾਸ਼ਾ ਦੀ ਡੀਕੋਡਿੰਗ ਕਰਨ ਤੋਂ ਬਚਦੀਆਂ ਆਪਣੇ ਮਨ ਨੂੰ ਪਾਠ ਵਿਚ ਲਾਉਂਦੀਆਂ ਹਨ। ਉਹ ਇਉਂ ਕਰਕੇ ਆਪਣੀਆਂ ਲੋੜਾਂ ਨੂੰ ਆਸਥਾ ਹੇਠ ਦਬਾ ਦੇਣਾ ਚਾਹੁੰਦੀਆਂ ਹਨ। **'ਮੁੜ ਗਲਤੀ ਨਾ ਕਰੀਂ'** ਕਹਾਣੀ ਵਿਚ ਜਿੰਦਰ ਵਿਧਵਾ ਔਰਤ ਦੇ ਜੀਵਨ ਵਿਚਲੇ ਦਵੰਦ ਨੂੰ ਬਿਆਨਦਾ ਹੈ-*' ਫੇਰ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਆਪ ਨੂੰ ਸੰਭਾਲਦੀ ਆਂ। ਮਨ ਪਾਠ ਵਿਚ ਵੀ ਨ੍ਹੀਂ ਲੱਗਦਾ। ਮਨ ਤੇ ਦੇਹ ਦੀ ਲੜਾਈ ਵਿਚ ਸਾਰੀ ਸਾਰੀ ਰਾਤ ਜਾਗਦਿਆਂ ਲੰਘ ਜਾਂਦੀ ਆਂ। ਸਵੇਰ ਹੁੰਦੀ ਆ ਤਾਂ ਅੱਗੋਂ ਜੁਆਕ ਦਿੱਸਦੇ ਆ।'* (13) ਦਰਅਸਲ, ਆਪਣੇ ਫ਼ਰਜ਼ਾਂ ਨੂੰ ਪੂਰਾ ਕਰਦੀ *'ਔਰਤ ਆਪਣੀ ਦੇਹ ਨੂੰ ਕਿੰਨਾ ਕਸ਼ਟ ਦਿੰਦੀ ਆਂ।'* (13)

ਪਰੰਪਰਾਗਤ ਸਮਾਜ ਵਿਆਹ ਤੋਂ ਪੂਰਵ ਕੁੜੀਆਂ ਦੇ ਲਿੰਗ ਸੰਬੰਧਾਂ ਨੂੰ ਪ੍ਰਵਾਨ ਨਹੀਂ ਕਰਦਾ। **'ਜੂਠੀ'** ਅਤੇ **'ਸ਼ੀਤ ਯੁੱਧ'** ਕਹਾਣੀਆਂ ਵਿਚਲੀਆਂ ਔਰਤ ਪਾਤਰਾਂ ਵਿਆਹ ਪੂਰਵਲੇ ਸੰਬੰਧ ਬਣਾ ਕੇ ਮਰਦ (ਪਤੀ) ਦੀ ਔਰਤ (ਪਤਨੀ) 'ਤੇ ਸਦੀਵੀ ਲਿੰਗ ਪ੍ਰਭੁਤਾ ਨੂੰ ਵੰਗਾਰਦੀਆਂ ਹਨ। ਪਰੰਤੂ ਵਿਡੰਬਨਾ ਇਹ ਬਣ ਜਾਂਦੀ ਹੈ ਕਿ ਇਹ ਪਾਤਰ ਇਨ੍ਹਾਂ ਸੰਬੰਧਾਂ ਅਤੇ ਆਪਣੇ ਪਤੀਆਂ ਦੇ ਸੰਕੀਰਨ ਵਿਹਾਰ ਕਾਰਨ ਆਪਣੇ ਵਿਆਹੁਤਾ ਰਿਸ਼ਤੇ ਵਿਚਲੇ ਗੌਰਵ ਦੇ ਕਾਬਲ ਨਹੀਂ ਬਣ ਸਕੀਆਂ। 'ਸ਼ੀਤ ਯੁੱਧ' ਕਹਾਣੀ ਵਿਚ ਰਾਣੀ ਆਪਣੇ ਵਿਆਹ ਪੂਰਵਲੇ ਸੰਬੰਧ ਕਾਰਨ ਆਪਣੇ ਵਿਆਹੁਤਾ ਰਿਸ਼ਤੇ ਨੂੰ ਤੰਦਰੁਸਤ ਰਿਸ਼ਤੇ ਵਜੋਂ ਨਿਭਾ ਨਹੀਂ ਸਕੀ। ਆਪਣੇ ਪਤੀ ਚੰਦਰ ਮੋਹਨ ਨਾਲ ਵਿਆਹ ਦਾ ਸਮਾਜਕ ਸਮਝੌਤਾ ਨਿਭਾਉਂਦੀ ਉਹ ਉਸਦੀ ਬੇਰੁਖ਼ੀ ਮਹਿਜ਼ ਇਸ ਲਈ ਬਰਦਾਸ਼ਤ ਕਰਦੀ ਹੈ ਕਿ *'ਔਰਤ ਨੂੰ ਮਰਦ ਦੇ ਸਾਥ ਦੀ ਅਹਿਮ ਲੋੜ ਹੁੰਦੀ ਹੈ।'*(112) ਉਸ ਦੀ ਧੀ ਵੀ ਇਸੇ ਵਰਜਨਾ ਨੂੰ ਤੋੜਨ ਦੀ ਦੋਸ਼ੀ ਬਣਦੀ, *'ਵੂਈ ਆਰ ਈਕੁਅਲ'* (112) ਡਾਇਲਾਗ ਰਾਹੀਂ ਆਪਣੀ ਤੇ ਆਪਣੀ ਮਾਂ ਦੀ ਹੋਣੀ ਨੂੰ ਸਮਾਨ ਸਮਝਦੀ ਹੈ। ਪਰੰਤੂ ਧੀ, ਮਾਂ ਵਾਂਗ ਪਰਿਵਾਰਕ ਜ਼ਿੰਮੇਂਦਾਰੀ ਤੇ ਵਿਅਕਤੀਗਤ ਖੁਸ਼ੀ ਵਿਚਕਾਰ ਫਸਦੀ ਨਹੀਂ ਬਲਕਿ ਪਰੰਪਰਾ ਨੂੰ ਤੋੜਕੇ ਅੱਗੇ ਵੱਧਦੀ, ਆਪਣੇ ਪਤੀ ਤੋਂ ਤਲਾਕ ਲੈ ਲੈਂਦੀ ਹੈ। 'ਜੂਠੀ' ਕਹਾਣੀ ਵਿਚ ਹਰਨੇਕ ਦੀ ਪਤਨੀ ਫ਼ਿਲਮ ਵਿਚਲੀ ਜਾਵੇਦ ਵਾਂਗ ਵਿਆਹ ਪੂਰਵਲੇ ਸੰਬੰਧਾਂ ਦੀ ਵਰਜਨਾ ਭਾਵੇਂ ਵਾਸਤਵਿਕ ਰੂਪ ਵਿਚ ਨਹੀਂ ਤੋੜਦੀ ਪਰੰਤੂ ਫ਼ਿਲਮ ਵਿਚਲੀ ਜੂਠੀ ਹੋਣ ਦੀ ਸੰਕੇਤਕ ਦ੍ਰਿਸ਼ਾਵਲੀ ਹਰਨੇਕ ਦੀ ਮਰਦਾਵੀਂ ਹਉਂ ਨੂੰ ਬੁਰੀ ਤਰ੍ਹਾਂ ਤੋੜ ਦਿੰਦੀ ਹੈ। ਅਵੈਧ ਰਿਸ਼ਤਿਆਂ ਵੱਲ ਆਹੁਲਦੇ ਪਾਤਰ ਜਿੱਥੇ ਕਿਤੇ ਵਰਜਨਾਵਾਂ ਨੂੰ ਤੋੜਣ ਦਾ ਮਾਦਾ ਰੱਖਦੇ ਹਨ ਉਥੇ ਉਹ ਇਨ੍ਹਾਂ ਰਿਸ਼ਤਿਆਂ ਨੂੰ ਸਮਾਜ ਦੇ ਮੂਹਰੇ ਬੇਹਿਰਸ ਹੋ ਕੇ ਪ੍ਰਵਾਨ ਕਰਨ ਦੀ ਹਿੰਮਤ ਨਹੀਂ ਰੱਖਦੇ ਕਿਉਂਕਿ ਉਹ ਪਰੰਪਰਾ ਨਾਲ ਮੱਥਾ ਨਹੀਂ ਲਾ ਸਕਦੇ। ਸਮਾਜਕ ਮਰਿਯਾਦਾ ਨੂੰ ਬਰਕਰਾਰ ਰੱਖਦੀ ਪਰੰਪਰਾ ਵਿਅਕਤੀ ਲਈ ਇੰਨੀ ਨਿਰਮੋਹੀ ਹੈ ਕਿ ਉਹ ਉਸ ਦੀਆਂ ਲੋੜਾਂ ਤੇ ਇੱਛਾਵਾਂ ਨੂੰ ਉਸ ਦੀਆਂ ਜ਼ਿੰਮੇਦਾਰੀਆਂ ਤੇ ਫ਼ਰਜ਼ਾਂ ਦੇ ਥੱਲੇ ਦੱਬ ਕੇ ਖਤਮ ਕਰ ਦਿੰਦੀ ਹੈ।

**'ਕੁਰਬਾਨੀ' 'ਇਕ ਸੁਆਲ'** ਤੇ **'ਕੱਚੇ ਪੱਕੇ ਨਕਸ਼ੇ'** ਕਹਾਣੀਆਂ ਲਿੰਗਤਾ ਦੇ ਇਕ ਲੁਕਵੇਂ ਪਹਿਲੂ ਨੂੰ ਉਜਾਗਰ ਕਰਦੀਆਂ ਹਨ। **'ਕੁਰਬਾਨੀ'** ਕਹਾਣੀ ਵਿਚ ਜਗਜੀਵਨ ਦੀ ਸਫ਼ਲਤਾ ਪਿੱਛੇ ਉਸ ਦੀ ਜ਼ਿੰਦਗੀ ਵਿਚ ਆਈਆਂ ਔਰਤਾਂ ਅਮਰਜੀਤ ਤੇ ਪੰਮੀ ਦੇ ਲਏ ਫੈਸਲੇ ਕੰਮ ਕਰਦੇ ਹਨ। ਇਹ ਦੋਨੋਂ ਆਪਣੀ ਦੇਹ ਦੀ ਭਾਸ਼ਾ ਦੇ ਅਰਥ ਆਪਣੀਆਂ ਲੈਂਗਿਕ ਇੱਛਾਵਾਂ ਦੀ ਪੂਰਤੀ ਦੀ ਥਾਂ ਜਗਜੀਵਨ ਦੇ ਉਜਵਲ ਭਵਿੱਖ ਵਿਚ ਕੱਢਦੀਆਂ ਹਨ। ਇਸ ਲਈ ਉਹ ਆਪਣੇ ਸੁਆਰਥ ਲਈ ਜਗਜੀਵਨ ਨੂੰ



ਆਪਣੀ ਜ਼ਿੰਦਗੀ ਵਿਚ ਰੋਕਦੀਆਂ ਨਹੀਂ ਬਲਕਿ ਉਸਨੂੰ ਅੱਗੇ ਵਧ ਜਾਣ ਦਿੰਦੀਆਂ ਹਨ। ਪੰਮੀ ਇਸ ਨੂੰ ਵੱਡੀ ਕੁਰਬਾਨੀ ਦਾ ਨਾਂ ਦਿੰਦੀ ਹੈ। 'ਇਕ ਸੁਆਲ' ਕਹਾਣੀ ਵਿਚ ਡਾ. ਦਲਜੀਤ ਆਪਣੀ ਮਰੀਜ਼ ਸੁਮੀ ਦੀ ਦੇਹ ਦੀ ਭਾਸ਼ਾ ਨੂੰ ਸਮਝਦਾ ਡਾਕਟਰੀ ਕਿੱਤੇ ਤੋਂ ਬਾਹਰ ਵਰਜਿਤ ਖੇਤਰ ਵਿਚ ਵਿਚਰਦਾ ਹੈ। ਸੁਮੀ ਦਾ ਠੀਕ ਹੋ ਜਾਣਾ ਚੌਥੀ ਕੂੰਟ ਦਾ ਵਰਜਿਤ ਪਰ ਮਨਇਛਿੱਤ ਫਲ ਸੀ ਪਰੰਤੂ ਡਾਕਟਰ ਦੀ ਪਤਨੀ ਕਮਲੇਸ਼ ਜਿਸ ਨਾਲ ਉਹ ਹਰੇਕ ਕੇਸ ਵਿਚਾਰ ਲੈਂਦਾ ਸੀ, ਇਸ ਨੂੰ *'ਅਰੇਂਜਡ ਰੇਪ'*(81) ਕਹਿੰਦੀ ਹੈ ਤੇ ਡਾ. ਦਲਜੀਤ ਦੇ ਮਨ ਵਿਚ ਪਸ਼ਚਾਤਾਪ ਤੇ ਅਪਰਾਧ ਬੋਧ ਦੀ ਭਾਵਨਾ ਪੈਦਾ ਕਰਦੀ ਹੈ। **'ਕੱਚੇ ਪੱਕੇ ਨਕਸ਼ੇ'** ਕਹਾਣੀ ਵਿਚ ਅਨੀਤਾ ਆਪਣੇ ਪਤੀ ਦੀ ਪੁੱਤਰ ਪ੍ਰਾਪਤੀ ਦੀ ਇੱਛਾ ਪੂਰਤੀ ਲਈ ਸੀਮਨ ਬੈਂਕ ਦੀ ਥਾਂ ਆਪਣੇ ਜੇਠ ਜਗਦੀਸ਼ ਨੂੰ ਚੁਣਦੀ ਹੈ। ਉਸ ਦੇ ਸੁਪਨੇ ਵਿਚ ਭਗਤੀ ਕਰਦੇ ਵੱਡੀਆਂ-ਵੱਡੀਆਂ ਜਟਾਂ ਵਾਲੇ ਸੰਪੂਰਨ ਬੰਦੇ ਦਾ ਆਉਣਾ ਤੇ ਉਸ ਤੋਂ ਇਕ ਔਰਤ ਦਾ ਬੱਚੇ ਪੈਦਾ ਕਰਕੇ ਇਹ ਕਹਿਣਾ-*'ਮੈਂ ਤਾਂ ਆਪਣੇ ਸਾਈਂ ਦੇ ਪਿਤਰਾਂ ਦਾ ਕਰਜ਼ ਚੁਕਾਇਆ..'*,(105) ਰਾਹੀਂ ਉਸ ਦੇ ਅਵਚੇਤਨ ਵਿਚ ਪਈ ਪਰੰਪਰਾ ਉਸਨੂੰ ਨਿਯੋਗ ਪ੍ਰਥਾ ਦਾ ਸਹਾਰਾ ਲੈਣ ਲਈ ਅਚੇਤ ਹੀ ਤਿਆਰ ਕਰਦੀ ਹੈ। ਪ੍ਰਾਚੀਨ ਭਾਰਤੀ ਪਰੰਪਰਾ ਵਿਚ ਨਿਯੋਗ ਪ੍ਰਥਾ ਉਸ ਇਸਤਰੀ ਨੂੰ ਪਤੀ ਦੇ ਨੇੜਲੇ ਰਿਸ਼ਤੇ ਵਿਚੋਂ ਕਿਸੇ ਮਰਦ ਤੋਂ ਪੁੱਤਰ ਦੀ ਪ੍ਰਾਪਤੀ ਦੀ ਆਗਿਆ ਦਿੰਦੀ ਸੀ ਜਿਸ ਦੇ ਪਤੀ ਦੀ ਜਾਂ ਤਾਂ ਮੌਤ ਹੋ ਗਈ ਹੋਵੇ ਜਾਂ ਉਹ ਪੁੱਤਰ ਪੈਦਾ ਕਰਨ ਦੇ ਕਾਬਲ ਨਾ ਹੋਵੇ। ਅਨੀਤਾ ਆਪਣੀ ਦੇਹ ਦੀ ਭਾਸ਼ਾ ਨੂੰ ਪਰੰਪਰਾ ਦੇ ਸੁਝਾਏ ਅਰਥਾਂ ਰਾਹੀਂ ਡੀਕੋਡ ਕਰਦੀ ਹੈ। ਇਨ੍ਹਾਂ ਕਹਾਣੀਆਂ ਵਿਚ ਪਾਤਰ ਆਪਣੀ ਸਥਿਤੀ ਅਨੁਕੂਲ ਵਿਹਾਰ ਕਰਦੇ ਮਨੁੱਖੀ ਲਿੰਗਤਾ ਦੇ ਵੱਖਰੇ ਪਾਸਾਰ ਨੂੰ ਸਹਿਜ ਰੂਪ ਵਿਚ ਪੇਸ਼ ਕਰਦੇ ਹਨ।

ਜਿੰਦਰ ਆਪਣੇ ਪਾਤਰਾਂ ਨੂੰ ਅਚੇਤ ਵਿਚ ਮੌਜੂਦ ਪਰੰਪਰਾ ਅਤੇ ਸੁਚੇਤ ਵਿਚ ਪ੍ਰਾਪਤ ਸਥਿਤੀ ਕਾਰਨ ਪੈਦਾ ਹੋਈਆਂ ਲੋੜਾਂ ਅਤੇ ਮੌਕਿਆਂ ਵਿਚਲੇ ਦਵੰਦ ਵਿਚ ਪਾਉਂਦਾ ਹੈ। ਉਸਦੀ ਕਹਾਣੀ ਦੀ ਖ਼ੂਬਸੂਰਤ ਪ੍ਰਾਪਤੀ ਇਹ ਬਣ ਜਾਂਦੀ ਹੈ ਕਿ ਉਸ ਦੇ ਪਾਤਰ ਅਖੌਤੀ ਆਧੁਨਿਕਤਾ ਦੀ ਭ੍ਰਾਂਤੀ ਸਿਰਜਕੇ ਪਰੰਪਰਾ ਦੇ ਜਾਲ ਤੋਂ ਮੁਕਤ ਨਹੀਂ ਹੁੰਦੇ ਅਤੇ ਨਾ ਹੀ ਉਹ ਸਥਿਤੀ ਤੋਂ ਪਿੱਠ ਦਿਖਾ ਕੇ ਭੱਜਦੇ ਹਨ। ਬਲਕਿ ਉਸ ਦੇ ਪਾਤਰ ਆਪਣੀ ਸਥਿਤੀ ਅਨੁਸਾਰ ਵਿਹਾਰ ਕਰਦੇ ਹਨ। ਇਸਤਰੀ ਪਾਤਰ ਆਪਣੀਆਂ ਲਿੰਗ ਲੋੜਾਂ ਪ੍ਰਤੀ ਸੁਚੇਤ ਹਨ ਪਰੰਤੂ ਉਹ ਸਮਾਜਕ ਮਰਿਯਾਦਾ ਨੂੰ ਨਹੀਂ ਉਲੰਘਦੀਆਂ। ਇਹ ਪਾਤਰ ਆਪਣੀਆਂ ਨਿੱਜੀ ਇੱਛਾਵਾਂ ਦੀ ਪੂਰਤੀ ਵੀ ਮਨਜ਼ੂਰਸ਼ੁਦਾ ਸਮਾਜਕ ਦਾਇਰਿਆਂ ਵਿਚੋਂ ਹੀ ਪ੍ਰਾਪਤ ਕਰਨਾ ਚਾਹੁੰਦੀਆਂ ਹਨ। ਉਨ੍ਹਾਂ ਕੋਲ ਸਥਿਤੀ ਵੀ ਹੈ, ਸੰਭਾਵਨਾ ਵੀ ਤੇ ਮੌਕਾ ਵੀ, ਪਰੰਤੂ ਉਹ ਉਨ੍ਹਾਂ ਦਾ ਫ਼ਾਇਦਾ ਨਹੀਂ ਉਠਾਉਂਦੀਆਂ ਅਤੇ ਜੇ ਕਿਤੇ ਉਠਾਉਂਦੀਆਂ ਵੀ ਹਨ ਤਾਂ ਜਾਂ ਤਾਂ ਪਾਪ ਬੋਧ ਨਾਲ ਭਰ ਜਾਂਦੀਆਂ ਹਨ ਜਾਂ ਦਲੀਲ ਦੇ ਸਹਾਰੇ ਬਚ ਨਿਕਲ ਜਾਂਦੀਆਂ ਹਨ।

ਜਿੰਦਰ ਆਪਣੀਆਂ ਕਹਾਣੀਆਂ ਵਿਚ ਔਰਤ-ਮਰਦ ਸੰਬੰਧਾਂ ਪ੍ਰਤੀ ਸਮਾਜ ਦੇ ਪ੍ਰਤੀਕਰਮ ਨੂੰ ਪ੍ਰਤੱਖ ਰੂਪ ਵਿਚ ਦਰਜ ਨਹੀਂ ਕਰਦਾ। ਇਨ੍ਹਾਂ ਸੰਬੰਧਾਂ ਤੋਂ ਪੈਦਾ ਹੋਈ ਉਲਝਣ ਬਹੁਤੀ ਵਾਰ ਪਾਤਰਾਂ ਦੇ ਮਾਨਸਿਕ ਪਾਸਾਰ ਵਿਚ ਹੀ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਕਿਸੇ ਉਧੇੜ-ਬੁਣ ਵਿਚ ਲੱਗੇ ਰਹਿੰਦੇ ਇਹ ਪਾਤਰ ਪਰੰਪਰਾਗਤ ਰੂੜੀਆਂ ਦੇ ਰੂਪ ਵਿਚ ਸਮਾਜਕ-ਸਾਂਸਕ੍ਰਿਤਿਕ ਦਬਾਅ ਨੂੰ ਆਪਣੇ ਵਿਹਾਰ ਅਤੇ ਆਪਣੇ ਅਵਚੇਤਨ ਨਾਲ ਲਗਾਤਾਰ ਸੰਵਾਦੀ ਸਥਿਤੀ ਦੁਆਰਾ ਸੁਦ੍ਰਿੜ ਕਰਦੇ ਰਹਿੰਦੇ ਹਨ। ਪਾਤਰਾਂ ਦਾ ਨਿੱਜੀ ਤੇ ਫੌਰਨ ਮਸਲਾ ਲਿੰਗ ਲੋੜ ਦੀ ਪੂਰਤੀ ਹੈ ਪਰੰਤੂ ਉਹ ਦੁਚਿੱਤੀ ਵਿਚ ਵਿਚਰਦੇ ਹੋਏ ਛੇਤੀ ਹੀ ਪਰੰਪਰਾ ਦੁਆਰਾ ਲਿੰਗਤਾ ਸੰਬੰਧੀ ਸਥਾਪਿਤ ਕੀਤੇ ਮੂਲ ਕਿਸਮ ਦੇ ਸਮਾਜਕ, ਸਾਂਸਕ੍ਰਿਤਿਕ ਤੇ ਧਾਰਮਿਕ ਮਸਲਿਆਂ ਵੱਲ ਮੁੜ ਜਾਂਦੇ ਹਨ। ਪਾਤਰਾਂ ਦੇ ਨਿੱਜੀ ਮਸਲਿਆਂ ਦੇ ਸੀਮਿਤ ਬਿੰਦੂਆਂ ਨੂੰ ਮਨੁੱਖ ਦੇ ਮੂਲ ਮਸਲਿਆਂ ਦੇ ਵਿਸ਼ਾਲ ਕੈਨਵਸ ਤੱਕ ਫੈਲਾਅ ਕੇ ਕ੍ਰਿਆਤਮਕ ਬਿਰਤਾਂਤ ਵਿਚ ਪੇਸ਼ ਕਰਨਾ ਜਿੰਦਰ ਦੀ ਅਹਿਮ ਪ੍ਰਾਪਤੀ ਹੈ।

**ਪਤਾ-ਗੁਰੂ ਨਾਨਕ ਕਾਲਜੀਏਟ ਸੀ. ਸੈਕੰ. ਸਕੂਲ ਫ਼ਾਰ ਗ਼ਰਲਜ਼, ਸ੍ਰੀ ਮੁਕਤਸਰ ਸਾਹਿਬ।**

# ਪੂੰਜੀਵਾਦ ਦੇ ਸਮਾਜਿਕ ਦੁਰਪ੍ਰਭਾਵਾਂ ਦਾ ਗਲਪੀ ਪ੍ਰਵਚਨ: ਸਾਈਨ-ਵੈਲਯੂ ਦਾ ਜਲੌਅ

**ਡਾ. ਪਰਗਟ ਸਿੰਘ ਟਿਵਾਣਾ**




ਬਲਬੀਰ ਪਰਵਾਨਾ ਪੰਜਾਬੀ ਗਲਪ ਦਾ ਉਹ ਹਸਤਾਖ਼ਰ ਹੈ ਜੋ ਕਿਸੇ ਰਸਮੀ ਜਾਣ-ਪਹਿਚਾਣ ਦਾ ਮੁਥਾਜ ਨਹੀਂ। ਉਸਨੇ ਨਾਵਲ ਅਤੇ ਕਹਾਣੀ ਦੇ ਖੇਤਰ ਤੋਂ ਇਲਾਵਾ ਨਾਵਲੈੱਟ, ਕਵਿਤਾ, ਕਹਾਣੀ, ਅਨੁਵਾਦ ਅਤੇ ਸੰਪਾਦਨ ਦੇ ਖੇਤਰ ਵਿੱਚ ਜ਼ਿਕਰਯੋਗ ਕਾਰਜ ਕੀਤਾ ਹੈ। ਖਾਸ ਤੌਰ ਤੇ ਕਮਿਊਨਿਸਟ ਲਹਿਰ, ਗਦਰ ਲਹਿਰ ਅਤੇ ਨਕਸਲਵਾੜੀ ਲਹਿਰ ਤੇ ਮਹੱਤਵਪੂਰਨ, ਸਾਂਭਣਯੋਗ ਕਿਸਮ ਦੀਆਂ ਸਾਹਿਤਕ ਕਿਰਤਾਂ ਪੰਜਾਬੀ ਪਾਠਕਾਂ ਦੀ ਝੋਲੀ ਪਾਈਆਂ ਹਨ। ਬਦਲਦੀਆਂ ਸਮਾਜਕ, ਆਰਥਿਕ, ਰਾਜਨੀਤਿਕ ਪ੍ਰਸਥਿਤੀਆਂ ਅਤੇ ਇਨ੍ਹਾਂ ਪ੍ਰਸਥਿਤੀਆਂ ਦੇ ਬਦਲਣ ਪਿੱਛੇ ਕਾਰਜਸ਼ੀਲ ਧਿਰਾਂ/ਸ਼ਕਤੀਆਂ ਨੂੰ ਬੇਪਰਦਾ ਕਰਦਾ ਲੇਖਕ ਬਦਲ ਰਹੇ ਸਮਾਜ ਸੱਭਿਆਚਾਰ ਵਰਤਾਰੇ ਕਾਰਨ ਪ੍ਰਭਾਵਿਤ ਹੁੰਦੇ ਅਜੋਕੇ ਮਨੁੱਖ ਨੂੰ ਆਪਣੀਆਂ ਸਾਹਿਤਕ ਕਿਰਤਾਂ ਵਿੱਚ ਬਾਖ਼ੂਬੀ ਪੇਸ਼ ਕਰਦਾ ਹੈ। ਇਸੇ ਲੜੀ ਤਹਿਤ **'ਸਾਈਨ-ਵੈਲਯੂ ਦਾ ਜਲੌਅ'** (**ਕਹਾਣੀ ਸੰਗ੍ਰਹਿ, ਪੰਨੇ 170 ਮੁੱਲ 150/-ਰੁ: ਪੀਪਲਜ਼ ਫੋਰਮ ਬਰਗਾੜੀ ਫ਼ਰੀਦਕੋਟ** (2017) ਦੁਆਰਾ ਪ੍ਰਕਾਸ਼ਿਤ ਕਹਾਣੀ ਸੰਗ੍ਰਹਿ ਹੈ। ਜਿਸ ਚ ਕੁੱਲ 13 ਕਹਾਣੀਆਂ ਦਰਜ ਹਨ।

ਵੀਹਵੀਂ ਸਦੀ ਦੇ ਅੰਤਿਮ ਦਹਾਕੇ ਤੱਕ ਪਹੁੰਚਦਿਆਂ ਗਿਆਨ-ਵਿਗਿਆਨ, ਤਕਨਾਲੋਜੀ ਨੇ ਅਨੇਕਾਂ ਨਵੀਆਂ ਬੁਲੰਦੀਆਂ ਨੂੰ ਛੋਹਿਆ ਹੈ ਜਿਸ ਸਦਕਾ ਮਨੁੱਖੀ ਜੀਵਨ ਸ਼ੈਲੀ ਵਿੱਚ ਗੌਲਣਯੋਗ ਪਰਿਵਰਤਨ ਆਇਆ। ਇਸ ਪਰਿਵਰਤਨ ਨਾਲ ਮਨੁੱਖ ਜਿੱਥੇ ਨਵੇਂ ਗਿਆਨ ਅਤੇ ਕਦਰਾਂ-ਕੀਮਤਾਂ ਦੇ ਸਨਮੁੱਖ ਹੋਇਆ ਉੱਥੇ ਇਸੇ ਸਮੇਂ ਹੀ ਮੰਡੀ ਕਲਚਰ, ਕਾਰਪੋਰੇਟ ਜਗਤ ਅਤੇ ਸਰਮਾਏਦਾਰੀ ਸਿਸਟਮ ਪ੍ਰਫੁੱਲਿਤ ਹੋਇਆ। ਸਰਮਾਏਦਾਰੀ, ਕਾਰਪੋਰੇਟ ਪੂੰਜੀਵਾਦੀ ਸਿਸਟਮ ਨੇ ਆਮ ਸਧਾਰਨ ਵਿਅਕਤੀ ਦੀ ਸੋਚ ਨੂੰ ਚੁੰਧਿਆ ਕੇ ਉਸਦੀ ਲੋੜ ਦੀਆਂ ਵਸਤਾਂ ਦੀ ਉਪਯੋਗਤਾ ਅਤੇ ਗੁਣਵੱਤਾ ਨੂੰ ਨਕਾਰ ਕੇ ਵਸਤਾਂ ਨੂੰ ਸਮਾਜਿਕ ਰੁਤਬੇ ਨਾਲ ਜੋੜਨ ਦੀਆਂ ਸਾਜਿਸ਼ੀ ਚਾਲਾਂ ਚੱਲੀਆਂ। ਜਿਸ ਸਦਕਾ ਮੱਧ ਵਰਗੀ ਵਿਅਕਤੀ ਸਾਈਨ-ਵੈਲਿਯੂ ਦੇ ਜਲੌਅ ਅਤੇ ਅਨੇਕਾਂ ਅਜਿਹੇ ਹੋਰ ਵਰਤਾਰਿਆਂ ਦੀ ਗ੍ਰਿਫਤ ਵਿੱਚ ਆਇਆ ਮਾਨਸਿਕ ਸਕੂਨ ਗੁਆਚਦਾ ਗਿਆ। ਪਰਵਾਨਾ ਇਨ੍ਹਾਂ ਸਾਰੇ ਵਰਤਾਰਿਆਂ ਨੂੰ ਤੀਖਣ ਬੁੱਧੀ ਨਾਲ ਸਮਝਦਾ ਹੀ ਨਹੀਂ ਸਗੋਂ ਮਹਿਸੂਸ ਕਰਦਾ ਆਪਣੀਆਂ ਸਾਹਿਤਕ ਕਿਰਤਾਂ ਵਿੱਚ ਲੈ



ਕੇ ਹਾਜ਼ਿਰ ਹੁੰਦਾ ਹੈ।

ਤਬਦੀਲੀ ਕੁਦਰਤ ਦਾ ਨਿਯਮ ਹੈ। ਜੇ ਕੁਝ ਬਦਲਦਾ ਨਹੀਂ ਤਾਂ ਤਬਦੀਲੀ ਦਾ ਨਿਯਮ। ਤਬਦੀਲੀ ਹਮੇਸ਼ਾ ਹਾਂ-ਪੱਖੀ ਹੋਵੇ ਜ਼ਰੂਰੀ ਨਹੀਂ। ਤਬਦੀਲੀ ਦੇ ਸਾਕਾਰਾਤਮਕ ਪਹਿਲੂ ਬਾਰੇ ਵੀ ਦੋ ਵਿਚਾਰ ਹਨ, ਕਿਸੇ ਲਈ ਉਹ ਹਾਂ-ਪੱਖੀ ਹੋ ਸਕਦੀ ਹੈ ਉਹੀ ਦੂਜੇ ਲਈ ਨਾਂਹ-ਪੱਖੀ ਵੀ। ਨਵੀਂ ਤਕਨੀਕ, ਗਿਆਨ, ਵਿਗਿਆਨ ਨੇ ਮਨੁੱਖਤਾ ਨੂੰ ਕਾਫੀ ਕੁਝ ਚੰਗੇਰਾ ਦਿੱਤਾ ਹੈ। ਪਰ **'ਕਲਰਕ ਰਾਧੇ ਸ਼ਾਮ ਦੀ ਜ਼ਿੰਦਗੀ ਦਾ ਇੱਕ ਦਿਨ'** ਕਹਾਣੀ ਦਾ ਰਾਧੇ ਸ਼ਾਮ ਨਵੀਂ ਜਨਰੇਸ਼ਨ/ਪੀੜ੍ਹੀ ਨੂੰ ਮੋਬਾਈਲ, ਇੰਟਰਨੈਟ ਆਦਿ ਦੀਆਂ ਮਿਲੀਆਂ ਸੁਵਿਧਾਵਾਂ ਤੇ ਉਹਨਾਂ ਦੀ ਗਲਤ ਵਰਤੋਂ ਕਾਰਣ ਵਿਗੜ ਜਾਣ ਪ੍ਰਤੀ ਚਿੰਤਾ ਜ਼ਾਹਿਰ ਕਰਦਾ ਹੈ। ਨਸ਼ੇ ਦੀਆਂ ਗੋਲੀਆਂ ਦਾ ਸ਼ਰੇਆਮ ਕਾਲਜ ਮੂਹਰੇ ਵਿਕਣਾ ਤੇ ਕੁੜੀਆਂ ਦਾ ਅਰਲੀ ਪਰੈਗਨੈਂਸੀ ਟਰਮੀਨੇਸ਼ਨ ਦੀਆਂ ਗੋਲੀਆਂ ਦੀ ਬੇਝਿਜਕ ਖਰੀਦ ਤੇ ਕੁੜੀਆਂ ਦੁਆਰਾ ਲੈਪਟੌਪ ਦੀ ਅੰਨੇਵਾਹ ਦੁਰਵਰਤੋਂ ਪ੍ਰਤੀ ਚਿੰਤਤ ਦਿਖਾਈ ਦਿੰਦਾ ਹੈ। ਅਸਲ ਵਿੱਚ ਲੇਖਕ ਨਵੀਂ ਪੀੜੀ ਨੂੰ ਮਿਲੀਆਂ ਸਹੂਲਤਾਂ ਦੇ ਨਾਲ-ਨਾਲ ਪੈਦਾ ਹੋਈਆਂ ਉਹਨਾਂ ਅਲ੍ਹਾਮਤਾਂ ਦਾ ਜ਼ਿਕਰ ਕਰਦਾ ਹੈ ਜੋ ਸਮਾਜਕ ਨਿਘਾਰ ਲਈ ਜ਼ਿੰਮੇਵਾਰ ਹੋ ਨਿੱਬੜਦੀਆਂ ਹਨ।

ਸਰਮਾਏਦਾਰੀ ਸਿਸਟਮ ਦੇ ਵਾਵਰੋਲਿਆਂ ਦੀ ਗ੍ਰਿਫਤ 'ਚ ਆਏ ਸਮਾਜਕ ਪ੍ਰਬੰਧ ਨੂੰ ਸੁਧਾਰਨ ਅਤੇ ਸਹੀ ਸੇਧ ਦੇਣ ਲਈ ਕਈ ਇਨਕਲਾਬੀ ਲਹਿਰਾਂ ਸਮੇਂ-ਸਮੇਂ ਹੋਂਦ 'ਚ ਆਈਆਂ। ਜਿਨ੍ਹਾਂ 'ਚ ਅਨੇਕਾਂ ਸੰਘਰਸ਼ਸ਼ੀਲ ਵਰਕਰਾਂ ਨੇ ਤਨੋ-ਮਨੋ ਸਹਿਯੋਗ ਕੀਤਾ ਪਰ ਇਨ੍ਹਾਂ ਲਹਿਰਾਂ ਪ੍ਰਤੀ ਸਿਧਾਂਤਕ ਪ੍ਰਤੀਬੱਧਤਾ ਨੂੰ ਪ੍ਰਣਾਏ ਮਿਸਾਲੀ ਨੁਮਾਇੰਦੇ ਵੀ ਸਿਸਟਮ ਦੀਆਂ ਮਾਰੂ ਚਾਲਾਂ ਅੱਗੇ ਗੋਡੇ ਟੇਕਦੇ ਹਨ ਉਥੇ ਕਮਿਊਨਿਸਟ ਲਹਿਰ ਵਿੱਚ ਕਈ ਕਾਰਪੋਰੇਟ ਕਿਸਮ ਦੇ ਕਾਮਰੇਡ ਸਿਆਸਤ, ਸੱਤਾ ਦੇ ਜੋਟੀਦਾਰ ਬਣ ਲੋਕ ਹਿੱਤਾਂ ਦੀ ਅਲੰਬਰਦਾਰੀ ਦਾ ਗਲਾਫ਼ ਲਪੇਟ ਕਮਿਊਨਿਸਟ ਲਹਿਰ ਲਈ ਉਡਣੇ ਸੱਪ ਹੋ ਨਿਬੜਦੇ ਹਨ। **'ਦੀਨ ਕਾ ਹੇਤ'** ਕਹਾਣੀ ਰਾਹੀਂ ਲੇਖਕ ਕਮਿਊਨਿਸਟ ਲਹਿਰ ਦੇ ਸੰਘਰਸ਼ਸ਼ੀਲ ਇਤਿਹਾਸ ਦੀ ਗਾਥਾ ਪਾਉਣ ਦੀ ਬਜਾਏ ਇਸ ਲਹਿਰ ਦੇ ਕਈ ਅਣਛੋਹੇ ਪਹਿਲੂਆਂ ਦੀਆਂ ਕਈ ਬਰੀਕ ਤੰਦਾਂ ਨੂੰ ਮਾਰਮਿਕ ਲਹਿਜ਼ੇ 'ਚ ਬਿਆਨ ਕਰਦਾ ਦੱਸਦਾ ਹੈ ਕਿ ਕਿਸ ਤਰਾਂ ਸਮਾਜਕ ਤਬਦੀਲੀ ਲਈ ਲੜਦੇ ਮਨੁੱਖ ਘਰ, ਪਰਿਵਾਰ, ਰਿਸ਼ਤਾ ਨਾਤਾ ਪ੍ਰਬੰਧ ਤੋਂ ਕਿਨਾਰਾ ਕਰ ਆਪਣਾ ਆਪਾ ਕੁਰਬਾਨ ਕਰਨ ਦੀ ਹੱਦ ਤੱਕ ਜਾਂਦੇ ਹਨ ਉਥੇ ਕਈ ਅਜਿਹੇ ਵਿਅਕਤੀ ਵੀ ਇਹਨਾਂ ਲਹਿਰਾਂ ਦਾ ਹਿੱਸਾ ਬਣ ਜਾਂਦੇ ਹਨ ਜੋ ਆਪਣੇ ਨਿੱਜੀ ਮੁਫ਼ਾਦਾਂ ਅਤੇ ਸੌੜੇ ਹਿੱਤਾਂ ਲਈ ਲਹਿਰਾਂ ਨਾਲ ਦਗਾ ਹੀ ਨਹੀਂ ਕਮਾਉਂਦੇ ਸਗੋਂ ਲਹਿਰ ਪ੍ਰਤੀ ਸੁਹਿਰਦ, ਪ੍ਰਤੀਬੱਧ ਜੁਝਾਰੂ ਯੋਧਿਆਂ ਨੂੰ ਚਿਤਰਪਟ ਤੋਂ ਦੂਰ ਹਾਸ਼ੀਆਗਤ ਕਰ ਦਿੰਦੇ ਹਨ। ਇਸ ਕਹਾਣੀ ਰਾਹੀ ਲੇਖਕ ਕਮਿਊਨਿਸਟ ਲਹਿਰ ਦੇ ਸੰਘਰਸ਼, ਸਮਾਜਕ ਪਹਿਲੂਆਂ, ਸੁਪਨਿਆਂ ਦੇ ਤਿੜਕਾਅ, ਪ੍ਰਬੰਧ ਦੀਆਂ ਕਠਪੁਤਲੀਆਂ ਬਣੇ ਇਨਸਾਨਾਂ ਨੂੰ ਬੇਬਾਕ ਨਜ਼ਰੀਏ ਤੋਂ ਪੇਸ਼ ਕਰਦਾ ਹੈ।

ਪੰਜਾਬ ਦੇ ਸ਼ਾਨਾਮੱਤੇ ਇਤਿਹਾਸ 'ਚ ਕਈ ਲਹਿਰਾਂ ਚੱਲੀਆਂ ਜਿਨ੍ਹਾਂ ਨੇ ਪੰਜਾਬ ਦੇ ਇਤਿਹਾਸ 'ਚ ਆਪਣਾ ਨਾਂ ਸੁਨਹਿਰੀ ਅੱਖਰਾਂ 'ਚ ਲਿਖਿਆ ਪਰ ਬਦਲਦੇ ਸਮੇਂ ਨਾਲ ਇਹਨਾਂ ਲਹਿਰਾਂ 'ਚ ਕਈ ਅਜਿਹੇ ਵਿਅਕਤੀ ਵੀ ਸ਼ਾਮਿਲ ਹੋ ਗਏ ਜਿਨ੍ਹਾਂ ਨੇ ਆਪਣੇ ਨਿੱਜੀ ਹਿੱਤਾਂ ਕਾਰਨ ਕਰਮਯੋਗੀ ਯੋਧਿਆਂ/ਵਰਕਰਾਂ ਨੂੰ ਆਪਣੀਆਂ ਕੋਝੀਆਂ ਚਾਲਾਂ ਰਾਹੀਂ ਪਿੱਛੇ ਧਕੇਲਿਆ ਤੇ ਆਪ (ਖੁਦ) ਕੇਂਦਰ ਵਿਚ ਆ ਗਏ ਜਿਵੇਂ ਪੰਜਾਬ ਵਿਚਲੀ ਕਮਿਊਨਿਸਟ ਲਹਿਰ ਨੂੰ ਉਸਾਰਨ ਤੇ ਪ੍ਰਚਾਰਨ 'ਚ ਮੁੱਖ ਯੋਗਦਾਨ ਮੱਧ ਸ੍ਰੇਣੀ ਕਾਮਰੇਡਾਂ ਅਤੇ ਕੁੱਝ ਅਖ਼ਬਾਰਾਂ ਦਾ ਸੀ ਪਰ ਉਹੀ ਅਖ਼ਬਾਰਾਂ ਦੇ ਪ੍ਰਤੀਬੱਧ ਪੱਤਰਕਾਰ ਅਤੇ ਅਸਲੀ ਸਮੱਰਥਕ ਅਜੋਕੇ ਸਰਮਾਏਦਾਰੀ, ਪੂੰਜੀਵਾਦੀ ਸਿਸਟਮ ਸਾਹਮਣੇ ਬੇਇੱਜ਼ਤ ਹੋਇਆ ਮਹਿਸੂਸ ਕਰਦੇ ਹਨ ਜਿਵੇਂ **'ਗਲੇਸ਼ੀਅਰ'** ਕਹਾਣੀ ਵਿਚਲਾ ਰਮਨਦੀਪ; ਜਿਸ ਨੇ ਖਾੜਕੂਆਂ

ਦੀਆਂ ਸਖ਼ਤ ਪਾਬੰਦੀਆਂ ਦੇ ਬਾਵਜੂਦ ਅਖ਼ਬਾਰ ਨੂੰ ਲੋਕਾਂ ਵਿਚ ਜਾਰੀ ਰੱਖਣ ਲਈ ਜਾਨ ਜੋਖ਼ਮ ਵਿੱਚ ਪਾ ਕੇ ਇਕ ਲੰਮਾ ਸੰਘਰਸ਼ ਕੀਤਾ ਪਰ ਹਲਾਤ ਸੁਧਰਨ ਤੇ ਉਸੇ ਅਖ਼ਬਾਰ ਦੇ ਸਰਮਾਏਦਾਰ ਮਾਲਕ ਅਖ਼ਬਾਰ ਲਈ ਇਸਤਿਹਾਰ ਨਾ ਦੇਣ ਅਤੇ ਪਰਚੇ ਦੀ ਸੀਮਤ ਵਿਕਰੀ ਕਾਰਨ ਰਮਨਦੀਪ ਨੂੰ ਪੱਤਰਕਾਰ ਦੇ ਅਹੁਦੇ ਤੋਂ ਲਾਹੁਣ ਲਈ ਨੋਟਿਸ ਜਾਰੀ ਕਰ ਦਿੰਦੇ ਹਨ। ਰਮਨਦੀਪ ਦੁਆਰਾ ਖ਼ਾਸ ਵਿਚਾਰਧਾਰਾ ਦੀ ਅਖ਼ਬਾਰ ਲਈ ਸਾਰੀ ਜ਼ਿੰਦਗੀ ਘਾਲਣਾ ਘਾਲਣ ਦੇ ਬਾਵਜੂਦ ਉਸੇ ਵਿਚਾਰਧਾਰਾ ਦੇ ਅਖ਼ਬਾਰ ਦੇ 'ਹੁਣ' ਦੇ ਸਰਮਾਏਦਾਰ/ਪੂੰਜੀਪਤੀ ਮਾਲਕਾਂ ਦੁਆਰਾ ਹਾਸ਼ੀਏ ਤੇ ਧੱਕ ਦਿੱਤਾ ਜਾਂਦਾ ਹੈ। ਅਸਲ 'ਚ ਕਿਸੇ ਲਹਿਰ ਦੇ ਵਿਖੰਡਿਤ ਹੋਣ ਉਪਰੰਤ ਉਸ ਲਹਿਰ ਦੇ ਅਸਲੀ ਸੰਘਰਸਸ਼ੀਲ ਵਰਕਰਾਂ ਦੀ ਨਵੇਂ ਸਿਸਟਮ ਅਤੇ ਮੁਕਾਬਲੇ ਦੇ ਦੌਰ ਵਿਚ ਨਿਰਾਸ਼ਾਜਨਕ ਸਥਿਤੀ ਹੀ ਪ੍ਰਗਟ ਨਹੀਂ ਹੁੰਦੀ ਸਗੋਂ ਸਮੇਂ ਅਨੁਸਾਰ ਬਦਲਦੇ ਮਨੁੱਖਾਂ ਦੀ ਸੋਚ ਅਤੇ ਸਿਸਟਮ ਦਾ ਹੱਥ ਠੋਕਾ/ਹਿੱਸਾ ਬਣਨ ਦੀ ਕਹਾਣੀ ਵੀ ਉਭਰਦੀ ਹੈ। **"ਬੰਦਰਗੇਟ ਤੇ 'ਵਿਚਾਰਾ' ਇਨਕਲਾਬ"** ਕਹਾਣੀ ਵਿਚ ਲੇਖਕ ਕਮਿਊਨਿਸਟ ਲਹਿਰ 'ਚ ਸ਼ਾਮਿਲ ਕਈ ਅਜਿਹੇ ਵਿਅਕਤੀਆਂ ਨੂੰ ਬੇਨਕਾਬ ਕਰਦਾ ਹੈ ਜੋ ਔਖੇ ਵੇਲੇ ਲਹਿਰ ਤੋਂ ਮੁੱਖ ਮੋੜ ਵਿਦੇਸ਼ ਸੈੱਟ ਹੋ ਜਾਂਦੇ ਹਨ ਪਰ ਹਲਾਤ ਸੁਧਰਨ ਉਪਰੰਤ ਵਾਪਸ ਪੰਜਾਬ ਆ ਆਪਣੇ ਪੂਰਵਜਾਂ ਦੇ ਨਾਮਾਂ ਤੇ ਬਿਲਡਿੰਗਾਂ ਬਣਾ 'ਕਾਮਰੇਡ' ਹੋਣ ਦਾ ਦਮ ਭਰਦੇ ਹਨ। ਲੇਖਕ ਕਮਿਊਨਿਸਟ ਲਹਿਰ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਨੂੰ ਮੁੜ ਨਵੇਂ ਕੋਣ ਤੋਂ ਦੇਖ ਉਸ ਦੀਆਂ ਕਈ ਤੈਹਾਂ/ਪਰਤਾਂ ਫਰੋਲਦਾ ਹੋਇਆ ਲਹਿਰ ਦੇ ਉਭਾਰ ਦੌਰਾਨ ਕੇਡਰ ਵਿਚ ਰੁਤਬਿਆਂ ਤੱਕ ਪਹੁੰਚਣ ਦੀ ਖੇਡ ਅਤੇ ਆਮ ਸਧਾਰਨ ਕਿਰਤੀ, ਮਿਹਨਤਕਸ਼ ਵਰਕਰਾਂ ਦੀ ਹੋਂਦ ਅਤੇ ਹੋਣੀ ਨੂੰ ਚਿਤਵਦਾ ਹੈ ਉਥੇ ਸੰਘਰਸ਼ ਦੌਰਾਨ ਵਰਕਰਾਂ ਦੀਆਂ ਨਿੱਜੀ ਜ਼ਿੰਦਗੀ ਦੀਆਂ ਲੋੜਾਂ/ਥੋੜਾਂ/ਮਜ਼ਬੂਰੀਆਂ ਕਿਵੇਂ ਉਹਨਾਂ ਦੇ ਸੰਘਰਸ਼ ਨੂੰ ਮਘਾਈ ਰੱਖਣ 'ਚ ਅੜਚਣਾ ਬਣਦੀਆਂ ਹਨ। ਉਹਨਾਂ ਨੂੰ ਬਾਖ਼ੂਬੀ ਦਰਸਾਉਂਦਾ ਹੈ।

**'ਲੱਗਦਾ, ਅੱਜ ਫਿਰ ਸੂਰਜ ਨਹੀਂ ਚੜ੍ਹੇਗਾ'** ਕਹਾਣੀ ਸਮਕਾਲੀ ਉਪਭੋਗੀ, ਸਵਾਰਥੀ ਯੁੱਗ ਵਿਚਲੇ ਮਨੁੱਖ ਦੀ ਅਖੌਤੀ, ਪਰਦਾਪੋਸ਼ੀ, ਦੂਹਰੇ ਮਾਪਦੰਡਾਂ ਵਾਲੀ ਜੀਵਨ ਸ਼ੈਲੀ ਸਾਕਾਰ ਕਰਦੀ ਹੈ। ਸਾਡਾ ਅਜੋਕਾ ਸਮਾਜਕ ਸਿਸਟਮ ਜਿਸ ਦੰਭੀਵਾਦ ਦੀ ਜਕੜ ਵਿਚ ਆਇਆ ਹੈ ਉਸ 'ਚ ਮਨੁੱਖ ਦੀ ਹਸਤੀ ਤੇ ਹੈਸੀਅਤ ਬੌਣੀ ਹੋਈ ਪ੍ਰਤੀਤ ਹੁੰਦੀ ਹੈ। ਸੱਤਾ ਅਤੇ ਸਿਆਸਤ ਦੇ ਨਾਪਾਕ ਗਠਜੋੜ ਨੇ ਆਦਰਸ਼ਵਾਦੀ ਮਨੁੱਖਾਂ ਨੂੰ ਵੀ ਖੋਰਾ ਲਾ ਇਸ ਸਿਸਟਮ ਦਾ ਹਿੱਸਾ ਬਣਾ ਲਿਆ ਹੈ। ਕਹਾਣੀ ਵਿਚਲਾ ਆਦਰਸ਼ਵਾਦੀ ਵਕੀਲ ਸ਼ਰਮਾ ਕਾਰਪੋਰੇਟ ਘਰਾਣੇ ਦੇ ਸੁਖਦੇਵ ਬਰਾੜ ਤੇ ਉਸਦੇ ਵਕੀਲ ਚੌਧਰੀ ਦਾ ਵਿਚਾਰਧਾਰਕ ਤੌਰ ਤੇ ਵਿਰੋਧੀ ਹੈ ਪਰ ਬਰਾੜ ਦੁਆਰਾ ਦਿੱਤੀ ਇੱਕ ਪਾਰਟੀ ਦੌਰਾਨ ਬਰਾੜ ਅਤੇ ਚੌਧਰੀ ਦੀ ਪਹੁੰਚ/ਹੈਸੀਅਤ ਤੋਂ ਪ੍ਰਭਾਵਿਤ ਹੋਇਆ ਚੌਧਰੀ ਨੂੰ ਆਪਣੇ ਘਰ ਡਿਨਰ ਉਪਰ ਬੁਲਾਉਣ ਦੀ ਖ਼ਵਾਇਸ਼ ਰੱਖਦਾ ਹੈ ਤਾਂ ਜੋ ਸ਼ੌਰਟਕੱਟ ਰਸਤੇ (ਜੋ ਸੱਤਾ ਸਿਆਸਤ ਤੇ ਪੂੰਜੀ ਦੇ ਗਠਜੋੜ ਦਾ ਹੈ) ਰਾਹੀਂ ਆਪਣੇ ਕਿੱਤੇ ਦੀਆਂ ਬੁਲੰਦੀਆਂ ਤੇ ਪਹੁੰਚ ਸਕੇ। ਕਹਾਣੀਕਾਰ ਧੁੰਦ ਦੇ ਮੈਟਾਫਰ ਰਾਹੀਂ ਸਾਡੇ ਸਮਾਜਕ ਸਿਸਟਮ ਦੀ ਉਸ ਧੁੰਦ (ਭ੍ਰਿਸ਼ਟਾਚਾਰ) ਦਾ ਜ਼ਿਕਰ ਕਰਦਾ ਹੈ ਜਿਸ ਦਾ ਆਉਣ ਵਾਲੇ ਸਮੇਂ 'ਚ ਖਤਮ ਹੋਣ ਦੀ ਬਜਾਏ ਹੋਰ ਵਧੇਰੇ ਗੂੜੇ ਹੋਣ ਦੇ ਆਸਾਰ ਵਿਖਾਈ ਦਿੰਦੇ ਹਨ। ਪੈਸੇ ਦਾ ਜਲੌਅ ਕਿਵੇਂ ਇਕ ਇਮਾਨਦਾਰ ਸ਼ਖਸ ਨੂੰ ਆਪਣੀ ਗ੍ਰਿਫਤ ਵਿਚ ਹੀ ਨਹੀਂ ਲੈਂਦਾ ਸਗੋਂ ਆਪਣੇ ਆਪ ਵਿਚ ਇੰਨ੍ਹਾਂ ਖਬਤ ਕਰ ਲੈਂਦਾ ਹੈ ਕਿ ਵਿਅਕਤੀ ਆਪਣੀ ਇਮਾਨਦਾਰੀ ਦੇ ਇਤਿਹਾਸਕ ਸਫ਼ਰ ਤੇ ਅਮੀਰ ਵਿਰਾਸਤੀ ਪਰੰਪਰਾਵਾਂ ਨੂੰ ਭੁਲਾ ਕੇ ਭ੍ਰਿਸ਼ਟਾਚਾਰ ਦੇ ਸ਼ਿਖਰ ਉਪਰ ਪਹੁੰਚ ਜਾਂਦਾ ਹੈ। **'ਸਾਇਨ ਵੈਲਯੂ ਦਾ ਜਲੌਅ'** ਕਹਾਣੀ ਵਿਚਲਾ ਜੁਨੈਜਾ ਕਿਸੇ ਸਮੇਂ ਪੀ.ਐਸ.ਯੂ ਦਾ ਸਰਗਮ ਮੈਂਬਰ ਹੁੰਦਿਆ ਇਮਾਨਦਾਰੀ ਦੀ ਮਿਸਾਲ ਹੁੰਦਾ ਸੀ ਪਰ ਇੰਜਨੀਅਰ ਬਣਨ ਉਪਰੰਤ ਪੈਸੇ ਅਤੇ ਸੱਤਾ ਵਾਲੇ ਲੋਕਾਂ ਦੀ ਸੋਚ ਤੇ ਸੰਗਤ ਦਾ ਭਾਗੀਦਾਰ ਬਣ ਭ੍ਰਿਸਟ ਤੰਤਰ ਦਾ ਨੁਮਾਇੰਦਾ ਹੋ ਨਿਬੜਦਾ ਹੈ। ਹਲਾਤਾਂ ਦਾ ਸਿਤਮ ਇਹ



ਹੋ ਗੁਜ਼ਰਦਾ ਹੈ ਕਿ ਪੈਸਾ ਮੁਖੀ ਸੋਚ ਨੂੰ ਪ੍ਰਣਾਇਆ ਉਹ ਆਪਣੇ ਹੋਣ ਵਾਲੇ ਜੁਆਈ ਬਾਰੇ ਵੀ ਪੁਛ-ਪੜਤਾਲ ਨਹੀਂ ਕਰਦਾ ਸਗੋਂ ਉਸ ਦੇ ਅਮਰੀਕੀ ਸ਼ਹਿਰੀ ਹੋਣ ਦਾ ਜਲੌਅ ਉਸ ਨੂੰ ਚੁੰਧਿਆ ਜਾਂਦਾ ਹੈ। ਕਹਾਣੀ ਸਿਰਫ ਜੁਨੈਜੇ ਤੱਕ ਸੀਮਤ ਨਾ ਹੋ ਕੇ ਮੱਧਵਰਗੀ ਉਹਨਾਂ ਅਨੇਕਾਂ ਲੋਕਾਂ ਦੀ ਹੋ ਨਿਬੜਦੀ ਹੈ ਜੋ ਕਾਰਪੋਰੇਟ ਘਰਾਣਿਆਂ/ਭ੍ਰਿਸ਼ਟ ਵਿਅਕਤੀਆਂ ਦੀਆਂ ਲੂੰਬੜ ਚਾਲਾਂ ਦਾ ਮੋਹਰਾ/ਹਿੱਸਾ ਬਣ ਇਸ ਗੰਧਲੇ ਸਿਸਟਮ 'ਚ ਗਲਤਾਨ ਹੋ ਮਨੁੱਖਤਾ ਦੇ ਨਾਂ ਤੇ ਬਦਨੁੰਮਾਦਾਗ ਹੋ ਨਿਬੜਦੇ ਹਨ।

**'ਸ਼ਾਪਿੰਗ'** ਪ੍ਰਾਪਰਟੀ ਡੀਲਰ ਸ਼ਤੀਸ ਅਤੇ ਉਸਦੀ ਪਤਨੀ ਰੁਪਾਲੀ ਦੇ ਇਰਦ-ਗਿਰਦ ਘੁੰਮਦੀ ਕਹਾਣੀ ਹੈ। ਪ੍ਰਾਪਰਟੀ ਦੇ ਧੰਦੇ ਅਤੇ ਪਤੀ-ਪਤਨੀ ਦੇ ਰਿਸ਼ਤੇ ਵਿਚ ਪੈਸੇ ਦੀ ਅਹਿਮੀਅਤ ਦਾ ਭਾਰੂ ਹੋਣਾ, ਰਿਸ਼ਤਿਆਂ ਦੀ ਪਾਕਿਜ਼ਗੀ ਉਪਰ ਪ੍ਰਸ਼ਨਚਿੰਨ੍ਹ ਲਾ ਦਿੰਦਾ ਹੈ। ਸ਼ਤੀਸ ਦੇ ਵਿਆਹ ਬਾਹਰੇ ਸੰਬੰਧਾਂ ਬਾਰੇ ਜਾਣਦੀ ਰੁਪਾਲੀ ਭਾਵੇਂ ਚਿੰਤਤ ਤਾਂ ਹੈ ਪਰ ਪਤੀ ਦੁਆਰਾ ਲਿਆਂਦੇ ਮਹਿੰਗੇ ਗਿਫਟ, ਸ਼ਾਪਿੰਗ, ਵੱਡੇ ਹੋਟਲਾਂ 'ਚ ਕਰਵਾਏ ਡਿਨਰ ਉਸ ਨੂੰ ਖ਼ਬਤ ਬਿਰਤੀ ਦਾ ਬਣਾ ਦਿੰਦੇ ਹਨ। ਆਪਸੀ ਸਾਂਝ/ਮੁਹੱਬਤ/ਯਕੀਨ ਦੇ ਰਿਸ਼ਤੇ ਨਾਲੋਂ ਵਧੇਰੇ ਪੈਸੇ ਦਾ ਜਲੌਅ ਰੁਪਾਲੀ ਨੂੰ ਆਪਣੀ ਗ੍ਰਿਫਤ 'ਚ ਲੈ ਲੈਂਦਾ ਹੈ। ਕਹਾਣੀਕਾਰ ਪ੍ਰਾਪਰਟੀ ਡੀਲਰਾਂ ਦੇ ਕਿਰਦਾਰ ਦੀਆਂ ਕਈ ਪਰਤਾਂ ਫਰੋਲਦਾ ਉਹਨਾਂ ਦੀਆਂ ਘਿਨੌਣੀਆਂ ਚਾਲਾਂ ਨੂੰ ਵੀ ਬੇ-ਪਰਦਾ ਕਰਦਾ ਹੈ। ਜਦੋਂ ਸ਼ਤੀਸ ਬਜ਼ੁਰਗ ਜੋੜੇ ਨੂੰ ਝੂਠ ਦੇ ਸਹਾਰੇ ਗਲਤ ਪਲਾਟ ਦੁਆਕੇ ਚਾਰ ਲੱਖ ਦਾ ਕਮਿਸ਼ਨ ਕਮਾਉਂਦਾ ਹੈ ਤਾਂ ਰੁਪਾਲੀ ਇਸ ਦਾ ਵਿਰੋਧ ਕਰਦੀ ਹੈ। ਇਸ ਝੂਠ ਦੇ ਗਲੇਫ ਬਾਰੇ ਸ਼ਤੀਸ ਦੇ ਬੋਲ ਪ੍ਰਸਥਿਤੀਆਂ ਦੀ ਵਿਕਰਾਲਤਾ ਨੂੰ ਬਿਆਨ ਕਰਦੇ ਹਨ।

"ਮੈਡਮ, ਅਸੀਂ ਇਮਾਨਦਾਰੀ ਵਰਤਦੇ ਰਹੀਏ ਤਾਂ ਦਫ਼ਤਰ ਦੇ ਚਾਹ-ਪਾਣੀ ਦੇ ਖਰਚੇ ਵੀ ਪੂਰੇ ਨਾ ਹੋਣ ... ਫਿਰ ਕਿੱਥੋਂ ਚੱਲਣ ਗੱਡੀਆਂ, ਹਿੱਲ-ਸਟੇਸ਼ਨਾਂ ਦੀ ਸੈਰ ... ਹੋਟਲਾਂ-ਰੈਸਟੋਰੈਂਟਾਂ 'ਚ ਖਾਣੇ ...।" ਪੰਨਾ -157

**'ਮ੍ਰਿਗ ਤ੍ਰਿਸ਼ਨਾ'** ਕਹਾਣੀ ਮੰਡੀ ਕਲਚਰ'ਚ ਜਿਸਮਾਂ ਦੇ ਜਲੌਅ ਅਤੇ ਮੱਧ ਸ਼੍ਰੇਣੀ ਵਿਚੋਂ ਆਟੋ ਰਿਕਸ਼ਾ ਚਾਲਕਾਂ ਦੇ ਮਨੋਯਥਾਰਥ ਨੂੰ ਫੜਦੀ ਕਹਾਣੀ ਹੈ। ਲੇਖਕ ਮੱਧ ਸ੍ਰੇਣੀ ਵਿਅਕਤੀਆਂ ਦੀਆਂ ਦਮਿਤ ਕਾਮ ਇੱਛਾਵਾਂ ਦੀ ਪੂਰਤੀ ਹਿੱਤ ਅਸ਼ਲੀਲ ਹੋਰਡਿੰਗਜ਼ ਦੇਖਣ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਤ ਕਰਦਾ ਹੈ ਉਥੇ ਲੇਖਕ ਹੋਰਡਿੰਗਜ਼ ਲਗਾਉਣ ਵਾਲਿਆਂ ਦੀ ਮੁਨਾਫਾ ਅਧਾਰਿਤ/ਸਮਾਨ ਵੇਚਣ ਵਾਲੀ ਸੋਚ ਉਪਰੋਂ ਪਰਦਾ ਚੁੱਕਦਾ ਹੈ ਕਿ ਉਹ ਕਿਸ ਤਰਾਂ ਸਧਾਰਣ ਬੰਦੇ ਦੀਆਂ ਅੱਖਾਂ ਚੁੰਧਿਆ ਕੇ ਉਹਨਾਂ ਦੀਆਂ ਦਮਿਤ ਇੱਛਾਵਾਂ/ਖਵਾਹਿਸ਼ਾ ਨੂੰ ਆਪਣੀ ਬਜ਼ਾਰੂ ਸੋਚ ਤਹਿਤ ਵਰਤਦੇ ਹਨ। ਮਨੁੱਖ ਕੋਲ ਅਮੀਰ ਵਿਰਾਸਤੀ ਪਰੰਪਰਾਵਾਂ ਅਤੇ ਯਾਦਾਂ ਦਾ ਸਰਮਾਇਆ ਤਾਂ ਹੈ ਪਰ ਅਜੋਕੇ ਯੁੱਗ ਦੀ ਭੱਜ-ਦੌੜ ਵਾਲੀ ਜ਼ਿੰਦਗੀ ਅਤੇ ਪੈਸਾ ਮੁੱਖੀ ਸੋਚ ਨੇ ਉਸ ਨੂੰ ਇਹਨਾਂ ਸੂਖ਼ਮ ਅਹਿਸਾਸਾਂ ਤੋਂ ਵਿਰਵਾ ਕਰ ਦਿੱਤਾ ਹੈ। **'ਪੱਕੀ ਸੜਕ ਤੇ ਜ਼ਿਹਨ 'ਚ ਦੱਬੀਆਂ ਪਗਡੰਡੀਆਂ'** ਕਹਾਣੀ ਦਾ ਮੈਂ ਪਾਤਰ ਅਤੇ ਸੋਖਾ ਦੋ ਸਕੇ ਭਰਾ ਹਨ। ਦੋਹਾਂ ਨੂੰ ਪੜਾਉਣ ਜੋਗੀ ਤੌਫ਼ੀਕ ਪਿਤਾ ਕੋਲ ਨਾ ਹੋਣ ਕਾਰਨ ਸੋਖੇ ਨੂੰ ਘਰ ਦੇ ਕੰਮ ਅਤੇ ਮੈਂ ਪਾਤਰ ਨੂੰ ਪੜਾਕੇ ਨੌਕਰੀ ਲਈ ਯੋਗ ਬਣਾ ਦਿੱਤਾ ਜਾਦਾ ਹੈ। ਨੌਕਰੀ ਅਤੇ ਸ਼ਹਿਰ ਰਹਿਣ ਦੌਰਾਨ ਮੈਂ ਪਾਤਰ ਦੀ ਪਤਨੀ (ਮਨਜੀਤ) ਆਪਣੇ ਦਿਉਰ ਤੇ ਸਹੁਰੇ ਤੋਂ ਹਿੱਸਾ ਲੈਣ ਲਈ ਪਤੀ ਤੇ ਜ਼ੋਰ ਪਾਉਂਦੀ ਹੈ। ਪਹਿਲੀ ਪੀੜੀ ਦਾ ਮੈਂ ਪਾਤਰ ਭਾਈਚਾਰਕ ਸਾਂਝ/ਭਰਾਤਰੀ ਭਾਵ ਨਾਲ ਲਬਰੇਜ਼ ਸਾਂਝ ਦੀਆਂ ਤੰਦਾਂ ਤੋੜਨ ਦੀ ਬਜਾਏ ਅਮੀਰ ਵਿਰਾਸਤੀ ਪਰੰਪਰਾਵਾ ਨੂੰ ਆਪਣੇ ਜ਼ਿਹਨ 'ਚ ਸੰਜੋਅ ਕੇ ਰੱਖਣਾ ਚਾਹੁੰਦਾ ਹੈ। ਪਰ ਪਤਨੀ ਲਈ ਸਾਂਝ ਦੀ ਬਜਾਏ ਹਿੱਸਾ (ਧਨ/ਦੌਲਤ) ਦੀ ਅਹਿਮੀਅਤ ਜ਼ਿਆਦਾ ਹੈ। ਇਸੇ ਤਰਾਂ ਇੱਕ ਦਿਨ ਸ਼ਹਿਰ ਤੋਂ ਪਿੰਡ ਜਾਣ ਸਮੇਂ ਰਸਤੇ ਵਿੱਚ ਮਨਜੀਤ ਅਤੇ ਬੱਚਿਆਂ ਨੂੰ ਪਿਤਾ ਦੁਆਰਾ ਆਪਣੇ ਬਚਪਨ ਦੀਆਂ ਯਾਦਾਂ ਨਾਲ ਸਬੰਧਤ ਥਾਵਾਂ ਅਤੇ ਆਪਣੇ ਸੰਘਰਸ਼ਮਈ ਜੀਵਨ ਬਾਰੇ ਦੱਸੀਆਂ ਗੱਲਾਂ ਬੇਥਾਵੀਆਂ ਲੱਗਦੀਆਂ ਹਨ। ਪਰ ਮੈਂ ਪਾਤਰ ਉਹਨਾਂ

ਰਸਤਿਆਂ/ਪਗਡੰਡੀਆਂ ਨੂੰ ਜ਼ਿਹਨ 'ਚ ਤਸੱਵਰ ਕਰਦਾ ਸਕੂਨ ਮਹਿਸੂਸ ਕਰਦਾ ਹੈ ਜਿੱਥੇ ਉਸਦਾ ਬਚਪਨ ਬੀਤਿਆ ਹੁੰਦਾ ਹੈ। ਪਰ ਨਵੀਂ ਪੀੜ੍ਹੀ (ਧੀ ਤੇ ਪੁੱਤਰ) ਲਈ ਇਹ ਥਾਵਾਂ/ਯਾਦਾਂ ਕੋਈ ਅਹਿਮੀਅਤ ਨਹੀਂ ਰੱਖਦੀਆਂ ਅਤੇ ਨਾ ਹੀ ਪਤਨੀ ਲਈ ਭਾਈਚਾਰਕ ਸਾਂਝ।

**'ਇਕ ਲਾਵਾਰਸ ਘਿਸ-ਘਿਸ'** ਕਹਾਣੀ ਰਿਸ਼ਤਿਆਂ ਦੇ ਤਜ਼ਾਰਤੀਕਰਨ ਅਤੇ ਮੋਹ-ਭੰਗ ਨੂੰ ਉਸਾਰਦੀ ਸ਼ੱਸਕਤ ਕਹਾਣੀ ਹੈ। ਕਹਾਣੀ ਵਿਚਲੇ ਕਰਨੈਲ ਦਾ ਰਿਸ਼ਤਾ ਦੋ ਵਿਦੇਸ਼ ਗਏ ਭਰਾਵਾਂ ਦੀ ਭੈਣ ਸੁਰਜੀਤ ਨਾਲ ਹੋ ਜਾਂਦਾ ਹੈ। ਭਰਾ, ਭੈਣ ਅਤੇ ਜੀਜੇ ਨੂੰ ਬਾਹਰ ਲੈ ਜਾਣ ਦਾ ਲਾਲਚ ਤਾਂ ਦਿੰਦੇ ਹਨ ਪਰ ਉਹਨਾਂ ਦਾ ਮੁੱਖ ਮਕਸਦ ਇੱਥੇ ਰਹਿੰਦੇ ਆਪਣੇ ਮਾਂ-ਪਿਉ ਦੀ ਸੇਵਾ ਕਰਵਾਉਣ ਹੈ। ਇਸੇ ਸਾਜ਼ਿਸ ਤਹਿਤ ਉਹ ਭੈਣ ਤੇ ਜੀਜੇ ਨੂੰ ਵਿਦੇਸ਼ ਲੈ ਜਾਣ ਦੀ ਕਿਸੇ ਕਹਾਣੀ ਨੂੰ ਸਿਰੇ ਨਹੀਂ ਲਾਉਂਦੇ। ਉਥੇ ਕਰਨੈਲ ਪਿੰਡ ਦੀ ਸਾਦ-ਮੁਰਾਦੀ ਜ਼ਿੰਦਗੀ ਛੱਡ ਸ਼ਹਿਰੀ ਜੀਵਨ ਦੇ ਰੁਟੀਨ 'ਚ ਘੁੰਮਦਾ ਨਿੱਜ ਤੱਕ ਸੀਮਤ ਹੋ ਲੋਕਾਈ ਤੋਂ ਟੁੱਟ ਟਿਊਸ਼ਨਾਂ ਤੋਂ ਪੈਸਾ ਕਮਾਉਣ ਅਤੇ ਜ਼ਿੰਦਗੀ ਸੁਧਾਰਨ ਦੀ ਕੋਸ਼ਿਸ ਕਰਦਾ ਖਤਮ ਹੋ ਜਾਂਦਾ ਹੈ। ਕਹਾਣੀਕਾਰ ਅਜੋਕੇ ਮੋਹ ਵਿਹੂਣੇ ਰਿਸ਼ਤਾ-ਨਾਤਾ ਪ੍ਰਬੰਧ ਅਤੇ ਨਿੱਜੀ ਫਾਇਦਿਆਂ ਹਿੱਤ ਆਪਣੇ ਹੀ ਸਕਿਆਂ ਨੂੰ ਵਰਤਣ ਦਾ ਗਲਪੀ ਬਿਰਤਾਂਤ ਸਿਰਜਦਾ ਹੈ। ਮੱਧ ਵਰਗੀ ਬੰਦੇ ਦੀ ਪੇਂਡੂ ਜੀਵਨ ਸ਼ੈਲੀ ਅਤੇ ਸਭਿਆਚਾਰਕ ਸਾਂਝ ਵਾਲੀ ਜ਼ਿੰਦਗੀ ਦੇ ਮੁਕਾਬਲੇ ਸ਼ਹਿਰੀ ਨਿੱਜ ਕੇਂਦਰਤ ਜੀਵਨ ਸ਼ੈਲੀ ਨੇ ਕਿਸ ਤਰਾਂ ਮਨੁੱਖ ਨੂੰ ਬੇਗਾਨਗੀ ਦੀ ਸਥਿਤੀ 'ਚ ਪਹੁੰਚਾ ਦਿੱਤਾ ਹੈ। ਉਸ ਦੀ ਉਤੱਮ ਮਿਸਾਲ 'ਸਹਿਕਦਾ ਹੋਇਆ ਪਿੰਡ' ਕਹਾਣੀ ਹੈ। ਪ੍ਰਾਪਰਟੀ ਡੀਲਰਾਂ ਵੱਲੋਂ ਪਿੰਡ ਦੀ ਉਪਜਾਊ ਜ਼ਮੀਨ ਨੂੰ ਹੜੱਪ ਕੇ ਕਾਲੋਨੀਆਂ ਦੇ ਰੂਪ ਵਿਚ ਕੱਟ ਕੇ ਸ਼ਹਿਰੀਕਰਣ ਦੀ ਪ੍ਰਕਿਰਿਆ ਅਪਣਾਈ ਜਾ ਰਹੀ ਹੈ। ਲੇਖਕ ਖੇਤੀ ਯੋਗ ਉਪਜਾਊ ਭੂਮੀ ਦੇ ਘਟਣ, ਰੁੱਖਾਂ ਦੀ ਬਲੀ ਕਾਰਨ ਵਾਤਾਵਰਣ ਨਾਲ ਹੋ ਰਹੇ ਖਿਲਵਾੜ ਨੂੰ ਉਚੇਚ ਨਾਲ ਚਿਤਰਦਾ ਹੈ ਉੱਥੇ ਪ੍ਰੋਪਰਟੀ ਡੀਲਰਾਂ ਦੇ ਕਿਰਦਾਰ ਦੀਆਂ ਅਨੇਕਾਂ ਪਰਤਾਂ ਫਰੋਲਦਾ ਉਹਨਾਂ ਦੀ ਮੁਨਾਫ਼ਾ ਬਿਰਤੀ ਸੋਚ ਨੂੰ ਉਜਾਗਰ ਕਰਦਾ ਹੈ। ਕਹਾਣੀ ਵਿਚਲਾ ਮੈਂ ਪਾਤਰ ਪਿੰਡ ਦੀਆਂ ਵਿਰਾਸਤੀ ਪਰੰਪਰਾਵਾਂ ਨਾਲ ਜੁੜਿਆ ਮਾਣ ਮਹਿਸੂਸ ਕਰਦਾ ਹੈ ਉਥੇ ਉਸ ਦੀ ਧੀ ਸਿਮਰਤੀ ਸ਼ਹਿਰ 'ਚ ਰਹਿਣ ਲਈ ਆਮ ਕਾਲੋਨੀ ਨੂੰ ਵੀ ਨਾਕਾਰ 'ਪੌਸ਼' ਇਲਾਕੇ 'ਚ ਰਹਿਣਾ ਚਾਹੁੰਦੀ ਹੈ। ਅਸਲ 'ਚ ਲੇਖਕ ਦੋ ਪੀੜ੍ਹੀਆਂ ਦੇ ਪੀੜ੍ਹੀ ਪਾੜੇ ਨੂੰ ਪੇਸ਼ ਕਰਦਾ ਹੋਇਆ ਦੋਵੇਂ ਪੀੜ੍ਹੀਆਂ ਦੀਆਂ ਕਦਰਾਂ-ਕੀਮਤਾਂ, ਮੁੱਲਾਂ ਅਤੇ ਸੋਚ ਦੇ ਵੱਖਰੇ ਪੱਧਰਾਂ ਨੂੰ ਉਜਾਗਰ ਕਰਦਾ ਹੈ।


ਸ਼ਹਿਰੀ ਜੀਵਨ ਦੀ ਨਿੱਜ ਕੇਂਦਰਤ ਉਪਭੋਗਤਾਵਾਦੀ ਰੁਚੀ ਅਤੇ ਆਮ ਲੋਕਾਂ ਤੋਂ ਬੇਲਾਗ ਜ਼ਿੰਦਗੀ ਜਿਊਂਦੇ ਲੋਕਾਂ ਦੀ ਕਹਾਣੀ ਹੈ **'ਗਮਲਿਆਂ' 'ਚ ਉਗਦੀ ਜ਼ਿੰਦਗੀ'**। ਕਹਾਣੀਕਾਰ ਮਧੂ ਅਤੇ ਗੋਪਾਲ ਰਾਹੀਂ ਕਹਾਣੀ ਉਸਾਰਦਾ ਉਹਨਾਂ ਦੀ ਸੀਮਤ ਸੋਚ ਅਤੇ ਦਾਇਰਿਆਂ 'ਚ ਬਤੀਤ ਹੁੰਦੀ ਜ਼ਿੰਦਗੀ ਨੂੰ ਗਮਲਿਆਂ 'ਚ ਉੱਗੇ ਉਹਨਾਂ ਪੌਦਿਆਂ ਵਾਂਗ ਤਸੱਵਰ ਕਰਦਾ ਹੈ। ਜਿਨ੍ਹਾਂ ਨੂੰ ਅਕਸਰ ਹੀ ਮਾਲੀ ਆਪਣੀ ਸੋਚ ਅਤੇ ਲੋੜ ਅਨੁਸਾਰ ਕਾਂਟ-ਛਾਂਟ ਕਰਕੇ ਸੀਮਤ ਰੱਖਦਾ ਅੱਗੇ ਵੱਧਣ-ਫੁੱਲਣ/ ਵਿਗਸਣ ਦੇ ਮੌਕਿਆਂ ਤੋਂ ਵਾਂਝੇ ਕਰ ਦਿੰਦਾ ਹੈ। ਮਧੂ ਦੇ ਘਰ ਰੱਖੀ ਨੌਕਰ ਊਮਾ ਸਧਾਰਣ ਪੱਧਰ ਦੀ ਜ਼ਿੰਦਗੀ ਬਤੀਤ ਕਰਕੇ ਵੀ ਖੁਸ਼ ਰਹਿ ਪਾਉਂਦੀ ਹੈ ਉਥੇ ਮਧੂ ਆਰਥਿਕ ਤੌਰ ਤੇ ਸਾਧਨ ਸਪੰਨ ਹੋਣ ਦੇ ਬਾਵਜੂਦ ਵੀ ਅਖੌਤੀ ਐਸ਼ ਭਰਪੂਰ ਜ਼ਿੰਦਗੀ ਬਤੀਤ ਕਰਕੇ ਵੀ ਜ਼ਿੰਦਗੀ ਚੋਂ ਆਨੰਦ ਮਾਨਣ ਤੋਂ ਵਾਂਝੇ ਰਹਿ ਜਾਂਦੀ ਹੈ। **'ਭੀੜ 'ਚ ਘਿਰਿਆ ਬੰਦਾ'** ਕਹਾਣੀ ਸਾਡੇ ਵਰਤਮਾਨ ਸਮਾਜ 'ਚ ਵਿਚਰਦੇ ਆਮ ਮਨੁੱਖ ਦੀ ਅਸੰਤੁਲਤ ਮਾਨਸਿਕਤਾ, ਕਾਹਲ਼ੀਪਣ, ਦੂਜੇ ਨੂੰ ਪਛਾੜਕੇ ਅੱਗੇ ਵੱਧਣ ਦੀ ਹੋੜ ਨੂੰ ਉਭਾਰਦੀ ਹੈ। ਕਹਾਣੀਕਾਰ ਫਾਟਕ ਬੰਦ ਹੋਣ ਸਮੇਂ ਰੇਲਵੇ ਲਾਈਨ ਦੇ ਦੋਵੇਂ ਪਾਸੇ ਖੜੇ ਲੋਕਾਂ ਦੇ ਵਾਹਨਾਂ ਦੇ ਇਕੱਠ ਅਤੇ ਫਾਟਕ ਖੁਲਣ ਤੇ ਇੱਕ ਦੂਜੇ ਤੋਂ ਅੱਗੇ ਲੰਘਣ ਦੀ ਹੋੜ ਅਤੇ ਨਿਯਮਾਂ ਪ੍ਰਤੀ ਬੇਪਰਵਾਹੀ ਨੂੰ ਪੇਸ਼ ਕਰਦਾ ਹੈ। ਅਸਲ 'ਚ ਜਿਸ ਭੱਜ-ਨੱਠ ਵਾਲੀ ਜ਼ਿੰਦਗੀ ਨੂੰ ਅਜੋਕਾ ਮਨੁੱਖ



ਆਪਣਾ ਰਿਹਾ ਹੈ ਉਸ ਨਾਲ ਅਸਹਿਜ ਹੋ ਉਸਦਾ ਮਾਨਸਿਕ ਸਕੂਨ ਗੁਆਚਦਾ ਜਾ ਰਿਹਾ ਹੈ। ਜਿਵੇਂ ਕਹਾਣੀ ਵਿਚ ਸਧਾਰਣ ਮੱਧ ਸ਼੍ਰੇਣੀ ਵਿਅਕਤੀ ਦੇ ਮੋਟਰ ਸਾਈਕਲ ਦਾ ਫਾਟਕ ਤੇ ਅਮੀਰ/ਰਾਜਨੀਤਿਕ ਪਰਿਵਾਰ ਨਾਲ ਸਬੰਧਤ ਔਰਤ ਦੀ ਗੱਡੀ ਨੂੰ ਛੂਹ ਜਾਣ ਤੇ ਉਹ ਔਰਤ ਆਪਣੀ ਪਹੁੰਚ/ਹਉਮੈ ਕਰਕੇ ਮੋਟਰ ਸਾਈਕਲ ਸਵਾਰ ਨੂੰ ਗਲ਼ ਤੋਂ ਫੜ ਬੇਇਜ਼ਤ ਹੀ ਨਹੀਂ ਕਰਦੀ ਸਗੋਂ ਥਾਣੇ ਤੱਕ ਪਹੁੰਚਾ ਦਿੰਦੀ ਹੈ। ਉਥੇ ਫਾਟਕ ਉੱਤੇ ਖੜ੍ਹੇ ਲੋਕਾਂ ਨੂੰ ਸੱਚਾਈ ਦਾ ਪਤਾ ਹੋਣ ਦੇ ਬਾਵਜੂਦ ਵੀ ਸੱਚ ਦਾ ਸਾਥ ਨਾ ਦੇ ਕੇ ਮੂਕ ਦਰਸ਼ਕ ਬਣਨਾ ਇਕ ਕੌੜੀ ਸੱਚਾਈ ਨੂੰ ਬਿਆਨ ਕਰਦਾ ਹੈ। ਇੱਥੇ ਲੇਖਕ ਸੱਤਾ, ਸਿਆਸਤ ਅਤੇ ਪੂੰਜੀ ਦੇ ਨਾਪਾਕ ਗੱਠਜੋੜ ਵਿਰੁੱਧ ਆਮ ਲੋਕਾਈ ਦੀ ਹੋਂਦ ਅਤੇ ਹੋਣੀ ਪੇਸ਼ ਕਰਦਾ ਧੱਕੇਸਾਹੀ ਵਿਰੁੱਧ ਆਮ ਲੋਕਾਈ ਦਾ ਵਿਰੋਧ ਨਾ ਕਰ ਚੁੱਪ-ਚਾਪ ਸਭ ਕੁਝ ਸਹਿ ਜਾਣ ਨੂੰ ਸਾਡੀ ਨਿੱਜਵਾਦੀ ਸੋਚ ਵੱਜੋਂ ਚਿਤਵਦਾ ਹੈ।


ਇਸ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਪੜ੍ਹਨ ਉਪਰੰਤ ਇਸ ਗੱਲ ਦਾ ਗਹਿਰਾ ਅਹਿਸਾਸ ਹੁੰਦਾ ਕਿ ਪੈਸੇ ਦਾ ਜਲੌਅ ਇਕਹਿਰੇ ਰੂਪ 'ਚ ਪੇਸ਼ ਨਾ ਹੋ ਕੇ ਕਈ ਰੂਪਾਂ ਵਿਚ ਵਿਚਰਦਾ ਦਿਖਾਈ ਦਿੰਦਾ ਹੈ। ਕਾਰਪੋਰੇਟ ਘਰਾਣਿਆਂ ਤੇ ਪ੍ਰਾਪਰਟੀ ਡੀਲਰਾਂ ਦੀ ਮੁਨਾਫ਼ਾਖੋਰੀ ਸੋਚ ਜਿੱਥੇ ਮੱਧਵਰਗ ਨੂੰ ਮਾਨਸਿਕ ਸੰਤਾਪ ਵੱਲ ਧੱਕ ਰਹੀ ਹੈ। ਉਥੇ ਸੱਤਾ, ਸਿਆਸਤ, ਪੂੰਜੀ ਦੇ ਗੱਠਜੋੜ ਹੋਣ ਨਾਲ ਆਮ ਵਿਅਕਤੀ ਦੀ ਆਰਥਿਕ ਸਥਿਤੀ ਤੇ ਮਾਨਸਿਕ ਦਸ਼ਾ ਹੋਰ ਵੀ ਥਿੜਕਦੀ ਨਜ਼ਰ ਆ ਰਹੀ ਹੈ। ਅਜਿਹੇ ਹਲਾਤਾਂ ਵਿਚ ਸੰਵੇਦਸ਼ੀਲ ਵਿਅਕਤੀ ਦਾ ਜਿਊਣਾ ਦੁਭਰ ਹੁੰਦਾ ਜਾ ਰਿਹਾ ਹੈ। ਪਿੰਡ ਤੋਂ ਉਠ ਸ਼ਹਿਰੀ ਜੀਵਨ 'ਚ ਪ੍ਰਵੇਸ਼ ਕਰਨ ਉਪਰੰਤ ਪੈਦਾ ਹੁੰਦੀਆਂ ਸਥਿਤੀਆਂ ਨਵੀਂ ਪੀੜੀ ਦੇ ਬੱਚਿਆਂ ਲਈ ਭਾਵੇਂ ਕੁਝ ਹੋਰ ਤਰਾਂ ਦੀਆਂ ਹੋਣ ਪਰ ਪਿੰਡ ਨਾਲ ਜੁੜੇ ਵਿਅਕਤੀ ਇਸ ਸ਼ਹਿਰੀ ਜ਼ਿੰਦਗੀ 'ਚ ਕਿਸ ਤਰ੍ਹਾਂ ਸੰਤਾਪ ਭੋਗਦੇ ਹਨ ਉਸਦੇ ਭਰਪੂਰ ਵੇਰਵੇ ਇਸ ਕਹਾਣੀ ਸੰਗ੍ਰਿਹ ਵਿੱਚ ਸ਼ਾਮਿਲ ਹਨ। ਕਹਾਣੀਕਾਰ ਸਾਡੇ ਗੰਧਲੇ ਸਮਾਜਕ ਸਿਸਟਮ ਨੂੰ ਬਦਲ ਸਭ ਨੂੰ ਬਰਾਬਰਤਾ ਦਾ ਹੱਕ ਦਿਵਾਉਣ ਵਾਲੀ ਕਮਿਊਨਿਸ਼ਟ ਲਹਿਰ ਦੇ ਸਰਗਰਮ ਮੈਂਬਰਾਂ ਦੀ ਪ੍ਰਤੀਬੱਧਤਾ, ਲੋਕ ਹਿੱਤਾਂ ਲਈ ਲੜ ਮਰਨ ਦਾ ਦਿਲ ਜਿਗਰਾ ਰੱਖਦੇ ਲੋਕਾਂ, ਦੋਗਲੇ ਕਿਰਦਾਰਾਂ ਅਤੇ ਨਿੱਜੀ ਮੁਫ਼ਾਦਾਂ ਦੀ ਪੂਰਤੀ ਕਰਦੇ ਸ਼ਖਸਾਂ ਦੀ ਬਾਤ ਪਾਉਂਦਾ ਹੈ।
(**ਸੰਪਰਕ-9**4638-74394)


**ਪਰਵਾਜ਼ ਪ੍ਰਕਾਸ਼ਨ**
**ਵੱਲੋਂ ਪ੍ਰਕਾਸ਼ਤ ਹੋ ਰਿਹਾ**
**ਸਰੂਪ ਸਿਆਲਵੀ ਦਾ**
**ਨਵਾਂ ਕਹਾਣੀ ਸੰਗ੍ਰਹਿ**



# ਹਾਲਾਤ ਦੇ ਵਿਊ ਵਿੱਚ ਫਸੇ ਬੰਦਿਆਂ ਦੀ ਸੋਚ ਦੀ ਪੜਤਾਲ: ਸੰਸਕ੍ਰਿਤੀ

**- ਡਾ. ਜਸਵਿੰਦਰ ਕੌਰ ਬਿੰਦਰਾ**




ਬਲਦੇਵ ਸਿੰਘ ਢੀਂਡਸਾ ਨੇ ਇਸ ਤੋਂ ਪਹਿਲਾ ਆਪਣੇ ਦੋ ਕਹਾਣੀ ਸੰਗ੍ਰਹਿਆਂ ਰਾਹੀਂ ਪੰਜਾਬੀ ਕਹਾਣੀ ਵਿੱਚ ਆਪਣੀ ਹਾਜ਼ਰੀ ਲਵਾਈ ਹੋਈ ਹੈ। ਉਸ ਦੀਆਂ ਕੁਝ ਕੁ ਕਹਾਣੀਆਂ ਦੀ ਚੰਗੀ ਚਰਚਾ ਵੀ ਰਹੀ। ਲੰਮੇ ਅਰਸੇ ਬਾਅਦ ਉਹ ਫਿਰ ਆਪਣੇ ਨਵੇਂ ਕਹਾਣੀ ਸੰਗ੍ਰਹਿ 'ਸੰਸਕ੍ਰਿਤੀ' (**ਚੇਤਨਾ ਪ੍ਰਕਾਸ਼ਨ**, 2017, **ਮੁੱਲ** : 200/ **ਪੰਨੇ** : 152) ਨਾਲ ਪਾਠਕਾਂ ਸਾਹਵੇਂ ਹਾਜ਼ਿਰ ਹੋਇਆ ਹੈ। 'ਸੰਸਕ੍ਰਿਤੀ' ਨਾਮਕ ਸੰਗ੍ਰਹਿ ਵਿੱਚ ਉਸ ਦੀਆਂ ਅੱਠ ਕਹਾਣੀਆਂ ਸ਼ਾਮਿਲ ਹਨ। ਇਨ੍ਹਾਂ ਕਹਾਣੀਆਂ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਉਸ ਦੀ ਕਹਾਣੀ ਸਮਾਜ ਦੇ ਮੱਧ ਵਰਗੀ ਸ਼ਹਿਰੀ ਤੇ ਪੇਂਡੂ ਰਹਿਤਲ ਦੇ ਨਾਲ ਪ੍ਰਵਾਸੀਆਂ ਨੂੰ ਵੀ ਆਪਣੇ ਘੇਰੇ ਵਿੱਚ ਰੱਖਦੀ ਹੈ। ਉਹ ਵੱਖ-ਵੱਖ ਵਰਗਾਂ ਦੇ ਲੋਕਾਂ ਦੀ ਮਾਨਸਿਕਤਾ ਨੂੰ ਫੜਦਾ ਹੈ। ਅਕਸਰ ਚਿੱਟ ਕੱਪੜੀਏ ਰਸੂਖ ਵਾਲੇ ਹੁੰਦੇ ਹਨ ਪਰ ਉਨ੍ਹਾਂ ਦੀ ਸੋਚ ਦਾ ਪੱਧਰ ਹੀ ਨਹੀਂ ਚਰਿੱਤਰ ਵੀ ਨੀਵੇਂ ਪੱਧਰ ਦਾ ਹੁੰਦਾ ਹੈ। ਸਮਾਜ ਦੇ ਪੜ੍ਹੇ-ਲਿਖੇ ਬੰਦੇ ਵੀ ਜ਼ਿਆਦਾਤਰ ਆਪਣੀ ਸਵਾਰਥੀ ਸੋਚ ਨੂੰ ਮੂਹਰੇ ਰੱਖਦੇ ਹਨ। ਅੱਜ ਕਲ੍ਹ ਦੀ ਪੜ੍ਹਾਈ-ਲਿਖਾਈ ਨੇ ਵੀ ਉਨ੍ਹਾਂ ਨੂੰ ਵਧੇਰੇ ਮਤਲਬੀ ਤੇ ਆਪਣੇ ਸਵਾਰਥਾਂ ਦੀ ਪੂਰਤੀ ਖਾਤਿਰ ਲਾਲਚੀ ਹੀ ਨਹੀਂ ਬਣਾਇਆ ਸਗੋਂ ਉਹ ਰਿਸ਼ਤੇ-ਨਾਤਿਆਂ ਨੂੰ ਵੀ ਅੱਖੋਂ ਪਰੋਖੇ ਕਰਨ ਵਿੱਚ ਹੀ ਭਲਾਈ ਸਮਝਣ ਲੱਗ ਪਏ ਹਨ।

ਸੰਗ੍ਰਹਿ ਦੀਆਂ ਕੁਝ ਕਹਾਣੀਆਂ ਸੰਵੇਦਨਸ਼ੀਲ ਬੰਦੇ ਨੂੰ ਝਿੰਜੋੜ ਕੇ ਰੱਖ ਦਿੰਦੀਆਂ ਹਨ, ਜਿਨ੍ਹਾਂ ਉਤੇ ਸਹਿਜੇ ਹੀ ਯਕੀਨ ਕਰਨ ਉਤੇ ਜੀਅ ਨਹੀਂ ਕਰਦਾ। ਅਸੀਂ ਜਾਣਦੇ ਹਾਂ ਕਿ ਬੇਸ਼ਕ ਇਹ ਕਹਾਣੀ ਰੂਪ ਵਿੱਚ ਸਾਡੇ ਸਾਹਮਣੇ ਆਇਆ ਹੈ ਪਰ ਇਹ ਹਕੀਕਤ ਹੈ ਕਿਉਂਕਿ ਲੇਖਕ ਸਮਾਜ ਵਿਚੋਂ ਹੀ ਮੁੱਦੇ ਚੁੱਕਦਾ ਹੈ ਤੇ ਉਸ ਨੂੰ ਆਪਣੀ ਸਮਰੱਥਾ ਦੀ ਬਣਤਰ ਨਾਲ ਕਹਾਣੀ ਜਾਂ ਕਿਸੇ ਹੋਰ ਵੰਨਗੀ ਵਿੱਚ ਢਾਲ ਕੇ ਪਾਠਕਾਂ ਸਾਹਵੇਂ ਲਿਆਉਂਦਾ ਹੈ। 'ਜਨੂੰਨ' ਕਹਾਣੀ ਵਿਚਲੇ ਮਾਸਟਰ ਨੇ ਪੜ੍ਹਾਈ ਸਦਕਾ ਆਪਣੀ ਛੋਟੀ ਜਾਤ ਦਾ ਜੂਲਾ ਲਾਹ ਸੁੱਟਿਆ। ਸੇਵਾਮੁਕਤ ਹੋਣ ਮਗਰੋਂ ਆਪਣੇ ਰੁਝੇਵੇਂ ਲਈ ਦੇਸੀ ਰੂੜੀ ਨਾਲ ਆਪਣਾ ਬਗੀਚਾ ਤਿਆਰ ਕੀਤਾ। ਸ਼ਹਿਰੀ ਨੂੰਹ ਰਵੀਨਾ ਜ਼ਿੱਦ ਕਰ ਕੇ ਉਸ ਦੇ ਪੁੱਤਰ ਤੇ ਦੋਵੇਂ ਬੱਚਿਆਂ ਨੂੰ ਵੀ ਸ਼ਹਿਰ ਲੈ ਗਈ। ਮਾਸਟਰ ਦੰਪਤੀ ਨੇ ਇਸ ਸਥਿਤੀ ਨਾਲ ਸਮਝੌਤਾ ਕਰ ਲਿਆ। ਬੁੱਢੇ ਸੱਸ-ਸਹੁਰੇ ਨਾਲ ਕੋਈ ਰਾਬਤਾ ਨਹੀਂ। ਪਰ ਉਸ ਦੀ ਬਗੀਚੀ ਤੇ ਪੇਂਡੂ ਘਰ ਉਤੇ ਹੱਕ ਤਾਂ ਨੂੰਹ-ਪੁੱਤਰ ਦਾ ਹੀ ਹੈ।



ਜ਼ਬਰਦਸਤੀ ਦਾ ਸੌਦਾ ਕਰਨ ਲਈ ਉਹ ਸਿਰਫ਼ ਜ਼ੋਰ ਹੀ ਪਾਉਂਦੀ ਹੈ, ਸਗੋਂ ਧਮਕੀ ਦੇਂਦੀ ਹੈ ਕਿ ਜੇ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਉਹ ਪੂਰੇ ਪਰਿਵਾਰ ਨੂੰ ਜ਼ਹਿਰ ਖੁਵਾ ਕੇ ਮਾਰ ਦੇਵੇਗੀ ਤੇ ਲਿਖ ਕੇ ਜਾਵੇਗੀ ਕਿ ਸਾਰਿਆਂ ਦਾ ਸੰਸਕਾਰ ਬਗੀਚੀ ਵਿੱਚ ਕਰ ਕੇ ਉਥੇ ਸਮਾਧਾਂ ਬਣਾਈਆਂ ਜਾਣ। ਪੁੱਤਰ-ਨੂੰਹ ਜਾਂ ਬੱਚਿਆਂ ਦਾ ਨਾਤਾ ਸਿਰਫ਼ ਜ਼ਮੀਨ-ਜਾਇਦਾਦ ਨਾਲ ਹੀ ਰਹਿ ਗਿਆ ਹੈ। ਇਸ ਕਹਾਣੀ ਦਾ ਅੰਤ ਅਜਿਹੀ ਬੇਬਸੀ ਤੇ ਦੁਬਿਧਾ ਉਤੇ ਹੁੰਦਾ ਹੈ, ਜਿਸ ਅੱਗੇ ਸਾਰੇ ਰਾਹ ਬੰਦ ਨਜ਼ਰ ਆਉਂਦੇ ਹਨ। ਭਾਵੇਂ ਲੇਖਕ ਨੇ ਇਸ ਕਹਾਣੀ ਦਾ ਸਿਰਲੇਖ '**ਜਨੂੰਨ**' ਦਿੱਤਾ ਹੈ, ਮੇਰੀ ਜਾਚੇ ਇਹ 'ਉਨਮਾਦ ਜਾਂ ਧਮਕੀ' ਤੁੱਲ ਹੈ ਕਿਉਂਕਿ ਜਨੂੰਨ ਤੋਂ ਭਾਵ ਸਕਾਰਾਤਮਕ ਸੋਚ ਲਈ ਹੁੰਦਾ ਹੈ, ਨਕਾਰਾਤਮਕ ਲਈ ਨਹੀਂ।

ਇਕ ਹੋਰ ਕਹਾਣੀ 'ਆਤੰਕ', ਇਸ ਸ਼ਬਦ ਦੀ ਪਰਿਭਾਸ਼ਾ ਨੂੰ ਤਾਂ ਨਹੀਂ ਬਦਲਦੀ ਪਰ ਸੰਦਰਭ ਜ਼ਰੂਰ ਬਦਲ ਕੇ ਪੇਸ਼ ਕਰਦੀ ਹੈ। ਅੱਸੀਵੇਂ ਦਾ ਪੰਜਾਬ ਆਤੰਕ ਦੇ ਜਿਨ੍ਹਾਂ ਕਾਲੇ ਦਿਨਾਂ ਵਿਚੋਂ ਗੁਜ਼ਰਿਆ, ਉਸ ਵਿੱਚ ਸਿੱਖੀ ਦੇ ਅਸੂਲਾਂ ਤੇ ਆਦਰਸ਼ਾਂ ਨੂੰ ਆਧਾਰ ਬਣਾ ਕੇ ਵਰਤਿਆ ਗਿਆ ਤੇ ਕੰਮ ਸੋਧਣ ਤੇ ਬਦਲੇ ਦੀ ਭਾਵਨਾ ਨੂੰ ਮੁੱਖ ਰੱਖ ਕੇ ਕੀਤਾ ਗਿਆ। ਅਜਿਹੇ ਅਤਿਵਾਦੀਆਂ ਦੇ ਰੋਸ ਦੇ ਸ਼ਿਕਾਰ ਹੋਏ ਪਰਿਵਾਰ ਉਤੇ ਪੁਲਿਸ ਨੇ ਨਾ ਸਿਰਫ਼ ਹਮਦਰਦੀ ਦਾ ਫਾਹਾ ਲਾਇਆ ਸਗੋਂ ਝੂਠੇ ਪੁਲਿਸ ਮੁਕਾਬਲਿਆਂ ਵਿੱਚ 'ਜੋਰਾ' ਦੇ ਹੱਥੋਂ ਅਨੇਕ ਬੇਦੋਸ਼ਿਆਂ ਨੂੰ ਮਰਵਾ ਕੇ ਉਸ ਨੂੰ ਆਪਣੇ ਪਰਿਵਾਰ ਦਾ ਬਦਲਾ ਲੈਣ ਲਈ ਵੀ ਵਰਤਿਆ। ਉਸੇ ਪਰਿਵਾਰ ਦੀ ਦੂਜੀ ਪੀੜ੍ਹੀ ਸਾਹਮਣੇ ਇਹ ਸੱਚ ਪੁਲਿਸ ਵਿੱਚ ਉੱਚਾ ਅਹੁਦਾ ਮਿਲਣ ਨਾਲ ਸਾਹਮਣੇ ਆਇਆ ਕਿ ਜਦੋਂ 'ਜੋਰੇ' ਨੇ ਬਦਲੇ ਦੀ ਭਾਵਨਾ ਤਹਿਤ ਕਿਸੇ ਨੂੰ ਮਾਰਨ ਤੋਂ ਇਨਕਾਰ ਕੀਤਾ ਤਾਂ ਉਸ ਨੂੰ ਹੀ ਸ਼ਹੀਦ ਕਰ ਦਿੱਤਾ ਗਿਆ। ਅਜੇ ਵੀ ਆਤੰਕਵਾਦ ਖਤਮ ਨਹੀਂ ਹੋਇਆ, ਸਿਰਫ਼ ਉਸ ਦਾ ਸਰੂਪ ਬਦਲ ਗਿਆ ਹੈ, ਹੁਣ ਇਹ ਆਤੰਕ ਪਾਰਟੀ ਲੀਡਰਾਂ ਤੇ ਵੱਡੇ ਵਪਾਰੀਆਂ ਦੇ ਰੂਪ ਵਿੱਚ ਮੌਜੂਦ ਹੈ, ਜਿਨ੍ਹਾਂ ਦੇ ਆਤੰਕ ਨੂੰ ਪੁਲਿਸ ਮਹਿਕਮੇ ਨੂੰ ਵੀ ਸਹਿਣਾ ਪੈਂਦਾ ਹੈ। ਵੱਡੀਆਂ-ਵੱਡੀਆਂ ਗੱਲਾਂ ਸੋਚਣ ਵਾਲਾ 'ਹਰਬੰਸ' ਵੀ ਸਾਰੀ ਸੱਚਾਈ ਜਾਣਦੇ ਹੋਏ ਵੀ ਚਿੱਟ ਕੱਪੜੇ ਆਤੰਕੀ ਦੇ ਗੋਡੇ ਹੱਥ ਲਾਉਣ ਲਈ ਬੇਬਸ ਦਿੱਸਦਾ ਹੈ।

ਕਹਾਣੀ '**ਸ਼ਹੀਦ**' ਵਿਦਿਆ ਜਿਹੇ ਪਵਿੱਤਰ ਕਾਰਜ ਵਿੱਚ ਆਉਂਦੇ ਨਿਘਾਰ ਨੂੰ ਦਰਸਾਉਂਦੀ ਹੈ। ਹੁਣ ਵਿਦਿਆ ਦੇਣ ਵਾਲੇ ਪ੍ਰਾਈਵੇਟ ਸਕੂਲ ਬਿਜ਼ਨੈਸ ਬਣ ਗਏ ਹਨ। ਇਨ੍ਹਾਂ ਵਿੱਚ ਪੜ੍ਹਾਉਣ ਵਾਲੇ ਅਧਿਆਪਕਾਂ ਵਿੱਚ ਕੋਈ ਉੱਚ ਭਾਵਨਾ ਨਹੀਂ ਰਹੀ। ਆਪਣੇ ਹੀ ਵਿਦਿਆਰਥੀਆਂ ਉਤੇ ਮਾੜੀ ਨਜ਼ਰ ਰੱਖਣ ਵਾਲੇ ਗਿੱਲ ਤੇ ਰਾਮਨਾਥ ਵਰਗੇ ਅਧਿਆਪਕ ਬਥੇਰੇ ਹਨ ਤੇ ਸੁਖਵੰਤ ਕੌਰ ਬਾਂਸਲ ਵਰਗੀਆਂ ਅਧਿਆਪਕਾਵਾਂ, ਜੋ ਇਨ੍ਹਾਂ ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕਾਂ ਨੂੰ ਨੌਕਰੀ ਖਾਤਿਰ ਆਪਣੀ ਮੁੱਠੀ ਵਿੱਚ ਰੱਖਣ ਲਈ ਆਪਣੀ ਲਿਆਕਤ ਨੂੰ ਛੱਡ ਹੋਰ ਸਾਰੇ ਢੰਗ-ਤਰੀਕੇ ਅਜ਼ਮਾਉਂਦੀਆਂ ਹਨ। ਬੁੱਢਾਪੇ ਵਿਚ ਪੈਰ ਪਾਏ ਗਿੱਲ ਲਈ ਇਹ ਸਕੂਲ ਉਸ ਦੀ ਐਸ਼-ਪ੍ਰਸਤੀ ਦਾ ਵੱਡਾ ਸਾਧਨ ਹੈ ਤੇ ਓਹਲਾ ਵੀ। ਪਰ ਜਵਾਨ ਸੁਖਵੰਤ ਕੌਰ ਨਾਲ ਉਸ ਦੀ ਅਤਿਅੰਤ ਨੇੜਤਾ ਉਸ ਦੀ ਜਾਨ ਦਾ ਸਬਬ ਬਣ ਜਾਂਦੀ ਹੈ। ਰਾਤ ਵੇਲੇ ਸੁਖਵੰਤ ਦੇ ਘਰ ਮਰ ਗਏ ਗਿੱਲ ਦੀ ਲਾਸ਼ ਨੂੰ ਉਸ ਦੇ ਘਰ ਪਹੁੰਚਾ ਕੇ, ਉਸ ਦੀ ਇੱਜ਼ਤ ਬਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਪਰ ਉਸ ਦੀ ਬੀਵੀ ਕੁਲਵੰਤ ਨੂੰ ਜਦੋਂ ਸੱਚਾਈ ਦਾ ਪਤਾ ਲੱਗਦਾ ਹੈ ਤਾਂ ਉਹ ਹਕਾਰਤ ਨਾਲ ਗਿੱਲ ਨੂੰ 'ਸ਼ਹੀਦ' ਕਹਿ, ਉਸ ਦੀ ਮੌਤ ਉਤੇ ਰੋਣ ਵਾਲੀ ਮਾਤਾ ਨੂੰ ਮਨ੍ਹਾ ਕਰ ਦੇਂਦੀ ਹੈ। ਸਾਰੀ ਕਹਾਣੀ ਬਹੁਤ ਵਧੀਆ ਚਲਦੀ ਹੈ ਪਰ ਅੰਤ ਉਹ ਪ੍ਰਭਾਵ ਪੈਂਦਾ ਨਹੀਂ ਕਰ ਸਕਿਆ।

ਸੰਗ੍ਰਹਿ ਦੀਆਂ ਹੋਰ ਕਹਾਣੀਆਂ '**ਸੰਸਕ੍ਰਿਤੀ**' ਤੇ '**ਅਪੰਗ**' ਬਾਹਰਲੇ ਮੁਲਕਾਂ ਵਿੱਚ ਪਹੁੰਚਣ ਲਈ ਹਰ ਤਰ੍ਹਾਂ ਦੇ ਹੀਲੇ ਵਰਤਣ ਲਈ ਪੰਜਾਬੀਆਂ ਦੀ ਉਸੀ ਖੁੰਢੀ ਜ਼ਿਹਨੀਅਤ ਨੂੰ ਪੇਸ਼ ਕਰਦੀਆਂ ਹਨ, ਜਿੱਥੇ ਹਰ ਰਿਸ਼ਤਾ-ਨਾਤਾ ਦਮ ਤੋੜ ਜਾਂਦਾ ਹੈ। ਜੇ ਸੰਸਕ੍ਰਿਤੀ ਵਿੱਚ ਬਾਹਰ ਜਾਣ ਲਈ ਰਿਸ਼ਤੇ ਵਿੱਚ ਮਾਮੇ-ਭਾਣਜੀ ਲੱਗਦੇ ਦੇ ਵਿਆਹ ਲਈ ਹੱਥਕੰਢੇ ਵਰਤੇ ਜਾਂਦੇ ਹਨ ਉਥੇ ਅਪੰਗ ਵਿਚਲੇ ਪ੍ਰੇਮੀ-ਪ੍ਰੇਮਿਕਾ ਕਿਸੇ

ਦੂਜੇ ਨਾਲ ਪਹਿਲੇ ਵਿਆਹ ਤੇ ਫਿਰ ਤਲਾਕ ਲੈਣ ਦਾ ਹੱਥ ਕੰਢਾ ਅਪਨਾਉਂਦੇ ਹਨ। ਪਰ ਇਹ ਦੋਵੇਂ ਕਹਾਣੀਆਂ ਕੁੜੀਆਂ ਦੀ ਸੰਵੇਦਨਸ਼ੀਲਤਾ ਨੂੰ ਕਿਤੇ ਨ ਕਿਤੇ ਬਰਕਰਾਰ ਵੀ ਰੱਖਦੀਆਂ ਹਨ, ਕਿਉਂਕਿ ਰਾਜ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਉਸ ਨੇ ਆਪਣੇ ਪਤੀ ਨਾਲ ਪ੍ਰੇਮੀ ਲਈ ਬੇਵਫਾਈ ਕੀਤੀ, ਜਦਕਿ ਉਹ ਉਸ ਨੂੰ ਬਹੁਤ ਪਿਆਰ ਕਰਦਾ ਸੀ। ਪਰ ਇਹ ਗੱਲ ਸੁਣ ਕੇ ਯੂਵੀ ਤੋਂ ਬਰਦਾਸ਼ਤ ਨਹੀਂ ਹੁੰਦੀ, ਪਤੀ ਤਾਂ ਸਰੀਰਕ ਪੱਖੋਂ ਅਪੰਗ ਸੀ, ਪ੍ਰੇਮੀ ਤਾਂ ਮਾਨਸਿਕ ਪੱਖੋਂ ਅਪੰਗ ਨਿਕਲਿਆ। ਭਾਣਜੀ ਨੇ ਵੀ ਰਿਸ਼ਤੇ ਦੇ ਮਾਮੇ ਤੋਂ ਆਪਣਾ ਆਪ ਬਚਾ ਕੇ ਭਾਰਤੀ ਸੰਸਕ੍ਰਿਤੀ ਨੂੰ ਢਾਹ ਨਹੀਂ ਲੱਗਣ ਦਿੱਤੀ, ਜਦਕਿ ਉਹ ਬਾਹਰਲਾ ਮੁਲਕ ਵਿੱਚ ਜੰਮੀ-ਪਲੀ ਸੀ ਤੇ ਉਸ ਦੀ ਚਾਚੀ ਨੂੰ ਇੰਡੀਆ ਰਹਿੰਦੇ ਵੀ ਆਪਣੀ ਸੰਸਕ੍ਰਿਤੀ ਭੁੱਲ ਚੁੱਕੀ ਹੈ। ਕਹਾਣੀ ਵਿਚਲਾ ਵਿਅੰਗ ਪ੍ਰਭਾਵ ਛੱਡਦਾ ਹੈ।

**'ਪਰਉਪਕਾਰ'** ਦੇ ਨਾਂ ਉਤੇ ਇਕ ਹੋਰ ਰਿਸ਼ਤੇ ਦੇ ਮਾਮੇ ਨੇ ਭਾਣਜੀ ਨੂੰ ਬੁਰੀ ਤਰ੍ਹਾਂ ਵਰਤਿਆ, ਕਿਉਂਕਿ ਉਸ ਘਰ ਦੇ ਹਾਲਾਤ ਬਹੁਤ ਮਾੜੇ ਹੋ ਗਏ ਸਨ। ਮੁਸ਼ਕਿਲ ਨਾਲ ਉਸ ਦੇ ਚੁੰਗਲ ਵਿਚੋਂ ਨਿਕਲ ਕੇ ਹਰਜੋਤ ਆਪਣੀ ਘਰ-ਗ੍ਰਹਿਸਥੀ ਵਸਾ ਸਕੀ। ਕਿਸੇ ਹੋਰ ਬੁੱਢੇ ਦੇ ਇੱਕਲੇਪਨ ਨੂੰ ਦੂਰ ਕਰਨ ਦਾ ਖਿਆਲ ਆਉਂਦੇ ਹੀ ਉਸ ਨੂੰ 'ਮਾਮੇ' ਦੀ ਯਾਦ ਆ ਗਈ। ਆਪਣਿਆਂ ਵਲੋਂ ਹੀ ਮਜ਼ਬੂਰੀ ਦਾ ਫਾਇਦਾ ਚੁੱਕਣ ਵਾਲੇ ਇਸ ਦੇਸ ਵਿੱਚ ਥਾਂ-ਥਾਂ ਤੇ ਮੌਜੂਦ ਹਨ। ਜਿਸ ਨੂੰ ਉਹ 'ਅਹਿਸਾਨ ਜਾਂ ਪਰੋਪਕਾਰ' ਦਾ ਨਾਂ ਝੱਟ ਦੇ ਦੇਂਦੇ ਹਨ।

ਬਲਦੇਵ ਸਿੰਘ ਢੀਂਡਸਾ ਦੀਆਂ ਕਹਾਣੀਆਂ ਅੱਜ ਦੇ ਹਾਲਾਤਾਂ ਵਿੱਚ ਬੁਰੀ ਤਰ੍ਹਾਂ ਫੱਸੇ ਤੇ ਵਿਵਸਥਾ ਵਿੱਚ ਧੱਸੇ ਬੰਦਿਆਂ ਦੀ ਬੇਬਸੀ ਤੇ ਮਜ਼ਬੂਰੀ ਨੂੰ ਕਹਾਣੀਆਂ ਰਾਹੀਂ ਸਾਡੇ ਸਾਹਮਣੇ ਲਿਆਉਂਦੀਆਂ ਹਨ। ਇੱਥੋ 'ਛੋਟੀ ਜਾਤ' ਦੇ ਨੀਵੇਂਪਨ ਦੀ ਬਜਾਏ ਸਵਾਰਥ ਤੇ ਲਾਲਚ ਦਾ 'ਨੀਚਪਨ' ਵਧੇਰੇ ਫੈਲਿਆ ਹੋਇਆ ਹੈ। ਜਿਸ ਅਧੀਨ ਪੈਸੇ ਵਾਲਿਆਂ ਦੇ ਚਰਿੱਤਰ ਵੀ ਤਾਰ-ਤਾਰ ਹੋਏ ਦਿੱਸਦੇ ਹਨ। ਔਰਤ ਨਾਲ ਸਭ ਤੋਂ ਜ਼ਿਆਦਾ ਬੇਇਨਸਾਫੀ ਉਸ ਦਾ ਪਰਿਵਾਰ ਕਰਦਾ ਹੈ, ਭਾਵੇਂ ਪਿਤਾ ਹੋਵੇ ਜਾਂ ਫਿਰ ਪਤੀ। ਪਰ ਉਨ੍ਹਾਂ ਦੇ ਖਿਲਾਫ਼ ਕਿਹੜੀ ਅਦਾਲਤ ਵਿੱਚ ਮੁੱਕਦਮਾ ਦਾਇਰ ਕੀਤਾ ਜਾ ਸਕਦਾ ਹੈ। 'ਮੀ-ਲਾਰਡ' ਵਿਚਲੀ ਸੁਤੰਤਰਕੌਰ ਨੂੰ ਘਰਦਿਆਂ ਨੇ ਸੁਤੰਤਰ ਰਹਿਣ ਹੀ ਨਹੀਂ ਦਿੱਤਾ। ਉਸ ਦੀਆਂ ਆਸਾਵਾਂ ਤੇ ਉਮੰਗਾਂ ਦਾ ਕਤਲ ਕਰ ਦਿੱਤਾ। ਉਹ ਕਿੱਥੇ ਜਾ ਕੇ ਦੁਹਾਈ ਦੇਵੇ। ਕਿਸ ਤੋਂ ਇਨਸਾਫ਼ ਦੀ ਉੱਮੀਦ ਕਰੇ। ਵਕਤ ਪੈਣ ਤੇ ਉਸ ਨੇ ਦਾਦੀ ਹੋ ਕੇ ਆਪਣੀ ਪੋਤਰੀ ਦੀ ਆਜ਼ਾਦੀ ਦੀ, ਉਸ ਦੀ ਅਸਮਤ ਦੀ ਰੱਖਿਆ ਕੀਤੀ। ਹੁਣ ਜੇ ਕੋਈ ਅਦਾਲਤ ਉਸ ਨੂੰ ਗੁਨਾਹਗਾਰ ਠਹਿਰਾਏ ਵੀ ਤਾਂ ਉਸ ਨੂੰ ਕੋਈ ਅਫ਼ਸੋਸ ਨਹੀਂ।


ਆਪਣੀਆਂ ਕਹਾਣੀਆਂ ਵਿੱਚ ਲੇਖਕ ਨੇ ਸੁਫਨੇ ਨੂੰ, ਮਨਬਚਨੀ ਨੂੰ ਜੁਗਤ ਵਜੋਂ ਵਰਤਿਆ ਹੈ। ਵਿਅੰਗ ਉਸ ਦੀ ਕਹਾਣੀ ਦਾ ਇਕ ਹੋਰ ਪੱਖ ਹੈ। ਔਰਤ-ਮਰਦ ਸਾਰੇ ਅੱਜ ਦੇ ਸਮੇਂ ਵਿੱਚ ਹਾਲਾਤਾਂ ਦੇ ਸ਼ਿਕਾਰ ਹੋ ਰਹੇ ਹਨ। ਦੁਖ ਦੀ ਗੱਲ ਹੈ ਕਿ ਸਥਿਤੀਆਂ ਦੇ ਵਿਊ ਸੌਖੇ ਕਿਤੇ ਬਾਹਰ ਨਿਕਲਣ ਦਾ ਹੱਲ ਨਹੀਂ ਸੁਝਾਉਂਦੇ। ਭਾਸ਼ਾ ਨੂੰ ਥੋੜਾ ਮਾਂਜਣਾ ਜ਼ਰੂਰੀ ਜਾਪਦਾ ਹੈ। ਪੁਸਤਕ ਦੀ ਦਿੱਖ ਚੰਗੀ ਹੈ ਪਰ ਪਰੂਫ਼ ਦੀਆਂ ਗਲਤੀਆਂ ਦੀ ਭਰਮਾਰ ਹੈ।

/ ਮੋ. 9868182835



# ਅਜਮੇਰ ਸਿੱਧੂ ਦਾ ਕਥਾ-ਕੈਨਵਸ-ਸਿਰਜਣਾ ਤੇ ਸਰੋਕਾਰ

**ਡਾ. ਸਤਿੰਦਰ ਸਿੰਘ ਰੈਬੀ**




1991 ਈਂ ਵਿਚ ਸੋਵੀਅਤ ਯੂਨੀਅਨ ਦੇ ਵਿਭਾਜਨ ਨਾਲ ਸਮਾਜਵਾਦੀ ਬਲਾਕ ਦੇ ਖੇਰੂੰ-ਖੇਰੂੰ ਹੋ ਜਾਣ ਦੇ ਨਤੀਜੇ ਵਜੋਂ ਜਿਥੇ ਪੂੰਜੀਵਾਦੀ ਪ੍ਰਬੰਧ ਨੇ ਆਪਣੀਆਂ ਨਵ-ਪੂੰਜੀਵਾਦੀ ਨੀਤੀਆਂ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ੇਸ਼ਕਰ ਵਿਸ਼ਵੀਕਰਨ ਰਾਹੀਂ ਸਮੁੱਚੇ ਵਿਸ਼ਵ ਉਪਰ ਆਪਣਾ ਏਕਾਧਿਕਾਰ ਸਥਾਪਿਤ ਕਰਨਾ ਆਰੰਭ ਕੀਤਾ ਉਸੇ ਨਾਲ ਹੀ ਸੋਵੀਅਤ ਯੂਨੀਅਨ ਦੇ ਵਿਭਾਜਨ ਨੂੰ ਮਾਰਕਸਵਾਦੀ ਵਿਚਾਰਧਾਰਾ ਅਤੇ ਸਮਾਜਵਾਦੀ ਪ੍ਰਬੰਧ ਦੇ ਖਾਤਮੇ ਵਜੋਂ ਵੀ ਪ੍ਰਚਾਰਿਆ ਪ੍ਰਸਾਰਿਆ ਜਾਣ ਲੱਗਾ। ਸਥਾਨਕ ਸਰਕਾਰਾਂ ਪੂੰਜੀਵਾਦੀ ਮੁਲਕਾਂ ਦੇ ਪ੍ਰਲੋਭਨਾਂ ਅਥਵਾ ਦਬਾਵਾਂ ਵਿਚ ਆ ਅਤੇ ਆਪਣੇ ਸੌੜੇ ਰਾਜਸੀ ਤੇ ਆਰਥਿਕ ਹਿੱਤਾਂ ਕਰਕੇ 'ਦਲਾਲ' ਦੀ ਭੂਮਿਕਾ ਵਿਚ ਆ ਆਪਣੀ ਹੀ ਜਨਤਾ ਵਿਰੋਧੀ ਨੀਤੀਆਂ ਨੂੰ ਲਾਗੂ ਕਰਦੀਆਂ ਹਨ। ਲੰਮੇ ਸੰਘਰਸ਼ਾਂ ਉਪਰੰਤ ਮਿਹਨਤਕਸ਼ਾਂ ਦੁਆਰਾ ਲਾਗੂ ਕਰਵਾਏ ਗਏ ਕਿਰਤ ਦੇ ਕਾਨੂੰਨਾਂ ਵਿਚ ਢਿੱਲ ਦਿੱਤੀ ਜਾਣ ਲਗਦੀ ਹੈ। ਵਿਦੇਸ਼ੀ ਕੰਪਨੀਆਂ ਨੂੰ ਭਾਰਤ ਵਿਚ ਸਸਤੀ ਲੇਬਰ ਦੇ ਪ੍ਰਲੋਭਨ ਦਿੱਤੇ ਜਾਣ ਲਗਦੇ ਹਨ। ਕੌਡੀਆਂ ਦੇ ਭਾਅ ਜ਼ਮੀਨਾਂ ਤੇ ਜੰਗਲ ਕੁਦਰਤੀ ਸਰੋਤ ਨਿੱਜੀ ਕਾਰਪੋਰੇਸ਼ਨਾਂ ਨੂੰ ਦਿੱਤੇ ਜਾਣ ਲਗਦੇ ਹਨ। ਲੋਕ ਵਿਰੋਧਾਂ ਦਾ ਦਮਨ ਕਰਨਾ ਸਥਾਨਕ ਸੱਤਾ ਧਿਰਾਂ ਆਪਣਾ 'ਫਰਜ' ਸਮਝਦੀਆਂ ਹਨ।

ਇਲੈਕਟ੍ਰਾਨਿਕ ਮੀਡੀਆ ਅਤੇ ਕੰਪਿਊਟਰ ਜਿਹੇ ਤਕਨੀਕੀ ਸਾਧਨ ਜਿਨ੍ਹਾਂ ਰਾਹੀਂ 'ਸੂਚਨਾ ਕ੍ਰਾਂਤੀ ਆਉਣ ਦਾ ਨਵਾਂ ਮਿਥਿਕ ਸਿਰਜਿਆ ਗਿਆ, ਉਪਰ ਸਰਮਾਏਦਾਰੀ ਅਤੇ ਉਨ੍ਹਾਂ ਦੀਆਂ ਜੋਟੀਦਾਰ ਸੱਤਾਧਿਰਾਂ ਵਲੋਂ ਸਿੱਧੇ-ਅਸਿੱਧੇ ਰੂਪ ਵਿਚ ਕਾਬਜ਼ ਹੋ ਇਸਨੂੰ ਪੂੰਜੀਵਾਦੀ ਨੀਤੀਆਂ ਅਤੇ ਪੂੰਜੀਵਾਦੀ ਜੀਵਨ-ਜਾਚ ਭਾਵ ਕਿ ਖਪਤਵਾਦੀ ਸਭਿਆਚਾਰ ਦੇ ਪ੍ਰਚਾਰ ਪ੍ਰਸਾਰ ਲਈ ਵਰਤਿਆ ਜਾਣ ਲੱਗਾ ਹੈ। ਅੱਜ ਦੇ ਸਮੇਂ ਵਿਚ ਇਹ ਵਰਤਾਰਾ ਏਨਾ ਪ੍ਰਭਾਵੀ ਹੈ ਕਿ ਚਿੰਤਕਾਂ ਦੇ ਕਹਿਣ ਅਨੁਸਾਰ ਟੀ. ਵੀ. ਨੇ ਸਾਡੇ ਘਰ ਪੂੰਜੀਵਾਦ ਦੀ ਸਿੱਖਿਆ ਲਈ 'ਕਲਾਸ ਰੂਮ' ਵਿਚ ਬਦਲ ਲਏ ਹਨ। ਸਥਾਨਕ ਸਮਾਜ-ਸਭਿਆਚਾਰਾਂ ਦੇ ਹਰੇਕ ਮਾਨਵੀ ਮੁੱਲ, ਬੌਧਿਕਤਾਵਾਂ, ਭਾਸ਼ਾ, ਪਹਿਰਾਵਾ, ਖਾਣ-ਪੀਣ, ਜੀਵਨ-ਜਾਚ, ਆਦਤਾਂ, ਸੁਭਾਅ, ਸੋਚ ਦੇ ਪੈਟਰਨ ਨੂੰ ਦਕਿਆਨੂਸੀ ਕਹਿ ਕੇ ਨਕਾਰਿਆ ਜਾਣ ਲਗਦਾ ਹੈ, ਉਸਦੀ ਥਾਂ ਬਜ਼ਾਰੀ ਰਹਿਣ-ਸਹਿਣ, ਬਜ਼ਾਰੀ ਖਾਣ-ਪੀਣ, ਬ੍ਰਾਂਡ ਅਤੇ ਬਜ਼ਾਰੀ ਸੋਚ ਵਿਧਾਨ ਨੂੰ 'ਵਡਿਆ' ਕੇ ਲੋਕ ਮਨਾਂ ਵਿਚ ਸਥਾਪਿਤ ਕੀਤਾ ਜਾਣ ਲਗਦਾ ਹੈ। ਹਾਂ, ਉਨ੍ਹਾਂ ਸਮਾਜਾਂ-ਸਭਿਆਚਾਰਾਂ

ਦੇ ਬਜ਼ਾਰੀ ਅਹਿਮੀਅਤ ਵਾਲੇ ਤੱਤਾਂ ਨੂੰ ਨਿਖੇੜ ਕੇ 'ਪ੍ਰੋਡਕਟ ਵਾਂਗ ਵੇਚਿਆ ਵਰਤਿਆ ਜਾਣ ਲਗਦਾ ਹੈ। ਗਿੱਧਾ, ਭੰਗੜਾ, 'ਜੱਟ' ਸ਼ਬਦ, ਭਗਤ ਸਿੰਘ ਦੀ ਤਸਵੀਰ ਆਦਿਕ ਸਭ ਪ੍ਰੋਡਕਟ ਬਣਾ ਲਏ ਗਏ ਹਨ। 'ਚੰਮ ਦੀ ਗੁੱਡੀ 'ਤੋਂ ਸੰਪੂਰਨ ਮਨੁੱਖਾ ਹੋਂਦ ਵਜੋਂ ਖ਼ੁਦ ਨੂੰ ਪ੍ਰਵਾਨਿਤ ਕਰਵਾਉਣ ਲਈ ਲੰਮੇ ਸੰਘਰਸ਼ ਵਿਚੋਂ ਨਿਕਲ ਕੇ ਆਈ ਔਰਤ ਨੂੰ ਮੁੜ 'ਤਰਾਸ਼ੇ ਬਦਨ' ਤੱਕ ਘਟਾ ਲੈਣ ਲਈ ਬਾਜ਼ਾਰ ਤੇ ਸਰਮਾਏਦਾਰੀ ਦੋਵੇਂ ਤਤਪਰ ਹਨ। ਜਨ-ਚੇਤਨਾ ਨੂੰ ਬੜੇ ਵਿਵਸਥਿਤ ਤਰੀਕੇ ਨਾਲ ਖੁੰਡਿਆਂ ਕੀਤਾ ਜਾ ਰਿਹਾ ਹੈ।

ਗਨੀਮਤ ਹੈ ਕਿ ਨਵ-ਪੂੰਜੀਵਾਦ, ਨਵ-ਸਾਮਰਾਜਵਾਦ, ਨਵ-ਮਨੂੰਵਾਦ, 'ਸੂਚਨਾ ਕ੍ਰਾਂਤੀ' ਦੇ ਇਸ 'ਭਰਮਾਊ' ਤੇ ਧੌਂਸਵਾਦੀ ਦੌਰ ਵਿਚ ਵੀ ਸਾਹਿਤ ਅਤੇ ਸਾਹਿਤਕਾਰਾਂ ਦੀ ਵੱਡੀ ਧਿਰ ਮਾਨਵੀ ਸਰੋਕਾਰਾਂ ਨਾਲ ਜੁੜੀ ਰਹਿ ਕੇ ਲੋਕ ਚੇਤਨਾ ਦੀ ਵਾਹਕ ਬਣੀ ਹੋਈ ਹੈ। ਵਿਸ਼ਵੀਕਰਨ ਦੇ ਇਸ ਲੁਭਾਊ ਤਲਿੱਸਮ ਨੂੰ ਭੇਦ ਕੇ ਇਸਦੇ ਅਮਾਨਵੀ ਚਿਹਰੇ ਨੂੰ ਬੇਪਰਦ ਕਰਨ ਦੀ ਜ਼ਿੰਮੇਵਾਰੀ ਇਸਨੇ ਆਪਣੇ ਸਿਰ ਲਈ ਹੋਈ ਹੈ। ਅਜਿਹੀ ਜਿੰਮੇਵਾਰੀ ਹੀ ਇਸ ਦੌਰ ਦਾ ਸਮਰੱਥ ਤੇ ਪ੍ਰਵਾਨਿਤ ਕਹਾਣੀਕਾਰ ਅਜਮੇਰ ਸਿੱਧੂ ਆਪਣੀਆਂ ਕਹਾਣੀਆਂ ਰਾਹੀਂ ਨਿਭਾਅ ਰਿਹਾ ਹੈ। ਉਸਨੇ ਆਪਣੇ ਤਿੰਨ ਕਹਾਣੀ ਸੰਗ੍ਰਿਹਾਂ-ਨਚੀਕੇਤਾ ਦੀ ਮੌਤ (1998), ਖ਼ੂਹ ਗਿੜਦਾ ਹੈ (2004), ਖ਼ੁਸ਼ਕ ਅੱਖ ਦਾ ਖ਼ਾਬ (2013) ਰਾਹੀਂ ਵਸਤੂਗਤ, ਦ੍ਰਿਸ਼ਟੀਮੂਲਕ ਅਤੇ ਸ਼ਿਲਪਕਾਰੀ ਦੇ ਪਹਿਲੂਆਂ ਤੋਂ ਆਪਣੇ ਪ੍ਰਬੁੱਧ ਅਤੇ ਪ੍ਰਬੀਨ ਹੋਣ ਦਾ ਪ੍ਰਮਾਣ ਦਿੱਤਾ ਹੈ। ਕਹਾਣੀ ਤੋਂ ਛੁੱਟ ਉਸਨੇ ਦਰਸ਼ਨ ਦੁਸਾਂਝ ਅਤੇ ਬਾਬਾ ਬੂਝਾ ਸਿੰਘ ਜਿਹੇ ਇਨਕਲਾਬੀਆਂ ਦੀ ਜੀਵਨੀ ਲਿਖਣ ਅਤੇ ਵਿਗਿਆਨਕ ਲੇਖ ਲਿਖਣ ਦਾ ਅਹਿਮ ਕਾਰਜ ਵੀ ਕੀਤਾ ਹੈ। ਹੁਣ ਤੱਕ ਉਹ ਕਈ ਸਾਰੇ ਵੱਕਾਰੀ ਪੁਰਸਕਾਰਾਂ ਨਾਲ ਸਨਮਾਨਿਤ ਹੋ ਚੁੱਕਾ ਹੈ।

ਅਜਮੇਰ ਸਿੱਧੂ ਉਸ ਇਤਿਹਾਸਕ ਕਾਲ-ਖੰਡ ਵਿਚਲੇ ਪੰਜਾਬੀ ਸਮਾਜ ਅਤੇ ਪੰਜਾਬੀ ਮਨੁੱਖ ਨੂੰ ਆਪਣੀਆਂ ਕਹਾਣੀਆਂ ਦਾ ਅਧਾਰ ਬਣਾਉਂਦਾ ਹੈ ਜਿਹੜਾ ਇਕ ਪਾਸੇ ਆਪਣੀ ਸਮਾਜ-ਸੰਸਕ੍ਰਿਤੀ ਵਿਚਲੇ ਅਮਾਨਵੀ ਪਹਿਲੂਆਂ-ਜਾਤੀ ਅਵਚੇਤਨ, ਔਰਤ ਦੀ ਹਾਸ਼ੀਆਗਤ ਸਥਿਤੀ, ਸੰਪ੍ਰਦਾਇਕ ਕੱਟੜਪੁਣੇ, ਪੁਰੋਹਿਤਵਾਦ, ਧਰਮ ਦੇ ਨਾਂ ਤੇ ਹੁੰਦੀ ਭਾਵਨਾਤਮਕ ਅਤੇ ਆਰਥਿਕ ਲੁੱਟ, ਅੰਧ ਵਿਸ਼ਵਾਸ ਜਿਹੇ ਮਸਲਿਆਂ ਨਾਲ ਜੂਝ ਰਿਹਾ ਹੈ ਤਾਂ ਦੂਜੇ ਪਾਸੇ ਵਿਸ਼ਵੀਕਰਨ ਆਪਣੀਆਂ ਲੋਟੂ ਆਰਥਿਕ ਚਾਲਾਂ, ਖੁੱਲ-ਖੇਡ ਤੇ ਐਸ਼ ਪ੍ਰਸਤੀ ਵਾਲੀ ਜੀਵਨ ਜਾਚ, ਵਸਤਪਨ ਖਪਤਵਾਦੀ ਸਭਿਆਚਾਰ, ਨਵੇਂ ਮਿੱਥਿਕਾਂ ਤੇ ਭਰਮਾਂ ਸਮੇਤ ਆਪਣੇ ਤਲਿੱਸਮੀ ਰੂਪ ਵਿਚ ਉਸਦੇ ਜੀਵਨ ਦੇ ਹਰੇਕ ਪਹਿਲੂ ਉਪਰ ਕਾਬਜ਼ ਹੋ ਜਾਣ ਲਈ ਤਿਆਰ ਹੈ। ਉਸਨੂੰ ਚੂਸ ਕੇ ਸੁੱਟ ਦੇਣ ਦੇ ਖਤਰਨਾਕ ਇਰਾਦੇ ਨਾਲ। ਪੰਜਾਬੀ ਮਨੁੱਖ ਇਨ੍ਹਾਂ ਤਮਾਮ ਸੰਕਟਾਂ ਤੇ ਸਮੱਸਿਆਵਾਂ ਵਿਚ ਪਿਆ ਕਿਵੇਂ ਤਣਾਓ ਭੋਗਦਾ ਹੈ, ਟੁੱਟਦਾ, ਤਿੜਕਦਾ ਜਾਂ ਇਨ੍ਹਾਂ ਨਾਲ ਜੂਝਦਾ ਹੈ ਕਹਾਣੀਕਾਰ ਉਸਦੇ ਮਨੋ-ਸੰਕਟਾਂ ਅਥਵਾ ਪ੍ਰਤਿਕਰਮ ਤੇ ਵੀ ਵਿਸ਼ੇਸ਼ ਤਵੱਜੋ ਦਿੰਦਾ ਹੈ। ਉਸਦੇ ਫ਼ਿਕਰ ਦਾ ਮਰਕਜ਼ ਨਵ-ਪੂੰਜੀਵਾਦ ਦੇ ਇਸ ਦੌਰ ਵਿਚ ਕਈ ਤਰ੍ਹਾਂ ਦੇ ਦਬਾਵਾਂ ਤੇ ਤਣਾਵਾਂ ਵਿਚ ਤਿੜਕ ਅਤੇ ਭਰਮਾਂ ਵਿਚ ਭਟਕ ਨਸ਼ਿਆਂ, ਸੈਕਸ, ਫਿਜ਼ੂਲ ਖਰਚੀ, ਦਿਖਾਵੇ, ਕਾਮਨਾਵਾਂ ਅਤੇ ਉਤੇਜਨਾਵਾਂ ਦੀ ਵਿਚਲਿਤ ਕੀਤੀ ਸਰੀਰਿਕ ਤੇ ਮਾਨਸਿਕ ਤੌਰ ਤੇ ਬਿਮਾਰ ਹੋ ਰਹੀ ਨੌਜਵਾਨ ਪੀੜ੍ਹੀ ਵੀ ਹੈ। ਪਿਤਰਕੀ ਬੰਧੇਜ਼ਾਂ 'ਚ ਫਾਹੀ ਪੰਜਾਬੀ ਔਰਤ ਵੀ, ਧਰਮ ਦੇ ਅਡੰਬਰੀ ਤੇ ਸੰਸਥਾਗਤ ਰੂਪ ਦੀ ਭਰਮਾਈ ਪੰਜਾਬੀ ਚੇਤਨਾ ਵੀ, ਅਤੇ ਪੰਜਾਬੀ ਅਵਚੇਤਨ ਵਿਚ ਅਟਕੀ ਪਈ ਜਾਤ ਪਾਤ ਵੀ ਅਤੇ ਪੰਜਾਬੀ ਸਮਾਜ ਦੀ ਮੁੱਖਧਾਰਾ ਵਲੋਂ ਦਲਿਤ, ਮੁਸਲਿਮ, ਨਾਰੀ ਆਦਿਕ ਹਾਸ਼ੀਆਗਤ ਹੋਂਦਾਂ ਨੂੰ ਦਰਪੇਸ਼ ਸੰਕਟਾਂ ਨੂੰ ਵੀ ਉਸ ਦੀ ਸਿਰਜਣਾ ਦੇ ਸਰੋਕਾਰ ਬਣਦੇ ਹਨ।

ਅਜਮੇਰ ਸਿੱਧੂ ਦੇ ਕਥਾ-ਬਿਰਤਾਂਤ ਬਹੁ ਸੁਰੀ ਹਨ। ਡਾ. ਰਜਿੰਦਰਪਾਲ ਸਿੰਘ ਮੁਤਾਬਿਕ ਉਸਦੀ ਕਹਾਣੀ ਇਕੋ ਸਮੇਂ ਕਈ ਸਮੱਸਿਆਵਾਂ ਨੂੰ ਹੱਥ ਪਾਉਣ ਵਾਲੀ ਹੈ।[1] ਇੰਜ ਹੀ ਪ੍ਰੋ. ਜੇ. ਬੀ. ਸੇਖੋਂ ਇਸ ਪਹਿਲੂ ਤੋਂ ਉਸਦੀ ਕਹਾਣੀ ਨੂੰ 'ਸੰਯੁਕਤ ਵਿਸ਼ਾ ਪ੍ਰਬੰਧ'[2] ਵਾਲੀ ਕਹਾਣੀ ਵਜੋਂ ਪਛਾਣਦਾ ਹੈ। ਸਿੱਧੂ ਦੀ



ਕਥਾਕਾਰੀ ਦਾ ਇਹ ਗੁਣ ਉਸਨੂੰ ਪੂਰਬਲੀ ਤੇ ਸਮਕਾਲੀ ਪੰਜਾਬੀ ਕਹਾਣੀ ਨਾਲੋਂ ਵਿਲੱਖਣ ਬਣਾ ਦਿੰਦਾ ਹੈ। ਚੌਥੇ ਪੜਾਅ ਤੇ ਵੀ ਸਾਨੂੰ 'ਵਿਸ਼ੇਸ਼ ਰੰਗ' ਵਾਲੀ ਕਹਾਣੀ ਬਹੁਤਾਤ ਵਿਚ ਮਿਲ ਜਾਵੇਗੀ। ਪੇਂਡੂ ਕਿਸਾਨੀ ਦੀ ਕਹਾਣੀ, ਸ਼ਹਿਰੀ ਮੱਧ ਸ਼੍ਰੇਣੀ ਦੀ ਕਹਾਣੀ, ਦਲਿਤ ਕਹਾਣੀ, ਨਾਰੀਵਾਦੀ ਕਹਾਣੀ, ਯਥਾਰਥਵਾਦੀ ਕਹਾਣੀ, ਮਨੋਵਿਗਿਆਨਕ ਕਹਾਣੀ। ਇਹ ਦੌਰ ਬਿਰਤਾਂਤ ਨੂੰ 'ਪ੍ਰਵਚਨ' ਵਿਚ ਢਾਲਣ ਦਾ ਦੌਰ ਹੈ। ਸਿੱਧੂ ਦੀ ਕਹਾਣੀ ਨੂੰ ਵੀ ਸੰਪੂਰਨ ਰੂਪ ਵਿਚ 'ਸੰਯੁਕਤ ਵਿਸ਼ਾ ਪ੍ਰਬੰਧ ਵਾਲੀ ਕਹਾਣੀ ਕਹਿਣਾ ਜ਼ਰਾ ਮੁਸ਼ਕਿਲ ਹੈ ਪਰ ਨਿਸ਼ਚੇ ਹੀ ਉਹ ਇਕ ਕੇਂਦਰੀ ਵਿਸ਼ੇ ਵਿਚ ਪ੍ਰਤੀਕਾਂ, ਸੰਕੇਤਾਂ, ਵਾਰਤਾਲਾਪਾਂ ਜਾਂ ਹੋਰਨਾਂ ਜੁਗਤਾਂ ਰਾਹੀਂ ਕੁਝ ਹੋਰ ਵਿਸ਼ਿਆਂ ਨੂੰ 'ਗੌਣ' ਰੂਪ ਵਿਚ ਦਰਜ ਕਰਦਾ ਜਾਂਦਾ ਹੈ, ਜਿਸ ਨਾਲ ਉਹ ਬਿਰਤਾਂਤ ਦੇ ਕੈਨਵਸ ਦੀ 'ਇਕਾਗਰਤਾ' ਨੂੰ ਭੰਗ ਕਰਦਾ ਜਾਂਦਾ ਹੈ। ਮਸਲਨ **'ਖ਼ੂਹ ਘਿੜਦਾ ਹੈ'** ਕਹਾਣੀ ਵਿਚ ਉਹ ਨੌਜਵਾਨ ਪੀੜ੍ਹੀ ਦੇ ਨਸ਼ਿਆਂ ਵਿਚ ਪੈਣ ਦੇ ਸੰਕਟ ਦੇ ਨਾਲ ਨਾਲ ਬਾਲ ਮਨ ਉਪਰ ਪੜ੍ਹਾਈ ਦੇ ਬੋਝ, ਵਿਦਿਅਕ ਪ੍ਰਬੰਧ ਦਾ ਨਿੱਜੀਕਰਨ, ਬੁਰਜੁਆ ਪੜ੍ਹਾਈ ਬਨਾਮ ਇਨਕਲਾਬੀ ਸਾਹਿਤ, ਖੱਬੇ ਪੱਖੀ ਵਿਚਾਰਧਾਰਾ ਵਾਲੇ ਮਨੁੱਖ ਦੀ ਲਲਕ, ਮੀਡੀਆ ਦੀ ਜਨ ਚੇਤਨਾ ਵਿਰੋਧੀ ਭੂਮਿਕਾ, ਬਜ਼ੁਰਗ ਪੀੜ੍ਹੀ ਦਾ ਸੰਕਟ ਜਿਹੇ ਕਈ ਮਸਲੇ ਨਿੱਕੇ ਨਿੱਕੇ ਵੇਰਵਿਆਂ, ਸੰਕੇਤਾਂ, ਵਾਰਤਾਲਾਪਾਂ, ਮਨੋਬਚਨੀਆਂ ਰਾਹੀਂ ਉਭਾਰੇ ਗਏ ਹਨ।

ਬਿਰਤਾਂਤਕਾਰੀ ਵੇਲੇ ਸਿੱਧੂ ਦੀ ਮੁੱਖ ਟੇਕ ਕਿਸੇ ਸਮੱਸਿਆ ਜਾਂ ਪ੍ਰਸਥਿਤੀਆਂ ਦੇ ਬਹਿਰੂਨੀ ਘਟਨਾਵੀਂ ਵਰਣਨ ਉਪਰ ਨਹੀਂ ਹੁੰਦੀ ਬਲਕਿ ਉਸਦੀ ਦਿਲਚਸਪੀ ਪ੍ਰਸਥਿਤੀਆਂ ਵਿਚ ਪਏ ਪਾਤਰ ਦੇ ਮਨ ਵਿਚ ਚਲਦੇ 'ਕੁਰੂਕਸ਼ੇਤਰ' ਵਾਲੇ ਯੁੱਧ ਨੂੰ ਜਾਣਨ ਤੇ ਸਿਰਜਣ ਵਿਚ ਹੁੰਦੀ ਹੈ। ਉਸਦੀ ਬਿਰਤਾਂਤਕਾਰੀ ਦੇ ਇਸ ਅਹਿਮ ਪਹਿਲੂ ਨੂੰ ਪਛਾਣਦਿਆਂ ਡਾ. ਸੁਖਵਿੰਦਰ ਸਿੰਘ ਰੰਧਾਵਾ ਲਿਖਦਾ ਹੈ, "ਉਹ ਗੁੰਝਲਦਾਰ ਯਥਾਰਥ ਵਰਤਾਰਿਆਂ ਅੰਦਰਲੇ ਵਿਰੋਧਾਭਾਸੀ ਸੱਚ ਨੂੰ ਪਾਤਰਾਂ ਦੀਆਂ ਅਵਚੇਤਨੀ ਕਿਰਿਆਵਾਂ ਪ੍ਰਤਿਕਿਰਿਆਵਾਂ ਰਾਹੀਂ ਬਹੁਤ ਹੀ ਉਤਕ੍ਰਿਸ਼ਟ ਰੂਪ ਵਿਚ ਉਭਾਰਦਾ ਹੈ।[3]

ਸਿੱਧੂ ਦੀ ਬਿਰਤਾਂਤਕਾਰੀ ਦੀ ਅਹਿਮ ਵਿਧੀ ਕਿਸੇ ਸਥਾਪਿਤ ਧਾਰਨਾਂ ਅਥਵਾ ਵਿਸ਼ਵਾਸ ਨੂੰ ਇਕ ਵਿਸ਼ੇਸ਼ ਸਥਿਤੀ ਵਿਚ ਉਸਾਰ ਕੇ ਉਸ ਅੰਦਰਲੇ ਵਿਰੋਧਾਭਾਸਾਂ ਨੂੰ ਉਜਾਗਰ ਕਰਨਾ ਅਤੇ ਉਨ੍ਹਾਂ ਨੂੰ ਵਿਗਿਆਨਕ, ਤਾਰਕਿਕ ਤੇ ਮਾਰਕਸਵਾਦੀ ਵਿਚਾਰਧਾਰਾ ਦੇ ਨਜ਼ਰੀਏ ਤੋਂ ਵਿਸਥਾਪਿਤ ਕਰ ਨਵਾਂ ਪਹਿਲੂ ਸਥਾਪਿਤ ਕਰਨ ਦੀ ਹੈ। ਉਹ ਸਥਾਪਿਤ ਅਥਵਾਂ ਪ੍ਰਵਾਨੇ ਪਛਾਣੇ ਹੋਏ ਨੂੰ ਉਲਟਾਅ ਕੇ ਦੇਖਦਾ ਹੈ। ਇੰਜ ਸਥਿਤੀ ਦੇ ਸੱਜਰੇ ਤੇ ਅ-ਪਹਿਚਾਣੇ ਪਾਸਾਰ ਪਾਠਕ ਸਾਹਵੇਂ ਖੁੱਲ੍ਹਣ ਲਗਦੇ ਹਨ। ਉਸਦੀ ਬਾਰੀਕ ਤਿਰਛੀ ਨਜ਼ਰ ਸਥਾਪਤ 'ਇਕਪਾਸੜ' ਧਾਰਨਾਵਾਂ ਨੂੰ ਵੀ ਵਿਖੰਡਤ ਕਰ ਸਮਾਜਕ ਧਿਰਾਂ ਵਿਚਾਲੇ ਕਾਟਵੇਂ ਵਿਰੋਧਾਂ ਦੀ ਪਛਾਣ ਕਰਦੀ ਹੈ। 'ਖ਼ੁਸ਼ਕ ਅੱਖ ਦਾ ਖ਼ਾਬ' ,'ਇਵਾਨ ਇਲੀਚ ਦੀ ਦੂਜੀ ਮੌਤ', 'ਸ਼ਾਇਦ ਰੰਮੀ ਮੰਨ ਜਾਏ', 'ਖ਼ੂਹ ਗਿੜਦਾ ਹੈ' ਜਿਹੀਆਂ ਕਹਾਣੀਆਂ ਰਾਹੀਂ ਉਹ ਨਵ-ਪੂੰਜੀਵਾਦੀ ਵਿਸ਼ਵੀਕਰਨ ਦੀਆਂ ਦਿੱਤੀਆਂ ਜਾ ਰਹੀਆਂ 'ਵਿਕਾਸ' ਦੀਆਂ ਮਿੱਥਾਂ ਨੂੰ ਵਿਸਥਾਪਿਤ ਕਰ ਇਸਦੇ ਲੁਪਤ ਯਥਾਰਥਕ ਪਹਿਲੂਆਂ ਸਰਮਾਏਦਾਰੀ ਦੁਆਰਾ ਫੈਲਾਏ ਜਾ ਰਹੇ ਨਸ਼ੇ, ਨੇਗੇਜ਼, ਦੇਹ ਮੂਲਕ ਰੁਚੀਆਂ, ਮਾਰੂ ਬਿਮਾਰੀਆਂ, ਐਸ਼ ਪ੍ਰਸਤੀ, ਵਿਚਲਿਤ ਮਨੋਦਸ਼ਾ, ਪਦਾਰਥਾਂ ਦੀ ਲਾਲਸਾ, ਬੌਧਿਕਤਾ ਤੇ ਨਰੋਈਆਂ ਮਾਨਵੀ ਕੀਮਤਾਂ ਦਾ ਖਾਤਮਾ ਆਦਿਕ ਨੂੰ ਨਸ਼ਰ ਕਰਦਾ ਹੈ।

ਕਹਾਣੀ 'ਗੌਰਜਾਂ' ਵਿਚ ਉਹ ਦਲਿਤਵਾਦ ਦੁਆਰਾ ਸਥਾਪਿਤ ਇਕ ਪਾਸੜ ਧਾਰਨਾਵਾਂ ਨੂੰ ਉਸਦੇ ਅੰਦਰੂਨੀ ਵਿਰੋਧਾਭਾਸਾਂ ਰਾਹੀਂ ਵਿਸਥਾਪਿਤ ਕਰਦਾ ਹੈ। ਇਹ ਨਜ਼ਰ ਪਛਾਣਦੀ ਹੈ ਕਿ ਦਲਿਤ ਕੇਵਲ ਅਖੌਤੀ ਸ੍ਰੇਵਣ ਜਾਤੀਆਂ ਦੇ ਹੀ ਵਿਤਕਰੇ ਦਾ ਸ਼ਿਕਾਰ ਨਹੀਂ ਬਲਕਿ ਇਕ ਲੰਮੀ ਇਤਿਹਾਸਕ ਪ੍ਰਕਿਰਿਆ ਵਿਚ ਪੈ ਖ਼ੁਦ ਦਲਿਤ ਦੇ ਵੀ ਅਵਚੇਤਨ ਵਿਚ ਜੜ੍ਹਾਂ ਪਸਾਰ ਚੁੱਕਾ ਹੈ। ਕਹਾਣੀ 'ਗੌਰਜਾਂ' ਵਿਚ ਆਰਥਿਕ ਤੌਰ ਤੇ ਸੰਪੰਨ ਅਤੇ ਸਮਾਜਕ ਰੁਤਬਾ ਪ੍ਰਾਪਤ 'ਦਲਿਤ' ਪਿਛੋਕੜ ਵਾਲੇ ਵਿਅਕਤੀ ਨੂੰ

'ਜਾਤ' ਦਾ ਮਿਹਣਾ 'ਠੂੰਹਾਂ' ਕਹਾਣੀ ਵਾਂਗ ਕਿਸੇ ਗਰੀਬ ਸ੍ਵਣ ਜਾਤੀ ਪਾਤਰ ਵਲੋਂ ਨਹੀਂ ਬਲਕਿ ਉਸਦੀ ਹੀ ਜਾਤੀ ਦੀ ਔਰਤ ਵਲੋਂ ਮਿਲ ਰਿਹਾ ਹੈ। ਇਹ ਜਾਤੀ ਦੀ ਸਮੱਸਿਆ ਦਾ ਅਗਲੇਰਾ ਅਵਚੇਤਨੀ ਪਾਸਾਰ ਹੈ।

"ਕਾਹਨੂੰ ਚਿੰਤੀਏ। ਅੱਜ ਗੌਰਜਾਂ... ਸਮਝੀ ਨੀਂ। ਜੀਤੂ ਬਾਵੇ ਦੀ ਕੁੜੀ ਦਾ ਆਸਟ੍ਰੇਲੀਆ ਰਿਸ਼ਤਾ ਹੋਣ ਲੱਗਾ ਐ।"

ਜੀਤੂ ਦਾ ਆਰਥਿਕ ਤੌਰ 'ਤੇ ਸੰਪੰਨ ਹੋਣਾ ਇਕ ਪਾਸੇ ਉਸਨੂੰ ਸਰਦਾਰ ਜਗਜੀਤ ਸਿੰਘ ਬਣਾ ਰਿਹਾ ਹੈ ਦੂਜੇ ਪਾਸੇ ਉਹ ਇਸ ਸੰਪੰਨਤਾ ਦੇ ਬਾਵਜੂਦ '**ਗੌਰਜਾਂ**' ਵਾਲੀ ਪਛਾਣ ਤੋਂ ਵੀ ਪੂਰਨ ਮੁਕਤੀ ਨਹੀਂ ਪਾ ਪਾਇਆ। ਇਹ ਆਰਥਿਕ ਆਧਾਰ ਤੇ ਸਮਾਜਕ ਪਛਾਣ ਬਦਲ ਜਾਣ ਦੀ ਧਾਰਨਾ ਦੀ ਇਕੋ ਵੇਲੇ ਸਵੀਕ੍ਰਿਤੀ ਅਤੇ ਅਸਵੀਕ੍ਰਿਤੀ ਦੀ ਸਥਿਤੀ ਹੈ। ਉਹ ਮਸਲੇ ਨੂੰ ਇਕਪਾਸੜਤਾ, ਦਿਸਦੀ ਸਪਾਟਤਾ ਤੋਂ ਅੱਗੇ ਉਸਦੇ ਗੁੰਝਲਦਾਰ ਤੇ ਅੰਤਰ-ਵਿਰੋਧੀ ਸਰੂਪ ਤੱਕ ਜਾ ਵਿਖਾਉਂਦਾ ਹੈ।

ਜੀਤੂ ਅਤੇ ਧੰਨੋ ਜਿਹੇ ਪਾਤਰਾਂ ਦਾ ਆਪਣੀ ਹੀ ਜਾਤ ਪ੍ਰਤਿ ਵਿਤਕਰੇ ਤੇ ਘ੍ਰਿਣਾ ਭਰੇ ਵਿਹਾਰ ਪਿਛੇ ਕਾਰਜਸ਼ੀਲ ਸਮਾਜ-ਸਾਂਸਕ੍ਰਿਤਕ ਪ੍ਰੇਰਕਾਂ ਨੂੰ ਪਛਾਣਨੋਂ ਵੀ ਕਹਾਣੀਕਾਰ ਖੁੰਝਦਾ ਨਹੀਂ।

ਸਾਡੀਆਂ ਬਰਾਦਰੀਆਂ ਸਦੀਆਂ ਤੋਂ ਇਨਸਾਨੀ ਸਲੂਕਾਂ ਤੋਂ ਵਾਂਝੀਆਂ ਰਹੀਆਂ ਹਨ। ਗੰਦ ਚੁੱਕਣਾ, ਪਸ਼ੂਆਂ ਵਾਂਗ ਕੰਮ ਕਰਨਾ ਸਾਡੇ ਲਈ ਰਾਖਵਾਂਕਰਨ ਹੈ।"

ਜਗਜੀਤ ਸਿੰਘ ਜੀਤੂ ਦਾ ਆਪਣੀ ਬਿਰਾਦਰੀ ਨੂੰ 'ਵੋਟ ਬੈਂਕ' ਵਜੋਂ ਵਰਤ ਪਿੰਡ ਦਾ ਸਰਪੰਚ ਬਣਨਾ ਜਾਤੀਗਤ ਅਧਾਰਾਂ ਤੇ ਹੁੰਦੀ ਰਾਜਨੀਤੀ ਦੇ ਚੇਤਨਾ ਅਵਚੇਤਨੀ ਪਾਸਾਰਾਂ ਨੂੰ ਉਜਾਗਰ ਕਰ ਸਮੱਸਿਆ ਦੇ ਇਕ ਹੋਰ ਪਹਿਲੂ ਵੱਲ ਧਿਆਨ ਦਵਾਉਂਦਾ ਹੈ।

'**ਹੈਲੋ ਡੌਗ**' ਕਹਾਣੀ ਰਾਹੀਂ ਕਹਾਣੀਕਾਰ ਮਰਦ ਵਲੋਂ ਔਰਤ ਨੂੰ 'ਵਸਤੂ' ਹੋਂਦ ਵਜੋਂ ਵਰਤੇ ਜਾਣ ਦੀ ਪ੍ਰਵਾਨਿਤ ਧਾਰਨਾ ਨੂੰ ਉਲਟਾ ਦਿੰਦਾ ਹੈ। ਕੇਵਲ ਮਰਦ ਹੀ ਨਹੀਂ, ਔਰਤ ਵੀ ਆਪਣੀਆਂ ਗਰਜਾਂ ਦੀ ਪੂਰਤੀ ਉਪਰੰਤ ਮਰਦ ਨੂੰ ਵਰਤ ਕੇ ਸੁੱਟਣਾ ਜਾਣਦੀ ਹੈ। ਕਹਾਣੀ ਦੀ ਖ਼ੂਬਸੂਰਤੀ ਇਸ ਵਿਚ ਵੀ ਹੈ ਕਿ ਕਹਾਣੀਕਾਰ ਨੇ ਇਹ 'ਵਰਤੋਂ' ਦਾ ਪਾਸਾਰ 'ਦੇਹਮੂਲਕ' ਲੋੜਾਂ ਦੀ ਪੂਰਤੀ ਨੂੰ ਨਹੀਂ ਬਣਾਇਆ ਜੋ ਕਿ ਪੰਜਾਬੀ ਕਹਾਣੀ ਵਿਚ ਆਮ ਤੌਰ ਤੇ ਪੇਸ਼ ਹੁੰਦਾ ਰਿਹਾ ਹੈ, ਇਹ 'ਵਰਤੋਂ' ਪਰਿਵਾਰਕ ਤੇ ਸਮਾਜਕ ਸੁਰੱਖਿਆ ਦੇ ਪਹਿਲੂ ਤੋਂ ਹੋਈ ਹੈ। ਮਾਸੀ ਅਤੇ ਉਸਦੀਆਂ ਧੀਆਂ ਹੱਥੋਂ ਮਰਦ ਪਾਤਰ ਪ੍ਰਥਮ ਪੁਰਖ ਪਾਤਰ ਡਿਪਟੀ ਅਤੇ ਜਵਾਈ ਚਰਨਜੀਤ 'ਕੁੱਤਿਆਂ' ਵਾਲੀ ਦੁਰਗਤ ਭੋਗਦਾ ਹਨ। ਬਿਰਤਾਂਤ ਵਿਚਲੇ ਕੁੱਤੇ 'ਟਾਈਗਰ' ਅਤੇ 'ਰੋਮੀ' ਇਨ੍ਹਾਂ ਦੋਹਾਂ ਦੇ ਹੀ ਮੈਟਾਫ਼ਰ ਬਣ ਜਾਂਦੇ ਹਨ। ਰੋਮੀ ਦੇ ਆ ਜਾਣ ਨਾਲ ਟਾਈਗਰ ਨੂੰ ਘਰੋਂ ਕੱਢ ਦਿੱਤਾ ਜਾਂਦਾ ਹੈ ਅਤੇ ਜਵਾਈ ਚਰਨਜੀਤ ਦੇ ਆ ਜਾਣ ਨਾਲ ਭਣੇਵੇਂ ਡਿਪਟੀ ਨੂੰ।

-ਭਾਅ ਜੀ, ਮੈਨੂੰ ਇਨ੍ਹੀਂ ਕੁੱਤਾ ਸਮਝਿਐ।...

-ਇਹਦਾ ਹਾਲ ਤਾਂ ਟਾਈਗਰ ਵਰਗਾ।" ਮੈਂ ਚਿੱਤ ਵਿਚ ਵਾਕ ਪੂਰਾ ਕੀਤਾ ਸੀ।

ਇਥੇ ਹਾਸ਼ੀਆਗਤ ਸਥਿਤੀ ਉਲਟ ਗਈ ਹੈ। ਪੜ੍ਹੀ ਲਿਖੀ ਨੌਕਰੀਸ਼ੁਦਾ ਸ਼ਹਿਰਨ ਪਤਨੀ ਅੱਗੇ ਪਤੀ ਚਰਨਜੀਤ ਏਨਾ ਬੇਵੱਸ ਹੈ ਕਿ ਪਿੰਡ ਮਾਪਿਆਂ ਕੋਲ ਜਾਣ ਲਈ ਸਹਿਕਦਾ ਹੈ। ਇਹ ਪਹਿਲੂ '**ਬਾਰ ਵੇਲੇ ਦਾ ਸਕੂਟਰ**' ਵਿਚ ਵੀ ਦੇਖਣ ਨੂੰ ਮਿਲਦਾ ਹੈ। ਪਤੀ ਦੀ ਆਰਥਿਕ ਸਥਿਤੀ ਪਤਨੀ ਤੋਂ ਕਮਜ਼ੋਰ ਹੋਣ ਕਰਕੇ ਅਤੇ ਪਤਨੀ ਦੇ ਉੱਚ ਅਹੁਦੇ ਤੇ ਹੋਣ ਕਰਕੇ ਪਤੀ ਪਰਿਵਾਰ ਵਿਚ ਦੂਜੈਲੀ ਤੇ ਹਾਸ਼ੀਆਗਤ ਸਥਿਤੀ ਹੰਢਾਉਂਦਾ ਹੈ। ਕਹਾਣੀਕਾਰ ਵਲੋਂ ਇਕ ਪਾਸੜ ਦ੍ਰਿਸ਼ਟੀਕੋਣ ਅਥਵਾ ਵਿਚਾਰਧਾਰਾਵਾਂ ਦੀਆਂ ਅੰਦਰੂਨੀ ਕਾਨਾਂ ਨੂੰ ਪਛਾਣਦਿਆਂ ਸਥਿਤੀ ਨੂੰ ਦੂਸਰੇ ਸਿਰੇ ਤੋਂ ਦੇਖਣਾ ਨਿਸ਼ਚੇ ਹੀ ਚੁਣੌਤੀਪੂਰਨ ਤੇ ਪ੍ਰਸੰਸਾਮਈ ਹੈ। '**ਨਾਸੂਰ**' ਅਤੇ '**ਪਿੱਠਭੂਮੀ**' ਕਹਾਣੀਆਂ ਵਿਚ ਮਾਂ ਪੁੱਤ ਦੇ ਸੰਬੰਧ ਕਾਟਵੇਂ ਹਨ ਅਤੇ ਇੰਜ ਹੀ '**ਖੂਹ ਗਿੜਦਾ ਹੈ**' ਤੇ '**ਖੁਸ਼ਕ ਅੱਖ ਦਾ ਖ਼ਾਬ**' ਕਹਾਣੀਆਂ ਵਿਚ ਪਿਓ ਪੁੱਤਰ ਦਰਮਿਆਨ ਸੰਬੰਧਾਂ ਨੂੰ



ਕਾਟਵੇਂ ਰੂਪ ਵਿਚ ਵੇਖਿਆ ਜਾ ਸਕਦਾ ਹੈ। ਕਹਾਣੀਕਾਰ ਇਕ ਹੀ ਸਥਿਤੀ ਨੂੰ ਦੋ ਵਿਰੋਧੀ ਪਾਤਰਾਂ ਦੇ ਨਜ਼ਰੀਏ ਤੋਂ ਦੋ ਵੱਖ ਵੱਖ ਬਿਰਤਾਂਤਾਂ ਵਿਚ ਸਿਰਜਦਾ ਹੈ ਇਸ ਨਾਲ ਜਿੱਥੇ ਉਹ ਸੱਚ ਨੂੰ ਸਥਿਤੀ ਸਾਪੇਖਤਾ ਵਿਚ ਪਛਾਣਦਾ ਹੈ, ਸਥਿਤੀ ਦੇ ਵਿਰੋਧੀ ਪਹਿਲੂ ਅਤੇ ਪਾਤਰਾਂ ਦੇ ਪੱਖ ਪੇਸ਼ ਹੁੰਦੇ ਹਨ ਉਥੇ ਨਾਲ ਹੀ ਪੰਜਾਬੀ ਕਥਾ ਬਿਰਤਾਂਤ ਕਾਰੀ ਵਿਚ ਗੁਣਾਤਮਕ ਵਾਧਾ ਕਰਦਿਆਂ 'ਸਮਾਨਾਂਤਰ ਬਿਰਤਾਂਤ ਸਿਰਜਣ' ਦੀ ਵਿਧੀ ਪ੍ਰਦਾਨ ਕਰਦਾ ਹੈ। '**ਪਿੱਠਭੂਮੀ**' ਨਾਸੂਰ ਕਹਾਣੀ ਦਾ ਅਤੇ '**ਖੁਸ਼ਕ ਅੱਖ ਦਾ ਖ਼ਾਬ**' , '**ਖੂਹ ਗਿੜਦਾ ਹੈ**' ਕਹਾਣੀ ਦੇ ਸਮਾਨਾਂਤਰ ਉਸਰੇ ਬਿਰਤਾਂਤ ਹਨ। ਬਿਰਤਾਂਤਕਾਰੀ ਦੀ ਇਹ ਜੁਗਤ ਬਾਅਦ ਵਿਚ ਸਿਮਰਨ ਧਾਲੀਵਾਲ ਜਿਹੇ ਨਵੇਂ ਕਹਾਣੀਕਾਰਾਂ ਵਲੋਂ ਵੀ ਅਜਮਾਈ ਗਈ ਹੈ।

ਵਿਸ਼ਵੀਕਰਨ ਦਾ ਇਹ ਸਮਾਂ ਨਾਲ ਹੀ ਸਾਹਿਤ ਅਤੇ ਇਤਿਹਾਸ ਵਿਚ 'ਨਵ ਇਤਿਹਾਸਕਾਰੀ' ਦਾ ਸਮਾਂ ਵੀ ਹੈ। ਮੁੱਖ ਧਾਰਾਵਾਂ ਦੁਆਰਾ ਸਿਰਜੇ ਇਤਿਹਾਸ ਨੂੰ ਹਾਸ਼ੀਆਗਤ ਧਿਰਾਂ ਦੇ ਨਜ਼ਰੀਏ ਤੋਂ ਮੁੜ ਵਿਸ਼ਲੇਸ਼ਿਤ ਕੀਤੇ ਜਾਣ ਦਾ ਸਮਾਂ। ਪੰਜਾਬੀ ਗਲਪ ਵਿਚ ਮਨਮੋਹਨ ਬਾਵਾ, ਬਲਬੀਰ ਪਰਵਾਨਾ, ਜਰਨੈਲ ਸਿੰਘ ਜਿਹੇ ਗਲਪਕਾਰ ਇਸ ਦ੍ਰਿਸ਼ਟੀ ਤੋਂ ਮੁੱਲਵਾਨ ਕਾਰਜ ਕਰ ਰਹੇ ਹਨ। ਅਜਮੇਰ ਸਿੱਧੂ ਆਪਣੀ ਕਹਾਣੀ '**ਦ ਸੁਔਰਡ ਆਫ਼ ਬੰਦਾ ਸਿੰਘ ਬਹਾਦਰ**' ਰਾਹੀਂ ਜਿੱਥੇ ਸਿੱਖ ਇਤਿਹਾਸ ਵਿਚਲੇ ਨਾਬਰੀ ਤੇ ਲੋਕ ਪੱਖੀ ਪਹਿਲੂਆਂ ਨੂੰ ਉਜਾਗਰ ਕਰਦਾ ਹੈ ਉਥੇ ਨਾਲ ਹੀ ਸੰਤਾਲੀ ਦੇ ਸੰਤਾਪ ਵੇਲੇ ਮੁਸਲਿਮ ਸਮੁਦਾਇ ਦੇ ਲੋਕਾਂ ਉਪਰ ਸਿੱਖਾਂ ਤੇ ਹਿੰਦੂਆਂ ਵਲੋਂ ਕੀਤੇ ਅੱਤਿਆਚਾਰਾਂ ਦੇ ਰੂਪ ਵਿਚ ਇਤਿਹਾਸ ਵਿਚਲੇ ਕਾਲ਼ੇ ਪੰਨਿਆਂ ਵੱਲ ਵੀ ਸੰਕੇਤ ਕਰਦਾ ਹੈ। ਇਹ ਸੰਕੇਤਕ ਪਹਿਲੂ ਕਹਾਣੀ '**ਇਕਬਾਲ ਹੁਸੈਨ ਮੋਇਆ ਨਹੀਂ**' ਵਿਚ ਵਿਸਥਾਰ ਲੈਂਦੇ ਹਨ। ਮੱਧਕਾਲੀ ਇਤਿਹਾਸ ਵਿਚ ਮੁਗਲਸ਼ਾਹੀ ਵਿਰੁੱਧ ਖੜਾ ਸਿੱਖ, ਜੋ ਹੁਕਮਰਾਨਾਂ ਦੀ ਗੁਲਾਮੀ ਤੋਂ ਨਾਬਰ ਰਿਹਾ, ਲੋਕ ਹਿਤੈਸ਼ੀ ਤੇ ਮਾਨਵੀ ਗੁਣਾਂ ਵਾਲਾ ਹੈ, ਦੇਸ਼ ਵੰਡ ਦੇ ਇਸ ਰੌਲ਼ੇ ਸਮੇਂ ਆਪਣੇ ਇਸ ਇਤਿਹਾਸਕ ਕਿਰਦਾਰ ਨੂੰ ਗਵਾਉਂਦਾ ਦਿਸਦਾ ਹੈ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥

ਦਾ ਗੁਰਮਤਿ ਸਿਧਾਂਤ ਉਹ ਇਨ੍ਹਾਂ ਵਿਸ਼ੇਸ਼ ਪ੍ਰਸਥਿਤੀਆਂ ਵਿਚ ਵਿਹਾਰਕ ਅਮਲ ਵੇਲੇ ਵਿਸਰ ਜਾਂਦਾ ਹੈ। ਬੇਸ਼ੱਕ ਦੇਸ਼ ਵੰਡ ਦੇ ਇਸ ਰੌਲ਼ੇ ਵਿਚ ਹਰੇਕ ਧਰਮ ਦੇ 'ਕੱਟੜਪੰਥੀਆਂ' ਸਵਾਰਥੀ ਤੇ ਲੋਟੂ ਕਿਸਮ ਦੇ ਲੋਕਾਂ ਵਲੋਂ ਇਕ ਦੂਜੇ ਤੇ ਅੱਤਿਆਚਾਰ ਕੀਤੇ ਗਏ। ਮਰਨ ਮਾਰਨ ਤੇ ਲੁੱਟਣ ਲਤਾੜਣ ਦੀ ਇਹ ਪ੍ਰਕਿਰਿਆ ਦੋ ਪਾਸੜ ਰਹੀ ਅਤੇ ਇਸ ਸਭ ਵਿਚ ਦੋਵੇਂ ਪਾਸੇ ਮਾਨਵੀ ਹਮਦਰਦੀ ਵਾਲੇ ਅਤੇ ਮਦਦਗਾਰ ਲੋਕ ਵੀ ਸਨ ਪਰ ਕਹਾਣੀਕਾਰ ਇਸ ਕਹਾਣੀ ਰਾਹੀਂ ਇਸ ਸਮੁੱਚੇ ਇਤਿਹਾਸਕ ਵਰਤਾਰੇ ਦੇ ਜਿਸ ਪਹਿਲੂ ਉਪਰ ਫੋਕਸ ਕਰਦਾ ਹੈ ਉਹ ਹੈ ਸਿੱਖ ਤੇ ਹਿੰਦੂ ਸਮਾਜ ਦੇ ਲੋਕਾਂ ਵਲੋਂ ਮੁਸਲਿਮ ਸਮੁਦਾਇ ਨਾਲ ਸੰਬੰਧਿਤ ਲੋਕਾਂ ਦੀ ਕਤਲੋਗਾਰਦ, ਮੁਸਲਿਮ ਔਰਤਾਂ ਦੀ ਬੇਪੱਤੀ, ਜਬਰੀ ਉਧਾਲੇ ਅਤੇ ਜ਼ਬਰੀ ਧਰਮ ਪਰਿਵਰਤਨ। ਇਤਿਹਾਸ ਦਾ ਉਹ ਪੰਨਾ ਉਜਾਗਰ ਹੋਇਆ ਹੈ ਜੋ ਸਥਾਨਕ ਸਿੱਖ ਇਤਿਹਾਸ ਅਤੇ ਸਿੱਖ ਸਮੁਦਾਇ ਦੇ 'ਸਾਮੂਹਿਕ ਅਵਚੇਤਨ ਵਿਚ ਵੀ ਹਾਸ਼ੀਏ ਤੇ ਰਹਿੰਦਾ ਹੈ, ਦੱਬਿਆ ਰਹਿੰਦਾ ਹੈ। ਜ਼ੁਲਮ ਦੇ ਸਾਂਝੇ ਇਤਿਹਾਸ ਵਿਚ ਮੁਸਲਿਮ ਪਹਿਲੂ ਨੂੰ ਰਜਿਸਟਰ ਕਰਵਾਇਆ ਗਿਆ ਹੈ। ਸਥਾਨਕ ਮੁੱਖ ਸਮੁਦਾਇ ਦੇ 'ਧਾਰਮਿਕ ਅਵਚੇਤਨ' ਤੋਂ 'ਪਾਰ' ਜਾ ਕੇ ਦੂਸਰੀ ਧਿਰ ਦੇ ਨਜ਼ਰੀਏ ਤੋਂ ਇਤਿਹਾਸ ਨੂੰ ਘੋਖਣ ਦੀ ਪਹੁੰਚ ਸਦਕਾ ਹੀ ਪ੍ਰੋ. ਜੇ. ਬੀ. ਸੇਖੋਂ ਤੇ ਹੋਰ ਚਿੰਤਕ ਇਸਨੂੰ ਕਹਾਣੀਕਾਰ ਦੀ 'ਸੈਕੂਲਰ ਕਥਾ ਦ੍ਰਿਸ਼ਟੀ' ਸਵੀਕਾਰ ਕਰਦੇ ਹਨ। ਕਹਾਣੀਕਾਰ ਦੀ ਖ਼ੂਬੀ ਇਹ ਰਹੀ ਕਿ ਉਸਨੇ ਮੁਸਲਿਮ ਪਾਤਰ ਨੂੰ ਕੇਂਦਰ ਵਿਚ ਲਿਆ ਕੇ ਸਿੱਖ ਧਾਰਮਿਕ ਅਵਚੇਤਨ ਵਾਲੇ ਪਾਠਕ ਦੇ ਵੰਡ ਵੇਲੇ ਦੇ ਇਤਿਹਾਸ ਪ੍ਰਤਿ ਸਾਧਾਰਨ ਪ੍ਰਤੱਖਣ ਵਿਚ ਹਲਚਲ ਪੈਦਾ ਕਰ ਦਿੱਤੀ। ਸਥਿਤੀ ਨੂੰ ਵੇਖਣ ਦਾ ਨਜ਼ਰੀਆ ਉਲਟ ਗਿਆ, ਅਪਹਿਚਾਣੇ ਪਹਿਲੂ ਉਜਾਗਰ ਹੋਣ ਲੱਗੇ। ਸ਼ਾਨਾਮੱਤੇ ਇਤਿਹਾਸ ਨੂੰ ਸੁਣਨ ਦੇ ਆਦੀ ਨੂੰ ਇਤਿਹਾਸ ਦਾ ਇਹ ਪੱਖ ਅੰਤਰਝਾਤ ਲਈ ਮਜਬੂਰ ਕਰਦਾ ਹੈ। ਇਤਿਹਾਸ ਦਾ ਉਹ ਪਹਿਲੂ ਜਿਸਨੂੰ ਢਾਡੀ ਕਦੇ ਨਹੀਂ ਸੁਣਾਉਂਦੇ। ਪਰ ਜੋ 'ਸਬਕ' ਦੇ ਰਿਹਾ

ਹੈ।

'ਸਾਕਾ ਸਰਹੰਦ' ਦੀ ਘਟਨਾ ਦਾ 'ਅੰਤਰਪਾਠ' ਜਿਥੇ ਬਿਰਤਾਂਤ ਵਿਚ ਜਬਰੀ ਧਰਮ ਪਰਿਵਰਤਨ ਕਰਾ ਕੇ ਵਸਾ ਲਈ ਗਈ ਤੇ ਪ੍ਰੀਤਮ ਕੌਰ ਬਣਾ ਲਈ ਗਈ 'ਜਮੀਲਾ' ਨੂੰ ਉਲਟੇ ਰੂਪ ਵਿਚ ਮੁੜ 'ਜਮੀਲਾ' ਹੋ ਜਾਣ ਦਾ ਪ੍ਰੇਰਕ ਬਣ ਰਿਹਾ ਹੈ ਉਥੇ ਨਾਲ ਹੀ ਇਹ ਸੰਕੇਤ ਵੀ ਕਰ ਰਿਹਾ ਹੈ ਕਿ ਸਥਿਤੀ ਸਾਪੇਖਤਾ ਵਿਚ ਹੁਣ ਜਮੀਲਾ 'ਸਾਹਿਬਜ਼ਾਦਿਆਂ' ਦੀ ਸਿੱਖਿਆ ਤੇ ਚਲਦੀ ਦ੍ਰਿਸ਼ਟੀ ਹੈ ਅਤੇ 'ਜਥੇਦਾਰ' ਮੂਲਾ ਸਿੰਘ ਤੇ ਬਚਿੱਤਰ ਸਿੰਘ ਜਿਹੇ ਸੂਬੇਦਾਰ ਵਜੀਰ ਖਾਨ ਤੇ 'ਕਾਜ਼ੀ' ਵਾਂਗ ਜਾਲਮ ਹੋਏ ਪਏ ਹਨ।

ਕਹਾਣੀ ਇਕ ਅਹਿਮ ਨੁਕਤਾ 'ਅਵਚੇਤਨ' ਦੀ ਲੀਲ੍ਹਾ ਦਾ ਉਠਾਉਂਦੀ ਹੈ। ਕਿਸੇ ਦੇ ਅਕੀਦੇ, ਵਿਸ਼ਵਾਸ ਜਾਂ ਮਨੌਤ ਵਿਚ ਜਬਰਨ ਬਾਹਰੀ ਤੌਰ ਤੇ ਤਾਂ ਕੁਝ ਸਮੇਂ ਲਈ ਤਬਦੀਲੀ ਕੀਤੀ ਜਾ ਸਕਦੀ ਹੈ, ਪਰ ਅੰਤਰਮਨ ਵਿਚ ਇਹ ਕਿਸੇ ਨਾ ਕਿਸੇ ਰੂਪ ਵਿਚ ਜੀਵਿਤ ਰਹਿੰਦੀ ਹੈ, ਸੁਖਾਵਾਂ ਮਾਹੌਲ ਪਾ ਕੇ ਫਿਰ 'ਉਦੈ' ਹੋ ਜਾਂਦਾ ਹੈ, ਦੂਸਰਾ ਅੰਤਰਮਨ ਵਿਚ ਵੱਸੇ ਇਹ ਸੰਸਕਾਰ ਅਥਵਾ ਮਨੋ-ਸਿਮ੍ਰਿਤੀਆਂ 'ਜੀਨਜ' ਦੇ ਰੂਪ ਵਿਚ ਅਗਲੀ ਪੀੜ੍ਹੀ ਵਿਚ ਵੀ ਸੰਚਾਰਿਤ ਹੁੰਦੇ ਹਨ। ਦਾਦੇ ਇਕਬਾਲ ਹੁਸੈਨ ਅਤੇ ਇਸਲਾਮ ਨੂੰ ਜਮੀਲਾ ਪ੍ਰੀਤਮ ਕੌਰ ਬਣਾ ਲਏ ਜਾਣ ਪਿਛੋਂ ਵੀ ਨਹੀਂ ਭੁਲਾ ਪਾਉਂਦੀ। ਇਹੀ ਇਕਬਾਲ ਹੁਸੈਨ ਅਥਵਾ ਇਸਲਾਮ 'ਧਾਰਮਿਕ ਅਵਚੇਤਨ' ਦੇ ਰੂਪ ਵਿਚ ਅੱਗੋਂ ਜਮੀਲਾ ਦੇ ਪੁੱਤਰ ਬਲਵੀਰ ਵਿਚ ਸੰਚਾਰਿਤ ਹੁੰਦਾ ਦਿਸਦਾ ਹੈ ਜਦ ਉਹ ਪੀਰਾਂ ਦੀ ਦਰਗਾਹ ਦਾ ਗੱਦੀ ਨਸ਼ੀਨ ਹੋ 'ਦਾਦੂਸ਼ਾਹ' ਬਣ ਜਾਂਦਾ ਹੈ। ਇਕਬਾਲ ਹੁਸੈਨ ਮੋਇਆ ਨਹੀਂ ! ਬਲਵੀਰ ਵਿਚ ਦਾਦੂਸ਼ਾਹ ਬਣ ਕੇ ਜੀ ਉੱਠਦਾ ਹੈ।

ਅਜਮੇਰ ਸਿੱਧੂ ਧਰਮ ਵਿਚਲੇ ਨਾਬਰੀ ਅਤੇ ਲੋਕ ਹਿਤੈਸ਼ੀ ਪਹਿਲੂਆਂ ਪ੍ਰਤਿ ਤਾਂ ਸਕਾਰਾਤਮਕ ਪਹੁੰਚ ਰੱਖਦਾ ਹੈ ਜਿਵੇਂ ਕਿ ਆਪਣੀ ਕਹਾਣੀ 'ਦੀ ਸੁਔਰਡ ਆਫ ਦਾ ਬੰਦਾ ਸਿੰਘ ਬਹਾਦਰ' ਵਿਚ ਬੰਦਾ ਸਿੰਘ ਦੀ ਤਲਵਾਰ ਨੂੰ ਰਾਜਸ਼ਾਹੀ ਤੇ ਸਾਮੰਤਸ਼ਾਹੀ ਦੇ ਰੂਪ ਵਿਚ ਖੜੀਆਂ ਲੋਕ ਵਿਰੋਧੀ ਸੱਤਾ ਧਿਰਾਂ ਵਿਰੁੱਧ ਨਾਬਰੀ ਤੇ ਲੋਕ ਸ਼ਕਤੀ ਦੇ ਪ੍ਰਤੀਕ ਵਜੋਂ ਪੇਸ਼ ਕਰਦਾ ਹੈ ਅਤੇ ਉਹ ਇਸ ਪਹਿਲੂ ਪ੍ਰਤਿ ਵੀ ਸੁਚੇਤ ਹੈ ਕਿ ਸੱਤਾ ਧਿਰਾਂ ਵੱਲੋਂ ਅਜਿਹੇ ਪਹਿਲੂ ਛੁਪਾ ਤੇ ਖਪਾ ਦਿੱਤੇ ਜਾਂਦੇ ਹਨ। ਉਸਦੀ ਕਹਾਣੀ ਵਿਚਲਾ ਪਾਤਰ ਬੋਲਦਾ ਹੈ,

"ਜਿਹੜੇ ਸਾਡੇ ਨਾਇਕ ਸਨ। ਖਪਾ ਦਿੱਤੇ ਗਏ। ਉਹ ਜਿਉਣਾ ਚਾਹੁੰਦੇ ਸਨ। ਲੋਕਾਂ ਨੂੰ ਜਿਉਣ ਦੇਣਾ ਚਾਹੁੰਦੇ ਸਨ। ਉਹ ਇਤਿਹਾਸ ਦੇ ਪੰਨਿਆਂ ਤੋਂ ਵੀ ਗਾਇਬ ਨੇ। ਸਾਲੀਆਂ ਬੰਦੇ ਦੁਆਲੇ ਗਿਰਝਾਂ...।"

ਦੂਜੇ ਪਾਸੇ ਉਹ ਧਰਮ ਦੇ ਸੰਸਥਾਗਤ ਵਪਾਰਕ ਰੂਪ, ਧਰਮ ਦਾ ਆਡੰਬਰ ਰਚਣ ਵਾਲੇ ਭੇਖੀਆਂ, ਧਰਮ ਦੇ ਨਾਂ ਤੇ ਹੁੰਦੀ ਆਰਥਿਕ ਤੇ ਭਾਵਨਾਤਮਕ ਲੁੱਟ ਧਰਮ ਦੇ ਦੂਜਿਆਂ ਉਪਰ ਜਬਰੀ ਆਰੋਪਣ ਧਰਮ ਦੀ ਆੜ ਹੇਠ ਰਾਜਸੀ ਹਿੱਤਾਂ ਦੀ ਪੂਰਤੀ, ਆਸਥਾ ਦੇ ਨਾਂ ਤੇ ਹੁੰਦੇ ਅਣਮਨੁੱਖੀ ਅਤਿਆਚਾਰਾਂ, ਸੰਪ੍ਰਦਾਇਕ ਕੱਟੜਪੁਣੇ, ਅੰਧਵਿਸ਼ਵਾਸ ਉਪਰ ਤਿੱਖੇ ਕਟਾਸ਼ ਕਰਦਾ ਜਾਂਦਾ ਹੈ। ਇਸ ਪੱਖ ਤੋਂ ਇਕਬਾਲ ਹੁਸੈਨ ਮੋਇਆ ਨਹੀਂ, ਨਚੀਕੇਤਾ ਦੀ ਮੌਤ, ਜਹਾਜ਼ ਵਾਲੀ ਟੈਂਕੀ, ਨੋ ਮੈਨਜ਼ ਲੈਂਡ, ਦੀ ਸੁਔਰਡ ਆਫ ਬੰਦਾ ਸਿੰਘ ਬਹਾਦਰ, ਕਬਰ 'ਚ ਦਫ਼ਨ ਹਜ਼ਾਰ ਵਰ੍ਹੇਂ, ਉਣੀਂਦੀ ਨਦੀ ਜਿਹੀਆਂ ਕਹਾਣੀਆਂ ਨੂੰ ਦੇਖਿਆ ਜਾ ਸਕਦਾ ਹੈ।

ਆਪਣੀ ਪ੍ਰਸਿੱਧ ਕਹਾਣੀ 'ਨਚੀਕੇਤਾ ਦੀ ਮੌਤ' ਰਾਹੀਂ ਕਹਾਣੀਕਾਰ ਗੁਰਮਤਿ ਵਿਚਲੇ ਰਜ਼ਾ, ਭਾਣਾ ਮੰਨਣ ਦੇ ਸੰਕਲਪ ਨੂੰ ਵਿਹਾਰਕ ਨਜ਼ਰੀਏ ਤੋਂ ਨਕਾਰਦਾ ਹੈ ਅਤੇ ਨਾਲ ਹੀ ਸਿੱਖ ਧਰਮ ਵਿਚ ਪੈਦਾ ਹੋ ਰਹੇ ਪਰੋਹਿਤਪੁਣੇ' ਨੂੰ ਉਭਾਰਦਾ ਹੈ। 'ਭਾਈ ਜੀ' ਇਕ ਗੁਰਸਿੱਖ ਕਿਰਦਾਰ ਵਜੋਂ ਪੇਸ਼ ਹੈ ਜੋ ਲੋਕਾਈ ਵਿਚ ਗੁਰਮਤਿ ਦਾ ਪ੍ਰਚਾਰ ਕਰਦਾ ਹੈ ਪਰ ਨਾਲ ਹੀ ਨਾਲ ਆਪਣੀ 'ਚੇਲਾ' ਜਮਾਤ ਵੀ ਤਿਆਰ ਕਰੀ ਜਾਂਦਾ ਹੈ ਕਈ ਥਾਈਂ ਉਹ ਗੁਰਮਤਿ ਸਿਧਾਂਤਾਂ ਦੇ ਵਿਪਰੀਤ ਵੀ ਅਚੇਤ ਸੁਚੇਤ ਚਲਾ ਜਾਂਦਾ ਹੈ। ਇਸ ਪਾਤਰ ਰਾਹੀਂ ਸਿੱਖ ਧਰਮ ਵਿਚ ਪੈਦਾ ਹੋਈ ਨਵੀਂ ਪੁਰੋਹਿਤ ਸ਼੍ਰੇਣੀ ਦੇ ਸੰਕੇਤ ਵੀ ਮਿਲਦੇ ਹਨ।



ਭਾਈ ਜੀ ਦਾ ਆਦਰਸ ਗੁਰਮਤਿ ਅਨੁਸਾਰ ਭਾਣੇ ਵਿਚ ਰਹਿਣ ਦਾ ਹੈ। ਉਸਦਾ ਆਦਰਸ਼ 'ਨਚੀਕੇਤਾ' ਹੋਣ ਦਾ ਹੈ।

ਸਾਨੂੰ ਵੀ ਨਚੀਕੇਤਾ ਬਣਨਾ ਚਾਹੀਦਾ।"

ਨਚੀਕੇਤਾ ਕੌਣ ਹੈ? ਭਾਰਤੀ ਮਿਥਿਹਾਸ ਦਾ ਪਾਤਰ ਜੋ ਕਠਿਨ ਤੋਂ ਕਠਿਨ ਪ੍ਰੀਖਿਆ ਵਿਚ ਵੀ ਸਫ਼ਲ ਰਹਿੰਦਾ ਹੈ, ਅੰਤ ਸਵਰਗ ਪ੍ਰਾਪਤ ਕਰਦਾ ਹੈ। ਸੋ ਨਚੀਕੇਤਾ ਕਿਵੇਂ ਬਣਿਆ ਜਾਵੇ? ਕਠਿਨ ਤੋਂ ਕਠਿਨ ਪ੍ਰੀਖਿਆ ਜਾਂ ਮੁਸੀਬਤ ਨੂੰ ਖਿੜੇ ਮੱਥੇ ਸਵੀਕਾਰ ਕੇ। ਭਾਈ ਜੀ ਕਿਸੇ ਦੀ ਮੌਤ ਉਪਰ ਪਰਿਵਾਰਕ ਮੈਂਬਰਾਂ ਨੂੰ ਭਾਣਾ ਮੰਨਣ ਦੀ ਪ੍ਰੇਰਨਾ ਦਿੰਦਾ ਹੈ। ਅਰਥੀ ਅੱਗੇ ਕੀਰਤਨ ਕਰਦਾ ਜਾਂਦਾ ਹੈ। ਭਾਈ ਜੀ ਖ਼ੁਦ ਵੀ ਕਈ ਪ੍ਰੀਖਿਆਵਾਂ ਪਾਸ ਕਰ ਚੁੱਕਾ ਹੈ, ਭਰਜਾਈ ਦੀ ਮੌਤ, ਚਾਚੇ ਦੀ ਮੌਤ। ਪਰ ਹੁਣ ਪ੍ਰੀਖਿਆ ਸਖ਼ਤ ਹੈ... ਜਵਾਨ ਪੁੱਤਰ ਦੀ ਮੌਤ... ਸਿਖ਼ਰਲਾ ਦੁੱਖ। ਭਾਈ ਜੀ ਪ੍ਰੀਖਿਆ ਤੇ ਪੂਰਾ ਨਹੀਂ ਉਤਰ ਪਾਉਂਦੇ। ਭਾਈ ਜੀ ਦੇ ਸਬਰ ਦਾ ਬੰਨ੍ਹ ਟੁੱਟ ਜਾਣ ਉਪਰ ਹੀ ਕਥਾ ਦਾ ਨਿਬੇੜਾ ਹੁੰਦਾ ਹੈ। ਚਿੰਤਕ ਇਸਨੂੰ ਕਥਨੀ ਤੇ ਕਰਨੀ ਵਿਚਲੇ ਫ਼ਰਕ ਵਜੋਂ ਵੇਖਦੇ ਹਨ, ਪਰ ਤੇ ਨਿੱਜ ਦੇ ਦੁੱਖ ਵਿਚਲੇ ਫਰਕ ਵਜੋਂ ਅਤੇ ਗੁਰਮਤਿ ਦੇ 'ਭਾਣੇ' ਸੰਕਲਪ ਨੂੰ ਵਿਹਾਰਕ ਨਜ਼ਰੀਏ ਤੋਂ ਨਕਾਰੇ ਜਾਣ ਦੇ ਰੂਪ ਵਿਚ। ਕਹਾਣੀਕਾਰ ਦਾ ਮਨੋਰਥ ਵੀ ਇਹੀ ਸਾਬਤ ਕਰਨ ਦਾ ਹੈ। ਇਸਨੂੰ ਕਥਨੀ ਤੇ ਕਰਨੀ ਵਿਚਾਲੇ ਫ਼ਰਕ ਦੇ ਰੂਪ ਵਿਚ ਵੇਖਣ ਤੋਂ ਪਹਿਲਾਂ ਬਿਰਤਾਂਤ ਵਿਚਲਾ ਇਹ ਵੇਰਵਾ ਧਿਆਨ ਮੰਗਦਾ ਹੈ,

"ਭਾਈ ਜੀ ਸਾਈਕਲ ਤੋਂ ਬੜੇ ਸਹਿਜ ਨਾਲ ਉਤਰੇ ਹਨ। ਹੱਥ ਵਿਚ ਮਾਲਾ ਹੈ। ...ਉਹ ਮਣਕੇ ਫੇਰਦੇ ਸ਼ਾਂਤ ਮਨ ਨਾਲ ਲਾਸ਼ ਕੋਲ ਬੈਠ ਗਏ ਹਨ। ਅੱਖਾਂ ਮੀਟ ਕੇ ਪਾਠ ਕਰਨ ਲਗ ਗਏ ਹਨ।

ਭਾਈ ਜੀ ਦਾ ਇਹ ਆਪਣੇ ਆਦਰਸ਼ ਤੇ ਟਿੱਕੇ ਰਹਿਣ ਲਈ ਕੀਤਾ ਗਿਆ ਸੰਘਰਸ਼ ਹੈ, ਭਾਣਾ ਮੰਨਣ ਲਈ , 'ਨਚੀਕੇਤਾ' ਬਣਨ ਲਈ ਕੀਤੀ ਜਦੋ ਜਹਿਦ। ਜਿਸ ਵਿਚ ਉਹ ਸਫ਼ਲ ਤਾਂ ਨਹੀਂ ਹੋ ਪਾਏ, ਪਰ ਇਹ ਸੰਘਰਸ਼ ਉਨ੍ਹਾਂ ਨੂੰ 'ਦੰਭੀ' ਹੋਣ ਤੋਂ ਬਚਾਅ ਲੈਂਦਾ ਹੈ। ਹੁਣ ਉਸਦੀ ਕਹਿਣੀ ਤੇ ਕਰਨੀ ਵਿਚ ਫ਼ਰਕ ਆਖਣਾ ਸਰਲ ਨਹੀਂ ਰਹਿ ਜਾਂਦਾ। ਮੇਰੀ ਜਾਚੇ ਉਹ 'ਆਦਰਸ਼' ਨੂੰ ਜਿਊਣਾ ਚਾਹੁੰਦਾ ਸੀ ਪਰ ਕੋਸ਼ਿਸ਼ ਦੇ ਬਾਵਜੂਦ ਉਸ ਤੇ ਰਹਿ ਨਹੀਂ ਪਾਇਆ। ਆਦਰਸ਼ ਨੂੰ ਜਿਊਣਾ ਏਨਾ ਸਰਲ ਕਾਰਜ ਹੁੰਦਾ ਈ ਨਹੀਂ। ਇਹ ਸਧਾਰਨ ਵਿਹਾਰਕਤਾ ਦੇ ਤਲ ਤੋਂ ਉਪਰ ਉੱਠ ਕੇ ਜਿਊਣਾ ਹੁੰਦਾ ਹੈ। ਜਿਵੇਂ ਕਿ ਸਿੱਧੂ ਦੀਆਂ ਹੋਰਨਾਂ ਕਹਾਣੀਆਂ ਦੇ ਪਾਤਰ ਬੰਦਾ ਸਿੰਘ ਬਹਾਦਰ, ਦਰਸ਼ਨ ਦੁਸਾਂਝ ਅਤੇ 'ਰੰਮੀ' ਜਿਹੇ ਪਾਤਰ ਜਿਉਂਦੇ ਹਨ। ਸੋ ਆਦਰਸ਼ ਸਧਾਰਨ ਵਿਹਾਰਕਤਾ ਦੀ ਪਕੜ ਤੋਂ ਪਰ੍ਹੇ ਦੀ ਗੱਲ ਹੁੰਦੀ ਹੈ। ਇਹ ਆਤਮਸਾਤ ਕੀਤੇ ਜਾਂਦੇ ਹਨ ਪਰ ਭਾਈ ਜੀ ਦੀ ਮੁਸਕਿਲ ਇਹ ਰਹੀ ਕਿ ਉਹ ਇਸਨੂੰ ਦੂਸਰਿਆਂ ਤੇ ਆਰੋਪਿਤ ਕਰਦਾ ਰਿਹਾ।

**'ਨਚੀਕੇਤਾ ਦੀ ਮੌਤ'** ਵਿਚਲਾ ਭਾਈ ਜੀ ਤਾਂ ਖ਼ੁਦ 'ਨਚੀਕੇਤਾ' ਹੋਣਾ ਲੋਚਦਾ ਹੈ ਪਰ 'ਉਣੀਂਦੀ ਨਦੀ' ਦੀ ਉੱਤਰਾ ਨੂੰ ਪਰਿਵਾਰ ਵਲੋਂ ਸ਼ਿਵ ਜੀ ਦੀ ਕਰੋਪੀ ਤੋਂ ਡਰਦਿਆਂ ਮੱਠ ਤੇ ਚੜ੍ਹਾ ਦਿੱਤਾ ਜਾਂਦਾ ਹੈ, ਸਾਧਵੀ ਬਣਾ ਦਿੱਤਾ ਜਾਂਦਾ ਹੈ। ਹੁਣ ਇਕ ਪਾਸੇ ਜਬਰੀ ਠੋਸਿਆ ਸੰਨਿਆਸੀ ਜੀਵਨ ਹੈ ਤੇ ਦੂਜੇ ਪਾਸੇ ਦੇਹ ਦੀਆਂ ਲਰਜਦੀਆਂ ਲੋੜਾਂ ਤੇ ਰਿਸ਼ੀ ਦੇ ਪ੍ਰੇਮ ਦੇ ਜਜ਼ਬਾਤ। ਸਾਧਵੀ ਹੋਣ ਦਾ ਭੇਖ ਮਾਨਵੀ ਜਜ਼ਬਾਤਾਂ ਪੱਖੋਂ ਉੱਤਰਾ ਨੂੰ ਊਣੀ ਕਰ ਛੱਡਦਾ ਹੈ। ਕਹਾਣੀ ਪਰਿਵਾਰਕ ਰਿਸ਼ਤਿਆਂ ਦੇ ਸਵਾਰਥੀ ਰੂਪ ਤੇ ਵੀ ਚੋਟ ਕਰਦੀ ਹੈ। ਪਹਿਲਾਂ ਉੱਤਰਾ ਨੂੰ 'ਡਰ' ਕਰਕੇ ਮੱਠ ਤੇ ਭੇਂਟ ਕੀਤਾ ਜਾਂਦਾ ਹੈ ਅਤੇ ਫਿਰ ਭਰਾ ਆਪਣੇ 'ਲਾਲਚ' ਕਰਕੇ ਉਸਨੂੰ 'ਮੱਠਾਧੀਸ਼' ਬਣਾਉਣ ਲਈ ਤਿਕੜਮਬਾਜ਼ੀ ਕਰਦੇ ਹਨ। ਸਮਕਾਲ ਵਿਚ ਜਿਵੇਂ ਧਰਮ ਦੇ ਲਿਬਾਸ ਵਿਚ ਕਾਰੋਬਾਰੀ ਸੰਸਥਾਗਤ ਢਾਂਚੇ ਉਸਰ ਰਹੇ ਹਨ, ਇਹ ਕਹਾਣੀ ਇਸ ਪਹਿਲੂ ਨੂੰ ਵੀ ਉਜਾਗਰ ਕਰਦੀ ਹੈ। 'ਕਾਰੋਬਾਰ' ਨੂੰ ਵੱਡਿਆ ਕਰਨ ਜਾਂ ਚਲਦਾ ਰੱਖਣ ਲਈ ਮੱਠਾਧੀਸ਼, ਡੇਰੇਦਾਰ, ਸਾਧੂ, ਸਾਧਵੀ ਜਾਂ 'ਸੰਤ' ਜੀ ਦੇ ਕਰਾਮਾਤੀ ਹੋਣ ਦਾ ਆਡੰਬਰ ਰਚਿਆ ਜਾਂਦਾ ਹੈ, ਦੁਖਿਆਰੀ

ਲੋਕਾਈ ਆਪਣੇ ਦੁੱਖਾਂ ਦਾ ਦਾਰੂ ਭਾਲਦੀ ਇਨ੍ਹਾਂ ਭੇਖਧਾਰੀ ਸੰਤਾਂ ਦੀ ਸ਼ਰਨ ਜਾ ਪੈਂਦੀ ਹੈ। ਜਿਨ੍ਹਾਂ ਨੂੰ ਅੱਗੋਂ ਸੱਤਾ ਧਿਰਾਂ ਨਾਲ 'ਮਿੱਤਰਤਾ ਪੂਰਨ' ਸੰਬੰਧਾਂ ਲਈ 'ਵੋਟ ਬੈਂਕ' ਵਜੋਂ ਵੀ ਇਸਤੇਮਾਲ ਕੀਤਾ ਜਾਂਦਾ ਹੈ। ਇੰਜ ਧਰਮ, ਕਾਰੋਬਾਰ ਤੇ ਸੱਤਾ ਦਾ ਸਫ਼ਲ ਤਿਕੋਣ ਸਿਰਜ ਹੁੰਦਾ ਹੈ। ਧਰਮ ਦੇ ਇਸੇ ਆਡੰਬਰੀ ਲਿਬਾਸ ਹੇਠ ਹੀ 'ਜਹਾਜ਼ ਵਾਲੀ ਟੈਂਕੀ' ਕਹਾਣੀ ਵਿਚਲੇ 'ਸੰਤ' ਦੇ ਬਾਣੇ ਵਿਚਲੇ 'ਟ੍ਰੈਵਲ ਏਜੰਟ' ਵਿਦੇਸ਼ ਭੇਜਣ ਦੇ ਬਹਿਕਾਵੇ ਵਿਚ ਸਧਾਰਨ ਲੋਕਾਈ ਨੂੰ ਲੁੱਟਦੇ ਜਾਂਦੇ ਹਨ। 'ਥੇਹ' ਕਹਾਣੀ ਵਿਚਲੇ ਜਥੇਦਾਰ ਨਿਹੰਗ ਸਿੰਘ ਵਲੋਂ ਗੋਰਖਣ ਨੂੰ ਵਸਾਉਣ ਖਾਤਰ ਖਰੀਦ ਦੇ ਲਿਆਉਣਾ ਤੇ ਫਿਰ ਛੱਡ ਕੇ ਚਲੇ ਜਾਣਾ ਈ ਸਾਡੇ ਧਾਰਮਿਕ ਕਿਰਦਾਰ ਉਪਰ ਹੀ ਚੋਟ ਹੈ। 'ਨਿਹੰਗ' ਨਾਮ ਹੀ ਆਪਣੇ ਆਪ ਵਿਚ ਇਤਿਹਾਸਕ ਅੰਤਰਪਾਠ ਸਮੋਈ ਬੈਠਾ ਹੈ। "ਆਏ ਨੀ ਨਿਹੰਗ ਬੂਹੇ ਖੋਲ੍ਹ ਦਿਓ ਨਿਸੰਗ।" ਕਦੇ ਔਰਤ ਤਦੀ ਸੁਰੱਖਿਆ ਦਾ ਜਾਮਨ ਇਹ ਨਾਮ ਤੇ ਲਿਬਾਸ ਅੱਜ ਦੇ ਸਿੱਖ ਦੇ ਕਿਰਦਾਰ ਵਿਚ ਆਈ ਗਿਰਾਵਟ ਦਾ ਤੁਲਨਾਤਮਕ ਪਰਿਪੇਖ ਸੁਝਾਉਂਦਾ ਹੈ।

ਪਿਤਰਕੀ ਵਿਧਾਨ ਵਾਲੇ ਪੰਜਾਬੀ ਸਮਾਜ ਵਿਚ ਔਰਤ ਦੀ ਹਾਸ਼ੀਆਗਤ ਤੇ ਪੀੜਿਤ ਸਥਿਤੀ ਨੂੰ ਵੀ ਕਹਾਣੀਕਾਰ ਵੱਖ ਵੱਖ ਕਹਾਣੀਆਂ ਵਿਚ ਵਖੋ ਵੱਖਰੇ ਪ੍ਰਸੰਗਾਂ ਵਿਚ ਪੇਸ਼ ਕਰਦਾ ਹੈ। 'ਉਣੀਂਦੀ ਨਦੀ' ਵਿਚ ਔਰਤ ਪਰਿਵਾਰ ਦੇ 'ਡਰਾਂ' ਤੇ 'ਸਵਾਰਥਾਂ' ਦੀ 'ਬਲੀ' ਚੜ੍ਹਦੀ ਹੈ, **'ਇਕਬਾਲ ਹੁਸੈਨ ਮੋਇਆ ਨਹੀਂ'** ਵਿਚ ਔਰਤ ਮਰਦ ਦੇ ਜਬਰ ਦੀ ਸ਼ਿਕਾਰ ਹੁੰਦੀ ਜਬਰੀ ਵਸਾਈ ਜਾਂਦੀ ਹੈ, 'ਇਸ ਵਾਰ ਨਹੀਂ' ਦੀ ਔਰਤ ਜਾਤ-ਬਿਰਾਦਰੀ ਦੇ ਸਮਾਜਕ ਦੇ ਚੱਲਦੇ ਜੀਵਨ ਦੀ ਨਵੀਂ ਸ਼ੁਰੂਆਤ ਦੀ ਬਜਾਏ ਅਮਾਨਵੀ ਪ੍ਰਸਥਿਤੀਆਂ ਵਿਚ ਰੰਡੇਪਾ ਕੱਟਣ ਲਈ ਮਜਬੂਰ ਹੈ, 'ਨਸੂਰ' ਵਿਚ 'ਭਵਿੱਖ' ਦੱਸਣ ਵਾਲੇ ਹੱਥੋਂ ਹੀ ਉਸ ਦਾ ਭਵਿੱਖ ਬਰਬਾਦ ਹੋ ਰਿਹਾ ਹੈ, ਮਾਪਿਆਂ ਦੇ ਅਵੇਸਲੇਪਣ ਨਾਸਮਝੀ ਤੇ ਮੰਗਲੀਕ ਹੋਣ ਦੇ ਅੰਧਵਿਸ਼ਵਾਸ ਦੇ ਚਲਦੇ ਕਾਮ ਦਮਨ ਤੋਂ ਉਤਪੀੜਤ ਹੈ, ਦੇਹ ਦੇ ਇਸ ਵੇਗ ਦੀ ਪੂਰਤੀ ਅਸਮਾਜਕ ਤਰੀਕੇ ਨਾਲ ਕਰਨ ਦੇ ਨਤੀਜੇ ਵਜੋਂ ਸਮਾਜ ਦੇ ਨਾਲ ਨਾਲ ਆਪਣੀ ਔਲਾਦ ਤੋਂ ਵੀ ਤੁਹਮਤਾਂ ਤੇ ਬੋਲਾਂ ਨਾਲ ਪੱਛੀ ਜਾਂਦੀ ਹੈ। ਕਿਧਰੇ ਉਹ ਕਿਸੇ ਵਸਤੂ ਵਾਂਗ ਖਰੀਦੀ ਵੇਚੀ ਜਾ ਰਹੀ ਹੈ। ਪਤੀ ਤੋਂ ਲੱਗੀ ਲਾਗ ਸਦਕਾ ਨਾ ਮੁਰਾਦ ਏਡਜ਼ ਦੀ ਸ਼ਿਕਾਰ ਹੈ (ਥੇਹ) ਕਿਧਰੇ ਬਦਲੀ ਹੋਈ ਆਰਥਿਕ ਤੇ ਸਮਾਜਕ ਹੈਸੀਅਤ ਮੁਤਾਬਕ ਪਤੀ ਉਸਨੂੰ ਸਮਝਣ ਤੇ ਸਪੇਸ ਦੇਣ ਲਈ ਮਾਨਸਿਕ ਤੌਰ ਤੇ ਤਿਆਰ ਨਹੀਂ (**ਬਾਰ ਵੇਲੇ ਦਾ ਸਕੂਟਰ**)। ਪਿਤਰਕੀ ਵਿਧਾਨ ਦੇ ਇਸ ਸਮਾਜ ਵਿਚ ਔਰਤ ਦੀ 'ਬੰਧੂਆ' ਸਥਿਤੀ ਬਾਰੇ ਉਸਦੀ ਕਹਾਣੀ 'ਇਸ ਵਾਰ ਨਹੀਂ' ਦਾ ਇਕ ਵਾਕ ਹੀ ਪੂਰੀ ਸਥਿਤੀ ਸਪੱਸ਼ਟ ਕਰ ਦਿੰਦਾ ਹੈ,

ਸਾਰਾ ਦੇਸ਼ ਹੀ ਸਹੁਰਿਆਂ ਦਾ ਹੈ।

ਪਰ ਇਸ ਸਭ ਦੇ ਬਾਵਜੂਦ ਜੋ ਸਥਿਤੀ ਬਣ ਰਹੀ ਹੈ ਉਹ ਕਿਸੇ ਇਤਿਹਾਸਕ ਸਥਿਲਤਾ ਵਾਲੀ ਨਿਰਾਸ਼ਾਜਨਕ ਨਹੀਂ ਬਲਕਿ ਸਕਾਰਾਤਮਕ ਤਬਦੀਲੀ ਵਾਲੀ ਹੈ, ਬਾਰ ਵੇਲੇ ਦਾ ਸਕੂਟਰ, ਇਸ ਵਾਰ ਨਹੀਂ, ਸ਼ਾਇਦ ਰੰਮੀ ਮੰਨ ਜਾਏ ਦੀਆਂ ਨਾਰੀ ਪਾਤਰਾਂ ਇਸ ਤਬਦੀਲੀ ਲਈ ਸੰਘਰਸ਼ਸ਼ੀਲ ਹਨ।

-ਮਾਂ ਜੀ ! ਗ੍ਰਹਿਣ ਲੱਥ ਗਿਆ।

ਕਹਾਣੀ 'ਇਕ ਵਾਰ ਨਹੀਂ' ਦੇ ਬਿਰਤਾਂਤਕ ਨਿਬੇੜੇ ਵਾਲੇ ਇਹ ਬੋਲ ਔਰਤ ਦੀ ਬਦਲ ਰਹੀ ਸਥਿਤੀ ਦੇ ਹੀ ਜਾਮਨ ਹਨ। ਅਜਮੇਰ ਸਿੱਧੂ ਦੀ ਵਿਸ਼ੇਸ਼ਤਾ ਇਹ ਹੈ ਕਿ ਉਸਨੇ ਨਾਰੀਵਾਦੀ ਦ੍ਰਿਸ਼ਟੀ ਦੇ ਕੱਟੜ ਅਨੁਯਾਈ ਹੋ ਕੇ ਨਾਰੀ ਨੂੰ ਕੇਵਲ ਸਕਾਰਾਤਮਕ ਪਹਿਲੂ ਤੋਂ ਹੀ ਪੇਸ਼ ਕਰਨ ਦੀ ਬਜਾਇ ਸਥਿਤੀ ਸਾਪੇਖ ਵਿਚ ਰੱਖ ਕੇ ਉਸਨੂੰ ਸਕਾਰਾਤਮਕ ਨਕਾਰਾਤਮਕ ਹਰੇਕ ਪਹਿਲੂ ਤੋਂ ਵੇਖਣ ਸਮਝਣ ਤੇ ਸਿਰਜਣ ਦਾ ਉਪਰਾਲਾ ਕੀਤਾ ਹੈ।

ਕਹਾਣੀਕਾਰ ਆਪਣੀਆਂ ਕਹਾਣੀਆਂ ਰਾਹੀਂ ਸਥਾਨਕ ਸਮਾਜ ਸਭਿਆਚਾਰਕ ਮੁੱਲ ਵਿਧਾਨ ਸਾਂਸਕ੍ਰਿਤਿਕ ਮਨੌਤਾਂ ਤੇ ਮਾਪਿਆਂ ਦੀ ਨੌਜਵਾਨ ਉਮਰ ਦੀਆਂ ਦੈਹਿਕ ਲੋੜਾਂ ਪ੍ਰਤਿ ਨਾਸਮਝੀ ਅਥਵਾ



ਅਵੇਸਲੇਪਨ ਦੇ ਚਲਦੇ ਹੁੰਦੇ ਕਾਮ ਦਮਨ ਅਤੇ ਇਸ ਦਮਨ ਦੇ ਪ੍ਰਤਿਕਰਮ ਵਿਚ ਇਸਦੇ ਵਿਸਫੋਟਕ ਤੇ ਵਿਗੜੇ ਰੂਪ ਵਿਚ ਬਾਹਰ ਆਉਣ ਦੇ ਨਤੀਜੇ ਵਜੋਂ ਪੇਸ਼ ਆਉਂਦੇ ਸਮਾਜਕ ਤੇ ਵਿਅਕਤੀਗਤ ਸੰਕਟਾਂ ਜਿਹੇ ਸੰਵੇਦਨਸ਼ੀਲ ਮਸਲੇ ਨੂੰ ਉਜਾਗਰ ਕਰਦਾ ਹੈ। 'ਨਸੂਰ' ਅਤੇ 'ਪਿੱਠਭੂਮੀ' ਦੀ ਪਾਤਰ 'ਰੂਪ' ਮੰਗਲੀਕ ਦੋਸ਼ ਬਾਰੇ ਵਿਚਾਰ ਦੇ ਚਲਦੇ ਅਤੇ ਮਾਪਿਆਂ ਤੇ ਭਰਾਵਾਂ ਦੇ ਅਵੇਸਲੇਪਣ ਕਰਕੇ ਵਿਆਹੋਂ ਖੁੰਝਦੀ ਜਾਂਦੀ ਹੈ ਅਤੇ ਅਖੀਰ ਕਾਮੁਕ ਵੇਗ ਦੇ ਉਛਾਲ ਵਿਚ 'ਜੋਤਿਸ਼ੀ' ਨਾਲ ਹੀ ਸੰਬੰਧਾਂ ਵਿਚ ਆ ਜਾਂਦੀ ਹੈ, ਜਿਸ ਕਰਕੇ ਬਾਅਦ ਦੀ ਸਾਰੀ ਉਮਰ ਪਰਿਵਾਰਕ, ਸਮਾਜਕ ਤੇ ਮਾਨਸਿਕ ਸੰਤਾਪ ਭੋਗਦੀ ਹੈ। 'ਬੰਦ ਦਰਵਾਜ਼ਾ' ਵਿਚਲਾ ਪਾਤਰ ਇਸੇ ਕਾਮ ਦਮਨ ਦੇ ਚਲਦੇ ਕਈ ਤਰ੍ਹਾਂ ਦੀਆਂ 'ਇੱਲਤਾਂ' ਕਰਦਾ ਆਖ਼ਰ ਬਲਾਤਕਾਰੀਆਂ ਦੀ ਸਫ਼ ਵਿਚ ਸ਼ਾਮਲ ਹੋ ਜਾਂਦਾ ਹੈ। **'ਬੰਦ ਦਰਵਾਜ਼ਾ'**, **'ਇਸ ਵਾਰ ਨਹੀਂ'**, **'ਪਿੱਠਭੂਮੀ'** ਦੇ ਇਹ ਕਾਮ ਦਮਨ ਦੇ ਸਤਾਏ ਪਾਤਰ ਇਸ ਦਮਨ ਕਰਕੇ ਮਾਨਸਿਕ ਵਿਗਾੜਾਂ ਦੇ ਸ਼ਿਕਾਰ ਹੁੰਦੇ ਹਨ, ਇਨ੍ਹਾਂ ਵਿਗਾੜਾਂ ਨੂੰ ਕਹਾਣੀਕਾਰ ਬਾਖ਼ੂਬੀ ਸਮਝਦਾ ਅਤੇ ਇਨ੍ਹਾਂ ਨੂੰ ਪਾਤਰਾਂ ਦੇ ਅਮਲੀ ਵਿਹਾਰ ਵਿਚੋਂ ਕਈ ਤਰ੍ਹਾਂ ਦੀਆਂ ਅਲਾਮਤਾਂ ਰਾਹੀਂ ਪੇਸ਼ ਕਰਦਾ ਹੈ। 'ਗੌਰਜਾਂ' ਦੇ ਪਾਤਰ ਜੀਤੂ ਦਾ ਬੱਚਿਆਂ ਨੂੰ ਚੂੰਢੀਆਂ ਵੱਢਣਾ, 'ਇਸ ਵਾਰ ਨਹੀਂ' ਦੀ ਵਿਧਵਾ ਪਾਤਰ ਦਾ ਹਾਰ-ਸ਼ਿੰਗਾਰ ਕਰਨਾ, ਨੀਂਦ ਵਿਚ ਚਲਣਾ, ਕੱਪੜਿਆਂ ਨੂੰ ਕੱਟਣਾ ਦਮਿਤ ਕਾਮ ਭਾਵਨਾਵਾਂ ਦੇ ਹੀ ਲੱਛਣ ਹਨ।

ਵਿਸ਼ਵੀਕਰਨ ਦੇ ਇਸ ਦੌਰ ਵਿਚ ਸਥਾਨਕ ਸੱਤਾ ਧਿਰਾਂ ਵਲੋਂ ਨਵ-ਪੂੰਜੀਵਾਦੀ ਨੀਤੀਆਂ ਲਾਗੂ ਕਰਨ ਦੇ ਨਾਲ ਨਾਲ ਲੋਕਾਂ ਨੂੰ ਆਰਥਿਕ ਮਸਲਿਆਂ ਤੇ ਉਨ੍ਹਾਂ ਦੇ ਹੱਕਾਂ ਹਕੂਕਾਂ ਦੀ ਚੇਤਨਾ ਤੇ ਸੰਘਰਸ਼ਾਂ ਤੋਂ ਵਿਰਵੇ ਰੱਖਣ ਲਈ ਸਮੇਂ ਸਮੇਂ ਸੰਪ੍ਰਦਾਇਕ ਕੱਟੜਵਾਦ ਸੌੜੇ ਰਾਸ਼ਟਰਵਾਦ ਨੂੰ ਵੀ ਫੈਲਾਇਆ ਜਾਂਦਾ ਹੈ। ਵਰਤਮਾਨ ਮੋਦੀ ਸਰਕਾਰ ਦੇ ਸੱਤਾ ਵਿਚ ਆਉਣ ਉਪਰੰਤ ਇਹ ਵਰਤਾਰਾ ਵਧੇਰੇ ਪ੍ਰਤੱਖ ਤੇ ਪ੍ਰਚੰਡ ਰੂਪ ਵਿਚ ਸਾਹਮਣੇ ਆ ਰਿਹਾ ਹੈ। ਕੁਝ ਸੰਪ੍ਰਦਾਇਕ ਸੰਗਠਨ ਭਾਰਤ ਨੂੰ 'ਧਰਮ ਨਿਰਪੱਖ' ਰਾਤ ਤੋਂ ਹਿੰਦੂ ਰਾਸ਼ਟਰ ਵਿਚ ਬਦਲਣ ਲਈ ਬਜਿਦ ਹਨ। ਘੱਟ ਗਿਣਤੀ ਸਮਾਜਕ ਸਮੂਹ ਖ਼ੁਦ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਹਨ। ਵੱਖਰੀ ਧਾਰਮਿਕ ਪਛਾਣ ਤੇ ਸਭਿਆਚਾਰਕ ਭਿੰਨਤਾਵਾਂ ਨੂੰ ਰਾਸ਼ਟਰਵਾਦ ਦੇ ਨਾਂ ਤੇ ਖਤਮ ਕਰਨ ਦੇ ਯਤਨ ਹੋਣ ਲੱਗੇ ਹਨ। ਰਾਸ਼ਟਰਵਾਦ ਦੀ ਪਰਿਭਾਸ਼ਾ ਨੂੰ ਸੰਪ੍ਰਦਾਇਕ ਨਜ਼ਰੀਏ ਤੋਂ ਘੜਨ ਦੇ ਯਤਨ ਹੋ ਰਹੇ ਹਨ। ਮਿਥਿਹਾਸ ਨੂੰ ਇਤਿਹਾਸ ਵਜੋਂ ਵੇਖਿਆ ਜਾਣ ਲੱਗਾ ਹੈ। ਸਿੱਖਿਆ, ਸਾਹਿਤ, ਕਲਾ ਉਪਰ ਵੀ ਜਬਰੀ ਭਗਵਾਂ ਰੰਗ ਠੋਸਿਆ ਜਾਣ ਲੱਗਾ ਹੈ। ਅਜਮੇਰ ਸਿੱਧੂ ਅਜਿਹੇ ਮਸਲਿਆਂ ਨੂੰ ਕੁਝ ਸਮਾਂ ਪਹਿਲਾਂ ਹੀ ਸਮਝ, ਪਛਾਣ ਅਤੇ ਸਿਰਜ ਰਿਹਾ ਹੈ। ਕਹਾਣੀ 'ਕਬਰ ਵਿਚ ਦਫ਼ਨ ਹਜ਼ਾਰ ਵਰ੍ਹੇ' ਸੰਪ੍ਰਦਾਇਕ ਕੱਟੜਪੁਣੇ ਦੀ ਮਿਸਾਲ ਹੈ ਜੋ ਸੰਦੇਸ਼ ਦਿੰਦੀ ਹੈ ਕਿ ਵਰਤਮਾਨ ਮਨੁੱਖ ਨੂੰ ਓਨੀ ਲੰਮੀ ਜ਼ਿੰਦਗੀ ਦੀ ਲੋੜ ਨਹੀਂ ਜਿੰਨੀ ਮਾਨਵੀ ਸੋਚ ਦੀ ਲੋੜ ਹੈ। ਕਹਾਣੀ 'ਡਾਇਨਸੋਰ' ਸਾਹਿਤ ਅਤੇ ਕਲਾ ਨੂੰ ਵੀ ਸੱਤਾ ਧਿਰਾਂ ਤੇ ਉਸਦੀਆਂ ਪੈਰੋਕਾਰ ਸੰਸਥਾਵਾਂ ਤੇ ਸੰਗਠਨਾਂ ਵਲੋਂ ਮਿਥਿਕਤਾਵਾਂ ਤੇ ਧੁੰਦਲਕਾ ਫੈਲਾਉਣ, ਸੰਪ੍ਰਦਾਇਕ ਰੰਗ ਵਿਚ ਰੰਗਣ ਦੇ ਖਤਰੇ ਨੂੰ ਪੇਸ਼ ਕਰਦੀ ਹੈ। ਸੂਚਨਾ ਕ੍ਰਾਂਤੀ' ਵਜੋਂ ਜਾਣੇ ਜਾਂਦੇ ਕੰਪਿਊਟਰ ਤੇ ਟੀ. ਵੀ. ਆਦਿਕ ਵੀ ਸਰਮਾਏਦਾਰੀ ਦੇ ਹੱਥਾਂ ਵਿਚ ਧੁੰਦਲਕਾ ਫੈਲਾਉਣ, ਖਪਤਵਾਦ, ਨੰਗੇਜ਼ ਫੈਲਾਉਣ ਦੇ ਹੀ ਸਾਧਨ ਬਣ ਗਏ ਹਨ। **'ਡਾਇਨਸੋਰ'** ਅਤੇ **'ਖੂਹ ਗਿੜਦਾ ਹੈ'** ਕਹਾਣੀਆਂ ਇਸ ਪਹਿਲੂ ਨੂੰ ਪੇਸ਼ ਕਰਦੀਆਂ ਹਨ। ਕਹਾਣੀ 'ਇਸਵਾਰ ਨਹੀਂ' ਸੱਤਾ ਧਿਰਾਂ ਦੇ ਸਿਆਸੀ ਹਿੱਤਾਂ ਖਾਤਰ 'ਰਾਸ਼ਟਰ' ਦੇ ਗੌਰਵ ਤੇ ਸੁਰੱਖਿਆ ਦੇ ਨਾਂ ਤੇ ਹੁੰਦੀਆਂ ਜੰਗਾਂ ਵਿਚ ਮਰਦੇ 'ਜਵਾਨਾਂ' ਤੇ ਉਨ੍ਹਾਂ ਪਿਛੋਂ ਰੁਲਦੀਆਂ ਵਿਧਵਾਵਾਂ ਦੇ ਸੰਤਾਪ ਨੂੰ ਪੇਸ਼ ਕਰਦੀ ਸੱਤਾ ਧਿਰਾਂ ਦੀਆਂ ਰਾਸ਼ਟਰ ਦੇ ਨਾਂ ਹੇਠ ਚਲਾਈਆਂ ਜਾਂਦੀਆਂ ਚਾਲਾਂ ਨੂੰ ਵੀ ਨੰਗਿਆਂ ਕਰਦੀ ਹੈ। ਇਸ ਸੌੜੇ ਰਾਸ਼ਟਰਵਾਦ ਜੰਗਾਂ ਤੇ ਨਫ਼ਰਤ ਦੇ ਵਿਰੁੱਧ ਉਹ ਆਪਣੀਆਂ ਕਹਾਣੀਆਂ **'ਬਲਦੇ ਚਿਰਾਗ'** ਅਤੇ **'ਨੋ ਮੈਨਿਜ਼ ਲੈਂਡ'** ਰਾਹੀ ਆਪਸੀ ਮੁੱਹਬਤ ਤੇ ਸ਼ਾਂਤੀ ਦਾ ਪੈਗਾਮ ਦਿੰਦਾ ਹੈ।

ਜਿਵੇਂ ਵਿਸ਼ਵੀਕਰਨ ਰਾਹੀਂ ਨਵ-ਪੂੰਜੀਵਾਦ ਨੇ ਵਿਸ਼ਵ ਦੇ ਹੋਰਨਾਂ ਸਥਾਨਕ ਸਮਾਜਾਂ ਦੀ ਖੁਦਮੁਖ਼ਤਾਰ ਆਰਥਿਕ ਵਿਵਸਥਾ ਅਤੇ ਸਭਿਆਚਾਰਕ ਨਿਵੇਕਲੇਪਨ ਨੂੰ ਵਿਸਥਾਪਿਤ ਕਰਕੇ ਉਨ੍ਹਾਂ ਤੇ ਖੁੱਲ੍ਹੇ ਬਜ਼ਾਰ ਵਾਲੀਆਂ ਆਰਥਿਕ ਨੀਤੀਆਂ ਤੇ ਖਪਤਵਾਦੀ ਜੀਵਨ ਜਾਚ ਨੂੰ ਆਰੋਪਿਤ ਕੀਤਾ ਹੈ, ਠੀਕ ਇਹ ਸਭ ਕੁਝ ਪੰਜਾਬ ਦੇ ਸਮਾਜ ਸਭਿਆਚਾਰ ਨਾਲ ਵੀ ਵਾਪਰਿਆ ਹੈ। ਖੇਤੀ ਦੇ ਕਾਰਪੋਰੇਟੀ ਮਾਡਲ ਨੇ ਬੀਜ, ਖਾਦਾਂ, ਕੀਟ ਨਾਸ਼ਕ, ਖੇਤੀ ਸੰਦ ਮਹਿੰਗੇ ਕਰ ਦਿੱਤੇ ਸਨ। ਖੇਤੀ ਦੀ ਲਾਗਤ ਵੱਧ ਗਈ ਹੈ ਤੇ 'ਖੁੱਲ੍ਹੇ ਬਜ਼ਾਰ' ਦੇ ਇਸ ਦੌਰ ਵਿਚ ਗਰੀਬ ਕਿਸਾਨ ਤੋਂ ਸਬਸਿਡੀਆਂ ਵੀ ਖੋਹੀਆਂ ਜਾ ਰਹੀਆਂ ਹਨ ਤੇ ਖੁੱਲ੍ਹੀ ਮੰਡੀ ਵਿਚ ਉਸਦੀ ਫਸਲ ਕੌਡੀਆਂ ਦੇ ਭਾਅ ਵਿਕ ਰਹੀ ਹੈ। ਵਿਦਿਆ ਜਿਸਦਾ ਸਥਾਨਕ ਸਰੂਪ 'ਪਰਉਪਕਾਰੀ' ਸੀ, ਹੁਣ ਮਹਿੰਗੀ 'ਵਸਤੂ' ਬਣਾ ਦਿੱਤੀ ਗਈ ਹੈ। ਟੀ ਵੀ ਇੰਟਰਨੈੱਟ ਰਾਹੀਂ ਪਰੋਸੇ ਜਾ ਰਹੇ ਖਪਤਵਾਦ, ਨਗੇਜ਼, ਵਿਅਕਤੀਵਾਦ ਨੇ ਪੰਜਾਬੀ ਸੁਭਾਅ ਵਿਚੋਂ ਸਰਲਤਾ, ਸਾਦਗੀ, ਸਹਿਯੋਗ, ਕਿਰਤ, ਦੇ ਗੁਣਾਂ ਨੂੰ ਕੱਢ ਕੇ ਐਸ਼ਪ੍ਰਸਤੀ, ਉਤੇਜਨਾ, ਗਲਵੱਢ, ਮੁਕਾਬਲੇ ਬਾਜ਼ੀ, ਵਸਤਪਾਲ ਮਾਨਸਿਕਤਾ, ਖਪਤਵਾਦ, ਖਬਤੀਪੁਣਾ ਭਰ ਦਿੱਤਾ ਹੈ। ਨਵ-ਪੂੰਜੀਵਾਦ ਨੇ ਮਨੁੱਖ ਨੂੰ ਸਾਂਝੇ ਸਮਾਜਕ ਵਿਕਾਸ ਦੇ ਉਲਟ ਨਿੱਜੀ ਖੁਸ਼ਹਾਲੀ, ਨਿੱਜੀ ਤਰੱਕੀ ਦਾ ਸੁਪਨਾ ਦੇ ਦਿੱਤਾ ਹੈ। ਹੁਣ ਬਦਲੇ ਪ੍ਰਸੰਗ ਵਿਚ ਮਾਰਕਸਵਾਦੀ ਸੋਚ ਰੱਖਣ ਵਾਲਾ ਪਿਤਾ ਵੀ ਪੁੱਤ ਨੂੰ ਭਗਤ ਸਿੰਘ ਜਾਂ ਕਰਤਾਰ ਸਿੰਘ ਨਹੀਂ ਬਣਾਉਣਾ ਚਾਹੁੰਦਾ, ਸਗੋਂ ਵੱਡਾ ਅਫਸਰ ਬਣਾਉਣਾ ਲੋਚਦਾ ਹੈ।

ਯੋਧੇ ਪੁੱਤਰ, ਤੈਨੂੰ ਵੱਡਾ ਅਫ਼ਸਰ ਬਣਾਉਣਾ, ਦੱਬ ਕੇ ਪੜ੍ਹਨਾ।"

ਆਮ ਇਨਸਾਨ ਹੁਣ ਇਸ ਪ੍ਰਬੰਧ ਵਿਚ ਆਪਣੀ ਤੇ ਆਪਣੀ ਔਲਾਦ ਦੀ ਸਮਾਜਕ ਆਰਥਿਕ ਮੁਕਤੀ ਦਾ ਮਾਰਗ ਵਿਦਿਆ ਨੂੰ ਸਮਝਦਾ ਹੈ। ਇਸ ਸਥਿਤੀ ਵਿਚ ਵਿਦਿਆ ਵੀ ਸਰਮਾਏਦਾਰੀ ਦੇ ਹੱਥ ਆ ਜਾਣ ਨਾਲ ਮਹਿੰਗੀ 'ਵਸਤੂ' ਬਣ ਗਈ ਹੈ। ਮਾਰੂ ਮੁਕਾਬਲੇਬਾਜ਼ੀ ਬਾਲ ਮਨ ਦੀਆਂ ਸੱਧਰਾਂ ਨੂੰ ਵਲੂੰਧਰ ਸੁੱਟਦੀ ਹੈ, ਬੱਚਾ ਆਪਣਾ ਬਚਪਨ ਵੀ ਗਵਾਚ ਗਿਆ ਮਹਿਸੂਸ ਕਰਦਾ ਹੈ।

-ਮਾਂ ਯਾਵਾ ਮੇਰਾ ਬਚਪਨ ਖਾ ਗਿਆ।

ਬਾਲ-ਬੁੱਧ ਕੀ ਜਾਣੇ ਇਹ ਬਚਪਨ ਪਿਓ ਨੇ ਨਹੀਂ, ਪੂੰਜੀਵਾਦ ਨੇ ਖਾ ਲਿਆ ਹੈ। 'ਖੂਹ ਗਿੜਦਾ ਹੈ' ਵਿਚਲਾ ਇਹ ਮਸਲਾ 'ਇਵਾਨ ਇਲੀਚ ਦੀ ਦੂਜੀ ਮੌਤ' ਰਾਹੀਂ ਹੋਰ ਸਪੱਸ਼ਟ ਦੇਖਿਆ ਜਾ ਸਕਦਾ ਹੈ। ਸਰਮਾਏਦਾਰੀ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੰਦੀ, ਪ੍ਰੋਡਕਟ ਬਣਾ ਰਹੀ ਹੈ। ਬੱਚਿਆਂ ਨੂੰ ਵੀ...!

ਓਏ ਰੱਬਾ! ਅਸੀਂ ਕਿਹੜੇ ਰਸਤੇ ਤੁਰ ਪਏ। ਅਸੀਂ ਬੱਚਿਆਂ ਨੂੰ ਬੱਚੇ ਨਹੀਂ ਰਹਿਣ ਦਿੱਤਾ। ਪ੍ਰੋਡੋਕਟ ਬਣਾ ਦਿੱਤਾ... ਤੇ ਮਾਰਕੀਟ ਵਿਚ ਲਾਂਚ ਕਰ ਦਿੱਤੇ।

ਇੰਝ ਹੀ 'ਰੰਮੀ' ਦੀ ਮਾਂ ਚਾਹੁੰਦੀ ਹੈ ਰੰਮੀ ਨੂੰ ਪ੍ਰੋਡਕਟ ਬਣਾ ਕੇ ਮਾਰਕੀਟ ਵਿਚ ਉਤਾਰਨਾ।

ਨੌਜਵਾਨ ਜਦੋਂ ਇਸ ਮਾਰੂ ਦੌੜ ਵਿਚ ਪੱਛੜਦਾ ਹੈ ਤਾਂ ਕਈ ਤਰ੍ਹਾਂ ਦੇ ਮਾਨਸਿਕ ਦਬਾਵਾਂ, ਸਵੈ-ਗਿਲਾਨੀ, ਚਿੰਤਾਵਾਂ, ਉਦਾਸੀ, ਇਕੱਲਤਾ ਵਿਚ ਘਿਰ ਜਾਂਦਾ ਹੈ। ਇਨ੍ਹਾਂ ਵਿਚੋਂ ਨਿਕਲਣ ਲਈ ਉਹ ਖਪਤਵਾਦੀ ਸਭਿਆਚਾਰ ਦੁਆਰਾ ਹੀ ਫੈਲਾਏ ਜਾ ਰਹੇ ਆਜ਼ਾਦੀ ਦੇ ਮਿੱਥਿਕਾਂ ਨਸ਼ੇ ਅਤੇ ਸੈਕਸ ਵਿਚ ਗਲਤਾਨ ਹੋ ਜਾਂਦਾ ਹੈ। ਕੁਝ ਸਮੇਂ ਦਾ ਮਾਨਸਿਕ ਸਕੂਨ ਤੇ ਹੁਲਾਰ ਉਦਾਸੀ ਤੇ ਖੋਖਲੇਪਨ ਦੀ ਦਲਦਲ ਵਿਚ ਹੋਰ ਡੂੰਘੇ ਸੁੱਟਦਾ ਜਾਂਦਾ ਹੈ। 'ਸੁਪਨੇ ਵੇਚਣ ਤੇ ਜੇਬਾਂ ਕੱਟਣ ਵਾਲੇ ਵਣਜਾਰਿਆਂ" ਦਾ ਕਾਰੋਬਾਰ ਚਲਦਾ ਜਾਂਦਾ ਹੈ।

ਗਲੋਬੇਲਾਈਜੇਸ਼ਨ ਨੇ ਸਾਰੀ ਦੁਨੀਆਂ ਥੱਕਾਅ ਦਿੱਤੀ ਆ।

ਇਹ ਬਿਮਾਰੀਆਂ ਇਹ ਖੁੱਲ੍ਹ ਖੇਡ ਨਸ਼ੇ ਚਿੰਤਾ, ਖੋਖਲਾਪਨ ਇਹ ਸਭਿਆਚਾਰ ਸਭ ਉਸ ਦੀ ਦੇਣ ਹੈ।

ਇਸ ਭੋਗਵਾਦੀ ਖਪਤਵਾਦੀ 'ਖਾਓ ਪੀਓ ਐਸ਼ ਕਰੋ" ਵਾਲੀ ਪਰੋਸੀ ਜਾ ਰਹੀ ਜੀਵਨ ਜਾਚ ਨੇ



ਹਰੇਕ ਮਨੋ-ਬਿਰਤੀ ਨੂੰ ਉਸਦੇ ਸਹਿਜ ਸਾਧਾਰਨ ਕੁਦਰਤੀ ਰੂਪ ਵਿਚ ਨਹੀਂ ਰਹਿਣ ਦਿੱਤਾ, ਬਲਕਿ ਪ੍ਰਚੰਡ ਵੇਗਮਈ ਬਣਾ ਦਿੱਤਾ ਹੈ। ਹੁਣ 'ਖੂਹ ਗਿੜਦਾ ਹੈ' ਦੇ ਯੁੱਧਵੀਰ ਵਿਚ ਕ੍ਰੋਧ ਤੇ ਲੋਭ ਏਨਾ ਪ੍ਰਚੰਡ ਹੋਇਆ ਹੈ ਕਿ ਉਹ ਮਾਂ ਪਿਓ ਨੂੰ ਮਾਰਨ ਤੇ ਤੁਲਿਆ ਹੈ, ਹੁਣ ਉਸਦੇ ਜੀਵਨ ਦਾ ਇਕ ਹੀ ਮਕਸਦ ਹੈ, ਜਾਇਦਾਦ ਵੇਚ ਕੇ ਐਸ਼ ਕਰਨਾ। ਉਹ ਏਨਾ ਅਸਹਿਜ ਹੋ ਗਿਆ ਹੈ ਕਿ ਮਾਨਸਿਕ ਸੰਤੁਲਨ ਗਵਾ ਬੈਠਦਾ ਹੈ। "ਸ਼ਾਇਦ ਰੰਮੀ ਮੰਨ ਜਾਵੇ" ਦੀ ਮਾਂ ਪੈਸੇ ਤੇ ਪਦਾਰਥਾਂ ਦੀ ਚਕਾਚੌਂਧ ਵਿਚ ਏਨੀ ਚੁੰਧਿਆਈ ਗਈ ਹੈ ਕਿ ਧੀ ਨੂੰ ਦੇਹ ਦੀ ਨੁਮਾਇਸ਼ ਤੇ ਅਸਿੱਧੇ ਰੂਪ ਵਿਚ ਦੇਹ ਵਪਾਰ ਦੇ ਧੰਦੇ ਲਈ ਮਨਾਉਣਾ ਚਾਹੁੰਦੀ ਹੈ। "ਇਵਾਨ ਇਲੀਚ ਦੀ ਦੂਜੀ ਮੌਤ' ਦਾ ਪਾਤਰ ਕਾਮ ਦੀ ਖੁੱਲ੍ਹ ਖੇਡ ਵਿਚ ਗਲਤਾਨ ਏਡਜ ਦਾ ਸ਼ਿਕਾਰ ਹੋ ਚੁੱਕਾ ਹੈ ਪਰ ਕਾਮ-ਗ੍ਰਸਤ ਏਨਾ ਹੈ ਮਾਂ ਵੀ ਉਸ ਨੇੜੇ ਆਉਣੋਂ ਤ੍ਰਹਿੰਦੀ ਹੈ। ਪੂੰਜੀਵਾਦ ਦੇ ਤਲਿੱਸਮ ਦੀ ਜਕੜ ਵਿਚ ਆਏ ਮਨੁੱਖ ਦੇ ਬਸਤੀ ਬਣੇ ਮਨ ਦੀ ਵਿਡੰਬਨਾ ਇਹ ਬਣ ਗਈ ਹੈ ਕਿ ਜਿਸ ਜਹਾਜ਼ ਵਾਲੀ ਟੈਂਕੀ ਨੂੰ ਢੀਮ ਮਾਰ ਕੇ ਨਕਾਰ ਰਿਹਾ ਹੈ, ਉਸੇ ਦੀ ਹਸਰਤ ਉਸਨੂੰ ਪਰਿਵਾਰ ਸਮੇਤ ਖੁਦਕੁਸ਼ੀ ਦੇ ਰਾਹੇ ਪਾ ਦਿੰਦੀ ਹੈ।

-"ਸਾਲਾ ਵਾਸ਼ਿੰਗਟਨ ਸਾਰੀ ਦੁਨੀਆਂ ਨਾਲ ਰੇਪ ਕਰ ਰਿਹਾ।"

ਵਾਸ਼ਿੰਗਟਨ...! ਆਰਥਿਕ ਤੇ ਸਭਿਆਚਾਰਕ ਸਾਮਰਾਜਵਾਦ ਦਾ ਸਰਦਾਰ।

ਜੁਝਾਰੂ ਮਾਦੇ ਤੇ ਨਾਬਰੀ ਵਿਰਸੇ ਵਾਲਾ ਪੰਜਾਬੀ ਮਨੁੱਖ ਪੂੰਜੀਵਾਦੀ ਵਿਸ਼ਵੀਕਰਨ ਦੀਆਂ ਵਿਕਰਾਲ ਮਾਰੂ ਪ੍ਰਸਥਿਤੀਆਂ ਅੱਗੇ ਸਾਹ ਸਤਹੀਣ ਹੋਇਆ ਜਾਪਦਾ ਹੈ, ਉਹ ਟੁੱਟ ਰਿਹਾ ਹੈ, ਤਿੜਕ ਰਿਹਾ ਹੈ, ਭਰਮਾਇਆ ਜਾ ਰਿਹਾ ਹੈ, ਵਿਚਲਿਤ ਹੈ, ਦੁਬਿਧਾ ਗ੍ਰਸਤ ਹੈ, ਮਨੋਰੋਗੀ ਹੋ ਰਿਹਾ ਹੈ, ਖੁਦਕੁਸ਼ੀਆਂ ਦੇ ਰਾਹ ਹੋ ਤੁਰਿਆ ਹੈ, ਕੀ ਕਿਸਾਨ , ਕੀ ਨੌਜਵਾਨ, ਕੀ ਖਿਡਾਰੀ ਤੇ ਕੀ ਵਿਦਿਆਰਥੀ। ਅਜਮੇਰ ਸਿੱਧੂ ਦੀਆਂ ਕਈ ਕਹਾਣੀਆਂ ਦੇ ਪਾਤਰ ਤਣਾਓਗ੍ਰਸਤ ਹੋ ਮਨੋਰੋਗੀ ਹੋਣ ਤੱਕ ਜਾ ਪੁੱਜਦੇ ਹਨ। 'ਜਹਾਜ਼ ਵਾਲੀ ਟੈਂਕੀ' ਦਾ ਕਿਸਾਨ ਟ੍ਰੈਵਲ ਏਜੰਟਾਂ ਦੀ ਠੱਗੀ ਦਾ ਸ਼ਿਕਾਰ ਹੋ ਆਪਣੇ ਤੇ ਆਪਣੇ ਪਰਿਵਾਰ ਲਈ 'ਸਲਫਾਸ' ਲੈ ਆਇਆ ਹੈ। 'ਇਵਾਨ ਇਲੀਚ..." ਦਾ ਨੌਜਵਾਨ ਏਡਜ਼ ਦਾ ਮਾਰਿਆ ਮੌਤ ਦੇ ਮੂੰਹ ਵਿਚ ਜਾ ਪਿਆ ਹੈ। 'ਦ ਸੁਔਰਡ ਆਫ ਬੰਦਾ ਸਿੰਘ ਬਹਾਦਰ' ਦਾ ਨੌਜਵਾਨ ਪਾਤਰ ਭ੍ਰਸ਼ਟ ਪ੍ਰਬੰਧ ਨਾਲ ਖਹਿੰਦਾ ਮਾਨਸਿਕ ਤਵਾਜ਼ਨ ਗਵਾ ਰਿਹਾ ਹੈ। 'ਥੇਹ' ਕਹਾਣੀ ਦਾ ਪਾਤਰ ਚਾਚਾ ਮਨੋਰੋਗੀ ਹੋ ਚੁੱਕਾ ਹੈ, ਗੋਰਖਣ ਮਨੋਰੋਗੀ ਹੋ ਚੁੱਕੀ ਹੈ, ਧੀ ਮੌਤ ਦੇ ਮੂੰਹ ਵਿਚ ਹੈ। 'ਖੂਹ ਗਿੜਦਾ ਹੈ' ਦਾ ਨੌਜਵਾਨ ਮਨੋਰੋਗੀ ਹੋ ਜਾਂਦਾ ਹੈ। 'ਅੰਬਰ ਵੱਲ ਉੱਠੇ ਹੱਥ' ਵਿਚਲੀਆਂ ਤਿੰਨੇ ਭੈਣਾਂ ਮਾਪਿਆਂ ਦੀ ਮੁੰਡੇ ਦੀ ਚਾਹਤ ਦੇ ਚਲਦੇ ਨਫ਼ਰਤ ਤੇ ਸਵੈ ਗਿਲਾਨੀ ਦੇ ਮਿਲੇ ਜੁਲੇ ਭਾਵਾਂ ਵਿਚ ਖੁਦਕਸ਼ੀ ਕਰ ਰਹੀਆਂ ਹਨ। ਇਹ ਸਮਕਾਲੀ ਪੰਜਾਬ ਦੀ ਅਤਿ ਨਿਰਾਸ਼ਾ ਭਰੀ, ਚਿੰਤਾਮੂਲਕ ਪਰ ਯਕੀਨਨ ਵਾਸਤਵਿਕ ਤਸਵੀਰ ਹੈ। ਦੁਖਦ ਹਕੀਕਤ ਦੀ ਅਜਿਹੀ ਸਿਰਜਣਕਾਰੀ ਕਰਕੇ ਹੀ ਡਾ. ਬਲਦੇਵ ਸਿੰਘ ਧਾਲੀਵਾਲ ਉਸਨੂੰ 'ਪੰਜਾਬੀ ਮਾਨਸਿਕਤਾ ਦੇ ਦੁਖਾਂਤਕ ਬੋਧ ਦਾ ਰਚਨਾਕਾਰ।"[4] ਆਖਦਾ ਹੈ ਅਤੇ ਡਾ. ਰਜਨੀਸ਼ ਬਹਾਦਰ ਸਿੰਘ ਉਸਦੀਆਂ ਕਹਾਣੀਆਂ ਦੇ ਕੇਂਦਰ ਵਿਚ ਪੀੜਤ ਮਨੁੱਖ ਨੂੰ ਹਾਜ਼ਰ ਦੇਖਦਾ ਹੈ।[5]

ਯਥਾਰਥ ਸਿਰਜਣ ਬੇਸ਼ੱਕ ਗਲਪ ਦਾ ਧਰਮ ਮੰਨਿਆ ਗਿਆ ਹੈ ਪਰ ਸਾਡਾ ਗਲਪਕਾਰ ਆਪਣੀ ਸਮਾਜਕ ਜ਼ਿੰਮੇਵਾਰੀ ਨੂੰ ਵੀ ਬਿਹਤਰ ਸਮਝ ਰਿਹਾ ਹੈ, ਉਹ ਜਾਣ ਗਿਆ ਹੈ ਕਿ ਨਵ-ਪੂੰਜੀਵਾਦ ਦੇ ਇਸ ਮਾਰੂ ਵਰਤਾਰੇ ਨੂੰ ਸਾਹਿਤਕ ਧਰਾਤਲ ਤੋਂ ਜਵਾਬ ਦੇਣ ਲਈ ਕੇਵਲ ਸਥਿਤੀ ਨੂੰ ਆਲੋਚਨਾਤਮਕ ਯਥਾਰਥਵਾਦੀ ਨਜ਼ਰੀਏ ਤੋਂ ਸਿਰਜਣਾ ਸਮਕਾਲੀ, ਪ੍ਰਸਥਿਤੀਆਂ ਵਿਚ ਨਾਕਾਫ਼ੀ ਹੋਵੇਗਾ। ਪਾਠਕ ਨੂੰ ਸਥਿਤੀਆਂ ਅਤੇ ਉਨ੍ਹਾਂ ਪਿਛੇ ਕਾਰਜਸ਼ੀਲ ਅਮਲ ਦਾ ਬੋਧ ਤਾਂ ਦੇਣਾ ਹੀ ਹੈ ਪਰ ਨਾਲ ਹੀ ਉਸਨੂੰ ਇਨ੍ਹਾਂ ਨਾਲ ਜੂਝਣ ਦਾ ਮਾਦਾ ਵੀ ਦੇਣਾ ਹੋਵੇਗਾ, ਇਹ ਜਗਾਉਣਾ ਹੈ। ਨਵ-ਪੂੰਜੀਵਾਦ ਦੁਆਰਾ ਸਿਰਜੇ ਜਾ ਰਹੇ ਪ੍ਰਵਚਨ ਦਾ 'ਜਵਾਬ' ਤਲਾਸ਼ਣਾ ਜ਼ਰੂਰੀ ਹੈ। ਨਵ-ਪੂੰਜੀਵਾਦ ਅਤੇ ਇਸਦੇ ਪਾਸਾਰੇ, ਇਸਦੀ

ਵਿਚਾਰਧਾਰਾ, ਜੀਵਨ-ਜਾਚ ਦੇ ਵਿਕਲਪ ਜਿਉਂਦੇ ਰੱਖਣੇ ਜ਼ਰੂਰੀ ਹਨ। ਸੋ ਸਾਡੇ ਗਲਪਕਾਰ ਜੁਝਾਰੂ ਮਾਦੇ ਵਾਲੇ ਪਾਤਰ ਅਤੇ ਸੰਘਰਸ਼ ਦੀਆਂ ਗਾਥਾਵਾਂ ਇਤਿਹਾਸ ਮਿਥਿਹਾਸ ਅਤੇ ਸਮਕਾਲ ਵਿਚੋਂ ਖੰਘਾਲ ਰਹੇ ਹਨ। ਮਨਮੋਹਨ ਬਾਵਾ, ਬਲਦੇਵ ਸਿੰਘ, ਬਲਬੀਰ ਪਰਵਾਨਾ, ਬਲਵਿੰਦਰ ਸਿੰਘ ਗਰੇਵਾਲ, ਜਰਨੈਲ ਸਿੰਘ ਜਿਹੇ ਗਲਪਕਾਰ ਅਜਿਹਾ 'ਜਵਾਬੀ ਪ੍ਰਵਚਨ' ਪੇਸ਼ ਕਰਨ ਦੇ ਆਹਰ ਵਿਚ ਹਨ। ਅਜਮੇਰ ਸਿੱਧੂ ਵੀ ਅਜਿਹੇ ਜਵਾਬੀ ਪ੍ਰਵਚਨ ਦੀ ਤਲਾਸ਼ ਵਿਚ ਰਿਹਾ ਹੈ। ਉਸਨੇ ਬੰਦਾ ਸਿੰਘ ਬਹਾਦਰ ਅਤੇ ਦਰਸ਼ਨ ਦੁਸਾਂਝ ਜਿਹੇ ਕ੍ਰਾਂਤੀਕਾਰੀ, ਨਾਬਰ ਤੇ ਨਿਰੋਏ ਪਾਤਰ ਇਤਿਹਾਸ ਵਿਚੋਂ ਲੱਭ ਕੇ ਪੇਸ਼ ਕੀਤੇ ਹਨ। ਨਵ-ਪੂੰਜੀਵਾਦ ਅਤੇ ਉਸਦੀ ਦਿੱਤੇ ਖਪਤਵਾਦੀ ਪਦਾਰਥਵਾਦੀ ਜੀਵਨ ਜਾਚ, ਜੋ ਕਿ ਮਨੁੱਖੀ ਹੋਂਦ ਨੂੰ ਨਿਰੋਲ ਦੇਹਮੂਲਕ ਤੇ ਪਦਾਰਥਕ ਗਰਜਾਂ ਤੱਕ ਹੀ ਘਟਾ ਦੇਣਾ ਲੋਚਦੀ ਹੈ, ਨੂੰ ਟੱਕਰ ਦਿੰਦੀ ਅਹਿਮ ਸਿਰਜਣਾ, ਉਸ ਦੁਆਰਾ ਸਿਰਜਿਤ ਪਾਤਰ 'ਰੰਮੀ' ਹੈ। ਇਹ ਪਾਤਰ ਪਦਾਰਥਵਾਦੀ ਖਪਤਵਾਦੀ ਜੀਵਨ ਜਾਚ ਦੇ ਕੇ ਬੇਗੈਰਤ ਕੀਤੇ ਜਾ ਰਹੇ ਮਨੁੱਖ ਦੀ ਗ਼ੈਰਤ ਨੂੰ ਹਲੂਣਾ ਹੈ। ਇਕ ਚੇਤੰਨ, ਕ੍ਰਿਆਸ਼ੀਲ, ਵਸਤੂ ਹੋਂਦ ਤੋਂ ਨਾਬਰ, ਨਿਰੋਈ ਸੋਚ, ਜੁਝਾਰੂ ਮਾਨਵੀ ਹੋਂਦ, ਇਕ ਸ਼ਸ਼ਕਤ ਪਾਤਰ 'ਰੰਮੀ' ਇਹ ਕਹਾਣੀ ਪੂੰਜੀਵਾਦੀ ਵਿਸ਼ਵੀਕਰਨ ਦੁਆਰਾ ਫੈਲਾਏ ਜਾ ਰਹੇ ਖਪਤਵਾਦ, ਨੰਗੇਜ਼ ਦੇਹਵਾਦ, ਪਾਪੂਲਰ ਗਾਇਕੀ, ਸਭਿਆਚਾਰ ਦੇ ਨਾਂ ਤੇ ਹੁੰਦੇ ਉਜੱਡਪੁਣੇ, ਬੇਗ਼ੈਰਤੀ ਦਾ 'ਜਵਾਬੀ ਪ੍ਰਵਚਨ' ਸਿਰਜਦੀ ਹੈ।

"ਜੇ ਭੁੱਖੇ ਮਰਦੇ ਆਂ। ਤਾਂ ਕੀ ਧੀਆਂ ਭੈਣਾਂ ਨੂੰ ਜਿਸਮ ਵੇਚਣ ਲਾ ਦੇਈਏ? ਸਾਲਿਓ! ਸ਼ਰਮ ਕਰੋ।"

ਇਹ ਪਹਿਲੂ ਤੋਂ ਹੀ ਡਾ. ਰਮਿੰਦਰ ਕੌਰ ਉਸਨੂੰ 'ਨਾਬਰੀ ਚੇਤਨਾ ਵਾਲੇ ਕਥਾ ਪ੍ਰਬੰਧ' ਦਾ ਰਚੇਤਾ ਆਖਦੀ ਹੈ।[6]

ਅਜਿਹਾ ਹੀ ਉਸਦਾ ਨਾਬਰ ਤੇ ਸ਼ਸ਼ਕਤ ਪਾਤਰ 'ਜਮੀਲਾ' ਹੈ।

ਬਿਰਤਾਂਤਕਾਰ ਆਪਣੇ ਕਥਾ-ਬਿਰਤਾਂਤ ਦਾ ਆਰੰਭ ਨਾਟਕੀ ਅੰਦਾਜ਼ ਵਿਚ ਕਰਦਾ ਹੈ। ਪਾਤਰ ਦੀ ਵਰਤਮਾਨ ਸਥਿਤੀ ਵਿਚਲੇ ਕਾਰਜਾਂ, ਵਾਰਤਾਲਾਪਾਂ ਅਥਵਾ ਮਨੋਬਚਨੀਆਂ ਤੋਂ ਅੱਗੇ ਬਿਰਤਾਂਤ ਦਰਪੇਸ਼ ਸਥਿਤੀ ਦੇ ਘਟਨਾਵੀ ਵਰਣਨ ਅਤੇ ਉਨ੍ਹਾਂ ਘਟਨਾਵਾਂ ਦੀ ਟੁੱਟਵੀ ਲੜੀ ਦੇ ਪ੍ਰਤਿਕਰਮ ਵਿਚ ਡਿਕੋ-ਡੋਲੇ ਖਾਂਦੀ ਮਨੋਸਥਿਤੀ ਤੇ ਝਾਤ ਪਾਈ ਜਾਂਦੀ ਹੈ। ਅੰਤ 'ਤੇ ਰਹੱਸ ਉਦਘਟਨ ਹੁੰਦਾ ਹੈ ਅਤੇ ਸਥਿਤੀਆਂ ਦੇ ਪ੍ਰਤਿਕਰਮ ਵਿਚ ਪਾਤਰ ਦੀ ਮਨੋਦਸ਼ਾ ਅਥਵਾ ਪੈਂਤੜੇ ਦਾ ਪਤਾ ਚਲਦਾ ਹੈ। ਸਮੁੱਚਾ ਬਿਰਤਾਂਤ ਸ਼ੁਰੂ ਤੋਂ ਅੰਤ ਤੱਕ ਚੇਤਨਾ ਦੇ ਬੇਰੋਕ ਪ੍ਰਵਾਹ ਵਿਚ ਨਾ ਚੱਲ ਕੇ ਟੁੱਟਵੇਂ ਰੂਪ ਵਿਚ ਚਲਦਾ ਹੈ। ਉਹ ਕਿਸੇ ਸਮਕਾਲੀ ਸਥਾਨਕ ਮਸਲੇ ਨੂੰ ਇਤਿਹਾਸ, ਮਿਥਿਹਾਸ ਜਾਂ ਦੂਰ ਕਾਲ ਨਾਲ ਜੋੜਣ, ਮਸਲੇ ਨੂੰ ਹੋਰ ਗੂੜ੍ਹਾ ਰੰਗ ਦੇਣ, ਮਸਲੇ ਦੇ ਭਿੰਨ ਪਰਿਪੇਖ ਸਿਰਜਣ, ਕਿਸੇ ਸੰਕਟ ਦੇ ਸਮਾਧਾਨੀ ਸੁਝਾਅ ਆਦਿਕ ਮਨੋਰਥਾਂ ਤਹਿਤ ਕਥਾ ਪਾਠ ਵਿਚ 'ਅੰਤਰਪਾਠ' ਦੀ ਸਿਰਜਣਾ ਕਰਦਾ ਹੈ। ਬੰਦਾ ਸਿੰਘ ਬਹਾਦਰ, ਨਚੀਕੇਤਾ, ਸਾਕਾ ਸਰਹਿੰਦ, ਇਵਾਨ ਇਲੀਚ ਆਦਿਕ ਉਸਦੇ ਇਤਿਹਾਸਕ, ਮਿਥਿਹਾਸਕ ਅਥਵਾ ਗਲਪੀ ਪਾਠਾਂ ਵਿਚੋਂ ਲਏ ਗਏ ਅੰਤਰਪਾਠ ਹਨ।

ਬਿਰਤਾਂਤਕਾਰ ਪ੍ਰਤੀਕ ਸਿਰਜਣਾ ਵਿਚ ਪ੍ਰਵੀਨ ਹੈ। ਉਹ ਸਾਧਾਰਨ ਵੇਰਵੇ ਵਜੋਂ ਵਰਤੀਆਂ ਵਸਤਾਂ ਦੀ 'ਮੈਟਾਫ਼ਰ' ਵਜੋਂ ਕਲਾਤਮਕ ਵਰਤੋਂ ਵਿਚ ਮਾਹਿਰ ਹੈ। ਕੰਗਣੀ ਵਾਲਾ ਗਲਾਸ, ਘੁੱਗੀਆਂ, ਕਬੂਤਰ ਸਭ ਪ੍ਰਤੀਕਾਤਮਕ ਹੋਂਦ ਰੱਖਦੇ ਹਨ। ਘੁੱਗੀ, ਕਬੂਤਰ ਅਮਨ ਤੇ ਸਾਂਤੀ ਦੇ ਦੂਤ ਹਨ, ਬੰਦ ਦਰਵਾਜ਼ਾ ਸਭਿਆਚਾਰਕ ਬੇਧੰਜ਼ਾਂ ਦਾ ਪ੍ਰਤੀਕ ਹੈ ਨਿੱਬੜਦਾ ਹੈ। ਖੂਹ ਦਾ ਗਿੜਨਾ ਮਨ ਰੂਪੀ ਖੂਹ ਦੇ ਖੜੇ ਡੂੰਘੇ ਫਿਕਰਾਂ ਦੇ ਪਾਣੀਆਂ ਦਾ ਚੇਤਨਾ ਪ੍ਰਵਾਹ ਰੂਪੀ ਟਿੰਡਾਂ ਰਾਹੀਂ ਭਰ ਭਰ ਬਾਹਰ ਆਉਣਾ ਹੈ। 'ਖੁਸ਼ਕ ਅੱਖ' ਲੁੰਪਨ ਤੱਤ ਬਣ ਰਹੀ ਕੁਰਾਹੇ ਪਏ ਨੌਜਵਾਨੀ ਦੇ ਆਸਹੀਣ ਦੁਖਿਆਰੇ ਮਾਪਿਆਂ ਦੀ ਹੈ। 'ਨਚੀਕੇਤਾ' ਜੀਵਨ ਨੂੰ ਸਧਾਰਨਤਾ ਤੋਂ ਉਪਰ ਉੱਠ ਮਹਾਂ ਮਾਨਵ ਹੋ ਕੇ ਜੀਣ, ਆਦਰਸ਼ਾਂ ਨੂੰ ਪ੍ਰਾਪਤ ਕਰਨ ਦੀ ਰੀਝ ਦਾ ਨਾਂ ਹੈ। ਬੰਦਾ ਸਿੰਘ ਬਹਾਦਰ ਦੀ ਤਲਵਾਰ ਸੱਤਾਧਿਰਾਂ, ਸਾਮੰਤਸ਼ਾਹੀ, ਭ੍ਰਿਸ਼ਟ ਪ੍ਰਬੰਧ, ਚਾਣਕਯਾਵਾਦ,



ਪ੍ਰੋਹਿਤਵਾਦ ਵਿਰੁੱਧ ਨਾਬਰੀ ਦੀ ਪ੍ਰਤੀਕ ਹੈ। 'ਜਹਾਜ਼ ਵਾਲੀ ਟੈਂਕੀ' ਪੰਜਾਬੀਆਂ ਦੀ 'ਸੁਪਨਿਆਂ ਦੇ ਦੇਸ਼' ਪ੍ਰਦੇਸ਼ ਜਾ ਵੱਸਣ ਦੀ ਰੀਝ ਤੇ ਮਜਬੂਰੀ ਦਾ ਸਿਰ ਚੜ੍ਹ ਬੋਲਦਾ ਫਤੂਰ। 'ਥੇਹ' ਸਾਡੀਆਂ ਪਰੰਪਰਾਵਾਦੀ ਸੋਚਾਂ ਤੇ ਸਮਾਜਕ ਵਿਧਾਨ ਦੀ ਗ੍ਰਿਫਤ ਵਿਚ ਆ ਦਫ਼ਨ ਹੋ ਰਹੀਆਂ ਮਾਨਵੀ ਰੀਝਾਂ ਦਾ ਦਮਨ। 'ਡਾਇਨਾਸੋਰ' ਸਮਕਾਲੀ ਭਾਰਤੀ ਸਮਾਜ ਦੇ ਹਰੇਕ ਖੇਤਰ ਸਿੱਖਿਆ, ਸਾਹਿਤ, ਕਲਾ, ਸੋਚ ਉਪਰ ਹਾਵੀ ਹੋ ਰਿਹਾ ਧੁੰਦਲਕੇ ਅਤੇ ਸੰਪਰਦਾਇਕਤਾ ਦਾ ਦਾਨਵ।

ਇਕ ਹੀ ਮਸਲੇ ਨੂੰ ਸੰਬੋਧਿਤ ਦੋ ਵਿਰੋਧੀ ਧਿਰਾਂ ਦੇ ਆਪੋ ਆਪਣੇ ਨਜ਼ਰੀਏ ਤੋਂ ਸਮਾਨਾਂਤਰ ਬਿਰਤਾਂਤ ਵਿਧੀ ਰਾਹੀਂ ਦੋ ਅਲਹਿਦਾ ਬਿਰਤਾਂਤਾਂ ਵਿਚ ਸਿਰਜਣਾ ਉਸਦੀ ਬਿਰਤਾਂਤਕ ਚੇਤਨਾ ਦਾ ਅਹਿਮ ਪਹਿਲੂ ਹੈ। ਉਹ ਸੁਪਨੇ ਦੀ ਜੁਗਤ ਡਾਇਰੀ ਸ਼ੈਲੀ ਆਦਿਕ ਦੀ ਵਰਤੋਂ ਈ ਕਰਦਾ ਹੈ। ਤੁਲਨਾਤਮਕ ਪਰਿਪੇਖ ਸਿਰਜਣਾ ਉਸਦੀ ਬਿਰਤਾਂਤਕਾਰੀ ਦਾ ਅਹਿਮ ਗੁਣ ਹੈ ਅਤੇ ਕਟਾਖ਼ ਕਰਨ ਵਿਚ ਉਹ ਨਿਪੁੰਨ ਹੈ। ਉਹ ਪਾਠਕ ਦੀ ਸੂਝ ਬੂਝ ਤੇ ਵਿਸ਼ਵਾਸ ਕਰਦਾ ਬਿਰਤਾਂਤ ਵਿਚ ਵਾਜਬ ਖੱਪੇ ਚੁੱਪਾਂ ਛੱਡਦਾ ਜਾਂਦਾ ਹੈ। ਦੁਆਬੇ ਦੀ ਭਾਸ਼ਾ ਅਤੇ ਸਥਾਨਕਤਾ ਦੇ ਵੇਰਵੇ ਉਸਦੇ ਬਿਰਤਾਂਤ ਵਿਚ ਮਿਲਦੇ ਹਨ।

ਪੰਜਾਬੀ ਕਹਾਣੀ ਰਾਹੀਂ ਉਹ ਵਿਗਿਆਨਕ ਸੂਝ ਦੇ ਪ੍ਰਸਾਰ ਦੇ ਨਾਲ ਨਾਲ ਵਿਗਿਆਨਕ ਗਲਪ ਦਾ ਨਵਾਂ ਪਾਸਾਰ ਵੀ ਖੋਲ੍ਹਦਾ ਹੈ। ਫਿਲਹਾਲ ਇਸ ਉਪਰ ਅਨੁਭਵ ਆਧਾਰਿਤ ਸਮਾਜਕ ਯਥਾਰਥ ਵਾਲੀ ਕਹਾਣੀ ਵਰਗੀ ਪੁਖ਼ਤਗੀ ਅਤੇ ਕਲਾਤਮਕਤਾ ਆਉਣੀ ਬਾਕੀ ਹੈ। ਉਸਦੇ ਕਥਾ ਬਿਰਤਾਂਤ ਵਿਚ ਇਕ ਵਿਸ਼ੇਸ਼ ਭਾਂਤ ਦੀ ਵਿਚਾਰਧਾਰਕ ਮਨੋਰਥ ਸਿੱਧੀ ਲੁਕਵੇਂ ਰੂਪ ਵਿਚ ਹਾਜ਼ਰ ਰਹਿੰਦੀ ਹੈ। ਇਹ ਇਤਰਾਜ਼ਯੋਗ ਨਹੀਂ, ਮੁਸ਼ਕਿਲ ਇਹ ਪੇਸ਼ ਆਉਂਦੀ ਹੈ ਕਿ ਇਸ ਮਨੋਰਥ ਸਿੱਧੀ ਤਹਿਤ ਉਹ ਕਈ ਵਾਰ ਆਪਣੇ ਪਾਤਰਾਂ ਪ੍ਰਤਿ ਨਿਰਪੱਖ ਪਹੁੰਚ ਨਹੀਂ ਰੱਖ ਪਾਉਂਦਾ। 'ਖੂਹ ਗਿੜਦਾ ਹੈ' ਨੂੰ ਜਰਾ ਲਾਂਭੇ ਰੱਖ ਲਈਏ ਤਾਂ ਉਸਦੀਆਂ ਕਹਾਣੀਆਂ ਦੇ ਜਿਆਦਾਤਰ ਖੱਬੇ ਪੱਖੀ ਵਿਚਾਰਧਾਰਾ ਵਾਲੇ ਪਾਤਰ ਸਕਾਰਾਤਮਕ ਨਜ਼ਰੀਏ ਤੋਂ ਪੇਸ਼ ਹੋਏ ਹਨ। ਧਾਰਮਿਕ ਪ੍ਰਵਚਨ ਨੂੰ ਪੰਚਰ ਕਰਨ ਵਾਲੇ, ਅਬਲਾ ਦੀ ਇੱਜ਼ਤ ਨੂੰ ਮੌਕੇ ਤੇ ਆ ਨਾਟਕੀ ਢੰਗ ਨਾਲ ਬਚਾਉਣ ਵਾਲੇ, ਦਲਿਤਾਂ ਪ੍ਰਤਿ ਮਾਨਵੀ ਵਿਹਾਰ ਅਪਣਾਉਣ ਵਾਲੇ, ਜਬਰ ਅੱਗੇ ਡਟ ਜਾਣ ਵਾਲੇ। ਇਸਦੇ ਮੁਕਾਬਲਤਨ ਧਾਰਮਿਕ ਨਜ਼ਰੀਏ ਵਾਲੇ ਵਧੇਰੇ ਪਾਤਰ ਨਾਂਹ-ਪੱਖੀ ਹਨ। 'ਕਬਰ ਵਿਚ ਦਫ਼ਨ ਹਜ਼ਾਰ ਵਰ੍ਹੇ' ਅਤੇ 'ਨੋ ਮੈਨਜ਼ ਲੈਂਡ' ਕਹਾਣੀਆਂ ਵਿਚਲਾ ਯਥਾਰਥ ਕਿਧਰੇ ਕਿਧਰੇ ਫਿਲਮੀ ਪ੍ਰਭਾਵ ਵਾਲਾ ਅਤੇ ਰੁਮਾਂਸਭਾਵੀ ਲਗਦਾ ਹੈ, 'ਦਿੱਲੀ ਦੇ ਕਿੰਗਰੇ' ਵਿਚ ਉਪਭਾਵੁਕ ਉਲਾਰਤਾ ਦੇ ਅੰਸ਼ ਮਿਲਦੇ ਹਨ। ਇਨ੍ਹਾਂ ਕੁਝ ਇਕ ਸੀਮਾਵਾਂ ਦੇ ਬਾਵਜੂਦ ਕਹਿਣਾ ਬਣਦਾ ਹੈ ਕਿ ਅਜਮੇਰ ਸਿੱਧੂ ਸਮਕਾਲੀ ਵਰਤਾਰਿਆਂ ਅਤੇ ਉਨ੍ਹਾਂ ਪਿਛੇ ਕਾਰਜਸ਼ੀਲ ਵਿਵਸਥਾ ਦੀ ਪੂਰੀ ਸੋਝੀ ਰੱਖਣ ਵਾਲਾ, ਵਿਗਿਆਨਕ ਦ੍ਰਿਸ਼ਟੀਕੋਣ ਵਾਲਾ ਮਾਨਵੀ ਸਰੋਕਾਰਾਂ ਵਾਲਾ, ਪਾਤਰਾਂ ਦੇ ਦਿਲ ਦੀਆਂ ਜਾਣ ਲੈਣ ਵਾਲਾ ਮਨੋ ਵਿਗਿਆਨੀ ਸੰਵੇਦਨਸ਼ੀਲ ਹਿਰਦੇ ਵਾਲਾ ਅਤੇ ਸਿਰਜਣਕਾਰੀ ਪੱਖੋਂ ਹੁਨਰਮੰਦ ਕਹਾਣੀਕਾਰ ਹੈ।

**ਹਵਾਲੇ ਅਤੇ ਟਿੱਪਣੀਆਂ-**


1. ਸਿਰਜਣਾ, ਜਨਵਰੀ-ਮਾਰਚ, 1999, ਪੰਨਾ 68
2. ਪ੍ਰੋ. ਜੇ. ਬੀ. ਸੇਖੋਂ ਸਮਕਾਲੀ ਪੰਜਾਬੀ ਕਹਾਣੀ-ਪ੍ਰਸੰਗ ਤੇ ਪ੍ਰਵਚਨ, ਪੰਨਾ- 51
3. ਡਾ. ਸੁਖਵਿੰਦਰ ਸਿੰਘ ਰੰਧਾਵਾ, ਕਥਾ ਚਿੰਤਨ, ਪੰਨਾ- 163
4. ਡਾ. ਬਲਦੇਵ ਸਿੰਘ ਧਾਲੀਵਾਲ, ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ, ਪੰਨਾ- 221
5. ਡਾ. ਰਜਨੀਸ਼ ਬਹਾਦਰ ਸਿੰਘ, ਸਮਕਾਲੀ ਪੰਜਾਬੀ ਕਹਾਣੀ-ਪਾਠਗਤ ਅਧਿਐਨ, ਪੰਨਾ- 221
6. ਡਾ. ਰਮਿੰਦਰ ਕੌਰ (ਸੰਪਾ.) ਸ਼ਾਇਦ ਰੰਮੀ ਮੰਨ ਜਾਏ ਤੇ ਹੋਰ ਕਹਾਣੀਆਂ, ਪੰਨਾ- 8


(**ਸੰਪਰਕ-99147-57779**)

# ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ 'ਦੋ ਟਾਪੂ': ਮਨੁੱਖੀ ਰਿਸ਼ਤਿਆਂ ਦੀ ਦਾਸਤਾਨ

- ***ਵੀਰਵੰਤੀ ਕੌਰ*** (ਰੀਸਰਚ ਸਕਾਲਰ) ਅਤੇ
***ਡਾ. ਬਲਵੰਤ ਸਿੰਘ ਸੰਧੂ*** (ਐਸੋਸੀਏਟ ਪ੍ਰੋਫੈਸਰ)

ਰਿਸ਼ਤੇ ਪੰਜਾਬੀ ਸਭਿਆਚਾਰ ਦਾ ਅਨਿਖੜਵਾਂ ਅੰਗ ਹਨ। ਰਿਸ਼ਤਿਆਂ ਦੇ ਤਾਣੇ-ਬਾਣੇ ਵਿੱਚ ਬੱਝਿਆ ਮਨੁੱਖ ਅਸਲੀ ਮਨੁੱਖਤਾ ਦੀ ਸਹੀ ਤਸਵੀਰ ਸਿਰਜਦਾ ਹੈ ਕਿਉਂਕਿ ਰਿਸ਼ਤੇ ਜਿੱਥੇ ਮਨੁੱਖੀ ਜੀਵਨ ਦਾ ਆਧਾਰ ਬਣਦੇ ਹਨ ਉੱਥੇ ਰੂਹ ਨੂੰ ਸਕੂਨ ਦੇ ਕੇ ਤਰੋ-ਤਾਜ਼ਾ ਵੀ ਕਰਦੇ ਹਨ। ਰਿਸ਼ਤੇ ਮਨੁੱਖ ਨੂੰ ਇਕੱਲਤਾ ਤੋਂ ਬਚਾ ਕੇ ਜੀਵਨ ਵਿੱਚ ਰੰਗੀਨੀਆਂ ਭਰਦੇ ਹੋਏ ਜੀਵਨ ਦੀ ਰਵਾਨਗੀ ਨੂੰ ਖੇੜਿਆਂ ਭਰਪੂਰ ਬਣਾਉਂਦੇ ਹਨ। ਇਹ ਰਿਸ਼ਤੇ ਬਚਪਨ ਵਿੱਚ ਲਾਡ ਲਡਾਉਂਦੇ, ਜਵਾਨੀ ਵਿੱਚ ਤਾੜਨਾ ਕਰਦੇ ਅਤੇ ਬੁਢਾਪੇ ਵਿੱਚ ਸਹਾਰਾ ਬਣਨ ਦਾ ਕਾਰਜ ਕਰਦੇ ਹਨ। ਰਿਸ਼ਤਿਆਂ ਵਿੱਚ ਬੱਝਾ ਮਨੁੱਖ ਆਪਣੇ ਆਪ ਨੂੰ ਅਨੂਠੀ ਖੁਸ਼ੀ ਤੇ ਪੂੰਜੀ ਦਾ ਮਾਲਕ ਮਹਿਸੂਸ ਕਰਦਾ ਹੈ ਪਰ ਰਿਸ਼ਤਿਆਂ ਤੋਂ ਟੁੱਟਾ ਮਨੁੱਖ ਬੇਗਾਨਗੀ ਤੇ ਇਕੱਲਤਾ ਦਾ ਸ਼ਿਕਾਰ ਹੋਣ ਕਰਕੇ ਮਾਨਸਿਕ ਤਣਾਉ ਵਿੱਚੋਂ ਗੁਜ਼ਰਦਾ ਹੈ। ਉਸਦਾ ਜੀਵਨ ਦੇ ਰਾਂਗਲ ਤਾਣੇ ਬਾਣੇ ਤੋਂ ਵਿਸ਼ਵਾਸ ਟੁੱਟ ਜਾਂਦਾ ਹੈ ਅਤੇ ਉਹ ਆਪਣੇ ਆਪ ਨੂੰ ਸਮਾਜ ਅੰਦਰ ਠੱਗਿਆ ਹੋਇਆ ਤੇ ਬੌਣਾ ਅਨੁਭਵ ਕਰਦਾ ਹੈ।

ਮਾਨਵੀ ਰਿਸ਼ਤੇ ਮਨੁੱਖੀ ਜੀਵਨ ਤੇ ਪਰਿਵਾਰ ਦਾ ਆਧਾਰ ਹਨ । ਪਰਿਵਾਰਕ ਜੀਵਨ ਇਹਨਾਂ ਰਿਸ਼ਤਿਆਂ ਵਿੱਚੋਂ ਹੀ ਉਪਜਦਾ ਹੈ ਅਤੇ ਜੀਵਨ ਭਰ ਨਿਭਣ ਵਾਲੇ ਇਹਨਾਂ ਰਿਸ਼ਤਿਆਂ ਦੇ ਆਧਾਰ ਤੇ ਹੀ ਮਨੁੱਖ ਆਪਣੀ ਸਲਤਨਤ ਕਾਇਮ ਕਰਦਾ ਹੈ ਅਤੇ ਸਮਾਜ ਵਿੱਚ ਇੱਕ ਚੇਤੰਨ ਪ੍ਰਾਣੀ ਵਜੋਂ ਵਿਚਰਦਾ ਹੈ।

ਪਰਵਾਸੀ ਪੰਜਾਬੀਆਂ ਲਈ ਪੂਰਬੀ ਸਭਿਆਚਾਰ ਨਾਲੋਂ ਨਿੱਖੜ ਕੇ ਪੱਛਮੀ ਸਭਿਆਚਾਰਕ ਕੀਮਤਾਂ ਦਾ ਧਾਰਨੀ ਬਣਨਾ ਇੱਕ ਬੇਹੱਦ ਜਟਿਲ ਪ੍ਰਕਿਰਿਆ ਸੀ ਕਿਉਂਕਿ ਪਦਾਰਥਕ ਤਬਦੀਲੀਆਂ ਦੀ ਤੇਜੀ ਦੀ ਥਾਂ ਮਾਨਸਿਕ ਤਬਦੀਲੀਆਂ ਦੀ ਚਾਲ ਬੜੀ ਧੀਮੀ ਹੁੰਦੀ ਹੈ। ਜੀਵਨ ਜਾਚ ਦੀ ਇਹ ਤਬਦੀਲੀ ਔਰਤਾਂ ਅਤੇ ਨਵੀਂ ਪੀੜ੍ਹੀ ਦੇ ਬੱਚਿਆਂ ਲਈ ਤਾਂ ਸਵਰਗ ਮਿਲ ਜਾਣ ਦੇ ਬਰਾਬਰ ਸੀ। ਪੂਰਬੀ ਬੰਧਸ਼ਾਂ ਦੀ ਥਾਂ ਖੁੱਲ੍ਹੇ ਅੰਬਰਾਂ ਵਿੱਚ ਸਾਹ ਮਿਲਣ ਕਰਕੇ ਔਰਤਾਂ ਅਤੇ ਬੱਚਿਆਂ ਨੇ ਇਸ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਜਦ ਕਿ ਪੂਰਬੀ ਚੇਤਨਾ ਵਾਲੇ ਮਰਦਾਂ ਲਈ ਇਹ ਤਬਦੀਲੀ ਮਾਨਸਿਕ ਵਿਸ਼ਾਦ ਦਾ ਕਾਰਨ ਵੀ ਬਣੀ। ਇਸ ਤਬਦੀਲੀ ਨੇ ਰਿਸ਼ਤਿਆਂ ਨੂੰ ਮਕਾਨਕੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ਜਰਨੈਲ ਸਿੰਘ ਦੇ ਕਹਾਣੀ ਸੰਗ੍ਰਹਿ 'ਦੋ ਟਾਪੂ' ਵਿੱਚ ਸ਼ਾਮਿਲ ਕਹਾਣੀਆਂ 'ਦੋ ਟਾਪੂ', 'ਪਛਾਣ', 'ਭਵਿੱਖ' 'ਪੰਧ ਕਥਾ' ਅਤੇ 'ਪਰਛਾਵੇਂ' ਕਿਸੇ ਨਾ ਕਿਸੇ ਰੂਪ ਵਿੱਚ ਰਿਸ਼ਤਿਆਂ ਦੇ ਉਲਝ ਰਹੇ ਤਾਣੇ ਪੇਟੇ ਅਤੇ ਟੁੱਟ ਰਹੇ ਮੋਹ ਦੀਆਂ ਤੰਦਾਂ ਦੀ ਬਾਤ ਪਾਉਂਦੀਆਂ ਹਨ। ਇਹ ਰਿਸ਼ਤੇ ਕਿਧਰੇ ਪਤੀ-ਪਤਨੀ ਦੇ ਰੂਪ ਵਿੱਚ, ਕਿਧਰੇ ਨੌਜਵਾਨ ਦੋਸਤਾਂ ਦੇ ਰੂਪ ਵਿੱਚ, ਕਿਧਰੇ ਮਾਂ-ਬਾਪ ਤੇ ਬੱਚਿਆਂ ਦੇ ਰੂਪ ਵਿੱਚ, ਕਿਧਰੇ ਦਾਦੇ-ਦਾਦੀ ਤੇ ਪੋਤੇ-ਪੋਤੀਆਂ ਦੇ ਰੂਪ ਵਿੱਚ ਉਪਰੋਕਤ ਸਮੁੱਚੀਆਂ ਕਹਾਣੀਆਂ ਰਾਹੀਂ ਰੂਪ ਗ੍ਰਹਿਣ ਕਰਕੇ ਸਮਾਜ ਵਿੱਚ ਰਿਸ਼ਤਿਆਂ ਦੀਆਂ ਤਿੜਕ ਰਹੀਆਂ ਤੰਦਾਂ ਦੀ ਦਾਸਤਾਂ ਬਿਆਨ ਕਰਦੇ ਹਨ।

ਪਤੀ-ਪਤਨੀ ਦਾ ਰਿਸ਼ਤਾ ਸਮਾਜ ਵਿੱਚ ਪਰਿਵਾਰ ਦਾ ਅਧਾਰ ਹੈ। ਇਸ ਰਿਸ਼ਤੇ ਨਾਲ ਹੀ ਮਨੁੱਖ



ਦੀ ਸਮਾਜ ਵਿੱਚ ਨਿਉਂ-ਜੜ੍ਹ ਲੱਗਦੀ ਹੈ। ਜੇਕਰ ਇਸ ਰਿਸ਼ਤੇ ਦੀ ਨੀਂਹ ਕਮਜ਼ੋਰ ਹੋਵੇ ਤਾਂ ਸਮਾਜ ਦਾ ਆਧਾਰ ਹਿੱਲਣ ਲੱਗਦਾ ਹੈ ਤੇ ਸਮਾਜਿਕ ਜ਼ਿੰਦਗੀ ਵੀ ਡਾਵਾਂਡੋਲ ਹੋਣ ਲੱਗਦੀ ਹੈ। 'ਦੋ ਟਾਪੂ' ਕਹਾਣੀ ਸੰਗ੍ਰਹਿ ਦੀਆਂ 'ਦੋ ਟਾਪੂ' ਅਤੇ 'ਪਰਛਾਵੇਂ' ਦੋਵਾਂ ਕਹਾਣੀਆਂ ਵਿੱਚ ਪਤੀ ਪਤਨੀ ਦੇ ਰਿਸ਼ਤੇ ਦਾ ਤਿੜਕਣਾ ਮਨੁੱਖੀ ਜੀਵਨ ਦੀ ਸਹਿਜ ਪ੍ਰਵਿਰਤੀ ਨੂੰ ਭੰਗ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

'ਦੋ ਟਾਪੂ' ਕਹਾਣੀ ਵਿਆਹੇ ਹੋਏ ਅਤੇ ਸਫ਼ਲ ਜ਼ਿੰਦਗੀ ਮਾਣ ਰਹੇ ਉਸ ਜੋੜੇ ਦੀ ਕਹਾਣੀ ਹੈ ਜੋ ਇੱਕ ਵਾਰ ਸਫ਼ਲਤਾ ਸਹਿਤ ਜ਼ਿੰਦਗੀ ਨੂੰ ਲੀਹ ਤੇ ਤੋਰਨ ਵਿੱਚ ਕਾਮਯਾਬ ਹੁੰਦੇ ਹਨ ਪਰ ਪਰਿਵਾਰਕ ਤੇ ਸਮਾਜਿਕ ਹੋਂਦ ਅਤੇ ਸੰਭਾਵਿਤ ਕਾਰਣਾਂ ਦੀ ਮੌਜੂਦਗੀ ਵਿੱਚ ਆਖਿਰ ਵਿੱਚ ਵੱਖ ਹੋਣਾ ਹੀ ਇੱਕੋ ਇੱਕ ਰਾਹ ਸਮਝਦੇ ਹਨ। ਕਹਾਣੀ ਦੀ ਪਾਤਰ ਪਾਸ਼ੀ ਜੋ ਉਸ ਸਮੇਂ ਆਪਣੇ ਆਪ ਨੂੰ ਭਾਗਾਂ ਵਾਲੀ ਸਮਝਦੀ ਹੈ ਜਦੋਂ ਉਸਦਾ ਇੱਕ ਪਰਵਾਸੀ ਪੰਜਾਬੀ ਲੜਕੇ ਨਾਲ ਵਿਆਹ ਹੁੰਦਾ ਹੈ। ਵਿਆਹ ਉਪਰੰਤ ਕੈਨੇਡਾ ਦੀ ਧਰਤੀ ਤੇ ਪਾਸ਼ੀ ਆਪਣੇ ਆਪ ਨੂੰ ਸਵਰਗ ਵਿੱਚ ਪਹੁੰਚੀ ਮਹਿਸੂਸ ਕਰਦੀ ਹੈ। ਪਾਸ਼ੀ ਨੌਕਰੀ ਪ੍ਰਾਪਤ ਕਰਨ ਲਈ ਬਾਹਰਲੀ ਪੜ੍ਹਾਈ ਵੀ ਕਰਦੀ ਹੈ ਤੇ ਨੌਕਰੀ ਵੀ ਪ੍ਰਾਪਤ ਕਰ ਲੈਂਦੀ ਹੈ। ਪਰ ਮਰਦ ਪ੍ਰਧਾਨ ਸਾਮੰਤੀ ਸੋਚ ਦਾ ਮਾਲਕ ਉਸ ਦਾ ਪਤੀ ਬਲਰਾਜ ਆਪਣੇ ਆਪ ਨੂੰ ਪਾਸ਼ੀ ਤੋਂ ਛੋਟਾ ਮਹਿਸੂਸ ਕਰਦਾ ਹੈ ਤੇ ਪਾਸ਼ੀ ਆਪ ਕਮਾਉਣ ਲੱਗ ਜਾਣ ਤੋਂ ਪਿਛੋਂ ਆਪਣੇ ਆਪ ਨੂੰ ਪਤੀ ਤੋਂ ਉੱਚਾ ਮਹਿਸੂਸ ਕਰਦੀ ਹੈ:

"ਤੇ ਇੱਕ ਦੂਜੇ ਦਾ ਸਾਥ ਨਿਭਾਉਂਦਿਆਂ, ਜੌਬਾਂ ਅਤੇ ਹੋਰ ਕੰਮਾਂ ਕਾਰਾਂ ਦੀ ਦੋੜ ਵਿੱਚ ਉਨ੍ਹਾਂ ਨੇ ਬਹੁਤਾ 'ਮਰ ਗਏ', 'ਟੁੱਟ ਗਏ' ਨਹੀਂ ਸੀ ਕੀਤਾ। ਉਂਜ ਕਦੀ-ਕਦੀ ਗਿਲੇ-ਸ਼ਿਕਵੇ ਹੁੰਦੇ ਰਹੇ ਸਨ, ਜਿੰਨਾਂ ਰਾਹੀਂ ਦਿਲਾਂ ਦੀ ਭੜਾਸ ਨਿਕਲ ਜਾਂਦੀ ਸੀ। ਉਹ ਟੁਰਦੇ ਰਹੇ ਸਨ ਇੱਕ ਦੂਜੇ ਦੇ ਪੂਰਕ ਹੋ ਕੇ, ਮੋਢੇ ਨਾਲ ਮੋਢਾ ਡਾਹ ਕੇ ਪਰ ਕਦੀ-ਕਦੀ ਅਚੇਤ ਹੀ ਪਾਸ਼ੀ ਨੂੰ ਆਪਣਾ ਮੋਢਾ ਉੱਚਾ ਮਹਿਸੂਸ ਹੋਣ ਲੱਗ ਪੈਂਦਾ।"

ਚੰਗੀ ਨੌਕਰੀ ਅਤੇ ਪੈਸਾ ਕਮਾਉਣ ਕਰਕੇ ਪਾਸ਼ੀ ਦੀ ਸਾਰੇ ਪਾਸੇ ਚੰਗੀ ਪੁੱਛ ਪੜਤਾਲ ਹੁੰਦੀ ਹੈ। ਪਰ ਬਲਰਾਜ ਨੂੰ ਹਰ ਪਾਸੇ ਪਾਸ਼ੀ ਦੀ ਪੁੱਛ ਪੜਤਾਲ ਵਧਣਾ ਚੰਗਾ ਨਹੀਂ ਲਗਦਾ।ਪਾਸ਼ੀ ਦੇ ਪੇਕਾ ਪਰਿਵਾਰ ਦਾ ਘਰ ਵਿੱਚ ਰਹਿਣਾ ਵੀ ਪਤੀ ਪਤਨੀ ਵਿੱਚ ਕਲੇਸ਼ ਦਾ ਕਾਰਣ ਬਣਦਾ ਹੈ ਕਿਉਂਕਿ ਮਾਂ-ਬਾਪ ਤੇ ਭੈਣ-ਭਰਾ ਅਕਸਰ ਹਰ ਕੰਮ ਵਿੱਚ ਆਪਣੀ ਧੀ ਅਤੇ ਭੈਣ ਪਾਸ਼ੀ ਦੀ ਸਲਾਹ ਲੈਂਦੇ ਹਨ। ਇਹ ਗੱਲ ਬਲਰਾਜ ਨੂੰ ਚੰਗੀ ਨਹੀਂ ਲਗਦੀ:

"ਤੇ ਜਦੋਂ ਬਲਰਾਜ ਪਾਸ਼ੀ ਨੂੰ ਘਰ ਵਿੱਚ ਮੁਹਤਬਰ ਬਣਾ ਰਹੇ ਇਹ ਸ਼ਬਦ, "ਪਾਸ਼ੀ ਬੇਟੇ ! ਐਹ ਕਿੱਦਾ ਕਰੀਏ? "ਭੈਣ ਜੀ ! ਔਹ ਕਿੱਦਾ ਕਰੀਏ?" ਸੁਣਦਾ ਤਾਂ ਉਸਨੂੰ ਇੰਜ ਲਗਦਾ ਜਿਵੇਂ ਇਸ ਪੁੱਛ ਪ੍ਰਤੀਤ ਨਾਲ ਪਾਸ਼ੀ ਦੇ ਪਰਾ ਹੇਠਲੀ ਹਵਾ ਸੰਘਣੀ ਹੁੰਦੀ ਜਾ ਰਹੀ ਹੋਵੇ।"

ਪਾਸ਼ੀ ਦੇ ਘਰਦਿਆਂ ਦਾ ਕੈਨੇਡਾ ਪਾਸ਼ੀ ਦੇ ਘਰ ਰਹਿਣਾ ਵੀ ਬਲਰਾਜ ਨੂੰ ਤਕਲੀਫ਼ ਦਿੰਦਾ ਹੈ। ਬਲਰਾਜ ਪਾਸ਼ੀ ਦੀ ਭੈਣ ਮਨਿੰਦਰ ਦਾ ਰਿਸ਼ਤਾ ਆਪਣੇ ਇੰਡੀਆ ਰਹਿੰਦੇ ਭਤੀਜੇ ਨਾਲ ਕਰਵਾਉਣਾ ਚਾਹੁੰਦਾ ਹੈ ਜੋ ਪਾਸ਼ੀ ਤੇ ਉਸਦੇ ਮਾਪਿਆਂ ਨੂੰ ਮਨਜ਼ੂਰ ਨਹੀਂ। ਇਸ ਗੱਲ ਤੋਂ ਵੀ ਘਰ ਵਿੱਚ ਕਲੇਸ਼ ਰਹਿੰਦਾ ਹੈ ਪਰ ਪੜ੍ਹੀ ਲਿਖੀ ਅਤੇ ਪਤੀ ਦੇ ਬਰਾਬਰ ਕਮਾਉਂਦੀ ਪਾਸ਼ੀ ਕਿਸੇ ਪਾਸਿਓਂ ਵੀ ਲਿਫਣ ਲਈ ਤਿਆਰ ਨਹੀਂ। ਉਹ ਬਲਰਾਜ ਦੀ ਹਰ ਗੱਲ ਦਾ ਬਰਾਬਰ ਜਵਾਬ ਦਿੰਦੀ ਹੈ:

"ਧੀ ਤਾਂ ਮੈਂ ਭਲੇਮਾਨਸਾਂ ਦੀ ਹੀ ਆ ਪਰ ਏਦਾਂ ਕੁੱਤੇ-ਖਾਣੀ ਕਰਾਉਣ ਆਲੀ ਨਹੀਂ।"

ਇਸ ਤਰ੍ਹਾਂ ਗੱਲਾਂ ਵਧਦੀਆਂ ਵਧਦੀਆਂ ਅਖੀਰ ਤਲਾਕ ਤੱਕ ਪਹੁੰਚ ਜਾਂਦੀਆਂ ਹਨ। ਇਸ ਰਿਸ਼ਤੇ ਨੂੰ ਤੋੜਣ ਵਿੱਚ ਪਾਸ਼ੀ ਦਾ ਆਪਣੀ ਹੋਂਦ ਪ੍ਰਤੀ ਜਾਗਰੂਕ ਹੋਣਾ, ਪਾਸ਼ੀ ਦੇ ਮਾਂ, ਬਾਪ ਤੇ ਭੈਣ

ਭਰਾ ਦਾ ਪਾਸ਼ੀ ਦੇ ਘਰ ਰਹਿਣਾ, ਬਲਰਾਜ ਦਾ ਸਾਮੰਤੀ ਸੋਚ ਦਾ ਮਾਲਕ ਹੋਣਾ, ਪਾਸ਼ੀ ਦੀ ਭੈਣ ਦਾ ਰਿਸ਼ਤਾ ਬਲਰਾਜ ਦੇ ਭਤੀਜੇ ਨੂੰ ਨਾ ਕਰਨਾ ਆਦਿ ਕਾਰਨ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। 'ਦੋ ਟਾਪੂ' ਪਾਸ਼ੀ ਅਤੇ ਬਲਰਾਜ ਦੀਆਂ ਦੋ ਵੱਖਰੀਆਂ ਵੱਖਰੀਆਂ ਹੋਂਦਾਂ ਦੇ ਪ੍ਰਤੀਕ ਬਣਕੇ ਉੱਭਰਦੇ ਹਨ। ਪੈਸੇ ਦੀ ਖਿੱਚ ਤੇ ਸੁਖੀ ਜੀਵਨ ਦੀ ਇੱਛਾ ਅਸਲ ਵਿੱਚ ਇੱਕ ਸੁਪਨਾ ਬਣਕੇ ਰਹਿ ਜਾਂਦੀ ਹੈ ਜਿਸ ਨੂੰ ਪੂਰਾ ਕਰਦਿਆਂ ਕਰਦਿਆਂ ਪ੍ਰਵਾਸੀ ਪੰਜਾਬੀ ਆਪਣੀ ਜ਼ਿੰਦਗੀ ਦੇ ਸੁੱਖਾਂ ਤੋਂ ਵਾਂਝੇ ਹੋ ਕੇ ਇਕੱਲਤਾ ਭੋਗਦੇ ਹੋਏ ਹਮੇਸ਼ਾ ਮਾਨਸਿਕ ਸੰਤਾਪ ਵਿਚੋਂ ਗੁਜ਼ਰਦੇ ਹਨ। "ਪਰਵਾਸੀ ਜੀਵਨ ਭੋਗ ਰਿਹਾ ਮਨੁੱਖ ਮਾਨਸਿਕ ਅਤੇ ਵਿਹਾਰਿਕ ਪੱਧਰ 'ਤੇ ਇੱਕ ਵਿੱਥ 'ਤੇ ਜਿਉਂਦਾ ਹੈ। ਮਾਨਸਿਕ ਤੌਰ ਤੇ ਉਹ ਆਪਣੇ ਮੂਲ ਸਭਿਆਚਾਰਕ ਅਵਚੇਤਨ ਨਾਲ ਜੁੜਿਆ ਹੋਇਆ ਹੁੰਦਾ ਹੈ ਪ੍ਰੰਤੂ ਵਿਹਾਰਿਕ ਰੂਪ ਵਿੱਚ ਪਰਵਾਸੀ ਮੁਲਕ ਦੇ ਸਭਿਆਚਾਰਕ ਸਪੇਸ ਵਿੱਚ ਵਿਚਰਦਾ ਹੈ। ... ਪੰਜਾਬੀ ਪਰਵਾਸੀਆਂ ਦਾ ਵਿਹਾਰਿਕ ਜੀਵਨ ਕਈ ਅਜਿਹੇ ਮਸਲਿਆਂ ਨਾਲ ਦੋ ਚਾਰ ਹੰਦਾ ਹੈ।"

ਪਤੀ ਪਤਨੀ ਦੇ ਰਿਸ਼ਤੇ ਦੀ ਇੱਕ ਹੋਰ ਕਹਾਣੀ 'ਪਰਛਾਵੇਂ' ਹੈ। ਇਸ ਕਹਾਣੀ ਵਿੱਚ ਤਿੜਕਦੇ ਰਿਸ਼ਤੇ ਦਾ ਵੇਦਨਾਮਈ ਪ੍ਰਗਟਾ ਹੈ। ਜਨਮੀਤ ਨਾਲ ਵਿਆਹੀ ਆਈ ਬਲਬੀਰ ਆਉਂਦਿਆਂ ਹੀ ਜਨਮੀਤ ਦੇ ਘਰ ਵਿਚੋਂ ਆਲਸ ਦੂਰ ਕਰ ਦਿੰਦੀ ਹੈ ਤੇ ਵਧ ਚੜ੍ਹ ਕੇ ਘਰੇਲੂ ਤੇ ਖੇਤੀ ਦੇ ਕੰਮਾਂ ਵਿੱਚ ਹਿੱਸਾ ਲੈਂਦੀ ਹੈ। ਬਾਹਰ ਜਾਣ ਉਪਰੰਤ ਜਨਮੀਤ ਕਵਿੱਤਰੀ ਨੀਲੂ ਵੱਲ ਝੁਕ ਜਾਂਦਾ ਹੈ। ਜਦੋਂ ਬਲਬੀਰ ਨੂੰ ਜਨਮੀਤ ਤੇ ਨੀਲੂ ਦੇ ਰਿਸ਼ਤੇ ਦੀ ਭਿਣਕ ਪੈਂਦੀ ਹੈ ਤਾਂ ਬਲਬੀਰ ਦਾ ਮਨ ਜਨਮੀਤ ਵੱਲੋਂ ਉੱਕਾ ਹੀ ਖੱਟਾ ਹੋ ਜਾਂਦਾ ਹੈ। ਬਲਬੀਰ ਦੇ ਮਾਪੇ ਭਾਵੇਂ ਉਨ੍ਹਾਂ ਦੀ ਸੁਲ੍ਹਾ ਕਰਵਾ ਦਿੰਦੇ ਹਨ ਪਰ ਇੱਕ ਵਾਰ ਮੰਨ ਜਾਣ ਤੋਂ ਬਾਅਦ ਦੁਬਾਰਾ ਫੇਰ ਉਨ੍ਹਾਂ ਦੇ ਮਨ ਵਿੱਚ ਤਰੇੜਾਂ ਹੋਰ ਵਧਣ ਲਗਦੀਆਂ ਹਨ:

"ਪਰ ਆਪਣੇ ਮਨਾਂ ਵਿੱਚ ਉਹ ਜਾਣਦੇ ਸਨ ... ਬਲਬੀਰ ਦੇ ਮਾਂ-ਪਿਉ ਰਾਹੀਂ ਕਰਵਾਈ ਗੰਢ-ਤੁਪ ਚੱਲ ਨਹੀਂ ਸੀ ਰਹੀ ... ਜਨਮੀਤ ਨੂੰ ਬਲਬੀਰ ਬਰਫ਼ ਬਣ ਗਏ ਦਰਿਆ ਵਰਗੀ ਲਗਦੀ ਤੇ ਆਪਣਾ ਆਪਾ ਬਰਫ਼ ਦੇ ਅੰਬਾਰਾਂ ਹੇਠ ਨਿਗੂਣੀ ਜਿਹੀ ਚਾਲੇ ਵਗਦੇ ਪਾਣੀ ਵਰਗਾ...।"

ਹੋਂਦ ਦੀ ਪਛਾਣ ਹੋ ਜਾਣ ਤੇ ਬਲਬੀਰ, ਜਨਮੀਤ ਕੋਲੋਂ ਆਪਣਾ ਬਰਾਬਰ ਦਾ ਹੱਕ ਮੰਗਦੀ ਹੈ। ਸਾਮੰਤੀ ਮੁੱਲਾਂ ਦਾ ਧਾਰਨੀ ਜਨਮੀਤ ਸੋਚ ਵੀ ਨਹੀਂ ਸਕਦਾ ਸੀ ਕਿ ਬਲਬੀਰ ਉਸ ਤੋਂ ਅਲੱਗ ਹੋ ਸਕਦੀ ਹੈ:

"ਮੈਂ ਜੱਜ ਤਾਂ ਨਹੀਂ ਪਰ ਮੈਨੂੰ ਆਪਣੀ ਗੋਲੀ ਵੀ ਨਾ ਸਮਝ ਰੱਖਿਓ। ਤੁਹਾਡੇ ਬਰਾਬਰ ਦਾ ਦਰਜਾ ਰੱਖਦੀ ਆਂ। ਤੇ ਤੁਹਾਨੂੰ ਪੁੱਛਣ ਦਾ ਹੱਕ ਵੀ...।"

ਜਾਗੀਰਦਾਰੀ ਮੁੱਲਾਂ ਨੂੰ ਪਰਨਾਇਆ ਜਨਮੀਤ ਸੋਚਦਾ ਹੈ ਕਿ ਉਸਦੀ ਪਤਨੀ ਉਸ ਨੂੰ ਛੱਡ ਕੇ ਕਿਤੇ ਨਹੀਂ ਜਾ ਸਕਦੀ ਕਿਉਂਕਿ ਬੱਚੇ ਤੇ ਪਰਿਵਾਰ ਰੁਲ ਜਾਣ ਦੇ ਡਰੋਂ ਔਰਤ ਆਮ ਤੌਰ ਤੇ ਮਰਦ ਦੀਆਂ ਵਧੀਕੀਆਂ ਤੇ ਤਾਨਾਸ਼ਾਹੀ ਰਵੱਈਏ ਨੂੰ ਚੁੱਪ-ਚਾਪ ਸਹਿ ਲੈਂਦੀ ਹੈ ਪਰ ਬਲਬੀਰ ਕੁਝ ਸਮਾਂ ਤਾਂ ਅਜਿਹਾ ਕਰਦੀ ਹੈ ਫਿਰ ਉਹ ਜਨਮੀਤ ਦੀ ਧੱਕੇਸ਼ਾਹੀ ਦਾ ਮੂੰਹ ਤੋੜਵਾ ਜਵਾਬ ਦਿੰਦੀ ਹੈ:

"ਜੋ ਵੀ ਬਣੂੰ ਜਾਂ ਵਿਗੜੂ ਮੇਰਾ 'ਕੱਲੀ ਦਾ ਨਹੀਂ, ਤੁਹਾਡਾ ਵੀ ਨਾਲ ਹੀ।"

ਮਰਦਾਵੀਂ ਹਉਂ ਦੇ ਟੁੱਟ ਜਾਣ ਡਰੋਂ ਜਨਮੀਤ ਬਲਬੀਰ ਅੱਗੇ ਝੁਕਣਾ ਨਹੀਂ ਚਾਹੁੰਦਾ ਅਤੇ ਬਲਬੀਰ ਵੀ ਆਪਣੀ ਹੋਂਦ ਨਹੀਂ ਗਵਾਉਣਾ ਚਾਹੁੰਦੀ। ਫਲਸਰੂਪ ਦੋਹਾਂ ਦਾ ਰਿਸ਼ਤਾ ਟੁੱਟ ਜਾਂਦਾ ਹੈ। ਪੂੰਜੀ ਪ੍ਰਧਾਨ ਪੱਛਮੀ ਸਮਾਜ ਵਿੱਚ ਰਿਸ਼ਤਿਆਂ ਉੱਪਰ ਵੀ ਪੂੰਜੀਵਾਦ ਭਾਰੂ ਹੋ ਰਿਹਾ ਹੈ। ਰਿਸ਼ਤਿਆਂ ਦਾ ਆਪਸੀ ਮੋਹ, ਪਿਆਰ ਤੇ ਅਪਣੱਤ ਵਾਲਾ ਪੂਰਬੀ ਸੰਕਲਪ ਟੁੱਟ ਕੇ ਪੱਛਮ ਦਾ ਪੂੰਜੀਵਾਦ ਵਧੇਰੇ ਪ੍ਰਭਾਵੀ ਹੋ ਰਿਹਾ ਹੈ ਜਿਸ ਦੇ ਹੁੰਦਿਆਂ ਆਪਸੀ ਸਾਂਝ ਤੇ ਪਿਆਰ ਬਣਾਈ ਰੱਖਣਾ ਪਤੀ-ਪਤਨੀ ਦੇ ਵੱਸੋਂ ਬਾਹਰੀ ਗੱਲ ਜਾਪਦੀ ਹੈ। ਡਾ. ਜਗਬੀਰ ਸਿੰਘ ਲਿਖਦੇ ਹਨ:



"ਵਾਸਤਵ ਵਿੱਚ ਕੈਨੇਡਾ ਪਹੁੰਚ ਕੇ ਪਤੀ-ਪਤਨੀ ਦੋਹਾਂ ਨੂੰ ਹੱਡ-ਭੰਨਵੀਂ ਮਿਹਨਤ ਕਰਨੀ ਪੈਂਦੀ ਹੈ। ਪਦਾਰਥਕ ਖੁਸ਼ਹਾਲੀ ਦੀ ਇਸ ਅੰਨ੍ਹੀ ਦੌੜ ਵਿੱਚ ਉਨ੍ਹਾਂ ਨੂੰ ਆਪਣੇ ਪਰੰਪਰਕ ਵਿਆਹ-ਬੰਧਨ ਨੂੰ ਲੋੜੀਂਦਾ ਭਾਵੁਕ ਆਧਾਰ ਪ੍ਰਦਾਨ ਕਰਨ ਦੇ ਮੌਕੇ ਬਹੁਤ ਘੱਟ ਮਿਲਦੇ ਸਨ ਜਿਸ ਕਾਰਣ ਮੁੱਢਲਾ ਆਕਰਸ਼ਣ ਮੱਧਮ ਪੈਣ ਲੱਗ ਪੈਂਦਾ ਹੈ।"

ਰਿਸ਼ਤਿਆਂ ਦਾ ਆਧਾਰ ਬਣੀ ਪੂੰਜੀ ਬੇਸ਼ੱਕ ਪਤੀ-ਪਤਨੀ ਦੇ ਰਿਸ਼ਤੇ ਨੂੰ ਤੋੜਣ ਵਿੱਚ ਪ੍ਰਭਾਵੀ ਭੂਮਿਕਾ ਨਿਭਾਉਂਦੀ ਹੈ ਪਰ ਇਹਨਾਂ ਰਿਸ਼ਤਿਆਂ ਤੋਂ ਇਲਾਵਾ ਨਵੀਂ ਪੀੜ੍ਹੀ ਦਾ ਮਾਪਿਆਂ ਅਤੇ ਬਜੁਰਗਾਂ ਪ੍ਰਤੀ ਰਵੱਈਆ ਵੀ ਇਸ ਪ੍ਰਭਾਵ ਤੋਂ ਬਚਿਆ ਨਹੀਂ ਰਹਿ ਸਕਿਆ। 'ਪਛਾਣ', 'ਭਵਿੱਖ' ਅਤੇ 'ਪੰਧ ਕਥਾ' ਕਹਾਣੀਆਂ ਵਿੱਚ ਨਵੀਂ ਪੀੜ੍ਹੀ ਤੇ ਪੁਰਾਣੀ ਪੀੜ੍ਹੀ ਵਿਚਲੀ ਤਕਰਾਰ ਰਿਸ਼ਤਿਆਂ ਦੇ ਨਵੇਂ ਸਮੀਕਰਣ ਸਿਰਜਦੀ ਅਤੇ ਪੁਰਾਣੇ ਸਭਿਆਚਾਰਕ ਸਮੀਕਰਣਾਂ ਦਾ ਮੂੰਹ ਚਿੜਾ ਰਹੀ ਪ੍ਰਤੀਤ ਹੁੰਦੀ ਹੈ।

'ਪਛਾਣ' ਕਹਾਣੀ ਦੀ ਪੈਮ ਆਪਣੇ ਘਰ ਵਿੱਚ ਹੀ ਆਪਣੇ ਗੋਰੇ ਦੋਸਤ ਮੁੰਡੇ ਨਾਲ ਪਿਆਰ ਖੇਡ ਵਿਚ ਮਗਨ ਹੈ ਅਤੇ ਉਸਦਾ ਦਾਦਾ ਸੁਲੱਖਣ ਸਿੰਘ ਜਦੋਂ ਉਸਨੂੰ ਅਜਿਹਾ ਕਰਨ ਤੋਂ ਰੋਕਦਾ ਹੈ ਤਾਂ ਅੱਗੋਂ ਪੈਮ ਆਪਣੀ ਇੰਡਿਵਿਯੂਅਲ ਲਾਈਫ ਵਿੱਚ ਕਿਸੇ ਨੂੰ ਦਖ਼ਲ ਨਾ ਦੇਣ ਬਾਰੇ ਫੈਸਲਾ ਸੁਣਾਉਂਦੀ ਹੈ:

"ਮੈਨੂੰ ਨਹੀਂ ਪ੍ਰਵਾਹ ਕਿਸੇ ਹੈਂਡ ਦੀ ਜਾਂ ਹੋਰ ਦੀ। ਮੇਰੀ ਆਪਣੀ ਇੰਡਿਵਿਯੂਅਲ ਲਾਈਫ ਆ।"

ਇਹ ਇੰਡਿਵਿਯੂਅਲ ਲਾਈਫ਼ ਪੱਛਮ ਦੇ ਵਿਅਕਤੀਵਾਦ ਦੀ ਦੇਣ ਹੈ। ਪੱਛਮੀ ਸਕੂਲਾਂ ਵਿੱਚ ਪੜ੍ਹਦੇ ਨਵੀਂ ਪੀੜ੍ਹੀ ਦੇ ਪੰਜਾਬੀ ਪਰਵਾਸੀਆਂ ਦੇ ਬੱਚੇ ਪੱਛਮੀ ਆਚਾਰ ਵਿਹਾਰ ਅਪਨਾ ਰਹੇ ਹਨ। ਉਨ੍ਹਾਂ ਲਈ ਪੂਰਬੀ ਘਰੇਲੂ ਮਾਹੌਲ ਇੰਡਿਵਿਯੂਅਲ ਲਾਈਫ਼ ਉੱਪਰ ਇੱਕ ਬੰਧਨ ਵਾਂਗ ਹੈ ਜਿਸ ਨੂੰ ਉਹ ਤੋੜ ਦੇਣਾ ਚਾਹੁੰਦੇ ਹਨ। ਇਸੇ ਬੰਧਨ ਨੂੰ 'ਭਵਿੱਖ' ਕਹਾਣੀ ਦੀ ਨਵਜੋਤ ਤੋੜਦੀ ਹੈ। ਨਵਜੋਤ ਇਸ ਬੰਧਨ ਨੂੰ ਤੋੜਨ ਦਾ ਕਾਰਣ ਆਪਣੇ ਮਾਂ-ਬਾਪ ਦੁਆਰਾ ਲੋੜ ਤੋਂ ਵੱਧ ਬੰਦਿਸ਼ਾਂ ਨੂੰ ਮਨਦੀ ਹੈ। ਜਦੋਂ ਨਵਜੋਤ ਪੱਛਮੀ ਬੱਚਿਆਂ ਨੂੰ ਵਧੇਰੇ ਖੁੱਲ੍ਹ ਮਾਣਦਿਆਂ ਦੇਖਦੀ ਹੈ ਤਾਂ ਆਪਣੇ ਮਾਂ-ਬਾਪ ਤੋਂ ਚੋਰੀ ਉਹ ਵੀ ਇਸ ਖੁੱਲ੍ਹ ਦੇ ਤਲਿਸਮੀ ਜਾਲ ਵਿੱਚ ਫਸ ਜਾਂਦੀ ਹੈ ਤੇ ਵੱਖ-ਵੱਖ ਪ੍ਰਸਥਿਤੀਆਂ ਵਿੱਚੋਂ ਗੁਜ਼ਰਦੀ ਹੋਈ ਕੌਂਸਲਰ ਬਣ ਜਾਂਦੀ ਹੈ। ਉਨ੍ਹਾਂ ਲੜਕੀਆਂ ਨੂੰ ਜੋ ਸਕੂਲਾਂ ਵਿਚੋਂ ਚੋਰੀ ਖੁੱਲ੍ਹ ਮਾਣਨ ਦੀਆਂ ਸ਼ਿਕਾਰ ਹੋ ਕੇ ਰਸਤਾ ਭਟਕ ਜਾਂਦੀਆਂ ਹਨ, ਨੂੰ ਜ਼ਿੰਦਗੀ ਨੂੰ ਦੁਬਾਰਾ ਤੋਂ ਸ਼ੁਰੂ ਕਰਨ ਲਈ ਸੇਧ ਦੇਣ ਵਾਸਤੇ ਕੌਂਸਲਰਾਂ ਕੋਲ ਭੇਜਿਆ ਜਾਂਦਾ ਹੈ। ਨਵਜੋਤ ਆਪਣੀ ਇੱਕ ਗੋਰੀ ਸਹੇਲੀ ਦੀ ਮੱਦਦ ਨਾਲ ਕੌਂਸਲਰ ਬਣ ਜਾਂਦੀ ਹੈ ਅਤੇ ਅਖੀਰ ਨਵਜੋਤ ਦੀ ਛੋਟੀ ਭੈਣ ਵੀ ਉਸੇ ਵਾਲਾ ਰਸਤਾ ਅਪਨਾ ਕੇ ਨਵਜੋਤ ਕੋਲ ਕੌਂਸਲਿੰਗ ਲਈ ਪਹੁੰਚਦੀ ਹੈ:

"ਨਵਜੋਤ ਨੇ ਉਂਗਲਾਂ ਦੇ ਪੋਟਿਆਂ ਨਾਲ ਆਪਣੇ ਹੰਝੂ ਪੂੰਝੇ ਤੇ ਹੈਰਾਨ ਹੋ ਰਹੀ ਜੈਕੀ ਵੱਲ ਤਕਦਿਆਂ ਬੋਲੀ, "ਇਹ ਮੇਰੀ ਭੈਣ ਆਂ ਹਰਜੋਤ ... ਮੈਂ ਚਾਹੁੰਦੀ ਹਾਂ ਕਿ ਇਹ ਕੇਸ ਮੈਨੂੰ ਦਿੱਤਾ ਜਾਏ ...।"

ਭਾਵੇਂ ਨਵਜੋਤ ਵਧੇਰੇ ਸਮਾਂ ਆਪਣੇ ਬਾਪ ਦੀ ਇੱਛਾ ਅਨੁਸਾਰ ਚਲਦੀ ਹੈ ਪਰ ਉਸ ਦੇ ਅੰਦਰੋਂ ਬਾਪ ਦੁਆਰਾ ਲਗਾਈਆਂ ਬੰਦਿਸ਼ਾਂ ਦਾ ਵਿਰੋਧ ਕਹਾਣੀ ਵਿੱਚ ਕਈ ਥਾਵਾਂ ਤੇ ਪ੍ਰਗਟ ਹੁੰਦਾ ਹੈ। ਜਦੋਂ ਨਵਜੋਤ ਦੀ ਮਾਂ ਉਹਨਾਂ ਨੂੰ ਅਸੀਸ ਦਿੰਦੀ ਹੈ ਤਾਂ ਨਵਜੋਤ ਕਹਿੰਦੀ ਹੈ:

"ਓ ਨੋ ਮੌਮ, ਕਿੱਦਾਂ ਖੜ੍ਹੇ ਹੋ ਜੇ ਗਾ। ਸਾਡੇ ਪੈਰ ਤਾਂ ਡੈਡ ਨੇ ਆਪਣੇ ਪੈਰਾਂ ਨਾਲ ਬੰਨ੍ਹੇ ਹੋਏ ਆ।"

ਜਦੋਂ ਨਵਜੋਤ ਆਪਣੀ ਕਲਾਸ ਦੇ ਬੱਚਿਆਂ ਨਾਲ ਕੈਂਪ ਤੇ ਜਾਣਾ ਚਾਹੁੰਦੀ ਹੈ ਤਾਂ ਉਸਦਾ ਪਿਤਾ ਫਿਰ ਉਸਦੇ ਕੈਂਪ ਤੇ ਜਾਣ ਦਾ ਵਿਰੋਧ ਕਰਦਾ ਹੈ:

"ਇਹ ਕੜੇ-ਕੈਂਪ ਆਪਣੇ ਲੋਕਾਂ ਵਾਸਤੇ ਨਹੀਂ ਆਂ।"

"ਓ ਨੋ ਡੈਡ। ਆਪਣੀਆਂ ਕੁਸ਼ ਇੰਡੀਅਨ ਕੁੜੀਆਂ ਵੀ ਜਾ ਰਹੀਆਂ ... ਟੀਚਰਜ਼ ਵੀ ਨਾਲ ਜਾਣਗੇ।"

"ਉਹੋ ਜਿਹੀਆਂ ਕੁੜੀਆਂ ਹੀ ਫਿਰ ਚੰਦ ਚੜ੍ਹਾਉਂਦੀਆਂ ਹੁੰਦੀਆਂ ਆਂ। ਕਿਤੇ ਨਹੀਂ ਜਾਣਾ, ਚੁੱਪ ਕਰਕੇ ਘਰ ਬੈਠ।" ਦਿਲਬਾਗ ਸਿੰਘ ਨੇ ਹੁਕਮ ਸੁਣਾ ਦਿੱਤਾ ਸੀ।

ਇਸੇ ਬੰਦਿਸ਼ ਤੋਂ ਛੁਟਕਾਰਾ ਪਾਉਣ ਲਈ ਨਵਜੋਤ ਵੀ ਮਾਪਿਆਂ ਤੋਂ ਚੋਰੀ ਖੁੱਲ੍ਹ ਲੈਣਾ ਸ਼ੁਰੂ ਕਰ ਦਿੰਦੀ ਹੈ ਤੇ ਅਖੀਰ ਜੀਵਨ ਯਥਾਰਥ ਦੀ ਹਕੀਕਤ ਦੀਆਂ ਚਪੇੜਾਂ ਖਾਂਦੀ ਖਾਂਦੀ ਆਪਣੇ ਪੈਰਾ ਤੇ ਖੜੀ ਹੋ ਜਾਂਦੀ ਹੈ। ਇਸ ਖੁੱਲ੍ਹ ਨੂੰ ਚੋਰੀ ਚੋਰੀ ਮਾਣਨ ਲਈ ਭੱਜਦੇ ਪੰਜਾਬੀ ਪਰਵਾਸੀਆਂ ਦੇ ਬੱਚਿਆਂ ਦਾ ਅਸਲੀ ਕਾਰਣ ਨਵਜੋਤ ਪੰਜਾਬੀ ਮਾਪਿਆਂ ਦੀ ਸਖ਼ਤੀ ਅਤੇ ਬੱਚਿਆਂ ਨੂੰ ਟਾਇਮ ਨਾ ਦੇਣ ਨੂੰ ਹੀ ਮੰਨਦੀ ਹੈ।

'ਪੰਧ ਕਥਾ' ਕਹਾਣੀ ਵਿੱਚ ਲਖਬੀਰ ਸਿੰਘ ਦੇ ਵੱਡੇ ਪੁੱਤਰ ਤੇ ਨੂੰਹ ਆਪਣੀ ਜ਼ਿੰਦਗੀ ਵਿੱਚ ਦਖ਼ਲ ਅੰਦਾਜ਼ੀ ਬਰਦਾਸ਼ਤ ਨਹੀਂ ਕਰਦੇ ਅਤੇ ਵੱਖਰੇ ਹੋ ਕੇ ਰਹਿਣ ਲੱਗਦੇ ਹਨ। ਉਸਦਾ ਛੋਟਾ ਪੁੱਤ ਰਵੀ ਵੀ ਮਾੜੇ ਗੈਂਗ ਦੇ ਮੁੰਡਿਆਂ ਨਾਲ ਰਲ ਕੇ ਚੋਰੀ ਕਰਨ, ਨਸ਼ੇ ਕਰਨ ਤੇ ਵੇਚਣ ਦਾ ਆਦੀ ਬਣ ਕੇ ਗੈਂਗ ਦੇ ਮੁੰਡਿਆਂ ਦੀ ਲੜਾਈ ਵਿੱਚ ਜ਼ਖ਼ਮੀ ਹੋ ਕੇ ਵੀਲਚੇਅਰ ਤੇ ਬੈਠ ਜਾਂਦਾ ਹੈ। ਭਾਵੇਂ ਬਾਅਦ ਵਿੱਚ ਰਵੀ ਸੁਧਰ ਜਾਂਦਾ ਹੈ।

ਇਨ੍ਹਾਂ ਕਹਾਣੀਆਂ ਵਿੱਚ ਮਾਂ-ਬਾਪ ਦਾ ਆਪਣੇ ਬੱਚਿਆਂ ਪ੍ਰਤੀ ਸਵਾਰਥੀ ਰਵੱਈਆ ਵੀ ਦੇਖਣ ਨੂੰ ਮਿਲਦਾ ਹੈ। 'ਦੋ ਟਾਪੂ' ਵਿੱਚ ਪਾਸ਼ੀ ਦੇ ਪਿਤਾ ਦੀਆਂ ਗੱਲਾਂ ਵਿਚੋਂ ਉਸੇ ਸਮੇਂ ਸਵਾਰਥੀਪੁਣਾ ਝਲਕਦਾ ਹੈ ਜਦੋਂ ਉਹ ਆਪਣੀ ਧੀ ਦੇ ਪਤੀ ਕੋਲੋਂ ਵੱਖ ਹੋ ਜਾਣ ਦੇ ਦੁੱਖ ਦੀ ਥਾਂ ਆਪਣੀ ਰਿਸ਼ਤੇਦਾਰੀ ਵਿਚੋਂ ਇੱਕ ਮੁੰਡੇ ਨੂੰ ਪਾਸ਼ੀ ਨਾਲ ਵਿਆਹ ਕੇ ਬਾਹਰ ਲਿਆਉਣਾ ਚਾਹੁੰਦਾ ਹੈ। ਦੂਸਰਾ 'ਪਛਾਣ' ਕਹਾਣੀ ਵਿੱਚ ਸੁਲੱਖਣ ਸਿੰਘ ਦੇ ਨੂੰਹ ਪੁੱਤ ਆਪਣੀ ਧੀ ਪੈਮ ਦੀ ਗਲਤੀ ਸਵੀਕਾਰਨ ਦੀ ਥਾਂ ਸੁਲੱਖਣ ਸਿੰਘ ਨੂੰ 'ਇਹ ਇੰਡੀਆ ਨਹੀਂ' ਦੱਸਕੇ ਚੁੱਪ ਕਰ ਜਾਣ ਦੀ ਸਲਾਹ ਦਿੰਦੇ ਹਨ। ਇਉਂ ਇਹ ਕਹਾਣੀਆਂ ਪੂੰਜੀਵਾਦੀ ਕੀਮਤਾਂ ਦੇ ਫਲਸਰੂਪ ਰਿਸ਼ਤਿਆਂ ਵਿਚਲੀ ਅਪਣੱਤ, ਸਾਂਝ ਤੇ ਸਹਿਣਸ਼ੀਲਤਾ ਖ਼ਤਮ ਹੋ ਜਾਣ ਦਾ ਕਰੂਰ ਯਥਾਰਥ ਸਾਹਮਣੇ ਲਿਆਉਂਦੀਆਂ ਹਨ।

ਇਹ ਸਾਰੀਆਂ ਹੀ ਕਹਾਣੀਆਂ ਪੱਛਮੀ ਸਮਾਜ ਸਭਿਆਚਾਰ ਵਿੱਚ ਗੁਆਚਦੀ ਜਾ ਰਹੀ ਪੂਰਬੀ ਸਭਿਆਚਾਰਕ ਰਿਸ਼ਤਿਆਂ ਦੀ ਸਾਂਝ ਅਤੇ ਮਿਲਵਰਤਨ ਤੋਂ ਟੁੱਟ ਕੇ ਵਿਅਕਤੀਗਤ ਕੀਮਤਾਂ ਦੇ ਭਾਰੂ ਸਮਾਜ ਵਿੱਚ ਗੁਆਚਦੇ ਮਨੁੱਖਤਵ ਦਾ ਬਿਰਤਾਂਤ ਸਿਰਜਦੀਆਂ ਹਨ। ਪੂੰਜੀ ਦੇ ਪ੍ਰਭਾਵ ਹੇਠ ਵਿਅਕਤੀਵਾਦੀ ਮੁੱਲਾਂ ਦੇ ਪ੍ਰਭਾਵ ਵਧਣ ਅਤੇ ਮਨੁੱਖੀ ਜੀਵਨ ਦੇ ਮਸ਼ੀਨੀ ਬਣ ਜਾਣ ਕਾਰਣ ਮਾਨਵੀ ਰਿਸ਼ਤਿਆਂ ਦਾ ਵਿਗਠਨ ਜਾਰੀ ਹੈ ਜਿੰਨ੍ਹਾਂ ਨੂੰ ਟੁੱਟਣ ਤੋਂ ਬਚਾਉਣਾ ਜਾਂ ਮੁੜ ਉਸਾਰਨਾ ਮਨੁੱਖ ਦੇ ਵੱਸ ਦੀ ਗੱਲ ਨਹੀਂ ਹੈ ਕਿਉਂਕਿ ਪੂੰਜੀਵਾਦੀ ਪ੍ਰਬੰਧ ਨੇ ਵਿਅਕਤੀ ਦੀ ਹੋਂਦ ਤੇ ਪੈਸੇ ਦੀ ਪ੍ਰਧਾਨਤਾ ਨੂੰ ਹਾਵੀ ਬਣਾਉਣ ਵਿੱਚ ਪ੍ਰਭਾਵੀ ਭੂਮਿਕਾ ਨਿਭਾਈ ਹੈ। ਜਰਨੈਲ ਸਿੰਘ ਇਹਨਾਂ ਕਹਾਣੀਆਂ ਰਾਹੀਂ ਜਿੱਥੇ ਤਿੜਕਦੇ ਮਾਨਵੀ ਰਿਸ਼ਤਿਆਂ ਦਾ ਬਿਰਤਾਂਤ ਉਸਾਰਦਾ ਹੈ ਉੱਥੇ ਪਰਵਾਸੀ ਪੰਜਾਬੀਆਂ ਦੇ ਪਤੀ-ਪਤਨੀ, ਨਵੀ ਤੇ ਪੁਰਾਣੀ ਪੀੜ੍ਹੀ ਅਤੇ ਨੌਜਵਾਨ ਬੱਚਿਆਂ ਦੇ ਵਿਗੜਣ ਦੇ ਕਾਰਣਾਂ ਨੂੰ ਵੀ ਪੇਸ਼ ਕਰਦਾ ਹੈ।

**ਹਵਾਲੇ ਤੇ ਟਿੱਪਣੀਆਂ-**

1. ਜਰਨੈਲ ਸਿਘ, ਦੋ ਟਾਪੂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2004, ਪੰਨਾ 16
2. ਉਹੀ, ਪੰਨਾ 18
3. ਉਹੀ, ਪੰਨਾ 24




4. ਡਾ. ਰਜਨੀਸ਼ ਬਹਾਦਰ ਸਿੰਘ, "ਪਰਵਾਸੀ ਪੰਜਾਬੀਆਂ ਦੀ ਸਭਿਆਚਾਰਿਕ ਸਥਿਤੀ ਤੇ ਸੰਭਵਾਨਾਵਾਂ" ਡਾ. ਧਨਵੰਤ ਕੌਰ (ਸੰਪਾ.) ਪੰਜਾਬੀ ਭਾਸ਼ਾ ਸਾਹਿਤ ਅਤੇ ਸਭਿਆਚਾਰ : ਗਲੋਬਲ ਪਰਿਪੇਖ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003, ਪੰਨਾ-320
5. ਜਰਨੈਲ ਸਿੰਘ, ਦੋ ਟਾਪੂ, ਪੰਨਾ 31
6. ਉਹੀ, ਪੰਨਾ 130
7. ਉਹੀ, ਪੰਨਾ 130
8. ਡਾ. ਜਗਬੀਰ ਸਿੰਘ, "ਦੋ ਟਾਪੂ : ਮਸਲੇ ਪ੍ਰਵਾਸ ਦੇ, ਰਿਸ਼ਤਿਆਂ ਦੀ ਰਾਜਨੀਤੀ", ਡਾ. ਗੁਰਮੀਤ ਕੱਲਰਮਾਜਰੀ (ਸੰਪਾ.), ਦੋ ਟਾਪੂ ਦੇ ਪ੍ਰਸੰਗ ਵਿੱਚ ਜਰਨੈਲ ਸਿੰਘ ਦੀ ਰਚਨਾ ਦ੍ਰਿਸ਼ਟੀ, ਪਰਸੇਮ ਸਿੰਘ ਫੋਰਮੈਨ ਯਾਦਗਾਰੀ ਪ੍ਰਕਾਸ਼ਨ, ਭਾਦਸੋਂ, 2001, ਪੰਨਾ 34
9. ਜਰਨੈਲ ਸਿੰਘ, ਦੋ ਟਾਪੂ, ਪੰਨਾ 33
10. ਉਹੀ, ਪੰਨਾ 7
11. ਉਹੀ, ਪੰਨਾ 52
12. ਉਹੀ, ਪੰਨਾ 54

***- ਵੀਰਵੰਤੀ ਕੌਰ*** (ਰੀਸਰਚ ਸਕਾਲਰ) ਅਤੇ
***-ਡਾ. ਬਲਵੰਤ ਸਿੰਘ ਸੰਧੂ*** (ਐਸੋਸੀਏਟ ਪ੍ਰੋਫੈਸਰ)
ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)
(ਸੰਪਰਕ-94630-20031)

**ਭਾਰਤੀ ਸਾਹਿਤ ਅਕਾਦਮੀ ਦਾ ਯੁਵਾ ਪੁਰਸਕਾਰ ਅਤੇ ਢਾਹਾਂ ਸਾਹਿਤ ਪੁਰਸਕਾਰ ਜੇਤੂ ਨਾਵਲਕਾਰ**
**ਪਰਗਟ ਸਿੰਘ ਸਤੌਜ**
**ਦਾ 'ਤੀਵੀਆਂ', 'ਖ਼ਬਰ ਇਕ ਪਿੰਡ ਦੀ' ਤੋਂ ਬਾਅਦ**
**ਨਵਾਂ ਨਾਵਲ**

# ਨਾਚ.ਫਰੋਸ਼





**ਪਰਗਟ ਸਿੰਘ ਸਤੌਜ**

**ਪ੍ਰਕਾਸ਼ਕ:**
**ਕੈਲੀਬਰ ਪਬਲੀਕੇਸ਼ਨ, ਪਟਿਆਲਾ**
**ਮੁੱਲ : 220 ਰੁਪਏ, ਪੰਨੇ : 192**

# ਮੇਰਾ ਸਟੱਡੀ ਟੇਬਲ-ਭਗਵੰਤ ਰਸੂਲਪੁਰੀ


ਪਿਛਲੇ ਸਮੇਂ ਤੋਂ ਇਹ ਕਾਲਮ ਨੂੰ ਨਾ ਲਿਖਣ ਕਾਰਨ ਮੇਰੇ ਸਟੱਡੀ ਟੇਬਲ 'ਤੇ ਕਿਤਾਬਾਂ ਦਾ ਢੇਰ ਲੱਗ ਗਿਆ। ਉਨ੍ਹਾਂ ਕਿਤਾਬਾਂ ਵਿਚੋਂ ਜਿਹੜੀਆਂ ਕਹਾਣੀ ਨਾਲ ਸਬੰਧਤ ਸਨ ਉਨ੍ਹਾਂ ਤੇ ਲੇਖ ਲਿਖਵਾਣ ਲਈ ਵਿਦਵਾਨ ਲੇਖਕਾਂ ਨੂੰ ਭੇਜ ਦਿੱਤੀਆਂ ਗਈਆ। ਕੁਝ ਚੰਗੀਆਂ ਕਿਤਾਬਾਂ ਅਤੇ ਮੈਗਜ਼ੀਨ ਜਿਨ੍ਹਾਂ ਨੂੰ ਪੜ੍ਹਨਾ ਸੀ ਉਹ ਇਕ ਪਾਸੇ ਰੱਖ ਲਏ। ਇਸ ਵਾਰ ਇਨ੍ਹਾਂ ਦਾ ਜ਼ਿਕਰ ਕਰਨਾ ਮੈਂ ਜ਼ਰੂਰੀ ਸਮਝਿਆ ਏ।

**ਲੁਧਿਆਣੇ 'ਚ 'ਗਵਾਚੀਆਂ ਗੱਲਾਂ' ਲੱਭਦਾ ਅਨਵਰ ਅਲੀ**




'ਗਵਾਚੀਆਂ ਗੱਲਾਂ' ਨਾਂ ਦੀ ਇਹ ਕਿਤਾਬ ਪਾਕਿਸਤਾਨ ਦੇ ਕਾਰਟੂਨਿਸਟ ਅਨਵਰ ਅਲੀ ਦੀ ਕਿਤਾਬ ਉਨ੍ਹਾਂ ਯਾਦਾਂ ਦੇ ਵੇਰਵਾ ਏ ਜਿਹਦੇ ਵਿਚੋਂ ਸਾਂਝੇ ਪੰਜਾਬ ਵਿਚ ਹਿੰਦੂ-ਸਿੱਖ-ਮੁਸਲਮਾਨਾਂ ਦੀ ਭਾਈਚਾਰਕ ਸਾਂਝ ਦਾ ਗਿਆਨ ਮਿਲਦਾ ਹੈ। ਅਨਵਰ ਅਲੀ ਦੀ ਸ਼ੈਲੀ ਐਨੀ ਕਮਾਲ ਦੀ ਏ ਕਿ ਕਿਤਾਬ ਪੜ੍ਹਦਿਆਂ ਇੰਝ ਲੱਗਦਾ ਏ ਜਿਵੇਂ ਅਨਵਰ ਤੁਹਾਡੇ ਮੂਹਰੇ ਬੈਠਾ ਤੁਹਾਡੇ ਨਾਲ ਗੱਲਾਂ ਕਰ ਰਿਹਾ ਹੋਵੇ। ਤੁਸੀਂ 1947 ਦੇ ਲੁਧਿਆਣੇ ਵਿਚ ਘੁੰਮ ਰਹੇ ਹੋਵੋ। ਐਨੀ ਪੱਕੀ ਪੀਡੀ ਸਾਂਝ ਕਿ ਮੁਸਲਮਾਨ ਅਪਣੇ ਬੱਚਿਆਂ ਨੂੰ ਵਾਰੀ ਵਾਰੀ ਮੋਢਿਆ ਤੇ ਚੁੱਕ ਕੇ ਦੁਸਹਿਰਾ ਵਿਖਾ ਰਹੇ ਹੁੰਦੇ ਸਨ। ਕਿਤਾਬਾਂ ਪੜ੍ਹਦਿਆ ਇਸ ਗੱਲ ਦੀ ਕਨਸੋਅ ਵੀ ਮਿਲਦੀ ਏ ਕਿ ਸਾਡੇ ਵਿਚ ਬਹੁਤ ਸਾਂਝ ਸੀ ਪਰ ਰਾਜਨੀਤੀ ਕਰਨ ਵਾਲੇ ਲੋਕਾਂ ਨੇ ਸਾਨੂੰ ਵੰਡ ਦਿੱਤਾ। ਇਸ ਕਿਤਾਬ ਦਾ ਲਿੱਪੀਅੰਤਰ ਸਾਡੇ ਸੂਝਵਾਨ ਵਿਦਵਾਨ ਡਾ. ਪਰਮਜੀਤ ਸਿੰਘ ਮੀਸ਼ਾ ਨੇ ਕੀਤਾ ਏ ਤੇ ਇਸ ਨੂੰ ਅੰਮ੍ਰਿਤਸਰ ਦੀ ਸੱਚਲ ਪ੍ਰਕਾਸ਼ਨ ਨੇ ਬੜੀ ਖੂਬਸੂਰਤੀ ਨਾਲ ਛਾਪਿਆ ਏ।


**ਐਂਥਰੋਪੋਲੌਜੀ ਦੇ ਗਰਭ ਵਿਚ ਪਈ 'ਔਜ਼ਾਰਾ ਦੀ ਕਹਾਣੀ'**




'ਔਜ਼ਾਰਾ ਦੀ ਕਹਾਣੀ' ਬਾਰੇ ਮੈਂ ਪਹਿਲਾਂ ਨਵਾਂ ਜ਼ਮਾਨਾਂ 'ਚ ਪੜ੍ਹਿਆ ਸੀ। ਜਦੋਂ ਕਿਤਾਬ ਛਪ ਗਈ ਤਾਂ ਮੈਂ ਇਹ ਕਿਤਾਬ ਮੰਗਵਾ ਲਈ। ਇਹ ਬਹੁਤ ਨਿੱਕੀ ਜਿਹੀ ਕਿਤਾਬ ਏ ਪਰ ਵਿਸ਼ੇ ਪੱਖੋਂ ਬਹੁਤ ਵੱਡੀ ਏ। ਇਸ ਨੂੰ ਅੰਗਰੇਜ਼ੀ ਵਿਚ ਵੀ. ਗੌਰਡਨ ਚਾਈਲਡ ਨੇ ਲਿਖਿਆ ਤੇ ਇਸ ਨੂੰ ਅੰਗਰੇਜ਼ੀ ਦੇ ਵਿਦਵਾਨ ਪ੍ਰੋ. ਕੁਮਾਰ ਸ਼ੁਸ਼ੀਲ ਨੇ ਅਨੁਵਾਦ ਕੀਤਾ ਏ। ਲੇਖਕ ਨੇ ਇਤਿਹਾਸ, ਐਂਥਰੋਪੋਲੌਜੀ, ਆਰਕਿਆਲੌਜੀ ਦੇ ਟੂਲਜ ਤੇ ਸਰੋਤਾਂ ਤੋਂ ਔਜ਼ਾਰਾਂ ਦੀ ਕਹਾਣੀ ਬੜੀ ਰੌਚਿਕ ਅੰਦਾਜ਼ ਵਿਚ ਬਿਆਨ ਕੀਤੀ ਹੈ। ਮਨੁੱਖ ਨੇ ਔਜ਼ਾਰ ਆਪਣੇ ਖਾਸ ਟੀਚੇ ਨੂੰ ਮੁੱਖ ਰੱਖ ਕੇ ਤਿਆਰ ਕੀਤੇ ਤੇ ਜਦੋਂ ਜਦੋਂ ਉਸਦੇ ਟੀਚੇ ਤੇ ਮਕਸਦ ਬਦਲਦੇ ਰਹੇ ਤੇ ਉਸੇ ਤਰ੍ਹਾਂ ਔਜ਼ਾਰਾਂ ਦੀਆਂ ਸ਼ਕਲਾਂ ਵੀ ਬਦਲਦੀਆਂ ਰਹੀਆਂ। ਸ਼ੁਰੂ ਤੋਂ ਹੀ ਔਜ਼ਾਰ ਇਕ ਅਜਿਹਾ ਹਥਿਆਰ ਏ ਜਿਹੜਾ ਮਨੁੱਖੀ ਹੋਂਦ ਨਾਲ ਜੁੜਿਆ ਹੋਇਆ ਏ। ਔਜ਼ਾਰਾਂ ਦਾ ਵਿਕਾਸ ਲੱਕੜ, ਪੱਥਰ, ਹੱਡੀਆਂ, ਕਾਂਸੇ ਤੇ ਲੋਹੇ 'ਚੋਂ ਲੰਘਦਾ ਹੋਇਆ ਕਿਤਾਬਾਂ ਵਿਚ ਵਿਖਾਈ ਦਿੰਦਾ ਏ। ਇਹ ਬਹੁਤ ਹੀ ਮੁੱਲਵਾਨ ਕਿਤਾਬ ਏ ਜਿਸ ਨੂੰ ਔਟਾਮਨ ਆਰਟ ਪਟਿਆਲਾ ਨੇ ਛਾਪਿਆ ਏ।




**'ਤਸਵੀਰਾਂ' ਵਾਲਾ ਸਵਰਾਜਬੀਰ**





ਸਵਰਾਜਬੀਰ ਸਾਡੇ ਸਮਕਾਲ ਨੂੰ ਨਾਟਕ ਵਿਧਾ ਰਾਹੀਂ ਫੜਨ ਵਾਲਾ ਬੜਾ ਸਮਰੱਥ ਨਾਟਕਕਾਰ ਏ। ਉਸ ਦਾ ਨਾਟਕ 'ਤਸਵੀਰਾਂ' ਪਿਛੇ ਜਿਹੇ ਕਿਤਾਬੀ ਰੂਪ ਵਿਚ ਆਇਆ ਏ। ਸਾਡੇ ਸਾਹਿਤ ਵਿਚ ਔਰਤ ਦੇ ਮਸਲੇ ਨੂੰ ਲੈ ਕੇ ਬਹੁਤ ਹੀ ਮੁੱਲਵਾਨ ਲਿਖਿਆ ਜਾ ਰਿਹਾ ਏ। ਸਵਰਾਜਬੀਰ ਨੇ ਵੀ ਔਰਤ ਦੀ ਸ੍ਵੈ ਪਛਾਣ ਦੇ ਮਸਲੇ ਨੂੰ ਨਾਟਕ ਵਿਚ ਸਪੇਸ ਦਿੱਤੀ ਏ। ਔਰਤ ਆਪਣੀ ਜ਼ਿੰਦਗੀ ਦੇ ਫ਼ੈਸਲੇ ਕਿਵੇਂ ਲੈਂਦੀ ਏ, ਉਹਦੀ ਅਜ਼ਾਦ ਹਸਤੀ ਕਿਵੇਂ ਦੀ ਏ, ਸਮਾਜ ਵਿਚ ਅਜ਼ਾਦ ਔਰਤ ਦੀ ਕਿਸ ਤਰ੍ਹਾਂ ਦੀ ਸਪੇਟ ਏ, ਉਹਦੇ ਦੁੱਖ, ਉਹਦੇ ਸੁੱਖ ਇਨ੍ਹਾਂ ਸਾਰੇ ਪਹਿਲੂਆਂ ਤੇ ਨਾਟਕੀ ਬਿਰਤਾਂਤ ਸਿਰਜਿਆ ਏ। ਨਾਟਕ ਦੇ ਇਕ ਕੇਂਦਰ ਵਿਚ 'ਈਸ਼ਵਰ' ਏ ਦੂਜਾ ਕੇਂਦਰ ਡਾ. ਚੰਦਾ ਏ। ਵਿਚਕਾਰ ਇਕ ਹੋਰ ਔਰਤ ਏ। ਇਹ ਜੋ ਸਾਡਾ ਸਮਾਜ ਏ ਪਿੱਤਰੀ ਸੱਤਾ ਵਾਲਾ ਏ। ਜਿਸ ਕਾਰਨ ਨਾਟਕ ਵਿਚ ਗੁੰਝਲਦਾਰ ਔਰਤ ਦਾ ਸਫ਼ਰ, ਉਹਦੇ ਨੈਤਿਕ-ਅਨੈਤਿਕ ਮਾਪਦੰਡ ਸਾਰੇ ਉਹਦੇ ਨਾਲ ਨਾਲ ਚੱਲਦੇ ਨੇ। ਨਾਟਕ ਦੇ ਕੇਂਦਰ ਵਿਚ ਨਾਟਕਕਾਰ ਦੀ ਸ਼ਕਤੀਸ਼ਾਲੀ ਵਿਚਾਰਧਾਰਾ ਕਾਰਜਸ਼ੀਲ ਏ। ਸਾਰਾ ਨਾਟਕ ਪੜ੍ਹ ਕੇ ਮੇਰੇ ਮਨ ਵਿਚ ਜਿਹੜੀ ਤਸਵੀਰ ਬਣੀ ਏ ਉਹ ਨਾਰੀ ਦੀ ਸਮਾਜਿਕ ਪੁਜ਼ੀਸ਼ਨ ਬਿਆਨ ਕਰਦੀ ਏ। ਇਸ 'ਤਨਵੀਰ' ਨਾਲ ਸਵਰਾਜਬੀਰ ਆਪਣੇ ਸਫ਼ਰ ਦਾ ਇਕ ਪੌਂਡਾ ਉਪਰ ਚੜ੍ਹਿਆ ਏ। ਇਸ ਤਸਵੀਰ ਨੂੰ ਅਕਾਰ ਦਿੱਤਾ ਏ ਲੁਧਿਆਣੇ ਦੀ 'ਚੇਤਨਾ ਪ੍ਰਕਾਸ਼ਨ' ਨੇ।

**ਪੰਜਾਬੀ ਕਹਾਣੀ ' ਚ ਵਰਜਨਾਵਾਂ ਤੇ ਅਵੈਧ ਰਿਸ਼ਤੇ ਤੇ ਸੰਵਾਦ ਰਚਾਉਂਦੀ ਰਮਿੰਦਰ**





ਵਰਜਨਾਵਾਂ ਤੇ ਅਵੈਧ ਰਿਸ਼ਤੇ ਨੂੰ ਪੰਜਾਬੀ ਕਹਾਣੀ ਵਿਚ ਮੁਕਤਸਰ ਦੀ ਡਾ. ਰਮਿੰਦਰ ਕੌਰ ਨੇ ਬੜੀ ਸਮਰੱਥਾ ਨਾਲ ਫੜਿਆ ਏ। 336 ਪੰਨਿਆ ਦੇ ਵਿਸ਼ਾਲ ਅਕਾਰ ਵਿਚ ਰਮਿੰਦਰ ਨੇ ਪੰਜਾਬੀ ਕਹਾਣੀ ਵਿਚ ਪੇਸ਼ ਹੋਏ ਅਵੈਧ ਰਿਸ਼ਤਿਆ ਦੀ ਚੀਰਫਾੜ ਕੀਤੀ ਏ। ਉਸ ਦਾ ਇਹ ਖੋਜ ਕਾਰਜ ਤਰਕ ਸੰਗਤ ਅਤੇ ਸਖਤ ਪਾਲਣਾ ਵਾਲਾ ਏ। ਉਹਦੀ ਨਜ਼ਰ ਵਿਚ ਕੋਈ ਵੀ ਪੰਜਾਬੀ ਕਹਾਣੀ ਅਜਿਹੀ ਨਹੀਂ ਬਚੀ ਜਿਹੜੀ ਇਸ ਵਰਜਨਾਵਾਂ ਦੀ ਬਾਤ ਪਾਉਂਦੀ ਹੋਵੇ। ਇਹ ਰਿਸ਼ਤੇ ਸਾਡੇ ਪੰਜਾਬੀ ਸਮਾਜਕ ਯਥਾਰਥ ਦੀ ਗੀੜ ਦੀ ਹੱਡੀ ਏ। ਇਸ ਤੋਂ ਸਾਡੇ ਸਮਾਜਿਕ, ਆਰਥਿਕ, ਮਨੋਵਿਗਿਆਨਕ ਵਿਹਾਰ ਦੀ ਕਨਸੋਅ ਮਿਲਦੀ ਏ। ਇਨ੍ਹਾਂ ਰਿਸ਼ਤਿਆਂ ਦਾ ਇਤਿਹਾਸ ਕੀ ਕਹਿੰਦਾ ਏ, ਇਹਦੇ ਸਿਧਾਂਤ ਕੀ ਨੇ, ਇਹਦਾ ਪੁਰਾਤਨ ਸਰੂਪ ਕੀ ਏ, ਮੌਜੂਦਾ ਸਰੂਪ ਕਿਸ ਤਰ੍ਹਾਂ ਦਾ ਉਸਰਦਾ ਏ ਅਤੇ ਪੰਜਾਬੀ ਕਹਾਣੀ ਦੇ ਵੱਖ ਵੱਖ ਪੜ੍ਹਾਵਾਂ ਵਿਚ ਇਹ ਰਿਸ਼ਤੇ ਕਿਵੇਂ ਪੇਸ਼ ਹੋਏ ਨੇ। ਆਲੋਚਨਾ ਦੀ ਇਹ ਬੜੀ ਸਾਂਭਣਯੋਗ ਕਿਤਾਬ ਏ। ਜਿਸ ਨੂੰ ਰਵੀ ਸਾਹਿਤ ਪ੍ਰਕਾਸ਼ਨ ਨੇ ਬੜੇ ਮੋਹ ਨਾਲ ਛਾਪਿਆ ਏ।

**ਲੰਮੀ ਰੇਸ ਦਾ ਸ਼ਾਹ ਸਵਾਰ 'ਸਿਰਜਣਾ'**




'ਸਿਰਜਣਾ' ਦਾ ਮੈਂ 1987 ਤੋਂ ਪਾਠਕ ਹਾਂ। ਜਦੋਂ ਇਸਦਾ ਮੁੱਲ ਚਾਰ ਰੁਪਏ ਹੁੰਦਾ ਸੀ। ਅੰਕ 65 ਤੋਂ ਲੈ ਕੇ ਹੁਣ ਤੱਕ ਦੇ ਅੰਕ 187 ਅੰਕ ਤੱਕ ਦੀਆਂ ਫਾਇਲਾ ਸਾਰੀਆਂ ਮੇਰੀ ਨਿੱਜੀ ਲਾਇਬਰੇਰੀ ਵਿਚ ਸਾਂਭੀਆਂ ਪਈਆਂ ਹਨ। ਸਿਰਜਣਾ ਦੇ 65 ਅੰਕ ਵਿਚ ਰਘਬੀਰ ਸਿੰਘ ਦਾ ਨਿਬੰਧ 'ਪ੍ਰਗਤੀਵਾਦੀ-ਇਕ ਸ਼ਕਤੀਸ਼ਾਲੀ ਸਾਹਿਤਕ ਲਹਿਰ' ਬਾਰੇ ਛਪਿਆ ਸੀ। ਤੇ ਭੂਸ਼ਨ ਨੇ 'ਭੱਜੀਆਂ ਬਾਹੀਂ' ਤੇ ਚਰਚਾ ਕੀਤੀ ਸੀ ਤੇ ਜਸਵੰਤ ਵਿਰਦੀ ਦੀ ਸਕਤੀਸ਼ਾਲੀ 'ਪੁਲ' ਕਹਾਣੀ ਛਪੀ ਸੀ। 'ਸਿਰਜਣਾ' ਰਾਹੀ ਪੰਜਾਬੀ ਕਹਾਣੀ ਨੂੰ ਬਹੁਤ ਹੀ ਮੁੱਲਵਾਨ ਕਹਾਣੀਆਂ ਮਿਲੀਆਂ ਹਨ। ਜਿਸ ਵੀ ਲੇਖਕ ਦੀ ਸਿਰਜਣਾ ਵਿਚ ਕਹਾਣੀ ਛਪ ਜਾਂਦੀ ਸੀ ਉਹ ਆਪਣੇ ਆਪ ਨੂੰ ਕਹਾਣੀਕਾਰ ਬਣ ਗਿਆ ਸਮਝਣ ਲੱਗ ਪੈਂਦਾ ਸੀ। ਮੇਰੀ ਵੀ ਜਦੋਂ ਸਿਰਜਣਾ ਵਿਚ 1995 ਵਿਚ ਕਹਾਣੀ 'ਕਸੂਰਵਾਰ' ਛਪੀ ਸੀ ਤਾਂ ਮੈਂ ਵੀ ਕਹਾਣੀਕਾਰ ਬਣ ਗਿਆ ਸਮਝਣ ਲੱਗ ਪਿਆ ਸੀ। ਸਿਰਜਣਾ ਲੰਮੀ ਰੇਸ ਦਾ ਉਹ ਸਾਹਿਤਕ ਘੋੜਾ ਹੈ ਜਿਹੜਾ ਆਪਣੀ ਚਾਲੇ ਹੁਣ ਤੱਕ ਚੱਲਦਾ ਆ ਰਿਹਾ ਏ। ਮੇਰੇ ਟੇਬਲ ਤੇ ਜਨਵਰੀ ਦਾ ਨਵਾਂ ਅੰਕ ਪਿਆ ਏ। ਇਸ ਵਿਚ ਛਪੀ ਬਲਵਿੰਦਰ ਗਰੇਵਾਲ ਦੀ ਕਹਾਣੀ 'ਡਬੋਲ਼ੀਆ' ਨੇ ਮੈਨੂੰ ਬਹੁਤ ਕੀਲਿਆ ਏ। ਮੈਂ ਕਈ ਦਿਨ ਕੁਝ ਹੋਰ ਪੜ੍ਹ ਨਾ ਸਕਿਆ। ਅਜੇ ਵੀ 'ਸਿਰਜਣਾ' ਚੰਗੀਆਂ ਕਹਾਣੀਆਂ ਛਾਪਣ ਵਾਲਾ ਮੋਹਰੀ ਪਰਚਾ ਏ। ਇਸ ਦੇ ਸੰਪਾਦਕ ਰਘਬੀਰ ਸਿੰਘ ਦੀ ਪੰਜਾਬੀ ਸਾਹਿਤ ਨੂੰ ਦਿੱਤੀ ਦੇਣ ਕਦੇ ਵੀ ਭੁਲਾਈ ਨਹੀਂ ਜਾ ਸਕਦੀ।

**'ਦਲਿਤ ਅਸਮਤਾ' ਦਾ ਸਵਾਲ**



ਮੇਰੇ ਸਟੱਡੀ ਟੇਬਲ ਤੇ ਕੁੱਝ ਹਿੰਦੀ ਵਿਚ ਛਪਣ ਵਾਲੇ ਮੈਗਜ਼ੀਨ ਵੀ ਪਏ ਨੇ। ਉਨ੍ਹਾਂ ਵਿਚੋਂ 'ਦਲਿਤ ਅਸਮਤਾ' ਮੈਂ ਕਾਫੀ ਦੇਰ ਤੋਂ ਪੜ੍ਹਦਾ ਆ ਰਿਹਾ ਹਾਂ। ਪੰਜਾਬੀ ਵਾਲੇ ਇਸ ਪਰਚੇ ਨੂੰ ਬਹੁਤ ਘੱਟ ਜਾਣਦੇ ਨੇ। ਇਹ ਦਿੱਲੀ ਵਿਖੇ ਸਥਿਤ 'ਸੈਂਟਰ ਫਾਰ ਦਲਿਤ ਲਿਟਰੇਚਰ ਐਂਡ ਆਰਟ' ਦੀ ਤ੍ਰੈ ਮਾਸਿਕ ਪੱਤ੍ਰਿਕਾ ਏ। ਜਿਸ ਦੇ ਸੰਪਾਦਕ ਵਿਮਲ ਥੋਰਾਟ ਤੇ ਸੰਪਾਦਕ ਦਲੀਪ ਕਠੇਰਿਆ ਹਨ। ਇਹ ਪਰਚਾ ਪੂਰੇ ਭਾਰਤ ਦਾ ਪ੍ਰਤੀਨਿੱਧ ਦਲਿਤ ਸਾਹਿਤ ਹਿੰਦੀ ਵਿਚ ਛਾਪਦਾ ਏ। ਇਸ ਦੇ ਕੁੱਝ ਪੰਨੇ ਇੰਗਲਿਸ਼ ਵਿਚ ਵੀ ਹੁੰਦੇ ਨੇ। ਇਸ ਵਿਚ ਦਲਿਤ ਸੋਹਜ ਸ਼ਾਸ਼ਤਰ ਦੇ ਸਿਧਾਂਤਕੀ ਲੇਖ ਪੜ੍ਹਨ ਵਾਲੇ ਹੁੰਦੇ ਨੇ। ਹਰ ਅੰਕ ਵਿਚ ਵੱਖ ਵੱਖ ਭਾਰਤੀ ਭਾਸ਼ਾਵਾਂ ਦੀਆਂ ਦਲਿਤ ਚੇਤਨਾ ਨਾਲ ਸਬੰਧਤ ਕਹਾਣੀਆਂ ਤੇ ਕਵਿਤਾਵਾਂ ਹੁੰਦੀਆਂ ਨੇ। ਪੰਜਾਬੀ ਵਿਚ ਲਿਖਿਆ ਦਲਿਤ ਸਾਹਿਤ ਵੀ ਇਸ ਵਿਚ ਛਪਦਾ ਰਹਿੰਦਾ ਏ। ਇਸ ਦੀਆਂ ਪੰਜਾਹ ਕਾਪੀਆਂ ਮੈਂ ਹਰ ਅੰਕ ਦੀਆਂ ਮੰਗਵਾ ਕੇ ਪਾਠਕਾਂ ਤੱਕ ਪਹੁੰਚਾਉਂਦਾ ਹਾਂ।



**'ਮੰਤਵਆ' ਦੇ ਦਲਿਤ ਸਾਹਿਤ ਲਈ ਮੰਤਵ**



ਵੱਡੇ ਅਕਾਰ ਦਾ ਲਖਨਾਊ ਤੋਂ ਹਿੰਦੀ ਵਿਚ ਇਕ ਮੈਗਜ਼ੀਨ ਸ਼ੁਰੂ ਹੋਇਆ ਏ 'ਮੰਤਵਆ' ਜਿਸ ਨੇ ਪਿੱਛੇ ਪੂਰੇ ਭਾਰਤ ਦਾ ਦਲਿਤ ਸਾਹਿਤ ਤੇ ਕੇਂਦਰਤ ਦੋ ਵਿਸ਼ਾਲ ਅਕਾਰ ਦੇ ਅੰਕ ਪ੍ਰਕਾਸ਼ਤ ਕੀਤੇ ਹਨ। ਇਸ ਵਿਸ਼ੇਸ਼ ਅੰਕ ਦੇ ਮਹਿਮਾਨ ਸੰਪਾਦਕ ਹਿੰਦੀ ਦੇ ਪ੍ਰਸਿੱਧ ਲੇਖਕ ਸੂਰਜ ਬੜਤਿਆ ਹਨ। ਵੱਡੇ ਅਕਾਰ ਵਿਚ ਇਨ੍ਹਾਂ ਦੋਹਾਂ ਅੰਕਾਂ ਦੇ ਪੰਨੇ 600 ਹਨ। ਬਰੀਕ ਟਾਇਪ ਵਿਚ ਪ੍ਰਕਾਸ਼ਤ ਮੈਟਰ ਪੜ੍ਹਨ ਤੇ ਸਾਂਭਣ ਵਾਲਾ ਏ। ਇਨ੍ਹਾਂ ਦੋਹਾਂ ਅੰਕਾਂ ਵਿਚ ਪੂਰੇ ਭਾਰਤ ਦੇ ਦਲਿਤ ਲੇਖਕਾਂ ਦੀਆਂ ਸਵੈ ਜੀਵਨੀਆਂ ਦੇ ਅੰਸ਼ ਹਨ, ਕਹਾਣੀਆਂ ਹਨ, ਸੰਵਾਦ ਨੂੰ ਤੋਰਨ ਵਾਲੇ ਲੇਖ ਹਨ, ਕਵਿਤਾਵਾਂ ਹਨ, ਪ੍ਰਸਿੱਧ ਕਿਤਾਬਾਂ 'ਤੇ ਲੇਖ ਹਨ। ਇਸ ਵਿਚ ਪੰਜਾਬੀ ਦੇ ਲੇਖਕ ਬਲਬੀਰ ਮਾਧੋਪੁਰੀ, ਸਰੂਪ ਸਿਆਲਵੀ, ਭਗਵੰਤ ਰਸੂਲਪੁਰੀ, ਲਾਲ ਸਿੰਘ ਦਿਲ, ਬਲਵਿੰਦਰ ਕੌਰ, ਅੰਮ੍ਰਿਤ ਦੀਵਾਨਾ, ਸਰੋਜ, ਦੇਸ ਰਾਜ ਕਾਲੀ ਦੀਆਂ ਰਚਨਾਵਾਂ ਵੀ ਛਪੀਆਂ ਹਨ। ਪਾਠਕ ਮੇਰੇ ਕੋਲੋਂ ਇਹ ਸਾਂਭਣਯੋਗ ਅੰਕ ਮੰਗਵਾ ਸਕਦੇ ਹਨ।

**'ਰਾਗ' ਦਾ ਖ਼ੂਬਸੂਰਤ ਅਲਾਪ**





ਰਾਗ ਦਾ ਨਵਾਂ ਅੰਕ ਮੇਰੇ ਟੇਬਲ ਤੇ ਪਿਆ ਏ। ਇਸ ਦਾ ਕਾਫੀ ਮੈਟਰ ਮੈਂ ਸਮੇਂ ਸਮੇਂ ਪੜ੍ਹ ਲਿਆ ਏ। ਹਰ ਵੰਨਗੀ ਦਾ ਮੈਟਰ ਪੜ੍ਹ ਤੇ ਵੇਖ ਕੇ ਅਨੰਦ ਆ ਗਿਆ ਕਿ ਪੰਜਾਬੀ ਵਿਚ ਐਨੀ ਵੱਡੀ ਪੱਧਰ ਤੇ ਹਰ ਵਿਧਾ ਵਿਚ ਲਿਖਿਆ ਜਾਣ ਲੱਗ ਪਿਆ ਏ। ਸਾਡਾ ਪਰਚਾ ਤਾਂ ਕਹਾਣੀ ਤੇ ਕੇਂਦਰਤ ਰਹਿੰਦਾ ਏ। ਸੋ ਸਾਨੂੰ ਹੋਰ ਵਿਧਾ ਦੇ ਮੈਟਰ ਦਾ ਬਹੁਤਾ ਇਲਮ ਨਹੀਂ ਹੁੰਦਾ। ਰਾਗ ਵਿਚ ਵੰਨ ਸੁਵੰਨਤਾ ਦਾ ਮੈਟਰ ਪੜ੍ਹਨ ਨੂੰ ਮਿਲ ਜਾਂਦਾ ਏ। ਕਹਾਣੀ, ਕਵਿਤਾ, ਗ਼ਜ਼ਲ, ਮੁਲਾਕਾਤ, ਇਤਿਹਾਸ, ਰੰਗਮੰਚ, ਗੀਤ, ਮੀਡੀਆ, ਆਲੋਚਨਾ, ਲੋਕ ਧਾਰਾ ਗੱਲ ਕੀ ਹਰ ਵਿਧਾ ਦੇ ਪਾਠਕ ਦੀ ਭੁੱਖ ਪੂਰਨ ਵਾਲਾ ਰਾਗ ਏ। ਇਸ ਦਾ ਕਹਾਣੀ ਭਾਗ ਵੀ ਨਿੱਖਰ ਗਿਆ ਏ। ਨਾਮਵਰ ਕਹਾਣੀਕਾਰ ਕਹਾਣੀਆਂ ਛਪਵਾਉਣ ਦੀ ਇਸ ਪਰਚੇ ਨੂੰ ਤਰਜ਼ੀਹ ਦੇਣ ਲੱਗ ਪਏ ਨੇ। ਤ੍ਰਿਪਤਾ ਨੇ ਕਹਾਣੀਕਾਰ ਰੁਪਾਣਾ ਦੀ ਬਹੁਤ ਚੰਗੀ ਮੁਲਾਕਾਤ ਕੀਤੇ ਏ। ਇੰਦਰਜੀਤ ਪੁਰੇਵਾਲ, ਅਜੇ ਤਨਵੀਰ ਤੇ ਅਜਮੇਰ ਸਿੱਧੂ ਸਮੇਤ ਉਨ੍ਹਾਂ ਦੇ ਹੋਰ ਸਹਿਯੋਗੀ ਤਨ, ਮਨ ਤੇ ਧਨ ਨਾਲ ਸਾਹਿਤਕ ਪੱਤਰਕਾਰੀ ਦੀ ਸੇਵਾ ਕਰ ਰਹੇ ਨੇ। ਮੈਨੂੰ ਇਹ ਗੱਲ ਬਹੁਤ ਅਪੀਲ ਕਰਦੀ ਏ।

**'ਕਾਵਿ ਸ਼ਾਸਤਰ' ਦੀ ਉਡਾਰੀ**

ਪੰਜਾਬੀ ਸਾਹਿਤ ਵਿਚ ਸਿਧਾਂਤਕੀ ਸੰਵਾਦ ਤੋਰਨ ਵਾਲਾ ਇਕ ਨਵਾਂ ਪਰਚਾ 'ਕਾਵਿ ਸ਼ਾਸਤਰ' ਨੇ ਮੇਰਾ ਧਿਆਨ ਖਿੱਚਿਆ ਏ। ਉਸ ਵਿਚ ਵੱਖਰੀ ਟੋਨ ਦੇ ਲੇਖ ਤੇ ਵਿਚਾਰ ਪੜ੍ਹਨ ਨੂੰ ਮਿਲ ਜਾਂਦੇ ਨੇ। ਉਸ ਦਾ ਨਵਾਂ ਅੰਕ 'ਭੂਤਵਾੜੇ' ਤੇ ਕੇਂਦਰਿਤ ਰਿਹਾ। ਜਿਸ ਨੇ ਪੰਜਾਬੀ ਸੰਵਾਦ ਵਿਚ ਬਹੁਤ ਸਾਰੇ ਚਿਹਰੇ ਅਜਿਹੇ ਦਿੱਤੇ ਜਿਨ੍ਹਾਂ ਨੇ ਚਿੰਤਨ ਤੇ ਚੇਤਨਾ ਦੀ ਪੱਧਰ ਤੇ ਬਹੁਤ ਮੁੱਲਵਾਨ ਕਾਰਜ ਕੀਤਾ ਏ। ਪਰਚੇ ਦੇ

ਸੰਪਾਦਕ ਡਾ. ਅਮਰਜੀਤ ਸਿੰਘ ਤੇ ਉਹਦੇ ਸਾਥੀਆਂ ਨੇ ਆਪਣੇ ਨਾਲ ਪੰਜਾਬੀ ਚਿੰਤਕਾਂ ਦੀ ਇਕ ਲੰਮੀ ਕਤਾਰ ਜੋੜ ਲਈ ਏ। ਸਾਰੇ ਚਿੰਤਕਾਂ ਨੇ ਭੂਤਵਾੜੇ ਦੀ ਚਿੰਤਨ ਪਰੰਪਰਾ ਬਾਰੇ ਹਰ ਪੱਖ ਤੋਂ ਬੜਾ ਖੁੱਲ੍ਹ ਕੇ ਲਿਖਿਆ ਏ। ਭੂਤਵਾੜੇ ਵਿਚ ਸੰਵਾਦ ਕਰਦਿਆਂ ਬਹੁਤ ਸਾਰੇ ਚਿੰਤਕਾਂ ਦੇ ਦਿਮਾਗ ਤੇ ਲੱਗੇ ਜਾਲੇ ਲੱਥਦੇ ਰਹੇ ਨੇ। ਕਈਆਂ ਨੂੰ ਵਿਚਾਰਾਂ ਵਿਚ ਸਪੱਸ਼ਟਾਂ ਮਿਲਦੀ ਰਹੀ ਏ। ਇਹ ਅੰਕ ਸਾਂਭਣਯੋਗ ਏ। ਪੰਜਾਬੀ ਸਾਹਿਤਕ ਪੱਤਰਕਾਰੀ ਵਿਚ ਇਸ ਕਿਸਮ ਦੇ ਪਰਚੇ ਦੀ ਬਹੁਤ ਲੋੜ ਰਹੀ ਏ। ਨੂਰ ਵੇਲੇ 'ਸਮਦਰਸ਼ੀ' ਇਹ ਕਾਰਜ ਕਰਦਾ ਰਿਹਾ ਏ।




**'ਹੁਣ' ਦੀ ਸਾਹਿਤਕ ਉਡਾਰੀ**

ਸੁਸ਼ੀਲ ਦੁਸਾਂਝ ਨੇ ਹੁਣ ਰਾਹੀ ਪੰਜਾਬੀ ਦੇ ਵੱਡੇ ਕੱਦ ਦੇ ਲੇਖਕਾਂ ਤੋਂ ਲੈ ਕੇ ਬਿਲਕੁਲ ਨਵੇਂ ਲੇਖਕਾਂ ਨੂੰ ਬਰਾਬਰ ਸਪੇਟ ਦੇ ਕੇ ਉਨ੍ਹਾਂ ਦੀ ਸਾਹਿਤਕ ਖੇਤਰ ਵਿਚ ਸਪੇਟ ਨਿਰਧਾਰਤ ਕੀਤੀ ਏ। ਅਵਤਾਰ ਜੰਡਿਆਲਵੀ ਦੇ ਯਤਨਾ ਨਾਲ ਸ਼ੁਰੂ ਹੋਇਆ ਇਹ ਪਰਚਾ ਅੱਜ ਸਹਿਤਕ ਪੱਤਰਕਾਰੀ 'ਚ ਆਪਣੀ ਸਪੇਸ ਬਣਾ ਚੁੱਕਾ ਏ। 'ਹੁਣ' ਦੀ ਵੱਡੇ ਕੱਦ ਦੇ ਲੇਖਕਾਂ ਦੀਆਂ ਲੰਮੀਆਂ ਮੁਲਾਕਾਤਾਂ ਯਾਦਗਾਰੀ ਰਹੀਆਂ ਨੇ। ਜਿਸ ਨੇ ਸਾਹਿਤਕ ਪੱਤਰਕਾਰੀ ਵਿਚ ਹਲਚਲ ਪੈਦਾ ਕਰ ਦਿੱਤੀ ਸੀ। ਹੁਣ ਵੀ ਇਸ ਪਰਚੇ ਵਿਚ ਜੋ ਛਪਦਾ ਹੈ ਉਹ ਵੱਡੀ ਪੱਧਰ ਤੇ ਪਾਠਕਾਂ ਵੱਲੋਂ ਪੜ੍ਹਿਆ ਜਾਂਦਾ ਏ। ਇਸ ਵਿਚ ਛਪਦੀਆਂ ਕਹਾਣੀਆਂ ਪੜ੍ਹਨ ਵਾਲੀਆਂ ਹੁੰਦੀਆਂ ਨੇ। ਮੈਟਰ ਦੀ ਵੰਨ ਸੁਵੰਨਤਾ ਇਸ ਦੀ ਵੀ ਮੀਰੀ ਗੁਣ ਏ। ਨਵੇਂ ਅੰਕ ਵਿਚ ਸੁਕੀਰਤ, ਕੇਸਰਾ ਰਾਮ ਦੀ ਬਹੁਤ ਹੀ ਉਤਮ ਦਰਜੇ ਦੀਆਂ ਕਹਾਣੀਆਂ ਨੇ। ਰੂਸੀ ਇਨਕਲਾਬ ਤੇ ਸਮੱਗਰੀ ਵੀ ਚੰਗੀ ਏ। ਰਣਧੀਰ ਸਿਘ ਦਾ ਲੇਖ ਵੀ ਪੜ੍ਹਨ ਵਾਲੇ ਏ। ਪੜ੍ਹਨਯੋਗ ਕਿਤਾਬਾਂ ਬਾਰੇ ਵੀ ਸਮੱਗਰੀ ਚੰਗੀ ਏ। ਪਰਚੇ ਦਾ ਸੰਪਾਦਕ ਸੁਸ਼ੀਲ ਦੁਸਾਂਝ ਇਸ ਦੇ ਘੇਰਾ ਵੱਡਾ ਕਰਨ ਲਈ ਕਾਫੀ ਨੱਠ ਭੱਜ ਕਰ ਰਿਹਾ ਏ।




**ਹੀਰਾ ਸਿੰਘ ਦਰਦ ਦੀਆਂ ਸਮੁੱਚੀਆਂ ਕਹਾਣੀਆਂ**

ਗਿਆਨੀ ਹੀਰਾ ਸਿੰਘ 'ਦਰਦ' ਪੰਜਾਬੀ ਦਾ ਮੁੱਢਲਾ ਕਹਾਣੀਕਾਰ ਏ। ਉਹ ਅਜਿਹਾ ਜ਼ਹੀਨ ਕਥਾਕਾਰ ਹੈ ਜਿਸ ਨੇ ਪੰਜਾਬੀ ਕਹਾਣੀ ਨੂੰ ਯਥਾਰਥਵਾਦੀ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ ਏ। ਉਸ ਨੇ ਮੁੱਢਲੇ ਦੌਰ ਤੋਂ ਲੈ ਕੇ ਤੀਜੀ ਪੀੜ੍ਹੀ ਤੱਕ ਕਹਾਣੀ ਲਿਖ ਕੇ ਪੰਜਾਬੀ ਕਹਾਣੀ ਦੀ ਵਿਕਾਸ ਯਾਤਰਾਂ ਚ ਰੋਲ ਅਦਾ ਕੀਤਾ ਏ। ਆਪਣੀਆਂ ਕਹਾਣੀਆਂ ਰਾਹੀਂ ਉਸ ਨੇ ਸਮਾਜਿਕ ਯਥਾਰਥ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਏ। ਉਸ ਨੇ ਆਪਣੀ ਕਹਾਣੀਆਂ ਰਾਹੀਂ ਧਾਰਮਿਕ, ਰਾਜਸੀ, ਸਮਾਜਿਕ ਦੰਭ ਵਿਚ ਵਿਚਰ ਰਹੇ ਪਾਤਰਾਂ ਨੂੰ ਬੜੀ ਸੁਹਿਰਦ ਪਹੁੰਚ ਨਾਲ ਫੜਿਆ ਏ। ਨਾਲ ਨਾਲ ਕਿਰਤੀ, ਗਰੀਬ, ਮਜ਼ਦੂਰ ਅਤੇ ਨਾਰੀ ਦੇ ਹੱਕ






ਵਿਚ ਵੀ ਖੜ੍ਹਿਆ ਏ। ਡਾ. ਹਰਜੀਤ ਸਿੰਘ ਨੇ ਹੀਰਾ ਸਿੰਘ ਦਰਦ ਦੀਆਂ ਸਾਰੀਆਂ ਲਿਖਤਾਂ ਨੂੰ ਕਿਤਾਬੀ ਸ਼ਕਲ ਵਿਚ ਸਾਂਭ ਲਿਆ ਏ। ਹੱਥਲੀ ਪੁਸਤਕ 'ਚ ਉਸ ਦੀਆਂ 57 ਕਹਾਣੀਆਂ ਨੇ। 598 ਪੰਨਿਆ ਦੀ ਇਹ ਪੁਸਤਕ ਬਹੁਤ ਹੀ ਸੁੰਦਰ ਦਿੱਖ ਨਾਲ ਲੋਕ ਗੀਤ ਪ੍ਰਕਾਸ਼ਨ ਨੇ ਛਾਪੀ ਏ।

**ਬਲਦੇਵ ਸਿੰਘ 'ਬੱਦਨ' ਦੀ ਸਾਹਿਤ ਪ੍ਰਤੀ ਪ੍ਰਤੀਬੱਧਤਾ**


ਬਲਦੇਵ ਸਿੰਘ 'ਬੱਦਨ' ਸਾਹਿਤ ਪ੍ਰਤੀ ਪ੍ਰਤੀਬੱਧਤਾ ਨਾਲ ਜੁੜਿਆ ਹੋਇਆ ਅਜਿਹਾ ਸਖਸ਼ ਏ ਜਿਸ ਨੇ ਆਪਣਾ ਸਾਰਾ ਸਮਾਂ ਪੰਜਾਬੀ ਦੇ ਲੇਖੇ ਲਾ ਦਿੱਤਾ ਏ। ਪਿਛਲੇ ਸਮੇਂ ਉਸ ਵੱਲੋਂ ਅਨੁਵਾਦ, ਸੰਪਾਦਤ, ਅਤੇ ਮੌਲਿਕ ਕਿਤਾਬਾਂ ਵੱਡੀ ਪੱਧਰ ਤੇ ਛਪ ਕੇ ਆਈਆਂ ਨੇ। ਪਰ ਇਸ ਕਾਲਮ ਵਿਚ ਉਸ ਦੀਆਂ ਤਿੰਨ ਵਿਸ਼ੇਸ਼ ਕਿਤਾਬਾਂ ਦਾ ਜ਼ਿਕਰ ਕਰਨਾ ਉਚਿਤ ਸਮਝਿਆ ਏ।




'ਮੁਨਸ਼ੀ ਪ੍ਰੇਮ ਚੰਦ ਦੀਆਂ ਚੋਣਵੀਆਂ ਕਹਾਣੀਆਂ' ਉਸ ਵੱਲੋਂ ਅਨੁਵਾਦ ਅਤੇ ਸੰਪਾਦਤ ਕੀਤੀ ਅਜਿਹੀ ਪੁਸਤਕ ਏ ਜਿਸ ਵਿਚ ਪ੍ਰੇਮ ਚੰਦ ਦੀਆਂ 28 ਚਰਚਿਤ ਕਹਾਣੀਆਂ ਨੂੰ ਅਨੁਵਾਦ ਕਰਕੇ ਪੰਜਾਬੀ ਪਾਠਕਾਂ ਨੂੰ ਭੇਟ ਕੀਤੀਆਂ ਨੇ। ਪ੍ਰੇਮ ਚੰਦ ਹਿੰਦੀ ਦਾ ਦਲਿਤ, ਅਤਿ ਦੀ ਨਿਮਨ ਕਿਸਾਨੀ ਦਾ ਪ੍ਰਤੀਨਿੱਧ ਕਥਾ ਕਾਰ ਏ। ਉਸ ਦੀਆਂ ਕਹਾਣੀਆਂ ਵਿਚ ਜਿਹੜਾ ਪੇਂਡੂ ਗਰੀਬ ਸਮਾਜ ਪੇਸ਼ ਹੋਇਆ ਏ, ਉਸ ਨੂੰ ਜਾਂ ਤਾਂ ਉਸ ਨੇ ਹੱਡੀ ਹੰਢਾਇਆ ਏ ਜਾਂ ਬਹੁਤ ਨੇੜੇ ਤੋਂ ਵੇਖਿਆ ਏ। ਦੱਖਣੀ ਭਾਰਤ ਵਿਚ ਫੈਲੀ ਭਿਆਨਕ ਗਰੀਬੀ ਦਾ ਬਿਰਤਾਂਤ ਇਨ੍ਹਾਂ ਕਹਾਣੀਆਂ ਵਿਚ ਪੜ੍ਹਨ ਨੂੰ ਮਿਲਦਾ ਏ। ਈਦਗਾਹ, ਸ਼ਤਰੰਜ ਦੇ ਖਿਡਾਰੀ, ਘਾਹਵਾਲੀ, ਕੱਫ਼ਣ ਤੇ ਹੋਰ ਯਾਦਗਾਰੀ ਕਹਾਣੀਆਂ ਇਸ 'ਚ ਪੜ੍ਹਨ ਨੂੰ ਮਿਲ ਜਾਂਦੀਆਂ ਨੇ।




'ਸਆਦਤ ਹਸਨ ਮੰਟੋ ਦੀ ਜੀਵਨੀ' ਜੋ ਕਿ ਨਰੇਂਦਰ ਮੋਹਨ ਨੇ ਲਿਖੀ ਹੈ ਦਾ ਅਨੁਵਾਦ ਵੀ ਬਲਦੇਵ 'ਬੱਦਨ' ਨੇ ਕੀਤੀ ਏ। ਮੰਟੋ ਦੀ ਸਮੁੱਚੀ ਜ਼ਿੰਦਗੀ ਨੂੰ ਇਸ ਪੁਸਤਕ ਰਾਹੀਂ ਵੇਖਿਆ ਤੇ ਪੜ੍ਹਿਆ ਜਾ ਸਕਦਾ ਏ। ਮੰਟੋ ਦੀ ਜ਼ਿੰਦਗੀ ਬੜੀ ਬੇਤਰਤੀਬੀ ਵਾਲੀ ਅਤੇ ਦੇਹ 'ਤੇ ਝਰੀਟਾਂ ਲਗਾਉਣ ਵਾਲੀ ਰਹੀ ਏ। ਉਹ ਅਜਿਹਾ ਮਲੰਗ ਕਥਾਕਾਰ ਏ ਜਿਸ ਨੇ ਸਾਰੀ ਜ਼ਿੰਦਗੀ ਬੜੀ ਕਸ਼ਟ ਵਿਚ ਬਤੀਤ ਕੀਤੀ। ਉਹ ਹੁਣ ਵੀ ਅਫ਼ਸਾਨੇ 'ਚ ਜਿਉਂਦਾ ਏ।




'ਪੰਜਾਬੀ ਸੂਫ਼ੀ ਕਾਵਿਧਾਰਾ ਇਕ ਅਧਿਐਨ' ਡਾ. 'ਬੱਦਨ' ਨੇ ਸੂਫ਼ੀ ਕਾਵਿ ਧਾਰਾ ਦੀ ਇਸ ਪੁਸਤਕ ਵਿਚ ਵਿਸਤ੍ਰਿਤ ਅਧਿਐਨ ਕੀਤਾ ਏ। ਸੂਫ਼ੀ ਕਵਿਤਾ ਵਿਚ ਰਹੱਸਵਾਦ ਦਾ ਬਿੰਬ, ਬਿੰਬ ਸਾਮਗਰੀ, ਬਿੰਬ ਵਿਧਾਨ ਬਾਰੇ ਆਪਣੀਆਂ ਧਾਰਨਾਵਾਂ ਦਿੱਤੀਆਂ ਹਨ। ਸ਼ਾਹ ਹੁਸੈਨ ਦੀ ਕਿਸ ਕਿਸਮ ਦੀ ਵਿਚਾਰਧਾਰਾ ਹੈ, ਬੁੱਲ੍ਹੇ ਸ਼ਾਹ ਦੀ ਕਹਿੰਦਾ ਏ ਦੇ ਬਾਰੇ ਵਿਚ ਲੇਖਕ ਨੇ ਆਪਣੇ ਵਿਚਾਰ ਦਿੱਤੇ ਨੇ। ਸੂਫ਼ੀ ਸਾਹਿਤ ਤੇ ਪੰਜਾਬੀ ਵਿਚ ਬਹੁਤ ਲਿਖਿਆ ਜਾ ਚੁੱਕਾ ਏ ਹੋਰ ਬਹੁਤ ਲਿਖਿਆ ਜਾਵੇਗਾ। ਇਸ ਧਾਰਾ ਦੇ ਅਰਥ ਐਨੇ ਗਹਿਰੇ ਨੇ ਕਿ ਸਮੇਂ ਸਮੇਂ ਇਸ ਦਾ ਅਧਿਐਨ ਹੁੰਦਾ ਰਹੇਗਾ। ਇਹ ਚੰਗਾ ਜਤਨ ਹੈ। ਇਹ ਤਿੰਨੋਂ ਪੁਸਤਕਾਂ 'ਲਕਸ਼ਯ ਪਬਲੀਕੇਸ਼ਨਜ਼, ਦਿੱਲੀ ਨੇ ਛਾਪੀਆਂ ਨੇ।